# ਸ੍ਰੀ ਗੁਰੂ ਨਾਨਕ ਪ੍ਰਕਾਸ਼ : ਇਕ ਧਰਮ ਸ਼ਾਸਤਰੀ ਅਧਿਐਨ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ
ਸੋਸ਼ਲ ਸਾਇੰਸਿਜ਼ ਫ਼ੈਕਲਟੀ ਅਧੀਨ
ਪੀਐਚ.ਡੀ. ਦੀ ਡਿਗਰੀ ਲਈ ਪੇਸ਼ ਕੀਤਾ

**ਖੋਜ-ਪ੍ਰਬੰਧ**

2015


*ਨਿਗਰਾਨ*
ਡਾ. ਗੁਰਨੇਕ ਸਿੰਘ

ਖੋਜਾਰਥੀ
ਦਰਸ਼ਨ ਕੌਰ



ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ
ਪਟਿਆਲਾ

# ਪ੍ਰਮਾਣ ਪੱਤਰ

ਤਸਦੀਕ ਕੀਤਾ ਜਾਂਦਾ ਹੈ ਕਿ **ਦਰਸ਼ਨ ਕੌਰ** ਨੇ ਆਪਣਾ ਪੀਐਚ.ਡੀ. ਦਾ ਖੋਜ-ਪ੍ਰਬੰਧ **'ਸ੍ਰੀ ਗੁਰੂ ਨਾਨਕ ਪ੍ਰਕਾਸ਼ : ਇਕ ਧਰਮ ਸ਼ਾਸਤਰੀ ਅਧਿਐਨ'** ਵਿਸ਼ੇ 'ਤੇ ਮੇਰੀ ਨਿਗਰਾਨੀ ਹੇਠ ਮੁਕੰਮਲ ਕੀਤਾ ਹੈ। ਇਹ ਖੋਜ-ਪ੍ਰਬੰਧ ਵਿਦਿਆਰਥਣ ਦੀ ਮੌਲਿਕ ਖੋਜ ਹੈ ਅਤੇ ਆਪਣੀ ਸਖ਼ਤ ਮਿਹਨਤ ਦਾ ਫਲ਼ ਹੈ। ਇਸ ਖੋਜ-ਪ੍ਰਬੰਧ ਨੂੰ ਇਸ ਤੋਂ ਪਹਿਲਾਂ ਕਿਸੇ ਹੋਰ ਡਿਗਰੀ ਜਾਂ ਡਿਪਲੋਮਾ ਲਈ ਯੂਨੀਵਰਸਿਟੀ ਵਿੱਚ ਪੇਸ਼ ਨਹੀਂ ਕੀਤਾ ਗਿਆ। ਮੈਂ ਇਸ ਖੋਜ-ਪ੍ਰਬੰਧ ਨੂੰ ਪੀਐੱਚ.ਡੀ. ਦੀ ਡਿਗਰੀ ਵਜੋਂ ਪ੍ਰਸਤੁਤ ਕਰਨ ਦੀ ਸਿਫ਼ਾਰਸ਼ ਕਰਦਾ ਹਾਂ।

ਮਿਤੀ : 27 ਜਨਵਰੀ 2015

**ਡਾ. ਗੁਰਨੇਕ ਸਿੰਘ**
ਨਿਗਰਾਨ

# ਅਧਿਆਇ – ਪਹਿਲਾ

# ਮਹਾਂਕਵੀ ਸੰਤੋਖ ਸਿੰਘ : ਜੀਵਨ ਅਤੇ ਰਚਨਾ

## 1. ਜੀਵਨ

ਭਾਈ ਸੰਤੋਖ ਸਿੰਘ ਨੂੰ ਸਿੱਖ ਕੌਮ ਦੇ ਪ੍ਰਸਿੱਧ ਵਿਦਵਾਨ, ਅਨੁਵਾਦਕ, ਟੀਕਾਕਾਰ, ਇਤਿਹਾਸਕਾਰ ਤੇ ਗੁਰਮਤਿ ਸਿਧਾਂਤਾਂ ਦੇ ਵਿਆਖਿਆਕਾਰ ਦੇ ਤੌਰ ਤੇ ਮਾਨਤਾ ਪ੍ਰਾਪਤ ਹੈ। ਉਨ੍ਹਾਂ ਨੇ ਜੀਵਨ ਦੇ 30 ਸਾਲ ਗੁਰੂ ਇਤਿਹਾਸ ਨੂੰ ਇੱਕਤਰ ਕਰਨ ਅਤੇ ਧਾਰਮਿਕ ਸਾਹਿਤ ਰਚਣ ਵਿੱਚ ਲਗਾਏ। ਉਹ ਮਹਾਂਕਵੀ ਹੋਣ ਦੇ ਨਾਲ-ਨਾਲ ਗੁਰਮਤਿ ਸਿਧਾਂਤਾਂ ਦੇ ਵਿਆਖਿਆਕਾਰ ਵੀ ਸਨ। ਉਹ ਰੂਹਾਨੀ ਤੇ ਖੋਜੀ ਬਿਰਤੀ ਦੇ ਮਾਲਕ ਸਨ ਜਿਨ੍ਹਾਂ ਨੇ ਪੁਰਾਤਨ ਲਿਖਤਾਂ ਦਾ ਗੰਭੀਰ ਅਧਿਐਨ ਕੀਤਾ, ਕਥਾ-ਵਾਰਤਾ ਤੇ ਗੁਰਮਤਿ ਦੀ ਵਿਆਖਿਆ ਰਾਹੀਂ ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਮਹੱਤਵਪੂਰਨ ਯਤਨ ਕੀਤੇ। ਭਾਈ ਸੰਤੋਖ ਸਿੰਘ ਵੱਲੋਂ ਰਚੇ ਗਏ ਸ਼੍ਰੀ ਗੁਰ ਨਾਨਕ ਪ੍ਰਕਾਸ਼ ਅਤੇ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਭਾਈ ਵੀਰ ਸਿੰਘ ਜੀ ਦੁਆਰਾ 14 ਜਿਲਦਾਂ ਵਿੱਚ ਸੰਪਾਦਨਾ ਕੀਤੀ ਗਈ। ਇਸ ਗ੍ਰੰਥ ਦੀ ਅਜੋਕੇ ਸਮੇਂ ਗੁਰਦੁਆਰਿਆਂ ਵਿੱਚ ਕਥਾ ਵਿਆਖਿਆ ਕੀਤੀ ਜਾ ਰਹੀ ਹੈ।

> ਆਪ ਨੇ ਕਾਵਿ ਰਚਨਾ ਤੋਂ ਇਲਾਵਾ ਦਰਸ਼ਨ-ਸ਼ਾਸਤਰ, ਜੋਤਿਸ਼, ਰਾਜਨੀਤੀ-ਸ਼ਾਸਤਰ, ਵਿੱਦਿਆ, ਘੋੜਸਵਾਰੀ ਅਤੇ ਸੰਗੀਤ ਆਦਿ ਵਿਸ਼ਿਆਂ ਤੇ ਖੋਜ ਭਰਪੂਰ ਪੁਸਤਕਾਂ ਰਚੀਆਂ।[1]

ਜਿਨ੍ਹਾਂ ਵਿੱਚੋਂ ਕੁਝ ਉਪਲਬਧ ਨਹੀਂ ਹਨ। ਭਾਈ ਸੰਤੋਖ ਸਿੰਘ ਜਿੱਥੇ ਇਤਿਹਾਸਿਕ ਬਿਰਤੀ ਵਾਲੇ ਸਨ, ਉੱਥੇ ਹਿੰਮਤੀ, ਨਿਰਭੈ, ਨਿਮਰ ਅਤੇ ਪਰਉਪਕਾਰੀ ਵੀ ਸਨ। ਉਨ੍ਹਾਂ ਨੇ ਦਸ ਗੁਰੂ ਸਾਹਿਬਾਨ ਦੇ ਜੀਵਨ ਇਤਿਹਾਸ ਨੂੰ ਇੱਕ ਲੜੀ ਵਿੱਚ ਪਰੋ ਕੇ ਮਹਾਂਕਵਿ ਰਾਹੀਂ ਇਤਿਹਾਸਿਕ ਕਾਰਜ ਕੀਤਾ ਹੈ। ਉਨ੍ਹਾਂ ਦੇ ਜਿਊਂਦੇ ਜੀ ਉਨ੍ਹਾਂ ਦੀ ਵਿਦਵਤਾ ਦੀਆਂ ਧੁਮਾਂ ਸਿੱਖ ਜਗਤ ਵਿੱਚ ਪੈਣ ਲੱਗ ਪਈਆਂ ਸਨ। ਉਨ੍ਹਾਂ ਦੇ ਸਾਹਿਤ ਵਿੱਚ ਪਾਏ ਗਏ ਯੋਗਦਾਨ ਬਾਰੇ ਜ਼ਿਕਰ ਕਰਦੇ ਹੋਏ ਪਿਆਰਾ ਸਿੰਘ ਪਦਮ ਲਿਖਦੇ ਹਨ:

> ਭਾਈ ਸੰਤੋਖ ਸਿੰਘ ਇੱਕ ਆਦਰਯੋਗ ਉੱਘਾ ਨਾਂ ਹੈ, ਜਿਸ ਦੇ ਕਲਮੀ ਚਮਤਕਾਰਾਂ ਨੇ ਮਨੁੱਖੀ ਜੀਵਨ ਦੀ ਉਸਾਰੀ ਵਿੱਚ ਨਿੱਗਰ ਹਿੱਸਾ ਪਾਇਆ।[2]

**(ੳ1.) ਬਚਪਨ :** ਭਾਈ ਸੰਤੋਖ ਸਿੰਘ ਦੇ ਜੀਵਨ ਬਾਰੇ ਬਹੁਤ ਘੱਟ ਲਿਖਿਆ ਮਿਲਦਾ

ਹੈ। ਉਨ੍ਹਾਂ ਦੇ ਅਕਾਲ ਚਲਾਣੇ ਤੋਂ 83 ਸਾਲ ਬਾਅਦ ਭਾਈ ਵੀਰ ਸਿੰਘ ਨੇ 1926 ਈ. ਤੋਂ 1934 ਈ. ਤੱਕ ਸੰਬੰਧਿਤ ਸਥਾਨਾਂ ਤੇ ਜਾ ਕੇ ਉਨ੍ਹਾਂ ਦੇ ਵੰਸ਼ਜਾਂ, ਕੁਰਕੂਸ਼ੇਤਰ ਅਤੇ ਹਰਿਦੁਆਰ ਦੇ ਪਾਂਡਿਆਂ ਨੂੰ ਮਿਲ ਕੇ 9 ਸਾਲ ਗੰਭੀਰ ਖੋਜ ਕੀਤੀ। ਭਾਈ ਵੀਰ ਸਿੰਘ ਨੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਪਹਿਲੀ ਜਿਲਦ ਦੀ ਪ੍ਰਸਤਾਵਨਾ ਵਿੱਚ ਉਨ੍ਹਾਂ ਦੇ ਜੀਵਨ ਇਤਿਹਾਸ ਅਤੇ ਰਚਨਾਵਾਂ ਬਾਰੇ ਵਿਸਥਾਰ ਸਾਹਿਤ ਜਾਣਕਾਰੀ ਦਿੱਤੀ ਹੈ।

> ਭਾਈ ਕਾਨ੍ਹ ਸਿੰਘ ਨਾਭਾ[3] ਨੇ ਭਾਈ ਸੰਤੋਖ ਸਿੰਘ ਦਾ ਜਨਮ ਅਸਥਾਨ ਅੰਮ੍ਰਿਤਸਰ ਲਿਖ਼ਿਆ ਹੈ।

ਕੁਝ ਨੇ ਉਨ੍ਹਾਂ ਦਾ ਜਨਮ ਬੂੜੀਆ (ਹਰਿਆਣਾ) ਵਿਖੇ ਹੋਇਆ ਮੰਨਿਆ ਹੈ। ਉਨ੍ਹਾਂ ਨੇ ਭਾਈ ਸੰਤੋਖ ਸਿੰਘ ਦੀ ਹੇਠ ਲਿਖੀ ਪੰਕਤੀ ਨੂੰ ਇਸ ਦਾ ਆਧਾਰ ਬਣਾਇਆ ਹੈ।

> ਤਿਹ ਤੀਰ ਬੂਰੀਆ ਨਗਰ ਇੱਕ, ਕਵਿ ਨਿਕੇਤ ਲਖੀਏ ਤਹਾਂ।
> ਕਰਿ ਗ੍ਰੰਥ ਸਮਾਪਤਿ ਕੋ ਭਲੇ, ਗੁਰ ਜਸ ਜਿਸ ਮਹਿਂ ਸੁਠ ਮਹਾਂ।[4]

ਭਾਈ ਵੀਰ ਸਿੰਘ ਨੇ ਉਨ੍ਹਾਂ ਦਾ ਜਨਮ 'ਨੂਰ ਦੀ ਸਰਾਂ' ਲਿਖਿਆ ਹੈ। ਇਹ ਪਿੰਡ ਤਰਨਤਾਰਨ ਤੋਂ (ਝਬਾਲ ਨੂੰ ਜਾਂਦੀ ਸੜਕ ਤੇ) 8 ਕਿਲੋਮੀਟਰ ਦੀ ਦੂਰੀ ਤੇ ਹੈ। ਭਾਈ ਵੀਰ ਸਿੰਘ ਨੇ ਇਸ ਪਿੰਡ ਵਿੱਚ ਭਾਈ ਸੰਤੋਖ ਸਿੰਘ ਜੀ ਦੇ ਜਨਮ ਸਥਾਨ ਵਾਲੇ ਮਕਾਨ ਦੀ ਨਿਸ਼ਾਨਦੇਹੀ ਵੀ ਕੀਤੀ ਹੈ ਅਤੇ ਉਨ੍ਹਾਂ ਬਾਰੇ ਕੋਈ ਢੁੱਕਵੀਂ ਯਾਦਗਾਰ ਨਾ ਬਣਾਉਣ ਬਾਰੇ ਦੁੱਖ ਦਾ ਪ੍ਰਗਟਾਵਾ ਵੀ ਕੀਤਾ। ਜਿਸ ਤੋਂ ਪ੍ਰੇਰਨਾ ਲੈ ਕੇ

> ਭਾਈ ਖਜ਼ਾਨ ਸਿੰਘ (ਪ੍ਰੋ.) ਓਰੀਐਂਟਲ ਕਾਲਜ, ਲਾਹੌਰ ਵਾਲਿਆਂ ਨੇ 18.01.1953 ਨੂੰ 'ਮਹਾਂਕਵੀ ਭਾਈ ਸੰਤੋਖ ਸਿੰਘ ਯਾਦਗਾਰੀ ਕਮੇਟੀ' ਦੀ ਸਥਾਪਨਾ ਕਰਕੇ ਨਿਸ਼ਚਿਤ ਸਥਾਨ 'ਤੇ ਸਥਿਤ ਉਸ ਮਕਾਨ ਨੂੰ ਪ੍ਰਾਪਤ ਕੀਤਾ ਅਤੇ 5 ਅਪ੍ਰੈਲ 1953 ਨੂੰ ਸੰਗਤਾਂ ਦੀ ਹਾਜ਼ਰੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਕੇ ਨਿਸ਼ਾਨ ਸਾਹਿਬ ਸਥਾਪਿਤ ਕੀਤਾ। ਇਸ ਅਸਥਾਨ ਤੇ ਗੁਰਦੁਆਰਾ ਬਣਾਉਣ ਲਈ 20 ਸਤੰਬਰ 1953 ਨੂੰ ਨੀਂਹ ਪੱਥਰ ਰੱਖਿਆ। ਇਸ ਪਿੰਡ ਦਾ ਨਾਂ ਵੀ ਬਦਲ ਕੇ 'ਕਿਲ੍ਹਾ ਕਵੀ ਸੰਤੋਖ ਸਿੰਘ' ਰੱਖ ਦਿੱਤਾ ਗਿਆ ਹੈ।[5]

ਜਨਮ ਮਿਤੀ ਬਾਰੇ ਵਿਦਵਾਨਾਂ ਵਿੱਚ ਮਤਭੇਦ ਹਨ।

> ਭਾਈ ਕਾਨ੍ਹ ਸਿੰਘ ਨਾਭਾ ਨੇ ਉਨ੍ਹਾਂ ਦਾ ਜਨਮ ਸੰਮਤ 1845 ਲਿਖਿਆ ਹੈ।[6]

ਭਾਈ ਵੀਰ ਸਿੰਘ ਨੂੰ ਵੀ ਉਨ੍ਹਾਂ ਦੇ ਜਨਮ ਦੀ ਤਾਰੀਖ਼, ਵਾਰ ਤੇ ਮਹੀਨੇ ਦਾ ਪਤਾ ਕਿਤੇ ਲਿਖਿਆ ਹੋਇਆ ਨਹੀਂ ਮਿਲ ਸਕਿਆ।

> 1962 ਵਾਲੇ ਦੀਵਾਨ ਵਿੱਚ ਕਵੀ ਜੀ ਦੇ ਜਨਮ ਨਗਰ ਦੇ ਲਾਗਲੇ ਪਿੰਡ 'ਛੋਟਾ ਕੋਟ' ਦੇ ਵਸਨੀਕ ਸ੍ਰ. ਭਾਗ ਸਿੰਘ ਜੀ ਨੇ ਇੱਕ ਬੜੀ ਸੁੰਦਰ ਕਵਿਤਾ ਪੜ੍ਹੀ ਜਿਸ ਵਿੱਚ ਉਨ੍ਹਾਂ ਨੇ ਕਵੀ ਜੀ ਦਾ ਜਨਮ ਮਿਤੀ 7 ਅੱਸੂ ਸੰਮਤ 1844 ਬਿਕਰਮੀ ਥਿੱਤ ਅੱਸੂ ਵਦੀ ਏਕਾਦਸ਼ੀ ਦਿਨ ਐਤਵਾਰ ਸਮਾਂ ਪ੍ਰਾਂਤ ਕਾਲ ਅਨੁਰਾਧਾ ਨਛੱਤਰ ਦੱਸਿਆ।[7]

ਉਕਤ ਤਾਰੀਖ਼ ਦੀ ਤਾਈਦ ਲਈ ਉਨ੍ਹਾਂ ਭਾਗ ਸਿੰਘ ਤੋਂ ਕੋਈ ਸਬੂਤ ਪੁੱਛਿਆ ਤਾਂ ਉਹਨੇਂ ਦੱਸਿਆ ਕਿ

> ਸਾਡਾ ਪਿੰਡ ਛੋਟਾ ਕੋਟ ਏਥੋਂ ਨਜ਼ਦੀਕ ਹੈ, ਮੇਰੇ ਪੜਦਾਦਾ ਸਰਦਾਰ ਦੈਆ ਸਿੰਘ ਜੀ ਮਹਾਂਕਵੀ ਜੀ ਤੋਂ ਕੇਵਲ ਦੋ ਦਿਨ ਵੱਡੇ ਸਨ, ਮਹਾਂਕਵੀ ਦੇ ਬਾਬਾ ਗੁਲਾਬ ਸਿੰਘ ਨੇ ਆਪਣੇ ਪੋਤਰੇ ਦਾ (ਕਵੀ ਜੀ ਦਾ) ਧਿਮਾਣ (ਜਨਮ ਦੀ ਖ਼ੁਸ਼ੀ) ਕਰਨ ਵਾਸਤੇ ਮੇਰੇ ਨਕੜ ਦਾਦੇ ਤੋਂ 18 ਰੁਪਏ ਹੱਥ ਰੋਕ ਲਏ ਸਨ ਜੋ ਸਾਡੀ ਵਹੀ ਪੁਰ ਲਿਖੇ ਹੋਏ ਹਨ ਅਤੇ ਮੇਰੇ ਪੜਦਾਦਾ ਤੇ ਕਵੀ ਜੀ ਦੇ ਜਨਮ ਦੀ ਤਾਰੀਖ਼ ਵੀ ਲਿਖੀ ਹੋਈ ਹੈ।[8]

ਪਿਆਰਾ ਸਿੰਘ ਪਦਮ ਨੇ ਉਕਤ ਲਿਖਤੀ ਪ੍ਰਮਾਣ ਨੂੰ ਪ੍ਰਵਾਨ ਕਰਦਿਆਂ 1844 ਬਿਕਰਮੀ ਨੂੰ ਸਹੀ ਮੰਨਿਆ ਹੈ। ਡਾ. ਤਾਰਨ ਸਿੰਘ ਤੇ ਰੂਪਿੰਦਰ ਕੌਰ ਕਾਹਲੋਂ ਨੇ ਵੀ 7 ਅੱਸੂ ਸੰਮਤ 1844 ਲਿਖਿਆ ਹੈ।

7 ਅੱਸੂ ਸੰਮਤ 1844 ਬਿਕਰਮੀ ਦਿਨ ਐਤਵਾਰ ਭਾਵ 22 ਸਤੰਬਰ 1787 ਈ. ਭਾਈ ਸੰਤੋਖ ਸਿੰਘ ਦੀ ਜਨਮ ਮਿਤੀ ਮੰਨਣ ਯੋਗ ਜਾਪਦਾ ਹੈ।

**(ਅ1.) ਮਾਤਾ-ਪਿਤਾ :** ਭਾਈ ਸੰਤੋਖ ਸਿੰਘ ਦੇ ਪਿਤਾ ਦਾ ਨਾਂ ਦੇਵਾ ਸਿੰਘ ਤੇ ਮਾਤਾ ਦਾ ਨਾਂ ਰਜਾਦੀ (ਰਾਜਦੇਈ ਜਾਂ ਰਾਇਜ਼ਾਦੀ) ਸੀ। ਆਪ ਜੀ ਦੀ ਜਾਤ ਛੀਂਬੇ ਤੇ ਗੋਤ ਕਰੀਰ ਸੀ। ਇਸ ਬਾਰੇ ਸਾਰੇ ਵਿਦਵਾਨ ਇੱਕ ਮੱਤ ਹਨ। ਭਾਈ ਵੀਰ ਸਿੰਘ ਅਨੁਸਾਰ

> ਹਰਿਦੁਆਰ ਦੇ ਪਾਂਡੇ ਮੰਗਲ ਦੱਤ (ਰਾਮ ਚੰਦ ਵਾਲੇ) ਦੀ ਵਹੀ ਵਿੱਚ ਇਸ ਤਰ੍ਹਾਂ ਲਿਖਿਆ ਹੈ। ਦੇਵਾ ਸਿੰਘ ਜਾਤ ਛੀਂਬਾ, ਗੋਤ ਕਰੀਰ, ਬਾਸੀ ਨੂਰ ਦੀ ਅੰਮ੍ਰਿਤਸਰ...[9]

**(ੲ1.) ਵਿੱਦਿਆ :** ਭਾਈ ਸੰਤੋਖ ਸਿੰਘ ਨੇ ਮੁਢਲੀ ਵਿੱਦਿਆ ਆਪਣੇ ਪਿਤਾ ਪਾਸੋਂ ਪ੍ਰਾਪਤ ਕੀਤੀ। ਉਨ੍ਹਾਂ ਨੂੰ ਵੇਦਾਂਤ ਤੇ ਗੁਰਬਾਣੀ ਦੀ ਸੋਝੀ ਸੀ। ਉਹ ਅਕਸਰ ਨਿਰਮਲੇ ਵਿਦਵਾਨਾਂ ਦੀ ਸੰਗਤ ਕਰਦੇ ਸਨ। ਉਹ ਬ੍ਰਿਜ਼ ਭਾਸ਼ਾ ਤੇ ਵੇਦਾਂਤ ਵਿੱਚ ਨਿਪੁੰਨ ਸਨ। ਕਵੀ ਜੀ ਨੂੰ ਬਚਪਨ ਵਿੱਚ ਪਿਤਾ ਜੀ ਗੁਰੂ ਸਾਹਿਬਾਨ ਅਤੇ ਸ਼ਹੀਦਾਂ ਦੀਆਂ ਸਾਖੀਆਂ ਸੁਣਾਉਂਦੇ ਸਨ। ਪਿਤਾ ਚਾਹੁੰਦਾ ਸੀ ਕਿ ਉਹ ਆਪਣੇ ਹੋਣਹਾਰ ਪੁੱਤਰ ਨੂੰ ਕਿਸੇ ਵੱਡੇ ਵਿਦਵਾਨ ਦੇ ਚਰਨਾਂ ਵਿੱਚ ਬਿਠਾਉਣ, ਇਸ ਲਈ ਪਿਤਾ ਨੇ ਆਪਣੇ ਸਪੁੱਤਰ ਨੂੰ ਵਿਦਵਾਨ ਬਣਾਉਣ ਲਈ ਆਪਣੇ ਭਰਾ ਰਾਮ ਸਿੰਘ ਰਾਹੀਂ ਉਸ ਸਮੇਂ ਦੇ ਗੁਰਮਤਿ ਵਿਦਵਾਨ ਅਤੇ ਹਰਿਮੰਦਰ ਸਾਹਿਬ ਦੀ ਇਮਾਰਤੀ ਸੇਵਾ ਕਰਵਾਉਣ ਵਾਲੇ ਗਿਆਨੀ ਸੰਤ ਸਿੰਘ ਪਾਸ ਪੜ੍ਹਨੇ ਪਾਇਆ। ਗਿਆਨੀ ਜੀ ਨੂੰ ਗੁਰਮਤਿ ਦੇ ਨਾਲ-ਨਾਲ ਸੰਸਕ੍ਰਿਤ ਤੇ ਬ੍ਰਿਜ਼ ਭਾਸ਼ਾ ਦਾ ਵਿਸ਼ਾਲ ਗਿਆਨ ਸੀ। ਡਾ. ਜੈ ਭਗਵਾਨ ਗੋਇਲ ਅਨੁਸਾਰ,

> ਉਨ੍ਹਾਂ (ਸੰਤ ਸਿੰਘ) ਨੇ ਮਹਾਂਕਵੀ ਤੁਲਸੀਦਾਸ ਤੇ ਰਾਮ ਚਰਿਤ ਮਾਨਸ ਦਾ ਵੀ ਅਨੁਵਾਦ ਕੀਤਾ।[10]

ਭਾਈ ਸੰਤੋਖ ਸਿੰਘ ਨੇ ਉਨ੍ਹਾਂ ਦੇ ਵਿਸ਼ਾਲ ਗਿਆਨ ਦਾ ਭਰਪੂਰ ਲਾਭ ਉਠਾਇਆ ਅਤੇ ਲਗਪਗ 10 ਸਾਲ (1799 ਈ. ਤੋਂ 1809 ਈ. ਤੱਕ) ਉਨ੍ਹਾਂ ਦੀ ਸੰਗਤ ਵਿੱਚ ਰਹਿ ਕੇ ਸੰਸਕ੍ਰਿਤ, ਬ੍ਰਿਜ਼ ਭਾਸ਼ਾ, ਕਾਵਿ ਸ਼ਾਸਤਰ ਤੇ ਪੁਰਾਤਨ ਭਾਰਤੀ ਸਾਹਿਤ ਦਾ ਗੰਭੀਰ ਅਧਿਐਨ ਕੀਤਾ। ਉਨ੍ਹਾਂ ਦੇ ਦਿਲ ਵਿੱਚ ਵਿੱਦਿਆ ਦਾਤੇ ਆਪਣੇ ਗੁਰੂ ਜੀ ਲਈ ਅਥਾਹ ਸ਼ਰਧਾ ਤੇ ਸਤਿਕਾਰ ਸੀ।

> ਸ੍ਰੀ ਮਤਿ ਸਿਮਰਨ ਰਤਿ ਗੁਰੂ ਸੰਤ ਸਿੰਘ ਸ਼ੁਭ ਨਾਮ॥
> ਬਿੱਦਯਾ ਜਿਨ ਤੇ ਮੈਂ ਪਠੀ ਤਿਨ ਪਦ ਕਰੋ ਪ੍ਰਣਾਮ॥[11]

ਮਹਾਰਾਜਾ ਰਣਜੀਤ ਸਿੰਘ ਜੀ ਗਿਆਨੀ ਸੰਤ ਸਿੰਘ ਜੀ ਦਾ ਬਹੁਤ ਸਤਿਕਾਰ ਕਰਦੇ ਸਨ। ਆਪ ਜਿੱਥੇ ਦਰਬਾਰ ਸਾਹਿਬ ਵਿਖੇ ਕਥਾ ਕਰਦੇ ਸਨ, ਉੱਥੇ ਨਾਲ ਹੀ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਦੀ ਸੇਵਾ ਵੀ ਕਰਵਾਉਂਦੇ ਸਨ। ਭਾਈ ਵੀਰ ਸਿੰਘ ਅਨੁਸਾਰ ਦਰਬਾਰ ਸਾਹਿਬ ਦੀ ਪੂਰਬੋਤ੍ਰੀ ਬਾਰੀ ਤੇ ਇੱਕ ਖੁਤਬਾ ਲਿਖਿਆ ਹੋਇਆ ਹੈ:

> ਸੇਵਾ ਸ੍ਰੀ ਗੁਰੂ ਰਾਮਦਾਸ ਜੀ ਕੀ ਸੂਰਣ ਕੀ ਅਰ ਸੰਗ ਸੁਪੇਦ ਕੀ ਬਡਭਾਗੀ ਜਾਣਕੇ ਸ੍ਰੀ ਮਹਾਰਾਜਾ ਰਣਜੀਤ ਸਿੰਘ ਜੀ ਸੌਂ ਕਰਾਈ ਮਾਰਫ਼ਤ ਸ੍ਰੀ ਭਾਈ ਸੰਤ ਸਿੰਘ ਗਯਾਨੀ ਜੀ ਕੀ।[12]

ਭਾਈ ਸੰਤੋਖ ਸਿੰਘ ਜੀ ਨੇ ਬੜੀ ਲਗਨ ਤੇ ਮਿਹਨਤ ਨਾਲ ਗਿਆਨੀ ਸੰਤ ਸਿੰਘ ਜੀ ਤੋਂ ਵਿੱਦਿਆ ਪ੍ਰਾਪਤ ਕੀਤੀ ਅਤੇ ਆਪ ਕੁੰਦਨ ਸਰੂਪ ਹੋ ਗਏ। ਇਸ ਤੋਂ ਇਲਾਵਾ ਭਾਈ ਸੰਤੋਖ ਸਿੰਘ ਜੀ ਨੇ ਕਾਂਸ਼ੀ ਜਾ ਕੇ ਸੰਸਕ੍ਰਿਤ ਦੀ ਪੜ੍ਹਾਈ ਵੀ ਕੀਤੀ। ਖਜ਼ਾਨ ਸਿੰਘ ਅਨੁਸਾਰ:

> ਮਹਾਂਕਵੀ ਜੀ ਆਪਣੀ ਉਮਰ ਦੇ 21ਵੇਂ ਸਾਲ ਅਰਥਾਤ ਸੰਮਤ 1865 ਬਿਕਰਮੀ ਅਥਵਾ 1808 ਈ. ਵਿੱਚ ਕਾਂਸ਼ੀ ਗਏ ਅਤੇ ਪੰਜ ਸਾਲ ਦਾ ਸਮਾਂ ਉੱਥੇ ਰਹੇ। ਕਾਂਸ਼ੀ ਵਿੱਚ ਸ਼ੁੱਧ ਵਿਆਕਰਣ, ਸ਼ਸਤਰਾਂ, ਉਪਨਿਸ਼ਦਾਂ ਤੇ ਵੇਦਾਂ ਦਾ ਅਧਿਐਨ ਕੀਤਾ।[13]

> ਪਿਆਰਾ ਸਿੰਘ ਪਦਮ[14] ਤੇ ਡਾ. ਤਾਰਨ ਸਿੰਘ[15] ਨੇ ਵੀ ਕਾਂਸ਼ੀ ਜਾ ਕੇ ਵਿੱਦਿਆ ਪ੍ਰਾਪਤ ਕਰਨ ਦਾ ਜ਼ਿਕਰ ਕੀਤਾ ਹੈ।

**(ਸ1.) ਬੂੜੀਆ ਨਿਵਾਸ :** ਅੰਮ੍ਰਿਤਸਰ ਤੋਂ ਬਾਅਦ ਭਾਈ ਸੰਤੋਖ ਸਿੰਘ ਦਾ ਬੂੜੀਆ ਹਰਿਆਣਾ ਵਿਖੇ ਰਹਿਣ ਦਾ ਜ਼ਿਕਰ ਤਕਰੀਬਨ ਸਾਰੇ ਵਿਦਵਾਨਾਂ ਨੇ ਕੀਤਾ ਹੈ। ਭਾਈ ਵੀਰ ਸਿੰਘ ਅਨੁਸਾਰ:

> ਉਨ੍ਹਾਂ ਦੇ ਪਿਤਾ ਦਾ ਇੱਕ ਵਾਕਫ਼ ਸ੍ਰ. ਦਿਆਲ ਸਿੰਘ ਸੰਮਤ 1870 ਬਿਕਰਮੀ 1813 ਈ. ਵਿੱਚ ਭਾਈ ਸੰਤੋਖ ਸਿੰਘ ਨੂੰ ਅੰਮ੍ਰਿਤਸਰ ਤੋਂ ਆਪਦੇ ਨਾਲ ਦਿਆਲਗੜ੍ਹ ਲੈ ਗਿਆ। ਭਾਈ ਸੰਤੋਖ ਸਿੰਘ ਜਮਨਾ ਦਰਿਆ ਕੰਢੇ ਨਿੱਤਨੇਮ ਤੇ ਭਜਨ ਬੰਦਗੀ ਕਰਦੇ ਸਨ। ਆਪ 1813 ਈ. ਤੋਂ 1823 ਈ. ਤੱਕ 10 ਸਾਲ ਬੂੜੀਆ ਵਿਖੇ ਰਹੇ।[16]

ਭਾਈ ਸੰਤੋਖ ਸਿੰਘ ਆਪ ਵੀ ਬੂੜੀਆ ਵਿਖੇ ਰਹਿਣ ਦੀ ਤਸਦੀਕ ਕਰਦੇ ਹਨ। ਆਪ ਨੇ 1878 ਬਿਕਰਮੀ 1821 ਈ. ਵਿੱਚ ਸੰਸਕ੍ਰਿਤ ਦੇ ਅਮਰਕੋਸ਼ ਦਾ ਹਿੰਦੀ ਕਵਿਤਾ ਵਿੱਚ ਅਨੁਵਾਦ ਕੀਤਾ। ਇਸ ਦਾ ਨਾਂ ਨਾਮਕੋਸ਼ ਰੱਖਿਆ। ਇਸ ਸਥਾਨ ਤੇ ਰਹਿੰਦਿਆਂ ਵੱਖ-ਵੱਖ ਥਾਵਾਂ ਤੇ ਭਰਮਣ ਕੀਤਾ। ਇਥੇ ਹੀ 1880 ਬਿਕਰਮੀ ਕੱਤਕ ਦੀ ਪੂਰਨਮਾਸੀ (1823 ਈ.) ਨੂੰ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਤਿਆਰ ਹੋਇਆ।

> ਏਕ ਆਂਕ ਅਰ ਅਸ਼ਟ ਕਰਿ ਬਹਰ ਅਸ਼ਟ ਪਰ ਸੂਨ।
> ਕਾਤਿਕ ਪੂਰਨਮਾ ਬਿਖੇ ਭਯੋ ਗ੍ਰੰਥ ਬਿਨਊਨ।[17]

**(ਹ1.) ਵਿਆਹ ਅਤੇ ਪਰਿਵਾਰ :** ਭਾਈ ਸੰਤੋਖ ਸਿੰਘ ਦਾ ਵਿਆਹ ਬੂੜੀਆ ਵਿਖੇ ਜਗਾਧਰੀ ਵਿੱਚ ਰਹਿਣ ਵਾਲੀ ਰੁਹੀਲੇ ਗੋਤ ਦੀ ਬੀਬੀ ਰਾਮ ਕੌਰ ਨਾਲ 1821 ਈ. ਵਿੱਚ

ਹੋਇਆ। ਕਵੀ ਜੀ ਦਾ ਗੋਤ ਕਰੀਰ ਸੀ। ਕਰੀਰ ਗੋਤ ਵਾਲੇ ਰੁਹੀਲੇ ਗੋਤ ਵਾਲਿਆਂ ਨਾਲ ਵਰਤਣ ਤੋਂ ਪ੍ਰੇਹਜ਼ ਕਰਦੇ ਸਨ। ਪਰ ਕਵੀ ਜੀ ਨੇ ਇਹ ਰਿਵਾਇਤ ਤੋੜ ਕੇ ਇਸ ਗੋਤ ਦੀ ਬੀਬੀ ਨਾਲ ਵਿਆਹ ਕੀਤਾ। ਆਪ ਜੀ ਦੇ ਪੰਜ ਪੁੱਤਰ ਅਜੈ ਸਿੰਘ, ਬਿਜੈ ਸਿੰਘ, ਬਲਦੇਵ ਸਿੰਘ, ਮਕਸੂਦ ਸਿੰਘ, ਅਨੁਰਧ ਸਿੰਘ ਅਤੇ ਤਿੰਨ ਲੜਕੀਆਂ ਖੇਮ ਕੌਰ, ਮੇਮਨ ਕੌਰ ਅਤੇ ਮਾਨ ਕੌਰ ਸਨ। ਬੂੜੀਆ ਤੋਂ ਬਾਅਦ ਭਾਈ ਸੰਤੋਖ ਸਿੰਘ ਨੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚ ਲਿਖਿਆ ਹੈ ਕਿ ਬੂੜੀਆ ਤੋਂ ਕੈਂਥਲ ਵਿਖੇ ਪਹੁੰਚਣ ਦੇ ਸਮੇਂ ਵਿਚਕਾਰ ਉਹ ਕਈ ਹੋਰ ਥਾਵਾਂ ਤੇ ਰਹੇ।

ਪਰਾਲਬਧ ਕਰਿ ਕਿਤਿ ਕਿਤਿ ਰਹੇ।[18]

ਉਨ੍ਹਾਂ ਨੇ ਆਪਣੀਆਂ ਰਚਨਾਵਾਂ ਵਿੱਚ ਇਨ੍ਹਾਂ ਸਥਾਨਾਂ ਦਾ ਜ਼ਿਕਰ ਨਹੀਂ ਕੀਤਾ। ਹਾਂ ਉਨ੍ਹਾਂ ਦੀ ਬੇਰੁਜ਼ਗਾਰੀ ਦੇ ਸੰਕੇਤ ਉਨ੍ਹਾਂ ਦੀਆਂ ਲਿਖਤਾਂ ਵਿੱਚੋਂ ਮਿਲਦੇ ਹਨ। ਇੱਕ ਸਮੇਂ ਭਾਈ ਸੰਤੋਖ ਸਿੰਘ ਜੀ ਸਰੀਰਕ ਅਤੇ ਆਰਥਿਕ ਤੌਰ ਤੇ ਬਲਹੀਨ ਹੋ ਗਏ ਸਨ। ਰੁਜ਼ਗਾਰ ਤੋਂ ਬਿਨ੍ਹਾਂ ਕਰਜ਼ਦਾਰਾਂ ਤੋਂ ਨਮੋਸ਼ੀ ਦਾ ਸਾਹਮਣਾ ਕਰਨਾ ਪੈਂਦਾ ਸੀ। ਉਹ ਰੋਜ਼ੀ ਲਈ ਰਾਜਿਆਂ ਦੀ ਸ਼ਰਨ ਵਿੱਚ ਰਹੇ। ਭਾਈ ਸਾਹਿਬ ਅਨੁਸਾਰ ਕੰਗਾਲੀ ਦਾ ਦੁੱਖ ਹੀ ਸਭ ਤੋਂ ਵੱਡਾ ਦੁੱਖ ਹੈ। ਜਿਵੇਂ ਕਿ ਉਨ੍ਹਾਂ ਦੇ ਰਚੇ ਕਬਿੱਤ ਵਿਚਾਰੇ ਜਾ ਸਕਦੇ ਹਨ।

ਛੁਟਯੋ ਹੈ ਪ੍ਰਾਕ੍ਰਮ ਔ ਬਿਸਰਯੋ ਹੈ ਨੇਮ ਧ੍ਰਮ ਔਰ ਖੋਈ ਹਯਾਉ ਸ਼੍ਰਮ ਅਤਿ ਦੁਖ ਪਾਈਯਤਿ ਹੈ।
ਘਰ ਕੇ ਰੁਸਾਨੇ, ਸਭ ਆਪਨੇ ਭਏ ਬਿਰਾਨੇ, ਨਾਰੀ ਦੇਤਿ ਤਾਨੇ, ਸੁਨ ਸਿਰ ਨਯਾਈਯਤਿ ਹੈ।[19]

ਬੇਰੁਜ਼ਗਾਰੀ ਦਾ ਸਾਹਮਣਾ ਕਰਦੇ ਹੋਏ ਆਪ ਕਾਫ਼ੀ ਪ੍ਰੇਸ਼ਾਨ ਰਹੇ। ਭਾਈ ਵੀਰ ਸਿੰਘ ਅਨੁਸਾਰ ਭਾਈ ਸੰਤੋਖ ਸਿੰਘ ਨੂੰ ਪਟਿਆਲੇ ਵੀ ਰਹਿਣਾ ਪਿਆ।

> ਆਪ ਪਟਿਆਲਾ ਆਪਣੇ ਪਰਿਵਾਰ ਨਾਲ ਰਹਿੰਦੇ ਰਹੇ ਹਨ। ਉਨ੍ਹਾਂ ਨੇ ਭਾਈ ਸਾਹਿਬ ਦੀ ਰਿਹਾਇਸ਼ ਦਾ ਪਤਾ ਲਗਾਇਆ। ਇਹ ਸਥਾਨ ਡੂੰਮਾਂ ਮਰਾਸੀਆਂ ਦੀ ਗਲੀ ਵਿੱਚ ਹੈ। ਭਾਈ ਸੰਤੋਖ ਸਿੰਘ ਜੀ ਇਸ ਮਹੱਲੇ ਵਿੱਚ ਪ੍ਰਸਿੱਧ ਸੰਤ ਬੀਰ ਸਿਘ ਜੀ ਦੇ ਡੇਰੇ ਕਥਾ ਕਰਦੇ ਤੇ ਵਿੱਦਿਆ ਦਾ ਦਾਨ ਦਿੰਦੇ ਰਹੇ।[20]

ਆਪ ਕਦੋਂ ਪਟਿਆਲੇ ਆਏ ਤੇ ਕਿੰਨਾ ਚਿਰ ਰਹੇ, ਇਸ ਬਾਰੇ ਕਿਸੇ ਵਿਦਵਾਨ ਨੇ ਕੁਝ ਦੱਸਿਆ ਨਹੀਂ। ਕਿਹਾ ਜਾਂਦਾ ਹੈ ਕਿ ਪਟਿਆਲਾ ਮਹਾਰਾਜਾ ਕਰਮ ਸਿੰਘ ਜੀ ਨੇ ਆਪ ਨੂੰ ਭਾਈ ਸੰਤ ਸਿੰਘ ਜੀ ਰਾਹੀਂ ਪਟਿਆਲੇ ਬੁਲਾਇਆ ਸੀ।

ਇਹ ਵੀ ਕਿਹਾ ਜਾਂਦਾ ਹੈ ਕਿ ਆਪ ਜੀ ਦੀਆਂ ਕਵਿਤਾਵਾਂ ਸੁਣ ਕੇ ਪਟਿਆਲਾ

ਦਰਬਾਰ ਵਿੱਚ ਭਾਈ ਸਾਹਿਬ ਨੂੰ ਮਾਣ ਸਨਮਾਨ ਮਿਲਣ ਲੱਗਾ ਤੇ ਆਪ ਰਾਜ ਕਵੀਆਂ ਵਿੱਚ ਸ਼ਾਮਲ ਸਨ।

**(ਕ1.) ਕੈਂਥਲ ਨਿਵਾਸ :** ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ,

> ਸੰਮਤ 1882 (1825 ਈ.) ਵਿੱਚ ਕੈਥਲਪਤਿ ਭਾਈ ਉਦਯ ਸਿੰਘ ਜੀ ਨੇ ਇਨ੍ਹਾਂ ਨੂੰ ਮਹਾਰਾਜ ਪਟਿਆਲਾ ਤੋਂ ਮੰਗ ਕੇ ਲੈ ਲਿਆ ਅਤੇ ਬੜੇ ਸਨਮਾਨ ਨਾਲ ਆਪਣੇ ਪਾਸ ਰੱਖਿਆ। ਉਪਰੋਕਤ ਦੀ ਪੁਸ਼ਟੀ ਭਾਈ ਵੀਰ ਸਿੰਘ ਵੀ ਕਰਦੇ ਹਨ।[21]

ਭਾਈ ਸਾਹਿਬ ਨੂੰ ਪਟਿਆਲੇ ਦੇ ਮਹਾਰਾਜੇ ਕਰਮ ਸਿੰਘ ਜੀ ਦੇ ਦਰਬਾਰ ਵਿੱਚ ਮਾਣ ਸਤਿਕਾਰ ਤਾਂ ਪ੍ਰਾਪਤ ਸੀ, ਪਰ ਭਾਈ ਸੰਤੋਖ ਸਿੰਘ ਨੇ ਆਪਣੀਆਂ ਰਚਨਾਵਾਂ ਵਿੱਚ ਮਿਲੇ ਮਾਣ ਸਤਿਕਾਰ ਦਾ ਕਿੱਧਰੇ ਜ਼ਿਕਰ ਨਹੀਂ ਕੀਤਾ।

ਕੈਂਥਲ ਵਿਖੇ ਪਹੁੰਚ ਕੇ ਭਾਈ ਸੰਤੋਖ ਸਿੰਘ ਦਾ ਆਰਥਿਕ ਪੱਖ ਮਜ਼ਬੂਤ ਹੋ ਗਿਆ। ਆਪ ਨੇ ਬਾਕੀ ਸਾਰੀ ਉਮਰ ਇੱਥੇ ਹੀ ਬਿਤਾਈ। ਉਹ ਉਦਯ ਸਿਘ ਦੁਆਰਾ ਕੈਂਥਲ ਬੁਲਾਏ ਜਾਣ ਤੇ ਸਤਿਕਾਰ ਸਾਹਿਤ ਰੱਖਣ ਦਾ ਜ਼ਿਕਰ ਕਰਦੇ ਹਨ:

> ਉਦੇ ਸਿੰਘ ਬਡ ਭੂਪ ਬਹਾਦੁਰ। ਕਾਵਿ ਬੁਲਾਇ ਰਾਖਯੋਢਿਗ ਸਾਦਰ।[22]

ਭਾਈ ਸੰਤੋਖ ਸਿੰਘ ਜੀ ਨੇ ਆਪਣੇ ਰਚੇ ਸਾਹਿਤ ਵਿੱਚ ਕੈਂਥਲ ਨਰੇਸ਼ ਤੇ ਕੈਂਥਲ ਬਾਰੇ ਗਰਬ ਗੰਜਨੀ ਟੀਕੇ ਦੇ ਪੰਨਾ 2-3 ਤੇ ਕੈਂਥਲ ਵੰਸ਼ ਦਾ ਸੰਖੇਪ ਹਾਲ ਕਾਵਿ ਰੂਪ ਵਿੱਚ ਲਿਖਿਆ ਹੈ। ਭਾਈ ਸੰਤੋਖ ਸਿੰਘ ਨੇ ਕੈਂਥਲ ਬਾਰੇ ਵੀ ਲਿਖਿਆ ਹੈ ਜੋ ਉਸ ਸਮੇਂ ਰਾਜਾ ਉਦਯ ਸਿੰਘ ਦੀ ਰਾਜਧਾਨੀ ਸੀ।

> ਰਾਜਾ ਉਦਯ ਸਿੰਘ ਨੇ ਭਾਈ ਸੰਤੋਖ ਸਿੰਘ ਨੂੰ ਇਕ ਸ਼ਾਨਦਾਰ ਹਵੇਲੀ ਰਹਿਣ ਲਈ ਦਿੱਤੀ। ਜਿਸ ਦੇ ਦਰਵਾਜ਼ਿਆਂ ਵਿੱਚੋਂ ਹਾਥੀ ਹੁੱਦੇ ਸਮੇਤ ਲੰਘ ਜਾਂਦਾ ਸੀ। ਇਸਦੇ ਦਰਵਾਜ਼ਿਆਂ ਉਤੇ ਇਮਾਰਤੀ ਸ਼ੇਰ ਸਨ। ਜਿਸ ਕਰਕੇ ਇਸ ਨੂੰ ਸ਼ੇਰਾਂ ਵਾਲੀ ਹਵੇਲੀ ਆਖਦੇ ਸਨ। ਇਸ ਤੋਂ ਇਲਾਵਾ ਲੰਗਰ ਲਈ ਰਸਦ, ਨੌਕਰ ਚਾਕਰ ਤੇ ਦੋ ਰੁਪਏ ਰੋਜ਼ ਜੇਬ ਖ਼ਰਚਾ ਮਿਲਦਾ ਸੀ। ਬਾਅਦ ਵਿੱਚ ਰਾਮਾਇਣ ਦੇ ਟੀਕੇ ਤੋਂ ਖੁਸ਼ ਹੋ ਕੇ ਰਾਜੇ ਨੇ ਮੋਰਥਲੀ ਪਿੰਡ ਵੀ ਇਨਾਮ ਵਿੱਚ ਦਿੱਤਾ।[23]

ਕੈਂਥਲ ਆਪ ਨੂੰ ਇੰਨਾਂ ਚੰਗਾ ਲੱਗਾ ਅਤੇ ਕੈਥਲ ਨਰੇਸ਼ ਵੱਲੋਂ ਐਸਾ ਸਤਿਕਾਰ ਮਿਲਿਆ ਕਿ ਆਪ ਕੈਂਥਲ ਦੇ ਹੀ ਹੋ ਗਏ। ਕੈਂਥਲ ਵਿਖੇ ਭਾਈ ਸੰਤੋਖ ਸਿੰਘ ਨੇ ਆਪਣੀ ਰੋਜ਼ੀ ਰੋਟੀ ਦੇ ਫ਼ਿਕਰ ਤੋਂ ਨਿਸ਼ਚਿੰਤ ਹੋ ਕੇ ਸਾਹਿਤ ਰਚਨਾ ਵੱਲ ਆਪਣਾ ਧਿਆਨ ਕੇਂਦਰਿਤ ਕੀਤਾ ਤੇ ਗਰਬ

ਗੰਜਨੀ ਟੀਕਾ, ਬਾਲਮੀਕੀ ਰਮਾਇਣ ਦਾ ਅਨੁਵਾਦ ਤੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਆਦਿ ਰਚਨਾਵਾਂ ਰਚੀਆਂ। ਭਾਵੇਂ ਕਈ ਦੋਖੀ ਵੀ ਸਨ ਪਰ ਉਹ ਉਨ੍ਹਾਂ ਦੇ ਰਾਹ ਦਾ ਰੋੜਾ ਨਾ ਬਣ ਸਕੇ। ਕਵੀ ਜੀ ਹਰ ਰੋਜ਼ ਰਾਜ ਦਰਬਾਰ ਵਿੱਚ ਹਾਜ਼ਰੀ ਭਰਦੇ ਸਨ। ਸਮੇਂ ਸਮੇਂ ਤੇ ਭਾਈ ਉਦਯ ਸਿੰਘ ਉਨ੍ਹਾਂ ਨਾਲ ਸਲਾਹ ਮਸ਼ਵਰਾ ਵੀ ਕਰਦੇ ਰਹਿੰਦੇ ਸਨ। ਭਾਈ ਸਾਹਿਬ ਦਾ ਉਦਯ ਸਿੰਘ ਨਾਲ ਸਨੇਹ ਸੀ। ਜਦੋਂ ਰਾਜਾ ਉਦਯ ਸਿੰਘ ਦੀ ਅਧਰੰਗ ਦੀ ਬਿਮਾਰੀ ਕਰਕੇ ਹਾਲਤ ਨਾਜ਼ੁਕ ਹੋ ਗਈ ਤਾਂ ਭਾਈ ਸੰਤੋਖ ਸਿੰਘ ਉਨ੍ਹਾਂ ਦੀ ਸਿਹਤਯਾਬੀ ਲਈ ਦਿਨ ਰਾਤ ਅਰਦਾਸ ਵੀ ਕਰਦੇ ਰਹਿੰਦੇ ਸਨ। ਭਾਈ ਉਦਯ ਸਿੰਘ 14 ਮਾਰਚ 1843 ਈ. ਨੂੰ ਚਲਾਣਾ ਕਰ ਗਏ। ਉਦਯ ਸਿੰਘ ਬੇ-ਔਲਾਦ ਸਨ। ਇਸ ਲਈ ਅੰਗਰੇਜ਼ ਸਰਕਾਰ ਨੇ ਉਨ੍ਹਾਂ ਦੀ ਰਿਆਸਤ ਨੂੰ ਜ਼ਬਤ ਕਰ ਲਿਆ ਪਰ ਸੰਤੋਖ ਸਿੰਘ ਦਾ ਵਾਲ ਵੀ ਬਾਂਕਾ ਨਾ ਹੋਇਆ। ਭਾਈ ਸੰਤੋਖ ਸਿੰਘ ਜੀ ਇਸ ਬਾਰੇ ਲਿਖਦੇ ਹਨ:

> ਪੀਰ ਲੂਟ ਕਪਿਥਲ ਵਿਖੇ ਮਿਲੇ ਚੋਰ ਬਟਪਾਰ। ਆਪ ਆਪ ਕੋ ਭਜ ਚਲੇ ਤਜਿ ਪੁਰਿ ਸਭਿ ਇਕਬਾਰ। 1. ਸਿੰਘ ਫਿਰੰਗੀ ਗਹਿ ਲਏ ਕੈਦ ਕਰੇ ਵਥੁ ਛੀਨਿ। ਸੰਤਨਿ ਕੇ ਅਸਥਾਨ ਭੀ ਲੂਟਿ ਕੂਟਿ ਭੈ ਦੀਨਿ। 2. ਅਸ ਅਪਦਾ ਕੇ ਦਿਨਨਿ ਮਹਿਂ ਸਤਿਗੁਰ ਭਏ ਸਹਾਇ। ਭਯੋ ਨ ਬੰਕੋ ਬਾਰ ਭੀ ਦੈ ਦੈ ਹਾਥ ਬਦਾਇ॥[24]

ਕਵੀ ਜੀ ਇਸ ਤੋਂ ਬਾਅਦ ਕੈਂਥਲ ਵਿਖੇ ਰਹਿ ਕੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਰਚਨਾ ਕਰਦੇ ਰਹੇ।

> ਇਹ ਇਤਿਹਾਸ ਗ੍ਰੰਥ ਸਾਵਣ 1900 ਬਿਕਰਮੀ (ਜੁਲਾਈ-ਅਗਸਤ 1843 ਈ.) ਵਿੱਚ ਸਮਾਪਤ ਹੋਇਆ। ਭਾਈ ਸੰਤੋਖ ਸਿੰਘ ਨੇ ਗ੍ਰੰਥ ਦੇ ਸੰਪੂਰਨ ਹੋਣ ਦੀ ਖੁਸ਼ੀ ਵਿੱਚ ਸ੍ਰੀ ਹਰਿਮੰਦਰ ਸਾਹਿਬ ਦਰਬਾਰ ਦੀ ਯਾਤਰਾ ਕੀਤੀ ਅਤੇ ਗਿਆਨੀ ਸੰਤ ਸਿੰਘ ਦੇ ਸਪੁੱਤਰ ਗਿਆਨੀ ਗੁਰਮੁੱਖ ਸਿੰਘ ਰਾਹੀਂ ਇਹ ਗ੍ਰੰਥ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਭੇਂਟ ਕੀਤਾ ਤੇ ਆਪ ਜੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸਨਮਾਨਿਤ ਕੀਤਾ ਗਿਆ।[25]

**(ਖ1.) ਵਿਅਕਤੀਤਵ :** ਉਨ੍ਹਾਂ ਦੇ ਜੀਵਨ ਅਤੇ ਰਚਨਾਵਾਂ ਵਿੱਚੋਂ ਉਨ੍ਹਾਂ ਦੇ ਵਿਅਕਤੀਤਵ ਤੇ ਪ੍ਰਤਿਭਾ ਦੇ ਝਲਕਾਰੇ ਸਾਫ਼ ਦਿਖਾਈ ਦਿੰਦੇ ਹਨ। ਉਹ ਗਿਆਨਵਾਨ, ਸ਼ਸਤਰਾਂ ਦੇ ਜਾਣਕਾਰ, ਵਿਸ਼ਾਲ ਸੋਚ ਦੇ ਮਾਲਕ ਤੇ ਵਿਦਵਾਨ ਸਨ। ਉਨ੍ਹਾਂ ਦਾ ਅਧਿਐਨ ਗੰਭੀਰ ਤੇ ਵਿਸ਼ਾਲ ਸੀ। ਵੇਦਾਂਤ ਤੇ ਉਨ੍ਹਾਂ ਦਾ ਪੂਰਨ ਅਧਿਕਾਰ ਸੀ। ਉਨ੍ਹਾਂ ਨੇ ਗੁਰੂ ਸਾਹਿਬਾਨ ਦੇ ਉਦੇਸ਼ਾਂ ਤੇ ਉਪਦੇਸ਼ਾਂ ਨੂੰ ਆਮ ਲੋਕਾਈ ਵਿੱਚ ਪਹੁੰਚਾਇਆ। ਉਨ੍ਹਾਂ ਦੀ ਵਿਸ਼ੇਸ਼ ਦੇਣ ਕਾਰਨ ਹੀ ਉਨ੍ਹਾਂ ਨੂੰ ਭਾਈ,

ਮਹਾਂਕਵੀ, ਚੂੜਾਮਣਿ ਆਦਿ ਨਾਵਾਂ ਨਾਲ ਸੰਬੋਧਿਤ ਕਰ ਕੇ ਸਤਿਕਾਰਿਆ ਜਾਂਦਾ ਹੈ। ਉਹਨਾਂ ਨੂੰ ਮਹਾਂਭਾਰਤ, ਰਾਮਾਇਣ, ਵੇਦਾਂ, ਉਪਨਿਸ਼ਦਾ ਦਾ ਗਿਆਨ ਸੀ। ਉਨ੍ਹਾਂ ਨੇ ਆਪਣੀਆਂ ਲਿਖਤਾਂ ਵਿੱਚ ਭਗਤੀ, ਗਿਆਨ, ਕਰਮ ਯੋਗ ਆਦਿ ਦਾ ਵਰਨਨ ਕੀਤਾ। ਆਪ ਹਿੰਦੀ, ਸੰਸਕ੍ਰਿਤ, ਬ੍ਰਜ, ਪੰਜਾਬੀ ਭਾਸ਼ਾ ਦੇ ਮਹਾਨ ਪੰਡਿਤ ਮੰਨੇ ਜਾਂਦੇ ਸਨ। ਉਹ ਅਜਿਹੇ ਵਿਦਵਾਨ ਸਨ, ਜਿੰਨਾਂ ਵਿੱਚ ਮਹਾਂਕਵੀ ਵਾਲੇ ਸਾਰੇ ਗੁਣ ਸਨ। ਉਨ੍ਹਾਂ ਦਾ ਵਿਅਕਤੀਤਵ ਬੜਾ ਤੇਜਸਵੀ ਅਤੇ ਪ੍ਰਭਾਵਸ਼ਾਲੀ ਸੀ।

ਆਪ ਨੂੰ ਕਾਵਿ ਕਲਾ ਦੀ ਸੂਝ ਅਤੇ ਛੰਦਾਂ ਅਲੰਕਾਰਾਂ ਤੇ ਅਧਿਕਾਰ ਸੀ। ਉਹ ਬ੍ਰਜ਼ ਭਾਸ਼ਾ ਤੋਂ ਇਲਾਵਾ ਅਰਬੀ, ਸੰਸਕ੍ਰਿਤ, ਫ਼ਾਰਸੀ, ਪਹਾੜੀ ਪੰਜਾਬੀ ਤੇ ਲਹਿੰਦੀ ਆਦਿ ਭਾਸ਼ਾਵਾਂ ਵੀ ਜਾਣਦੇ ਸਨ। ਉਨ੍ਹਾਂ ਨੂੰ ਪੌਰਾਣਿਕ ਇਤਿਹਾਸ, ਜੋਤਿਸ਼, ਰਾਜਨੀਤੀ, ਸ਼ਾਸ਼ਤਰ ਵਿੱਦਿਆ, ਸੰਗੀਤ ਆਦਿ ਦੀ ਵੀ ਭਰਪੂਰ ਜਾਣਕਾਰੀ ਸੀ। ਉਨ੍ਹਾਂ ਨੇ ਭਾਰਤੀ ਧਰਮ ਗ੍ਰੰਥਾਂ ਦਾ ਗੰਭੀਰ ਅਧਿਐਨ ਕੀਤਾ। ਇਸ ਦੇ ਨਾਲ-ਨਾਲ ਉਸ ਸਮੇਂ ਪ੍ਰਾਪਤ ਗੁਰ ਇਤਿਹਾਸ ਨਾਲ ਸੰਬੰਧਿਤ ਗ੍ਰੰਥਾਂ ਨੂੰ ਵੀ ਵਾਚਿਆ ਸੀ।

ਆਪ ਦਾ ਸਰੀਰ ਗਠੀਲਾ ਤੇ ਫੁਰਤੀਲਾ ਸੀ। ਆਪ ਉਦਮੀ ਤੇ ਮਿਹਨਤੀ ਸਨ। ਕੰਮ ਕਰਨ ਵੇਲੇ ਆਪ ਦੇ ਗਲ਼ ਅੱਧੀਆਂ ਬਾਹਾਂ ਵਾਲੀ ਕੁੜਤੀ, ਲੱਕ ਕਛਹਿਰਾ ਤੇ ਸਿਰ ਨਿੱਕੀ ਦਸਤਾਰ ਹੁੰਦੀ ਸੀ। ਉਨਾਂ ਦਾ ਬਹੁਤਾ ਸਮਾਂ ਪੜ੍ਹਨ ਅਤੇ ਧਾਰਮਿਕ ਸਾਹਿਤ ਰਚਨਾ ਕਰਨ ਵਿੱਚ ਬਤੀਤ ਹੁੰਦਾ। ਉਹ ਸਤਿਕਾਰ ਨਾਲ ਲਿਖਦੇ ਹਨ ਕਿ ਗੁਰੂ ਸਾਹਿਬਾਨ ਨੇ ਮੇਰੇ ਤੇ ਦਇਆ ਕਰਕੇ ਜਿਤਨਾ ਕੁ ਲਿਖਵਾਇਆ ਹੈ ਮੈਂ ਉਤਨਾ ਹੀ ਜਸ ਵਰਨਨ ਕਰ ਸਕਿਆ ਹਾਂ।

> ਅਚਰਜ ਚਰਿਤ੍ਰ ਗੁਰੂ ਕੇ ਅਹੈ। ਕਿਸ ਮਹਿਂ ਸ਼ਕਤਿ ਜੁ ਸਗਰੈ ਕਹੈ।
> ਗੁਰੂ ਕ੍ਰਿਪਾਲ ਜੇਤਿਕ ਕਿਯ ਕਰਨਾ। ਮੈਂ ਭੀ ਕਰਹੁੰ ਤਿਤਿਕ ਜਸ ਬਰਨਾ
> ਮੋ ਮਹਿ ਸ਼ਕਤਿ ਨ ਰੰਚਕ ਭਰ ਹੈ। ਅਪਨੇ ਚਲਿਤ ਆਪ ਹੀ ਕਰਿ ਹੈ।[26]

ਉਪਰੋਕਤ ਤੋਂ ਪਤਾ ਲੱਗਦਾ ਹੈ ਕਿ ਉਹ ਕਿੰਨੀ ਨਿਮਰਤਾ ਵਾਲੇ ਸਨ। ਭਾਈ ਸੰਤੋਖ ਸਿੰਘ ਜੀ ਜਿਥੇ ਮਹਾਨ ਵਿਦਵਾਨ ਸਨ ਉਥੇ ਉਨ੍ਹਾਂ ਦਾ ਵਿਅਕਤੀਗਤ ਜੀਵਨ ਉੱਚਾ ਸੁੱਚਾ ਨਿਰਮਲ ਤੇ ਸੰਤੋਖ ਭਰਿਆ ਸੀ।

**(ਗ1.) ਅਕਾਲ ਚਲਾਣਾ :** ਆਪ ਜੀ ਦਾ ਸਰੀਰ ਬਹੁਤ ਕਮਜ਼ੋਰ ਹੋ ਚੁੱਕਾ ਸੀ ਅਤੇ ਅਖੀਰ 21 ਅਕਤੂਬਰ 1843 ਈ. ਅਥਵਾ 6 ਕੱਤਕ ਸੰਮਤ 1900 ਬਿਕਰਮੀ ਨੂੰ 56 ਸਾਲ ਇੱਕ ਮਹੀਨਾ, ਇਸ ਫਾਨੀ ਸੰਸਾਰ ਵਿੱਚ ਰਹਿ ਕੇ ਅਕਾਲ ਚਲਾਣਾ ਕਰ ਗਏ।[27]

## 2. ਰਚਨਾਵਾਂ

ਭਾਈ ਸੰਤੋਖ ਸਿੰਘ ਦੀ ਸਿੱਖ ਸਾਹਿਤ ਨੂੰ ਵੱਡਮੁੱਲੀ ਦੇਣ ਹੈ। ਭਾਈ ਵੀਰ ਸਿੰਘ ਆਦਿ ਨੇ ਉਨ੍ਹਾਂ ਦੀਆਂ ਹੇਠ ਲਿਖੀਆਂ ਛੇ ਮਹਾਨ ਰਚਨਾਵਾਂ ਦਾ ਜ਼ਿਕਰ ਕੀਤਾ ਹੈ। (ੳ) ਨਾਮ ਕੋਸ਼ (ਅ) ਸ੍ਰੀ ਗੁਰ ਨਾਨਕ ਪ੍ਰਕਾਸ਼ (ੲ) ਗਰਬ ਗੰਜਨੀ ਟੀਕਾ (ਸ) ਬਾਲਮੀਕੀ ਰਾਮਾਇਣ (ਅਨੁਵਾਦ) (ਹ) ਆਤਮ ਪੁਰਾਣ (ਟੀਕਾ) (ਕ) ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ।

ਭਾਈ ਵੀਰ ਸਿੰਘ ਨੂੰ ਆਪਣੇ ਪਿਤਾ ਚਰਨ ਸਿੰਘ ਦੇ ਸੰਚਯ ਵਿੱਚੋਂ ਦੋ ਹੋਰ ਪੁਸਤਕਾਂ ਮਿਲੀਆਂ।

> ਇੱਕ ਦੇ ਅੰਤ ਤੇ ਭਾਈ ਸੰਤੋਖ ਸਿੰਘ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਪ੍ਰਸੰਗ ਕਰਕੇ ਲਿਖਿਆ ਹੈ। ਇਸ ਵਿੱਚ ਸੰਖੇਪ ਪ੍ਰਸੰਗ ਅੰਮ੍ਰਿਤ ਤੇ ਪੰਥ ਰਚਣ ਦਾ ਹੈ। ਦੂਸਰੇ ਦੇ ਸ਼ੁਰੂ ਵਿੱਚ ਸ੍ਰੀ ਗੁਰ ਉਸਤਤਿ ਲਿਖਿਆ ਹੈ। ਉਨ੍ਹਾਂ ਨੇ ਤਿੰਨ ਹੋਰ ਗ੍ਰੰਥਾਂ ਪ੍ਰਸ਼ਨ ਵਿਧੀ, ਘਰ ਬਣਾਉਣ ਦੀ ਵਿਧੀ ਤੇ ਤੀਸਰਾ ਗ੍ਰੰਥ ਬੇਨਾਮ ਲਿਖਿਆ। ਇਸ ਤੀਸਰੇ ਗ੍ਰੰਥ ਵਿੱਚ ਗ੍ਰਹਿ, ਰਾਸਾਂ, ਨਛੱਤਰ ਵੇਖ ਕੇ ਕੁੰਡਲੀ ਭਰਨੀ ਦੱਸੀ ਹੈ।[28]

ਉਪਰੋਕਤ ਸੂਚੀ ਦੀ ਜੈ ਭਗਵਾਨ ਗੋਇਲ ਅਤੇ ਭਾਈ ਕਾਨ੍ਹ ਸਿੰਘ ਨਾਭਾ ਵੀ ਪੁਸ਼ਟੀ ਕਰਦੇ ਹਨ। ਇਸ ਤਰ੍ਹਾਂ ਉਨਾਂ ਦੀਆਂ ਇਹ ਗਿਆਰਾਂ ਰਚਨਾਵਾਂ ਹਨ। ਪਰ ਭਾਈ ਸੰਤੋਖ ਸਿੰਘ ਨੇ ਆਪ ਆਪਣੀਆਂ ਛੇ ਰਚਨਾਵਾਂ ਬਾਰੇ ਹੀ ਜ਼ਿਕਰ ਕੀਤਾ ਹੈ।

> ਪੂਰਬ ਮੈਂ ਸ਼੍ਰੀ ਨਾਨਕ ਕਥਾ। ਛੰਦਨ ਬਿਖੈ ਰਚੀ ਮਤਿ ਜਥਾ।
> ਰਹਯੋ ਚਾਹਿਤੋ ਗੁਰਨਿ ਬ੍ਰਿਤਾਂਤ। ਨਹਿਂ ਪਾਯੋ ਤਿਸਤੇ ਪਸ਼ਚਾਤ॥
> ਭਯੋ ਅਚਾਨਕ ਸੰਚੈ ਆਈ। ਸਰਬ ਗੁਰਨਿ ਕੋ ਜਸੁ ਸਮੁਦਾਈ।
> ਚਾਹਤਿ ਭਏ ਆਪ ਗੁਰ ਜਬਹੂੰ। ਭਾ ਸੰਚੇ ਦਸ ਗੁਰ ਜਸੁ ਸਭਿਹੂੰ।[29]

ਭਾਈ ਸੰਤੋਖ ਸਿੰਘ ਦੇ ਰਚੇ ਸਾਹਿਤ ਦਾ ਸੰਖੇਪ ਵੇਰਵਾ ਹੇਠ ਲਿਖੇ ਅਨੁਸਾਰ ਹੈ :

**(ੳ2.) ਨਾਮ ਕੋਸ਼ :** ਜਦੋਂ ਭਾਈ ਸੰਤੋਖ ਸਿੰਘ ਜੀ ਬੂੜੀਆ ਵਿਖੇ ਰਹਿ ਰਹੇ ਸਨ। ਉਸ ਵਕਤ ਉਨ੍ਹਾਂ ਨੇ ਸਭ ਤੋਂ ਪਹਿਲਾਂ 1821 ਈ. (1878 ਬਿਕਰਮੀ) ਵਿੱਚ ਨਾਮ ਨਾਮਕੋਸ਼ ਦੀ ਰਚਨਾ ਕੀਤੀ। ਇਹ ਸੰਸਕ੍ਰਿਤੀ ਦੇ ਗ੍ਰੰਥ ਅਮਰ ਕੋਸ਼ ਦਾ ਬ੍ਰਜ਼ ਕਵਿਤਾ ਵਿੱਚ ਅਨੁਵਾਦ ਹੈ। ਭਾਈ ਸੰਤੋਖ ਸਿੰਘ ਲਿਖਦੇ ਹਨ ਕਿ ਇਹ ਗ੍ਰੰਥ ਉਨ੍ਹਾਂ ਨੇ ਬੂੜੀਆ ਵਿਖੇ ਸ਼ੁਰੂ ਕੀਤਾ ਤੇ ਇਸ ਦੀ ਸਮਾਪਤੀ ਸੁਧਾਸਰ (ਅੰਮ੍ਰਿਤਸਰ) ਵਿਖੇ ਹੋਈ।

ਜਮਨਾ ਤਟ ਜੋ ਬੂਰੀਆ ਗ੍ਰਿੰਥ ਕਰਨ ਲਗ ਤਾਂਹਿ।
ਆਨਿ ਸੁਧਾਸਰ ਤੀਰ ਪੁਨ ਕਰੀ ਸਮਾਪਤਿ ਯਾਹਿ।
ਸੰਮਤ ਦਸ ਅਸ਼ਟਾ ਸਹਸ ਬਹੁਰ ਅਠੱਤਰਾ ਬੀਤ।
ਕਿਯੋ ਗ੍ਰਿੰਥ ਪੂਰਨ ਭਲੇ ਗੁਨੀ ਪਢਹਿਂ ਧਰਿ ਚੀਤ।[30]

ਇਸ ਗ੍ਰੰਥ ਵਿੱਚ ਡੇਢ ਹਜ਼ਾਰ ਤੋਂ ਉੱਪਰ ਛੰਦ ਹਨ। ਸ੍ਰੀ ਗੁਰ ਨਾਨਕ ਪ੍ਰਕਾਸ਼, ਸ੍ਰੀ ਗੁਰ ਪ੍ਰਤਾਪ ਸੂਰਜ ਤੇ ਗਰਬ ਗੰਜਨੀ ਟੀਕੇ ਦੀ ਤਰ੍ਹਾਂ ਹੀ ਇਸ ਕੋਸ਼ ਦਾ ਅਰੰਭ ਵੀ ਭਾਈ ਸੰਤੋਖ ਸਿੰਘ ਨੇ '੧ੴ' ਨਾਲ ਹੀ ਕੀਤਾ ਹੈ ਤੇ ਉਸ ਤੋਂ ਬਾਅਦ ਦਸ ਗੁਰੂ ਸਾਹਿਬਾਨ ਦੀ ਉਸਤਤਿ ਕੀਤੀ ਗਈ ਹੈ।ਜੋ ਕਿ ਅਲੰਕਾਰਿਕ ਸ਼ੈਲੀ ਵਿੱਚ ਹੈ। ਇੰਨ੍ਹਾਂ ਛੰਦਾਂ ਤੋਂ ਉਨ੍ਹਾਂ ਦੀ ਸੂਝ ਬੂਝ ਤੇ ਵਿਦਵਤਾ ਦਾ ਪਤਾ ਲੱਗਦਾ ਹੈ। ਉਨ੍ਹਾਂ ਨੇ ਦੋਹਰਾ, ਚੌਪਈ, ਸਵੱਈਆ ਤੇ ਕਬਿੱਤ ਆਦਿ ਛੰਦਾਂ ਦੀ ਵਰਤੋਂ ਕੀਤੀ ਹੈ।

ਅਮਰ ਕੋਸ਼ ਵੀ ਇਸੇ ਤਰ੍ਹਾਂ ਤਿੰਨ ਖੰਡਾਂ ਵਿੱਚ ਸੀ। ਭਾਈ ਸੰਤੋਖ ਸਿੰਘ ਨੇ ਅਮਰ ਕੋਸ਼ ਦੇ ਵਾਂਗ ਹੀ ਨਾਮ ਕੋਸ਼ ਵਿੱਚ ਵੀ ਸ਼ਿਵ ਜੀ ਦੇ 48 ਨਾਮ ਲਿਖੇ ਹਨ : ਜਿੰਨਾਂ ਵਿੱਚੋਂ ਕੁਝ ਇਸ ਪ੍ਰਕਾਰ ਹਨ:

ਸ਼ਿਵ ਕੇ ਨਾਮ ਹਜ਼ਾਰਹੁ ਕਹੈ। 'ਸ਼ੰਭੂ, ਚੰਦ੍ਰਚੂੜ, ਮ੍ਰਿੜ ਅਹੈ।
ਨੀਲ ਕੰਠ, ਸੂਲੀ, ਹਰ, ਜਟੀ। ਬਰਨ ਸੁ ਬਿਸਦ ਬਿਭੂਤੀ ਠਟੀ।
ਅੰਧਕ ਘਾਤਕ, ਰੁਦ ਤ੍ਰਿਲੋਚਨ। ਸ਼ੰਕਰ ਸੇਵਕ ਸੋਚ ਬਿਮੋਚਨ।
ਤਪ ਕੀ ਮੂਰਤਿ ਬਹੁਤ ਪ੍ਰਤਾਪੈ। ਹੋਤਿ ਪ੍ਰਸੰਨ ਅਲਪ ਜਪੁ ਜਾਪੈ।[31]

ਉਸ ਤੋਂ ਪਿੱਛੋਂ ਕੁਝ ਛੰਦਾਂ ਵਿੱਚ ਆਪਣੇ ਇਸ਼ਟ ਦੇਵ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਸਤਤ ਤੇ ਵੰਦਨਾ ਕੀਤੀ ਗਈ ਹੈ। ਭਾਈ ਵੀਰ ਸਿੰਘ ਨੇ ਭਾਈ ਸੰਤੋਖ ਸਿੰਘ ਜੀ ਨੇ ਅਰਮ ਕੋਸ਼ ਦੀਆਂ ਪਰਤਾਂ ਖੋਲ੍ਹਣ ਲਈ ਇਸ ਕੋਸ਼ ਦੀ ਵਰਤੋਂ ਕੀਤੀ ਹੈ। ਕਈਆਂ ਨੇ ਇਸ ਕੋਸ਼ ਨੂੰ ਤਿੰਨ ਭਾਗਾਂ ਅਕਾਸ਼ ਵਰਗ, ਪਾਤਾਲ ਵਰਗ, ਭੂਮੀ ਵਰਗ ਆਦਿ ਵਿੱਚ ਵੰਡਿਆ ਹੈ।

**(ਅ2.)ਸ੍ਰੀ ਗੁਰ ਨਾਨਕ ਪ੍ਰਕਾਸ਼ :** ਭਾਈ ਸੰਤੋਖ ਸਿੰਘ ਨੇ ਬੂੜੀਆ ਨਿਵਾਸ ਸਮੇਂ ਜਿੱਥੇ ਅਮਰਕੋਸ਼ ਦਾ ਅਨੁਵਾਦ ਕੀਤਾ ਉੱਥੇ ਨਾਲ-ਨਾਲ ਥਾਂ-ਥਾਂ ਜਾ ਕੇ ਗੁਰ ਇਤਿਹਾਸ ਨੂੰ ਵੀ ਇੱਕਤਰ ਕਰਦੇ ਰਹੇ ਜਿਸ ਦੇ ਆਧਾਰ ਤੇ ਉਨ੍ਹਾਂ ਨੇ ਆਪਣੀ ਦੂਸਰੀ ਰਚਨਾ ਸ੍ਰੀ ਗੁਰ ਨਾਨਕ ਪ੍ਰਕਾਸ਼ 1821 ਈ. ਵਿੱਚ ਸ਼ੁਰੂ ਕਰਕੇ 1823 ਈ. (ਸੰਮਤ 1880 ਕੱਤਕ ਦੀ ਪੂਰਮਮਾਸ਼ੀ) ਨੂੰ ਸੰਪੂਰਨ ਕੀਤਾ।

ਇਸ ਗ੍ਰੰਥ ਵਿੱਚ ਭਾਈ ਸੰਤੋਖ ਸਿੰਘ ਨੇ ਗੁਰੂ ਨਾਨਕ ਦੇਵ ਜੀ ਦੇ ਜਨਮ ਤੋਂ ਲੈ ਕੇ ਜੋਤੀ

ਜੋਤ ਸਮਾਉਣ ਤੱਕ ਦਾ ਇਤਿਹਾਸ ਵਿਸਥਾਰ ਸਹਿਤ ਲਿਖਿਆ ਹੈ। ਇਸ ਗ੍ਰੰਥ ਦੇ ਦੋ ਭਾਗ ਪੂਰਬਾਰਧ ਤੇ ਉਤਰਾਰਧ ਹਨ। ਪੂਰਬਾਰਧ ਵਿੱਚ 73 ਅਧਿਆਇ ਤੇ ਉਤਰਾਰਧ ਵਿੱਚ 57 ਹਨ। ਕੁੱਲ ਅਧਿਆਇ 130 ਹਨ ਅਤੇ ਸਾਰੇ ਗ੍ਰੰਥ ਵਿੱਚ ਕੁੱਲ ਛੰਦਾਂ ਦੀ ਗਿਣਤੀ 9700 ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੀਵਨ ਇਤਿਹਾਸ, ਜਿਵੇਂ ਜਿਵੇਂ ਭਾਈ ਬਾਲਾ ਜੀ ਗੁਰੂ ਅੰਗਦ ਦੇਵ ਜੀ ਨੂੰ ਸੁਣਾਈ ਜਾਂਦੇ ਹਨ, ਕਹਿ ਬਾਲਾ ਸ੍ਰੀ ਗੁਰੂ। ਸੁਨਹੁ ਕਥਾ ਇਤਿਹਾਸ। ਉਹ ਉਵੇਂ-ਉਵੇਂ ਹੀ ਭਾਈ ਪੈੜਾ ਜੀ ਤੋਂ ਲਿਖਵਾਈ ਜਾਂਦੇ ਹਨ।

ਬਾਲਾ ਕਰਤਿ ਉਚਾਰ ਮੁਖ, ਪੈੜੇ ਲਿਖੀ ਸੁਧਾਰ।
ਲਿਖਵਾਈ ਅੰਗਦ ਗੁਰੂ ਜਗ ਕੇ ਕਾਜ ਉਧਾਰਿ।[32]

ਭਾਈ ਸੰਤੋਖ ਸਿੰਘ ਜੀ ਲਿਖਦੇ ਹਨ ਉਨ੍ਹਾਂ ਨੂੰ ਭਾਈ ਬਾਲੇ ਵਾਲੀ ਅਸਲ ਜਨਮ ਸਾਖੀ ਨਹੀਂ ਮਿਲ ਸਕੀ। ਉਨ੍ਹਾਂ ਕੋਲ ਜੋ ਜਨਮ ਸਾਖੀ ਸੀ ਉਸ ਵਿੱਚ ਭਾਈ ਹਿੰਦਾਲ ਦੇ ਵੰਸ਼ਜਾਂ ਤੇ ਕਬੀਰ ਪੰਥੀਆਂ ਨੇ ਕਈ ਮਿਲਾਵਟਾਂ ਕਰ ਦਿੱਤੀਆਂ ਸਨ ਅਤੇ ਇਸ ਵਿਚ ਭਾਈ ਹਿੰਦਾਲ ਤੇ ਭਗਤ ਕਬੀਰ ਜੀ ਨੂੰ ਅਧਿਆਤਮਿਕ ਤੌਰ ਤੇ ਗੁਰੂ ਨਾਨਕ ਦੇਵ ਜੀ ਤੋਂ ਉੱਚਾ ਦਰਸਾਇਆ ਗਿਆ ਹੈ।

ਭਾਈ ਸੰਤੋਖ ਸਿੰਘ ਲਿਖਦੇ ਹਨ ਕਿ ਉਨ੍ਹਾਂ ਨੇ ਸ਼ੁੱਧ ਇਤਿਹਾਸ ਲਿਖਿਆ ਹੈ। ਉਹ ਪੌਰਾਣਿਕ ਇਤਿਹਾਸ ਦਾ ਹਵਾਲਾ ਦਿੰਦੇ ਹੋਏ ਇਹ ਲਿਖਦੇ ਹਨ ਕਿ ਜਿਸ ਤਰ੍ਹਾਂ ਸਮੁੰਦਰ ਨੂੰ ਮੰਦਰਾਚਲ ਪਰਬਤ ਦੀ ਮਧਾਣੀ ਬਣਾ ਕੇ ਤੇ ਰੱਸੀ ਵੱਜੋਂ ਸ਼ੇਸ਼ ਨਾਗ ਨਾਲ ਰਿੜਕਿਆ ਗਿਆ ਸੀ ਉਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਦਾ ਜੀਵਨ ਚਰਿੱਤਰ ਸਮੁੰਦਰ ਦੀ ਤਰ੍ਹਾਂ ਹੈ ਅਤੇ ਭਾਈ ਬਾਲਾ ਮਧਾਣੀ ਵਾਗੂੰ ਹਨ ਅਤੇ ਮੈਂ ਪ੍ਰੇਮ ਦੀ ਰੱਸੀ ਬਣਾ ਕੇ ਇਸ ਨੂੰ ਰਿੜਕਿਆ ਹੈ।

ਸਾਗਰ ਸ੍ਰੀ ਨਾਨਕ ਚਰਿਤ, ਬਾਲਾ ਮੰਦਰ ਰੂਪ।
ਪ੍ਰੇਮ ਸ਼ੇਸ਼ ਨੇਤੀ ਭਏ ਕੀਨੋ ਮਥਨ ਅਨੂਪ॥[33]

ਭਾਈ ਸੰਤੋਖ ਸਿੰਘ ਜੀ ਨੇ ਸਿੱਖ ਪਰੰਪਰਾ ਅਨੁਸਾਰ ਇਸ ਗ੍ਰੰਥ ਦਾ ਆਰੰਭ ਵੀ 'ੴ ਸਤਿਗੁਰ ਪ੍ਰਸ਼ਾਦਿ' ਨਾਲ ਕੀਤਾ ਹੈ। ਪਹਿਲੇ ਅਧਿਆਇ ਵਿੱਚ 88 ਛੰਦ ਹਨ ਤੇ ਸਾਰੇ ਹੀ ਮੰਗਲ ਚਰਣ ਹਨ। ਇਸ ਤਰ੍ਹਾਂ ਇਸ ਅਧਿਆਇ ਦੀ ਸ਼ੁਰੂਆਤ ਉਨ੍ਹਾਂ ਨੇ ਮੰਗਲਾਚਰਣ ਨਾਲ ਹੀ ਕੀਤੀ ਹੈ। ਜਿੰਨ੍ਹਾਂ ਵਿੱਚ ਅਕਾਲਪੁਰਖ, ਨੌ ਗੁਰੂ ਸਾਹਿਬਾਨ, ਨਾਮ ਮਹਿਮਾ, ਨਾਮ ਸਿਮਰਨ, ਸਰਸਵਤੀ, ਅਧਿਆਪਕ ਸੰਤ ਸਿੰਘ, ਪੁਰਾਤਨ ਰਿਸ਼ੀਆਂ-ਮੁਨੀਆਂ, ਭਗਤਾਂ ਤੇ ਵਾਹਿਗੁਰੂ ਸ਼ਬਦ ਦੀ ਵਿਆਖਿਆ ਤੇ ਮਹੱਤਤਾ ਆਦਿ ਦਾ ਮਹੱਤਵ ਦੱਸਿਆ ਹੈ। ਇੰਨਾਂ ਮੰਗਲਾਂ ਵਿੱਚ ਅਧਿਆਤਮਿਕ

ਤੇ ਭਗਤੀ ਭਾਵ ਵਾਲੇ ਵਿਚਾਰਾਂ ਦਾ ਪ੍ਰਗਟਾਵਾ ਕੀਤਾ ਗਿਆ ਹੈ। ਇੰਨਾਂ ਵਿੱਚ ਕਵੀ ਨੇ ਅਲੰਕਾਰਾਂ ਦੀ ਬਾਖ਼ੂਬੀ ਵਰਤੋਂ ਕੀਤੀ ਹੈ ਅਤੇ ਕਵੀ ਵੱਲੋਂ ਨਿਮਰਤਾ ਸਹਿਤ ਗੁਰੂ ਚਰਨਾਂ ਵਿੱਚ ਬੇਨਤੀਆਂ, ਅਰਦਾਸਾਂ ਦੇ ਵੀ ਮੰਗਲ ਹਨ। ਇਸ ਤੋਂ ਬਾਅਦ ਨਾਮ ਸਿਮਰਨ ਵਾਲੇ ਵਿਅਕਤੀਆਂ ਦੀ ਪ੍ਰਹਿਲਾਦ, ਹਨੂੰਮਾਨ ਆਦਿ ਭਗਤਾਂ, ਬਾਲਮੀਕ, ਕਬੀਰ ਆਦਿ ਦੇ ਮੰਗਲ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੀਵਨ ਇਤਿਹਾਸ 'ਕਥਾ' ਰਾਹੀਂ ਦਰਸਾਇਆ ਗਿਆ ਹੈ। ਇਸ ਲਈ ਇਸ ਨੂੰ ਕਥਾ ਪ੍ਰਧਾਨ ਕਾਵਿ ਕਿਹਾ ਜਾ ਸਕਦਾ ਹੈ। ਜਿੱਥੇ ਇਸ ਵਿੱਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਇਤਿਹਾਸ ਨਾਲ ਸੰਬੰਧਿਤ ਘਟਨਾਵਾਂ ਦਾ ਜ਼ਿਕਰ ਕੀਤਾ ਗਿਆ ਹੈ। ਉੱਥੇ ਗੁਰਮਤਿ ਦੀ ਜੀਵਨ ਜਾਚ ਵੀ ਦਰਸਾਈ ਗਈ ਹੈ। ਇਸ ਕਥਾਨਕ ਵਿੱਚ ਗੁਰੂ ਜੀ ਦੇ ਸੰਸਾਰ ਵਿੱਚ ਆਉਣ ਤੋਂ ਪਹਿਲਾਂ ਦੇ ਹਾਲਤ ਦਾ ਵਰਣਨ ਵਿਸਥਾਰ ਸਹਿਤ ਕੀਤਾ ਗਿਆ ਹੈ। ਕਾਜ਼ੀ ਰਿਸ਼ਵਤਾਂ ਲੈ ਰਹੇ ਸਨ। ਸਿੱਧ ਪਰਬਤਾਂ ਵਿੱਚ ਛਿਪ ਬੈਠੇ ਸਨ। ਅਤਿਆਚਾਰ ਤੇ ਦੁਰਾਚਾਰ ਦਾ ਬੋਲਬਾਲਾ ਸੀ।

ਇਹੋ ਜਿਹੇ ਘੋਰ ਕਲਜੁੱਗ ਦੇ ਸਮੇਂ ਵਿੱਚ ਧਰਤੀ ਦੀ ਪੁਕਾਰ ਸੁਣਕੇ ਪਰਮਾਤਮਾ ਗੁਰੂ ਨਾਨਕ ਦੇ ਰੂਪ ਵਿੱਚ ਪ੍ਰਗਟ ਹੋਏ। ਭਾਈ ਸੰਤੋਖ ਸਿੰਘ ਨੇ ਗੁਰੂ ਨਾਨਕ ਦੇਵ ਜੀ ਨੂੰ ਅਵਤਾਰੀ ਰੂਪ ਵਿੱਚ ਦਰਸਾਇਆ ਹੈ ਅਤੇ ਉਨ੍ਹਾਂ ਦੇ ਸੰਸਾਰ ਵਿੱਚ ਆਉਣ ਦਾ ਕਾਰਨ ਲੋਕਾਂ ਦੇ ਦੁੱਖ ਦੂਰ ਕਰਨੇ ਲਿਖਿਆ ਹੈ।

> ਧਰਯੋ ਦੇਹਿ ਜਿਨ ਦਤਿਯ ਨ ਕਾਰਨ। ਕੇਵਲ ਮਾਨਵ ਦੁਖਿਯਨਿ ਤਾਰਨ॥[34]

ਭਾਈ ਸੰਤੋਖ ਸਿੰਘ ਨੇ ਗੁਰੂ ਨਾਨਕ ਦੇਵ ਜੀ ਦਾ ਜਨਮ ਕੱਤਕ ਦੀ ਪੂਰਨਮਾਸੀ ਨੂੰ ਹੋਇਆ ਲਿਖਿਆ ਹੈ।

> ਉਰਜ ਮਾਸ ਕੀ ਪੂਰਨਮਾਸ਼ੀ। ਹਰਿਕੀਰਤਿ ਸੋ ਜੌਨ੍ਹ ਪ੍ਰਕਾਸ਼ੀ।
> ਸੰਬਤ ਨੌ ਖਟ ਸਹਸ ਛਬੀਸਾ। ਭੋ ਅਵਤਾਰ ਪ੍ਰਗਟ ਜਗਦੀਸ਼ਾ।[35]

ਦੌਲਤਾਂ ਦਾਈ, ਪੰਡਤ ਹਰਦਿਆਲ, ਗੋਪਾਲ ਪਾਂਧਾ, ਮੁੱਲਾ, ਰਾਇ ਬੁਲਾਰ, ਆਦਿ ਬਾਲ ਨਾਨਕ ਨੂੰ ਅਵਤਾਰੀ ਰੂਪ ਵਿੱਚ ਦੇਖਦੇ ਹਨ। ਭਾਈ ਸੰਤੋਖ ਸਿੰਘ ਨੇ ਗੁਰੂ ਨਾਨਕ ਦੇਵ ਜੀ ਦੇ ਬਾਲ ਰੂਪ ਨੂੰ ਬਹੁਤ ਸੁੰਦਰ ਸ਼ਬਦਾਂ ਵਿੱਚ ਵਰਨਨ ਕੀਤਾ ਹੈ।

> ਉਨ੍ਹਾਂ ਦੇ ਸਰੀਰ ਦੇ ਸਾਰੇ ਅੰਗ ਹੀ ਸੁੰਦਰ ਹਨ। ਮੁੱਖ ਦੀ ਸੋਭਾ ਕੰਵਲ ਫੁੱਲ ਦੀਆਂ ਪੰਖੜੀਆਂ ਵਾਂਗ ਕੋਮਲ ਸੀ। ਬਾਹਾਂ ਗੋਡਿਆਂ ਤੱਕ, ਮੋਢੇ ਬਹੁਤ ਸੋਹਣੇ,

> ਨਹੁੰ ਸੁੱਚੇ ਨਗਾਂ ਦੀ ਤਰ੍ਹਾਂ, ਹੱਥ ਦੀਆਂ ਉਂਗਲੀਆਂ ਲੰਮੀਆਂ, ਛਾਤੀ ਚੌੜੀ, ਸੱਜੇ ਹੱਥ ਵਿੱਚ ਚੌਰ ਦਾ ਨਿਸ਼ਾਨ, ਕੋਮਲ ਗੋਲ ਗੱਲ੍ਹਾਂ, ਅਨੰਦ ਵਧਾਉਣ ਵਾਲਾ ਉੱਚਾ ਨੱਕ, ਅੱਧੇ ਚੰਦ੍ਰਮਾ ਦੇ ਅਕਾਰ ਦਾ ਮੱਥਾ, ਧਨੁੱਖ ਵਰਗੇ ਭ੍ਰਵੱਟੇ ਆਦਿ ਸਨ।[36]

ਜਦੋਂ ਗੁਰੂ ਨਾਨਕ ਦੇਵ ਜੀ ਨੂੰ ਜਨੇਊ ਪਵਾਉਣ ਲੱਗੇ ਤਾਂ ਪ੍ਰੋਹਿਤ ਹਰਦਿਆਲ ਨੂੰ ਉਨ੍ਹਾਂ ਨੇ ਦੱਸਿਆ ਕਿ ਸੱਚਾ ਜਨੇਊ ਤਾਂ ਉਹ ਹੈ ਜਿਸ ਵਿੱਚ ਦਇਆ ਦੀ ਕਪਾਹ, ਸੰਤੋਖ ਦਾ ਸੂਤ, ਜਤੁ ਦੀ ਗੰਢੀ ਤੇ ਸਤੁ ਦੀ ਵੱਟ ਹੋਵੇ। ਜਿਹੜਾ ਨਾ ਟੁੱਟ ਸਕਦਾ ਹੈ ਨਾ ਮੈਲ ਲੱਗਦੀ ਹੈ ਤੇ ਨਾ ਜਲ ਸਕਦਾ ਹੈ। ਉਹ ਧੰਨ ਹਨ ਜਿੰਨ੍ਹਾਂ ਮਨੁੱਖਾਂ ਨੇ ਇਸ ਤਰ੍ਹਾਂ ਦਾ ਜਨੇਊ ਗਲ ਵਿਚ ਪਾਇਆ ਹੋਇਆ ਹੈ। ਸੂਤ ਦਾ ਜਨੇਊ ਤਾਂ ਕੱਚਾ ਜਨੇਊ ਹੈ ਜੋ ਲੋਕ ਦਿਖਾਵਾ ਹੈ।

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੇ ਜੀਵਨ ਇਤਿਹਾਸ ਨਾਲ ਸੰਬੰਧਿਤ ਪ੍ਰਮੁੱਖ ਘਟਨਾਵਾਂ ਜਿਵੇਂ ਕਿ

> ਬਾਲ ਲੀਲ੍ਹਾ, ਮੱਝਾਂ ਚਰਾਉਣੀਆਂ, ਸੱਚਾ ਸੌਦਾ ਕਰਨਾ, ਮੋਦੀਖਾਨਾ ਚਲਾਉਣਾ, ਵਿਆਹ ਹੋਣਾ, ਸ੍ਰੀ ਚੰਦ ਤੇ ਲਖਮੀ ਚੰਦ ਦਾ ਜਨਮ, ਵੇਈ ਨਦੀ ਪ੍ਰਵੇਸ਼, ਭਾਈ ਲਾਲੋ ਨਾਲ ਮਿਲਾਪ, ਕੌਡੇ ਰਾਕਸ਼ ਦਾ ਸੁਧਾਰ, ਜੋਗੀਆਂ ਨਾਲ ਵਿਚਾਰ ਚਰਚਾ, ਗੰਗਾ ਵਿਖੇ ਲਹਿੰਦੇ ਵੱਲ ਪਾਣੀ ਉਛਾਲਣਾ, ਬਾਬਰ ਦਾ ਹੱਲਾ, ਕਰਤਾਰਪੁਰ ਨਿਵਾਸ, ਸਿੱਖਾਂ ਪ੍ਰਤੀ ਉਪਦੇਸ਼, ਭਾਈ ਲਹਿਣਾ ਜੀ ਮਿਲਾਪ ਤੇ ਲਹਿਣਾ ਜੀ ਦੀ ਸੇਵਾ ਤੋਂ ਖੁਸ਼ ਹੋ ਕੇ ਗੁਰਗੱਦੀ ਸੌਂਪ ਕੇ ਗੁਰੂ ਅੰਗਦ ਦੇਵ ਜੀ ਕਹਿਣਾ ਤੇ ਅਖੀਰ ਵਿੱਚ ਜੋਤੀ ਜੋਤ ਸਮਾਉਣ ਆਦਿ ਨੂੰ ਤਰਤੀਬ ਬਾਰ ਵੇਰਵੇ ਸਹਿਤ ਬਿਆਨ ਕੀਤਾ ਹੈ।[37]

ਭਾਈ ਸੰਤੋਖ ਸਿੰਘ ਜੀ ਨੇ ਗੁਰੂ ਨਾਨਕ ਦੇਵ ਜੀ ਦੁਆਰਾ ਦੁੱਖੀ ਮਨੁੱਖਤਾ ਦੇ ਉੱਧਾਰ ਹਿੱਤ ਕੀਤੇ ਕਾਰਜਾਂ ਦਾ ਵਿਸਥਾਰ ਵਿੱਚ ਜ਼ਿਕਰ ਕੀਤਾ ਹੈ। ਉਨ੍ਹਾਂ ਨੇ ਲੋਕਾਂ ਨੂੰ ਭਗਤੀ, ਨਾਮ ਸਿਮਰਨ, ਸੇਵਾ, ਸਤਿ ਸੰਗਤ, ਦਇਆ ਵਿਸ਼ੇ ਵਿਕਾਰਾਂ ਦਾ ਤਿਆਗ ਤੇ ਸ਼ੁੱਭ ਗੁਣਾਂ ਨੂੰ ਧਾਰਨ ਕਰਨ ਦੀ ਪ੍ਰੇਰਨਾ ਦਿੱਤੀ ਅਤੇ ਬਾਹਰੀ ਅੰਡਬਰਾਂ, ਕਰਮਕਾਡਾਂ, ਜਾਤਾਂ-ਪਾਤਾਂ, ਭੇਖਾਂ ਆਦਿ ਦੀ ਜਿੱਲਣ ਵਿੱਚੋਂ ਨਿਕਲਣ ਦਾ ਹੋਕਾ ਦਿੱਤਾ ਹੈ। ਉਸ ਸਮੇਂ ਦੀ ਇਸਤਰੀ ਦੀ ਦਸ਼ਾ ਬਾਰੇ ਵੀ ਇਸ ਗ੍ਰੰਥ ਵਿੱਚ ਜ਼ਿਕਰ ਮਿਲਦਾ ਹੈ। ਇਸ ਤੋਂ ਇਲਾਵਾ ਮਨੁੱਖ ਦੇ ਮਨ ਵਿੱਚ ਆਉਣ ਵਾਲੇ ਸਵਾਲਾਂ ਅਤੇ ਸ਼ੰਕਾਵਾਂ ਦਾ ਵੀ ਭਾਵ ਪੂਰਤ ਢੰਗ ਨਾਲ ਹੱਲ ਦੱਸਿਆ ਗਿਆ ਹੈ। ਗੁਰੂ ਨਾਨਕ ਦੇਵ ਜੀ ਨੇ ਚਾਰ ਉਦਾਸੀਆਂ ਦੌਰਾਨ ਚਹੁੰ ਦਿਸ਼ਾਵਾਂ ਵਿੱਚ ਜਾ ਕੇ ਸਿੱਖ ਧਰਮ ਦੇ ਮੂਲ ਉਦੇਸ਼ਾਂ ਦੀ

ਜਾਣਕਾਰੀ ਦਿੱਤੀ ਹੈ।

> ਉਨ੍ਹਾਂ ਨੇ ਸਮੇਂ-ਸਮੇਂ ਤੇ ਪਾਂਧਾ, ਮੁੱਲਾਂ, ਵੈਦ, ਸ਼ਿਆਮਾ ਪੰਡਤ, ਮਲਕ ਭਾਗੋ, ਰਾਇ ਬੁਲਾਰ, ਰਾਜਾ ਸ਼ਿਵਨਾਭਿ, ਮਧੁਰਬੈਨ, ਸਾਲਸ ਰਾਏ ਜ਼ੌਹਰੀ, ਕਾਮੀ ਰਾਜਾ, ਕਸ਼ਮੀਰ ਦੇ ਪੰਡਤਾਂ ਵਲੀ ਕੰਧਾਰੀ, ਕਾਰੂੰ, ਬਾਬਰ, ਸੱਜਣ ਠੱਗ, ਮਾਨਚੰਦ ਖੱਤਰੀ ਅਤੇ ਭਾਈ ਲਹਿਣੇ ਆਦਿ ਨੂੰ ਉਪਦੇਸ਼ ਦਿੱਤੇ। ਇਸ ਤਰ੍ਹਾਂ ਹੀ ਰੁਕਨਦੀਨ, ਨਾਨੂੰ ਪੰਡਤ, ਭਰਥਰੀ ਜੋਗੀ ਆਦਿ ਨਾਲ ਵਿਚਾਰ ਵਟਾਂਦਰੇ ਕੀਤੇ। ਪੀਰ ਦਸਤਗੀਰ, ਕੰਧਾਰ ਵਿੱਚ ਯਾਰ ਵਲੀ, ਸ਼ੇਖ ਸ਼ਰਫ, ਮਾਲੋ ਸ਼ੇਖ, ਮੁਲਤਾਨ ਦੇ ਪੀਰਾਂ ਤੇ ਸਿੱਧਾ ਨਾਲ ਗੋਸ਼ਟਾਂ ਕੀਤੀਆਂ।[38]

ਸ਼੍ਰੀ ਗੁਰ ਨਾਨਕ ਪ੍ਰਕਾਸ਼ ਵਿੱਚ ਅਧਿਆਤਮਿਕ ਤੱਤਾਂ ਤੇ ਨੈਤਿਕਤਾ ਮੁੱਲਾਂ ਦਾ ਪ੍ਰਭਾਵਸ਼ਾਲੀ ਢੰਗ ਨਾਲ ਵਰਨਨ ਹੋਣ ਕਰਕੇ ਸਾਂਤ ਰਸ ਦੀ ਪ੍ਰਧਾਨਤਾ ਹੈ ਪਰ ਇਸ ਦੇ ਨਾਲ-ਨਾਲ ਬ੍ਰਿਹੋ, ਸ਼ਿੰਗਾਰ, ਬੀਰ, ਰੌਦਰ ਤੇ ਵੀਭਤਸ ਆਦਿ ਰਸ ਵੀ ਸ਼ਾਮਿਲ ਹਨ। ਭਾਈ ਸਾਹਿਬ ਨੇ ਗੁਰੂ ਨਾਨਕ ਦੇਵ ਜੀ ਦੇ ਵਿਆਹ ਸਮੇਂ ਦਾ ਸੰਜੀਵ ਚਿੱਤਰ ਪੇਸ਼ ਕੀਤਾ ਹੈ। ਉਨ੍ਹਾਂ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਸੀਸ ਤੇ ਕਲਗੀ ਸੋਹਣੀ ਲੱਗ ਰਹੀ ਹੈ, ਗੱਲ ਵਿੱਚ ਮੋਤੀਆਂ ਦੀ ਮਾਲ਼ਾ ਹੈ। ਜਦੋਂ ਆਪਣੇ ਸੁੰਦਰ ਨੇਤਰਾਂ ਨਾਲ ਲੋਕਾਂ ਵੱਲ ਤੱਕਦੇ ਹਨ ਤਾਂ ਸਾਰਿਆਂ ਦੇ ਪਾਪਾਂ ਦੀ ਪੀੜਾ ਦੂਰ ਕਰ ਦਿੰਦੇ ਹਨ।

> ਸੀਸ ਬਧਾ ਸਿਰਪੇਚ ਫਬੈ, ਗਰਮ ਮਾਲ ਬਨੀ ਮੁਕਤਾਲਨਿ ਕੀ।
> ਲੋਚਨ ਲੋਲ ਬਿਲੋਕਤਿ ਲੋਕਨ ਪੀਰ ਹਰੈ ਅਘ ਜਾਲਨ ਕੀ॥
> ਸੁੰਦਰ ਜਯੋ ਅਰਿਬੰਦ ਖਿਰਾ ਮੁੱਖ ਜਾਂ ਗਤਿ ਕੀਨਿ ਬਿਹਾਲਨ ਕੀ।
> ਕੁੰਡਲ ਡੋਲ ਕਲੋਪ ਅਮੋਲ, ਗਿਰਾ ਜਿਹ ਗਯਾਨ ਸਿਖਾਲਨ ਕੀ।[39]

ਸੁਮੇਰ ਪਰਬਤ ਤੇ ਗੋਰਖ, ਮਛਿੰਦਰ, ਲੁਹਰੀਪਾ ਆਦਿ ਨਾਲ ਚਰਚਾ ਕਰਨ ਲਈ ਜਾਣ ਸਮੇਂ ਭਾਈ ਸੰਤੋਖ ਸਿੰਘ ਨੇ ਗੁਰੂ ਨਾਨਕ ਦੇਵ ਜੀ ਦਾ ਬੀਰ ਰਸੀ ਰੂਪ ਵਿੱਚ ਚਿਤਰਨ ਇਸ ਤਰ੍ਹਾਂ ਕੀਤਾ ਹੈ।

> ਨਾਮ ਕੋ ਭਜਨ ਨੀਕੋ ਪਹਿਰ ਸੰਨਾਹਿ ਤਨ, ਕੋਟਕਿ ਤਰਕ ਤਰਵਾਰ ਨ ਕਟਤਿ ਹੈਂ।
> ਨੀਵੋਂ ਮਨ ਰਾਖਨ ਸਿਪਰ ਗਹਿ ਗਥ ਬਿਖੈ, ਕ੍ਰੋਧ ਰੂਪ ਬਾਨ ਜਾਂਕੋ ਛਇ ਨ ਸਕਤਿ ਹੈਂ।
> ਧੀਰਜ ਸੰਤੋਖ, ਸਤਿ, ਦਾਨ, ਇਸ਼ਨਾਨ ਮਤਿ, ਦਯਾ, ਉਪਕਾਰ ਅਤਿ ਸ਼੍ਰਧਾ ਜੀ ਛਕਤਿ ਹੈਂ।
> ਧਰਮ ਤੇ ਆਦਿ ਜੋਧਾ ਔਰ ਵਡੇ ਚਢੇ ਸੰਗ ਜੀਤਬੇ ਕੋ ਮੋਹ ਮਾਰ ਮਾਰ, ਹੀ ਰਣਤਿ ਹੈਂ।[40]

ਸ਼੍ਰੀ ਗੁਰ ਨਾਨਕ ਪ੍ਰਕਾਸ਼ ਵਿੱਚ ਭਾਈ ਸੰਤੋਖ ਸਿੰਘ ਨੇ ਸ਼ਹਿਰਾਂ, ਬਾਗਾਂ, ਪਰਬਤਾਂ, ਨਦੀਆਂ ਅਤੇ ਵੱਖ-ਵੱਖ ਰੁੱਤਾਂ ਦੇ ਵੀ ਸਜੀਵ ਚਿੱਤਰ ਪੇਸ਼ ਕੀਤੇ ਹਨ। ਗੁਰੂ ਨਾਨਕ ਦੇਵ ਜੀ ਦੀ ਜਨਮ ਭੂਮੀ ਤਲਵੰਡੀ ਬਾਰੇ ਡਾ. ਕਿਰਪਾਲ ਸਿੰਘ ਲਿਖਦੇ ਹਨ ਕਿ

> ਇਹ ਸੋਹਣੀ ਨਗਰੀ ਹੈ। ਚਾਰਾਂ ਵਰਣਾਂ ਦੇ ਲੋਕ ਇੱਥੇ ਰਹਿੰਦੇ ਹਨ। ਚਾਰੇ ਪਾਸੇ ਬਾਗ ਹਨ ਜਿੰਨ੍ਹਾਂ ਵਿੱਚ ਸੁੰਦਰ ਫੁੱਲ ਲੱਗੇ ਹੋਏ ਹਨ। ਨਗਰ ਵਿੱਚ ਵੱਡੀਆਂ ਵੱਡੀਆਂ ਅਟਾਰੀਆਂ ਹਨ। ਬਹੁਤ ਵੱਡੀ ਮੰਡੀ ਹੈ ਤੇ ਵਪਾਰ ਹੁੰਦਾ ਹੈ। ਹੱਟੀਆਂ ਸੌਦਿਆਂ ਨਾਲ ਭਰੀਆਂ ਪਈਆਂ ਸਨ।[41]

**ਸ਼੍ਰੀ ਗੁਰ ਨਾਨਕ ਪ੍ਰਕਾਸ਼ ਦੇ ਸੋਮੇ:** ਭਾਈ ਸੰਤੋਖ ਸਿੰਘ ਨੇ ਸ਼੍ਰੀ ਗੁਰ ਨਾਨਕ ਪ੍ਰਕਾਸ਼ ਲਿਖਣ ਲਈ ਵਰਤੀਆਂ ਸਹਾਇਕ ਪੁਸਤਕਾਂ ਬਾਰੇ ਆਪ ਨੇ ਹੀ ਪੂਰਬਾਰਧ ਅਧਯਾਯ 37 ਵਿੱਚ ਵਿਸਥਾਰ ਸਹਿਤ ਜ਼ਿਕਰ ਕੀਤਾ ਹੈ। ਜਦੋਂ ਮੈਂ ਗੁਰੂ ਨਾਨਕ ਦੇਵ ਜੀ ਦੇ ਇਤਿਹਾਸ ਦੀ ਕਥਾ ਕਰ ਰਿਹਾ ਸੀ ਤਾਂ ਉਸ ਵਕਤ ਕਈ ਸ੍ਰੋਤਿਆਂ ਨੇ ਇਹ ਸੰਸਾ ਕੀਤਾ ਕਿ ਗੁਰੂ ਨਾਨਕ ਦੇਵ ਜੀ ਦਾ ਜੀਵਨ, ਕਈ ਪੋਥੀਆਂ ਵਿੱਚ ਉਸ ਤਰ੍ਹਾਂ ਨਹੀਂ ਹੈ, ਜਿਸ ਤਰ੍ਹਾਂ ਤੁਸੀਂ ਦੱਸ ਰਹੇ ਹੋ? ਇਸ ਲਈ ਸਾਡੇ ਸੰਸੇ ਨਵਿਰਤ ਕਰੋ ਤਾਂ ਕਿ ਜਿਸ ਨਾਲ ਸਾਡਾ ਸਿੱਖੀ ਸਿਦਕ ਤੇ ਭਰੋਸਾ ਹੋਰ ਪ੍ਰਪੱਕ ਹੋ ਸਕੇ। ਭਾਈ ਸੰਤੋਖ ਸਿੰਘ ਨੇ ਉਨ੍ਹਾਂ ਨੂੰ ਦੱਸਿਆ ਕਿ ਗੁਰੂ ਅੰਗਦ ਦੇਵ ਜੀ ਨੇ ਉਸੇ ਤਰ੍ਹਾਂ ਕਥਾ ਲਿਖਵਾਈ ਸੀ ਜਿਸ ਤਰ੍ਹਾਂ ਭਾਈ ਬਾਲੇ ਨੇ ਸੁਣਾਈ। ਉਸ ਦੇ ਬਹੁਤ ਉਤਾਰੇ ਨਾ ਹੋ ਸਕੇ। ਜਦੋਂ ਸ੍ਰੀ ਗੁਰੂ ਅੰਗਦ ਦੇਵ ਜੀ ਜੋਤੀ ਜੋਤ ਸਮਾ ਗਏ ਤਾਂ ਉਨ੍ਹਾਂ ਤੋਂ ਬਾਅਦ ਗੁਰੂ ਅਮਰਦਾਸ ਤੇ ਗੁਰੂ ਰਾਮਦਾਸ ਕ੍ਰਮਵਾਰ ਗੁਰਗੱਦੀ ਤੇ ਬਿਰਾਜਮਾਨ ਹੋਏ। ਭਾਈ ਸੰਤੋਖ ਸਿੰਘ ਲਿਖਦੇ ਹਨ

> ਗੁਰੂ ਰਾਮਦਾਸ ਦੇ ਸਮੇਂ ਉਨ੍ਹਾਂ ਦਾ ਹਜ਼ੂਰੀਆ ਸਿੱਖ ਭਾਈ ਹਿੰਦਾਲ ਸੀ ਜੋ ਗੁਰੂ ਸਾਹਿਬ ਦੇ ਹੁਕਮ ਤੇ ਉਨ੍ਹਾਂ ਦੀ ਰਜ਼ਾ ਵਿੱਚ ਰਾਜ਼ੀ ਰਹਿੰਦਾ ਸੀ। ਉਨ੍ਹਾਂ ਦੀ ਸੰਤਾਨ ਵਿੱਚੋਂ ਕਿਸੇ ਨੇ ਕਬੀਰ ਪੰਥੀਆਂ ਨਾਲ ਮਿਲ ਕੇ ਬਨਾਵਟੀ ਜਨਮ ਸਾਖੀ ਬਣਾ ਲਈ ਤੇ ਆਪਣੇ ਵੱਡੇ ਹਿੰਦਾਲ ਤੇ ਭਗਤ ਕਬੀਰ ਦੀ ਕਈ ਤਰ੍ਹਾਂ ਨਾਲ ਉਪਮਾ ਲਿਖ ਦਿੱਤੀ। ਗੁਰੂ ਅੰਗਦ ਦੇਵ ਜੀ ਦੁਆਰਾ ਲਿਖਵਾਈ ਗਈ ਭਾਈ ਬਾਲੇ ਵਾਲੀ ਜਨਮ ਸਾਖੀ ਬਿਆਸ ਦਰਿਆ ਵਿੱਚ ਡੋਬ ਦਿੱਤੀ ਗਈ ਤੇ ਆਪਣੀ ਲਿਖੀ ਹੋਈ ਪੋਥੀ ਪ੍ਰਚੱਲਤ ਕਰ ਦਿੱਤੀ ਤੇ ਉਸਦੇ ਕਈ ਉਤਾਰੇ ਕਰਵਾ ਲਏ।[42]

ਭਾਈ ਸੰਤੋਖ ਸਿੰਘ ਨੇ ਬਾਲੇ ਵਾਲੀ ਜਨਮ ਸਾਖੀ ਬਾਰਾਂ ਭਾਈ ਗੁਰਦਾਸ ਨੂੰ ਅਧਾਰ ਬਣਾਇਆ ਇਸ ਬਾਰੇ ਭਾਈ ਵੀਰ ਸਿੰਘ ਲਿਖਦੇ ਹਨ ਕਿ

> ਗਹੁ ਕਰਕੇ ਮੁਤਾਲਯਾ ਕਰਨ ਤੋਂ ਪਤਾ ਲੱਗਦਾ ਹੈ ਕਿ ਪੁਰਾਤਨ ਜਨਮ ਸਾਖੀ ਜਿਸ ਨੂੰ ਹਾਫਜ਼ਾ ਬਾਦੀ ਤੇ 'ਵਲੈਤ ਵਾਲੀ' ਨਾਵਾਂ ਨਾਲ ਵੀ ਪੁਕਾਰਿਆ ਜਾਂਦਾ ਹੈ। ਕਵੀ ਜੀ ਨੂੰ ਨਹੀਂ ਮਿਲੀ ਜਾਪਦੀ।[43]

ਭਾਈ ਸੰਤੋਖ ਸਿੰਘ ਨੇ ਉਪਰੋਕਤ ਸੋਮਿਆਂ ਤੋਂ ਇਲਾਵਾ ਥਾਂ-ਥਾਂ ਤੇ ਜਾ ਕੇ ਗੁਰੂ ਇਤਿਹਾਸ ਦੀ ਖੋਜ ਕੀਤੀ।

> ਆਦਿ ਸੁਧਾਸਰ ਜੇ ਇਸਥਾਨਾ। ਖੋਜਿ ਖੋਜਿ ਨੀਕੇ ਬਿਧਿ ਨਾਨਾ।
> ਲਿਖੀ ਦੇਖਿ ਕੇਤੀ ਬਹੁ ਥਾਈਂ। ਕੇਤੀ ਸੁਣੀ ਜੁ ਮਨ ਮਹਿੰ ਭਾਈ।
> ਬੀਨ ਬੀਨ ਗੁਰ ਮਹਿਮਾ ਆਛੀ। ਮਾਖਨ ਜਿਉਂ ਲੀਨੀ ਤਜਿ ਛਾਛੀ।
> ਕਵਿਤਾ ਤਾਂਕੀ ਰੁਚਿਰ ਬਨਾਈ। ਸਤਿਗੁਰ ਸਿੱਖਨ ਕੇ ਮਨ ਭਾਈ।[44]

ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਇਤਿਹਾਸਿਕ ਮਹੱਤਵ ਦਾ ਤਾਂ ਇਸ ਗੱਲ ਤੋਂ ਪਤਾ ਲੱਗ ਜਾਂਦਾ ਹੈ ਕਿ ਜਦੋਂ ਇਹ ਸੰਪੂਰਨ ਹੋ ਗਿਆ ਉਦੋਂ ਤੋਂ ਇਹ ਗ੍ਰੰਥ ਵਿਦਵਾਨਾਂ ਵਿੱਚ ਚਰਚਾ ਦਾ ਵਿਸ਼ਾ ਬਣ ਗਿਆ। ਇਸ ਨੂੰ ਬਹੁਤ ਪਸੰਦ ਕੀਤਾ ਗਿਆ ਤੇ ਕਈਆਂ ਨੇ ਇਸ ਦੇ ਉਤਾਰੇ ਕਰਵਾ ਲਏ ਅਤੇ ਗੁਰਦੁਆਰਿਆਂ ਵਿੱਚ ਇਸ ਗ੍ਰੰਥ ਵਿੱਚੋਂ ਕਥਾ ਵਾਰਤਾ ਹੋਣੀ ਸ਼ੁਰੂ ਹੋ ਗਈ।

**(ੲ2.) ਗਰਬ ਗੰਜਨੀ ਟੀਕਾ :** ਜਪੁਜੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅਨਮੋਲ ਰਚਨਾ ਹੈ ਤੇ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਮੁੱਢਲੀ ਬਾਣੀ ਜਪੁ ਜੀ ਸਾਹਿਬ ਹੈ। ਇਸ ਬਾਣੀ ਦੀ ਵਿਅਖਿਆ ਕਰਨ ਲਈ ਇਸ ਦੇ ਹੁਣ ਤੱਕ ਸੈਂਕੜੇ ਟੀਕੇ ਕੀਤੇ ਜਾ ਚੁੱਕੇ ਹਨ। ਭਾਈ ਸੰਤੋਖ ਸਿੰਘ ਨੇ ਵੀ ਜਪੁਜੀ ਸਾਹਿਬ ਦੇ ਗਰਬ ਗੰਜਨੀ ਟੀਕੇ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਦਰਸਾਏ ਗਏ ਗੁਰਮਤਿ ਸਿਧਾਂਤਾਂ ਦੀ ਵਿਆਖਿਆ ਕਰਨ ਦਾ ਯਤਨ ਕੀਤਾ ਹੈ। ਜਪੁਜੀ ਦਾ ਟੀਕਾ ਕਰਨ ਦੀ ਪਰੰਪਰਾ ਗੁਰੂ ਸਾਹਿਬਾਨਾਂ ਦੇ ਸਮੇਂ ਤੋਂ ਹੀ ਸ਼ੁਰੂ ਹੋ ਗਈ ਸੀ। ਡਾ. ਜੋਗਿੰਦਰ ਸਿੰਘ ਅਨੁਸਾਰ :

> ਜਪੁਜੀ ਦਾ ਪੂਰੇ ਰੂਪ ਵਿੱਚ ਪਹਿਲਾ ਟੀਕਾ ਸੋਢੀ ਮਿਹਰਬਾਨ ਦਾ ਕਿਹਾ ਜਾਂਦਾ ਹੈ। ਪਰ ਵਾਸਤਵ ਵਿੱਚ ਇਹ ਟੀਕਾ ਉਸਦੇ ਪੁੱਤਰ ਹਰਿ ਜੀ ਦਾ ਹੈ।[45]

ਭਾਈ ਸੰਤੋਖ ਸਿੰਘ ਨੇ ਗਰਬ ਗੰਜਨੀ ਟੀਕਾ 1829 ਈ. (ਚੇਤਰ ਦੀ ਦੂਜ, ਦਿਨ ਸੋਮਵਾਰ ਸੰਮਤ 1886) ਵਿੱਚ ਲਿਖਿਆ। ਉਨ੍ਹਾਂ ਨੇ ਇਸ ਟੀਕੇ ਦੀ ਰਚਨਾ ਕੈਂਥਲ ਵਿਖੇ ਰਹਿੰਦਿਆਂ ਕੀਤੀ। ਇਸ ਟੀਕੇ ਦੇ ਹੋਂਦ ਵਿੱਚ ਆਉਣ ਦਾ ਮੁੱਖ ਕਾਰਨ ਸਾਧੂ ਅਨੰਦਘਨ ਦੁਆਰਾ

1795 ਈ. (ਸੰਮਤ 1852 ਬਿਕਰਮੀ) ਵਿੱਚ ਜਪੁਜੀ ਸਾਹਿਬ ਦਾ ਕੀਤਾ ਟੀਕਾ ਸੀ। ਇਸ ਟੀਕੇ ਵਿੱਚ ਕਈ ਪੰਕਤੀਆਂ ਗੁਰਮਤਿ ਸਿਧਾਂਤਾਂ ਦੇ ਉਲਟ ਲਿਖੀਆਂ ਸਨ ਅਤੇ ਇਸ ਵਿਚ ਕਈ ਅਰਥ ਭਰਮ ਪੈਦਾ ਕਰਨ ਵਾਲੇ ਸਨ। ਸਾਧੂ ਅਨੰਦਘਨ ਨੇ ਉਦਾਸੀ ਪਰੰਪਰਾ ਅਨੁਸਾਰ ਜਪੁਜੀ ਸਾਹਿਬ ਨੂੰ ਸਿਰਫ਼ ਪਹਿਲੀਆਂ 25 ਪਉੜੀਆਂ ਦਾ ਹੀ ਮੰਨਿਆ ਹੈ। ਭਾਵੇਂ ਕਿ ਟੀਕਾ ਸਾਰੇ ਜਪੁਜੀ ਸਾਹਿਬ ਦਾ ਕੀਤਾ ਹੈ। ਉਹ ਲਿਖਦੇ ਹਨ:

> ਜਪੁਜੀ ਏਕਾਹੀ ਹੈ। ਕਾਹੇ ਤੇ, ਗੁਰਪ੍ਰਸਾਦਿ ਬੀਜ ਹੈ, ਸ੍ਰਵਣ ਤਿਸ ਤੇ ਬ੍ਰਿਖ ਪ੍ਰਾਦੁਰਭਾਵ ਭਇਆ। ਮਨਨ ਤਿਸ ਕੀਆ ਸਾਖਾ ਹੈ। ਨਿਤਿ ਧਿਆਸਨ ਤਿਸ ਕੇ ਫਲ ਹੈ। ਸਾਖਿਆਤਕਾਰ ਤਿਸ ਕਾ ਫਲ ਹੈ।[46]

ਇਸੇ ਤਰ੍ਹਾਂ ਸਾਧੂ ਅਨੰਦਘਨ ਨੇ ਜਪੁਜੀ ਸਾਹਿਬ ਦੀ ਪੰਕਤੀ ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰ_ਪਾਰਬਤੀ ਮਾਈ ਦਾ ਅਰਥ ਕਰਦਿਆਂ ਕਿ ਗੁਰੂ ਨਾਨਕ ਦੇਵ ਜੀ ਦੇ ਛੇ ਗੁਰੂ ਲਿਖੇ। ਉਸ ਨੇ ਸ੍ਰੀ ਗੁਰੂ ਗੋਬਿੰਦ ਨੂੰ ਦੇਵੀ ਦਾ ਭਗਤ ਲਿਖਿਆ ਹੈ। ਜਦੋਂ ਇਹ ਟੀਕਾ ਰਾਜਾ ਉਦਯ ਸਿੰਘ ਨੇ ਪੜ੍ਹਿਆ ਤਾਂ ਉਸਦੇ ਹਿਰਦੇ ਨੂੰ ਬੜੀ ਠੇਸ ਪਹੁੰਚੀ ਤੇ ਉਸਨੇ ਭਾਈ ਸੰਤੋਖ ਸਿੰਘ ਨੂੰ ਬੇਨਤੀ ਕੀਤੀ ਕਿ ਇਸ ਟੀਕੇ ਵਿੱਚ ਲਿਖੇ ਗਏ ਗੁਰਮਤਿ ਵਿਰੋਧੀ ਵਿਚਾਰਾਂ ਦਾ ਉੱਤਰ ਦਿੰਦੇ ਹੋਏ ਅਲੰਕਾਰਿਕ ਟੀਕੇ ਦੀ ਰਚਨਾ ਕਰੋ ਅਤੇ ਜਿੱਥੇ ਕਿਤੇ ਵੀ ਅਰਥ ਕਰਨ ਵਿੱਚ ਸ਼ੰਕਾ ਉਤਪੰਨ ਹੁੰਦੀ ਹੈ। ਉਸਨੂੰ ਵਿਦਵਤਾ ਸਹਿਤ ਦੂਰ ਕਰੋ। ਭਾਈ ਸੰਤੋਖ ਸਿੰਘ ਨੇ ਭਾਈ ਉਦਯ ਸਿੰਘ ਦਾ ਹੁਕਮ ਮੰਨ ਕੇ ਗਰਬਗੰਜਨੀ ਟੀਕੇ ਦੀ ਰਚਨਾ ਕੀਤੀ। ਭਾਈ ਸੰਤੋਖ ਸਿੰਘ ਨੇ ਇਸ ਦਾ ਨਾਂ ਗਰਬਗੰਜਨੀ ਟੀਕਾ ਰੱਖਣ ਬਾਰੇ ਵੀ ਲਿਖਿਆ ਹੈ।

> ਗਰਬ ਗੰਜਨੀ ਕੋ ਅਰਥ : ਇਸ ਕੇ ਪਦਨ ਵਿਚਾਰਨਵਾਰੇ ਕੇ ਅਗਾਰੀ ਜੇ ਕੋਈ ਅਰਥਨ ਕੋ ਗਰਬ ਕਰੈ ਤਿਸ ਕੋ ਗੰਜਨ ਹੋਇ ਜਾਤ ਹੈ, ਕਯਾ ਤਿਸ ਕੇ ਗਰਬ ਕੋ ਦੂਰ ਕਰ ਦੇਤ ਹੈ। ਦੂਸਰੋ ਅਰਥ ਔਰ : ਇਸ ਕੋ ਪਢਿਕੈ ਆਪਨੇ ਗਰਬ ਕੋ ਗੰਜਨ ਕਰੈ, ਗਰੀਬੀ ਕੋ ਗਹਿ ਕਰਿ ਮੁਕਤਿ ਕੇ ਮਾਰਗ ਪਰੈ, ਯਾਤੇ ਇਸ ਟੀਕੇ ਕੋ ਨਾਮ 'ਗਰਬ ਗੰਜਨੀ' ਧਰਯੋ।[47]

ਭਾਈ ਸੰਤੋਖ ਸਿੰਘ ਨੇ ਆਪਣੀਆਂ ਹੋਰ ਰਚਨਾਵਾਂ ਦੀ ਤਰ੍ਹਾਂ ਹੀ ਗਰਬ ਗੰਜਨੀ ਟੀਕੇ ਦੀ ਸ਼ੁਰੂਆਤ ਵੀ 'ੴ ਸਤਿਗੁਰ ਪ੍ਰਸਾਦਿ' ਨਾਲ ਹੀ ਕੀਤੀ ਹੈ। ਭਾਈ ਸੰਤੋਖ ਸਿੰਘ ਜੀ ਵੱਲੋਂ ਜਪੁਜੀ ਦੇ ਕੀਤੇ ਗਏ ਇਸ ਟੀਕੇ ਵਿੱਚ ਕੀਤੀ ਗਈ ਵਿਆਖਿਆ, ਉਸੇ ਤਰ੍ਹਾਂ ਹੈ ਜਿਸ ਤਰ੍ਹਾਂ ਉਨ੍ਹਾਂ ਨੇ ਆਪਣੇ ਵਿੱਦਿਆ ਦੇ ਦਾਤੇ ਤੇ ਗਿਆਨੀ ਸੰਤ ਸਿੰਘ ਤੋਂ ਸੁਣੀ ਸੀ। ਵਿਆਖਿਆ ਪ੍ਰਸ਼ਨ ਉੱਤਰ

ਰੂਪ ਵਿੱਚ ਹੈ।

> ਅਬ ਅਗਾਰੀ ਸਿੱਖ 'ਕੋ ਪ੍ਰਸ਼ਨ ਸੁਰੂਪ ਕੀ ਪ੍ਰਾਪਤੀ ਮੈਂ, ਅਰ ਸਤਿਗੁਰਨਿ ਕੋ ਉੱਤਰ ਪਰਮਾਤਮਾ ਕੇ ਬੁਝਾ ਇਥੇ ਮੈਂ ਯਹ ਲਿਖਯੋ ਜਾਇਗੋ। ਸੋਚੈ ਸੋਚਿ ਨਾ ਹੋਵਈ ਜੇ ਸੋਚੀ ਲਖ ਵਾਰ॥ ਸੌਚ ਸ਼ਨਾਨਦਿ ਮ੍ਰਿਤਕਾ ਸੋਂ ਜੇ ਅਨੇਕ ਵਾਰੀ ਕਰੀਏ ਤਥਾਪਿ ਸੋਚ ਪਵਿਤ੍ਰ ਨਹੀਂ ਹੋਤ ਹੈ। ਤਨ ਕੋ ਸੌਚ ਕੋਈ ਕਿਸ ਪ੍ਰਕਾਰ ਕਰੈ, ਇਕ ਤੋਂ ਮਲ ਮੂਤ੍ਰ ਕੋ ਬਾਸਨ, ਦੂਸਰੋ ਸਰਬ ਸਰੀਰ ਮੱਜਾ ਅਸਥ ਰਕਤ ਚਰਮ ਰੂਪ ਹੈ। ਇਸ ਕੋ ਸ਼ੁੱਧ ਕਰਨੇ ਕਾ ਜਤਨ ਕੋਈ ਕਿਆ ਕਰੇਗਾ? ਜੈਸੇ ਕੱਚੀ ਮ੍ਰਿਤਕਾਂ ਕੇ ਘਟ ਕੋ ਧੋਇ ਕਰ ਨਿਰਮਲ ਕਰਯੋ ਚਾਹੈ ਤੋਂ ਨਹੀਂ ਹੋਤ ਹੈ।[48]

ਭਾਈ ਸਾਹਿਬ ਦੁਆਰਾ ਪਹਿਲੀ ਪਾਉੜੀ ਦੇ ਕੀਤੇ ਅਰਥ ਤੋਂ ਪਤਾ ਲੱਗਦਾ ਹੈ ਕਿ ਉਹ ਇੱਕ-ਇੱਕ ਤੁਕ ਦੇ ਕਈ ਕਈ ਅਰਥ ਕਰਦੇ ਹਨ।

ਭਾਈ ਸੰਤੋਖ ਸਿੰਘ ਜੀ ਨੇ ਜਪੁਜੀ ਦੇ ਗਰਬ ਗੰਜਨੀ ਟੀਕੇ ਵਿੱਚ ਥਾਂ-ਥਾਂ ਤੇ ਅਨੰਦਘਨ ਵੱਲੋਂ ਕੀਤੇ ਟੀਕੇ ਦਾ ਜ਼ਿਕਰ ਕਰਕੇ, ਉਸ ਵਿਚਲੀਆਂ ਗੁਰਮਤਿ ਵਿਰੋਧੀ ਗੱਲਾਂ ਦਾ ਜ਼ੋਰਦਾਰ ਖੰਡਨ ਕੀਤਾ ਹੈ। ਜਪੁਜੀ ਸਾਹਿਬ ਦੀ ਪੰਕਤੀ ਵਾਰਿਆ ਨਾ ਜਾਵਾ ਏਕ ਵਾਰ ਦੇ ਸਾਧੂ ਅਨੰਦਘਨ ਵੱਲੋਂ ਕੀਤੇ ਅਰਥਾਂ ਦੀ ਆਲੋਚਨਾਂ ਕਰਦੇ ਹੋਏ ਭਾਈ ਸੰਤੋਖ ਸਿੰਘ ਲਿਖਦੇ ਹਨ।

> ਇਸ ਤੁਕ ਕੋ ਜੇ ਔਰ ਅਰਥ ਕਰਤ ਹੈ ਸੋ ਸਰਬ ਮੈਂ ਦੂਖਨ ਆਵਤ ਹੈ। ਅਨੰਦਘਨ ਨੇ ਤੋਂ ਅਰਥ ਕਰਯੋ ਹੈ : ਹਟਾਯੋ ਮੈਂ ਏਕ ਵਾਰ ਭੀ ਨਹੀਂ ਜਾਤੋ ਕਿਸੀ ਤੇ। ਸੋ ਬੀਚਾਰ ਕਰਿ ਦੇਖਾ ਚਾਹੀਏ : ਪਰਮੇਸ਼ਰ ਕੋ ਬਿਅੰਤ ਕਹਨ ਮੈਂ ਬਰਜਨ ਕੌਨ ਲਗਯੋ ਹੈ ਗੁਰੂ ਜੀ ਨੂੰ, ਜੋ ਕਹਿਤੇ ਹੈ ਮੈਂ ਹਟਾਯੋ ਨਹੀਂ ਜਾਤੋ ਏਕ ਵਾਰ ਭੀ, ਜੋ ਹਟਾਵਨ ਵਾਰੋ ਨਹੀਂ ਹੈ ਤੋਂ ਗੁਰੂ ਜੀ ਨੇ ਇਸ ਤੁਕ ਕੋ ਬਿਅਰਥ ਕਯੋਂ ਕਹਯੋ ਹੈ? ਐਸੇ ਐਸੇ ਅਰਥ ਕਰਨ ਤੇ ਅਨੰਦਘਨ ਕੋ ਜਾਨੀਤਾ ਹੈ ਗੁਰੂ ਜੀ ਕੀ ਬਾਨੀ ਕੇ ਅਰਥ ਸੁਨੇ ਨਹੀਂ, ਮਨ ਆਵਤੇ ਲਗਾਵਤੋਂ ਗਯੋ ਹੈ।[49]

ਭਾਈ ਸੰਤੋਖ ਸਿੰਘ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਜਪੁਜੀ ਸਾਹਿਬ ਦਾ ਮਹਾਤਮ ਤੇ ਮਹੱਤਤਾ ਵੀ ਇਸ ਟੀਕੇ ਵਿੱਚ ਦਰਸਾਈ ਹੈ। ਉਨ੍ਹਾਂ ਅਨੁਸਾਰ ਜਪੁਜੀ ਦਾ ਪਾਠ ਕਰਨ ਵਾਲੇ ਦਾ ਬੁਰੀਆਂ ਸ਼ਕਤੀਆਂ ਕੁਝ ਨਹੀਂ ਵਿਗਾੜ ਸਕਦੀਆਂ। ਇੰਦ੍ਰਿਆਂ ਨੂੰ ਰੋਕ ਕੇ, ਮਨ ਬਿਰਤੀ ਇਕਾਗਰ ਕਰਕੇ, ਜੋ ਜਪੁਜੀ ਦਾ ਪਾਠ ਕਰਦੇ ਹਨ ਉਸਦੇ ਤੀਨੇ ਤਾਪ ਨਵਿਰਤ ਹੋ ਜਾਂਦੇ ਹਨ ਤੇ ਮਨ ਨੂੰ ਬਾਂਛਤ ਫਲ ਪ੍ਰਾਪਤ ਹੁੰਦੇ ਹਨ। ਜੋ ਆਪਣੇ ਆਪ ਨੂੰ ਗੁਰਸਿੱਖ ਕਹਾਉਂਦੇ ਹਨ ਪਰ ਜਪੁਜੀ ਦਾ ਪਾਠ ਨਹੀਂ ਕਰਦੇ ਉਹ ਇਸ ਤਰ੍ਹਾ ਹਨ ਜਿਵੇਂ ਚਾਵਲ ਤੋਂ ਬਿਨਾਂ ਤੋਹ ਕਿਸੇ ਕੰਮ ਨਹੀਂ।

ਸ੍ਰੀ ਜਪੁਜੀ ਮਹਿਮਾ ਮਹਾਂ ਬਰਨਿ ਸਕੈ ਕਹੁ ਕੌਨ॥
ਮਨ ਬਛਾਂਤ ਫਲ-ਦਾਇਨੀ ਚਤੁਰ ਪਦਾਰਥ ਭੌਨ॥
ਰਿਧਿ ਸਿਧਿ ਨਵ ਨਿਧਿ ਜੇ ਸਭ ਬਿਧੀ ਕੀ ਦਾਤਾਰੁ॥
ਨਮਸਕਾਰ ਕਰਿ ਜੋਰਿ ਕਰਿ ਧਰ ਪਰ ਸਿਰ ਕਹੁ ਧਾਰਿ॥[50]

ਭਾਵੇਂ ਇਹ ਟੀਕਾ ਪੰਜਾਬੀ ਵਿੱਚ ਨਾ ਹੋਣ ਕਰਕੇ ਪੰਜਾਬੀ ਪਾਠਕਾਂ ਵਿੱਚ ਪ੍ਰਸਿੱਧ ਨਹੀਂ ਹੋਇਆ ਫਿਰ ਵੀ ਇਸ ਦੀ ਇਤਿਹਾਸਿਕ ਮਹੱਤਤਾ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ।

**(ਸ2.) ਬਾਲਮੀਕੀ ਰਾਮਾਇਣ ਅਨੁਵਾਦ:** ਰਾਜਾ ਸ੍ਰੀ ਰਾਮਚੰਦਰ ਜੋ ਕਿ ਦਸਰਥ ਦੇ ਸਪੁੱਤਰ ਸਨ, ਉਨ੍ਹਾਂ ਦੀ ਰਾਮ ਕਥਾ ਕਈ ਵਿਦਵਾਨਾਂ ਨੇ ਲਿਖੀ ਹੈ। ਸੰਸਕ੍ਰਿਤ ਵਿੱਚ ਲਿਖੀ ਗਈ ਬਾਲਮੀਕੀ ਰਾਮਾਇਣ ਇੱਕ ਮਹਾਨ ਗ੍ਰੰਥ ਹੈ। ਭਾਈ ਸੰਤੋਖ ਸਿੰਘ ਨੇ ਕੈਂਥਲ ਵਿਖੇ ਰਹਿੰਦਿਆਂ ਗਰਬ ਗੰਜਨੀ ਟੀਕੇ ਤੋਂ ਬਾਅਦ ਬਾਲਮੀਕੀ ਰਾਮਾਇਣ ਦਾ ਬ੍ਰਿਜ ਕਾਵਿ ਭਾਸ਼ਾ ਵਿੱਚ ਅਨੁਵਾਦ ਕੀਤਾ। ਇਹ ਗ੍ਰੰਥ ਅਪ੍ਰੈਲ 1834 ਈ. (ਸੰਮਤ 1891, ਚੇਤਰ) ਵਿੱਚ ਸੰਪੂਰਨ ਹੋਇਆ।

ਸੰਮਤ ਬਿੱਕ੍ਰਮ ਜੀਤ ਅਸ਼ਟ ਦਸ ਸਹਸ ਭਣਿੱਜੈ।
ਤੀਸ ਤ੍ਰਿਗੁਣਾ ਕਰਿਯ ਭਯੋ ਪੂਰਨ ਲਖਿ ਲਿੱਜੈ।
ਪੁਨ ਇਕਾਨਵਾ ਚਢਯੋ ਸੰਧਿ ਦੋਇਨ ਕੀ ਮਾਨਹੁ
ਰੁਤ ਬਸੰਤ ਅਤਿ ਸ਼ੁਭਤਿ ਚੈਤ੍ਰ ਸ਼ੁਭ ਮਾਸ ਪਛਾਨਹੁ।
ਤਬਿ ਭਈ ਸਮਾਪਤਿ ਗ੍ਰੰਥ ਕੀ ਰਾਮਾਯਣ ਸੁੰਦਰ ਸਰਸ।
ਕਵਿ ਹਾਥ ਜੋਰਿ ਬੇਨਤੀ ਕਰਤਿ ਚਾਹਤਿ ਚਿਤ ਰਘੁਪਤ ਦਰਸ।[51]

ਰਾਜਾ ਉਦਯ ਸਿੰਘ ਨੇ ਇਸ ਰਚਨਾ ਤੋਂ ਖੁਸ਼ ਹੋ ਕੇ ਭਾਈ ਸੰਤੋਖ ਸਿੰਘ ਨੂੰ ਜੂਨ 1834 ਈ. ਵਿੱਚ (ਜੇਠ 1891 ਸੰਮਤ) ਨੂੰ ਪਿੰਡ ਮੋਰਥਲੀ ਇਨਾਮ ਵਜੋਂ ਦਿੱਤਾ।

ਸੁੰਦਰ ਸਾਦਰ ਗ੍ਰਿੰਥ ਬਨਯੋ ਪਦ ਗੁੰਥਤਿ ਨੌ ਰਸ ਰੀਤਿ ਭਲੀ।
ਰਾਮ ਕਥਾ ਗੁਨ ਗ੍ਰਾਮ ਭਿਰਾਮ ਮਹਾਂ ਮਾਧਿਯਾਮ ਅਨੰਦ ਫਲੀ।
ਰੰਜਨ ਹੈ ਭ੍ਰਮ ਭੰਜਨ ਹੈ ਰਾਮ ਗੰਜਨ ਹੈ ਪ੍ਰਦ ਗਯਾਨ ਬਲੀ।
ਕੈਂਥਲ ਨਾਥ ਪ੍ਰਸੰਨ ਭਯੋ ਪਠਿ ਗ੍ਰਾਮ ਦਯੋ ਤਬਿ ਮੋਰਥਲੀ।[52]

ਬਾਲਮੀਕੀ ਰਾਮਾਇਣ ਦੇ ਇਸ ਅਨੁਵਾਦ ਵਿੱਚ ਸੱਤ ਕਾਂਡ ਤੇ 651 ਸਰਗ ਹੇਠ ਲਿਖੇ ਅਨੁਸਾਰ ਹਨ:

1. ਬਾਲ ਕਾਂਡ 82 2. ਅਯੁੱਧਿਆ ਕਾਂਡ 117 3. ਅਹਿੰਨ ਕਾਂਡ 75 4. ਕਿਸ਼ਕਿੰਧਾ ਕਾਂਡ 67 5. ਸੁੰਦਰ ਕਾਂਡ 68 6. ਲੰਕਾ ਕਾਂਡ 131 7. ਉੱਤਰ ਕਾਂਡ 111

ਲੰਕਾਂ ਕਾਂਡ ਦੇ 130ਵੇਂ ਤੇ 131ਵੇਂ ਸਰਗ ਵਿੱਚ ਭਾਈ ਸੰਤੋਖ ਸਿੰਘ ਨੇ, ਭਾਈ ਉਦਯ ਸਿੰਘ ਦੀ ਬੰਸ਼ਾਂਵਲੀ ਤੇ ਉਨ੍ਹਾਂ ਦੇ ਗੁਣਾਂ ਦਾ ਵਰਨਨ ਕੀਤਾ ਹੈ। ਭਾਈ ਸੰਤੋਖ ਸਿੰਘ ਨੇ ਗਰਬ ਗੰਜਨੀ ਟੀਕੇ ਵਿੱਚ ਕਈ ਸੰਕਾਵਾਂ ਦੇ ਪ੍ਰਸ਼ਨ ਬਣਾ ਕੇ ਉਨ੍ਹਾਂ ਦੇ ਉਤਰ ਦਿੱਤੇ। ਬਾਲਮੀਕੀ ਰਾਮਾਇਣ ਦੇ ਅਨੁਵਾਦ ਵਿੱਚ ਉਨ੍ਹਾਂ ਨੇ ਇਸ ਤਰ੍ਹਾਂ ਨਹੀਂ ਕੀਤਾ। ਇਸ ਵਿੱਚ ਆਏ ਵਿਚਾਰਾਂ ਨੂੰ ਜਿਉਂ ਦਾ ਤਿਉਂ ਹੀ ਅਨੁਵਾਦ ਕੀਤਾ ਹੈ।

ਬਾਲਮੀਕ ਬਦਨ ਤੇ ਬਰਨ ਬਨੇ ਹੈ ਬਰ, ਬਰਨ ਬਿਚਾਰਿ ਸੋਈ ਭਾਖਾ ਮੈਂ ਸੁਧਰਿ ਹੋ।<br>
ਕਰਨੋ ਅਸ਼ੇਸ਼ ਪਦ ਆਇ ਹੈ ਬਿਸ਼ੇਸ਼ ਕਿਤ ਤਊ ਤਾਂ ਕੋ ਦੋਸ਼ ਗੁਨ ਤਹਾਂ ਅਨੁਸਰਿ ਹੋ।[53]

ਜਿੱਥੇ ਭਾਈ ਸੰਤੋਖ ਸਿੰਘ ਨੇ ਬਾਲਮੀਕੀ ਰਾਮਾਇਣ ਦਾ ਇੰਨ-ਬਿੰਨ ਅਨੁਵਾਦ ਕੀਤਾ ਹੈ ਉੱਥੇ ਨਾਲ ਦੀ ਨਾਲ ਗੁਰੂ ਸਾਹਿਬਾਨ ਦੀ ਉਸਤੁਤੀ ਵੀ ਦਰਜ ਕਰ ਦਿੱਤੀ ਹੈ। ਇਸ ਗ੍ਰੰਥ ਦਾ ਅਰੰਭ ਵੀ '੧ੴ ਸਤਿਗੁਰ ਪ੍ਰਸਾਦਿ' ਨਾਲ ਹੀ ਕੀਤਾ ਹੈ ਅਤੇ ਅਕਾਲ ਪੁਰਖ, ਸਰਸਵਤੀ, ਗੁਰੂ ਨਾਨਕ ਦੇਵ ਜੀ ਅਤੇ ਹੋਰ ਗੁਰੂ ਸਾਹਿਬਾਨ ਦੀ ਅਰਾਧਨਾ ਕੀਤੀ ਹੈ।

ਗੁਰੂ ਸਾਹਿਬਾਨ ਤੋਂ ਬਾਅਦ ਸ੍ਰੀ ਰਾਮ ਚੰਦਰ ਜੀ ਦਾ ਮੰਗਲਾਚਰਣ ਹੈ ਇਸ ਵਿੱਚ ਉਨ੍ਹਾਂ ਦੇ ਗੁਣਾਂ ਨੂੰ ਰੂਪਮਾਨ ਕਰਦੇ ਹੋਏ ਭਾਈ ਸੰਤੋਖ ਸਿੰਘ ਨੇ ਰਾਮ ਕਥਾ ਨੂੰ ਗੰਗਾ ਦੇ ਸਮਾਨ ਪਵਿੱਤਰ ਕਿਹਾ ਹੈ। ਰਾਮ ਕਥਾ ਵਿੱਚ ਕਰੁਣਾ ਰਸ ਪ੍ਰਧਾਨ ਹੈ ਤੇ ਭਾਈ ਸੰਤੋਖ ਸਿੰਘ ਜੀ ਵੀ ਅਨੁਵਾਦ ਕਰਦੇ ਹੋਏ ਉਸੇ ਨੂੰ ਪ੍ਰਧਾਨਤਾ ਦਿੰਦੇ ਹਨ। ਜਦੋਂ ਰਾਮ ਚੰਦਰ ਜੰਗਲ ਵਿੱਚ ਬਨਵਾਸ ਨੂੰ ਗਏ ਤਾਂ ਦਸਰਥ ਦੀ ਹਾਲਤ ਦਾ ਕਰੁਣਾਮਈ ਚਿੱਤਰ ਭਾਈ ਸੰਤੋਖ ਨੇ ਇਸ ਤਰ੍ਹਾਂ ਖਿਚਿਆ ਹੈ।

ਕੇਤਿਕ ਬੇਗਿ ਕਹਿ ਤਾਂਹੀ। ਹੇ ਦੁਰਮਤੇ ਕਸ਼ਟ ਉਪਜਹੀਂ।<br>
ਰਾਮ ਗਏ ਬਨ ਮਮ ਮ੍ਰਿਤ ਹੋਇ। ਪੂਰਨ ਹੋਇ ਕਾਮਨਾ ਤੋਹੀ।<br>
ਰਾਜ ਤਿਲਕ ਹੋਇ ਰਾਮ ਕੋ ਸੁਧ ਪਹੁੰਚੀ ਸੁਰਲੋਕ।<br>
ਕਯਾ ਕਰਿ ਹੋ ਮੈਂ ਜਗਤ ਕੇ ਨਿੰਦ ਕਰਹਿ ਸਭਿ ਲੋਕ।<br>
ਕੈਕਇ ਕੇ ਬਸ ਹੋਇ ਕੈ ਰਾਮ ਦਯੋ ਬਨਵਾਸ।<br>
ਅਸ ਕਹਿ ਨਰ ਮਿਲਿ ਪਰਸਪਰਿ ਕਰਹਿ ਮੋਹਿ ਉਪਹਾਸ।[54]

ਭਾਈ ਸੰਤੋਖ ਸਿੰਘ ਅਨੁਸਾਰ ਬਾਲਮੀਕੀ ਰਾਮਾਇਣ ਵਿੱਚ ਕਈ ਐਸੇ ਸਰਗ ਹਨ ਜੋ ਕਿ ਬਾਲਮੀਕ ਜੀ ਦੁਆਰਾ ਨਹੀਂ ਲਿਖੇ ਗਏ ਪਰ ਉਨ੍ਹਾਂ ਨੇ ਇੰਨਾਂ ਦਾ ਵੀ ਅਨੁਵਾਦ ਕੀਤਾ ਹੈ।

ਆਗੇ ਪੰਚ ਜਿ ਸਰਗ ਹੈ, ਬਾਲਮੀਕ ਕ੍ਰਿਤ ਨਾਂਹਿ।<br>
ਕਿਸੂ ਔਰ ਨੇ ਕਰੈ ਹੈ, ਲਿਖ ਦੀਨੈ ਇਸ ਮਾਂਹਿ॥

> ਲਿਖੇ ਰਾਮਾਇਣ ਕੇ ਬਿਖੇ, ਯਾ ਤੇ ਮੈਂ ਮਨ ਜਾਨਿ।
> ਕਰੋ ਬਨਾਵਨ ਛੰਦ ਮੈਂ ਸ਼ੋਤਾ ਸੁਨਹੁ ਸੁਜਾਨ॥[55]

ਰਾਮ ਕਥਾ ਦੇ ਨਾਲ-ਨਾਲ ਇਸ ਅਨੁਵਾਦ ਵਿੱਚ ਗੁਰੂ ਸਾਹਿਬਾਨ ਦਾ ਵੀ ਵਾਰ-ਵਾਰ ਜ਼ਿਕਰ ਆਇਆ ਹੈ। ਅਸਲ ਵਿੱਚ ਭਾਈ ਸੰਤੋਖ ਸਿੰਘ ਦਾ ਵੀ ਇਹ ਉਦੇਸ਼ ਸੀ ਕਿ ਹਿੰਦੂਆਂ ਨੂੰ ਗੁਰੂ ਸਾਹਿਬਾਨ ਦੁਆਰਾ ਕੀਤੇ ਉਪਕਾਰਾਂ ਦਾ ਪਤਾ ਲੱਗੇ। ਉਹ ਤਾਂ ਇੱਥੋਂ ਤੱਕ ਲਿਖ ਗਏ ਹਨ ਕਿ ਜੇਕਰ ਕੋਈ ਹਿੰਦੂ ਗੁਰੂ ਸਾਹਿਬਾਨ ਦੇ ਉਪਕਾਰਾਂ ਨੂੰ ਯਾਦ ਨਹੀਂ ਰੱਖਦਾ ਤਾਂ ਉਹ ਨੀਂਚ ਤੇ ਅਕ੍ਰਿਤਘਣਾਂ ਤੋਂ ਵੀ ਮਾੜਾ ਹੈ।

**(ਹ2.) ਆਤਮ ਪੁਰਾਣ (ਟੀਕਾ):** ਭਾਈ ਸੰਤੋਖ ਸਿੰਘ ਨੇ ਲਿਖਿਆ ਹੈ ਕਿ ਕੈਥਲ ਰਹਿੰਦਿਆਂ ਹੋਇਆਂ ਉਨ੍ਹਾਂ ਨੇ ਗਰਬ ਗੰਜਨੀ ਟੀਕਾ ਤੇ ਬਾਲਮੀਕੀ ਰਾਮਾਇਣ ਦਾ ਅਨੁਵਾਦ ਕਰਨ ਉਪਰੰਤ ਵੇਦਾਂਤ ਦੇ ਮਹਾਨ ਗ੍ਰੰਥ ਜਿਸ ਵਿੱਚ ਉਪਨਿਸ਼ਦਾਂ ਦੀ ਵਿਆਖਿਆ ਹੈ ਤੇ ਜਿਸ ਦਾ ਨਾਂ ਆਤਮ ਪੁਰਾਣ ਹੈ। ਆਤਮ ਪੁਰਾਣ ਦਾ ਟੀਕਾ ਕੀਤਾ।

> ਪੁਨ ਬਿਦਾਂਤ ਕੋ ਗ੍ਰੰਥ ਮਹਾਨ। ਉਪਨਿਸ਼ਧਨਿ ਕੋ ਜਹਿਂ ਬੱਖਯਾਨ॥
> ਆਤਮ ਕੋ ਪੁਰਾਨ ਜਿਸ ਨਾਮੁ। ਸਕਲ ਬਨਾਯੋ ਸੋ ਅਭਿਰਾਮ॥[56]

ਭਾਈ ਸੰਤੋਖ ਸਿੰਘ ਦੇ ਉਪਰੋਕਤ ਕਥਨ ਤੋਂ ਪਤਾ ਲੱਗਦਾ ਹੈ ਕਿ ਇਹ ਟੀਕਾ ਉਨ੍ਹਾਂ ਨੇ 1835 ਈ. ਦੇ ਲੱਗਭੱਗ ਹੀ ਕੀਤਾ ਹੋਵੇਗਾ ਕਿਉਂਕਿ 1836 ਈ. ਵਿਚ ਤਾਂ ਉਨ੍ਹਾਂ ਨੇ ਸ੍ਰੀ ਗੁਰ ਪ੍ਰਤਾਪ ਸੂਰਜ ਦੀ ਰਚਨਾ ਅਰੰਭ ਕਰ ਦਿੱਤੀ ਸੀ। ਆਤਮ ਪੁਰਾਣ ਟੀਕੇ ਦੀ ਛਾਪ ਤਾਂ ਨਹੀਂ ਮਿਲਦੀ ਪਰ ਟੀਕਾ ਕੀਤੇ ਜਾਣ ਦੇ ਵੇਰਵੇ ਉਪਲਬਧ ਹਨ।

**(ਕ2.) ਸ੍ਰੀ ਗੁਰ ਪ੍ਰਤਾਪ ਸੂਰਜ:** ਭਾਈ ਸੰਤੋਖ ਸਿੰਘ ਦੇ ਮਨ ਵਿਚ ਇਹ ਰੀਝ ਸੀ ਕਿ ਸੰਪੂਰਨ ਗੁਰੂ ਸਾਹਿਬਾਨ ਬਾਰੇ ਲਿਖਿਆ ਜਾਵੇ। ਜਦੋਂ ਉਨ੍ਹਾਂ ਸ੍ਰੀ ਗੁਰ ਨਾਨਕ ਪ੍ਰਕਾਸ਼ ਸੰਪੂਰਨ ਕੀਤਾ ਤਾਂ ਅੱਗੋਂ ਉਹ ਨੌ ਗੁਰੂ ਸਾਹਿਬਾਨ ਦਾ ਇਤਿਹਾਸ ਵੀ ਕਾਵਿ ਰੂਪ ਵਿਚ ਲਿਖਣਾ ਚਾਹੁੰਦੇ ਸਨ। ਪਰ ਗੁਰੂ ਸਾਹਿਬਾਨ ਦੇ ਜੀਵਨ ਇਤਿਹਾਸ ਇੱਕ ਜਗ੍ਹਾ ਇਕੱਠੇ ਨਹੀਂ ਸਨ। ਇਸ ਲਈ ਉਨ੍ਹਾਂ ਨੇ ਇਨ੍ਹਾਂ ਨੂੰ ਇਕੱਠਿਆਂ ਕੀਤਾ। ਜੈ ਭਗਵਾਨ ਗੋਇਲ ਲਿਖਦੇ ਹਨ।

> ਇਸ ਗ੍ਰੰਥ ਵਿੱਚ ਕੁਲ 20 ਅਧਿਆਇ ਹਨ ਜਿਨ੍ਹਾਂ ਨੂੰ ਸੂਰਜ ਦੀ ਗਤੀ ਦੇ ਅਧਾਰ ਤੇ 12 ਰਾਸ਼ੀਆਂ, 6 ਰਿਤੂਆਂ ਅਤੇ 2 ਐਨ ਵਿਚ ਵੰਡਿਆ ਹੋਇਆ ਹੈ। ਇਸ ਵਿਚ 1151 ਅੰਸ਼ ਤੇ 51,829 ਛੰਦ ਹਨ। ਜਿਸ ਤਰ੍ਹਾ ਸ੍ਰੀ ਗੁਰ ਨਾਨਕ ਪ੍ਰਕਾਸ਼ ਭਾਈ ਬਾਲੇ ਵੱਲੋਂ ਗੁਰੂ ਅੰਗਦ ਦੇਵ ਜੀ ਨੂੰ ਸੁਣਾਏ ਇਤਿਹਾਸ ਤੇ ਆਧਾਰਿਤ ਹੈ।[57]

ਭਾਈ ਸੰਤੋਖ ਸਿੰਘ ਨੇ ਇਸ ਗ੍ਰੰਥ ਦਾ ਨਾਂ ਸ੍ਰੀ ਗੁਰ ਪ੍ਰਤਾਪ ਸੂਰਜ ਰੱਖਣ ਬਾਰੇ ਅੰਕਿਤ ਕੀਤਾ ਕਿ ਜਿਸ ਤਰ੍ਹਾਂ ਸੂਰਜ ਬਾਰਾਂ ਮਹੀਨੇ ਪ੍ਰਕਾਸ਼ ਦਿੰਦਾ ਹੈ। ਇਸ ਤਰ੍ਹਾਂ ਬਾਰਾਂ ਰਾਸਾਂ ਵਿਚ ਮੈਂ ਗੁਰੂ ਸਾਹਿਬਾਨ ਦੇ ਜੀਵਨ ਇਤਿਹਾਸ (ਜੋ ਸੂਰਜ ਵਾਂਗ ਹੀ ਪ੍ਰਕਾਸ਼ਮਾਨ ਹੈ) ਨੂੰ ਵਰਨਨ ਕੀਤਾ ਹੈ। ਭਾਈ ਸੰਤੋਖ ਸਿੰਘ ਨੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਰਚਨਾ ਲਈ ਪ੍ਰੇਰਨਾ ਭਾਈ ਗੁਰਦਾਸ ਜੀ ਦੀਆਂ ਰਚਨਾਵਾਂ ਤੋਂ ਲਈ ਜਾਪਦੀ ਹੈ।

> ਸੂਰਜ ਪ੍ਰਗਾਸ ਨਾਮ ਵੁਡਰਾਨ ਅਗਨਿਤ ਜਾਓ, ਆਨ ਦੇਵ ਸੇਵ ਗੁਰਦੇਵ ਦੇ ਧਿਆਨ ਕੈ।
> ਹਾਟ ਬਾਟ ਘਾਟ ਠਾਠ ਘਟੈ ਘਟੈ ਨਿਸਿ ਦਿਨ, ਭੋਸੇ ਲੋਗ ਬੰਦ ਭੇਤ ਸਤਿਗੁਰ ਗਿਆਨ ਕੈ।[58]

ਭਾਈ ਸੰਤੋਖ ਸਿੰਘ ਨੇ ਇਹ ਗ੍ਰੰਥ ਵੀ ਪਰੰਪਰਾ ਅਨੁਸਾਰ '੧ੴ ਸਤਿਗੁਰ ਪ੍ਰਸਾਦਿ' ਨਾਲ ਹੀ ਸ਼ੁਰੂ ਕੀਤਾ ਹੈ। ਉਪਰੰਤ 44 ਛੰਦ ਮੰਗਲਾਚਰਣ ਦੇ ਹਨ ਜਿਨ੍ਹਾਂ ਵਿਚ ਉਨ੍ਹਾਂ ਨੇ ਅਕਾਲ ਪੁਰਖ ਲਈ ਸੰਕੇਤ ਮਰਿਆਦਾ, ਦਸ ਗੁਰੂ ਸਾਹਿਬਾਨ, ਗੁਣਸ਼ੀਲ ਵਿਅਕਤੀਆਂ, ਖ਼ਾਲਸਾ, ਗੁਰੂ ਕਥਾ ਮਹਿਮਾ ਅਤੇ ਪੰਥ ਦੀ ਵਡਿਆਈ ਕੀਤੀ ਹੈ।

ਇਸ ਗ੍ਰੰਥ ਵਿੱਚ ਭਾਈ ਸੰਤੋਖ ਸਿੰਘ ਨੇ ਗੁਰੂ ਸਾਹਿਬਾਨ ਦਾ ਜੀਵਨ ਇਤਿਹਾਸ ਕਥਾ ਰੂਪ ਵਿਚ ਬਿਆਨ ਕੀਤਾ ਹੈ। ਇਹ ਢੰਗ ਧਾਰਮਿਕ ਤੇ ਨੈਤਿਕ ਆਦਰਸ਼ਾਂ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਲਈ ਪ੍ਰਭਾਵਸ਼ਾਲੀ ਅਤੇ ਸ਼ਕਤੀਸ਼ਾਲੀ ਹੈ। ਰਾਮਾਇਣ, ਮਹਾਂਭਾਰਤ, ਪੁਰਾਣ, ਜੈਨ ਤੀਰਥੰਕਰਾਂ ਦੇ ਜੀਵਨ ਇਤਿਹਾਸ ਵੀ ਕਥਾ ਰੂਪ ਵਿੱਚ ਹੀ ਬਿਆਨ ਕੀਤੇ ਗਏ ਹਨ।

ਗੁਰੂ ਨਾਨਕ ਦੇਵ ਜੀ 70 ਸਾਲ ਇਸ ਸੰਸਾਰ ਅੰਦਰ ਸਰੀਰਕ ਰੂਪ ਵਿੱਚ ਰਹੇ ਅਤੇ ਮਾਨਵਤਾ ਨੂੰ ਸ਼ੁੱਭ ਉਪਦੇਸ਼ ਦਿੱਤੇ। ਉਪਰੰਤ ਗੁਰੂ ਅੰਗਦ ਦੇਵ ਜੀ ਗੁਰਗੱਦੀ ਤੇ ਬਿਰਾਜਮਾਨ ਹੋਏ।

ਉਨ੍ਹਾਂ ਦੀ ਉਸਤੁਤ ਕਰਦੇ ਹੋਏ ਭਾਈ ਸੰਤੋਖ ਸਿੰਘ ਲਿਖਦੇ ਹਨ ਕਿ ਭਾਈ ਫੇਰੂ ਜੀ ਦੇ ਸਪੁੱਤਰ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਉਪਦੇਸ਼ ਜਿਸ ਦੇ ਹਿਰਦੇ ਵਿੱਚ ਵਸ ਜਾਂਦੇ ਸਨ ਉਹ ਬੰਧਨ ਮੁਕਤ ਹੋ ਜਾਂਦੇ ਸਨ। ਉਹ ਦਿਆਲੂ, ਮੁਕਤੀ ਦਾਤਾ ਤੇ ਅਗਿਆਨ ਦੂਰ ਕਰਨ ਵਾਲੇ ਹਨ।

> ਬੰਦ ਨ ਹੋਤਿ ਸੁਨੇ ਉਪਦੇਸ਼, ਰਿਦੇ ਬਸਿ ਜਾਹਿੰ ਕਰ ਅਭਿਨੰਦਨ।
> ਨੰਦਨ ਫੇਰੁ ਸੁਛੰਦ ਬਿਲੰਦ ਬਿਲੋਚਨ ਸੁੰਦਰਤਾ ਅਰਬਿੰਦਨ।
> ਬਿਦੁ ਨ ਮੰਦ ਬਿਕਾਰਰਿਹੈ ਛਮ ਬ੍ਰਿੰਦ ਦਿਨਿੰਦ ਮਨਿੰਦ ਨਿਕੰਦਨ।
> ਥੰਦ ਅਨੰਦ ਮੁਕੰਦ ਭਜੋ ਗੁਰ ਅੰਗਦ ਚੰਦ ਸਦਾ ਕਰਿ ਬੰਦਨ॥[59]

ਸ੍ਰੀ ਗੁਰੂ ਅੰਗਦ ਦੇਵ ਜੀ ਕਰਤਾਰਪੁਰ ਤੋਂ ਖਡੂਰ ਸਾਹਿਬ ਚਲੇ ਗਏ ਤੇ ਇਥੇ ਰਹਿ ਕੇ ਗੁਰਮਤਿ ਦਾ ਪ੍ਰਚਾਰ ਪ੍ਰਸਾਰ ਕੀਤਾ। ਉਨ੍ਹਾਂ ਦੀ ਮਹਿਮਾ ਸੁਣ ਕੇ ਹਿਮਾਯੂੰ ਬਾਦਸ਼ਾਹ ਵੀ ਖਡੂਰ

ਸਾਹਿਬ ਆਇਆ ਤੇ ਸੇਰਸ਼ਾਹ ਤੋਂ ਵਿਜੈ ਪ੍ਰਾਪਤ ਕਰਨ ਦਾ ਵਰ ਮੰਗਿਆ। ਭਾਈ ਸੰਤੋਖ ਸਿੰਘ ਨੇ ਉਨ੍ਹਾਂ ਦੇ ਜੀਵਨ ਇਤਿਹਾਸ ਨਾਲ ਸੰਬੰਧਿਤ ਪ੍ਰਸੰਗਾਂ ਜਿਵੇਂ ਕਿ ਸ੍ਰੀ ਅਮਰਦਾਸ ਮਿਲਾਪ ਤੇ ਉਨ੍ਹਾਂ ਦੀ ਸੇਵਾ ਤੋਂ ਪ੍ਰਸੰਨ ਹੋਣਾ, ਖਡੂਰ ਦੇ ਤਪੇ ਦਾ ਪ੍ਰਸੰਗ, ਸੀਹਾਂ ਉੱਪਲ, ਸ੍ਰੀ ਅਮਰਦਾਸ ਜੀ ਨੂੰ ਗੁਰਗੱਦੀ ਸੌਂਪਣੀ ਆਦਿ ਦਾ ਵਿਸਥਾਰ ਸਹਿਤ ਜ਼ਿਕਰ ਕੀਤਾ ਹੈ। ਸੰਗਤਾਂ ਨੂੰ ਕਿਹਾ ਕਿ ਅੱਗੇ ਗੁਰੂ ਅਮਰਦਾਸ ਜੀ ਨੂੰ ਮੇਰਾ ਹੀ ਸਰੂਪ ਜਾਣਨਾ ਅਤੇ ਫੇਰ ਉਹ ਜੋਤੀ ਜੋਤ ਸਮਾ ਗਏ।

ਗੁਰੂ ਅਮਰਦਾਸ ਜੀ ਗੋਇੰਦਵਾਲ ਚਲੇ ਗਏ ਅਤੇ ਗੁਰਸਿੱਖੀ ਦਾ ਪ੍ਰਚਾਰ ਕਰਨਾ ਸ਼ੁਰੂ ਕੀਤਾ। ਉਨ੍ਹਾਂ ਦੇ ਜੀਵਨ ਇਤਿਹਾਸ ਵਿਚ ਸਾਵਨਮੱਲ ਨੂੰ ਹਰੀਪੁਰ ਰਾਜੇ ਕੋਲ ਭੇਜਣਾ, ਗੁਰੂ ਅੰਗਦ ਦੇਵ ਜੀ ਦੇ ਪੁੱਤਰ ਦਾਤੂ ਨੇ ਗੁਰੂ ਜੀ ਨੂੰ ਲੱਤ ਮਾਰਨੀ, ਸਿੱਖ ਸੇਵਕਾਂ ਨੂੰ ਗੁਰਮਤਿ ਉਪਦੇਸ਼, ਬੀਰਬਲ ਮਿਲਾਪ, ਤਈਆ ਤਾਪ, ਤੀਰਥਾਂ ਦੇ ਪ੍ਰਸੰਗ, ਬਾਊਲੀ ਰਚਣੀ, ਅਕਬਰ ਦਾ ਗੋਇੰਦਵਾਲ ਆਉਣਾ ਅਤੇ ਗੁਰੂ ਅਰਮ ਦਾਸ ਜੀ ਵੱਲੋਂ ਭਾਈ ਜੇਠਾ ਜੀ ਦੀ ਸੇਵਾ ਤੋਂ ਪ੍ਰਸੰਨ ਹੋ ਕੇ ਉਨ੍ਹਾਂ ਨੂੰ ਗੁਰੂ ਰਾਮਦਾਸ ਜੀ ਹੋਣ ਦੀ ਉਪਮਾਂ ਬਖਸ਼ਣੀ ਇਤਿਆਦਿ। ਪ੍ਰਸੰਗ ਭਾਈ ਸੰਤੋਖ ਸਿੰਘ ਜੀ ਨੇ ਵਿਸਤ੍ਰਿਤ ਰੂਪ ਵਿਚ ਲਿਖੇ ਹਨ।

ਸ੍ਰੀ ਗੁਰੂ ਰਾਮਦਾਸ ਜੀ ਦਾ ਇਤਿਹਾਸ ਲਿਖਦਿਆਂ ਕਵੀ ਜੀ ਨੇ ਉਨ੍ਹਾਂ ਵੱਲੋਂ ਸਿੱਖਾਂ ਨੂੰ ਦਿੱਤੇ ਉਪਦੇਸ਼, ਅਕਬਰ ਦਾ ਚਿਤੌੜ ਤੇ ਹਮਲਾ ਤੇ ਫਤਹਿ, ਗੁਰੂ ਜੀ ਨੂੰ ਪਿੰਡ ਭੇਟ ਕਰਨਾ, ਸੰਤੋਖਸਰ ਤੇ ਅੰਮ੍ਰਿਤ ਸਰੋਵਰ ਦੀ ਕਾਰ ਸੇਵਾ, ਸ੍ਰੀ ਅਰਜਨ ਦੇਵ ਜੀ ਨੂੰ ਸੌਂਪ ਕੇ ਜੋਤੀ ਜੋਤ ਸਮਾਉਣਾ ਆਦਿ ਤਰਤੀਬ ਬਾਰ ਲਿਖੇ ਹਨ। ਗੁਰੂ ਅਰਜਨ ਦੇਵ ਜੀ ਦੀ ਉਸਤਤ ਕਰਦੇ ਹੋਏ ਭਾਈ ਸੰਤੋਖ ਸਿੰਘ ਲਿਖਦੇ ਹਨ:

> ਧੀਰ ਧਰਮ ਧ੍ਵਜ ਸ੍ਰੀ ਗੁਰ ਅਰਜਨ, ਬਿਸਤੀਰਤਿ ਜਿਤ ਕਿਤ ਜਸੁ ਅਰਜੁਨ।
> ਜਗ ਕਰਤਬਯ ਕਰੇ ਸ਼ੁਭ ਭਾਰੇ। ਭਗਤਿ ਬਿਧਾਰਿ ਅਨਿਕ ਜਨ ਤਾਰੇ।[60]

ਗੁਰੂ ਅਰਜਨ ਦੇਵ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਸ੍ਰੀ ਗੁਰੂ ਹਰਗੋਬਿੰਦ ਜੀ ਗੁਰਗੱਦੀ ਤੇ ਬੈਠੇ। 'ਅਕਾਲ ਬੁੰਗੇ' ਦੀ ਰਚਨਾ ਕਰਕੇ ਤਖਤ ਤੇ ਬੈਠਣਾ ਸ਼ੁਰੂ ਕੀਤਾ। ਮੀਰੀ ਪੀਰੀ ਦੀਆਂ ਤਲਵਾਰਾਂ ਧਾਰਨ ਕੀਤੀਆਂ। ਇਸ ਦੌਰਾਨ ਚੰਦੂ ਨੇ ਫਿਰ ਸਗਾਈ ਲਈ ਦੂਤ ਭੇਜੇ ਪਰ ਗੁਰੂ ਜੀ ਨੇ ਵਾਪਸ ਭੇਜ ਦਿੱਤੇ। ਜਹਾਂਗੀਰ ਨੇ ਉਨ੍ਹਾਂ ਨੂੰ ਦਿੱਲੀ ਬੁਲਾਇਆ। ਗੁਰੂ ਜੀ ਦਿੱਲੀ ਗਏ ਤੇ ਜਹਾਂਗੀਰ ਨੂੰ ਇਹ ਕਹਿ ਕੇ ਕਿ ਉਸ ਦੀ ਸਿਹਤਯਾਬੀ ਲਈ ਗੁਰੂ ਜੀ ਨੂੰ ਗਵਾਲੀਅਰ ਕਿਲ੍ਹੇ ਭੇਜਣਾ ਜ਼ਰੂਰੀ ਹੈ, ਕੈਦ ਕਰਵਾ ਦਿੱਤਾ। ਅਖੀਰ ਜਹਾਂਗੀਰ ਨੇ ਗੁਰੂ ਜੀ ਨੂੰ ਰਿਹਾ ਕਰਨ ਦਾ ਹੁਕਮ ਦਿੱਤਾ ਅਤੇ ਵਜ਼ੀਰ ਖਾਂ ਨੇ ਗੁਰੂ ਜੀ ਨੂੰ ਦਿੱਲੀ ਲਿਆਂਦਾ। ਜਦੋਂ ਗੁਰੂ ਜੀ ਨੂੰ ਚੰਦੂ ਦੀਆਂ

ਕਰਤੂਤਾਂ ਦਾ ਪਤਾ ਚੱਲਿਆ ਤਾਂ ਉਸ ਨੇ ਚੰਦੂ ਨੂੰ ਗੁਰੂ ਜੀ ਦੇ ਹਵਾਲੇ ਕਰ ਦਿੱਤਾ ਤੇ ਉਹ ਉਸਨੂੰ ਲੈ ਕੇ ਲਾਹੌਰ ਚਲੇ ਗਏ ਤੇ ਇਥੇ ਕਸ਼ਟ ਸਹਿ ਕੇ ਚੰਦੂ ਦੀ ਮੌਤ ਹੋ ਗਈ।

ਗੁਰੂ ਹਰਿਗੋਬਿੰਦ ਜੀ ਦਾ ਜ਼ਿਆਦਾ ਸਮਾਂ ਜੰਗਾਂ ਯੁੱਧਾਂ ਵਿਚ ਹੀ ਬੀਤਿਆ।

ਸ੍ਰੀ ਗੁਰ ਹਰਿਗੋਬਿੰਦ ਸਮ ਸ਼ੇਰ ਹਤੇ ਤੁਰਕਗਨ ਗਹਿ ਸ਼ਮਸ਼ੇਰ
ਗਨ ਦਾਸਨ ਕੇ ਕਾਰ ਸੁਧਾਰੇ। ਜ਼ਗ ਮਹਿਂ ਕੀਰਤਿ ਬਹੁ ਬਿਸਤਾਰੇ।[61]

ਸ੍ਰੀ ਹਰਿਜਾਇ ਜੀ ਨੂੰ ਗੁਰਗੱਦੀ ਸੌਂਪ ਕੇ ਆਪ ਜੋਤੀ ਜੋਤ ਸਮਾ ਗਏ। ਗੁਰੂ ਹਰਿ ਰਾਏ, ਗੁਰੂ ਹਰਿਗੋਬਿੰਦ ਜੀ ਦੇ ਪੋਤਰੇ ਸਨ। ਉਨ੍ਹਾਂ ਦਾ ਜੀਵਨ ਇਤਿਹਾਸ ਲਿਖਦੇ ਹੋਏ ਉਨ੍ਹਾਂ ਦੀ ਨਿੱਤ ਕ੍ਰਿਯਾ, ਭਾਈ ਗੋਂਦੇ ਦਾ ਪ੍ਰਸੰਗ, ਸਿੱਖਾਂ ਨੂੰ ਉਪਦੇਸ਼, ਸ਼ਾਹਜਹਾਨ, ਦਾਰਾ ਸ਼ਿਕੋਹ ਤੇ ਔਰੰਗਜ਼ੇਬ ਦੇ ਪ੍ਰਸੰਗ, ਔਰੰਗਜ਼ੇਬ ਵੱਲੋਂ ਸਰਮਦ ਫਕੀਰ ਦਾ ਕਤਲ, ਪੀਰਾਂ, ਫਕੀਰਾਂ ਨਾਲ ਬਦਸਲੂਕੀ, ਮਥੁਰਾ, ਕਾਸ਼ੀ, ਪੁਸ਼ਕਰ, ਅਜਮੇਰ ਆਦਿ ਦੇ ਮੰਦਰਾਂ ਨੂੰ ਢਹਾਉਣਾ ਤੇ ਮਸਜਿਦਾਂ ਬਣਾਉਣਾ, ਰਾਮ ਰਾਇ ਦੀਆਂ ਕਰਾਮਾਤਾਂ, ਗੁਰੂ ਜੀ ਦੁਅਰਾ ਪੁੱਤਰ ਨੂੰ ਤਿਆਗਣਾ, ਕਰਤਾਰਪੁਰ ਵਸਾਉਣਾ, ਭਾਈ ਭਗਤੂ ਦਾ ਪ੍ਰਸੰਗ, ਗੋਰੇ ਦਾ ਪ੍ਰਸੰਗ, ਪੌਰਾਇਣ ਪ੍ਰਸੰਗ, 'ਧੁੰਧ ਤੇ ਉਤੇਕ ਰਿਖੀ' ਅਤੇ ਗੁਰੂ ਜੀ ਦਾ ਬੈਕੁੰਠ ਗਮਨ ਪ੍ਰਸੰਗ ਆਦਿ ਤਰਤੀਬ ਵਾਰ ਦਿੱਤੇ ਹਨ।

ਸ੍ਰੀ ਹਰਿ ਕ੍ਰਿਸ਼ਨ ਜਗਤ ਗੁਰ ਭਏ। ਦੇਸ਼ ਬਿਦੇਸ਼ਨਿ ਮਹਿਂ ਬਿਦਤਏ।
ਸਰਬੋਤਮ ਕੇ ਤਖਤ ਬਿਰਾਜੇ। ਜਿਨ ਦਰਸ਼ਨ ਤੇ ਸੰਕਟ ਭਾਜੇ॥[62]

ਭਾਈ ਸੰਤੋਖ ਸਿੰਘ ਅਨੁਸਾਰ, ਉਨ੍ਹਾਂ ਦੇ ਗੁਰਗੱਦੀ ਬੈਠਦੇ ਹੀ ਰਾਮਰਾਇ ਨੇ ਈਰਖਾ ਕਰਨੀ ਸ਼ੁਰੂ ਕਰ ਦਿੱਤੀ। ਗੁਰੂ ਜੀ ਨੂੰ ਦਿੱਲੀ ਬੁਲਾਇਆ ਗਿਆ। ਰਾਜਾ ਜੈ ਸਿੰਘ ਦਾ ਦੂਤ ਉਨ੍ਹਾਂ ਨੂੰ ਲੈਣ ਆਇਆ, ਪਰ ਗੁਰੂ ਜੀ ਨਾ ਗਏ। ਫਿਰ ਰਾਜਾ ਜੈ ਸਿੰਘ ਦਾ ਪ੍ਰਧਾਨ ਲੈਣ ਆਇਆ ਅਤੇ ਬੇਨਤੀ ਕੀਤੀ ਕਿ ਰਾਜਾ ਜੈ ਸਿੰਘ ਆਪ ਦੇ ਦਰਸ਼ਨ ਕਰਨਾ ਚਾਹੁੰਦੇ ਹਨ। ਗੁਰੂ ਜੀ ਦਿੱਲੀ ਵੱਲ ਚੱਲ ਪਏ ਅਤੇ ਰਸਤੇ ਵਿੱਚ ਛੱਜੂ ਝੀਵਰ ਤੋਂ ਗੀਤਾ ਦੇ ਅਰਥ ਕਰਵਾਏ ਅਤੇ ਸੰਗਤਾਂ ਨੂੰ ਗੁਰਮਤਿ ਦ੍ਰਿੜ ਕਰਵਾਈ। ਦਿੱਲੀ ਵਿਚ ਚੇਚਕ ਫੈਲ ਗਈ, ਆਪਨੂੰ ਸੀਤਲਾ ਨਿਕਲ ਆਈ ਅਤੇ ਬਾਬਾ ਬਕਾਲੇ ਕਹਿ ਕੇ ਜੋਤੀ ਜੋਤ ਸਮਾ ਗਏ।

ਹਾਥ ਜੋਰਿ ਪੁਨ ਬੰਦਨ ਠਾਨੀ। ਨੇਤ੍ਰ ਉਘਾਰਿ ਕਹੀ ਮੁਖ ਬਾਨੀ॥
ਬਾਬਾ ਬਸਹਿ ਜਿ ਗ੍ਰਾਮ ਬਕਾਲੇ। ਬਨਿ ਗੁਰ ਸੰਗਤਿ ਸਕਲ ਸਮਾਲੇ॥[63]

ਬਾਬਾ ਬਕਾਲਾ ਵਿਖੇ ਭਾਈ ਮੱਖਣ ਸ਼ਾਹ ਲੁਬਾਣਾ ਨੇ ਗੁਰੂ ਤੇਗ ਬਹਾਦਰ ਜੀ ਨੂੰ ਨੌਵੇਂ ਗੁਰੂ ਵਜੋਂ ਪ੍ਰਗਟ ਕੀਤਾ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਗੁਰੂ ਗੋਬਿੰਦ ਰਾਏ ਜੀ

ਗੁਰਗੱਦੀ ਤੇ ਬਿਰਾਜਮਾਨ ਹੋਏ।

ਭਾਈ ਸੰਤੋਖ ਸਿੰਘ ਨੇ ਗੁਰੂ ਗੋਬਿੰਦ ਸਿੰਘ ਦਾ ਜੀਵਨ ਇਤਿਹਾਸ ਵੀ ਵਿਸਥਾਰ ਸਹਿਤ ਵਰਨਨ ਕੀਤਾ ਹੈ। ਗੁਰੂ ਜੀ ਦਾ ਵਿਆਹ, ਬੀਰ ਰਸੀ ਨਿਤ ਕ੍ਰਿਯਾ, ਰਾਜਾ ਰਤਨ ਰਾਇ ਦਾ ਪ੍ਰਸੰਗ, ਭੀਮ ਚੰਦ ਦਾ ਗੁਰੂ ਨਾਲ ਮਿਲਾਪ, ਨਾਹਨ ਦੇ ਰਾਜੇ ਨਾਲ ਮਿਲਾਪ, ਪਾਵਟਾ (ਪਾਉਂਟਾ ਸਾਹਿਬ) ਵਸਾਉਣਾ, ਭੰਗਾਣੀ ਦਾ ਯੁੱਧ ਤੇ ਜਿੱਤ, ਸਾਹਿਬਜ਼ਾਦਿਆਂ ਦੇ ਜਨਮ, ਦੇਵੀ ਪ੍ਰਗਟ ਪ੍ਰਸੰਗ, ਖ਼ਾਲਸੇ ਦੀ ਸਾਜਨਾ, ਅੰਮ੍ਰਿਤ ਛਕਾਉਣਾ ਤੇ ਛਕਣਾ, ਪਹਾੜੀ ਰਾਜਿਆਂ ਨਾਲ ਯੁੱਧ, ਆਨੰਦਪੁਰ ਛੱਡਣਾ ਤੇ ਵਾਪਿਸ ਆਨੰਦਪੁਰ ਆਉਣਾ, ਕਵੀਆਂ ਨਾਲ ਪ੍ਰਸ਼ਨ ਉੱਤਰ, ਸਿੱਖਾਂ ਨੂੰ ਉਪਦੇਸ਼, ਖਾਲਸੇ ਦੇ ਅਰਥ, ਭਾਈ ਦਯਾ ਸਿੰਘ ਵੱਲੋਂ ਕਰਮ ਨਿਰਣਾ, ਆਤਮ ਵਿਚਾਰ, ਜੋਗ ਵਰਨਨ, ਵੇਦਾਂਤ ਵਿਚਾਰ, ਬ੍ਰਹਮ ਗਯਾਨ ਉਪਦੇਸ਼, ਗੁਰਮਤਿ ਦਾ ਗਿਆਨ ਨਿਰਣੈ, ਪੈਂਦੇ ਖਾਂ ਦਾ ਪ੍ਰਸੰਗ, ਆਨੰਦਪੁਰ ਦਾ ਘੇਰਾ, ਸਿੰਘਾਂ ਦਾ ਬੇਦਾਵਾ ਦੇਣਾ, ਆਨੰਦਪੁਰ ਛੱਡਣਾ, ਚਮਕੌਰ ਦੀ ਗੜ੍ਹੀ ਵਿਚ ਯੁੱਧ, ਗੁਰੂ ਜੀ ਮਾਛੀਵਾੜੇ, ਉਚ ਦੇ ਪੀਰ, ਸਾਕਾ ਸਰਹਿੰਦ, ਮਾਹੀ ਦੀ ਜ਼ੁਬਾਨੀ, ਜ਼ਫ਼ਰਨਾਮਾ ਲਿਖਣਾ, ਮਾਝੇ ਦੇ ਸਿੰਘ ਵੱਲੋਂ ਖਿਦਰਾਣੇ ਦੀ ਢਾਬ ਤੇ ਤੁਰਕਾਂ ਨਾਲ ਜੰਗ, ਮਾਈ ਭਾਗੋ, ਭਾਈ ਮਹਾਂ ਸਿੰਘ ਤੇ ਗੁਰੂ ਜੀ ਦੀਆਂ ਬਖ਼ਸ਼ਸ਼ਾਂ, ਦੱਖਣ ਵੱਲ ਜਾਣਾ ਤੇ ਰਸਤੇ ਵਿਚ ਬਹਾਦਰ ਸ਼ਾਹ ਨਾਲ ਮੇਲ, ਨੰਦੇੜ ਪਹੁੰਚਣਾ, ਬੰਦਾ ਸਿੰਘ ਬਹਾਦਰ ਮਿਲਾਪ, ਉਸ ਦੁਆਰਾ ਸਰਹਿੰਦ ਇੱਟ ਨਾਲ ਇੱਟ ਖੜਕਾਉਣਾ ਤੇ ਗੁਰੂ ਜੀ ਦਾ ਨੰਦੇੜ ਵਿਖੇ ਜੋਤੀ ਜੋਤ ਸਮਾਉਣਾ ਆਦਿ।

ਇਸ ਗ੍ਰੰਥ ਵਿੱਚ ਵਿਚ ਗੁਰੂ ਨਾਨਕ ਦੇਵ ਜੀ ਤੇ ਇਸ ਗ੍ਰੰਥ ਵਿਚ ਨੌ ਗੁਰੂ ਸਾਹਿਬਾਨ ਦਾ ਜੀਵਨ ਇਤਿਹਾਸ ਰਾਸਾਂ, ਰੁੱਤਾਂ ਤੇ ਐਨਾਂ ਵਿੱਚ ਲਿਖਿਆ। ਇਸ ਦੇ ਨਾਲ ਹੀ ਕਵਿਤਾ ਦੇ ਨੌ ਰਸਾਂ ਦੀ ਵੀ ਵਰਤੋਂ ਕੀਤੀ।

> ਦਸਹੁਂ ਗੁਰਨਿ ਕੀ ਕਰੁਨਾ ਪਾਈ। ਦਸਹੁਂ ਗੁਰਨਿ ਕੀ ਕਥਾ ਬਨਾਈ।
> ਪੁਨਪੁਨ ਧਰ ਪਰ ਧਰਿਧਰਿ ਸਿਰ ਕੋ। ਬੰਦਨ ਕਰੋਂ ਪ੍ਰੇਮ ਕਰਿਉਰ ਕੋ।
> ਪੁਰਬਾਰਧਿ ਉੱਤ੍ਰਾਧਿ ਦੋਇ। ਕਥਾ ਬਨੀ ਗੁਰੁ ਨਾਨਕ ਸੋਇ।
> ਬਰਨੀ ਦ੍ਵਾਦਸ਼ ਰਾਸ਼ਿ ਅਗਾਰੀ। ਨਵਮ ਗੁਰੂ ਲਗ ਕਥਾ ਸੁਧਾਰੀ।
> ਖਟ ਰਿਤੁ ਜੁਗਤ ਬਨੇ ਜੁਗ ਐਨ। ਸ੍ਰੀ ਗੋਬਿੰਦ ਸਿੰਘ ਗਾਥਾ ਐਨ।
> ਭਏ ਪ੍ਰਕਰਣ ਸਰਬ ਕੇ ਬਾਈ। ਨੌ ਰਸ ਤੇ ਪੂਰਨ ਮਤ ਥਾਂਈ।[64]

ਇਸ ਗ੍ਰੰਥ ਵਿਚ ਗੁਰੂ ਸਾਹਿਬਾਨ ਦੇ ਜੀਵਨ ਇਤਿਹਾਸ ਦੇ ਨਾਲ-ਨਾਲ ਕਈ ਗੁਰੂ ਸਿੱਖਾਂ ਜਿਵੇਂ ਕਿ ਬਾਬਾ ਬੁੱਢਾ ਜੀ, ਭਾਈ ਭਗਤੂ, ਭਾਈ ਬਹੋੜਾ, ਭਾਈ ਬਹਿਲੋ, ਭਾਈ ਰਾਮ ਕੁਇਰ,

ਭਾਈ ਲੱਖੂ, ਭਾਈ ਮੰਝ ਤੇ ਅਨੇਕਾਂ ਹੋਰਨਾਂ ਦੇ ਇਤਿਹਾਸ ਵੀ ਵੇਖਣ ਨੂੰ ਮਿਲਦੇ ਹਨ। ਕਈ ਪੌਰਾਣਿਕ ਕਥਾਵਾਂ ਵੀ ਇਸ ਵਿਚ ਸ਼ਾਮਿਲ ਹਨ ਤੇ ਸ਼ਾਹਜਹਾਨ, ਦਾਰਾ ਸਿਕੋਹ ਤੇ ਔਰੰਗਜ਼ੇਬ ਆਦਿ ਦਾ ਇਤਿਹਾਸ ਵੀ ਇਸ ਵਿਚ ਆ ਗਿਆ ਸੀ। ਪਹਾੜੀ ਰਾਜਿਆਂ ਦਾ ਵੀ ਜ਼ਿਕਰ ਹੈ। ਗੁਰੂ ਸਾਹਿਬਾਨ ਦੀਆਂ ਸ਼ਹੀਦੀਆਂ ਤੇ ਚਮਕੌਰ ਦੀ ਜੰਗ ਆਦਿ ਦਾ ਚਿੱਤਰ ਬਹੁਤ ਹੀ ਕਰੁਣਾਮਈ ਹੈ। ਕਈ ਚਮਤਕਾਰੀ ਅਤੇ ਕਾਲਪਨਿਕ ਘਟਨਾਵਾਂ ਵੀ ਦੇਖਣ ਨੂੰ ਮਿਲਦੀਆਂ ਹਨ। ਗੁਰੂ ਸਾਹਿਬਾਨ ਦੁਆਰਾ ਦਿੱਤੇ ਗਏ ਉਪਦੇਸ਼ਾਂ ਤੇ ਅਧਿਆਤਮਿਕ ਵਿਚਾਰਾਂ ਦਾ ਭਰਪੂਰ ਗ੍ਰੰਥ ਹੈ।

ਡਾ. ਸ਼ੇਰ ਸਿੰਘ, ਸ੍ਰੀ ਗੁਰ ਨਾਨਕ ਪ੍ਰਕਾਸ਼ ਤੇ ਸ੍ਰੀ ਗੁਰ ਪ੍ਰਤਾਪ ਸੂਰਜ ਦੀ ਮਹਾਨਤਾ ਦਰਸਾਉਂਦੇ ਹੋਏ ਲਿਖਦੇ ਹਨ ਕਿ

> ਇਹ ਸਿੱਖਾਂ ਨੂੰ ਰਾਮਾਇਣ-ਮਹਾਂਭਾਰਤ ਦਾ ਕੰਮ ਦਿੰਦੇ ਹਨ। ਕਵਿਤਾ ਦੇ ਗੁਣਾਂ ਵਿਚ, ਖਿਆਲ ਦੀ ਉਡਾਰੀ ਤੇ ਸੰਗੀਤਕ ਰਸ ਪੱਖੋਂ ਭਾਈ ਸੰਤੋਖ ਸਿੰਘ ਜੀ ਦਾ ਗ੍ਰੰਥ ਰਾਮਾਇਣ-ਮਹਾਂਭਾਰਤ ਨਾਲੋਂ ਸਰਵੋਤਮ ਆਖੇ ਜਾ ਸਕਦੇ ਹਨ।[65]

## ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਸੋਮੇ

ਜਿਸ ਤਰ੍ਹਾਂ ਭਾਈ ਸੰਤੋਖ ਸਿੰਘ ਨੇ ਸ੍ਰੀ ਗੁਰੂ ਨਾਨਕ ਪ੍ਰਕਾਸ਼ ਦੇ ਸੋਮਿਆਂ ਬਾਰੇ ਜ਼ਿਕਰ ਕੀਤਾ ਅਤੇ ਭਾਈ ਬਾਲੇ ਵਾਲੀ ਜਨਮ ਸਾਖੀ ਨੂੰ ਆਧਾਰ ਬਣਾਇਆ। ਉਸੇ ਤਰ੍ਹਾਂ ਹੀ ਉਨ੍ਹਾਂ ਨੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਸੋਮਿਆਂ ਬਾਰੇ ਵੀ ਜਿਕਰ ਕੀਤਾ ਹੈ।

**ਰਾਮਦਾਸ ਵਾਲੀਆਂ ਸਾਖੀਆਂ :** ਭਾਈ ਸੰਤੋਖ ਸਿੰਘ ਨੇ ਨੌਂ ਗੁਰੂ ਸਾਹਿਬਾਨ ਦਾ ਇਤਿਹਾਸ ਇਸ ਗ੍ਰੰਥ ਵਿਚ ਲਿਖਣ ਲਈ ਭਾਈ ਰਾਮ ਕੁਇਰ (ਗੁਰਬਖ਼ਸ ਸਿੰਘ) ਦੁਆਰਾ ਸੁਣਾਈਆਂ ਗਈਆਂ ਤੇ ਭਾਈ ਸਾਹਿਬ ਸਿੰਘ ਦੁਆਰਾ ਲਿਖੀਆਂ ਗਈਆਂ ਸਾਖੀਆਂ, ਰਾਮਦਾਸ ਵਾਲੀਆਂ ਸਾਖੀਆਂ, ਸਿੱਖਾਂ ਦੀ ਭਗਤ ਮਾਲ਼ਾ, ਬਚਿੱਤਰ ਨਾਟਕ, ਭਾਈ ਗੁਰਦਾਸ ਦੀਆਂ ਰਚਨਾਵਾਂ, ਮਹਿਮਾ ਪ੍ਰਕਾਸ਼, ਸੌ ਸਾਖੀ ਆਦਿ ਨੂੰ ਆਧਾਰ ਬਣਾਇਆ।

ਭਾਈ ਸੰਤੋਖ ਸਿੰਘ ਨੇ ਪ੍ਰਾਪਤ ਸੋਮਿਆਂ ਨੂੰ ਆਧਾਰ ਬਣਾ ਕੇ ਆਪਣੀ ਬਿਬੇਕ ਬੁੱਧ ਨਾਲ ਉਨ੍ਹਾਂ ਨੂੰ ਪਰਖ ਪੜਤਾਲ ਕੇ ਤੇ ਗੁਰੂ ਸਾਹਿਬਾਨ ਦੇ ਇਤਿਹਾਸ ਨੂੰ ਇਕ ਲੜੀ ਵਿਚ ਪਰੋ ਕੇ ਸਿੱਖ ਸਾਹਿਤ ਨੂੰ ਮਾਲਾ-ਮਾਲ ਕੀਤਾ ਹੈ।

## ਭਾਸ਼ਾ/ਸ਼ੈਲੀ ਵਿਧਾਨ

ਭਾਈ ਸੰਤੋਖ ਸਿੰਘ ਜੀ ਕਈ ਬੋਲੀਆਂ/ਭਾਸ਼ਾਵਾਂ ਤੋਂ ਵਾਕਫ਼ ਸਨ। ਗਰਬ ਗੰਜਨੀ ਟੀਕੇ

ਵਿੱਚ ਵੀ ਬ੍ਰਿਜ ਭਾਸ਼ਾ ਤੇ ਸੰਸਕ੍ਰਿਤ ਸ਼ਬਦਾਵਲੀ ਦੀ ਬਹੁਤ ਵਰਤੋਂ ਕੀਤੀ ਗਈ ਹੈ। ਉਕਤ ਭਾਸ਼ਾਵਾਂ ਦਾ ਗਿਆਨ ਨਾ ਹੋਣ ਵਾਲਿਆਂ ਲਈ ਇਸ ਗ੍ਰੰਥ ਸ਼ੈਲੀ ਛੇਤੀ ਸਮਝ ਆਉਣ ਵਾਲੀ ਨਹੀਂ। ਇਸ ਗ੍ਰੰਥ ਵਿਚ ਪ੍ਰਸ਼ਨ ਉਤਰ ਸ਼ੈਲੀ ਦੀ ਵਰਤੋਂ ਕੀਤੀ ਗਈ ਹੈ। ਭਾਈ ਸੰਤੋਖ ਸਿੰਘ ਸ਼ੰਕੇ ਨਵਿਰਤ ਕਰਨ ਲਈ ਪਹਿਲਾਂ ਪ੍ਰਸ਼ਨ ਕਰਦੇ ਹਨ ਤੇ ਫਿਰ ਉਸਦਾ ਉੱਤਰ ਗੁਰਮਤਿ ਅਨੁਸਾਰ ਲਿਖਦੇ ਹਨ।

### ਵੇਦਾਂਤ ਦਾ ਪ੍ਰਭਾਵ

ਸ੍ਰੀ ਗੁਰ ਨਾਨਕ ਪ੍ਰਕਾਸ਼ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਟੀਕਾਕਾਰੀ ਵਿਚ ਵੇਦਾਂਤ ਤੇ ਦ੍ਰਿਸ਼ਟਾਂਤ ਆਦਿ ਆਮ ਵੇਖਣ ਨੂੰ ਮਿਲਦੇ ਹਨ। ਭਾਈ ਸੰਤੋਖ ਸਿੰਘ ਨੂੰ ਵੀ ਵੇਦਾਂਤ ਦਾ ਡੂੰਘਾ ਗਿਆਨ ਸੀ ਭਾਵੇਂ ਕਿ ਉਹ ਵੇਦਾਂਤੀ ਨਹੀਂ ਸਨ। ਭਾਈ ਸਾਹਿਬ ਨੇ ਗੁਰਮਤਿ ਦੀ ਸ਼੍ਰੇਸ਼ਟਤਾ ਦਰਸਾਉਣ ਲਈ ਤੇ ਹਿੰਦੂਆਂ ਦੇ ਦਿਲਾਂ ਵਿਚ ਗੁਰੂਆਂ ਪ੍ਰਤੀ ਸਤਿਕਾਰ ਦੀ ਭਾਵਨਾ ਪੈਦਾ ਲਈ ਵੇਦਾਂਤਿਕ ਕਥਾ ਕਹਾਣੀਆਂ ਤੇ ਸ਼ਬਦਾਵਲੀ ਦੀ ਵਰਤੋਂ ਕੀਤੀ ਜਾਪਦੀ ਹੈ।

### ਇਤਿਹਾਸਕਾਰੀ

ਇਤਿਹਾਸਕਾਰਾਂ ਵਿਚੋਂ ਭਾਈ ਸੰਤੋਖ ਸਿੰਘ ਦਾ ਨਾਂ ਬੜੇ ਗੌਰਵ ਨਾਲ ਲਿਆ ਜਾਂਦਾ ਹੈ। ਉਨ੍ਹਾਂ ਦੀ ਇਤਿਹਾਸਕਾਰ ਵਜੋਂ ਸਭ ਤੋਂ ਵੱਡੀ ਪ੍ਰਾਪਤੀ ਇਹ ਹੈ ਕਿ ਉਨ੍ਹਾਂ ਤੋਂ ਬਾਅਦ ਹੋਏ ਤਕਰੀਬਨ ਸਾਰੇ ਇਤਿਹਾਸਕਾਰਾਂ ਖ਼ਾਸ ਤੌਰ ਤੇ ਗਿਆਨੀ ਗਿਆਨ ਸਿੰਘ, ਬਾਬਾ ਗਣੇਸ਼ਾ ਸਿੰਘ ਬੇਦੀ, ਭਾਈ ਵੀਰ ਸਿੰਘ ਤੇ ਭਾਈ ਕਾਨ੍ਹ ਸਿੰਘ ਨਾਭਾ ਆਦਿ ਨੇ ਆਪਣੀਆਂ ਰਚਨਾਵਾਂ ਲਈ ਸ੍ਰੀ ਗੁਰ ਨਾਨਕ ਪ੍ਰਕਾਸ਼ ਤੇ ਸ੍ਰੀ ਗੁਰ ਪ੍ਰਤਾਪ ਸੂਰਜ ਤੋਂ ਲੋੜੀਂਦੀ ਸਮੱਗਰੀ ਪ੍ਰਾਪਤ ਕੀਤੀ। ਇਥੋਂ ਤੱਕ ਕਿ ਜਦੋਂ ਮੈਕਾਲਿਫ਼ ਨੇ ਗੁਰੂ ਸਾਹਿਬਾਨ ਦਾ ਜੀਵਨ ਇਤਿਹਾਸ ਲਿਖਣ ਦੀ ਇੱਛਾ ਪ੍ਰਗਟ ਕੀਤੀ ਤਾਂ ਸਿੰਘ ਸਭਾ ਲਹਿਰ ਦੇ ਆਗੂਆਂ ਨੇ ਉਨ੍ਹਾਂ ਨੂੰ ਸ੍ਰੀ ਗੁਰ ਪ੍ਰਤਾਪ ਸੂਰਜ ਤੋਂ ਸੇਧ ਲੈਣ ਲਈ ਕਿਹਾ।

ਭਾਈ ਸੰਤੋਖ ਸਿੰਘ ਲਿਖਦੇ ਹਨ ਕਿ ਗੁਰੂ ਸਾਹਿਬਾਨ ਦਾ ਇਤਿਹਾਸ ਵੱਖ-ਵੱਖ ਗ੍ਰੰਥਾਂ ਵਿਚ ਪਿਆ ਸੀ। ਇਹ ਇਸ ਤਰ੍ਹਾਂ ਸੀ ਜਿਵੇਂ ਹੀਰਾ ਰੇਤ ਵਿਚ ਪਿਆ ਹੋਵੇ ਤੇ ਪਰਖ ਕਰਨ ਵਾਲਾ ਵੱਖ-ਵੱਖ ਤਰੀਕਿਆਂ ਨਾਲ ਹੀਰੇ ਨੂੰ ਰੇਤ ਵਿਚੋਂ ਚੁਣ ਲੈਂਦਾ ਹੈ। ਉਸੇ ਤਰ੍ਹਾਂ ਮੈਂ ਵੀ ਵੱਖ-ਵੱਖ ਪੁਸਤਕਾਂ ਵਿਚ ਖਿਲਰੇ ਗੁਰ ਇਤਿਹਾਸ ਨੂੰ ਇਕੱਠਾ ਕਰਕੇ ਇੱਕ ਥਾਂ ਲਿਖਣ ਦਾ ਮਨ ਬਣਾਇਆ। ਉਹ ਅੱਗੇ ਲਿਖਦੇ ਹਨ ਕਿ ਜਿਸ ਤਰ੍ਹਾਂ ਦੁੱਧ ਨੂੰ ਰਿੜਕਣ ਨਾਲ ਘਿਉ ਨਿਕਲਦਾ ਹੈ ਇਸੇ ਤਰ੍ਹਾਂ ਮੈਂ ਵੀ ਵਾਦਾਂ ਵਿਵਾਦਾਂ ਦਾ ਤਰਕ ਨਾਲ ਖੰਡਨ ਕਰਕੇ ਖੁਸ਼ੀਆਂ ਦੇ ਖੇੜੇ ਦੇਣ ਵਾਲੇ ਗੁਰੂ ਜਸ ਨੂੰ

ਵਿਸਥਾਰ ਸਹਿਤ ਲਿਖਾਂਗਾ।

> ਸ੍ਰੀ ਗੁਰ ਕੋ ਇਤਿਹਾਸ ਜਗਤ ਮਹਿਂ। ਰਲ ਮਿਲਿ ਰਹਯੋ ਏਕ ਥਲ ਸਭਿ ਨਹਿਂ।
> ਜਿਮ ਸਿਕਤਾ ਮਹਿਂ ਕੰਚਨ ਮਿਲੈ।ਬੀਨ ਡਾਂਵਲਾ ਲੇ ਤਿਹ ਭਲੈ।
> ਜਿਮ ਦੁਧਿ ਬਿਖੈ ਘ੍ਰਿੱਤ ਮਿਲ ਰਹੈ। ਕਰਹਿ ਮਥਨ ਨੀਕੇ ਸੁਭ ਲਹੈ।
> ਤਿਮ ਜਗ ਮਹਿਂ ਕਰ ਬਾਦ ਬਿਬਾਦੂ। ਗੁਰ ਜਸੁ ਸੰਚੋ ਦੇ ਅਹਿਲਾਦੂ॥[66]

ਭਾਈ ਸੰਤੋਖ ਸਿੰਘ ਨੇ ਸ੍ਰੀ ਗੁਰ ਪ੍ਰਤਾਪ ਸੂਰਜ ਵਿਚ ਸ੍ਰੀ ਕਰਤਾਰਪੁਰ, ਹੰਡਿਆਇਆ, ਖਿਆਲਾ, ਬਾਰਨੇ, ਬਦਰਪੁਰ, ਮੁੰਨਦਪੁਰ, ਚਿਹਕਾ, ਠਸਕਾ ਅਤੇ ਰਾਇਪੁਰ ਰਾਣੀ ਆਦਿ ਥਾਵਾਂ ਤੇ ਜਾਣ ਦਾ ਆਪ ਜ਼ਿਕਰ ਕਰਦੇ ਹੋਏ ਉਨ੍ਹਾਂ ਥਾਵਾਂ ਦੇ ਇਤਿਹਾਸ ਬਾਰੇ ਵਿਸਥਾਰ ਸਹਿਤ ਵਰਨਨ ਕੀਤਾ ਹੈ ਅਤੇ ਪ੍ਰਾਪਤ ਗਵਾਹੀਆਂ ਦੇ ਅਧਾਰ ਤੇ ਇਤਿਹਾਸਕ ਦ੍ਰਿਸ਼ਟੀ ਤੋਂ ਪ੍ਰਮਾਣਿਕ ਘਟਨਾਵਾਂ ਤੇ ਸਥਾਨਾਂ ਨੂੰ ਗੁਰੂ ਇਤਿਹਾਸ ਦਾ ਹਿੱਸਾ ਬਣਾਇਆ।

ਉਨ੍ਹਾਂ ਨੇ ਕਈ ਬਜ਼ੁਰਗਾਂ ਤੋਂ ਸੁਣੀਆਂ ਸੁਣਾਈਆਂ ਗੱਲਬਾਤ ਨੂੰ ਵੀ ਗੁਰ ਇਤਿਹਾਸ ਵਿਚ ਸ਼ਾਮਲ ਕੀਤਾ ਤੇ ਚਿੱਠੀ ਪੱਤਰ ਰਾਹੀਂ ਵੀ ਗੁਰ ਇਤਿਹਾਸ ਇਕੱਤਰ ਕਰਨ ਦਾ ਉਪਰਾਲਾ ਕੀਤਾ।

ਉਨ੍ਹਾਂ ਦੁਆਰਾ ਰਚਿਆ ਇਤਿਹਾਸ ਜਨਮ ਸਾਖੀਆਂ ਤੇ ਆਧਾਰਿਤ ਹੋਣ ਕਾਰਨ ਇਸ ਵਿੱਚ ਪੌਰਾਣਿਕ ਕਥਾ, ਕਹਾਣੀਆਂ ਅਤੇ ਮਿਥਿਹਾਸ ਦ੍ਰਿਸ਼ਟਤਾ ਕਰਾਮਾਤਾਂ ਤੇ ਚਮਤਕਾਰੀ ਅੰਸ਼ਾਂ ਦੀ ਬਹੁਤਾਤ ਹੈ। ਇਸ ਵਿਚ ਗੁਰੂ ਸਾਹਿਬਾਨ ਨੂੰ ਅਵਤਾਰੀ ਰੂਪ ਵਿਚ ਵੀ ਵਿਖਾਇਆ ਗਿਆ ਹੈ। ਉਨ੍ਹਾਂ ਨੇ ਕਾਵਿ ਉਡਾਰੀਆਂ ਰਾਹੀਂ ਗੁਰੂ ਇਤਿਹਾਸ ਦੀ ਰਚਨਾ ਕਰਕੇ ਭਾਵਪੂਰਤ ਢੰਗ ਨਾਲ ਸਰੋਤਿਆਂ ਤੇ ਪਾਠਕਾਂ ਦੇ ਦਿਲਾਂ ਅੰਦਰ ਗੁਰਮਤਿ ਚੇਤਨਾ ਦਾ ਸੰਚਾਰ ਕੀਤਾ ਤੇ ਉਨ੍ਹਾਂ ਦੀਆਂ ਰਚਨਾਵਾਂ ਨੂੰ ਪੜ੍ਹ ਕੇ ਕਈਆਂ ਦੇ ਜੀਵਨ ਬਦਲ ਗਏ। ਡਾ. ਜੈ ਭਗਵਾਨ ਗੋਇਲ ਲਿਖਦੇ ਹਨ:

> ਗੁਰੂਆਂ ਦੇ ਮਹੱਤਵ ਦੀ ਸਥਾਪਨਾ ਲਈ ਕਿਧਰੇ ਕਿਧਰੇ ਇਤਿਹਾਸਿਕਤਾ ਨੂੰ ਅੱਖੋਂ ਖਰੋਖੋ ਵੀ ਕੀਤਾ ਗਿਆ ਹੈ। ਅਸਲ ਵਿਚ, ਕਵੀ ਦਾ ਉਦੇਸ਼ ਇਥੇ ਗੁਰੂਆਂ ਦਾ ਇਤਿਹਾਸ ਲਿਖਣਾ ਹੈ, ਪਰੰਤੂ ਐਸਾ ਉਹਨਾਂ ਨੇ ਧਰਮ-ਭਾਵਨਾ ਤੋਂ ਪ੍ਰੇਰਿਤ ਹੋ ਕੇ ਕੀਤਾ ਹੈ। ਐਸੇ ਤੱਥਾਂ ਘਟਨਾਵਾਂ ਅਤੇ ਪ੍ਰਸੰਗਾਂ ਆਦਿ ਦੀ ਯੋਜਨਾ ਕੀਤੀ ਹੈ। ਜਿਸ ਨਾਲ ਉਨ੍ਹਾਂ ਦੇ ਮਹੱਤਵ ਅਤੇ ਗੌਰਵ ਦੀ ਪ੍ਰਤਿਸ਼ਠਾ ਹੋ ਸਕੇ।[67]

ਅਜੋਕੇ ਸਮੇਂ ਇਤਿਹਾਸ ਦੀ ਜਿਸ ਪਰੰਪਰਾ ਦਾ ਵਿਕਾਸ ਹੋਇਆ ਹੈ ਉਸਨੂੰ ਵਿਗਿਆਨਿਕ ਇਤਿਹਾਸ ਦਾ ਨਾਂ ਦਿੱਤਾ ਜਾ ਰਿਹਾ ਹੈ। ਪਰ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਵਿਚ ਜ਼ਿਕਰ ਕੀਤੇ ਗਏ ਗੁਰ ਇਤਿਹਾਸ ਨੂੰ ਪੂਰਨ ਤੌਰ ਤੇ ਵਿਗਿਆਨਿਕ ਇਤਿਹਾਸ ਨਹੀਂ ਕਿਹਾ ਜਾ ਸਕਦਾ।

> ਆਧੁਨਿਕ ਜੁਗ ਵਿੱਚ ਇਤਿਹਾਸ ਦੀ ਜਿਸ ਵਿਗਿਆਨਿਕ ਪਰੰਪਰਾ ਦਾ ਵਿਕਾਸ ਹੋ ਰਿਹਾ ਹੈ, ਉਸ ਦ੍ਰਿਸ਼ਟੀ ਤੋਂ ਗੁਰ ਪ੍ਰਤਾਪ ਸੂਰਜ ਨੂੰ ਸਿੱਖ ਗੁਰੂਆਂ ਦਾ ਵਿਗਿਆਨਿਕ ਇਤਿਹਾਸ ਨਹੀਂ ਕਿਹਾ ਜਾ ਸਕਦਾ।[68]

ਭਾਈ ਸੰਤੋਖ ਸਿੰਘ ਦੁਆਰਾ ਗੁਰ ਇਤਿਹਾਸ ਵਿਚ ਕਈ ਐਸੇ ਪ੍ਰਸੰਗ ਵੀ ਹਨ ਜਿੰਨ੍ਹਾਂ ਨੂੰ ਇਤਿਹਾਸਿਕਤਾ ਪੱਖੋਂ ਕਮਜ਼ੋਰ ਸਮਝਿਆ ਜਾਂਦਾ ਹੈ। ਜਿਵੇਂ ਕਿ ਗੁਰੂ ਨਾਨਕ ਦੇਵ ਜੀ ਦੀ ਜਨਮ ਤਾਰੀਕ, ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ, ਕੌਲਾਂ ਦਾ ਪ੍ਰਸੰਗ, ਗੁਰੂ ਗੋਬਿੰਦ ਸਿੰਘ ਦੁਆਰਾ ਪੂਜਨ ਪ੍ਰਸੰਗ, ਸਾਹਿਬਜ਼ਾਦਿਆਂ ਦੇ ਨਾਂ, ਮੁਗਲ ਬਾਦਸ਼ਾਹ ਦੇ ਪ੍ਰਸੰਗ ਤੇ ਬਾਬਾ ਬੰਦਾ ਸਿੰਘ ਬਹਾਦਰ ਦਾ ਜੀਵਨ ਇਤਿਹਾਸ ਇਤਿਆਦਿ। ਡਾ. ਰੁਪਿੰਦਰ ਕੌਰ ਕਾਹਲੋਂ ਅਨੁਸਾਰ:

> ਸ਼ੁੱਧ ਇਤਿਹਾਸਕਾਰੀ ਦੀ ਦ੍ਰਿਸ਼ਟੀ ਤੋਂ ਵੇਖਿਆ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ ਦਾ ਦਰਜਾ ਬਹੁਤਾ ਉਚਾ ਨਹੀਂ ਹੈ। ਵੱਧ ਤੋਂ ਵੱਧ ਅਸੀਂ ਇਸ ਨੂੰ 'ਰਵਾਇਤਾਂ ਤੇ ਦੰਤ ਕਥਾਵਾਂ ਉੱਤੇ ਅਧਾਰਿਤ ਇਤਿਹਾਸ' ਕਹਿ ਸਕਦੇ ਹਾਂ।[69]

ਇਸ ਗੱਲ ਤੋਂ ਵੀ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿ ਇਹ ਭਾਈ ਸਾਹਿਬ ਦੀ ਇਤਿਹਾਸਕ ਸੂਝ ਹੀ ਸੀ ਜਿਸ ਨੇ ਉਸ ਸਮੇਂ ਦੇ ਗੁਰਮਤਿ ਵਿਰੋਧੀ ਵਾਤਾਵਰਨ ਵਿਚ ਵੀ ਬ੍ਰਾਹਮਣੀ ਰੀਤੀ ਰਿਵਾਜ਼ਾਂ ਤੇ ਮਨਮਤੀ ਖਿਆਲਾਂ ਨੂੰ ਗੁਰ ਇਤਿਹਾਸ ਤੇ ਭਾਰੂ ਨਹੀਂ ਹੋਣ ਦਿੱਤਾ। ਜਦਕਿ ਕੈਥਲ ਉਸ ਵਕਤ ਬ੍ਰਾਹਮਣਾਂ ਦਾ ਗੜ੍ਹ ਸੀ ਤੇ ਉਹ ਇਹ ਨਹੀਂ ਸਨ ਚਾਹੁੰਦੇ ਕਿ ਭਾਈ ਸੰਤੋਖ ਸਿੰਘ ਨਿਰੋਲ ਗੁਰਮਤਿ ਤੇ ਆਧਾਰਿਤ ਗੁਰ ਇਤਿਹਾਸ ਦੀ ਗਾਥਾ ਲਿਖਣ। ਉਹ ਇਸ ਵਿਚ ਬ੍ਰਾਹਮਣੀ ਖਿਆਲਾਂ ਦੀ ਵੱਧ ਤੋਂ ਵੱਧ ਮਿਲਾਵਟ ਲੋਚਦੇਸਨ ਅਤੇ ਗੁਰ ਇਤਿਹਾਸ ਲਿਖਣ ਵਿਚ ਵਿਘਨ ਤੇ ਰੁਕਾਵਟਾਂ ਪਾ ਰਹੇ ਸਨ।

> ਨਿੰਦਕ ਮੂਰਖ ਮਤਸਰ ਧਾਰੀ। ਰਾਸ਼ਭ, ਮਹਿਖ, ਕੋਲ ਸਮ ਭਾਰੀ॥
> ਖੌਰੂ ਪਾਇ ਕੁਬਚ ਕੋ ਭਾਖੈਂ। ਦੂਖਿਤ ਕਰਨਿ ਗਾਂਦਲੀ ਕਾਖੈਂ।
> ਸੋ ਝਖ ਮਾਰਤਿ ਰਹੈਂ ਕੁਪੱਤੇ। ਬਿਗਰਹਿ ਨਹਿਂ ਕਬਹੂੰ ਰਸ ਅੱਤੇ॥[70]

**ਟੀਕਾਕਾਰੀ :** ਭਾਈ ਸੰਤੋਖ ਸਿੰਘ ਦੀ ਟੀਕਾਕਾਰੀ ਨੂੰ ਵਿਸ਼ੇਸ਼ ਦੇਣ ਹੈ। ਧਾਰਮਿਕ ਖੇਤਰ ਵਿਚ ਗਰਬ ਗੰਜਨੀ ਟੀਕਾ ਮਕਬੂਲ ਹੋਇਆ ਹੈ। ਇਸ ਟੀਕੇ ਵਿਚ ਉਨ੍ਹਾਂ ਨੇ ਜਪੁਜੀ ਸਾਹਿਬ ਦੇ ਵਿਦਵਤਾਪੂਰਵਕ ਅਰਥ ਕੀਤੇ ਹਨ। ਉਨ੍ਹਾਂ ਦੇ ਕੀਤੇ ਅਰਥ ਸਾਹਿਤਕ ਅਤੇ ਧਾਰਮਿਕ ਖੇਤਰ

ਵਿਚ ਮਾਨਤਾ ਤੇ ਮਹਾਨਤਾ ਪ੍ਰਾਪਤ ਕਰ ਚੁੱਕੇ ਹਨ। ਇਸ ਤਰ੍ਹਾਂ ਭਾਈ ਸੰਤੋਖ ਸਿੰਘ ਨੂੰ ਧਰਮ ਦੇ ਖੇਤਰ ਵਿਚ ਵਿਦਵਾਨਾਂ ਨੇ ਬਹੁਪੱਖੀ ਸ਼ਖ਼ਸੀਅਤ ਵਜੋਂ ਸਵੀਕਾਰ ਕੀਤਾ ਹੋਇਆ ਹੈ।

**ਮਹਾਂਕਾਵਿ ਵਜੋਂ ਦੇਣ :** ਭਾਈ ਸੰਤੋਖ ਸਿੰਘ ਦੀ ਕਾਵਿ ਸਾਹਿਤ ਨੂੰ ਵਿਸ਼ੇਸ਼ ਦੇਣ ਕਾਰਨ ਉਨ੍ਹਾਂ ਨੂੰ 'ਮਹਾਂਕਵੀ', 'ਚੂੜਾਮਣਿ', 'ਉਚਕੋਟੀ ਦੇ ਕਵੀ', 'ਵਿਦਵਾਨ ਕਵੀ' ਤੇ 'ਰੂਹਾਨੀਅਤ ਦੇ ਕਵੀ' ਆਦਿ ਵਿਸ਼ੇਸ਼ਣਾਂ ਨਾਲ ਯਾਦ ਕੀਤਾ ਜਾਂਦਾ ਹੈ। ਉਨ੍ਹਾਂ ਨੂੰ ਪਿੰਗਲ ਤੇ ਛੰਦਾਬੰਦੀ ਦਾ ਪੂਰਨ ਗਿਆਨ ਸੀ ਤੇ ਉਨ੍ਹਾਂ ਕੋਲ ਸ਼ਬਦਾਂ ਦਾ ਵਿਸ਼ਾਲ ਭੰਡਾਰ ਸੀ।

ਭਾਈ ਸਾਹਿਬ ਵੱਲੋਂ ਰਚੇ ਗਏ ਮਹਾਂਕਾਵਿ ਵਿੱਚ ਵਰਤੇ ਗਏ ਛੰਦ, ਰਸ ਤੇ ਅਲੰਕਾਰ ਦਾ ਸੰਖੇਪ ਵਰਨਣ ਹੇਠ ਲਿਖੇ ਅਨੁਸਾਰ ਹੈ।

**ਛੰਦ**

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਛੰਦਾਬੰਦੀ ਭਾਰਤੀ ਕਾਵਿ-ਸ਼ਾਸਤ੍ਰ ਅਨੁਸਾਰ ਹੈ। ਭਾਈ ਸੰਤੋਖ ਸਿੰਘ ਛੰਦ ਸ਼ਾਸਤਰ ਦੇ ਪੂਰਨ ਗਿਆਤਾ ਸਨ।

> ਗੁਰ ਪ੍ਰਤਾਪ ਸੂਰਜ ਦੇ 51,829 ਛੰਦਾਂ ਵਿੱਚੋਂ ਘੱਟ ਤੋਂ ਘੱਟ 40,000 ਛੰਦ ਮਾਤ੍ਰਿਕ ਹੋਣਗੇ। ਦੋਹਰਾ, ਚੌਪਈ, ਕਬਿੱਤ, ਸਵੱਯੇ, ਨਿਸ਼ਾਨੀ, ਅੜਿੱਲ, ਪਾਧੜੀ, ਹਾਕਲ, ਆਦਿ, ਜਦ ਕਿ ਤ੍ਰਿਭੰਗੀ, ਚਿਤਰਪਦਾ, ਲਲਿਤਪਦ, ਦਵੱਯੀਆ, ਸੋਰਠਾ, ਚਾਚਰੀ, ਸਿੰਘਾ ਵਿਲੋਕਣ, ਰਸਾਵਲ, ਮਧੁਭਾਰ, ਹਰਿਬੋਲ ਮਨਾ, ਭੁਜੰਗ ਪ੍ਰਯਾਤ, ਨਾਰਾਜ, ਸਿਰਖੰਡੀ, ਨਵਨਾਮਕ, ਅੰਮ੍ਰਿਤਧੁਨ ਆਦਿ ਕਈ ਹੋਰ ਛੰਦ ਵੀ ਵਰਤੇ ਗਏ ਹਨ।[71]

ਉਪਰੋਕਤ ਅਨੁਸਾਰ ਛੰਦ ਦੀ ਚਾਲ ਤੇ ਰਵਾਨੀ ਕੁਦਰਤੀ ਜਾਪਦੀ ਹੈ। ਸਾਰੇ ਛੰਦ ਸ਼ਾਸਤਰੀ ਨਿਯਮਾਂ ਦੇ ਅਨੁਸਾਰ ਹਨ। ਪ੍ਰਸੰਗ ਅਤੇ ਰਸ ਦੇ ਅਨੁਕੂਲ ਹਨ।

**ਅਲੰਕਾਰ**

ਭਾਈ ਸੰਤੋਖ ਸਿੰਘ ਦੀ ਕਵਿਤਾ ਅਲੰਕਾਰਾਂ ਨਾਲ ਸਜੀ ਹੋਈ ਹੈ। ਜਦੋਂ ਭਾਈ ਸਾਹਿਬ ਨੇ ਸਾਹਿਤ ਰਚਨਾ ਕੀਤੀ ਉਸ ਵਕਤ ਅਲੰਕਾਰ ਸਮੇਤ ਕਵਿਤਾ ਰਚਨ ਵਾਲੇ ਨੂੰ ਉਚ ਕੋਟੀ ਦਾ ਕਵੀ ਸਮਝਿਆ ਜਾਂਦਾ ਸੀ। ਉਨ੍ਹਾਂ ਵੱਲੋਂ ਰਚੇਸਾਹਿਤ ਵਿਚ ਵਰਤੇ ਗਏ ਕੁਝ ਕੁ ਅਲੰਕਾਰਾਂ ਦਾ ਵੇਰਵਾ ਇਉਂ ਹੈ:- ਸ਼ਬਦ ਅਲੰਕਾਰ, ਅਨੁਪ੍ਰਾਸ, ਯਮਕ, ਵੀਪਸਾ, ਅਰਥ, ਉਪਮਾ, ਦ੍ਰਿਸ਼ਟਾਂਤ ਆਦਿ ਦੀ ਵਰਤੋਂ ਕੀਤੀ ਗਈ ਹੈ।

ਭਾਈ ਸੰਤੋਖ ਸਿੰਘ ਵੱਲੋਂ ਉਪਰੋਕਤ ਤੇ ਕਈ ਹੋਰ ਅਲੰਕਾਰਾਂ ਰਾਹੀਂ ਗੁਰ ਇਤਿਹਾਸ ਨੂੰ

ਸੁੰਦਰ ਤੇ ਰੌਚਕ ਬਣਾਇਆ ਗਿਆ ਹੈ। ਇੰਨ੍ਹਾਂ ਅਲੰਕਾਰਾਂ ਨਾਲ ਸ਼ਿੰਗਾਰੇ ਹੋਏ ਮਹਾਂਕਾਵਿ ਨੂੰ ਪੜ੍ਹ ਕੇ ਮਨ ਗਦਗਦ ਹੁੰਦਾ ਹੈ।

**ਰਸ**

ਵਿਦਵਾਨ ਲੋਕ ਰਸ ਨੂੰ ਕਵਿਤਾ ਦੀ ਆਤਮਾ ਮੰਨਦੇ ਹਨ। ਇਸ ਨਾਲ ਸਾਹਿਤਕ ਅਨੰਦ ਦੀ ਪ੍ਰਾਪਤ ਹੁੰਦੀ ਹੈ। ਭਾਈ ਸੰਤੋਖ ਸਿੰਘ ਨੇ ਭਾਰਤੀ ਕਾਵਿ ਸ਼ਾਸਤ੍ਰ ਦੇ ਅਨੁਸਾਰ ਨੌ ਰਸਾਂ ਦੀ ਵਰਤੋਂ ਕੀਤੀ ਮਿਲਦੀ ਹੈ।

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਭਾਈ ਸੰਤੋਖ ਸਿੰਘ ਨੇ ਸੀਮਤ ਦਾਇਰੇ ਵਿਚ ਰਹਿ ਕੇ ਸ਼ਿੰਗਾਰ ਰਸ ਦੀ ਵਰਤੋਂ ਕੀਤੀ ਹੈ ਕਿਉਂਕਿ ਇਹ ਸ਼ਿੰਗਾਰਤਾ, ਕਾਮੁਕਤਾ ਆਦਿ ਤੋਂ ਬਹੁਤ ਦੂਰ ਦਾ ਮਹਾਂਕਾਵਿ ਹੈ। ਇਹ ਉਸ ਸਮੇਂ ਦਾ ਆਦਰਸ਼ਿਕ ਰੂਪ ਵਿਚ ਚਿੱਤਰਨ ਕਰਦਾ ਹੈ। ਜਿੱਥੇ ਕਿਤੇ ਵੀ ਮੋਹ ਪਿਆਰ ਦਾ ਚਿਤਰਨ ਕੀਤਾ ਜਾਂਦਾ ਹੈ। ਇਸ ਤੋਂ ਬਿਨ੍ਹਾਂ ਭਾਈ ਸਾਹਿਬ ਨੇ ਸ਼ਾਂਤ ਰਸ, ਬੀਰ ਰਸ, ਕਰੁਣਾ ਰਸ, ਹਾਸ ਰਸ, ਰੌਦਰ ਰਸ, ਵੀਭਤਸ ਰਸ, ਭਿਆਨਕ ਰਸ, ਅਦਭੁੱਤ ਰਸ ਆਦਿ ਰਸਾਂ ਦੀ ਵਰਤੋਂ ਕੀਤੀ ਹੈ।

**ਪ੍ਰਕਿਰਤੀ ਚਿਤਰਨ**

ਭਾਈ ਸੰਤੋਖ ਸਿੰਘ ਨੇ ਗੁਰ ਇਤਿਹਾਸ ਲਿਖਦਿਆਂ ਕੁਦਰਤ ਦੇ ਚਿਤਰਨ ਪੇਸ਼ ਕੀਤੇ ਹਨ। ਝਰਨੇ, ਪਰਬਤ, ਬਾਗ, ਦਰਖ਼ਤ, ਫੁੱਲ, ਪਸ਼ੂ, ਪੰਛੀ ਆਦਿ ਦੇ ਕੁਦਰਤੀ ਦ੍ਰਿਸ਼ ਪ੍ਰਭਾਵ ਪਾਉਂਦੇ ਹਨ।

**(ੳ) ਝਰਨੇ :** ਭਾਈ ਸੰਤੋਖ ਸਿੰਘ ਹੇਮਕੁੰਟ ਨੂੰ ਜਾਂਦਿਆਂ ਰਸਤੇ ਵਿਚ ਆਉਂਦੇ ਝਰਨਿਆਂ ਦਾ ਵਰਨਨ ਕਰਦੇ ਹਨ।

**(ਅ) ਰੁੱਤ ਵਰਨਨ :** ਰੁੱਤ ਵਰਨਨ ਮਹਾਂਕਾਵਿ ਦਾ ਮਹੱਤਵਪੂਰਨ ਹਿੱਸਾ ਹੈ। ਸਮੇਂ-ਸਮੇਂ ਤੇ ਕਵੀਆਂ ਨੇ ਰੁੱਤ ਵਰਨਨ ਵਿਚ ਆਪਣੀ ਕਲਮ ਦੇ ਜੌਹਰ ਵਿਖਾਏ ਹਨ। ਭਾਈ ਸੰਤੋਖ ਸਿੰਘ ਗੁਰੂ ਸਾਹਿਬਾਨ ਦੇ ਜੀਵਨ ਇਤਿਹਾਸ ਦੇ ਨਾਲ ਹੀ ਰੁੱਤਾਂ ਨੂੰ ਜੋੜ ਕੇ ਵਰਨਨ ਕਰਦੇ ਹਨ। ਹੇਠ 6 ਰੁੱਤਾਂ ਬਾਰੇ ਭਾਈ ਸਾਹਿਬ ਵੱਲੋਂ ਕਾਵਿ ਵਰਨਨ ਮਿਲਦੇ ਹਨ।

**(ੲ) ਬਸੰਤ :** ਬਸੰਤ ਰੁੱਤ ਨੂੰ ਰੁੱਤਾਂ ਦਾ ਰਾਜਾ ਕਿਹਾ ਜਾਂਦਾ ਹੈ। ਇਸ ਰੁੱਤ ਵਿਚ ਫੁੱਲਾਂ ਤੇ ਬਹਾਰ ਆਉਂਦੀ ਹੈ। ਚਾਰੇ ਪਾਸੇ ਹਰਿਆਵਲ ਹੁੰਦੀ ਹੈ। ਭਾਈ ਸੰਤੋਖ ਸਿੰਘ ਨੇ ਬਸੰਤ ਰੁੱਤ ਦਾ ਮਨੋਹਰ ਵਰਨਨ ਪੇਸ਼ ਕੀਤਾ ਹੈ:-

ਸਤਿਗੁਰ ਲੀਲਾ ਲਲਿਤ ਇਉਂ ਕਰਤਿ ਬ੍ਰਿਧਤਿ ਜਗ ਕੰਤ।
ਪਰਫੁੱਲਤਿ ਕਲ ਫੂਲ ਸੋਂ ਸ਼ੋਭਤਿ ਰਿਤੂ ਬਸੰਤ॥[72]

ਚੇਤ ਮਹੀਨੇ ਦੀ ਰੁੱਤ ਸਭ ਨੂੰ ਸੁੱਖ ਦਿੰਦੀ ਹੈ। ਇਸ ਮਹੀਨੇ 'ਚ ਨਾ ਬਹੁਤੀ ਗਰਮੀ, ਨਾ ਹੀ ਸਰਦੀ ਹੁੰਦੀ ਹੈ। ਗੁਰੂ ਨਾਨਕ ਜੀ ਨੂੰ ਇਸ ਬਚਿੱਤਰ ਰੁੱਤ ਜਿਹਾ ਕਿਹਾ ਗਿਆ ਹੈ।

ਇਸ ਤਰ੍ਹਾਂ ਭਾਈ ਸੰਤੋਖ ਸਿੰਘ ਨੇ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅਮਰਦਾਸ ਜੀ ਦਾ ਜੀਵਨ ਇਤਿਹਾਸ ਲਿਖਦੇ ਸਮੇਂ ਬਸੰਤ ਰੁੱਤ ਦਾ ਵਿਸਥਾਰ ਸਹਿਤ ਵਰਨਨ ਕਰਦਿਆਂ ਫੁੱਲਾਂ, ਪੰਛੀਆਂ, ਨਰ-ਨਾਰੀਆਂ, ਮੋਰਾਂ, ਕੋਇਲਾਂ, ਭੌਰਿਆਂ, ਸੋਹਣੀਆਂ ਹਵਾਵਾਂ, ਬਾਗਾਂ ਵਿਚ ਆਈ ਬਹਾਰ ਆਦਿਕ ਰਾਹੀਂ ਛੈਲ-ਛਬੀਲੀ ਰੁੱਤ ਦੇ ਖੇੜੇ ਦੀ ਗੱਲ ਕੀਤੀ ਹੈ।

**(ਸ) ਗ੍ਰੀਖਮ ਰੁੱਤ :** ਭਾਈ ਸੰਤੋਖ ਸਿੰਘ ਨੇ, ਗੁਰੂ ਨਾਨਕ ਦੇਵ ਜੀ ਦਾ ਜੀਵਨ ਇਤਿਹਾਸ ਵਰਨਨ ਕਰਦਿਆਂ ਗਰਮੀ ਦੀ ਰੁੱਤ ਦਾ ਜ਼ਿਕਰ ਹੇਠ ਲਿਖੇ ਅਨੁਸਾਰ ਕਰਦੇ ਹਨ:

ਪੁਨਿ ਗ੍ਰੀਖਮ ਰਿਤੂ ਕੀਨੋ ਜੋਰਾ। ਤਪਤਿ ਭਈ ਅਤਿਸ਼ੈ ਚਹੁੰ ਓਰਾ।
ਤਪਹਿ ਰਿਦਾ ਜਿਵ ਮਤਸਰ ਧਾਰੀ। ਤਿਓਂ ਤਪ ਗਈ ਭੂਮਕਾ ਸਾਰੀ।[73]

ਉਪਰੋਕਤ ਅਨੁਸਾਰ ਭਾਈ ਸੰਤੋਖ ਸਿੰਘ ਨੇ ਜਿਥੇ ਗਰਮੀ ਦੀ ਰੁੱਤ ਵਿਚ ਲੂ ਤਪਦੀ ਧਰਤੀ ਸੂਰਜ ਦੀਆਂ ਤਿੱਖੀਆਂ ਕਿਰਨਾਂ, ਵਾ-ਵਰੋਲਿਆਂ, ਪੰਛੀਆਂ ਵੱਲੋਂ ਦਰਖ਼ਤਾਂ ਦੀ ਛਾਂ ਵਿਚ ਬੈਠਣ ਆਦਿ ਦਾ ਜ਼ਿਕਰ ਕੀਤਾ ਹੈ ਉਥੇ ਨਾਲ ਦੀ ਨਾਲ ਵਿਸ਼ੈ ਵਿਕਾਰਾਂ ਦੀ ਤਪਸ ਨੂੰ ਮਿਟਾਉਣ ਲਈ ਅਧਿਆਤਮਿਕ ਠੰਢਕ ਦੀ ਵੀ ਗੱਲ ਕੀਤੀ ਹੈ। ਭਾਈ ਸੰਤੋਖ ਸਿੰਘ ਨੇ ਗੁਰੂ ਗੋਬਿੰਦ ਸਿੰਘ ਦਾ ਇਤਿਹਾਸ ਲਿਖਦਿਆਂ ਵਰਖਾ ਰੁੱਤ ਦਾ ਵਰਨਨ ਕੀਤਾ ਹੈ:

ਤਿਹ ਛਿਨ ਚਲੀ ਪੌਣ ਪੁਰਵਾਈ। ਨਿਕਸੇ ਘਨ ਜਿਮ ਗਜ ਸਮੁਦਾਈ।
ਘਮੁਡੀ ਘਟ ਘਰੀਕ ਮਹਿੰ ਘਨੀ। ਘੋਰ ਘੋਰ ਘਨ ਚਪਲਾ ਸਨੀ।
ਬਡੀ ਬਡੀ ਬੂੰਦੈਂ ਬਹੁ ਪਰੀ। ਬਰਸਨ ਲਗਯੋ ਅਧਿਕ ਭੀ ਝਰੀ।
ਜਿਤ ਕਿਤ ਨੀਰ ਪ੍ਰਵਾਹ ਚਲੰਤਾ। ਉਚੇ ਥਲ ਤੇ ਨੰਮ੍ਰਿ ਢਰੰਤਾ।[74]

**(ਹ) ਸਰਦ ਰੁੱਤ :** ਅੱਸੂ ਕੱਤਕ ਦੇ ਮਹੀਨੇ ਸਰਦੀ ਸ਼ੁਰੂ ਹੋਣ ਦਾ ਸਮਾਂ ਹੁੰਦਾ ਹੈ। ਇਸ ਰੁੱਤ ਨੂੰ ਸਰਦ ਰੁੱਤ ਕਿਹਾ ਜਾਂਦਾ ਹੈ। ਇਸ ਰੁੱਤ ਦਾ ਜ਼ਿਕਰ ਭਾਈ ਸੰਤੋਖ ਸਿੰਘ ਨੇ ਇਸ ਤਰ੍ਹਾਂ ਕੀਤਾ ਹੈ।

ਪਾਵਸ ਕਰਤਿ ਬਿਲਾਸ ਬਿਤਾਈ। ਬਹੁਰ ਨਵੀਨ ਅਪਰ ਰਿਤੁ ਆਈ।
ਸੁੰਦਰ ਸ਼ਰਦ ਸਾਰਦਾ ਮਾਨੋ। ਬਦਨ ਚੰਦ੍ਰਮਾ ਬਿਮਲ ਪਛਾਨੋ।[75]

**(ਕ) ਸਿਸਰ ਰੁੱਤ :** ਭਾਈ ਸੰਤੋਖ ਸਿੰਘ ਨੇ ਗੁਰੂ ਨਾਨਕ ਦੇਵ ਜੀ ਦਾ ਜੀਵਨ ਇਤਿਹਾਸ ਲਿਖਦੇ ਸਮੇਂ ਸਿਸਰ ਰੁੱਤ (ਪੱਤਝੜ ਰੁੱਤ) ਦਾ ਵੀਸੁਹਣੇ ਢੰਗ ਨਾਲ ਵਰਨਨ ਕੀਤਾ ਹੈ।

ਬੋਲਤਿ ਕਪੋਤ ਭ੍ਰਿੰਗ, ਖੰਜਨ, ਕੁਲਿੰਗ ਕਲ। ਸਾਰਸ ਕੁਰੰਗ ਨਾਨਾ ਰੰਗ ਕੇ ਬਿਹੰਗ ਹੈਂ।
ਹਾਥ ਸੋਂ ਬਜਾਇ ਤਾਰੀ ਮੁਖ ਤੇ ਸੁਨਾਇਂ ਗਾਰੀ। ਡਾਰੈਂ ਪਿਚਕਾਰੀ ਭਰਿ ਰੰਗਤਿ ਸੁਰੰਗ ਹੈਂ।[76]

ਭਾਈ ਸੰਤੋਖ ਸਿੰਘ ਗੁਰੂ ਨਾਨਕ ਦੇਵ ਜੀ ਦੀ ਜਨਮ ਭੂਮੀ ਤਲਵੰਡੀ ਵੱਲ ਜਾਣ ਦੀ ਕਥਾ ਲਿਖਦੇ ਹੋਏ ਪਤਝੜ ਰੁੱਤ ਦਾ ਜ਼ਿਕਰ ਕਰਦੇ ਹਨ। ਇਸ ਰੁੱਤ ਵਿਚ ਅੰਬਾਂ ਨੂੰ ਬੂਰ ਪੈ ਜਾਂਦਾ ਹੈ। ਜਿਸ ਨੂੰ ਖਾ ਕੇ ਕੋਇਲ ਅਨੰਦ ਮਗਨ ਹੋ ਕੇ ਸੰਗੀਤ ਸੁਣਾਉਂਦੀ ਹੈ। ਬਨਸਪਤੀ ਝੂੰਮਣ ਲੱਗਦੀ ਹੈ। ਪੰਛੀ ਤੇ ਜਾਨਵਰ ਉਡਾਰੀਆਂ ਲਾਉਣ ਲੱਗਦੇ ਹਨ।

**ਯੁੱਧ ਵਰਨਨ**

ਭਾਈ ਸੰਤੋਖ ਸਿੰਘ ਜੀ ਨੇ ਗੁਰੂ ਹਰਗੋਬਿੰਦ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਲੜੇ ਗਏ ਜੰਗਾਂ, ਯੁੱਧਾਂ ਦੇ ਵਿਸਥਾਰ ਵਿਚ ਤੇ ਪ੍ਰਭਾਵਸ਼ਾਲੀ ਢੰਗ ਨਾਲ ਚਿਤਰਨ ਪੇਸ਼ ਕੀਤੇ ਹਨ। ਇਹ ਬੀਰ ਰਸੀ ਸਾਹਿਤ ਦਾ ਵੱਡਮੁੱਲਾ ਖਜ਼ਾਨਾ ਹਨ।

ਗੁਰੂ ਸਾਹਿਬਾਨ ਵੱਲੋਂ ਲੜੇ ਗਏ ਜੰਗਾਂ ਯੁੱਧਾਂ ਨੂੰ 'ਧਰਮ ਯੁੱਧ' ਕਿਹਾ ਗਿਆ ਹੈ ਕਿਉਂਕਿ ਇਹ ਯੁੱਧ ਮੁਗਲਾਂ ਦੇ ਅਤਿਆਚਾਰਾਂ ਵਿਰੁੱਧ ਲੜੇ ਗਏ ਸਨ। ਅਨੰਦਪੁਰ ਤੇ ਚੜ੍ਹਾਈ ਕਰਨ ਲਈ ਮੁਗਲ ਤੇ ਪਹਾੜੀ ਫੌਜਾਂ ਕਿਵੇਂ ਆ ਰਹੀਆਂ ਹਨ। ਇਸ ਦਾ ਇੱਕ ਦ੍ਰਿਸ਼ ਕਵੀ ਜੀ ਇਸ ਤਰ੍ਹਾਂ ਲਿਖਦੇ ਹਨ:

ਦੀਰਘ ਦਮਾਮੇ ਧੁਨਿ ਹੋਤਿ ਹੈ ਗੰਭੀਰ ਤਾਮੈਂ। ਘੋਖ ਹੈ ਬਿਸਾਲ ਜਾਮੈ ਚਲਯੋ ਦਲ ਆਵਈ।
ਸੁੰਦਰ ਅਨੰਦ ਪੁਰਿ ਸੈਲ ਜਯੋਂ ਬਿਲੰਦ ਪਰ, ਗੋਰੀ ਗੋਰੇ ਓਰੇ ਕੋ ਚਹਤਿ ਬਰਖਾਵਈ।[77]

ਭਾਈ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਯੋਧਿਆਂ ਦੇ ਕੱਟੇ ਹੋਏ ਸਿਰ ਇਸ ਤਰ੍ਹਾਂ ਯੁੱਧ ਭੂਮੀ ਵਿਚ ਗਿਰਦੇ ਹਨ ਜਿਵੇਂ ਤੇਜ਼ ਹਵਾ ਚੱਲਣ ਨਾਲ ਦਰਖ਼ਤ ਤੋਂ ਨਾਰੀਅਲ ਡਿੱਗਦੇ ਹਨ। ਜਦੋਂ ਯੁੱਧ ਭੂਮੀ ਵਿਚ ਲੋਥਾਂ ਹੀ ਰਹਿ ਜਾਂਦੀਆਂ ਹਨ ਉਸੇ ਸਮੇਂ ਭਿਆਨਕ ਦ੍ਰਿਸ਼ ਨੂੰ ਭਾਈ ਸੰਤੋਖ ਸਿੰਘ ਨੇ ਕਾਵਿ ਕਲਾ ਰਾਹੀਂ ਭਾਵ-ਪੂਰਤ ਰੂਪ ਵਿੱਚ ਚਿਤਰਿਆ ਹੈ।

ਉਪਰੋਕਤ ਚਰਚਾ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਭਾਈ ਸੰਤੋਖ ਸਿੰਘ ਦਾ ਜੀਵਨ ਜਿੱਥੇ ਆਰਥਿਕ ਮੁਸ਼ਕਲਾਂ ਨਾਲ ਭਰਿਆ ਰਿਹਾ, ਉੱਥੇ ਕਲਾ ਅਤੇ ਵਿਦਵਤਾ ਪੱਖੋਂ ਗਿਆਨ ਨਾਲ ਵਰੋਸਾਇਆ ਰਿਹਾ। ਵਿੱਦਿਆ ਪ੍ਰਾਪਤੀ ਲਈ ਅਤੇ ਰਚਨਾ ਕਾਰਜ ਲਈ ਕਵੀ ਨੇ ਕਈ ਥਾਵਾਂ ਬਦਲੀਆਂ ਅਤੇ ਪ੍ਰਸਿੱਧ ਗ੍ਰੰਥਾਂ ਦੀ ਰਚਨਾ ਕੀਤੀ। ਧਾਰਮਿਕ ਰਚਨਾਵਾਂ ਲਿਖਣ ਲਈ ਉਨ੍ਹਾਂ ਨੇ ਕਾਫ਼ੀ ਤਰੱਦਦ ਕੀਤਾ। ਇਸ ਤਰੱਦਦ ਸਦਕਾ ਹੀ ਉਨ੍ਹਾਂ ਦਾ ਰਚਨਾਤਮਿਕ ਅਕਸ ਹੀਰੇ ਵਾਂਗ ਉਭਰ ਕੇ ਸਾਹਮਣੇ ਆਉਂਦਾ ਹੈ। ਵਿਦਵਾਨਾਂ ਦੀ ਰਾਏ ਅਨੁਸਾਰ ਸ੍ਰੀ ਗੁਰ ਨਾਨਕ ਪ੍ਰਕਾਸ਼ ਉਨ੍ਹਾਂ ਦੀ ਸਰਵਵੋਤਮ ਰਚਨਾ ਮੰਨੀ ਗਈ ਹੈ। ਇਸ ਰਚਨਾ ਵਿਚ ਕਵੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਬਚਪਨ, ਉਦਾਸੀਆਂ ਅਤੇ ਸਮੁੱਚੇ ਜੀਵਨ ਦੇ ਕਾਰਨਾਮਿਆਂ ਬਾਰੇ ਪ੍ਰਕਾਸ਼ ਪਾਇਆ ਹੈ।

## ਹਵਾਲੇ/ਟਿੱਪਣੀਆਂ

1. ਜੈ ਭਗਵਾਨ ਗੋਇਲ, **ਮਹਾਂਕਵੀ ਸੰਤੋਖ ਸਿੰਘ ਜੀਵਨ ਤੇ ਰਚਨਾ,** ਪੰਨਾ 6
2. ਪਿਆਰਾ ਸਿੰਘ ਪਦਮ, **ਮਹਾਂਕਵੀ ਸੰਤੋਖ ਸਿੰਘ,** ਪੰਨਾ 11
3. ਕਾਨ੍ਹ ਸਿੰਘ ਨਾਭਾ (ਭਾਈ), **ਮਹਾਨ ਕੋਸ਼**, ਪੰਨਾ 244
4. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,** ਜਿਲਦ ਚੌਥੀ, ਭਾਈ ਵੀਰ ਸਿੰਘ (ਸੰਪਾ.) ਪੰਨਾ 1257
5. ਉਹੀ, ਜਿਲਦ ਦੂਜੀ, ਪੰਨਾ 86-89
6. ਕਾਨ੍ਹ ਸਿੰਘ ਨਾਭਾ (ਭਾਈ), **ਮਹਾਨ ਕੋਸ਼**, ਪੰਨਾ 244
7. ਖ਼ਜਾਨ ਸਿੰਘ (ਗਿਆਨੀ) ਸੰਪਾ., **ਜੀਵਨ ਕਥਾ,** ਪੰਨਾ 12-13
8. ਉਹੀ, ਪੰਨਾ 13
9. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ**, ਜਿਲਦ ਪਹਿਲੀ, ਭਾਈ ਵੀਰ ਸਿੰਘ (ਸੰਪਾ.), ਪੰਨਾ 88
10. ਜੈ ਭਗਵਾਨ ਗੋਇਲ (ਡਾ.), **ਮਹਾਂਕਵੀ ਸੰਤੋਖ ਸਿੰਘ, ਜੀਵਨ ਅਤੇ ਰਚਨਾ,** ਪੰਨਾ 3
11. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,** ਜਿਲਦ ਚੌਥੀ, ਭਾਈ ਵੀਰ ਸਿੰਘ (ਸੰਪਾ.), ਪੰਨਾ 1256
12. ਉਹੀ, ਜਿਲਦ ਪਹਿਲੀ, ਪੰਨਾ 92
13. ਖ਼ਜਾਨ ਸਿੰਘ (ਗਿਆਨੀ) ਸੰਪਾ., **ਜੀਵਨ ਕਥਾ**, ਪੰਨਾ 19
14. ਪਿਆਰਾ ਸਿੰਘ ਪਦਮ, **ਮਹਾਂਕਵੀ ਸੰਤੋਖ ਸਿੰਘ,** ਪੰਨਾ 23
15. ਤਾਰਨ ਸਿੰਘ (ਡਾ.), **ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ**, ਪੰਨਾ 119
16. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,** ਜਿਲਦ ਪਹਿਲੀ, ਭਾਈ ਵੀਰ ਸਿੰਘ (ਸੰਪਾ.), ਪੰਨਾ 95
17. ਉਹੀ, ਜਿਲਦ ਚੌਥੀ, ਪੰਨਾ 1258
18. ਉਹੀ, ਜਿਲਦ ਪੰਜਵੀਂ, ਪੰਨਾ 1325
19. ਉਹੀ, ਜਿਲਦ ਪਹਿਲੀ, ਪੰਨਾ 102
20. ਉਹੀ, ਪੰਨਾ 99-100
21. ਕਾਨ੍ਹ ਸਿੰਘ ਨਾਭਾ (ਭਾਈ), **ਮਹਾਨ ਕੋਸ਼**, ਪੰਨਾ 244
22. ਸੰਤੋਖ ਸਿੰਘ (ਭਾਈ), **ਗਰਬ ਗੰਜਨੀ ਟੀਕਾ,** ਪੰਨਾ 3
23. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,** ਜਿਲਦ ਪਹਿਲੀ, ਭਾਈ ਵੀਰ ਸਿੰਘ (ਸੰਪਾ.), ਪੰਨਾ 104
24. ਉਹੀ, ਜਿਲਦ ਚੌਦਵੀਂ, ਪੰਨਾ 6412-13
25. ਉਹੀ, ਜਿਲਦ ਪਹਿਲੀ, ਪੰਨਾ 159
26. ਉਹੀ, ਜਿਲਦ ਬਾਰ੍ਹਵੀਂ, ਪੰਨਾ 5211
27. ਉਹੀ, ਜਿਲਦ ਚੌਦਵੀਂ, ਪੰਨਾ 6410-11
28. ਉਹੀ, ਜਿਲਦ ਪਹਿਲੀ, ਪੰਨਾ 124
29. ਉਹੀ, ਜਿਲਦ ਪੰਜਵੀਂ, ਪੰਨਾ 1324-25
30. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,** ਜਿਲਦ ਪਹਿਲੀ, ਭਾਈ ਵੀਰ ਸਿੰਘ (ਸੰਪਾ.), ਪੰਨਾ 96
31. ਉਹੀ, ਜਿਲਦ ਦਸਵੀਂ, ਪੰਨਾ 4335
32. ਉਹੀ, ਜਿਲਦ ਦੂਜੀ, ਪੰਨਾ 141
33. ਉਹੀ, ਜਿਲਦ ਤੀਜੀ, ਪੰਨਾ 434

34. ਉਹੀ, ਜਿਲਦ ਚੌਥੀ ਪੰਨਾ 766-67
35. ਉਹੀ, ਜਿਲਦ ਦੂਜੀ, ਪੰਨਾ 150
36. ਉਹੀ, ਪੰਨਾ 157
37. ਉਹੀ, ਪੰਨਾ 199
38. ਉਹੀ, ਜਿਲਦ ਚੌਥੀ, ਪੰਨਾ 1121-33, 1141-42, 1209-15
39. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰ ਨਾਨਕ ਪ੍ਰਕਾਸ਼ ਪੂਰਬਾਰਧ** (ਭਾਗ ਪਹਿਲਾ) ਕਿਰਪਾਲ ਸਿੰਘ (ਸੰਪਾ.),ਪੰਨਾ 548
40. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ**, ਜਿਲਦ ਤੀਜੀ, ਪੰਨਾ 642-643
41. ਉਹੀ, ਜਿਲਦ ਦੂਜੀ, ਪੰਨਾ 146
42. ਉਹੀ, ਜਿਲਦ ਤੀਜੀ, ਪੰਨਾ 435-445
43. ਉਹੀ, ਜਿਲਦ ਪਹਿਲੀ, ਪੰਨਾ 177-178
44. ਉਹੀ, ਜਿਲਦ ਚੌਥੀ, ਪੰਨਾ 1257
45. ਜੋਗਿੰਦਰ ਸਿੰਘ (ਡਾ.), **ਜਪੁਜੀ ਦੇ ਟੀਕੇ,** ਪੰਨਾ 17
46. ਸਾਧੂ ਅਨੰਦਘਨ, **ਜੁਪਜੀ ਸਾਹਿਬ ਦਾ ਟੀਕਾ,** ਪਾਉੜੀ 25
47. ਸੰਤੋਖ ਸਿੰਘ (ਭਾਈ), **ਗਰਬ ਗੰਜਨੀ ਟੀਕਾ,** ਪੰਨਾ 184
48. ਉਹੀ, ਪੰਨਾ 13-14
49. ਉਹੀ, ਪੰਨਾ 93
50. ਉਹੀ, ਪੰਨਾ 4
51. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,** ਜਿਲਦ ਪਹਿਲੀ, ਭਾਈ ਵੀਰ ਸਿੰਘ (ਸੰਪਾ.), ਪੰਨਾ 126
52. (ੳ) ਉਹੀ, ਜਿਲਦ ਪਹਿਲੀ, ਪੰਨਾ 127
    (ਅ) ਜੈਭਗਵਾਨ ਗੋਇਲ, **ਮਹਾਂਕਵੀ ਸੰਤੋਖ ਸਿੰਘ ਜੀਵਨ ਤੇ ਰਚਨਾ,** ਪੰਨਾ 36, 37
53. ਸਰਬਜਿੰਦਰ ਸਿੰਘ, ਡਾ. (ਸੰਪਾ.), **ਨਾਨਕ ਪ੍ਰਕਾਸ਼ ਪੱਤ੍ਰਿਕਾ**, ਜੂਨ 2007, ਅੰਕ ਪਹਿਲਾ, ਪੰਨਾ 185
54. ਜੈ ਭਗਵਾਨ ਗੋਇਲ, ਡਾ. (ਸੰਪਾ.), **ਭਾਈ ਸੰਤੋਖ ਸਿੰਘ ਰਚਿਤ ਗੁਰ ਪ੍ਰਤਾਪ ਸੂਰਜ (ਸੰਖਿਪਤ)**, ਪੰਨਾ 28-29
55. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ**, ਜਿਲਦ ਪਹਿਲੀ, ਭਾਈ ਵੀਰ ਸਿੰਘ (ਸੰਪਾ.), ਪੰਨਾ 132
56. ਉਹੀ, ਜਿਲਦ ਪੰਜਵੀਂ, ਪੰਨਾ 1325
57. ਜੈ ਭਗਵਾਨ ਗੋਇਲ, ਡਾ. (ਸੰਪਾ.), **ਭਾਈ ਸੰਤੋਖ ਸਿੰਘ ਰਚਿਤ ਗੁਰ ਪ੍ਰਤਾਪ ਸੂਰਜ (ਸੰਖਿਪਤ)**, ਪੰਨਾ 31
58. **ਭਾਈ ਗੁਰਦਾਸ, ਕਬਿੱਤ ਸਵੈਯੇ**, ਓਅੰਕਾਰ ਸਿੰਘ (ਸੰਪਾ.), ਪੰਨਾ 124
59. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ**, ਜਿਲਦ ਪੰਜਵੀ, ਭਾਈ ਵੀਰ ਸਿੰਘ (ਸੰਪਾ.), ਪੰਨਾ 1275
60. ਉਹੀ, ਪੰਨਾ 1335
61. ਉਹੀ, ਪੰਨਾ 1336
62. ਉਹੀ, ਜਿਲਦ ਦਸਵੀਂ, 3870
63. ਉਹੀ, ਪੰਨਾ 3960
64. ਉਹੀ, ਜਿਲਦ ਚੌਦਵੀਂ, ਪੰਨਾ 6406-07
65. ਸ਼ੇਰ ਸਿੰਘ (ਡਾ.), **ਗੁਰਮਤਿ ਦਰਸ਼ਨ,** ਪੰਨਾ 12
66. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ**, ਜਿਲਦ ਪੰਜਵੀ, ਭਾਈ ਵੀਰ ਸਿੰਘ (ਸੰਪਾ.), ਪੰਨਾ 1314
67. ਜੈ ਭਗਵਾਨ ਗੋਇਲ (ਡਾ.), **ਮਹਾਂਕਵੀ ਭਾਈ ਸੰਤੋਖ ਸਿੰਘ,** ਪੰਨਾ 34-36

68. ਜੈ ਭਗਵਾਨ ਗੋਇਲ (ਡਾ.), **ਭਾਈ ਸੰਤੋਖ ਸਿੰਘ ਰਚਿਤ ਗੁਰ ਪ੍ਰਤਾਪ ਸੂਰਜ (ਸੰਖਿਪਤ),** ਪੰਨਾ 35
69. ਰੁਪਿੰਦਰ ਕੌਰ ਕਾਹਲੋਂ (ਡਾ.), **ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਅਨੁਕ੍ਰਮਣਿਕਾ**, ਪੰਨਾ 29
70. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ**, ਜਿਲਦ ਗਿਆਰਵੀਂ, ਭਾਈ ਵੀਰ ਸਿੰਘ (ਸੰਪਾ.), ਪੰਨਾ 4485
71. ਜੈ ਭਗਵਾਨ ਗੋਇਲ (ਡਾ.), **ਮਹਾਂਕਵੀ ਭਾਈ ਸੰਤੋਖ ਸਿੰਘ : ਜੀਵਨ ਤੇ ਰਚਨਾ,** ਪੰਨਾ 99
72. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ**, ਜਿਲਦ ਦੂਜੀ, ਭਾਈ ਵੀਰ ਸਿੰਘ (ਸੰਪਾ.), ਪੰਨਾ 210-11
73. ਉਹੀ, ਜਿਲਦ ਦੂਜੀ, ਪੰਨਾ 214
74. ਉਹੀ, ਜਿਲਦ ਚੌਦਵੀਂ, ਪੰਨਾ 6107
75. ਉਹੀ, ਜਿਲਦ ਦੂਜੀ, ਪੰਨਾ 223
76. ਉਹੀ, ਪੰਨਾ 248-49
77. ਉਹੀ, ਜਿਲਦ ਤੇਰਵੀਂ, ਪੰਨਾ 5771-72

# ਅਧਿਆਇ - ਦੂਜਾ

# ਸ਼੍ਰੀ ਗੁਰ ਨਾਨਕ ਪ੍ਰਕਾਸ਼ ਮੁਢਲਾ ਸਰਵੇਖਣ

ਖੋਜ-ਪ੍ਰਬੰਧ ਦਾ ਦੂਜਾ ਅਧਿਆਇ ਸ਼੍ਰੀ ਗੁਰ ਨਾਨਕ ਪ੍ਰਕਾਸ਼: ਮੁਢਲਾ ਸਰਵੇਖਣ ਹੈ। ਇਸ ਅਧਿਆਇ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਸਾਖੀਆਂ, ਇਤਿਹਾਸਿਕ ਘਟਨਾਵਾਂ, ਚਮਤਕਾਰੀ ਕਰਾਮਾਤਾਂ ਅਤੇ ਮਨੁੱਖੀ ਜਾਮੇ ਵਿਚ ਰਹਿ ਕੇ ਪ੍ਰਭੂ ਭਗਤੀ ਤੋਂ ਪਰਮਾਰਥ ਬਾਰੇ ਜਾਣਕਾਰੀ ਉਪਲਬਧ ਹੈ। ਸਰਵੇਖਣ ਅਧੀਨ ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਰਚਿਤ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਨੂੰ ਆਧਾਰ ਬਣਾਇਆ ਗਿਆ ਹੈ। ਜਿਸਦੀ ਸੰਪਾਦਨਾ ਭਾਈ ਵੀਰ ਸਿੰਘ ਨੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਅਧੀਨ ਕੀਤੀ ਹੈ। ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀਆਂ ਚੌਦਾਂ ਜਿਲਦਾਂ ਹਨ। ਜਿਨ੍ਹਾਂ ਦਾ ਪ੍ਰਕਾਸ਼ਨ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਨੇ ਕੀਤਾ ਹੈ।

ਉਪਰੋਕਤ ਗ੍ਰੰਥ ਦੀ ਇਕ ਹੋਰ ਸੰਪਾਦਨਾ ਡਾ. ਕਿਰਪਾਲ ਸਿੰਘ ਦੁਆਰਾ ਵੀ ਉਪਲਬਧ ਹੈ, ਜਿਸਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕੀਤਾ ਹੈ। ਇਸ ਸੰਪਾਦਨਾ ਵਿਚ ਸ਼੍ਰੀ ਗੁਰ ਨਾਨਕ ਪ੍ਰਕਾਸ਼ ਦਾ ਸਮੁੱਚਾ ਵਿਆਖਿਆ ਸਹਿਤ ਪਾਠ ਚਾਰ ਸੈਂਚੀਆਂ/ਭਾਗਾਂ ਵਿਚ ਸਮੇਟਿਆ ਗਿਆ ਹੈ।

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਨੂੰ ਸ਼੍ਰੀ ਗੁਰ ਨਾਨਕ ਪ੍ਰਕਾਸ਼ ਸਿਰਲੇਖ ਅਧੀਨ ਅੰਕਿਤ ਕੀਤਾ ਹੈ। ਖੋਜਾਰਥੀ ਵੱਲੋਂ ਇਹ ਸਪਸ਼ਟ ਕਰਨਾ ਬਣਦਾ ਹੈ ਕਿ ਭਾਈ ਵੀਰ ਸਿੰਘ ਦੁਆਰਾ ਸੰਪਾਦਿਤ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਭਾਵੇਂ ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ ਸਿਰਲੇਖ ਅਧੀਨ ਸੰਪਾਦਿਤ ਕੀਤਾ ਗਿਆ ਹੈ। ਪਰ ਉਸਦਾ ਮੂਲ ਪਾਠ ਭਾਈ ਸੰਤੋਖ ਸਿੰਘ ਰਚਿਤ ਗ੍ਰੰਥ ਸ਼੍ਰੀ ਗੁਰ ਨਾਨਕ ਪ੍ਰਕਾਸ਼ ਤੋਂ ਲਿਆ ਗਿਆ ਹੈ। ਦੂਜਾ ਮਹੱਤਵਪੂਰਨ ਪੱਖ ਇਹ ਸਪਸ਼ਟ ਕਰਨਾ ਬਣਦਾ ਹੈ ਕਿ ਹਥਲੇ ਖੋਜ ਪ੍ਰਬੰਧ ਦੀ ਵਿਉਂਤ ਅਤੇ ਦਾਇਰਾ ਸ੍ਰੀ ਗੁਰੂ ਨਾਨਕ ਦੇਵ ਦੇ ਜੀਵਨ ਨਾਲ ਸੰਬੰਧਿਤ ਮਿਥਿਆ ਗਿਆ ਹੈ। ਹਥਲੇ ਅਧਿਆਇ ਵਿਚ ਸ਼੍ਰੀ ਗੁਰ ਨਾਨਕ ਪ੍ਰਕਾਸ਼ ਸੰਬੰਧੀ ਮੁਢਲਾ ਸਰਵੇਖਣ ਭਾਈ ਵੀਰ ਸਿੰਘ ਦੁਆਰਾ ਸੰਪਾਦਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀਆਂ ਪਹਿਲੀਆਂ ਚਾਰ ਜਿਲਦਾਂ ਅਤੇ ਡਾ. ਕਿਰਪਾਲ ਸਿੰਘ ਦੁਆਰਾ ਸੰਪਾਦਿਤ ਚਾਰ ਭਾਗਾਂ ’ਤੇ ਆਧਾਰਿਤ ਹੈ। ਸ਼੍ਰੀ ਗੁਰ ਨਾਨਕ ਪ੍ਰਕਾਸ਼ ਦਾ ਸਰਵੇਖਣ ਕਰਦਿਆਂ ਹੋਇਆਂ ਇਸ ਅਧਿਆਇ ਨੂੰ ਨਿਮਨਲਿਖਤ ਪੱਖਾਂ ਅਧੀਨ ਵਿਚਾਰਿਆ ਗਿਆ ਹੈ। ਮੂਲਪਾਠ ਅਨੁਸਾਰ ਇਸ ਨੂੰ 12 (ਬਾਰ੍ਹਾਂ) ਪੜਾਵਾਂ ਵਿਚ ਵੰਡਿਆ ਗਿਆ ਹੈ।

1. ਮੰਗਲਾਚਰਨ
2. ਬਾਲ ਲੀਲ੍ਹਾ
3. ਖਰਾ ਸੌਦਾ ਤੇ ਮੋਦੀਖਾਨਾ
4. ਗ੍ਰਹਿਸਥ ਜੀਵਨ
5. ਵੇਈਂ ਪ੍ਰਵੇਸ਼
6. ਵਿਦਾਈ
7. ਉਦਾਸੀਆਂ

    (ੳ) ਪਹਿਲੀ ਉਦਾਸੀ (ਪੂਰਬ ਵੱਲ)
    (ਅ) ਦੂਜੀ ਉਦਾਸੀ (ਦੱਖਣ ਵੱਲ)
    (ੲ) ਤੀਜੀ ਉਦਾਸੀ (ਉੱਤਰ ਵੱਲ)
    (ਸ) ਚੌਥੀ ਉਦਾਸੀ (ਪੱਛਮ ਵੱਲ)

8. ਮਿਥਿਹਾਸਕ ਅਤੇ ਪੌਰਾਣਿਕ ਕਥਾਵਾਂ
9. ਭਾਈ ਮਰਦਾਨੇ ਦਾ ਨਿਧਨ
10. ਕਰਤਾਰਪੁਰ ਨਿਵਾਸ ਅਤੇ ਗੁਰਮਤਿ ਉਪਦੇਸ਼
11. ਗੁਰਗੱਦੀ
12. ਗੁਰੂ ਜੀ ਦਾ ਜੋਤੀ ਜੋਤ ਸਮਾਉਣਾ

**1. ਮੰਗਲਾਚਰਨ**

ਮਹਾਂਕਵੀ ਭਾਈ ਸੰਤੋਖ ਸਿੰਘ ਨੇ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦਾ ਮਹਾਨ ਕਾਰਜ ਅਰੰਭ ਕਰਨ ਤੋਂ ਪਹਿਲਾਂ ਨਿਮਰਤਾ ਸਹਿਤ ਬੁੱਧੀ ਪ੍ਰਦਾਨ ਕਰਨ ਵਾਲੀਆਂ ਸ਼ਕਤੀਆਂ ਦਾ ਮੰਗਲਾਚਰਨ ਰਾਹੀਂ ਗੁਣਗਾਨ ਕੀਤਾ ਹੈ। ਕਵੀ ਵੱਲੋਂ ਮੰਗਲਾਚਰਨ ਨੂੰ ਪੰਜ ਭਾਗਾਂ ਵਿੱਚ ਵੰਡਿਆ ਗਿਆ ਹੈ।

> ਪਹਿਲੇ ਅੰਕ ਵਿੱਚ ਆਪਣੇ ਇਸ਼ਟ ਦੀ ਮਰਿਆਦਾ ਦੇ ਮੰਗਲ ਵਜੋਂ ਅਕਾਲ ਪੁਰਖ ਦੀ ਸ਼ਲਾਘਾ ਕੀਤੀ ਹੈ। ਦੂਜੇ ਅੰਕ ਵਿੱਚ ਵਿੱਦਿਆ ਦੀ ਦੇਵੀ ਭਾਵ ਸਰਸਵਤੀ ਦੀ ਕੀਰਤੀ ਗਾਈ ਗਈ ਹੈ। ਤੀਜੇ ਅੰਕ ਵਿਚ ਦਸ ਗੁਰੂ-ਸਾਹਿਬਾਨ ਦੀ ਮਹਿਮਾ ਕੀਤੀ ਹੈ। ਚੌਥੇ ਅੰਕ ਵਿੱਚ ਆਪਣੇ ਵਿਦਿਆ ਦੇ ਦਾਤੇ ਭਾਈ ਸੰਤ ਸਿੰਘ ਦੀ ਉਪਮਾ ਕੀਤੀ ਹੈ। ਪੰਜਵੇਂ ਅੰਕ ਵਿਚ ਵਾਹਿਗੁਰੂ ਦੇ ਨਾਮ ਦਾ ਮੰਗਲ ਗਾਇਆ ਗਿਆ ਹੈ।[1]

ਸ਼੍ਰੀ ਗੁਰ ਨਾਨਕ ਪ੍ਰਕਾਸ਼ ਵਿੱਚ ਭਾਈ ਸੰਤੋਖ ਸਿੰਘ ਨੇ ਦਸ ਗੁਰੂ ਸਾਹਿਬਾਨ ਦੀ ਮਹਿਮਾ ਗਾਈ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਮਹਾਨ ਦਾਤਾ, ਸੁਖ ਦੇਣ ਵਾਲੇ, ਕਲਜੁੱਗ ਦੀ ਫਾਹੀ ਤੋਂ ਛੁਡਾਉਣ ਵਾਲੇ ਕਹਿ ਕੇ ਪ੍ਰਸੰਸਾ ਕੀਤੀ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਵਿਘਨਾਂ ਦਾ ਨਾਸ਼ ਕਰਨ ਵਾਲੇ, ਖ਼ੁਸ਼ੀਆਂ ਅਤੇ ਮੁਕਤੀ ਦੇ ਦਾਤੇ ਕਹਿ ਕੇ ਸਲਾਹਿਆ ਹੈ। ਸ੍ਰੀ ਗੁਰੂ ਅਮਰ ਦਾਸ ਜੀ ਨੂੰ ਜੀਵਾਂ ਦੇ ਦੁੱਖ-ਸੁੱਖ ਦੂਰ ਕਰਨ ਵਾਲੇ, ਅਵਿੱਦਿਆ-ਨਾਸ਼ਕ, ਪਾਪ ਅਤੇ ਭਰਮ ਦੂਰ ਕਰਨ ਵਾਲੇ ਪਰਵਾਨਿਆ ਗਿਆ ਹੈ। ਸ੍ਰੀ ਗੁਰੂ ਰਾਮ ਦਾਸ ਜੀ ਨੂੰ ਸੁੱਖਾਂ ਦੇ ਖ਼ਜ਼ਾਨੇ ਕਹਿ ਕੇ ਸ਼ਲਾਘਾ ਕੀਤੀ ਗਈ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਬੇਨਤੀਆਂ ਦੇ ਸੁਣਨ ਵਾਲੇ, ਵਡਿਆਈਆਂ ਦੇ ਰਚਣਹਾਰੇ ਦੱਸਿਆ ਗਿਆ ਹੈ। ਸ੍ਰੀ ਗੁਰੂ ਹਰਿਗੋਬਿੰਦ ਜੀ ਨੂੰ ਪਵਿੱਤਰ ਕਾਮਨਾ, ਮੋਕਸ਼ ਦੇ ਦਾਤੇ, ਗਿਆਨ ਦੇ ਭੰਡਾਰ ਅਤੇ ਅਨੰਦ ਦੇ ਸੋਮੇ ਕਿਹਾ ਗਿਆ ਹੈ। ਸ੍ਰੀ ਗੁਰੂ ਹਰਿ ਰਾਏ ਜੀ ਨੂੰ ਰਿਧੀਆਂ-ਸਿਧੀਆਂ ਦੇ ਦਾਤੇ ਮੰਨਿਆ ਗਿਆ ਹੈ। ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਪਾਪਾਂ ਦੇ ਨਾਸ਼ਕ, ਮਨ ਹਰ ਲੈਣ ਵਾਲੇ ਮੰਨਿਆ ਗਿਆ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਧਰਮ ਦੇ ਪ੍ਰਤੀਕ ਕਹਿ ਕੇ ਮੰਗਲ ਗਾਇਆ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਹਾਨਤਾ ਭਾਈ ਸੰਤੋਖ ਸਿੰਘ ਜੀ ਨੇ ਵਿਸਤ੍ਰਿਤ ਰੂਪ ਵਿੱਚ ਕੀਤੀ ਹੈ। ਉਨ੍ਹਾਂ ਨੂੰ ਦੁੱਖ ਕੱਟਣ ਵਾਲੇ, ਅਨੰਦ ਦੇ ਦਾਤੇ, ਜ਼ਾਲਮਾਂ ਦਾ ਟਾਕਰਾ ਕਰਨ ਵਾਲੇ, ਮੁਕਤੀ ਦੇਣ ਅਤੇ ਅਮੁੱਕ ਸ਼ਕਤੀਆਂ ਦੇ ਮਾਲਕ ਕਹਿ ਕੇ ਵਡਿਆਇਆ ਗਿਆ ਹੈ।

ਭਾਈ ਸੰਤੋਖ ਸਿੰਘ ਨੇ ਆਪਣੇ ਗੁਰੂ ਭਾਵ ਵਿੱਦਿਆ ਤੇ ਨਾਮ ਦੇ ਦਾਤੇ, ਦਿਆਲੂ, ਸੁੱਘੜ ਪੁਰਸ਼, ਧੀਰਜ ਧਰਮ ਦੇ ਧਾਰਨੀ ਤੇ ਉੱਤਮ ਬੁੱਧੀ ਵਾਲੇ ਕਹਿ ਕੇ ਉਹਨਾਂ ਦਾ ਮੰਗਲ ਗਾਇਆ ਹੈ। ਭਾਈ ਸੰਤੋਖ ਸਿੰਘ ਅਨੁਸਾਰ ਅਕਾਲ ਪੁਰਖ ਦਾ ਸੱਚਾ ਨਾਮ 'ਵਾਹਿਗੁਰੂ' ਹੈ ਜੋ ਇਸ ਸੰਸਾਰ ਸਾਗਰ ਦੇ ਦੁੱਖ ਦੂਰ ਕਰਨ ਵਾਲਾ, ਲੋਕ-ਪਰਲੋਕ ਵਿਚ ਸਹਾਈ, ਕਲਿਆਣਕਾਰੀ ਤੇ ਗਿਆਨ ਦਾਤਾ ਮੰਨਿਆ ਹੈ।

> ਚਾਰ ਮੁਕਤਿ ਕੇ ਇਹੁ ਦਰ ਚਾਰ। ਕਿਧੌ ਵਿਸ਼ਨੁ ਕੀ ਹੈਂ ਭੁਜ ਚਾਰ।
> ਚਾਰੁ ਪ੍ਰਦੇਸ਼ ਚੱਕ ਜੇ ਚਾਰ। ਚਾਰ ਅਵਸਥਾ ਮਹਿਂ ਸੁਖਕਾਰ।[2]

ਸ਼੍ਰੀ ਗੁਰ ਨਾਨਕ ਪ੍ਰਕਾਸ਼ ਦੀ ਰਚਨਾ ਲਈ ਭਾਈ ਸੰਤੋਖ ਸਿੰਘ ਨੇ

> ਪੈੜਾ ਮੋਖਾ (ਭਾਈ ਬਾਲੇ ਵਾਲੀ) ਜਨਮ ਸਾਖੀ, ਗਿਆਨ ਰਤਨਾਵਲੀ (ਵਾਰਾਂ ਭਾਈ ਗੁਰਦਾਸ ਜੀ) ਜਨਮ ਸਾਖੀ (ਭਾਈ ਮਨੀ ਸਿੰਘ), ਸ੍ਰੀ ਗੁਰੂ ਮਹਿਮਾ ਪ੍ਰਕਾਸ਼ (ਭਾਈ ਸਰੂਪ ਦਾਸ ਭੱਲਾ) ਗੁਰੂ ਬਿਲਾਸ ਪਾਤਸ਼ਾਹੀ ਛੇਵੀ ਨੂੰ ਆਧਾਰ ਬਣਾਇਆ ਗਿਆ ਹੈ।[3]

ਇਸ ਗ੍ਰੰਥ ਵਿੱਚ ਇਤਿਹਾਸਿਕ ਤੱਥਾਂ, ਜਨਮ ਸਾਖੀਆਂ, ਗੁਰ ਬਿਲਾਸਾਂ ਨੂੰ ਆਧਾਰ ਬਣਾ ਕੇ ਕਵੀ ਨੇ

> ਅਛੂਤੇ ਬਿੰਬਾਂ ਅਤੇ ਸੰਜੀਵ ਛੋਹਾਂ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਤੇਜਸਵੀ ਰੂਪ ਨੂੰ ਕਲਾਤਮਿਕ ਛੰਦਾਬੰਦੀ ਵਿੱਚ ਬੰਨ੍ਹਿਆ ਹੈ।[4]

**2. ਬਾਲ ਲੀਲ੍ਹਾ**

ਬਾਲ ਲੀਲ੍ਹਾ ਅਧੀਨ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਅਜਿਹੀਆਂ ਘਟਨਾਵਾਂ ਨੂੰ ਵਿਚਾਰਿਆ ਗਿਆ ਹੈ ਜੋ ਲੀਲ੍ਹਾ ਦੀ ਕੋਟੀ ਵਿਚ ਲੈ ਆਉਂਦੀਆਂ ਹਨ। ਭਾਰਤੀ ਸਭਿਆਚਾਰ ਵਿਚ ਦੇਵੀ ਦੇਵਤਿਆਂ ਅਤੇ ਯੁੱਗ ਪੁਰਸ਼ਾਂ ਦੀਆਂ ਜੀਵਨ ਘਟਨਾਵਾਂ ਦੀ ਵਿਆਖਿਆ ਲੀਲ੍ਹਾਵਾਂ ਅਧੀਨ ਹੀ ਕੀਤੀ ਮਿਲਦੀ ਹੈ। ਜਿਵੇਂ ਰਾਮ ਲੀਲ੍ਹਾ ਜਾਂ ਕ੍ਰਿਸ਼ਨ ਲੀਲ੍ਹਾ ਇਤਿਆਦਿ।

ਜਨਮ ਸਾਖੀ ਅਨੁਸਾਰ ਭਾਈ ਬਾਲਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਸਾਰ 'ਤੇ ਆਉਣ ਦਾ ਕਾਰਨ ਦੱਸਦਾ ਹੈ ਕਿ ਕਲਜੁੱਗ ਵਿੱਚ ਪਾਪ ਬਹੁਤ ਵਧੇ ਹੋਏ ਸਨ। ਇਸਲਾਮ ਦੇ ਪਰਸਾਰ ਲਈ ਸ਼ਾਸਕਾਂ ਵੱਲੋਂ ਧੋਖਾ, ਪਾਖੰਡ, ਦਿਖਾਵਾ, ਜ਼ੋਰ ਤੇ ਜ਼ਬਰ ਚਾਰੇ ਪਾਸੇਂ ਫੈਲਿਆ ਹੋਇਆ ਸੀ। ਉਸ ਸਮੇਂ ਪਿਤਾ ਮਹਿਤਾ ਕਾਲੂ ਦੇ ਘਰ ਮਾਤਾ ਤ੍ਰਿਪਤਾ ਦੀ ਕੁੱਖੋ ਕੱਤਕ ਦੀ ਪੂਰਨਮਾਸ਼ੀ ਨੂੰ ਇਕ ਹੋਣਹਾਰ ਬਾਲ ਨੇ ਜਨਮ ਲਿਆ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਰਾਏ ਭੋਇੰ ਦੀ ਤਲਵੰਡੀ ਵਿਖੇ ਹੋਇਆ ਜਿਸਨੂੰ ਅੱਜ ਕਲ੍ਹ ਨਨਕਾਣਾ ਸਾਹਿਬ ਕਿਹਾ ਜਾਂਦਾ ਹੈ। ਪੁਰਾਤਨ ਜਨਮ ਸਾਖੀ ਅਤੇ ਭਾਈ ਮਨੀ ਸਿੰਘ ਵਾਲੀ ਜਨਮ ਸਾਖੀ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਵੈਸਾਖ ਮਹੀਨੇ ਦਾ ਮੰਨਿਆ ਗਿਆ ਹੈ। ਕੁਝ ਜਨਮ ਸਾਖੀਆਂ ਅਤੇ ਵਿਦਵਾਨਾਂ ਦੀ ਘੋਖ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ 15 ਅਪਰੈਲ 1469 ਨੂੰ ਹੀ ਸਹੀ ਮੰਨਿਆ ਜਾ ਸਕਦਾ ਹੈ। ਮਹਿਤਾ ਕਾਲੂ ਦੇ ਘਰ ਪੁੱਤਰ ਹੋਣ ਤੇ ਪੰਡਿਤ ਹਰਦਿਆਲ ਨੇ ਮਹੂਰਤ ਇਸ ਤਰ੍ਹਾਂ ਵਿਚਾਰਿਆ ਕਿ

> ਬਾਲਕ ਦਾ ਮੱਥਾ ਅੱਧੇ ਚੰਨ ਦੇ ਆਕਾਰ ਦਾ ਧਨੁਸ਼ ਵਰਗੇ ਭ੍ਰਵੱਟੇ ਦੇਖ ਕੇ ਕਿਹਾ ਕਿ ਇਸ ਬਾਲਕ ਅੰਦਰ ਬੱਤੀ ਪ੍ਰਕਾਰ ਦੇ ਸ਼ੁੱਭ ਲੱਛਣ ਹਨ। ਤੇਰ੍ਹਾਂ ਦਿਨਾਂ ਬਾਅਦ ਬਾਲਕ ਦਾ ਨਾਂ ਨਾਨਕ ਰੱਖਿਆ ਗਿਆ।[5]

ਪੰਜ ਸਾਲ ਦੇ ਹੋਣ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੇ ਘਰ ਦੀਆਂ ਚੀਜ਼ਾਂ ਚੁੱਕ ਕੇ ਗਰੀਬਾਂ ਭਿਖਾਰੀਆਂ ਨੂੰ ਬਾਹਰ ਦੇ ਆਉਂਦੇ। ਜਿਸ ਤੋਂ ਪਿਤਾ ਕਾਲੂ ਗੁੱਸੇ ਹੁੰਦੇ। ਪਿਤਾ ਮਹਿਤਾ

ਕਾਲੂ ਨੇ ਗੋਪਾਲ ਪਾਂਧੇ ਕੋਲ ਗੁਰੂ ਜੀ ਨੂੰ ਪੜ੍ਹਨੇ ਪਾਇਆ। ਜਿਨ੍ਹਾਂ ਨੇ ਪਾਂਧੇ ਦੇ ਦਿੱਤੇ ਪਾਠ ਨੂੰ ਜ਼ਬਾਨੀ ਸੁਣਾ ਕੇ ਸਭ ਨੂੰ ਹੈਰਾਨ ਕਰ ਦਿੱਤਾ। ਬਾਲ ਗੁਰੂ ਜੀ ਨੇ ਪਾਂਧੇ ਨੂੰ ਕਿਹਾ ਕਿ ਦੁਨੀਆਦਾਰੀ ਦੀ ਸਿੱਖਿਆ ਦੇਣ ਦੀ ਥਾਂ ਦੁਨੀਆਂ ਦੇ ਬੰਧਨਾਂ ਤੋਂ ਮੁਕਤੀ ਦੀ ਸਿਖਿਆ ਦੇਣੀ ਜ਼ਰੂਰੀ ਹੈ।

ਪਾਂਧੇ ਪ੍ਰਤਿ ਪੂਰਬ ਉਪਕਾਰਾ। ਭਵ ਤਾਰਨ ਹਿਤ ਸ਼ਬਦ ਉਚਾਰਾ।
ਚਤੁਰਬੇਦ ਬਰ ਸਾਰ ਲਖਾਯਾ। ਤਰਹਿਂ ਸਿ ਨਰ ਸੁਨਿ ਮੰਨ ਵਸਾਯਾ।
ਦੇਹਿ ਦੀਵਟੀਂ ਕੇ ਵਿਖੇ ਨੇਹਿ ਮੋਹ ਭਰਪੂਰ।
ਬਾਤੀ ਬਿਸ਼ਿਯਨ ਬਾਸ਼ਨਾ, ਅਗਨਿ ਗਯਾਨ ਤੇ ਦੂਰ।[6]

ਪਾਂਧੇ ਨੇ ਕਾਲੂ ਨੂੰ ਕਿਹਾ ਕਿ ਬਾਲਕ ਦੀ ਵਿਦਿਆ ਸੰਪੂਰਨ ਹੈ ਅਤੇ ਇਹ ਬਿਨ੍ਹਾਂ ਪੜ੍ਹੇ ਤੋਂ ਸਭ ਕੁਝ ਪੜ੍ਹ ਸਕਦਾ ਹੈ। ਬਾਲ ਗੁਰੂ ਜੀ ਨੇ ਪੋਥੀ ਵਿੱਚੋਂ ਲਘੂ ਗੀਤਾ ਦਾ ਉਚਾਰਨ ਅਤੇ ਅਰਥ ਸੁਣਾਏ ਤਾਂ ਮਹਿਤਾ ਕਾਲੂ ਬੜੇ ਹੈਰਾਨ ਹੋਏ।ਪਿਤਾ ਮਹਿਤਾ ਕਾਲੂ ਨੇ ਬਾਲ ਗੁਰੂ ਜੀ ਨੂੰ ਉਪਜੀਵਕਾ ਪ੍ਰਾਪਤੀ ਦੀ ਯੋਗਤਾ ਲਈ ਮੌਲਵੀ ਕੋਲ ਭੇਜਿਆ। ਗੁਰੂ ਜੀ ਬੁੱਧੀਵਾਨ ਹੋਣ ਕਰਕੇ ਸਹਿਜੇ ਹੀ ਸਾਰਾ ਕੁੱਝ ਸਿੱਖ ਗਏ, ਮੌਲਵੀ ਇਹ ਵੇਖ ਕੇ ਹੈਰਾਨ ਹੋ ਗਿਆ। ਮੌਲਵੀ ਨੇ ਗੁਰੂ ਜੀ ਨੂੰ ਪ੍ਰਸ਼ਨ ਕੀਤੇ ਤਾਂ ਗੁਰੂ ਜੀ ਨੇ ਮੌਲਵੀ ਨੂੰ ਸੰਸਾਰ ਦੀ ਨਾਸ਼ਮਾਨਤਾ ਤੇ ਪ੍ਰਭੂ ਦੇ ਸਿਮਰਨ ਬਾਰੇ ਸਮਝਾਇਆ।

ਜੋ ਮਨ ਸਮਝਯੋ ਦੁਨੀ ਮੁਕਾਮੂ। ਸੋ ਜਾਨਹੁ ਝੂਠੋ ਬਿਨ ਨਾਮੂ।
ਹਰਿ ਚੰਦੌਰੀ ਪੁਨਿ ਘਨਛਾਯਾ। ਸੁਪਨਾ ਜਿਉਂ ਬਾਜੀਗਰ ਮਾਯਾ।
ਲਖਿ ਇਨ ਸਾਚ ਕਰੇ ਜੁ ਗਹਾਵਾ। ਅੰਤ ਕਾਲ ਤਿਹੁ ਹੁਇ ਪਛਤਾਵਾ।
ਜੋ ਜਾਨਹਿ ਇਹ ਮਿਥਯਾ ਭਾਸੀ। ਸੋ ਤਿਨਕੇ ਨਹਿਂ ਹੁਇ ਬਿੱਸ੍ਰਾਸੀ।[7]

ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਜਨੇਊ ਪਾਉਣ ਲਈ ਪੰਡਿਤ ਹਰਦਿਆਲ ਨੂੰ ਬੁਲਾਇਆ ਗਿਆ। ਗੁਰੂ ਜੀ ਨੇ ਪੰਡਿਤ ਤੋਂ ਜਨੇਊ ਪਾਉਣ ਦੇ ਲਾਭ ਤੇ ਹਾਨੀਆਂ ਪੁੱਛੀਆਂ। ਪੰਡਿਤ ਨੇ ਦੱਸਿਆ ਕਿ ਹਿੰਦੂ ਧਰਮ ਵਿੱਚ ਪ੍ਰਵੇਸ਼ ਕਰਨ ਲਈ ਜਨੇਊ ਪਾਉਣਾ ਜ਼ਰੂਰੀ ਹੈ। ਗੁਰੂ ਜੀ ਨੇ ਸਪਸ਼ਟ ਕੀਤਾ ਕਿ 'ਸੂਤ' ਕਿਸੇ ਜੀਵ ਨੂੰ ਪਵਿੱਤਰ ਨਹੀਂ ਕਰਦਾ। ਸਿਰਫ ਮਨੁੱਖੀ ਸ਼ੁੱਭ ਗੁਣ ਤੇ ਸ਼ੁੱਭ ਕਰਮ ਹੀ ਜੀਵ ਨੂੰ ਪਵਿੱਤਰ ਕਰ ਸਕਦੇ ਹਨ।

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥
ਏਹੋ ਜਨੇਊ ਜੀਅ ਕਾ ਹਈ ਤ ਪਾਂਡੇ ਘਤੁ॥
ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨਾ ਜਾਇ॥
ਧੰਨ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥ [8]

ਮਹਿਤਾ ਕਾਲੂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਧਿਆਨ ਬਦਲਣ ਲਈ ਮੱਝਾਂ ਗਊਆਂ ਚਾਰਨ ਲਈ ਭੇਜ ਦਿੱਤਾ। ਗੁਰੂ ਪਰਮਾਤਮਾ ਦੀ ਭਗਤੀ ਵਿਚ ਲੀਨ ਰਹਿੰਦੇ ਸਨ। ਮੱਝਾਂ ਤੇ ਗਊਆਂ ਨੇ ਸਾਰਾ ਖੇਤ ਉਜਾੜ ਦਿੱਤਾ। ਖੇਤ ਦਾ ਮਾਲਕ ਰਾਇਬੁਲਾਰ ਕੋਲ ਗਿਆ। ਰਾਇਬੁਲਾਰ ਨੇ ਕਾਲੂ ਨੂੰ ਬੁਲਾਇਆ ਤੇ ਜਦ ਖੇਤ ਜਾਕੇ ਦੇਖਿਆ ਗਿਆ ਤਾਂ ਸਾਰਾ ਖੇਤ ਹਰਾ ਭਰਾ ਸੀ।

ਗੁਰੂ ਜੀ ਮੱਝਾਂ ਗਊਆਂ ਚਾਰਦੇ ਸਮੇਂ ਇੱਕ ਬਿਰਖ ਦੀ ਠੰਡੀ ਛਾਂ ਹੇਠ ਸੌਂ ਗਏ। ਪਰਛਾਵਾਂ ਢਲ ਜਾਣ ਕਰਕੇ ਗੁਰੂ ਜੀ ਦੇ ਮੁੱਖ ਤੇ ਤੇਜ਼ ਧੁੱਪ ਵੇਖ ਕੇ ਇੱਕ ਚਿੱਟੇ ਫਨੀਅਰ ਸੱਪ ਨੇ ਫਨ ਫੈਲਾਅ ਕੇ ਉਨ੍ਹਾਂ ਦੇ ਮੁੱਖ ਤੇ ਛਾਂ ਕਰ ਦਿੱਤੀ। ਇਹ ਚਮਤਕਾਰ ਰਾਇਬੁਲਾਰ ਨੇ ਵੇਖਿਆ ਤਾਂ ਉਸਦੀ ਬਾਲਕ ਨਾਨਕ ਪ੍ਰਤੀ ਸ਼ਰਧਾ ਵਧ ਗਈ। ਇਸ ਘਟਨਾ ਦੀ ਨਗਰ ਵਿਚ ਚਰਚਾ ਹੋਈ।

ਸ਼੍ਰੀ ਗੁਰ ਨਾਨਕ ਪ੍ਰਕਾਸ਼ ਮੁਤਾਬਿਕ ਇੱਕ ਦਿਨ ਗੁਰੂ ਜੀ ਮੱਝਾਂ ਗਊਆਂ ਚਾਰਨੀਆਂ ਛੱਡ ਕੇ ਬਿਰਖ ਦੀ ਛਾਂ ਹੇਠ ਸੌਂ ਗਏ। ਉਸ ਰਸਤੇ ਲੰਘਦੇ ਰਾਇਬੁਲਾਰ ਨੇ ਵੇਖਿਆ ਕਿ ਦੁਪਹਿਰੇ ਕਾਰਨ, ਸਾਰੇ ਬਿਰਖਾਂ ਦੇ ਪਰਛਾਵੇ ਢਲ ਚੁੱਕੇ ਸਨ। ਪਰ ਇਸ (ਗੁਰੂ ਵਾਲੇ) ਬਿਰਖ ਦਾ ਪਰਛਾਵਾਂ ਸਥਿਰ ਹੈ। ਰਾਇਬੁਲਰ ਦਾ ਗੁਰੂ ਜੀ ਦੀ ਵਡਿਆਈ ਵਿੱਚ ਸਿਰ ਝੁਕ ਗਿਆ। ਕਵੀ ਨੇ ਬਾਲ ਉਮਰ ਦੀ ਘਟਨਾ ਬਾਰੇ ਦੱਸਿਆ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਏਕਾਂਤ ਵਿੱਚ ਘਰ ਪਏ ਰਹਿੰਦੇ ਜਾਂ ਸਾਧਾਂ,ਸੰਤਾਂ, ਫਕੀਰਾਂ ਅਤੇ ਸੱਜਣ ਪੁਰਸ਼ਾਂ ਨਾਲ ਮਿਲਕੇ ਗਿਆਨ ਦੀਆਂ ਗੱਲਾਂ ਕਰਦੇ।ਗੁਰੂ ਜੀ ਦੀ ਇਸ ਮਨੋ ਅਵਸਥਾ ਨੂੰ ਬੀਮਾਰੀ ਸਮਝ ਕੇ ਵੈਦ ਬੁਲਾਇਆ ਗਿਆ। ਵੈਦ ਦੇ ਨਬਜ਼ ਦੇਖਣ ਸਮੇਂ ਗੁਰੂ ਜੀ ਉਨ੍ਹਾਂ ਨੂੰ ਕਹਿਣ ਲੱਗੇ।

ਅਪਨੇ ਆਪ ਕੋ ਹੇਰਹੁ ਆਮੀ। ਕਰਹੁ ਅਵਰ ਕੌ ਕੈਸ ਅਨਾਮੀ।
ਜਿਸ ਭੇਖਜ ਤੇ ਹਉਮੈ ਜਾਈ। ਅਬਚਲ ਸੁਖ ਵਸਿਹੈ ਤਨ ਆਈ।
ਸੋ ਉਪਚਾਰ ਕਰੇ ਜੇ ਕੋਊ। ਨਿਜ ਰੁਜ ਖੋਇ ਬੈਦ ਭਲ ਸੋਊ।
ਜਨਮ ਮਰਨ ਤੇ ਮੁਕਤਾ ਹੋਈ। ਬਹੁਰ ਨ ਰੋਗ ਬਿਆਪੈ ਕੋਈ। [9]

### 3. ਖਰਾ ਸੌਦਾ ਤੇ ਮੋਦੀਖ਼ਾਨਾ

ਜਦ ਗੁਰੂ ਜੀ ਨੌਜਵਾਨ ਹੋ ਗਏ ਤਾਂ ਪਿਤਾ ਕਾਲੂ ਨੇ ਉਨ੍ਹਾਂ ਨੂੰ ਕੰਮ-ਕਾਰ ਵਿਚ ਪਾਉਣਾ

ਚਾਹਿਆ। ਗੁਰੂ ਜੀ ਨੂੰ 20 ਰੁਪਏ ਦੇ ਕੇ ਕੋਈ ਫਾਇਦੇਮੰਦ ਸੌਦਾ ਕਰਨ ਲਈ ਭੇਜਿਆ। ਗੁਰੂ ਜੀ ਨੇ 20 ਰੁਪਏ ਦਾ ਭੁੱਖੇ ਸਾਧੂਆਂ ਨੂੰ ਭੋਜਨ ਛੱਕਾ ਕੇ ਸੱਚਾ ਜਾਂ ਖਰਾ ਸੌਦਾ ਕੀਤਾ। ਜਦੋਂ ਗੁਰੂ ਜੀ ਭੁੱਖੇ ਸਾਧੂਆਂ ਨੂੰ ਭੋਜਨ ਛਕਾ ਕੇ ਖਰਾ ਸੌਦਾ ਕਰਕੇ ਘਰ ਵਾਪਸ ਆਏ ਮਹਿਤਾ ਕਾਲੂ ਨੂੰ ਇਸ ਘਟਨਾ ਦਾ ਪਤਾ ਲੱਗਣ ਤੇ ਉਨ੍ਹਾਂ ਨੇ ਗੁੱਸੇ ਵਿੱਚ ਨਾਨਕ ਦੇ ਚਪੇੜਾਂ ਮਾਰੀਆਂ ਤੇ ਬੁਰਾ ਭਲਾ ਕਿਹਾ। ਫਿਰ ਰਾਇਬੁਲਾਰ ਨੇ ਮਹਿਤਾ ਕਾਲੂ ਨੂੰ ਸਮਝਾਇਆ ਕਿ ਇਹ ਤਾਂ ਜਗਤ ਦਾ ਨਿਸਤਾਰਾ ਕਰਨ ਵਾਲਾ ਹੈ। ਫਿਰ ਗੁਰੂ ਜੀ ਨੂੰ ਸਮਝਾ ਕੇ ਸੁਲਤਾਨਪੁਰ ਭੈਣ ਬੀਬੀ ਨਾਨਕੀ ਤੇ ਜੀਜਾ ਜੀ ਜੈ ਰਾਮ ਕੋਲ ਭੇਜ ਦਿੱਤਾ ਤਾਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਕਿਸੇ ਕਾਰਜ ਵਿਚ ਪਾਇਆ ਜਾ ਸਕੇ। ਗੁਰੂ ਜੀ ਨੂੰ ਨਵਾਬ ਦੌਲਤ ਖਾਂ ਦੇ ਮੋਦੀਖਾਨੇ ਵਿੱਚ ਨੌਕਰੀ ਤੇ ਲਗਵਾ ਦਿੱਤਾ ਗਿਆ। ਗੁਰੂ ਜੀ ਨੇ ਤੇਰਾਂ-ਤੇਰਾਂ ਤੋਲ ਕੇ ਸਭ ਨੂੰ ਝੋਲੀਆਂ ਭਰ ਕੇ ਤੋਰਿਆ। ਮੋਦੀਖਾਨੇ 'ਚ ਨੌਕਰੀ ਕਰਨ ਸਮੇਂ ਕਈਆਂ ਵੱਲੋਂ ਗੁਰੂ ਜੀ ਦੀ ਸ਼ਿਕਾਇਤ ਕੀਤੀ ਗਈ। ਪਰ ਹਿਸਾਬ ਕਰਨ ਤੇ ਹਮੇਸ਼ਾ ਵਾਧਾ ਹੀ ਨਿਕਲਿਆ।

### 4. ਗ੍ਰਹਿਸਥ ਜੀਵਨ

ਸ੍ਰੀ ਗੁਰ ਨਾਨਕ ਪ੍ਰਕਾਸ਼ ਅਨੁਸਾਰ ਗੁਰੂ ਜੀ ਦੀ 'ਪੱਖੋ ਦੇ ਰੰਧਾਵੇ' ਪਿੰਡ ਤੋਂ ਮੂਲਾ ਖੱਤਰੀ ਦੀ ਧੀ ਬੀਬੀ ਸੁਲੱਖਣੀ ਨਾਲ ਕੁੜਮਾਈ ਹੋ ਗਈ। ਮੋਦੀਖਾਨੇ ਦੀ ਨੌਕਰੀ ਗੁਰੂ ਜੀ ਖੁੱਲ੍ਹ ਦਿਲੀ ਇਮਾਨਦਾਰੀ ਨਾਲ ਕਰਦੇ ਰਹੇ। ਗੁਰੂ ਜੀ ਦੇ ਵਿਆਹ ਸਮੇਂ ਸ਼ਗਨ ਮਨਾਏ ਗਏ ਅਤੇ ਵਧਾਈਆਂ ਦਿੱਤੀਆਂ ਗਈਆਂ। ਪੱਖੋਂ ਕੇ ਪਿੰਡ ਪੁੱਜਣ ਤੇ ਬਰਾਤ ਦਾ ਸੁਆਗਤ ਕੀਤਾ ਗਿਆ। ਵਿਆਹ ਦੀ ਰਸਮ ਕੁਲ ਦੀ ਮਰਿਯਾਦਾ ਅਨੁਸਾਰ ਹੋਈ। ਗੁਰੂ ਜੀ ਨੂੰ ਸਿੱਠਣੀਆਂ ਦਿੱਤੀਆਂ ਗਈਆਂ। ਬਾਰਾਤ ਵਾਪਸ ਤਲਵੰਡੀ ਪੁੱਜਣ ਤੇ ਬੀਬੀ ਸੁਲੱਖਣੀ ਦਾ ਸੁਆਗਤ ਕੀਤਾ ਗਿਆ। ਮਾਤਾ ਤ੍ਰਿਪਤਾ ਨੇ ਕਈ ਸ਼ਗਨ ਕੀਤੇ। ਵਿਆਹ ਤੋਂ ਬਾਅਦ ਗੁਰੂ ਜੀ ਮਹੀਨਾ ਭਰ ਤਲਵੰਡੀ ਰਹੇ। ਸੁਲਤਾਨਪੁਰ ਪਹੁੰਚਣ ਤੇ ਬੀਬੀ ਨਾਨਕੀ ਤੇ ਜੈ ਰਾਮ ਨੇ ਉਨ੍ਹਾਂ ਦੋਹਾਂ ਦਾ ਸੁਆਗਤ ਕੀਤਾ। ਕੁਝ ਸਮੇਂ ਪਿੱਛੋਂ ਸੁਲੱਖਣੀ ਦਾ ਪਿਤਾ ਮੂਲਾ ਆਪਣੀ ਪੁੱਤਰੀ ਨੂੰ ਮਿਲਣ ਆਇਆ ਤਾਂ ਸੁਲੱਖਣੀ ਨੇ ਦੁੱਖ ਭਰੇ ਅੰਦਾਜ਼ ਇਹ ਦੱਸਿਆ ਕਿ ਮੇਰਾ ਪਤੀ ਤਾਂ ਧੰਨ ਕਮਾ-ਕਮਾ ਕੇ ਲੁਟਾ ਰਿਹਾ ਹੈ।

ਸੁਨਿ ਪਿਤ ਭਲੇ ਸੰਗ ਹੌਂ ਲਾਈ। ਜਿਹ ਨਿਕੇਤ ਕੀ ਚਿੰਤ ਨ ਕਾਈ।
ਕਰਿ ਸਨਬੰਧ ਡੋਬ ਤੁਮ ਦੀਨੀ। ਪੂਰਬ ਜਨਮ ਕਰਮ ਮੈਂ ਹੀਨੀ।
ਜਿਉਂ ਨਿਸਿ ਬਸੈ ਆਨ ਪਰਦੇਸੀ। ਉਰ ਨਿਰਮੋਹ ਰੀਤਿ ਤਿਹ ਤੈਸੀ।
ਗ੍ਰਿਸਤਿ ਰੀਤਿ ਤੇ ਨੀਤ ਕੁਢਾਲੀ। ਮਾਨਹੁ ਬਨਯੋ ਫਜੂਲਿਨ ਸਾਲੀ।[10]

ਇੱਕ ਦਿਨ ਗੁਰੂ ਜੀ ਸਹਿਜ ਸੁਭਾਅ ਭੈਣ ਨਾਨਕੀ ਨੂੰ ਮਿਲਣ ਗਏ। ਭੈਣ ਨੇ ਆਦਰ

ਨਾਲ ਬਿਠਾ ਕੇ ਖੁਸ਼ੀ ਪ੍ਰਗਟ ਕੀਤੀ ਅਤੇ ਭਤੀਜਾ ਵੇਖਣ ਦੀ ਇੱਛਾ ਪ੍ਰਗਟਾਈ। ਫਿਰ ਗੁਰੂ ਜੀ ਦੇ ਘਰ ਪੁੱਤਰ ਪੈਦਾ ਹੋਇਆ, ਜਿਸ ਦਾ ਨਾਂ ਸ੍ਰੀਚੰਦ ਰੱਖਿਆ ਗਿਆ। ਗੁਰੂ ਜੀ ਦੀ ਇੱਛਾ ਨਾਲ ਭੈਣ ਨਾਨਕੀ ਨੇ ਭਤੀਜਾ ਗੋਦ ਲਿਆ। ਭਗੀਰਥ ਮੈਲਸੀਹਾਂ ਪਿੰਡ ਦਾ ਨੰਬਰਦਾਰ ਸੀ ਜੋ ਦੁਰਗਾ ਦੀ ਉਪਾਸਨਾ ਤਿਆਗ ਕੇ ਗੁਰੂ ਨਾਨਕ ਦੇਵ ਜੀ ਦਾ ਆਤਮ-ਗਿਆਨੀ ਸਿੱਖ ਹੋਇਆ ਹੈ।[11] ਉਸ ਨੂੰ ਸੁਪਨੇ ਵਿੱਚ ਕਾਲਕਾ ਨੇ ਦੱਸਿਆ ਕਿ ਪੂਰਨ ਮੁਕਤੀ ਲਈ ਸ੍ਰੀ ਗੁਰੂ ਨਾਨਕ ਦੇਵ ਦੇ ਚਰਨੀ ਲੱਗਿਆ ਰਹੇ।

## 5. ਵੇਈਂ ਪ੍ਰਵੇਸ਼

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਹਿਸੂਸ ਕੀਤਾ ਕਿ ਕਲਜੁੱਗ ਵਿਚ ਪਾਪ-ਪਾਖੰਡ ਬਹੁਤ ਵੱਧ ਗਏ ਹਨ ਇੰਨਾਂ ਨੂੰ ਖ਼ਤਮ ਕੀਤਾ ਜਾਵੇ। ਇਸ ਤੋਂ ਇਲਾਵਾ ਸਿੱਖੀ ਦਾ ਪ੍ਰਸਾਰ ਕਰਨ ਦੇ ਉਦੇਸ਼ ਨਾਲ ਗੁਰੂ ਜੀ ਨੇ ਮੋਦੀਖ਼ਾਨੇ ਦੀ ਨੌਕਰੀ ਤਿਆਗ ਦਿੱਤੀ। ਬਾਲੇ ਤੇ ਭਗੀਰਥ ਨੂੰ ਉਨ੍ਹਾਂ ਨੇ ਇਹ ਦੱਸ ਦਿੱਤਾ ਕਿ ਉਹ ਹੁਣ ਸੰਸਾਰੀ ਰਹੁਰੀਤ ਛੱਡ ਕੇ ਨਵਾਂ ਪੰਥ ਚਲਾਉਣਗੇ। ਘਰ ਨੂੰ ਤਾਂ ਕਦੀ-ਕਦੀ ਵੇਖਿਆ ਕਰਨਗੇ। ਇਸ ਤਰ੍ਹਾਂ ਗੁਰੂ ਜੀ ਸੰਸਾਰਕ ਮੋਹ ਤਿਆਗ ਕੇ ਪਰਮਾਰਥ 'ਚ ਲੀਨ ਹੋਣ ਲਗ ਪਏ। ਪੁਰਾਤਨ ਜਨਮ ਸਾਖੀ, ਬਾਲੇ ਵਾਲੀ ਜਨਮ ਸਾਖੀ ਤੇ ਸ਼੍ਰੀ ਗੁਰ ਨਾਨਕ ਪ੍ਰਕਾਸ਼ ਵਿਚ ਦੱਸਿਆ ਗਿਆ ਹੈ ਕਿ ਹਰ ਰੋਜ਼ ਦੀ ਤਰ੍ਹਾਂ ਗੁਰੂ ਜੀ ਵੇਈਂ ਤੇ ਇਸ਼ਨਾਨ ਕਰਨ ਗਏ। ਸੇਵਕ ਨੂੰ ਕੱਪੜੇ ਫੜ੍ਹਾ ਕੇ ਗੁਰੂ ਜੀ ਨੇ ਕੇ ਟੁੱਭੀ ਮਾਰੀ ਤੇ ਬਾਹਰ ਨਾ ਨਿੱਕਲੇ। ਜੈ ਰਾਮ ਤੇ ਨਵਾਬ ਦੌਲਤ ਖਾਂ ਘਬਰਾ ਗਏ। ਪਰ ਬੀਬੀ ਨਾਨਕੀ ਨਾ ਡੋਲੀ। ਸਤਿਗੁਰ ਜੀ ਦੇ ਪੁਰਾਣੇ ਸੰਗੀ ਸਾਥੀ ਭੈ ਭੀਤ ਹੋ ਗਏ। ਮਲਾਹਾਂ ਤੇ ਗ਼ੋਤੇਖ਼ੋਰਾਂ ਨੇ ਨਦੀ ਛਾਣ ਮਾਰੀ। ਜਾਲ ਵੀ ਪਾਏ ਗਏ। ਪਰ ਕੁੱਝ ਹੱਥ ਪੱਲੇ ਨਾ ਪਿਆ। ਲੋਕ ਬਹੁਤ ਰੋ ਕੁਰਲਾ ਰਹੇ ਸਨ। ਪਰ ਬੀਬੀ ਨਾਨਕੀ ਨੂੰ ਆਪਣੇ ਵੀਰ ਦੇ ਕੌਤਕਾਂ ਤੇ ਵਿਸ਼ਵਾਸ ਸੀ। ਮਾਤਾ ਸੁਲੱਖਣੀ ਵੀ ਵਿਆਕੁਲ ਹੋ ਗਈ। ਬੀਬੀ ਨਾਨਕੀ ਪਰਿਵਾਰ ਨੂੰ ਤਸੱਲੀ ਅਤੇ ਸਿੱਖੀ ਮੱਤ ਦਿੰਦੀ ਰਹੀ ਕਿ ਮੇਰਾ ਭਰਾ ਤਾਂ ਆਪ ਪਰਮੇਸ਼ਰ ਰੂਪ ਹੈ, ਉਸ ਤੇ ਯਕੀਨ ਰੱਖੋਂ। ਪਰ ਗੁਰੂ ਜੀ ਦੇ ਵਿਰੋਧੀਆਂ ਨੂੰ ਚੰਗਾ ਸਮਾਂ ਮਿਲ ਗਿਆ। ਉਹ ਕਹਿਣ ਲੱਗੇ ਦੇਖੋ ਵੱਡਾ ਅਮੀਰ ਤੇ ਦਾਨੀ ਬਣਿਆ ਫਿਰਦਾ ਸੀ। ਮੋਦੀਖ਼ਾਨੇ ਵਿਚ ਘਾਟਾ ਪੈ ਗਿਆ ਹੋਵੇਗਾ, ਇਸ ਕਰਕੇ ਨਮੋਸ਼ੀ ਤੇ ਨਵਾਬ ਦੇ ਗੁੱਸੇ ਤੋਂ ਡਰਦੇ ਨੇ ਆਤਮ-ਹੱਤਿਆ ਕਰਕੇ ਜਾਨ ਖੋ ਲਈ ਹੈ।

ਬੇਬੇ ਨਾਨਕੀ ਜੀ ਨੇ ਦੂਜੀ ਰਾਤ ਇੱਕ-ਮਨ ਇਕ ਚਿੱਤ ਹੋ ਕੇ ਅਰਦਾਸ ਬੇਨਤੀ ਕੀਤੀ ਕਿ ਜਗਤ ਦੇ ਸਾਈਂ ਬਣਕੇ ਸਵੇਰੇ ਵੇਲੇ ਪ੍ਰਗਟ ਹੋ ਕੇ ਦਰਸ਼ਨ ਦੇਵੋ ਤੇ ਮੇਰੀ ਅਰਦਾਸ ਬੇਨਤੀ

ਕਬੂਲ ਕਰੋ। ਉਹਨੇ ਸਾਰੀ ਰਾਤ ਗੁਰੂ ਜੀ ਦੇ ਧਿਆਨ ਵਿੱਚ ਜੁੜ ਕੇ ਗੁਜ਼ਾਰੀ। ਆਖ਼ਰ ਬੀਬੀ ਨਾਨਕੀ ਦੀ ਅਰਦਾਸ ਪ੍ਰਵਾਨ ਹੋ ਗਈ। ਗੁਰੂ ਜੀ ਤਿੰਨਾਂ ਦਿਨਾਂ ਤੋਂ ਬਾਅਦ ਵੇਈਂ ਵਿੱਚੋਂ ਪ੍ਰਗਟ ਹੋਏ।

> ਜਹਿਂ ਪ੍ਰਵਿਸ਼ੇ ਇੱਕ ਕੋਸ ਤਹਿਂ ਨਿਕਸੇ ਗੁਰੂ ਪ੍ਰਬੀਨ।
> ਸੰਤ ਘਾਟ ਅਬ ਲਗ ਬਿਦਤ ਦਰਸਹਿਂ ਸਿੱਖ ਸੁ ਚੀਨ।[12]

ਜਿੱਥੇ ਗੁਰੂ ਜੀ ਵੇਈਂ ਵਿਚ ਪ੍ਰਵੇਸ਼ ਹੋਏ ਉੱਥੋਂ ਹੀ ਬਾਹਰ ਆਏ ਉਹ ਥਾਂ ਸੰਤ ਘਾਟ ਕਰਕੇ ਜਾਣੀ ਜਾਂਦੀ ਹੈ।

ਗੁਰੂ ਜੀ ਦੇ ਵੇਈਂ ਪ੍ਰਵੇਸ਼ ਕਰਨ ਤੋਂ ਬਾਅਦ ਤਿੰਨ ਦਿਨ ਬਾਅਦ ਬਾਹਰ ਆਉਣਾ ਤੇ ਪਰਮੇਸ਼ਰ ਦੇ ਦਰ ਤੇ ਜਾਣਾ ਅਤੇ ਉੱਥੋਂ ਉਪਦੇਸ਼ ਲੈ ਕੇ ਵਾਪਸ ਆਉਣਾ। ਉਨ੍ਹਾਂ ਦੇ ਕੌਤਕੀ ਭੇਤ ਕੋਈ ਨਾ ਸਮਝ ਸਕਿਆ। ਲੋਕ ਗੁਰੂ ਜੀ ਦੇ ਰਹੱਸ ਸੰਬੰਧੀ ਅਲੱਗ ਅੱਲਗ ਕਿਸਮ ਦੀਆਂ ਗੱਲਾਂ ਕਰਦੇ ਰਹੇ।

> ਮੁਖ ਤੇ ਭਾਖਹਿਂ ਸਤਿਗੁਰ ਬੈਠਾ।ਨਹਿਂ ਹਿੰਦੂ ਕੋ ਤੁਰਕ ਨ ਹੈਨਾ।
> ਜਗ ਮਹਿਂ ਹਿੰਦੂ ਤੁਰਕ ਨ ਕੋਊ। ਝੂਠੇ ਨਾਮ ਧਰਾਵਹਿਂ ਦੋਊ॥[13]

ਕੁਝ ਸਮੇਂ ਬਾਅਦ ਗੁਰੂ ਜੀ ਦੇ ਘਰ ਲੱਖਮੀਦਾਸ ਨੇ ਜਨਮ ਲਿਆ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ

> ਭਾਈ ਮਨਸੁਖ ਸਭ ਤੋਂ ਪਹਿਲਾਂ ਗੁਰੂ ਜੀ ਨੂੰ ਮਿਲਿਆ ਤੇ ਉਨ੍ਹਾਂ ਦਾ ਅਸ਼ੀਰਵਾਦ ਲੈ ਕੇ ਸੰਗਲਦੀਪ ਗਿਆ ਸੀ ਅਤੇ ਉਥੇ ਗੁਰਮਤਿ ਦਾ ਪ੍ਰਚਾਰ ਕੀਤਾ।[14]

### 6. ਵਿਦਾਈ

ਗੁਰੂ ਜੀ ਮੋਦੀਖ਼ਾਨਾ ਤਿਆਗ ਕੇ ਜੰਗਲ ਵਿਚ ਜਾ ਬੈਠੇ ਤੇ ਸਮਾਧੀ 'ਚ ਲੀਨ ਹੋ ਗਏ। ਨਵਾਬ ਦੌਲਤ ਖਾਂ ਨੇ ਇੱਕ ਮੁੱਲਾਂ ਨੂੰ ਮੰਤਰ ਝਾੜਾ ਕਰਨ ਭੇਜਿਆ, ਪਰ ਗੁਰੂ ਜੀ ਸਮਾਧੀ ਵਿੱਚ ਲੀਨ ਰਹੇ। ਜਦ ਗੁਰੂ ਜੀ ਸਮਾਧੀ 'ਚੋਂ ਬਾਹਰ ਆਏ ਤੇ ਅਮੋਲ ਬਚਨ ਬੋਲੇ ਤਾਂ ਮੁੱਲਾਂ ਗੁਰੂ ਜੀ ਦੇ ਚਰਨੀ ਢਹਿ ਪਿਆ। ਨਵਾਬ ਤੇ ਕਾਜ਼ੀ ਨੇ ਨਿਮਾਜ਼ ਅਦਾ ਕੀਤੀ ਅਤੇ ਗੁਰੂ ਜੀ ਖੜੇ ਰਹੇ। ਗੁਰੂ ਜੀ ਨੇ ਨਵਾਬ ਦੇ ਪੁੱਛਣ ਤੇ ਦੱਸਿਆ ਕਿ ਤੁਹਾਡਾ ਮਨ ਤਾਂ ਕੰਧਾਰ ਵਿੱਚ ਘੋੜੇ ਖਰੀਦਣ ਗਿਆ ਹੋਇਆ ਸੀ ਤੇ ਕਾਜ਼ੀ ਦਾ ਧਿਆਨ ਆਪਣੇ ਘਰ ਸੂਈ ਹੋਈ ਵਛੇਰੀ ਵੱਲ ਲੱਗਾ ਸੀ ਕਿ ਉਹ ਟੋਏ ਵਿੱਚ ਨਾ ਡਿੱਗ ਜਾਵੇ।

> ਕਰਤਿ ਖਰੀਦ ਤੁਰੰਗ ਤਰਲ, ਮਨ ਤਰਲਿਆ।
> ਕੁਰੇ ਬੀਚ ਮਸੀਤ ਨਿਵੈਂ ਕਬ ਸਰਲਿਆ।

ਬੜਵਾ ਜਯੋ ਵਛੇਰ ਗਰਤ ਤਹਿ ਪਾਸ ਹੈ।
ਹੋ ਤਿਹ ਮੈਂ ਨਹਿੰ ਗਿਰ ਪਰੈ ਬਹੁਤ ਬਿਸਵਾਸ ਹੈ।[15]

ਨਵਾਬ ਖ਼ਾਨ ਤੇ ਕਾਜ਼ੀ ਨੇ ਗੁਰੂ ਬਚਨਾਂ ਨੂੰ ਸੱਚ ਮੰਨ ਕੇ ਅਸਲੀਅਤ ਜਾਣਕੇ ਗੁਰੂ ਦੇ ਚਰਨੀ ਪੈ ਗਏ। ਜਦੋਂ ਗੁਰੂ ਜੀ ਬੀਬੀ ਨਾਨਕੀ ਪਾਸ ਰਹਿ ਰਹੇ ਸਨ ਤਾਂ ਉਨ੍ਹਾਂ ਦੀ ਸੱਸ ਤੇ ਸਹੁਰਾ ਗੁਰੂ ਜੀ ਨੂੰ ਫ਼ਕੀਰਾਂ ਵਰਗੇ ਭੇਸ ਵਿੱਚ ਦੇਖ ਕੇ ਗੁੱਸੇ ਹੋ ਰਹੇ ਸਨ।

ਧਰਿਕਰਿ ਬੇਖ ਦਿਖਾਵਈ ਸਾਧ ਬਨਯੋ ਜਗ ਮਾਂਹਿ।
ਉਭੈ ਆਤਮਜ, ਭਾਰਜਾ ਕਹੁ ਕਿਹ ਭਾਂਤ ਬਿਤਾਹਿੰ।
ਭੈ ਪਰਮੇਸੁਰ ਕੋ ਨਹੀਂ ਲਘੁ ਸੁਤ ਜਾਨਹੁ ਨਾਂਹਿ।
ਚੰਦੋਰਾਨੀ ਭਨਹਿ ਪੁਨ ਕ੍ਰੋਧ ਕਿਯੇ ਮਨ ਮਾਂਹਿ।[16]

ਗੁਰੂ ਜੀ ਦਾ ਫਕੀਰੀ ਭੇਸ ਦੇਖ ਦੇ ਸੱਸ ਚੰਦੋਰਾਨੀ ਨੇ ਕਿਹਾ ਜੇਕਰ ਤੂੰ ਪਰਿਵਾਰ ਨੂੰ ਆਸਰਾ ਨਹੀਂ ਦੇਣਾ ਸੀ ਤਾਂ ਵਿਆਹ ਕਿਉਂ ਕਰਵਾਇਆ ਸੀ। ਉਹ ਆਪਣੀ ਪੁੱਤਰੀ ਸੁਲੱਖਣੀ ਤੇ ਲੱਖਮੀਦਾਸ ਨੂੰ ਨਾਲ ਲੈ ਗਏ ਤੇ ਸ੍ਰੀ ਚੰਦ ਨੂੰ ਬੇਬੇ ਨਾਨਕੀ ਕੋਲ ਛੱਡ ਦਿੱਤਾ। ਗੁਰੂ ਜੀ ਨੇ ਫਕੀਰੀ ਭੇਸ ਪਾਇਆ ਤੇ ਮਰਦਾਨੇ ਨੂੰ ਕਿਹਾ ਹੁਣ ਤੂੰ ਘਰ ਬਾਰ ਛੱਡ ਮੇਰੇ ਨਾਲ ਰਹਿ ਤੇ ਤੂੰ ਨਗਰ ਵਿੱਚੋਂ ਰਬਾਬ ਲੈ ਆ। ਸ਼੍ਰੀ ਗੁਰ ਨਾਨਕ ਪ੍ਰਕਾਸ਼ ਅਨੁਸਾਰ ਜਦੋਂ ਮਰਦਾਨਾ ਰਬਾਬ ਵਜਾਉਣ ਲੱਗਿਆ ਤਾਂ ਉਸ ਵਿੱਚ ਨਿੰਰਕਾਰ-ਨਿੰਰਕਾਰ ਦੀਆਂ ਅਵਾਜ਼ਾਂ ਨਿਕਲ ਰਹੀਆਂ ਸਨ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ

ਭਾਈ ਫਿਰੰਦਾ ਇੱਕ ਰਬਾਬੀ ਸੀ ਜਿਸਦਾ ਪਿੰਡ ਭੈਰੋਆਣਾ ਜੋ ਸੁਲਤਾਨਪੁਰ ਥਾਣੇ ਵਿੱਚ ਪੈਂਦਾ ਸੀ ਉਸਨੇ ਗੁਰੂ ਦੀ ਆਗਿਆ ਨਾਲ ਮਰਦਾਨੇ ਨੂੰ ਰਾਗ-ਵਿੱਦਿਆ ਸਿਖਾਈ ਤੇ ਰਬਾਬ ਗੁਰੂ ਜੀ ਨੂੰ ਭੇਂਟ ਕੀਤਾ।[17]

ਬੇਬੇ ਨਾਨਕੀ ਤੋਂ ਵਿਦਾ ਲੈ ਕੇ ਮਰਦਾਨਾ ਤੇ ਗੁਰੂ ਜੀ ਚੱਲ ਪਏ। ਗੁਰੂ ਜੀ ਦੋ ਦਿਨ ਸਮਾਧੀ ਵਿੱਚ ਰਹੇ। ਮਰਦਾਨੇ ਨੂੰ ਬਹੁਤ ਭੁੱਖ ਲੱਗੀ। ਉਨ੍ਹਾਂ ਨੇ ਪਾਣੀ ਪੀ ਕੇ ਪਿਆਸ ਬੁਝਾਈ। ਮਰਦਾਨਾ ਇਸ ਤਰ੍ਹਾਂ ਸੋਚ ਰਿਹਾ ਸੀ।

ਤਜਿਕਹਿ ਪ੍ਰਭੁ ਕੋ ਜਾਇ ਨਹਿੰ, ਮਨ ਮਹਿੰ ਕਰਤਿ ਵਿਚਾਰ।
ਕਿਹ ਬਿਧਿ ਬੀਤਹਿ ਸੰਗ ਇਕਨ ਹੋਵਹਿ ਕਸ਼ਟ ਅਪਾਰ।[18]

ਮਰਦਾਨਾ ਘਰ ਜਾਣਾ ਚਾਹੁੰਦਾ ਸੀ। ਗੁਰੂ ਜੀ ਦੇ ਕਹਿਣ ਤੇ ਮਰਦਾਨਾ ਰਬਾਬ ਬੇਬੇ

ਨਾਨਕੀ ਦੇ ਘਰ ਰੱਖਣ ਗਿਆ ਸੀ ਤਾਂ ਨਾਨਕੀ ਨੇ ਪੁੱਛਿਆ ਕਿ ਤੂੰ ਉਦਾਸ ਕਿਉਂ ਹੈ? ਭਰਾ ਨਾਨਕ ਦਾ ਕੀ ਹਾਲ ਹੈ? ਤਾਂ ਮਰਦਾਨੇ ਨੇ ਆਪਣੀ ਭੁੱਖ ਦੀ ਗੱਲ ਦੱਸੀ। ਬੇਬੇ ਨਾਨਕੀ ਨੇ ਮਰਦਾਨੇ ਨੂੰ ਸਮਝਾ ਕੇ ਗੁਰੂ ਜੀ ਕੋਲ ਭੇਜ ਦਿੱਤਾ ਤੇ ਕੁਝ ਖਰਚਾ ਦਿੱਤਾ। ਫਿਰ ਗੁਰੂ ਜੀ ਤੇ ਮਰਦਾਨਾ ਬੇਬੇ ਨਾਨਕੀ ਕੋਲ ਆਏ। ਗੁਰੂ ਜੀ ਨੇ ਬੇਬੇ ਨਾਨਕੀ ਨਾਲ ਵਾਅਦਾ ਕੀਤਾ ਜਦੋਂ ਆਪ ਯਾਦ ਕਰੋਗੇ ਮੈਂ ਜ਼ਰੂਰ ਹਾਜ਼ਰ ਹੋਵਾਂਗਾ।

ਧਰਿ ਉਰਧੀਰ ਵਿਚਾਰ ਬਿਬੇਕੂ, ਸਿਮਰਨ ਤੇ ਮੈਂ ਆਵੌਂ।

ਦੇਸ਼ ਬਿਦੇਸ਼ ਦੇਖਨੇ ਇੱਛਾ ਨੇ ਨਿਦੇਸ਼ ਤੁਸ ਜਾਵੋਂ।[19]

### 7. ਉਦਾਸੀਆਂ

ਉਦਾਸੀ ਸ਼ਬਦ ਦਾ ਨਿਕਾਸ ਸੰਸਕ੍ਰਿਤ ਦੇ ਸ਼ਬਦ ਉਦਾਸੀਨ ਤੋਂ ਹੋਇਆ ਮੰਨਿਆ ਗਿਆ ਹੈ। ਉਦਾਸੀਨ ਦਾ ਅਰਥ ਵਿਕਰਤ, ਉਪਰਾਮ, ਮੋਹ ਰਹਿਤ ਹੈ।

> ਸਿੱਖ ਸਾਹਿਤ ਵਿੱਚ ਇਸ ਸ਼ਬਦ ਦੀ ਵਰਤੋਂ ਤਿੰਨ ਵਿਸ਼ਿਸਟ ਅਰਥਾਂ ਵਿੱਚ ਹੋਈ ਹੈ।[1] ਮਾਇਆ ਮੁਕਤ ਸਾਧਕ,[2] ਗੁਰੂ ਨਾਨਕ ਦੀਆਂ ਅਧਿਆਤਮਿਕ ਯਾਤਰਾਵਾਂ,[3] ਸੰਪਰਦਾਇ ਵਿਸ਼ੇਸ਼।[20]

ਇਸ ਅਧਿਆਇ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਦੂਰ ਦੁਰਾਡੇ ਦੇਸ਼ਾਂ ਵਿਚ ਕੀਤੀਆਂ ਯਾਤਰਾਵਾਂ ਨੂੰ ਉਦਾਸੀਆਂ ਦਾ ਨਾਂ ਦਿੱਤਾ ਗਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਚਾਰ ਉਦਾਸੀਆਂ ਮੰਨੀਆਂ ਜਾਂਦੀਆਂ ਹਨ। ਪੁਰਾਤਨ ਜਨਮ-ਸਾਖੀ ਅਨੁਸਾਰ ਇਹ ਉਦਾਸੀਆਂ ਗੁਰੂ ਜੀ ਨੇ ਚਾਰੇ ਦਿਸ਼ਾਵਾਂ ਵੱਲ ਵੱਖ-ਵੱਖ ਭੇਖਾਂ ਵਿੱਚ ਕੀਤੀਆਂ।

ਉਦਾਸੀ ਦੀ ਪਿਰਤ ਗੁਰੂ ਨਾਨਕ ਦੇਵ ਨੇ ਪਾਈ ਸੀ ਉਨ੍ਹਾਂ (ਯਾਤਰਾਵਾਂ) ਉਦਾਸੀਆਂ ਵੇਲੇ ਜੋ ਭੇਖ ਜਾਂ ਸਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧਾਰਣ ਕੀਤਾ। ਉਸ ਨੂੰ ਭਾਈ ਗੁਰਦਾਸ ਨੇ ਉਦਾਸੀ ਭੇਖ ਦਾ ਨਾਂ ਦਿੱਤਾ।

ਬਾਬੇ ਭੇਖ ਬਣਾਇਆ, ਉਦਾਸੀ ਕੀ ਰਤਿ ਚਲਾਈ।[21]

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਸਾਰਿਕ ਮੋਹ ਮਾਇਆ ਅਤੇ ਪਰਿਵਾਰਿਕ ਸੰਬੰਧਾਂ ਤੋਂ ਉੱਚੇ ਉਠ ਕੇ ਲੋਕ-ਕਲਿਆਣ ਲਈ ਦੇਸ-ਵਿਦੇਸ ਦੀਆਂ ਉਦਾਸੀਆਂ ਕੀਤੀਆਂ। ਇਸ ਗੱਲ ਦੀ ਪੁਸ਼ਟੀ ਜਨਮ ਸਾਖੀ-ਸਾਹਿਤ ਤੋਂ ਸਹਿਜੇ ਹੋ ਜਾਂਦੀ ਹੈ।

ਹਥਲੇ ਭਾਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਉਨ੍ਹਾਂ ਉਦਾਸੀਆਂ ਬਾਰੇ ਸੰਖੇਪ

ਵੇਰਵੇ ਦਰਜ ਹਨ, ਜਿਨ੍ਹਾਂ ਬਾਰੇ ਕਈ ਤਰ੍ਹਾਂ ਦੀਆਂ ਭਰਾਂਤੀਆਂ ਪੈਦਾ ਹੁੰਦੀਆਂ ਹਨ। ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਪਠਨ ਉਪਰੰਤ ਉਦਾਸੀਆਂ ਬਾਰੇ ਵੇਰਵੇ ਤਾਂ ਦ੍ਰਿਸ਼ਟੀਗੋਚਰ ਹੁੰਦੇ ਹਨ, ਪਰ ਅਜਿਹੀਆਂ ਥਾਵਾਂ ਨਾਵਾਂ ਬਾਰੇ ਸਪਸ਼ਟਤਾ ਨਜ਼ਰ ਨਹੀਂ ਆਉਂਦੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਚਾਰ ਉਦਾਸੀਆਂ ਵਿਚ ਵੱਖ-ਵੱਖ ਦਿਸ਼ਾਵਾਂ ਵਿਚ ਕ੍ਰਮਵਾਰ ਕਿਸ ਕਿਸ ਜਿਲ੍ਹੇ ਜਾਂ ਸੂਬੇ ਵਿਚ ਗਏ। ਹਾਲਾਂ ਕਿ ਪ੍ਰੋ. ਸਾਹਿਬ ਸਿੰਘ ਜੀਵਨ ਬਿਰਤਾਂਤ ਸ੍ਰੀ ਗੁਰੂ ਨਾਨਕ ਦੇਵ ਜੀ ਪੁਸਤਕ ਵਿਚ ਸਾਰੀਆਂ ਉਦਾਸੀਆਂ ਨੂੰ ਸੰਨ ਸਹਿਤ ਅੰਕਿਤ ਕਰਦੇ ਹਨ; ਜਦ ਕਿ ਡਾ. ਫੌਜਾ ਸਿੰਘ ਅਤੇ ਕਿਰਪਾਲ ਸਿੰਘ ਰਚਿਤ ਐਟਲਸ ਗੁਰੂ ਨਾਨਕ ਦੇਵ ਜੀ ਦੇ ਸਫ਼ਰ ਪੁਸਤਕ ਵਿਚ ਭਾਈ ਗੁਰਦਾਸ, ਜਨਮਸਾਖੀ (ਵਲਾਇਤ ਵਾਲੀ), ਜਨਮਸਾਖੀ ਮਿਹਰਬਾਨ ਵਾਲੀ, ਜਨਮ ਸਾਖੀ ਭਾਈ ਬਾਲੇ ਵਾਲੀ ਤੇ ਆਧਾਰਿਤ ਗੁਰੂ ਨਾਨਕ ਦੀਆਂ ਉਦਾਸੀਆਂ ਬਾਰੇ ਵਿਸਤ੍ਰਿਤ ਵੇਰਵੇ ਪ੍ਰਸਤੁਤ ਕਰਦੇ ਹਨ।

ਹਥਲੀ ਚਰਚਾ ਵਿਚ ਸ਼੍ਰੀ ਗੁਰ ਨਾਨਕ ਪ੍ਰਕਾਸ਼ ਦੇ ਮੂਲ ਪਾਠ ਨੂੰ ਆਧਾਰ ਮੰਨਦੇ ਹੋਏ ਗੁਰੂ ਨਾਨਕ ਜੀ ਦੀ ਪਹਿਲੀ, ਦੂਜੀ, ਤੀਜੀ ਅਤੇ ਚੌਥੀ ਉਦਾਸੀ ਨੂੰ ਪ੍ਰਭਾਸ਼ਿਤ ਕਰਦੇ ਹੋਏ, ਪਹਿਲਾਂ ਉਪਰੋਕਤ ਜਨਮਸਾਖੀਆਂ ਦੇ ਵੇਰਵੇ ਪ੍ਰਸਤੁਤ ਕੀਤੇ ਗਏ ਹਨ ਜੋ ਇਕ ਦੂਜੇ ਨਾਲ ਮੇਲ ਨਹੀਂ ਖਾਂਦੇ, ਫਿਰ ਵੀ ਅਜਿਹੇ ਵੇਰਵੇ ਪੰਜਾਬੀ ਸਾਹਿਤ ਦੀਆਂ ਪ੍ਰਮਾਣਿਕ ਪੁਸਤਕਾਂ ਵਿਚ ਦਰਜ ਹਨ। ਇਸ ਲਈ ਇਹਨਾਂ ਵੇਰਵਿਆਂ ਦੇ ਸਮਵਿੱਥ ਸ਼੍ਰੀ ਗੁਰ ਨਾਨਕ ਪ੍ਰਕਾਸ਼ ਦੇ ਮੂਲ ਪਾਠ ਨੂੰ ਵੀ ਰੱਖਿਆ ਗਿਆ ਹੈ। ਭਾਈ ਸੰਤੋਖ ਸਿੰਘ ਜੀ ਨੇ ਸ਼੍ਰੀ ਗੁਰ ਨਾਨਕ ਪ੍ਰਕਾਸ਼ ਵਿਚ ਗੁਰੂ ਨਾਨਕ ਦੇ ਜੀਵਨ ਵਿਚਲੀਆਂ ਘਟਨਾਵਾਂ ਅਤੇ ਸਫ਼ਰ (ਉਦਾਸੀਆਂ) ਨੂੰ ਲੜੀਵਾਰ ਬਿਆਨ ਕੀਤਾ ਹੈ; ਜਦ ਕਿ ਮੂਲ ਪਾਠ ਦੇ ਸਰਵੇਖਣ ਸਬੰਧੀ ਖੋਜ-ਕਾਰਜ ਲੋੜ ਅਤੇ ਮਿਆਰੀ ਵਿਉਂਤ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੁੱਚੇ ਜੀਵਨ ਬਿਰਤਾਂਤ ਨੂੰ ਗਹਿਰਾਈ ਨਾਲ ਸਮਝਣ ਹਿਤ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਅਲੌਕਿਕ ਘਟਨਾਵਾਂ, ਬਚਪਨ ਅਤੇ ਬਾਕੀ ਜੀਵਨ ਨੂੰ ਵੱਖਰੇ ਖੰਡਾਂ ਵਿਚ ਵੰਡ ਕੇ ਵਿਚਾਰਿਆ ਗਿਆ ਹੈ।

### (ੳ) ਪਹਿਲੀ ਉਦਾਸੀ (ਪੂਰਬ ਵੱਲ)

ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਚਾਰ ਉਦਾਸੀਆਂ ਨੂੰ ਵੀ ਕ੍ਰਮਵਾਰ ਰੱਖ ਕੇ ਉਨ੍ਹਾਂ ਨਾਵਾਂ ਥਾਵਾਂ ਦੀ ਨਿਸ਼ਾਨਦੇਹੀ ਕਰਨ ਦਾ ਯਤਨ ਕੀਤਾ ਗਿਆ ਹੈ।

ਹਥਲੀ ਚਰਚਾ ਦਾ ਮੰਤਵ ਸ਼੍ਰੀ ਗੁਰ ਨਾਨਕ ਪ੍ਰਕਾਸ਼ ਦੇ ਮੂਲ ਪਾਠ ਤੋਂ ਵਿਪਰੀਤ ਕੋਈ ਵੱਖਰੀ ਧਾਰਨਾ ਪੇਸ਼ ਕਰਨਾ ਨਹੀਂ ਹੈ ਸਗੋਂ ਕੇਵਲ ਸਪਸ਼ਟਤਾ ਮਾਤਰ ਅਜਿਹੇ ਹਵਾਲਿਆਂ ਦਾ

ਸਹਾਰਾ ਲਿਆ ਗਿਆ ਹੈ ਜਿਨ੍ਹਾਂ ਤੋਂ ਸ੍ਰੀ ਗੁਰ ਨਾਨਕ ਪ੍ਰਕਾਸ਼ ਦੇ ਮੁਢਲੇ ਸਰਵੇਖਣ ਦਾ ਮੰਤਵ ਸਪਸ਼ਟ ਅਤੇ ਪ੍ਰਮਾਣਿਕ ਹੋ ਸਕੇ।

> ਪਹਿਲੀ ਉਦਾਸੀ ਪੂਰਬ ਵੱਲ ਸੰਨ 1508 ਤੋਂ 1515 ਦੇ ਅੰਤ ਤੱਕ ਮੰਨੀ ਗਈ ਹੈ।[22]

ਭਾਈ ਬਾਲੇ ਵਾਲੀ ਜਨਮ ਸਾਖੀ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਹੇਠ ਲਿਖੇ ਕ੍ਰਮ ਅਨੁਸਾਰ ਸਫ਼ਰ 'ਤੇ ਗਏ।

> ਸੁਲਤਾਨਪੁਰ (ਜ਼ਿਲ੍ਹਾ ਕਪੂਰਥਲਾ), ਏਮਨਾਬਾਦ (ਜ਼ਿਲ੍ਹਾ ਗੁੱਜਰਾਂ ਵਾਲਾ), ਤਲਵੰਡੀ (ਨਨਕਾਣਾ ਸਾਹਿਬ ਜ਼ਿਲ੍ਹਾ ਸ਼ੇਖੂਪੁਰਾ), ਢਾਕਾ (ਬੰਗਾਲ), ਕਾਮ ਰੂਪ, (ਅਸਾਮ), ਸੰਗਲਾਦੀਪ (ਲੰਕਾ), ਪਟਨਾ (ਬਿਹਾਰ), ਮੱਕਾ/ਮਦੀਨਾ (ਅਰਬ ਦੇਸ਼), ਸੁਮੇਰ ਪਰਬਤ (ਹਿਮਾਚਲ), ਰਾਮੇਸ਼ਵਰਮ, ਵਟਾਲਾ (ਗੁਰਦਾਸਪੁਰ), ਕੁਰਮਵਾਦੀ (ਪਾਰਾਚਿਨਾਰ ਦਾ ਇਲਾਕਾ), ਕੰਧਾਰ/ਕਾਬਲ (ਅਫ਼ਗਾਨਿਸਤਾਨ), ਟਿੱਲਾ ਬਾਲ ਗੁਦਾਂਈ (ਜਿਹਲਮ), ਪੱਖੋਕੀ (ਗੁਰਦਾਸਪੁਰ), ਕੁਰਕਸ਼ੇਤਰ, ਪਾਕਪਟਨ (ਮਿੱਟਗੁਮਰੀ), ਕਰਤਾਰਪੁਰ (ਜ਼ਿਲ੍ਹਾ ਲਾਹੌਰ) ਆਦਿ।[23]

ਮਿਹਰਬਾਨ ਵਾਲੀ ਸਾਖੀ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਹਿਲੀ ਉਦਾਸੀ ਬਾਰੇ ਜੋ ਵੇਰਵੇ ਪ੍ਰਾਪਤ ਹੁੰਦੇ ਹਨ, ਉਨ੍ਹਾਂ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਹੇਠ ਲਿਖੇ ਕ੍ਰਮ ਅਨੁਸਾਰ ਸਫ਼ਰ 'ਤੇ ਗਏ ਅਤੇ ਲੁਕਾਈ ਦਾ ਉੱਧਾਰ ਕਰਦੇ ਹੋਏ ਭ੍ਰਮਣ ਕੀਤਾ।ਵਿਦਵਾਨਾਂ ਦਾ ਕਥਨ ਹੈ ਕਿ ਉਪਰੋਕਤ ਸਾਖੀ ਵਿਚ ਦਿੱਤੇ ਨਾਂ ਥਾਂ ਭੁਗੋਲਿਕ ਤੌਰ ਤੇ ਵਧੇਰੇ ਪ੍ਰਮਾਣਿਕ ਹਨ।

> ਦਿੱਲੀ, ਹਰਿਦੁਆਰ (ਹਿਮਾਚਲ), ਅਯੋਧਯ (ਫੈਜ਼ਾਬਾਦ), ਪ੍ਰਯਾਗ (ਇਲਾਹਾਬਾਦ), ਬਨਾਰਸ (ਯੂ.ਪੀ.), ਪਟਨਾ (ਬਿਹਾਰ), ਜਗਨਨਾਥਪੂਰੀ (ਜਗਨਨਾਥ), ਰਾਮੇਸ਼ਵਰਮ, ਉਜੈਨ (ਛਤੀਸਗੜ੍ਹ), ਬੀਕਾਨੇਰ (ਰਾਜਸਥਾਨ), ਸੋਰਾਸੁਟਰ (ਜੂਨਾਗੜ੍ਹ), ਮਥਰਾ, ਕੁਰੂਕਸ਼ੇਤਰ ਆਦਿ।[24]

ਉਪਰੋਕਤ ਸਾਖੀ ਵਿਚ ਲੰਕਾ ਜਾਣ ਬਾਰੇ ਕੋਈ ਉਲੇਖ ਨਹੀਂ ਹੈ। ਨਾ ਹੀ ਬੰਗਾਲ ਜਾਣ ਬਾਰੇ ਕੋਈ ਸੰਕੇਤ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਬਾਰੇ ਜਿੱਥੇ ਭਾਈ ਬਾਲਾ ਅਤੇ ਮਿਹਰਬਾਨ ਦੀਆਂ ਸਾਖੀਆਂ ਮਿਲਦੀਆਂ ਹਨ। ਉੱਥੇ ਵਲਾਇਤ ਵਾਲੀ ਇਕ ਪਰਾਤਨ ਜਨਮ ਸਾਖੀ ਵੀ

ਪ੍ਰਾਪਤ ਹੈ। ਇਸ ਪ੍ਰਾਚੀਨ ਲਿਖਤ ਬਾਰੇ ਕਿਹਾ ਜਾਂਦਾ ਹੈ ਕਿ ਇਸ ਜਨਮ ਸਾਖੀ ਦੀ ਇਕ ਹੱਥ ਲਿਖਤ ਅੰਗਰੇਜ਼ ਹੈਨਰੀ ਥਾਮਸ ਕੋਲ ਬਰੁਕ ਇੰਗਲੈਂਡ ਲੈ ਕੇ ਗਿਆ। ਡਾ. ਟਰੰਪ ਨੇ ਇਸਨੂੰ 1872 ਵਿਚ ਨਸ਼ਰ ਕੀਤਾ। ਇਸ ਜਨਮ ਸਾਖੀ ਵਿਚ ਕਈ ਥਾਵਾਂ ਦੇ ਨਾਂ ਪ੍ਰਾਚੀਨ ਹਨ। ਇਸ ਸਾਖੀ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਹੇਠ ਲਿਖੇ ਅਨੁਸਾਰ ਕ੍ਰਮਵਾਰ ਨਿਮਨ ਲਿਖਤ ਥਾਵਾਂ ਪੁਰ ਗਏ।

> ਸੁਲਤਾਨ ਪੁਰ, ਤੁਲੰਬਾ (ਮੁਲਤਾਨ), ਪਾਣੀਪੱਤ (ਕਰਨਾਲ), ਦਿੱਲੀ, ਬਨਾਰਸ (ਯੂ.ਪੀ.), ਨਾਨਕਮੱਤਾ (ਨੈਨੀਤਾਲ), ਟਾਂਡਾ (ਰਾਮਪੁਰ), ਕਾਮਰੂਪ (ਅਸਾਮ), ਆਸਾਮ (ਆਸਾ ਦੇਸ), ਪਾਕਪਟਨ (ਮਿੰਟਗੁਮਰੀ), ਕੀੜੀਆਂ ਪਠਾਣਾ (ਗੁਰਦਾਸਪੁਰ), ਸੈਦਪੁਰ (ਏਮਨਾਬਾਦ/ ਗੁੱਜਰਾਂ ਵਾਲਾ), ਪਸਰੂਰ (ਸਿਆਲਕੋਟ) ਆਦਿ।[25]

ਉਪਰੋਕਤ ਸਾਖੀਆਂ ਤੋਂ ਇਲਾਵਾ ਭਾਈ ਗੁਰਦਾਸ ਨੇ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਆਪਣੀ ਪਹਿਲੀ ਵਾਰ ਵਿਚ ਲਿਖਿਆ ਹੈ। ਜਿਸ ਵਿਚ ਦੂਰ-ਦੁਰਾਡੇ ਦੇਸ਼ਾਂ ਵਿਚ ਜਾਣ ਦਾ ਜ਼ਿਕਰ ਹੈ। ਜਿਵੇਂ:

> ਬਾਬੇ ਡਿੱਠੀ ਪਿਰਥਮੀ ਨਵੈ ਖੰਡਿ ਜਿਥੈ ਤਕਿ ਆਹੀ। (ਵਾਰ ਪਹਿਲੀ 28 ਪਉੜੀ)

ਨਾਨਕਮੱਤੇ ਜਾਣ ਦਾ ਵੀ ਜ਼ਿਕਰ ਹੈ।

> ਸਿਧਾਸਣਿ ਸਭਿ ਜਗਤਿ ਦੇ ਨਾਨਕ ਆਦਿ ਮਤੇ ਜੇ ਕੋਆ।(ਵਾਰ ਪਹਿਲੀ 27 ਪਉੜੀ)

ਇਵੇਂ ਹੀ ਤੀਰਥਾਂ 'ਤੇ ਜਾਣ ਦਾ ਜ਼ਿਕਰ ਹੈ।

> ਬਾਬਾ ਆਇਆ ਤੀਰਥੈ ਤੀਰਥਿ ਪੁਰਬਿ ਸਭੇ ਫਿਰਿ ਦੇਖੈ।(ਵਾਰ ਪਹਿਲੀ 25 ਪਉੜੀ)

ਸੁਮੇਰ ਪਰਬਤ ਪੁਰ ਜਾਣ ਦਾ ਜ਼ਿਕਰ ਵੀ ਭਾਈ ਗੁਰਦਾਸ ਨੇ ਕੀਤਾ ਹੈ।

> ਫਿਰਿ ਜਾਇ ਚੜ੍ਹਿਆ ਸੁਮੇਰ ਪਰਿ ਸਿਧਿ ਮੰਡਲੀ ਦ੍ਰਿਸਟੀ ਆਈ।
> (ਵਾਰ ਪਹਿਲੀ 28 ਪਉੜੀ)

ਇਵੇਂ ਹੀ ਪਉੜੀ 32 ਅਤੇ 33 ਵਿਚ ਮੱਕੇ ਅਤੇ ਮਦੀਨੇ ਜਾਣ ਦਾ ਵਰਣਨ ਹੈ।

ਇਵੇਂ ਹੀ ਪਉੜੀ 39 ਅਤੇ 44 ਆਸਾ ਹਥਿ ਕਿਤਾਬ ਕੁਛ ਕੂਜਾ ਬਾਂਗ ਮੁਸੱਲਾ ਧਾਰੀ। ਵਿਚ ਅਚਲ ਵਟਾਲੇ ਅਤੇ ਮੁਲਤਾਨ ਜਾਣ ਦਾ ਕਥਨ ਹੈ। ਜਿਵੇਂ:

> ਮੇਲਾ ਸੁਣਿ ਸਿਵਰਾਤਿ ਦਾ ਬਾਬਾ ਅਚਲ ਵਟਾਲੇ ਆਈ
> ਮੇਲਿਓ ਬਾਬਾ ਉਠਿਆ ਮੁਲਤਾਨੇ ਦੀ ਜਾਰਤਿ ਜਾਈ...

ਭਾਈ ਗੁਰਦਾਸ ਨੇ ਭਾਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ (ਸਫ਼ਰ) ਦਾ ਸੰਕੇਤ ਮਾਤਰ ਜ਼ਿਕਰ ਕੀਤਾ ਹੈ, ਪਰ ਇਹ ਹਵਾਲੇ ਪ੍ਰਮਾਣਿਕ ਹਨ। ਇਵੇਂ ਹੀ ਭਾਈ ਸੰਤੋਖ ਸਿੰਘ ਰਚਿਤ ਗ੍ਰੰਥ ਸ਼੍ਰੀ ਗੁਰ ਨਾਨਕ ਪ੍ਰਕਾਸ਼ ਵਿਚ ਵੀ ਗੁਰੂ ਨਾਨਕ ਦੀਆਂ ਉਦਾਸੀਆਂ ਦਾ ਜ਼ਿਕਰ ਹੈ ਜੋ ਸਾਡੇ ਖੋਜ- ਕਾਰਜ ਦੇ ਸਰਵੇਖਣ ਦਾ ਵਿਸ਼ਾ ਹੈ। ਅਗਲੇਰੀ ਚਰਚਾ ਵਿਚ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਮੂਲ ਪਾਠ ਵਿਚ ਆਏ ਵੇਰਵੇ ਅੰਕਿਤ ਹਨ। ਉਪਰੋਕਤ ਥਾਵਾਂ ਨਾਵਾਂ ਦਾ ਜ਼ਿਕਰ ਕੇਵਲ ਮੂਲ ਪਾਠ ਨੂੰ ਵਿਸਤ੍ਰਿਤ ਰੂਪ ਵਿਚ ਸਮਝਣ ਹਿਤ ਕੀਤਾ ਗਿਆ ਹੈ।

ਪਿਛੇ ਦਿੱਤੇ ਜਨਮ ਸਾਖੀਆਂ ਦੇ ਵੇਰਵਿਆਂ ਅਨੁਸਾਰ ਸਪਸ਼ਟ ਨਜ਼ਰ ਆਉਂਦਾ ਹੈ ਕਿ ਗੁਰੂ ਸਾਹਿਬ ਦੀ ਪਹਿਲੀ ਉਦਾਸੀ ਦੇ ਵੇਰਵੇ ਇਕ ਦੂਜੇ ਤੋਂ ਵਿਪਰੀਤ ਹਨ। ਇਸਦੇ ਬਾਵਜੂਦ ਸ਼੍ਰੀ ਗੁਰ ਨਾਨਕ ਪ੍ਰਕਾਸ਼ ਵਿਚ ਉਦਾਸੀਆਂ ਬਾਰੇ ਦਿੱਤੇ ਵੇਰਵੇ ਭਾਵੇਂ ਭਾਈ ਬਾਲੇ ਦੀ ਜਨਮਸਾਖੀ ਤੇ ਅਧਾਰਿਤ ਮੰਨੇ ਗਏ ਹਨ। ਡਾ. ਕਿਰਪਾਲ ਸਿੰਘ ਅਨੁਸਾਰ

> ਇਨ੍ਹਾਂ ਵਿਚ ਵੀ ਕਈ ਅੰਤਰ ਹਨ । ਜਿਵੇਂ ਕਿ ਭਾਈ ਬਾਲੇ ਦੀ ਜਨਮ ਸਾਖੀ ਵਿਚ ਗੁਰੂ ਸਾਹਿਬ ਪਹਿਲਾਂ ਢਾਕੇ (ਬੰਗਾਲ) ਕਾਮਰੂਪ, ਅਤੇ ਪਟਨਾ ਆਦਿ ਹੁੰਦੇ ਹੋਏ ਮੱਕੇ ਮਦੀਨੇ ਜਾਂਦੇ ਹਨ।[26]

ਜਦ ਕਿ ਭਾਈ ਸੰਤੋਖ ਸਿੰਘ ਗੁਰੂ ਸਾਹਿਬ ਨੂੰ ਸੰਗਲਾਦੀਪ (ਲੰਕਾ) ਤੋਂ ਮੱਕੇ ਮਦੀਨੇ ਲੈ ਜਾਂਦਾ ਹੈ।

> ਚਲਿਬੇ ਜਿਤਚਾਹਿ ਚਲੋ ਤਿਤਕੋ, ਸੁਨਿ ਬੋਲਤਿ ਭਾ ਗੁਰੂ ਸੋਂ ਮਰਦਾਨਾ।
> ਜਿਹੇ ਥਾਨ ਮੈਂ ਗੋਰ ਮਹੁੰਮਦ ਹੈ ਦਿਖਰਾਵਹੁ ਮੋਹਿ ਕੋ ਮਕਾਨਾ।[27]

ਗੁਰੂ ਕਾਲ ਵਿਚ ਭੂਗੋਲਿਕ ਵਿਗਿਆਨ ਇੰਨਾ ਵਿਕਸਤ ਨਾ ਹੋਣ ਕਾਰਨ ਅਜਿਹੇ ਮੁਗਾਲਤੇ ਲੱਗਣੇ ਸੁਭਾਵਿਕ ਹਨ।

ਗੁਰੂ ਨਾਨਕ ਸਾਹਿਬ ਦੇ ਸਮੇਂ ਵਿਚ ਹਿੰਦੂਆਂ ਦੇ ਤੀਰਥ, ਜੋਗੀਆਂ ਦੇ ਮੱਠ ਅਤੇ ਇਸਲਾਮ ਦੇ ਧਾਰਮਿਕ ਅਸਥਾਨ ਪ੍ਰਸਿੱਧ ਸਨ। ਗੁਰੂ ਸਾਹਿਬ ਨੇ ਇਹਨਾਂ ਅਸਥਾਨਾਂ ਦਾ ਸਫ਼ਰ ਕੀਤਾ। ਇਨ੍ਹਾਂ ਲੰਮੇ ਸਫ਼ਰਾਂ ਨੂੰ ਸਿੱਖ ਇਤਿਹਾਸ ਨੇ ਉਦਾਸੀਆਂ ਦਾ ਨਾਮ ਦਿੱਤਾ ਹੈ। ਇਨ੍ਹਾਂ ਸਾਰੇ ਸਫ਼ਰਾਂ ਵਿਚ ਮਰਦਾਨਾ ਨਾਲ ਰਿਹਾ। ਗੁਰੂ ਨਾਨਕ ਦੇਵ ਜੀ ਨੇ ਪਹਿਲੀ ਉਦਾਸੀ ਹਿੰਦੂ ਤੀਰਥਾਂ ਤੋਂ ਸ਼ੁਰੂ ਕੀਤੀ।ਗੁਰੂ ਜੀ ਤੇ ਮਰਦਾਨਾ ਕਈ ਦਿਨਾਂ ਬਾਅਦ (ਏਮਨਾਬਾਦ) ਗਏ। ਉਥੇ ਸੱਚੀ ਕਿਰਤ ਕਰਨ ਵਾਲਾ ਲਾਲੋ ਤਰਖਾਣ ਰਹਿੰਦਾ ਸੀ। ਭਾਈ ਲਾਲੋ ਨੇ ਗੁਰੂ ਜੀ ਨੂੰ ਕੋਧਰੇ ਦੀ ਰੋਟੀ ਤੇ ਸਾਗ ਦਾ ਭੋਜਨ ਛਕਾਇਆ। ਗੁਰੂ ਜੀ ਅਨੰਦਿਤ ਹੋ ਗਏ। ਲਾਲੋ ਦੀ ਬੇਨਤੀ ਤੇ ਗੁਰੂ ਜੀ ਉਨ੍ਹਾਂ ਕੋਲ

ਮਹੀਨਾ ਰਹੇ। ਉਨ੍ਹਾਂ ਦਿਨਾਂ ਵਿਚ ਮਲਕ ਭਾਗੋ ਨੇ ਬ੍ਰਹਮ ਭੋਜ ਕੀਤਾ ਤੇ ਗੁਰੂ ਜੀ ਨੇ ਇੱਕ ਹੱਥ ਵਿੱਚ ਮਲਕ ਭਾਗੋ ਦੇ ਪੂੜੇ-ਪੂਰੀਆਂ ਤੇ ਦੂਜੇ ਹੱਥ ਵਿੱਚ ਲਾਲੋ ਦੀ ਕੋਧਰੇ ਦੀ ਰੋਟੀ ਫੜ੍ਹ ਕੇ ਦੋਨੋਂ ਹੱਥ ਘੁੱਟੇ ਤਾਂ ਮਲਕ ਭਾਗੋ ਦੇ ਖਾਣੇ ਵਿੱਚੋਂ ਲਹੂ ਤੇ ਲਾਲੋ ਦੇ ਖਾਣੇ ਵਿੱਚੋ ਦੁੱਧ ਚੋ ਪਿਆ। ਇਸ ਘਟਨਾ ਤੋਂ ਸੁੱਚੀ ਕਿਰਤ ਕਰਨ ਦਾ ਪ੍ਰਮਾਣ ਮਿਲਦਾ ਹੈ।

> ਸੁਧ ਜਿਨ ਕੇ ਹਿਰਦੇ ਵਿਖੈ ਸੋ ਕਿਉ ਸ਼੍ਰੋਣਿਤ ਪੀਅ।
> ਪੁੰਨਹੀਨ ਨਿੱਜ ਕਿਉਂ ਕਰੈਂ, ਸਮਝ ਦੇਖਿਯੇ ਹੀਯ॥
> ਅਸਨ ਬਿਲੋਕਹੁ ਸ਼ੂਦਰ ਧਾਮੂ। ਨਿਕਸਤਿ ਪੈ ਜਿਹਤੇ ਅਭਿਰਾਮੂ।
> ਬ੍ਰਹਮ ਭੋਜ ਹੋਵਤਿ ਨਿਤ ਇਨ ਕੇ। ਕਰੋਂ ਅਹਾਰ ਸਦਨ ਹੌਂ ਜਿਨ ਕੇ॥[28]

ਇਸ ਤੋਂ ਅਗਲੇਰੇ ਪੰਨਿਆਂ ਵਿਚ ਗੁਰੂ ਜੀ ਦਾ ਤਲਵੰਡੀ ਪਰਤਣਾ, ਮਾਤਾ ਪਿਤਾ ਨੂੰ ਮਿਲਣਾ। ਰਾਜਾ ਸ਼ਿਵਨਾਭ ਪਾਸ ਸੰਗਲਾਦੀਪ ਜਾਣਾ। ਉਪਰੰਤ ਢਾਕੇ ਬੰਗਾਲੇ ਜਾਣ ਦਾ ਜ਼ਿਕਰ ਹੈ।

> ਬੰਗਾਲੇ ਸੰਬੰਧੀ ਭਾਈ ਮਰਦਾਨੇ ਦੀ ਭੁੱਖ ਨਾਲ ਵਿਆਕੁਲ ਹੋ ਕੇ ਅੱਕ ਦੀਆ ਖੱਖੜੀਆਂ ਖਾਣ ਅਤੇ ਜਾਦੂਗਰਨੀਆਂ ਦੁਆਰਾ ਮਰਦਾਨੇ ਦੇ ਭੇਡੂ ਬਣ ਜਾਣ ਅਤੇ ਗੁਰੂ ਸਾਹਿਬ ਵੱਲੋਂ ਮਰਦਾਨੇ ਨੂੰ ਮੁਕਤ ਕਰਾਉਣ ਅਤੇ ਜਾਦੂਗਰਨੀ ਤੇ ਮੋੜਵਾਂ ਵਾਰ ਕਰਨ ਦਾ ਜ਼ਿਕਰ ਹੈ।[29]

ਗੁਰੂ ਜੀ ਫਿਰ ਸੰਗਲਾਦੀਪ ਗਏ। ਉੱਥੇ ਗੁਰੂ ਜੀ ਨੇ ਰਾਜੇ ਦਾ ਸੁੱਕਾ ਬਾਗ ਹਰਾ ਕਰ ਦਿੱਤਾ।

> ਉੱਤਮ ਸੰਤ ਏਕ ਚਲਿ ਆਯੋ। ਸੂਕੇ ਉਪਬਨ ਪਾਸ ਜਬ ਪਾਯੋ।
> ਹਰਿਆ ਹੋਤਿ ਭਯੋ ਤਤਕਾਲਾ। ਜਿਹ ਕੋ ਦਰਸ਼ਨ ਕਰਤਿ ਨਿਹਾਲਾ।[30]

ਗੁਰੂ ਜੀ ਦਾ ਉਪਦੇਸ਼ ਮੰਨ ਕੇ ਸ਼ਿਵਨਾਭ ਰਾਜੇ ਨੇ ਧਰਮਸ਼ਾਲਾ ਬਣਵਾਈ। ਗੁਰੂ ਜੀ ਤ੍ਰਿਯਾਰਾਜ ਵੱਲ ਚਲੇ ਗਏ। ਇਹ ਰਾਜ ਜਾਦੂ ਮੰਤਰਾਂ ਵਾਲੀਆਂ ਔਰਤਾਂ ਦਾ ਸੀ। ਇਥੇ ਵੀ ਮਰਦਾਨੇ ਨੂੰ ਭੇਡੂ ਬਣਾ ਦਿੱਤਾ। ਗੁਰੂ ਜੀ ਨੇ ਵਾਹਿਗੁਰੂ-ਵਾਹਿਗੁਰੂ ਦਾ ਜਾਪ ਕਰਕੇ ਮਰਦਾਨੇ ਨੂੰ ਅਸਲੀ ਰੂਪ ਵਿੱਚ ਲਿਆਂਦਾ। ਗੁਰੂ ਜੀ ਨੇ ਜਾਦੂ ਵਾਲੀ ਨੂਰਸ਼ਾਹਿ ਨਾਂ ਦੀ ਇਸਤਰੀ ਦੇ ਸਿਰ ਤੇ ਘੜਾ ਚਿਪਕਾ ਦਿੱਤਾ।

> ਨੂਰਸ਼ਾਹਿ ਤਹਿਂ ਤੀਯ ਸੋ ਔਰ ਅੰਗਨਾ ਪੁੰਜ।
> ਰਾਈ ਤਹਾਂ ਮਿਲਿ ਕੈ ਸਭੈ ਜਹਿਂ ਰਾਜਹਿਂ ਪਦਕੰਜ।
> ਬੰਦਾਯੋ ਆਨੰਦ ਕੰਦ, ਚੰਦਬਦਨ ਬੈਸੀ ਨਿਕਟ।
> ਤਿਨ ਕੋ ਦੇਖਿ ਮੁਕੰਦ ਬੋਲੇ ਸਹੀ ਮਹਿਂ ਸ਼ਬਦ।[31]

ਤ੍ਰਿਯਰਾਜ ਉਪਰੰਤ ਗੁਰੂ ਜੀ ਯੋਗੀ ਭਰਥਰੀ ਕੋਲ ਗਏ। ਉਨ੍ਹਾਂ ਨੇ ਗੁਰੂ ਜੀ ਤੋਂ ਭਗਤੀ ਯੋਗ ਬਾਰੇ ਪੁੱਛਿਆ। ਭਰਥਰੀ ਨੂੰ ਉਪਦੇਸ਼ ਦੇ ਕੇ ਗੁਰੂ ਜੀ ਅੱਗੇ ਚੱਲੇ। ਇਥੇ ਗੁਰੂ ਜੀ ਨੇ ਕੌਡੇ ਰਾਖਸ਼ ਦਾ ਸੁਧਾਰ ਕੀਤਾ। ਗੁਰੂ ਬਿਸ਼ੰਭਰਪੁਰ (ਪਟਨਾ) ਆ ਗਏ ਤਾਂ ਮਰਦਾਨੇ ਨੂੰ ਭੁੱਖ ਲੱਗੀ। ਗੁਰੂ ਜੀ ਨੇ ਧਰਤੀ ਵਿੱਚੋਂ ਲਾਲ ਕੱਢ ਕੇ ਦਿੱਤਾ ਤੇ ਮਰਦਾਨੇ ਨੂੰ ਸਾਲਸਰਾਇ ਜੌਹਰੀ ਕੋਲੋਂ ਲਾਲ ਦੇ ਬਦਲੇ ਪੈਸੇ ਲੈਣ ਲਈ ਭੇਜਿਆ। ਜੌਹਰੀ ਨੇ ਸੌ ਰੁਪਏ ਲਾਲ ਦਾ ਮੁੱਲ ਪਾਇਆ। ਮਰਦਾਨੇ ਨੂੰ ਸੱਤ ਵਾਰ ਜੌਹਰੀ ਕੋਲ ਜਾਣਾ ਪਿਆ। ਅਖੀਰ ਉਹ ਪੈਸੇ ਜੌਹਰੀ ਦੇ ਘਰ ਸੁੱਟ ਆਇਆ। ਸਾਲਸਰਾਇ ਗੁਰੂ ਜੀ ਦਾ ਸੇਵਕ ਬਣ ਗਿਆ। ਫਿਰ ਗੁਰੂ ਨਾਨਕ ਦੇਵ ਸਮੁੰਦਰ ਵਿਚ 'ਬਿਸੀਹਰ' ਨਾਮੀ ਟਾਪੂ ਕੋਲ ਗਏ। ਉੱਥੇ ਝੰਡਾ ਅਤੇ ਰਾਜਾ ਸੁਧਰਸੈਨ ਦਾ ਭਾਣਜਾ ਇੰਦਰਸੈਨ ਰਹਿੰਦੇ ਸਨ। ਉਹ ਰਲ ਕੇ ਭਗਤੀ ਕਰਦੇ ਸਨ। ਗੁਰੂ ਜੀ ਨੇ ਝੰਡਾ ਤੇ ਇੰਦਰਸੈਨ ਨੂੰ ਉਪਦੇਸ਼ ਦਿੱਤਾ। ਗੁਰੂ ਜੀ ਦਾ ਮਿਲਾਪ 'ਬ੍ਰਹਮਪੁਰੀ' ਸ਼ਹਿਰ ਦੇ ਰਾਜੇ ਮਧੁਰਬੈਨ ਨਾਲ ਹੋਇਆ। ਉਹ ਗੁਰੂ ਜੀ ਦੇ ਕਹਿਣ ਤੇ ਰਾਜੇ ਸੁਧਰਸੈਨ ਦੇ ਅਧੀਨ ਹੋ ਕੇ ਚੱਲਣ ਲੱਗ ਪਿਆ। ਇਹ ਰਾਜੇ ਇਤਿਹਾਸਕ, ਮਿਥਿਹਾਸਕ ਜਾਂ ਕਾਲਪਨਿਕ ਸਨ। ਇਨ੍ਹਾਂ ਬਾਰੇ ਪੱਕੀ ਧਾਰਨਾ ਬਣਾਉਣੀ ਮੁਸ਼ਕਲ ਹੈ। ਗੁਰੂ ਜੀ ਨੇ ਦੇਵਲੂਤ ਨੂੰ ਦੱਸਿਆ ਕਿ ਜੀਵ-ਹੱਤਿਆ ਕਰੋਗੇ ਤਾਂ ਦੁੱਖ ਭੋਗੋਗੇ। ਗੁਰੂ ਜੀ ਦਾ ਉਪਦੇਸ਼ ਸੁਣਕੇ ਦੇਵਲੂਤ ਨੇ ਸਾਰੇ ਰਾਖਸ਼ਾਂ ਨੂੰ ਨਾਮ ਜਪਣ ਲਈ ਕਿਹਾ। ਗੁਰੂ ਜੀ ਅੱਗੇ ਗਏ ਤਾਂ ਉਥੇ ਬਣਮਾਨਸ ਰਹਿੰਦੇ ਸਨ। ਉਹ ਵੇਖਣ ਨੂੰ ਮਨੁੱਖ ਵਰਗੇ ਪਰ ਉਨ੍ਹਾਂ ਦੀ ਬੋਲੀ ਜਾਨਵਰਾਂ ਵਰਗੀ ਸੀ। ਇੱਕ ਵੱਡੇ ਰਾਖਸ਼ ਨੇ ਮਰਦਾਨੇ ਨੂੰ ਸਾਬਤਾ ਨਿਗਲ ਲਿਆ। ਗੁਰੂ ਜੀ ਨੇ ਰਾਖਸ਼ ਦੇ ਪੇਟ ਵਿਚ ਜਾ ਕੇ ਮਰਦਾਨੇ ਦੀ ਰਾਖੀ ਆਪਣੀ ਦੇਹ ਵਧਾ ਕੇ ਕੀਤੀ। ਇਸ ਤਰ੍ਹਾਂ ਗੁਰੂ ਜੀ ਨੇ ਉਸ ਰਾਖਸ਼ ਦਾ ਉਧਾਰ ਕੀਤਾ। ਦੇਵਲੂਤ, ਬਣਮਾਣਸ ਕਲਪਿਤ  ਨਾਮ ਹਨ। ਇਸ ਤੋਂ ਬਾਅਦ ਗੁਰੂ ਜੀ ਇਕ ਨਗਰ ਗਏ ਜਿਸ ਦਾ ਨਾਂ ਸੂਰਨਪੁਰ ਸੀ। ਉਥੋਂ ਦਾ ਰਾਜਾ ਕਮਲਨੈਨ ਬਹੁਤ ਧਰਮੀ ਸੀ। ਉਹ ਰਾਜਾ ਹੰਕਾਰੀ ਵੀ ਸੀ। ਗੁਰੂ ਜੀ ਨੇ ਉਸ ਦਾ ਹੰਕਾਰ ਦੂਰ ਕਰਕੇ ਉਪਦੇਸ਼ ਦਿੱਤਾ। ਰਾਜਾ ਕਮਲਨੈਨ ਕਲਪਿਤ ਨਾਮ ਹੈ।

ਗੁਰੂ ਨਾਨਕ ਦੇਵ ਸੱਚਖੰਡ ਤੋਂ ਵਾਪਸ ਧਰੂ ਮੰਡਲ ਆਏ। ਧਰੂ ਭਗਤ ਨੇ ਗੁਰੂ ਤੋਂ ਸੱਚਖੰਡ ਤੇ ਪ੍ਰਭੂ ਬਾਰੇ ਪੁੱਛਿਆ। ਗੁਰੂ ਜੀ ਨੇ ਧਰੂ ਭਗਤ ਨੂੰ ਦੱਸਿਆ ਕਿ ਪ੍ਰਭੂ ਦਾ ਰੂਪ ਰੰਗ ਜਾਣਿਆ ਨਹੀਂ ਜਾ ਸਕਦਾ। ਭਗਤਾਂ ਦੇ ਧਿਆਨ ਅਨੁਸਾਰ ਉਸ ਦੀ ਰੋਸ਼ਨੀ ਕਰੋੜਾਂ ਚੰਦ-ਸੂਰਜਾਂ ਤੋਂ ਜ਼ਿਆਦਾ ਹੈ। ਉਸ ਪ੍ਰਭੂ ਦੇ ਬਰਾਬਰ ਦਾ ਕੋਈ ਵੀ ਨਹੀਂ ਹੈ।

ਗੁਰੂ ਜੀ ਸੂਰਜ ਗ੍ਰਹਿਣ ਸਮੇਂ ਕੁਰੂਕਸ਼ੇਤਰ ਗਏ ਗੁਰੂ ਜੀ ਦੀ ਇਥੇ ਨਾਨੂੰ ਪੰਡਿਤ ਨਾਲ ਚਰਚਾ ਹੋਈ। ਉਸਨੂੰ ਗੁਰੂ ਜੀ ਨੇ ਉਪਦੇਸ਼ ਦਿੱਤਾ ਕਿ ਪ੍ਰੇਮ ਨਾਲ ਪ੍ਰਭੂ ਦਾ ਸਿਮਰਨ ਕਰੋ।

ਗੁਰੂ ਜੀ ਬਾਅਦ ਵਿੱਚ ਗੰਗਾ ਦੇ ਮੇਲੇ ਤੇ ਗਏ। ਉੱਥੇ ਚਾਰੋਂ ਦਿਸ਼ਾਵਾਂ ਦੇ ਲੋਕਾਂ ਨੇ ਸੂਰਜ

ਵੱਲ ਮੂੰਹ ਕਰਕੇ ਪਾਣੀ ਉਛਾਲਣਾ ਸ਼ੁਰੂ ਕਰ ਦਿੱਤਾ। ਗੁਰੂ ਜੀ ਨੇ ਲੋਕਾਂ ਨੂੰ ਸਿੱਧੇ ਰਾਹੇ ਪਾਉਣ ਲਈ ਪੱਛਮ ਦਿਸ਼ਾ ਵੱਲ ਪਾਣੀ ਉਛਾਲਣਾ ਸ਼ੁਰੂ ਕੀਤਾ। ਲੋਕਾਂ ਨੇ ਉਨ੍ਹਾਂ ਨੂੰ ਮੂਰਖ-ਅਗਿਆਨੀ ਕਿਹਾ। ਗੁਰੂ ਜੀ ਨੇ ਉੱਤਰ ਦਿੱਤਾ ਜੇਕਰ ਉਨ੍ਹਾਂ ਦਾ ਪਾਣੀ ਦੂਰ ਉਨ੍ਹਾਂ ਦੇ ਪਿੱਤਰਾਂ ਕੋਲ ਪਹੁੰਚ ਸਕਦਾ ਹੈ ਤਾਂ ਮੇਰੇ ਖੇਤ ਤਾਂ ਨੇੜੇ ਹਨ। ਸਭ ਨੇ ਗੁਰੂ ਜੀ ਦੇ ਚਰਨਾਂ ਵਿੱਚ ਸੀਸ ਨਿਵਾਇਆ।

ਗੁਰੂ ਜੀ ਬ੍ਰਿਜ ਭੂਮੀ (ਮਥਰਾ) ਵਿਖੇ ਭਾਰੀ ਮੇਲੇ ਦੇ ਮੌਕੇ ਤੇ ਗਏ। ਗੁਰੂ ਜੀ ਨੇ ਮੇਲੇ ਸਮੇਂ ਬਹੁਤ ਪਾਖੰਡ, ਮਹਾਂ-ਕੁਕਰਮ ਅਤੇ ਭੇਖਾਂ ਬਾਰੇ ਜਾਣ ਲਿਆ ਸੀ।

> ਤਿਹ ਸਥਾਨ ਮੇਲਾ ਥੋ ਭਾਰੀ। ਪਰਬ ਲਖਯੋ ਆਏ ਨਰ ਨਾਰੀ।
> ਬ੍ਰਹਮਚਾਰੀ, ਬੈਰਾਗੀ, ਜਤੀ। ਬਹੁਤ ਬੈਸ਼ਨੋ, ਦਿਸ਼ਪਟ, ਸਤੀ।
> ਤਪੀ ਔਰ ਸੰਨਯਾਸੀ ਆਏ। ਬ੍ਰਿੱਜ ਬਿਖੈ ਨਰ ਪੁੰਜ ਸੁਹਾਏ।
> ਸ਼੍ਰੀ ਗੁਰੂ ਨਾਨਕ ਅੰਤਰਜਾਮੀ। ਸਭਿ ਘਟ ਕੀ ਜਾਨਤਿ ਭੈ ਸ੍ਵਾਮੀ।[32]

ਗੁਰੂ ਜੀ ਕਾਸ਼ੀ ਗਏ। ਉੱਥੋਂ ਦੇ ਪੰਡਿਤਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਅਸੀਂ ਵੇਦ-ਸ਼ਾਸਤਰ ਹਰ ਰੋਜ਼ ਪੜ੍ਹਦੇ ਹਾਂ ਪਰ ਉਸ ਨਾਲ ਸ਼ਾਂਤੀ ਨਹੀਂ ਮਿਲਦੀ ਤੇ ਨਾ ਹੀ ਹੰਕਾਰ ਦੂਰ ਹੁੰਦਾ ਹੈ। ਗੁਰੂ ਜੀ ਨੇ ਨਾਮ ਸਿਮਰਨ ਦਾ ਉਪਦੇਸ਼ ਦਿੱਤਾ।

ਗੁਰੂ ਜੀ ਫਿਰ ਜਗਨਨਾਥ ਪੁਰੀ ਗਏ। ਉੱਥੋਂ ਦੇ ਪਾਂਡਿਆਂ ਵਲੋਂ ਕੀਤੀ ਜਾ ਰਹੀ ਆਰਤੀ ਨੂੰ ਗੁਰੂ ਜੀ ਨੇ ਤੁੱਛ ਦੱਸਿਆ ਕਿ ਪਰਮਾਤਮਾ ਦੀ ਆਰਤੀ ਤਾਂ ਅਸਲ ਵਿੱਚ ਕੁਦਰਤ ਵਲੋਂ ਹੀ ਹੋ ਰਹੀ ਹੈ।

> ਗਗਨ ਮੈਂ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ
> ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ।
> ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ। ਅਨਹਤਾ ਸ਼ਬਦ ਵਾਜੰਤ ਭੇਰੀ।[33]

ਇਹ ਆਰਤੀ ਸੁਣ ਕੇ ਪਾਂਡਿਆਂ ਨੇ ਗੁਰੂ ਜੀ ਨੂੰ ਨਮਸਕਾਰ ਕੀਤੀ।

ਫਿਰ ਗੁਰੂ ਜੀ ਮੁਨਾਫਿਕ ਦੇਸ਼ ਭਾਵ ਕਾਫਿਰਸਤਾਨ ਗਏ ਇਹ ਉੱਤਰੀ ਪੱਛਮੀ ਕਸ਼ਮੀਰ, ਉੱਤਰੀ ਪੂਰਬੀ ਅਫ਼ਗਾਨਿਸਤਾਨ ਦੱਖਣ ਰੂਸ ਆਦਿ ਪੁਰਾਤਨ ਇਲਾਕੇ ਦਾ ਨਾਂ ਹੈ।

> ਜਿਹ ਨਾਮ ਮੁਨਾਫਿਕ ਦੇਸ ਅਹੈ। ਹਰਿ ਨਾਮ ਬਿਹੀਨ ਅਧੀਨ ਰਹੇ।
> ਸਤਿ ਸੰਗਤਿ ਰੀਤਿ ਨ ਕਾਨ ਸੁਨੀ। ਸਭਿ ਮੂਰਖ ਮਾਨਵ ਕੋ ਨ ਗੁਨੀ।[34]

ਗੁਰੂ ਜੀ ਨੇ ਉਸ ਦੇਸ ਦਾ ਨਾਂ ਬਦਲ ਕੇ 'ਸੁਆਲਯੋ' ਰੱਖ ਦਿੱਤਾ।

ਗੁਰੂ ਜੀ ਹਾਰੂ ਦੇਸ ਦੇ ਇੱਕ ਪਿੰਡ ਵਿੱਚ ਇੱਕ ਬ੍ਰਿਛ ਹੇਠਾਂ ਬੈਠ ਗਏ। ਉਥੋਂ ਦੇ ਨਗਰ-ਵਾਸੀ ਪਰਿਵਾਰ ਸਮੇਤ ਸਮਾਨ ਲੈ ਕੇ ਉਥੋਂ ਕੂਚ ਕਰਨ ਲੱਗੇ। ਗੁਰੂ ਜੀ ਦੇ ਪੁੱਛਣ ਤੇ ਲੋਕਾਂ ਨੇ ਦੱਸਿਆ ਕਿ ਹਰ ਛੇ ਮਹੀਨੇ ਬਾਅਦ ਇਸ ਨਗਰ ਨੂੰ ਅੱਗ ਲੱਗ ਜਾਂਦੀ ਹੈ। ਨਗਰ ਦੁਬਾਰਾ ਵਸਾਉਣਾ ਪੈਂਦਾ ਹੈ।ਗੁਰੂ ਜੀ ਇੱਕ ਹੋਰ ਪਿੰਡ ਸਮੁੰਦਰ ਕਿਨਾਰੇ ਪਹੁੰਚੇ। ਇਥੇ ਛੇਵੇਂ ਮਹੀਨੇ ਬਾਅਦ ਜਵਾਰਭਾਟਾ ਆਉਂਦਾ ਸੀ। ਜਿਸ ਕਰਕੇ ਲੋਕ ਸਮਾਨ ਪਹਿਲਾਂ ਚੁੱਕ ਕੇ ਜਾ ਰਹੇ ਸਨ ਤਾਂ ਗੁਰੂ ਜੀ ਨੇ ਦੋਹਾਂ ਪਿੰਡਾਂ ਦੇ ਲੋਕਾਂ ਨੂੰ ਕਿਹਾ ਸਤਿਨਾਮ ਦਾ ਜਾਪ ਨਾਲ ਤੁਹਾਡੇ ਘਰ ਬਣੇ-ਬਣਾਏ ਰਹਿਣਗੇ।

ਸ੍ਰੀ ਗੁਰੂ ਨਾਨਕ ਦੇਵ ਜੀ ਭੂਟੰਤ ਦੇਸ (ਭੁਟਾਨ) ਦੇ ਇੱਕ ਪਿੰਡ ਵਿੱਚ ਆਪਣੇ ਸੇਵਕ ਤਰਖਾਣ ਦੇ ਘਰ ਰੁਕੇ। ਗੁਰੂ ਜੀ ਨੇ ਜਾਣ ਤੋਂ ਪਹਿਲਾਂ ਉਸ ਦੀ ਛੱਪਰੀ ਤੋੜ ਦਿੱਤੀ, ਜਿੱਥੇ ਉਨ੍ਹਾਂ ਨੂੰ ਰਾਤ ਠਹਿਰਾਇਆ ਸੀ। ਮੰਜਾ ਤੇ ਭਾਂਡੇ ਵੀ ਤੋੜ-ਭੰਨ ਦਿੱਤੇ ਜਿਹੜੇ ਵਰਤੋਂ ਵਿੱਚ ਆਏ ਸਨ। ਪਰ ਸੇਵਕ ਤਰਖਾਣ ਨੇ ਧੀਰਜ ਨਾਲ ਗੁਰੂ ਜੀ ਨੂੰ ਵਿਦਾ ਕੀਤਾ। ਸੇਵਕ ਨੇ ਆ ਕੇ ਦੇਖਿਆ ਤਾਂ ਉਸਦਾ ਸੁੰਦਰ ਘਰ ਬਣਿਆ ਹੋਇਆ ਸੀ।

ਬਹੁਰੋ ਆਯੋ ਕਰਨ ਬਿਦਾਈ। ਸਭਿ ਬਿਧਿ ਕੀਨੀ ਇਨ ਭਲਿਆਈ।
ਤੁਮ ਨੈ ਛਪਰੀ ਇਸਕੀ ਤੋਰੀ। ਘਰ ਕੀ ਔਰ ਸਮਿਗਰੀ ਫੋਰੀ।
ਗੁਰੂ ਕਹੈਂ ਇਨ ਸੇਵ ਜੁ ਕੀਨੰ। ਭਈ ਪ੍ਰਵਾਨ ਲੇਹੁ ਮਨ ਚੀਨੰ।
ਦੇਖੇ ਸਦਨ ਜਾਇ ਤਿਨ ਜਬ ਹੀ। ਮੰਦਰ ਸੁੰਦਰ ਬਨੇ ਸੁ ਤਬਹੀ।[35]

ਗੁਰੂ ਜੀ ਇੱਕ ਹੋਰ ਭੁਟੰਤ ਦੇਸ (ਭੁਟਾਨ) ਗਏ। ਉੱਥੋਂ ਦਾ ਰਾਜਾ ਪਰ-ਇਸਤਰੀ ਗਾਮੀ ਸੀ। ਰਾਜੇ ਨੂੰ ਗੁਰੂ ਜੀ ਨੇ ਸਿੱਧੇ ਰਸਤੇ ਪਾਉਣ ਲਈ ਸਮਝਾਇਆ ਜਿਹੜਾ ਆਦਮੀ ਪਰਾਈ ਇਸਤਰੀ ਨਾਲ ਸੰਗ ਕਰਦਾ ਹੈ। ਉਹ ਨਰਕਾਂ ਦਾ ਭਾਗੀ ਹੁੰਦਾ ਹੈ।

ਫਿਰ ਗੁਰੂ ਜੀ ਦਿੱਲੀ ਪਹੁੰਚ ਕੇ ਬਾਗ ਵਿੱਚ ਬੈਠ ਗਏ।ਉੱਥੇ ਗੁਰੂ ਜੀ ਨੇ ਮਰਿਆ ਹਾਥੀ ਜਿਉਂਦਾ ਕਰ ਦਿੱਤਾ। ਮਹਾਵਤ ਨੇ ਇਹ ਗੱਲ ਬਾਦਸ਼ਾਹ ਨੂੰ ਦੱਸੀ। ਬਾਦਸ਼ਾਹ ਗੁਰੂ ਜੀ ਦੇ ਦਰਸ਼ਨ ਕਰਨ ਲਈ ਕਾਜ਼ੀ ਨਾਲ ਆਇਆ।

ਸੁਨਿ ਪ੍ਰਭੁ ਬੋਲੇ ਸਹਜਿ ਸੁਭਾਇ। ਜਿਉਂ ਖ਼ੁਦਾਇ ਕੀ ਹੋਇ ਰਜਾਇ।
ਤਤਛਿਨ ਕੁੰਚਰ ਗਿਰਯੋ ਬਹੋਰੀ। ਪਰਯੋ ਮ੍ਰਿਤਕ ਹੁਇ ਤਿਸਹੀ ਠੌਰੀ।[36]

ਫਿਰ ਗੁਰੂ ਜੀ ਨੇ ਅੱਗੇ ਦਾ ਸਫ਼ਰ ਸ਼ੁਰੂ ਕੀਤਾ। ਉਹ ਸਤਿਘਰਾ (ਜਿਲ੍ਹਾ ਮਿੰਟਗੁੰਮਰੀ) ਨਗਰ ਚਲੇ ਗਏ ਉੱਥੇ ਇੱਕ ਵੱਡਾ ਸ਼ਾਹੂਕਾਰ ਦੁਕਾਨ ਦੇ ਕੰਮਾਂ ਵਿੱਚ ਲੱਗਾ ਹੋਇਆ ਸੀ। ਗੁਰੂ

ਜੀ ਉਸ ਨੂੰ ਸਮਝਾਉਂਦੇ ਹਨ ਕਿ ਮਨੁੱਖ ਨੂੰ ਪਿਛਲੇ ਜਨਮ ਦੇ ਕੀਤੇ ਕੰਮਾਂ ਕਰਕੇ ਦੁੱਖ ਭੋਗਣੇ ਪੈਂਦੇ ਹਨ।

ਪੂਰਬਿ ਲਿਖਿਆ ਪਾਈਐ ਕਿਸ ਨੋ ਦੀਜੈ ਦੋਸੁ।
ਗੁਰਮੁਖਿ ਗਾਰੜੁ ਜੇ ਸੁਣੇ ਮੰਨੇ ਨਾਉ ਸੰਤੋਸੁ।[37]

ਪਾਂਡਵਾਂ ਨੇ ਕਈ ਦਿਸ਼ਾਵਾਂ ਦੇ ਰਾਜਿਆਂ ਨੂੰ ਜਿੱਤ ਕੇ ਬਹੁਤ ਵੱਡਾ ਰਾਜਸੂਯ ਯੱਗ ਕੀਤਾ। ਦੁਰਯੋਧਨ ਕੋਲ ਧਨ-ਦੌਲਤ, ਹਾਥੀ, ਘੋੜੇ, ਰੱਥ, ਗਹਿਣੇ ਆਦਿ ਸਭ ਹਾਰ ਗਏ। ਕੌਰਵਾਂ ਨੇ ਜੂਏ ਵਿੱਚ ਦਰੋਪਤੀ ਨੂੰ ਜਿੱਤ ਕੇ ਖੋਟੀ ਮੱਤ ਵਾਲਾ ਦੁਰਯੋਧਨ ਬਹੁਤ ਖੁਸ਼ ਹੋਇਆ। ਦਰੋਪਤੀ ਨੂੰ ਕੇਸਾਂ ਤੋਂ ਫੜ੍ਹ ਕੇ ਭਰੀ ਸਭਾ ਵਿੱਚ ਉਸਦੇ ਕੱਪੜੇ ਉਤਾਰਣ ਲੱਗ ਪਿਆ। ਪ੍ਰਭੂ ਨੇ ਉਸ ਦੀ ਇੱਜ਼ਤ ਰੱਖੀ।

ਲਗੇ ਉਤਾਰਨ ਰਹਿਗੇ ਹਾਰੀ। ਲਖਹਿਂ ਨ ਸਾਰੀ ਕੀ ਜਨੁ ਨਾਰੀ।
ਬੁਹਰੋ ਗਮਨੇ ਬਿਪਨ ਮਝਾਰਾ। ਰਹੇ ਤਹਾਂ ਸਹਿ ਕਸ਼ਟ ਅਪਾਰਾ।[38]

ਮਦ੍ਰ ਦੇਸ਼ ਉੱਤਰ-ਪੱਛਮ ਵਿਚ ਹੈ ਇਸ ਦੀ ਰਾਜਧਾਨੀ ਦਾ ਨਾਂ ਮਦ੍ਰ ਜਾਂ ਉੱਤਰੀ ਮਥਰਾ ਸੀ।

ਰਿਖੀ ਵਿਆਸ ਨੇ ਜੁਨਮੇਜੇ ਦੇ ਪੁਰਖਿਆ ਦੀ ਕਹਾਣੀ ਦਾ ਪ੍ਰਸੰਗ ਸੁਣਾਇਆ ਤੇ ਉਨ੍ਹਾਂ ਨੇ ਦੱਸਿਆ ਕਿ ਕਰਤਾਰ ਦੀ ਹੋਣੀ ਨਹੀਂ ਟਲਦੀ।

ਕੋਟ ਉਪਾਵਨ ਕੋ ਕਰੈ, ਕੈਸੋ ਸਯਾਨਾ ਹੋਇ।
ਟਾਰੀ ਟਰਤਿ ਨ ਕਿਸੂ ਤੇ ਹੋਨਹਾਰ ਸੋ ਹੋਇ।[39]

ਫਿਰ ਰਿਖੀ ਵਿਆਸ ਨੇ ਜਨਮੇਜੇ ਦੀ ਹੋਣੀ ਬਾਰੇ ਕਥਾ ਸੁਣਾਈ।

**(ਅ) ਦੂਜੀ ਉਦਾਸੀ (ਦੱਖਣ ਵੱਲ)**

ਗੁਰੂ ਨਾਨਕ ਮਹਿਮਾ ਵਿਚ ਦੂਜੀ ਉਦਾਸੀ ਦੱਖਣ ਵੱਲ ਦੀ ਮੰਨੀ ਗਈ ਹੈ। ਇਹ ਬਿਦਰ ਸਹਰ ਕਾਵਰੁ ਦੇਸ਼ ਦੀ ਤਸਲੀਮ ਕੀਤੀ ਗਈ ਹੈ। ਇਸ ਵਿਚ ਉਦਾਸੀ ਦਾ ਸਥਾਨ ਦੱਸਣ ਦੀ ਥਾਂ ਤੇ ਜਿਨ੍ਹਾਂ ਧਾਰਮਿਕ ਪੁਰਸ਼ਾ ਨਾਲ ਮਿਲਾਪ ਹੋਇਆ ਉਨ੍ਹਾਂ ਦੇ ਨਾਂ ਦੱਸੇ ਗਏ ਹਨ। ਪ੍ਰੋ. ਸਾਹਿਬ ਸਿੰਘ ਨੇ ਦੂਜੀ ਉਦਾਸੀ ਕਰਤਾਰਪੁਰੇ, ਸਿਆਲਕੋਟ, ਜੰਮੂ, ਵੈਸ਼ਨੋ ਦੇਵੀ, ਅਮਰਨਾਥ, ਸੁਮੇਰ ਪਰਬਤ ਵੱਲ ਦੀ ਦਰਸਾਈ ਹੈ। ਐਟਲਸ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਫ਼ਰ ਬਾਰੇ ਨਿਮਨਲਿਖਤ ਵੇਰਵੇ ਮਿਲਦੇ ਹਨ। ਦੂਸਰੀ ਉਦਾਸੀ ਪਹਿਲੀ ਉਦਾਸੀ ਤੋਂ ਛੇਤੀ ਹੀ ਬਾਅਦ ਅਰੰਭ

ਹੋਈ ਸੀ। ਗੁਰੂ ਜੀ ਨੇ ਹਿਮਾਲਾ ਦੇ ਪਹਾੜਾਂ ਵਿਚ ਬੜੇ ਬਿਖਰੇ ਰਾਹਾਂ ਤੇ ਸਫ਼ਰ ਕੀਤਾ। ਇਸ ਯਾਤਰਾ ਦੌਰਾਨ ਆਪ ਕਾਂਗੜਾ ਵਾਦੀ, ਕੁਲੂਵਾਦੀ, ਸਪਿਤੀਵਾਦੀ, ਪੱਛਮੀ ਤਿੱਬਤ, ਲਦਾਖ, ਕਸ਼ਮੀਰ ਅਤੇ ਪਾਕਿਸਤਾਨ ਦੇ ਇਲਾਕਿਆਂ ਵਿਚੋਂ ਦੀ ਗੁਜ਼ਰੇ। ਸ਼੍ਰੀ ਗੁਰ ਨਾਨਕ ਪ੍ਰਕਾਸ਼ ਵਿਚ ਵੀ ਕੁਝ ਅਸਥਾਨ ਦ੍ਰਿਸ਼ਟੀਗੋਚਰ ਹੁੰਦੇ ਹਨ। ਜਿੱਥੇ ਗੁਰੂ ਜੀ ਦੂਜੀ ਉਦਾਸੀ ਦੌਰਾਨ ਜਾਂਦੇ ਹਨ, ਉੱਥੇ ਧਾਰਮਿਕ ਲੋਕਾਂ ਨੂੰ ਉਪਦੇਸ਼ ਦਿੰਦੇ ਹਨ। ਭਾਈ ਸੰਤੋਖ ਸਿੰਘ ਨੇ ਜਿੰਨ੍ਹਾਂ-ਜਿੰਨ੍ਹਾਂ ਅਧਿਆਇਆਂ ਵਿਚ ਦੂਜੀ ਉਦਾਸੀ ਦਾ ਬਿਰਤਾਂਤ ਪੇਸ਼ ਕੀਤਾ ਹੈ, ਉਹ ਹੇਠ ਲਿਖੇ ਅਨੁਸਾਰ ਮੰਨੇ ਜਾ ਸਕਦੇ ਹਨ।

ਦੂਜੀ ਉਦਾਸੀ ਦੌਰਾਨ ਗੁਰੂ ਜੀ ਸੁਮੇਰ ਪਰਬਤ ਉਤੇ ਚਲੇ ਗਏ। ਉਨ੍ਹਾਂ ਦਾ ਭਰਥਰੀ ਜੋਗੀ ਨਾਲ ਮਿਲਾਪ ਹੋਇਆ। ਉਸ ਨੂੰ ਗੁਰੂ ਜੀ ਨੇ ਤੱਤ-ਗਿਆਨ ਦਾ ਉਪਦੇਸ਼ ਦਿੱਤਾ।

ਪ੍ਰਸਥਾਨੇ ਗੁਨਖਾਨਿ ਹਨਿਨਿ ਸਭਿ ਸਿੱਧਨ ਮਾਨਾ।
ਗਏ ਹਿਮਾਚਲ ਊਰਧ ਦੇਖਿ ਬੋਲਯੋ ਮਰਦਾਨਾ।[40]

ਗੁਰੂ ਜੀ ਦਾ ਮਿਲਾਪ ਗੋਰਖ ਨਾਥ ਨਾਲ ਹੁੰਦਾ ਹੈ। ਗੋਰਖ ਨਾਥ ਗੁਰੂ ਜੀ ਨੂੰ ਹਰ ਤਰੀਕੇ ਨਾਲ ਡਰਾਉਂਦਾ ਸੀ ਤੇ ਹੱਠ ਯੋਗ ਮੰਨਣ ਲਈ ਕਹਿੰਦਾ ਸੀ। ਗੁਰੂ ਜੀ ਹੱਠ-ਯੋਗ ਅਪਨਾਉਣ ਲਈ ਨਹੀਂ ਮੰਨੇ। ਗੁਰੂ ਜੀ ਨੂੰ ਮਛੰਦਰ ਨਾਥ ਨੇ ਇਸ ਤਰ੍ਹਾਂ ਸਵਾਲ ਕੀਤਾ।

ਐਸੇ ਸੁਨਿ ਬੈਨ ਰਿਸ ਕੀਨੀ ਬਿਨ ਚੈਨ ਭਏ, ਆਰੁਨ ਦੋ ਨੈਨ ਮੁਖ ਬਚਨ ਬਖਾਨਿਯਾ।
ਕੇਤੇ ਦਿਨ ਰਾਤਿ ਸ੍ਵਾਸ, ਕੇਤੀ ਨਸਾ ਮੱਧ ਮਾਸ, ਅੰਗੁਰੀ ਕੈ ਤਾਕ ਮੁੱਖ ਕੈਸੇ ਸੰਧਿ ਜਾਨਿਯਾ।[41]

ਗੁਰੂ ਜੀ ਦੀ ਲੁਹਰੀਪਾ, ਭੰਗਰਨਾਥ ਨਾਲ ਚਰਚਾ ਹੁੰਦੀ ਹੈ। ਉਹ ਗੁਰੂ ਜੀ ਨੂੰ ਗੋਰਖ ਦਾ ਚੇਲਾ ਬਣਨ ਜਾਂ ਉਥੋਂ ਵਾਪਸ ਮੁੜਨ ਲਈ ਕਹਿੰਦਾ ਹੈ।

ਕਾਨ ਕੋ ਛਿਦਾਵੋ, ਮੁੰਦ੍ਰਾ ਫਟਕ ਬਨਾਵੋ ਔਰ ਖਿੰਥਾ ਗਰ ਪਾਵੋ ਜੋਗ ਰੀਤਿ ਸਭਿ ਲੀਜਿਯੇ।
ਸਿੱਧਨ ਮੈ ਅੱਯੈ ਨਿਜ ਮਤ ਦੂਰ ਕੱਯੈ, ਭੀਖ ਮਾਂਗ ਮਾਂਗ ਖੱਯੈ, ਤਨ ਭਸਮ ਲਗੀਕਿਯੈ।[42]

ਗੁਰੂ ਜੀ ਦੀ ਗੋਪੀਚੰਦ, ਈਸ਼ੁਰਨਾਥ ਤੇ ਸੰਭੂਨਾਥ ਨਾਲ ਚਰਚਾ ਹੁੰਦੀ ਹੈ। ਭਰਥਰੀ ਗੁਰੂ ਜੀ ਨੂੰ ਨਿਮਰਤਾ ਨਾਲ ਸੁਮੇਰ ਪਰਬਤ (ਕੈਲਾਸ਼) ਆਉਣ ਲਈ ਬੇਨਤੀ ਕਰਦਾ ਹੈ। ਗੁਰੂ ਜੀ ਉਸ ਦੀ ਬੇਨਤੀ ਮੰਨ ਕੇ ਸਿੱਧ ਮੰਡਲੀ ਕੋਲ ਪਹੁੰਚਦੇ ਹਨ। ਸਿੱਧ ਮੰਡਲੀ ਆਪਣੇ ਗਿਆਨ ਨਾਲ ਗੁਰੂ ਜੀ ਨੂੰ ਪਰਖ ਕੇ ਹਰਾਉਣਾ ਚਾਹੁੰਦੀ ਸੀ। ਜਦੋਂ ਗੁਰੂ ਜੀ ਨੂੰ ਸਿੱਧ-ਮੰਡਲੀ ਹਰਾ ਨਾ ਸਕੀ ਤਾਂ ਗੋਰਖ ਨੇ ਯੋਗ-ਮਤ ਗ੍ਰਹਿਣ ਕਰਨ ਤੇ ਸਿੱਧਾਂ ਦਾ ਮੁਖੀ ਬਣਨ ਲਈ ਸਲਾਹ ਦਿੱਤੀ। ਗੁਰੂ ਜੀ ਨੇ ਯੋਗ-ਮੱਤ ਗ੍ਰਹਿਣ ਕਰਨ, ਸਿੱਧਾਂ ਦਾ ਮੁੱਖੀ ਬਣਨ ਅਤੇ ਪ੍ਰਧਾਨ ਬਣਨ ਤੋਂ ਇਨਕਾਰ ਕਰ ਦਿੱਤਾ।

ਨੀਕੋ ਕੀਨ ਸੰਤੋਖੰ ਅਸਨਾ। ਰੂਰੋ ਸਾਦ ਨਾਮ ਜਪ ਰਸਨਾ।
ਬਸਨ ਜਿ ਭਾਉ ਭਗਤਿ ਕੇ ਲੀਨੇ। ਨਹੀਂ ਪੁਰਾਤਨ, ਨੀਤ ਨਵੀਨੇ।[43]

ਸ੍ਰੀ ਗੁਰੂ ਨਾਨਕ ਦੇਵ ਜੀ ਤੇ ਗੋਰਖ ਨਾਥ ਦ ਕਾਲ ਦਾ ਅੰਤਰ ਹੈ। ਇਸ ਗੁਰੂ ਜੀ ਦਾ ਮੇਲ ਗੋਰਖ ਨਾਥ ਨਾਲ ਨਹੀਂ ਬਲਕਿ ਉਸ ਦੇ ਚੇਲਿਆਂ ਨਾਲ ਹੁੰਦਾ ਹੈ। ਗੁਰੂ ਜੀ ਲਾਹੌਰ ਗਏ। ਉੱਥੇ ਦੁਨੀਚੰਦ ਬਣੀਆਂ ਪਿਤਾ ਦਾ ਸ਼ਰਾਧ ਕਰ ਰਿਹਾ ਸੀ। ਗੁਰੂ ਜੀ ਨੇ ਦੱਸਿਆ ਜੋ ਸ਼ਰਾਧ ਤੂੰ ਕਰ ਰਿਹਾ ਹੈ। ਉਹ ਭੋਜਨ ਤੇਰੇ ਪਿਤਾ ਪਾਸ ਨਹੀਂ ਪਹੁੰਚਦਾ। ਗੁਰਮਤਿ ਅਨੁਸਾਰ ਸਿੱਖਾਂ ਲਈ ਸ਼ਰਾਧ ਕਰਨਾ ਵਰਜਿਤ ਹੈ। ਇਸ ਤਰ੍ਹਾਂ ਗੁਰੂ ਜੀ ਨੇ ਆਪਣੇ ਗਿਆਨ ਰਾਹੀਂ ਪੁਰਾਣੀਆਂ ਪ੍ਰਥਾਵਾਂ ਨੂੰ ਖ਼ਤਮ ਕਰਨ ਲਈ ਨਵਾਂ ਮਾਰਗ ਦਰਸ਼ਨ ਪ੍ਰਦਾਨ ਕੀਤਾ।

ਜੀਵਤ ਪਿਤਰ ਨਾ ਮਾਨੈ ਕੋਊ ਮੂਏਂ ਸਿਰਾਧ ਕਰਾਹੀਂ।
ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ।[44]

ਉਦਾਸੀ ਦੌਰਾਨ ਗੁਰੂ ਜੀ ਕਸ਼ਮੀਰ ਗਏ। ਉਥੇ ਤੇਰਵੇਂ ਦਿਨ ਗੁਰੂ ਕੋਲ ਦੁੰਬੇ ਚਾਰਨ ਵਾਲਾ ਆਜੜੀ ਆਇਆ। ਉਸ ਨੇ ਗੁਰੂ ਜੀ ਨੂੰ ਕੌੜੇ ਬਚਨ ਬੋਲੇ ਤਾਂ ਉਸ ਦੇ ਸਾਰੇ ਦੁੰਬੇ ਮਰ ਗਏ। ਗੁਰੂ ਜੀ ਤੋਂ ਮੁਆਫ਼ੀ ਮੰਗਣ ਤੇ ਸਾਰੇ ਦੁੰਬੇ ਮੁੜ ਜਿਉਂਦੇ ਹੋ ਗਏ।

ਗੁਰੂ ਜੀ ਨੇ ਹਸਨ ਅਬਦਾਲ ਪਹੁੰਚ ਕੇ 'ਵਲੀ ਕੰਧਾਰੀ' ਦਾ ਹੰਕਾਰ ਤੋੜਿਆ। ਉਸ ਨੇ ਮਰਦਾਨੇ ਨੂੰ ਪਾਣੀ ਨਾ ਦਿੱਤਾ। ਗੁਰੂ ਜੀ ਨੇ ਪਾਣੀ ਦਾ ਚਸ਼ਮਾ ਪ੍ਰਗਟ ਕਰ ਦਿੱਤਾ। ਕੰਧਾਰੀ ਨੇ ਭਾਰੀ ਪੱਥਰ ਹੇਠਾਂ ਖਿਸਕਾ ਦਿੱਤਾ। ਗੁਰੂ ਜੀ ਨੇ ਪੰਜੇ ਨਾਲ ਰੋਕ ਦਿੱਤਾ। ਜੋ ਅੱਜ ਵੀ ਪੰਜਾ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੈ।

ਕਹੈ ਜੁ ਤਪਾ ਅਜ਼ਮਤੀ ਐਸੇ। ਕਯੋਂ ਨ ਮੰਗਾਵਹਿ ਜਲ ਜਹਿੰ ਬੈਸੇ।
ਜਿਸ ਮਹਿੰ ਅਜ਼ਮਤ ਕਹੈਂ ਗਹੀਰ। ਸੰਗੀ ਇਮ ਜਾਚਤਿ ਫਿਰ ਨੀਰ।[45]

ਲੋਕਾਂ ਦਾ ਕਲਿਆਣ ਕਰਨ ਲਈ ਗੁਰੂ ਜੀ ਲਾਹੌਰ ਨਗਰ ਗਏ। ਜਿਹੜੀ ਥਾਂ ਤੇ ਕਸਾਈਆਣਾ ਹੈ। ਉੱਥੇ ਖੜ੍ਹਕੇ ਗੁਰੂ ਜੀ ਨੇ ਗਊ-ਹੱਤਿਆ ਦਾ ਕੁਕਰਮ ਹੁੰਦਾ ਵੇਖਿਆ।

ਆਯੁਧ ਧਰਿ ਕੈ ਜੁੱਧ ਮਚਾਵਹਿੰ। ਤੁਰਕਨ ਕੀ ਸਭਿ ਸਫਾ ਉਠਾਵਹਿੰ।
ਮਹਾਂ ਪਾਪ ਸੋ ਦੇਹਿੰ ਹਟਾਈ। ਧਰਮ ਨੀਤਿ ਯੁਤ ਰਾਜ ਭੁੰਚਾਈ।[46]

ਫਿਰ ਗੁਰੂ ਜੀ ਇੱਕ ਅਜਿਹੇ ਪਿੰਡ ਗਏ। ਜਿੱਥੋਂ ਦੇ ਲੋਕੀ ਮੋਟੀ-ਬੁੱਧੀ ਵਾਲੇ ਸਨ। ਉਹ ਗੁਰੂ ਦਾ ਆਦਰ ਕਰਨ ਦੀ ਥਾਂ ਤੇ ਮਜ਼ਾਕ ਉਡਾਉਣ ਲੱਗੇ। ਗੁਰੂ ਜੀ ਨੇ ਉਨ੍ਹਾਂ ਨੂੰ 'ਵਸਦੇ ਰਹਿਣ' ਦਾ ਵਰ

ਦਿੱਤਾ ਤਾਂ ਜੋ ਬੁਰਾਈ ਅੱਗੇ ਨਾ ਫੈਲੇ। ਫਿਰ ਗੁਰੂ ਜੀ ਇਕ ਅਜਿਹੇ ਪਿੰਡ ਗਏ ਜਿੱਥੇ ਲੋਕਾਂ ਨੇ ਗੁਰੂ ਜੀ ਦੀ ਬਹੁਤ ਸੇਵਾ ਤੇ ਆਦਰ ਸਤਿਕਾਰ ਕੀਤਾ। ਗੁਰੂ ਜੀ ਨੇ ਉਨ੍ਹਾਂ ਨੂੰ 'ਉਜੜ ਜਾਣ' ਦਾ ਸਰਾਪ ਦਿੱਤਾ ਤਾਂ ਜੋ ਉਹ ਮਨੁੱਖ ਹੋਰ ਥਾਂ ਜਾ ਕੇ ਵੀ ਚੰਗਾ ਰਸਤਾ ਦੱਸਣ ਵਿੱਚ ਸਹਾਇਕ ਹੋਣ।

### (ੲ) ਤੀਜੀ ਉਦਾਸੀ (ਉੱਤਰ ਵੱਲ)

ਜਨਮ ਸਾਖੀਆਂ ਵਿਚ ਗੁਰੂ ਜੀ ਦੀ ਤੀਜੀ ਉਦਾਸੀ ਦਾ ਵੇਰਵਾ ਵੱਖੋ-ਵੱਖਰਾ ਮਿਲਦਾ ਹੈ। ਵਲਾਇਤ ਵਾਲੀ ਜਨਮ ਸਾਖੀ ਵਿਚ ਗੁਰੂ ਜੀ ਕਸ਼ਮੀਰ (ਬ੍ਰਹਮਦਾਸ ਪੰਡਤ ਨਾਲ ਮੇਲ), ਸਮੇਰ ਪਰਬਤ (ਕੈਲਾਸ਼) ਤੇ ਹੋਰ ਬਹੁਤ ਸਾਰੇ ਪਰਬਤ, ਅਚਲ ਵਟਾਲਾ (ਜ਼ਿਲਾ-ਗੁਰਦਾਸਪੁਰ) ਆਦਿ ਥਾਵਾਂ ਤੇ ਗਏ।

ਗੁਰੂ ਨਾਨਕ ਮਹਿਮਾ ਵਿਚ ਸਰੂਪ ਦਾਸ ਭੱਲਾ ਇਸ ਉਦਾਸੀ ਨੂੰ ਉਤਰਖੰਡ ਵਲ ਮੰਨਦੇ ਹਨ। ਇਸ ਉਦਾਸੀ ਵਿਚ ਗਰੂ ਜੀ ਸੁਮੇਰ ਪਰਬਤ, ਮੱਕੇ, ਰੂਸ ਅਤੇ ਮਦੀਨੇ ਗਏ। ਇਸ ਤੋਂ ਇਲਾਵਾ ਗੁਰੂ ਜੀ ਦੀਆਂ ਇੰਦ੍ਰ ਦੇ ਸ਼ਰਾਪ ਦੀ, ਸਾਖੀ ਅਗਨ ਰਿਖੀ ਦੀ, ਸਾਖੀ ਸਿਧ-ਮਤੇ ਕੀ, ਸਾਖੀ ਸਤਿਗੁਰੂ ਪੰਜਾਬ ਕੋ ਚਲਨੇ ਕੀ, ਸਾਖੀ ਕਿਰਾਣੇ ਅਸਥਾਨ ਕੀ ਆਉਂਦੀ ਹੈ, ਲੇਕਿਨ ਇਸ ਵਿਚ ਮਹਾਂਪੁਰਖਾਂ ਦੇ ਨਾਮ ਤੇ ਸਥਾਨ ਨਹੀਂ ਆਉਂਦੇ। ਗਿਆਨੀ ਗਿਆਨ ਸਿੰਘ ਤਵਾਰੀਖ਼ ਗੁਰੂ ਖਾਲਸਾ ਵਿਚ ਤੀਜੀ ਉਦਾਸੀ ਬਾਰੇ ਲਿਖਦੇ ਹਨ ਕਿ ਇਸ ਉਦਾਸੀ ਵਿਚ ਗੁਰੂ ਜੀ ਸੱਚ ਖੰਡ ਪ੍ਰਵੇਸ਼ ਕਰਦੇ ਹਨ, ਸਿੱਧਾਂ ਨਾਲ ਗੋਸ਼ਟ, ਰਾਮ ਚੰਦ੍ਰ ਦੀ ਕਥਾ ਤੋਂ ਬਾਅਦ ਸੁਲਤਾਨਪੁਰ ਪਹੁੰਚਦੇ ਹੋਏ ਦਰਸਾਏ ਗਏ ਹਨ। ਉਕਤ ਦਰਸਾਏ ਗਏ ਤੱਥਾਂ ਵਿਚ ਕਲਪਨਾ ਅਤੇ ਮਿਥਿਹਾਸ ਦਾ ਮਿਸ਼ਰਣ ਹੈ, ਇਸਨੂੰ ਵਿਗਿਅਨਿਕ ਨਹੀਂ ਮੰਨਿਆ ਜਾ ਸਕਦਾ। ਭਾਈ ਗੁਰਦਾਸ ਜੀ ਨੇ ਵਾਰ ਪਹਿਲੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਦੀ ਤਰਤੀਬ ਦਿੱਤੀ ਹੈ ਜਿਸ ਵਿਚ ਪਹਿਲੀ ਪੂਰਬ, ਦੂਜੀ ਦੱਖਣ, ਤੀਜੀ ਉੱਤਰ ਅਤੇ ਚੌਥੀ ਪੱਛਮ ਵੱਲ ਕਰਨ ਦਾ ਕਥਨ ਮਿਲਦਾ ਹੈ। ਕੁਝ ਵਿਦਵਾਨਾਂ ਨੇ ਪੂਰਬ ਅਤੇ ਦੱਖਣ ਦੀ ਉਦਾਸੀ ਨੂੰ ਇਕੋ ਉਦਾਸੀ ਮੰਨਿਆ ਹੈ। ਕਿਉਂਕਿ ਪੁਰਾਤਨ ਜਨਮ ਸਾਖੀ (ਨੰ:31) ਵਿਚ ਲਿਖਿਆ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਬਾਰਾਂ ਸਾਲਾਂ ਪਿੱਛੋਂ ਤਲਵੰਡੀ ਆਏ। ਇਸ ਉਪਰੰਤ ਗੁਰੂ ਜੀ ਭੈਣ ਨਾਨਕੀ ਕੋਲ ਸੁਲਤਾਨਪੁਰ ਗਏ ਤੇ ਬਾਅਦ ਵਿਚ ਤਲਵੰਡੀ ਜਾ ਕੇ ਪਿੰਡ ਦੇ ਬਾਹਰ ਬੈਠ ਗਏ। ਮਾਤਾ ਤ੍ਰਿਪਤਾ ਮਮਤਾ ਵੱਲ ਵਿਰਲਾਪ ਕਰਦੇ ਹੋਏ ਮਿੱਠਾ ਭੋਜਨ ਤੇ ਸੁੰਦਰ ਬਸਤਰ ਲੈ ਕੇ ਮਰਦਾਨੇ ਦੇ ਪਿੱਛੇ-ਪਿੱਛੇ ਗੁਰੂ ਕੋਲ ਆ ਪਹੁੰਚੇ। ਪਿਤਾ ਮਹਿਤਾ ਕਾਲੂ ਵੀ ਉੱਥੇ ਆ ਗਏ। ਗੁਰੂ ਜੀ ਨੇ ਮਾਤਾ-ਪਿਤਾ ਨੂੰ ਚਰਨ ਬੰਧਨਾਂ ਕੀਤੀ। ਮਾਤਾ-ਪਿਤਾ ਗੁਰੂ ਜੀ ਨੂੰ ਘਰ ਚੱਲਣ ਲਈ ਕਹਿਣ ਲੱਗੇ। ਲੋਕਾਂ ਨੇ ਦੱਸਿਆ ਕਿ ਰਾਏਬੁਲਾਰ

ਪੁਰੋਹਤ ਅਤੇ ਮੌਲਾਣਾ ਚੱਲ ਵਸੇ। ਗੁਰੂ ਜੀ ਨੇ ਸੰਸਾਰ ਨੂੰ ਇਕ ਸਰਾਂ ਵਾਂਗ ਦੱਸਿਆ। ਗੁਰੂ ਜੀ ਕੁਝ ਸਮਾਂ ਮਹਿਤਾ ਕਾਲੂ ਕੋਲ ਰਹੇ। ਪਿਤਾ ਜੀ ਨੇ ਗੁਰੂ ਨੂੰ ਕੰਮ-ਕਾਰ ਸੰਭਾਲਣ ਲਈ ਕਿਹਾ। ਪਰ ਗੁਰੂ ਜੀ ਨੇ ਉਨ੍ਹਾਂ ਨੂੰ ਉਪੇਦਸ਼ਾਂ ਰਾਹੀਂ ਮਾਇਆ ਅਤੇ ਸੰਸਾਰ ਨਾਸ਼ਵਾਨ ਦੱਸੇ। ਗੁਰੂ ਜੀ ਨੇ ਪਿਤਾ ਜੀ ਨੂੰ ਗਿਆਨ ਰੂਪੀ ਰੋਸ਼ਨੀ ਦਿੱਤੀ। ਪਰਮਾਤਮਾ ਨੂੰ ਸਰਵ-ਵਿਆਪਕ ਸਮਝਣ, ਕਰੋਧ, ਈਰਖਾ, ਕਲਪਨਾ ਦਾ ਤਿਆਗ ਕਰਨ ਲਈ ਸਮਝਾਇਆ।

ਗੁਰੂ ਜੀ ਉਦਾਸੀਆਂ ਦੌਰਾਨ ਸਮਾਜ ਦੇ ਹਰ ਵਰਗ ਤੇ ਵਿਅਕਤੀਆਂ ਨੂੰ ਮਿਲਦੇ ਰਹੇ। ਇੱਕ ਖੇਤ ਮਾਲਿਕ ਬਾਲਕ ਨੇ ਪੱਕੇ ਹੋਏ ਛੋਲਿਆਂ ਦੇ ਬੂਟੇ ਅੱਗ ਤੇ ਭੁੰਨ ਕੇ ਹੋਲਾਂ ਖਵਾਈਆਂ। ਗੁਰੂ ਜੀ ਨੇ ਉਸ ਨੂੰ ਬਾਦਸ਼ਾਹੀ ਦਾ ਵਰ ਦਿੱਤਾ। ਇਸ ਤਰ੍ਹਾਂ ਗੁਰੂ ਜੀ ਆਪਣੇ ਗਿਆਨ ਦੀ ਸ਼ਕਤੀ ਨਾਲ ਆਮ ਵਿਅਕਤੀਆਂ ਨੂੰ ਬਾਦਸ਼ਾਹੀਆਂ ਤੇ ਪਾਤਸ਼ਾਹੀਆਂ ਬਖ਼ਸ਼ਦੇ ਰਹੇ ਹਨ।

ਭੋਰ ਭਈ ਜੋ ਮਿਲੈ ਅਗਾਰੀ। ਤਿਹ ਕੋ ਦੇਵੈ ਤਖ਼ਤ ਬਿਠਾਰੀ।
ਲੇਤਿਹ ਕੋ ਇਸ਼ਨਾਨ ਕਰਾਯੋ। ਰਾਜ ਸਰਬ ਕੇ ਤਖ਼ਤ ਬਿਠਾਯੋ॥[47]

ਲਾਹੌਰ ਤੋਂ ਮੁਲਤਾਨ ਵੱਲ ਜਾਂਦਿਆ ਰਾਵੀ ਦੇ ਕੰਢੇ ਉੱਤੇ-ਤੁੰਲਬਾ ਨਗਰ ਆਉਂਦਾ ਹੈ ਜਿਸ ਦਾ ਹੁਣ ਨਾਮ ਮਖਦੂਮਪੁਰ ਹੈ। ਗੁਰੂ ਜੀ ਠੱਗਾਂ ਦੇ ਪਿੰਡ ਪਹੁੰਚੇ ਜੋ ਰਾਹੀਆਂ ਨੂੰ ਮਾਰ ਕੇ ਉਨ੍ਹਾਂ ਦਾ ਧਨ ਲੁੱਟ ਲੈਂਦੇ ਸਨ। ਗੁਰੂ ਜੀ ਠੱਗਾਂ ਨੂੰ ਗਿਆਨ ਦੇਣ ਲਈ ਬਾਲੇ ਨੂੰ ਲਾੜੀ ਦਾ, ਖ਼ੁਦ ਨੂੰ ਲਾੜੇ ਦਾ, ਤੇ ਮਰਦਾਨੇ ਨੂੰ ਸੇਵਕ ਦਾ ਭੇਸ ਧਾਰ ਕੇ ਗਏ। ਇੱਕ ਠੱਗ ਨੇ ਲੁੱਟਣ ਦੀ ਇੱਛਾ ਨਾਲ ਉਨ੍ਹਾਂ ਨੂੰ ਆਪਣੇ ਕੋਲ ਰਾਤ ਰੱਖ ਲਿਆ ਤੇ ਉਨ੍ਹਾਂ ਦੀ ਪੂਰੀ ਸੇਵਾ ਕੀਤੀ। ਗੁਰੂ ਜੀ ਦੇ ਕੌਤਕ ਨਾਲ ਉਨ੍ਹਾਂ ਨੂੰ ਐਸੀ ਨੀਂਦ ਆਈ ਕਿ ਦਿਨ ਚੜ੍ਹਦੇ ਤੱਕ ਸੁੱਤੇ ਰਹੇ।

ਗੁਰੂ ਜੀ ਦਾ ਜੰਬੂ ਦੀਪ ਵਿੱਚ ਸਿੱਧਾਂ ਨਾਲ ਮਿਲਾਪ ਹੋਇਆ। ਸਿੱਧਾਂ ਨੇ ਗੁਰੂ ਜੀ ਨੂੰ ਇੱਕ ਤਿਲ ਦੇ ਕੇ ਸਭ ਨੂੰ ਵਰਤਾਉਣ ਲਈ ਕਿਹਾ। ਗੁਰੂ ਜੀ ਨੇ ਤਿਲ ਨੂੰ ਘੋਟ ਕੇ ਪਾਣੀ ਵਿੱਚ ਮਿਲਾ ਕੇ ਸਭ ਨੂੰ ਵਰਤਾ ਦਿੱਤਾ। ਫਿਰ ਵਾਰ-ਵਾਰ ਸਿੱਧਾਂ ਨੇ ਗੁਰੂ ਜੀ ਨਾਲ ਆਪਣੇ ਮਤ ਬਾਰੇ ਵਿਚਾਰ-ਵਟਾਂਦਰਾ ਕੀਤਾ। ਗੁਰੂ ਜੀ ਨੇ ਰਿਧੀਆਂ-ਸਿਧੀਆਂ ਦਾ ਖੰਡਨ ਕਰਦੇ ਹੋਏ ਨਾਮ ਨੂੰ ਸਭ ਤੋਂ ਉੱਤਮ ਦੱਸਿਆ। ਇਸ ਸਥਾਨ ਦਾ ਨਾਂ ਗੋਰਖਮਤਾ ਹਟਾ ਕੇ ਨਾਨਕਮਤਾ ਰੱਖ ਦਿੱਤਾ।

ਗੁਰੂ ਜੀ ਪਾਕਪਟਨ ਗਏ ਉੱਥੇ ਬਾਬਾ ਫ਼ਰੀਦ ਦਾ ਚੇਲਾ ਸ਼ੇਖ ਬ੍ਰਹਮ ਸੀ। ਸ਼ੇਖ ਦੇ ਮੁਰੀਦ ਨੇ ਗੁਰੂ ਜੀ ਤੋਂ ਇੱਕ ਸਲੋਕ ਸੁਣ ਕੇ ਖੁਸ਼ੀ ਪ੍ਰਗਟ ਕੀਤੀ।

ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ।
ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥[48]

## (ਸ) ਚੌਥੀ ਉਦਾਸੀ (ਪੱਛਮ ਵੱਲ)

ਹਿਮਾਲਿਆ ਪਹਾੜਾਂ ਦਾ ਸਫ਼ਰ ਕਰਨ ਉਪਰੰਤ ਗੁਰੂ ਜੀ ਨੇ ਮੁਸਲਮਾਨ ਦੇਸ਼ਾਂ ਵੱਲ ਉਦਾਸੀ (ਸਫ਼ਰ) ਕਰਨ ਦਾ ਫ਼ੈਸਲਾ ਕੀਤਾ। ਇਹ ਵੀ ਮੰਨਿਆ ਜਾਂਦਾ ਹੈ ਕਿ ਗੁਰੂ ਜੀ ਹਾਜੀਆਂ ਵਾਲਾ ਪਹਿਰਾਵਾ ਪਾ ਕੇ ਪੱਛਮੀ ਏਸ਼ੀਆ ਗਏ। ਆਪ ਨੇ ਸਿੰਧ, ਬਲੋਚਿਸਤਾਨ ਦੇ ਕੁਝ ਭਾਗ ਅਰਬ, ਇਰਾਕ, ਈਰਾਨ ਤੇ ਅਫ਼ਗਾਨਿਸਤਾਨ ਦੇ ਮੁਲਕਾਂ ਦੀ ਯਾਤਰਾ ਕੀਤੀ। ਭਾਈ ਮਨੀ ਸਿੰਘ ਦੀ ਜਨਮ ਸਾਖੀ ਅਨੁਸਾਰ ਆਪ ਸ਼ਾਮ ਤੇ ਰੂਮ ਦੇ ਮੁਲਕਾਂ ਵਿਚ ਵੀ ਗਏ। ਅਪ੍ਰਸ਼ਟ ਤੱਥਾਂ ਵਿੱਚ ਕੁਝ ਲਿਖਾਰੀ ਮੱਧ ਏਸ਼ੀਆਂ ਦੇ ਮੁਲਕਾਂ ਨੂੰ ਵੀ ਇਸ ਉਦਾਸੀ ਵਿਚ ਸ਼ਾਮਲ ਕਰਦੇ ਹਨ। ਇਸ ਉਦਾਸੀ ਵਿਚ ਗੁਰੂ ਜੀ ਜਿਨ੍ਹਾਂ ਥਾਵਾਂ ਤੇ ਗਏ, ਉਨ੍ਹਾਂ ਨੂੰ ਨਿਮਨ ਲਿਖਤ ਮੰਨਿਆ ਗਿਆ ਹੈ।

ਮੁਲਤਾਨ, ਉਚ, ਲਖਪੇਟ, ਹਿੰਗਲਾਜ, ਮੱਕਾ, ਮਦੀਨਾ, ਬਗਦਾਦ, ਮਸ਼ਹਦ, ਕੰਧਾਰ, ਕਾਬਲ, ਪਾਰਾਚਿਨਾਰ ਅਤੇ ਗੋਰਖਹਟੜੀ ਪਿਸ਼ਾਵਰ ਆਦਿ।

ਭਾਈ ਗੁਰਦਾਸ 32ਵੀਂ ਅਤੇ 33 ਵੀਂ ਪਉੜੀ ਵਿਚ ਪੱਛਮ ਵਾਲੇ ਪਾਸੇ ਦੀ ਉਦਾਸੀ ਦਾ ਵਰਨਨ ਕਰਦੇ ਹਨ। ਇਸ ਵਿਚ ਮੱਕੇ ਅਤੇ ਮਦੀਨੇ ਜਾਣ ਸੰਬੰਧੀ ਕਥਨ ਮਿਲਦਾ ਹੈ। 35ਵੀਂ ਅਤੇ 36ਵੀਂ ਪਉੜੀ ਵਿਚ ਬਗਦਾਦ ਜਾਣ ਦਾ ਵਰਨਨ ਆਉਂਦਾ ਹੈ।

ਫਿਰਿ ਬਾਬਾ ਗਇਆ ਬਗਦਾਦਿ ਨੋ ਬਾਹਰਿ ਜਾਇ ਦੀਆ ਅਸਥਾਨਾ
ਇਕੁ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ [49]

ਗਿਆਨੀ ਗਿਆਨ ਸਿੰਘ ਦੀ ਪੁਸਤਕ ਤਵਾਰੀਖ਼ ਗੁਰੂ ਖਾਲਸਾ 'ਚ ਚੌਥੀ ਉਦਾਸੀ ਪੱਛਮ ਵੱਲ ਦੀ ਦੱਸੀ ਗਈ ਹੈ, ਜੋ ਕਿ ਗੁਰੂ ਜੀ ਮੱਕੇ ਮਦੀਨੇ ਵਲ ਜਾਂਦੇ ਹਨ। ਪ੍ਰੋਫ਼ੈਸਰ ਸਾਹਿਬ ਸਿੰਘ ਇਸਨੂੰ ਤੀਜੀ ਉਦਾਸੀ ਮੰਨਦੇ ਹਨ ਕਿ ਇਸ ਉਦਾਸੀ ਵਿਚ ਗੁਰੂ ਜੀ ਪਾਕਪਟਨ, ਤੁਲੰਭਾ, ਕਾਅਬਾ (ਮੱਕਾ), ਮਦੀਨਾ, ਬਸਰਾ, ਕਰਬਲਾ, ਬਗਦਾਦ, ਕਾਬਲ ਜਲਾਲਾਬਾਦ, ਪੰਜਾ ਸਾਹਿਬ ਡਿੰਗਾ ਆਦਿ ਨੂੰ ਗਏ ਮੰਨਦੇ ਹਨ।

ਗੁਰੂ ਜੀ ਰੂਮ ਦੇਸ ਦੇ ਬਾਦਸ਼ਾਹ ਕਾਰੂ ਕੋਲ ਗਏ। ਉਹ ਪਰਜਾ ਨੂੰ ਦੁੱਖੀ ਕਰਦਾ ਤੇ ਲੁੱਟਦਾ ਸੀ। ਉਸਨੇ ਪੰਤਾਲੀ ਗੰਜ ਮਾਇਆ ਜੋੜ ਰੱਖੀ ਸੀ। ਉਸ ਨੇ ਲੋਕਾਂ ਦੇ ਬਚੇ ਹੋਏ ਚਾਂਦੀ ਦੇ ਸਿੱਕਿਆਂ ਦਾ ਪਤਾ ਲਾਉਣ ਲਈ ਆਪਣੀ ਬੇਟੀ ਨੂੰ ਨੀਲਾਮੀ ਲਈ ਬਜ਼ਾਰ ਵਿੱਚ ਖੜ੍ਹਾ ਕੀਤਾ। ਜਦ ਉਸ ਨੂੰ ਪਤਾ ਲੱਗਿਆ ਕਿ ਮੁਰਦਿਆਂ ਦੇ ਮੂੰਹ ਵਿੱਚ ਦਫ਼ਨ ਕਰਨ ਸਮੇਂ ਚਾਂਦੀ ਦਾ ਸਿੱਕਾ ਪਾਉਂਦੇ ਹਨ ਤਾਂ ਉਸ ਨੇ ਇਹ ਧਨ ਪ੍ਰਾਪਤ ਕਰਨ ਲਈ ਸਾਰੀਆਂ ਕਬਰਾਂ ਪੁਟਵਾ ਦਿੱਤੀਆਂ ਸਨ। ਗੁਰੂ ਜੀ ਦੇ ਉਪਦੇਸ਼ ਦੁਆਰਾ ਉਹ ਮੋਮ ਵਾਂਗ ਪਿਘਲ ਕੇ ਨਾਮ-ਸਿਮਰਨ ਕਰਨ ਲੱਗ ਗਿਆ।

ਗੁਰੂ ਜੀ ਮੱਕੇ ਗਏ। ਉਹ ਮੱਥੇ ਉਤੇ ਤਿਲਕ ਲਗਾ ਨੀਲੇ ਬਸਤਰ ਪਹਿਨ ਕੇ ਗਏ।

ਕਹਿ ਕਹਿ ਮੱਕੇ ਦਿਸ਼ ਪ੍ਰਸਥਾਨੇ ਜਿਨਕੇ ਦਰਸਹਿ ਤੇ ਭ੍ਰਮ ਹਾਨੇ।

ਮੁਲਤਾਨ ਦੇ ਹਾਜੀ ਨੇ ਪੁੱਛਿਆ ਤੁਸੀਂ ਹਿੰਦੂ ਹੋ ਜਾਂ ਮੁਸਲਮਾਨ। ਗੁਰੂ ਜੀ ਨੇ ਕਿਹਾ ਕਿ ਅਸੀਂ ਬੇਗਮਪੁਰਾ ਦੇਸ ਤੋਂ ਆਏ ਹਾਂ। ਉਨ੍ਹਾਂ ਨੇ ਕਿਹਾ ਸੰਸਾਰ ਵਿੱਚ ਹਿੰਦੂ ਤੇ ਮੁਸਲਮਾਨ ਪੱਖ ਪਾਤਾਂ ਵਿੱਚ ਫਸੇ ਹੋਏ ਹਨ। ਪਰਮਾਤਮਾ ਨੇ ਸਭ ਨੂੰ ਇਕੋ ਜਿਹਾ ਬਣਾਇਆ ਹੈ।

ਮਰਦਾਨਾ ਮੱਕੇ ਅਸਥਾਨ ਦੇ ਦਰਸ਼ਨ ਕਰਨ ਗਿਆ। ਪੁਜਾਰੀਆਂ ਨੇ ਕਿਹਾ ਇਥੇ ਅੱਖਾਂ ਬੰਨ੍ਹ ਕੇ ਅੰਦਰ ਦੇਖਣ ਦੀ ਰਵਾਇਤ ਹੈ। ਪਰ ਗੁਰੂ ਜੀ ਨੇ ਮਰਦਾਨੇ ਨੂੰ ਅੰਦਰ ਦੇ ਦਰਸ਼ਨ ਕਰਵਾ ਦਿੱਤੇ। ਰਾਤ ਨੂੰ ਗੁਰੂ ਜੀ ਕਾਅਬੇ ਵੱਲ ਪੈਰ ਕਰਕੇ ਸੌਂ ਗਏ। ਜਦੋਂ ਜੀਵਣ ਮੁੱਲਾ ਸਵੇਰੇ ਝਾੜੂ ਮਾਰਨ ਆਇਆ ਤਾਂ ਉਸ ਨੇ ਗੁਰੂ ਜੀ ਦੇ ਪੈਰ ਕਾਬੇ ਵੱਲ ਵੇਖ ਕੇ ਲੱਤ ਮਾਰੀ। ਗੁਰੂ ਜੀ ਨੇ ਕਿਹਾ ਜਿੱਧਰ ਅੱਲ੍ਹਾ ਨਹੀਂ ਹੈ, ਮੇਰੇ ਪੈਰ ਉਧਰ ਕਰ ਦੇਵੇ ਤਾਂ ਮੁੱਲਾ ਨੇ ਗੁਰੂ ਜੀ ਦੇ ਪੈਰ ਜਿੱਧਰ ਨੂੰ ਚੁੱਕ ਕੇ ਕੀਤੇ ਤਾਂ ਕਾਅਬਾ ਵੀ ਉਧਰ ਨੂੰ ਹੀ ਘੁੰਮੀ ਜਾਵੇ। ਉਹ ਇਹ ਦੇਖ ਕੇ ਹੈਰਾਨ ਹੋਇਆ। ਇਥੇ ਗੁਰੂ ਜੀ ਦੀ ਕਾਜ਼ੀ ਰੁਕਨਦੀਨ ਨਾਲ ਚਰਚਾ ਹੋਈ। ਮਹਾਨ ਕੋਸ਼ ਵਿੱਚ ਵੀ ਇਸ ਚਰਚਾ ਬਾਰੇ ਪਤਾ ਲੱਗਦਾ ਹੈ। ਇਸ ਸਾਖੀ ਰਾਹੀਂ ਗੁਰੂ ਜੀ ਨੇ ਇਹ ਸਿੱਧ ਕਰਨਾ ਚਾਹਿਆ ਹੈ ਕਿ ਪਰਮਾਤਮਾ ਜ਼ਰੇ ਜ਼ਰੇ ਵਿਚ ਤੇ ਸਰਵਵਿਆਪਕ ਹੈ।

ਸ਼ਬਦ ਪਢਯੋ ਸ਼੍ਰੀ ਬਦਨ ਜਬ ਨਿਵੀਂ ਗੋਰ ਪਦਓਰ।
ਨਮਸਕਾਰ ਕਰਿ ਪੁਨ ਹਟੀ ਠਹਿਰਾਨੀ ਨਿਜ ਠੌਰ।[50]

ਫਿਰ ਮੌਲਾਨਾ ਨੇ ਗੁਰੂ ਜੀ ਦੀ ਖੜਾਵ ਮੰਗ ਕੇ ਪੂਜਣ ਲਈ ਕਬਰ ਕੋਲ ਰੱਖ ਦਿੱਤੀ।ਉਹ ਗੁਰੂ ਜੀ ਦੇ ਮੁਰੀਦ ਬਣ ਗਏ। ਫਿਰ ਗੁਰੂ ਜੀ ਨੂੰ ਬੀਬੀ ਨਾਨਕੀ ਦੇ ਯਾਦ ਕਰਨ ਤੇ ਸੁਲਤਾਨਪੁਰ ਪਹੁੰਚਣਾ ਪਿਆ।

ਕੁਝ ਸੰਤ ਗੁਰੂ ਜੀ ਤੋਂ ਪਰਮੇਸ਼ਰ ਦੀ ਬਨਾਵਟ, ਰੂਪ-ਰੰਗ ਬਾਰੇ ਪੁੱਛਦੇ ਹਨ। ਪ੍ਰਭੂ ਦਾ ਅੰਤ ਨਹੀਂ ਜਾਣਿਆ ਜਾ ਸਕਦਾ। ਗੁਰਬਾਣੀ ਵਿੱਚ ਇਸ ਤਰ੍ਹਾਂ ਦੱਸਿਆ ਗਿਆ ਹੈ।

ਨਿਰਮਲ ਨਿਰਮਲ ਸੂਚਾ ਸੂਚੋ ਸੂਚੋ ਸੂਚਾ।
ਅੰਤ ਨ ਅੰਤਾ ਸਦਾ ਬੇਅੰਤਾ ਕਹੁ ਨਾਨਕ ਊਚੋ ਊਚਾ।[51]

ਗੁਰੂ ਜੀ ਆਪਣੀ ਬਾਣੀ ਵਿੱਚ ਬ੍ਰਹਮਾ ਨੂੰ ਸ੍ਰਿਸ਼ਟੀ ਦਾ ਰਚਣਹਾਰ ਨਹੀਂ ਮੰਨਦੇ। ਜਪੁਜੀ ਸਾਹਿਬ ਵਿੱਚ ਫੁਰਮਾਉਂਦੇ ਹਨ।

ਥਿਤਿ ਵਾਰੁ ਨ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ।
ਜਾ ਕਰਤਾ ਸਿਰਠੀ ਕਉ ਸਾਜੇ ਆਪ ਜਾਣੇ ਸੋਈ।[52]

ਸ੍ਰਿਸ਼ਟੀ ਦਾ ਰਚਣਹਾਰਾ ਵਾਹਿਗੁਰੂ ਆਪ ਹੀ ਹੈ। ਸੰਤਾਂ ਨੂੰ ਗੁਰੂ ਜੀ ਨੇ ਸ਼ਬਦ ਸਿਮਰਨ ਕਰਨ ਦਾ ਉਪਦੇਸ਼ ਦਿੱਤਾ ਤੇ ਸਿਮਰਨ ਕਰਨ ਨਾਲ ਦਸਵੇਂ ਦੁਆਰ ਦੀ ਧੁਨ ਸੁਣਾਈ ਦਿੰਦੀ ਹੈ।

ਗੁਰੂ ਜੀ ਏਮਨਾਬਾਦ ਨਗਰ ਪਹੁੰਚ ਗਏ। ਇਹ ਥਾਂ ਰੋੜ੍ਹੀ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੈ। ਏਮਨਾਬਾਦ ਦਾ ਰਾਜਾ ਇੱਕ ਪਠਾਣ ਸੀ। ਲੋਕ ਨਵੇਂ ਕੱਪੜੇ, ਗਹਿਣੇ ਪਾ ਕੇ ਛੈਲ ਛਬੀਲੇ ਬਣ ਕੇ ਅਨੰਦ ਤੇ ਹੰਕਾਰ 'ਚ ਰਹਿੰਦੇ ਜਿਸ ਕਾਰਨ ਉਨ੍ਹਾਂ ਦੇ ਪ੍ਰਭੂ ਚਿਤ ਚੇਤੇ ਨਹੀਂ ਸੀ। ਉਹ ਸੰਤਾਂ ਅਤਿਥੀਆਂ ਦੀ ਸੇਵਾ ਨਹੀਂ ਕਰਦੇ ਸਨ। ਫ਼ਕੀਰਾਂ ਨੂੰ ਵੇਖਕੇ ਠੱਠੇ, ਮਖੌਲ ਕਰਦੇ ਤੇ ਪਰਾਈ ਇਸਤਰੀ ਨੂੰ ਚੁਰਾ ਕੇ ਲੈ ਜਾਂਦੇ ਸਨ। ਗੁਰੂ ਜੀ ਨੇ ਸੰਤਾਂ ਤੇ ਮਰਦਾਨੇ ਨੂੰ ਕਿਹਾ ਨਗਰ ਵਿਚੋਂ ਕੁਝ ਖਾਣ ਨੂੰ ਲੈ ਆਉ ਤੇ ਲਾਲੋ ਨੂੰ ਵੀ ਬੁਲਾ ਲਿਆਉਣਾ।

ਜਦੋਂ ਸੰਤਾਂ ਨੇ ਨਗਰ ਵਿੱਚੋ ਭੋਜਨ ਮੰਗਿਆ ਤਾਂ ਕਿਸੇ ਨੇ ਸੁਣਿਆ ਨਾ ਤੇ ਇੱਕ ਸ਼ਰਾਬੀ ਨੇ ਮਰਦਾਨੇ ਨੂੰ ਧੱਕਾ ਦੇ ਦਿੱਤਾ। ਲਾਲੋ ਨੇ ਥੋੜ੍ਹੇ ਜਿਹੇ ਭੁੱਜੇ ਦਾਣੇ ਗੁਰੂ ਜੀ ਅੱਗੇ ਲਿਆ ਰੱਖੇ। ਸੰਤਾਂ ਨੇ ਮਰਦਾਨੇ ਦੇ ਸੱਟ ਲੱਗਣ ਦਾ ਹਾਲ ਗੁਰੂ ਜੀ ਨੂੰ ਸੁਣਾਇਆ। ਗੁਰੂ ਜੀ ਨੇ ਪਰਮਾਤਮਾ ਦੇ ਹੁਕਮ ਨਾਲ ਫੁਰਮਾਇਆ ਕਿ ਪਾਪੀ ਲੋਕਾਂ ਨੂੰ ਇਸ ਬਦਲੇ ਦੁੱਖ ਕਸ਼ਟ ਮਿਲਣਗੇ।

ਲੋਕਨ ਇਹਾਂ ਪਾਪ ਜੋ ਕੀਨੰ। ਸੋ ਕਾਬਲ ਮਹਿੰ ਤਨ ਧਰਿ ਲੀਨੰ।
ਅਘ ਕੌ ਫਲ ਦੁਖ ਦੇਹਿ ਘਨੇਰਾ। ਬਿਨ ਦੀਨੇ ਨਹਿੰ ਹੋਇ ਨਿਬੇਰਾ [53]

ਬਾਬਰ ਨੇ ਲੋਕਾਂ ਤੇ ਹਮਲਾ ਕਰਕੇ ਬੇਪੱਤੀ ਤੇ ਲੁੱਟ ਖਸੁੱਟ ਕੀਤੀ।। ਮੁਗਲ ਬਾਦਸ਼ਾਹ  ਨੇ ਇਸਤਰੀਆਂ, ਬਾਲੇ ਤੇ ਮਰਦਾਨੇ ਤੋਂ ਚੱਕੀਆਂ ਪਿਸਾਈਆਂ। ਗੁਰੂ ਜੀ ਅੱਗੇ ਵੀ ਚੱਕੀ ਲਿਆ ਕੇ ਰੱਖੀ। ਗੁਰੂ ਜੀ ਨੇ ਚੱਕੀ ਨੂੰ ਹੱਥ ਨਾ ਲਾਇਆ। ਆਪਣੇ ਹੱਥਾਂ ਨਾਲ ਚੱਕੀ ਵਿੱਚ ਦਾਣੇ ਪਾਈ ਜਾਂਦੇ ਸਨ, ਚੱਕੀ ਆਪਣੇ-ਆਪ ਘੁੰਮੀ ਜਾਂਦੀ ਸੀ। ਬਾਬਰ ਨੇ ਆ ਕੇ ਗੁਰੂ ਜੀ ਦੇ ਚਰਨਾਂ ਵਿੱਚ ਸਿਰ ਨਿਵਾਇਆ।

ਇਸ ਥਾਂ ਤੇ ਹੁਣ ਵੀ ਗੁਰਦੁਆਰਾ ਚੱਕੀ ਸਾਹਿਬ ਬਣਿਆ ਹੋਇਆ ਹੈ ਅਤੇ ਗੁਰੂ ਜੀ ਵਲੋਂ ਵਰਤੀ ਗਈ ਚੱਕੀ ਵੀ ਸੰਭਾਲੀ ਪਈ ਹੈ।

ਗੁਰੂ ਜੀ ਨੇ ਸਹੁਰੇ-ਪਿੰਡ (ਪੱਖੋਕੇ) ਰਹਿੰਦੇ ਸਮੇਂ ਸਤਿਸੰਗ ਦਾ ਪ੍ਰਵਾਹ ਚਲਾਇਆ। ਲੋਕਾਂ ਵਿਚ ਉਨ੍ਹਾਂ ਦੀ ਮਾਨਤਾ ਹੋਰ ਵਧ ਗਈ। ਉਨ੍ਹਾਂ ਦੀ ਸੱਸ ਤੇ ਸਹੁਰਾ ਵੀ ਸ਼ਰਧਾਲੂ ਬਣ ਗਏ। ਉਥੋਂ ਦਾ ਵਸਨੀਕ 'ਕਰੋੜੀਆ' ਸ਼ਾਹੂਕਾਰ ਆਪ ਨਾਲ ਖੁਣਸ ਖਾਣ ਲੱਗ ਪਿਆ।ਉਸਨੇ ਗੁਰੂ ਜੀ ਦੀ

ਮਾਨਤਾ ਰੋਕਣ ਲਈ ਕੋਸ਼ਿਸ਼ ਕੀਤੀ ਪਰ ਉਹ ਅੱਖਾਂ ਤੋਂ ਅੰਨ੍ਹਾ ਹੋ ਗਿਆ। ਗੁਰੂ ਜੀ ਤੋਂ ਭੁੱਲ ਬਖਸ਼ਾਉਣ ਤੋਂ ਬਾਅਦ ਉਸ ਨੂੰ ਦਿਖਣ ਲੱਗ ਪਿਆ। ਉਸ ਨੇ ਧਰਮਸ਼ਾਲਾ ਬਣਵਾ ਦਿੱਤੀ।

ਗੁਰੂ ਜੀ ਨੇ ਸਿਆਲਕੋਟ ਪਹੁੰਚ ਕੇ ਮਰਦਾਨੇ ਨੂੰ ਇੱਕ ਸੋਨੇ ਦਾ ਟਕਾ ਦੇ ਕੇ ਸੱਚ ਅਤੇ ਝੂਠ ਖਰੀਦ ਕੇ ਲਿਆਉਣ ਲਈ ਕਿਹਾ। ਬਜ਼ਾਰ ਵਿੱਚ ਇੱਕ ਮੂਲਾ ਨਾਂ ਦਾ ਬਾਣੀਆ ਇਸ ਮੰਤਵ ਵਿੱਚ ਖਰਾ ਉਤਰਿਆ। ਜਿਸ ਨੇ ਕਾਗਜ਼ ਤੇ ਲਿਖ ਕੇ ਦਿੱਤਾ "ਜਿਉਣਾ ਝੂਠ ਤੇ ਮਰਨਾ ਸੱਚ" ਗੁਰੂ ਜੀ ਮੂਲੇ ਨੂੰ ਸਫ਼ਰ ਤੇ ਨਾਲ ਲੈ ਕੇ ਗਏ। ਗੁਰੂ ਜੀ ਮੁਸਲਮਾਨਾਂ ਦੇ ਨਗਰ ਪਹੁੰਚ ਗਏ। ਗੁਰੂ ਜੀ ਸਹੁ-ਸੁਹਾਗਣ ਨਾਂ ਦੇ ਪਾਖੰਡੀ-ਪੀਰ ਨੂੰ ਮਿਲਣਾ ਚਾਹੁੰਦੇ ਸਨ। ਜੋ ਆਪਣੇ ਆਪ ਨੂੰ ਇਸਤਰੀ ਰੂਪ ਵਿੱਚ ਤੇ ਪਰਮਾਤਮਾ ਨੂੰ ਪਤੀ ਰੂਪ ਵਿੱਚ ਮੰਨਦਾ ਸੀ। ਪਰ ਪੀਰ ਨੇ ਗੁਰੂ ਜੀ ਨੂੰ ਬਾਹਰ ਦਰਵਾਜ਼ੇ ਤੇ ਰੋਕਣ ਲਈ ਕਿਹਾ। ਫਿਰ ਸਹੁ-ਸੁਹਾਗਣ ਦੇ ਵਿਸ਼ਾਲ ਮੇਲੇ ਵਿੱਚ ਲੜਾਈ ਹੋ ਗਈ। ਲੋਕ ਕਮਰੇ ਦੇ ਦਰਵਾਜ਼ੇ ਨੂੰ ਧੱਕਾ ਮਾਰਕੇ ਅੰਦਰ ਵੜ੍ਹ ਗਏ। ਉੱਥੇ ਉਹ ਇੱਕ ਔਰਤ ਨਾਲ ਰੰਗਰਲੀਆਂ ਮਨਾ ਰਿਹਾ ਸੀ। ਉਸ ਦਾ ਪਾਜ ਉਘੜ ਗਿਆ।

ਗੁਰੂ ਜੀ ਨੂੰ ਆਪਣੇ ਟਿਕਾਣੇ ਤੇ ਛੱਡ ਕੇ ਪੀਰ ਜਲਾਲ ਮੱਕੇ ਨੂੰ ਚੱਲ ਪਿਆ। ਉਹ ਇੱਕ ਸਮੁੰਦਰ ਦੇ ਕਿਨਾਰੇ ਪਹੁੰਚ ਗਿਆ। ਉੱਥੇ ਉਸ ਨੇ ਇੱਕ ਜਹਾਜ਼ ਡੁੱਬਣ ਤੋਂ ਬਚਾ ਲਿਆ ਤੇ ਸਮੁੰਦਰ ਵਿੱਚ ਮੀਂਹ ਪੈਣੋਂ ਹਟਾ ਦਿੱਤਾ। ਸਭ ਨੂੰ ਕੁਦਰਤ ਵੱਲੋਂ ਭੋਜਨ ਮਿਲਿਆ ਪਰ ਪੀਰ ਜਲਾਲ ਨੂੰ ਭੋਜਨ ਨਾ ਮਿਲਿਆ। ਜਦੋਂ ਮਹੰਤ ਨੂੰ ਇਸ ਗੱਲ ਬਾਰੇ ਪੁੱਛਿਆ ਤਾਂ ਉਨ੍ਹਾਂ ਨੇ ਦੱਸਿਆ ਕਿ ਇਸ ਨੇ ਕੋਈ ਪਾਪ ਕੀਤਾ ਹੋਵੇਗਾ। ਮਹੰਤ ਨੇ ਦੱਸਿਆ ਕਿ ਉਹ ਰੱਬ ਦਾ ਕੀਤਾ ਮਿਟਾਉਣ ਲੱਗ ਪਿਆ ਹੈ, ਉਹ ਰੱਬ ਦੀ ਬਰਾਬਰੀ ਕਰਨ ਵਾਲਾ ਬਣ ਬੈਠਾ ਹੈ। ਜੀਵਾਂ ਨੇ ਜੋ ਪਾਪ ਕੀਤੇ ਹਨ, ਉਸ ਬਦਲੇ ਕਸ਼ਟ ਮਿਲਣੇ ਹਨ। ਤੇਰੇ ਵਰਖਾ ਰੁਕਾਉਣ ਨਾਲ ਜੀਵਾਂ ਨੂੰ ਪਾਣੀ ਨਹੀਂ ਮਿਲਿਆ। ਜੋ ਮਨੁੱਖ ਵਾਹਿਗੁਰੂ ਦਾ ਭਾਣਾ ਮੰਨਦੇ ਹਨ ਉਹ ਗੁਰਮੁਖ, ਤੇ ਜੋ ਭਾਣਾ ਨਹੀਂ ਮੰਨਦੇ ਉਹ ਮਨਮੁਖ ਹੁੰਦੇ ਹਨ।

ਭਾਣਾ ਮਾਨਹਿਂ ਗੁਰਮੁਖ ਸੋਈ। ਆਇਸੁ ਮੇਟਹਿ ਬੇਮੁਖ ਹੋਈ।
ਪ੍ਰਿਥਮੇ ਇਸ ਬਿਧਿ ਥੋ ਅੱਗਯਾਤਾ। ਤੁਮ ਮਿਲਨੇ ਤੇ ਭਾ ਸੱਗਯਾਤਾ।[54]

ਗੁਰੂ ਜੀ ਪੀਰ ਦਸਤਗੀਰ ਦਾ ਹੰਕਾਰ ਤੋੜਨ ਲਈ ਬਗਦਾਦ ਪਹੁੰਚੇ। ਉੱਥੇ ਰਾਤ ਗੁਜ਼ਾਰ ਕੇ ਸਵੇਰ ਨੂੰ ਇਸ਼ਨਾਨ ਕਰਕੇ ਵਾਹਿਗੁਰੂ ਦੀ ਬਾਣੀ ਪੜ੍ਹਨ ਲੱਗੇ। ਉਨ੍ਹਾਂ ਨੇ ਬਾਣੀ ਦਾ ਉਚਾਰਨ ਕੀਤਾ ਉੱਥੇ ਦਸਤਗੀਰ ਦਾ ਸੇਵਕ ਇਸ਼ਨਾਨ ਕਰ ਰਿਹਾ ਸੀ। ਉਸ ਨੇ ਸੋਚਿਆ ਕੌਣ ਕੁਫ਼ਰ ਆਖ ਰਿਹਾ ਹੈ?

ਕਰਿ ਇਸ਼ਨਾਨ ਪਢੀ ਮੁਖ ਬਾਨੀ। ਸ਼੍ਰੀ ਕਰਤਾਰ ਸਿਫਤ ਮਹਿਂ ਸਾਂਨੀ।
ਲੱਖ ਪਾਤਾਲ ਲੱਖ ਆਕਾਸ਼। ਇਹ ਜਬ ਸ਼ਬਦ ਪਢਯੋ ਸੁਖਰਾਸ।[55]

ਪੀਰ ਦਸਤਗੀਰ ਨੇ ਇਸਤਰੀਆਂ ਤੇ ਪੁਰਸ਼ਾਂ ਨੂੰ ਗੁਰੂ ਜੀ ਦੇ ਪੱਥਰ ਮਾਰ ਮਾਰ ਕੇ ਜਾਨੋ ਮਾਰਨ ਲਈ ਭੇਜਿਆ। ਜਦ ਸਭ ਨੇ ਪੱਥਰ ਮਾਰਨ ਲਈ ਬਾਹਾਂ ਖੜੀਆਂ ਕੀਤੀਆਂ ਤਾਂ ਸਭ ਦੀਆਂ ਬਾਹਾਂ ਉਪਰ ਕੀਤੀਆਂ ਰਹਿ ਗਈਆਂ ਫਿਰ ਪੀਰ ਨੇ ਗੁਰੂ ਜੀ ਨਾਲ ਚਰਚਾ ਕੀਤੀ। ਗੁਰੂ ਜੀ ਨੇ ਪੀਰ ਦੇ ਪੁੱਤਰ ਰਾਹੀਂ ਉਸ ਨੂੰ ਲੱਖਾਂ ਪਾਤਾਲ ਤੇ ਲੱਖਾਂ ਅਕਾਸ਼ ਵਿਖਾ ਦਿੱਤੇ, ਪੀਰ ਗੁਰੂ ਜੀ ਦੇ ਚਰਨੀ ਪੈਂ ਗਿਆ।

ਲੱਖ ਆਕਾਸ ਪਾਤਾਲ ਲਖ ਅਖਿ ਫੁਰਕ ਵਿਚਿ ਸਭਿ ਦਿਖਲਾਈ।
ਭਰਿ ਕਚਕੌਲ ਪ੍ਰਸਾਦਿ ਦਾ ਧੁਰੋ ਪਤਾਲੋ ਲਈ ਕੜਾਹੀ।[56]

## 8. ਮਿਥਿਹਾਸਿਕ ਤੇ ਪੌਰਾਣਿਕ ਕਥਾਵਾਂ

ਇਸ ਨੂੰ 'ਮਿਥਕ ਤੱਤ੍ਵ' ਵੀ ਕਿਹਾ ਜਾ ਸਕਦਾ ਹੈ। ਮਿੱਥ ਕਿਸੇ ਦੇਸ, ਜਾਤਿ ਜਾਂ ਰਾਸ਼ਟਰ ਦਾ ਸਭਿਆਚਾਰਿਕ ਸਰਮਾਇਆ ਹੁੰਦੀ ਹੈ। ਮਿੱਥ ਸੰਸਕ੍ਰਿਤਕ ਜੀਵਨ ਦੀ ਬੁਨਿਆਦ ਹੈ। ਜਿਸ ਭਵਨ ਦੀ ਬੁਨਿਆਦ ਜਿਤਨੀ ਡੂੰਘੀ ਹੋਵੇਗੀ, ਉਤਨੀ ਉਸ ਦੀ ਉਮਰ ਲੰਬੀ ਹੋਵੇਗੀ। ਭਾਰਤੀ ਮਿੱਥ ਦਾ ਬੜਾ ਅਮੀਰ ਵਿਰਸਾ ਰਿਹਾ ਹੈ। ਸੰਸਾਰ ਦੇ ਪ੍ਰਾਚੀਨ ਧਾਰਮਿਕ ਗ੍ਰੰਥਾਂ ਵਿਚ ਸੰਤਾਂ ਭਗਤਾਂ ਦੇ ਹਵਾਲੇ ਮਿਲਦੇ ਹਨ। ਜਿਸ ਤਰ੍ਹਾ ਬਾਈਬਲ ਵਿਚ 'ਮੂਸਾ' ਦਾ, ਉਸੇ ਤਰ੍ਹਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ ਧਰੂ, ਪ੍ਰਹਿਲਾਦ ਆਦਿ ਦੀ ਮਿਸਾਲ ਦੇ ਕੇ ਉਪਦੇਸ਼ ਭਾਵ ਸਿੱਖਿਆ ਨੂੰ ਸਪਸ਼ਟ ਕੀਤਾ ਗਿਆ ਹੈ। ਉਸੇ ਤਰ੍ਹਾਂ ਗੁਰੂ ਜੀ ਨੇ ਹਿੰਦੂ-ਮਿਥਿਹਾਸ ਵਿਚ ਉਦਾਹਰਣਾਂ ਭਾਵ ਮਿਸਾਲਾਂ ਜਾਂ ਮਿਥਿਹਾਸਿਕ ਨਾਂ ਦੇ ਕੇ ਸੰਸਾਰ ਨੂੰ ਅਕਾਲ ਪੁਰਖ ਦਾ ਨਾਂ ਜਪਣ ਲਈ ਸਮਝਾਇਆ ਹੈ। ਪੌਰਾਣਿਕ ਤੇ ਮਿਥਿਹਾਸਕ ਕਥਾਵਾਂ ਲੋਕਾਂ ਨੂੰ ਸਹੀ ਤਰੀਕੇ ਨਾਲ ਸਮਝ ਆ ਜਾਂਦੀਆਂ ਹਨ ਕਿਉਂਕਿ ਪੌਰਾਣਿਕ ਜਾਂ ਮਿਥਿਹਾਸ ਕਥਾਵਾਂ ਪਹਿਲਾਂ ਤੋਂ ਹੀ ਲੋਕ ਚੇਤਨਾ, ਅਵਚੇਤਨਾ ਦਾ ਹਿੱਸਾ ਬਣੀਆਂ ਹੁੰਦੀਆਂ ਹਨ।

ਪੂਰਬਾਰਧ ਭਾਗ ਦੂਜਾ ਦੇ ਕੁੱਝ ਅਧਿਆਵਾਂ ਵਿੱਚ ਮਿਥਿਹਾਸਿਕ ਕਥਾਵਾਂ ਮਿਲਦੀਆਂ ਹਨ। ਅਧਿਆਇ 52 ਵਿਚ ਮਿਥਿਹਾਸਿਕ ਕਥਾ ਇਸ ਪ੍ਰਕਾਰ ਹੈ ਜਦੋਂ ਗੁਰੂ ਜੀ ਬਿਸ਼ੰਭਰਪੁਰ ਪਟਨਾ ਤੋਂ ਅੱਗੇ ਸਮੁੰਦਰ ਦੇ ਕੰਢੇ ਪੁੱਜੇ ਤਾਂ ਇਕ ਮੱਛ ਕੋਹਾਂ ਤੱਕ ਫੈਲਿਆ ਹੋਇਆ ਦਰਸਾਇਆ ਗਿਆ ਹੈ। ਗੁਰੂ ਜੀ ਤੇ ਮਰਦਾਨਾ ਉਸ ਦੀ ਪਿੱਠ ਤੇ ਬੈਠ ਕੇ ਗਏ, ਸਵੇਰ ਨੂੰ ਮੱਛ ਨੇ ਦੇਹੀ ਪਲਟੀ। ਫਿਰ ਗੁਰੂ ਜੀ ਨੂੰ ਇਕ ਕਾਲੇ ਰੰਗ ਦੀ ਭਿਆਨਕ ਬਲਾ ਕਲੂ ਦਿੱਸੀ ਜਦ ਉਨ੍ਹਾਂ ਨੂੰ ਖਾਣ

ਲਈ ਅੱਗੇ ਆਈ ਤਾਂ ਗੁਰੂ ਜੀ ਨੇ ਡੰਡਾ ਉਸ ਦੇ ਮੂੰਹ ਵਿਚ ਤੁੰਨਿਆ, ਉਹ ਦਰਦ ਨਾਲ ਕੁਰਲਾਉਣ ਲੱਗੀ। ਉਸੇ ਵੇਲੇ ਨਾਰਦ ਮੁਨੀ ਨੇ ਪ੍ਰਗਟ ਹੋ ਕੇ ਕਲੁ ਨੂੰ ਛਡਵਾ ਦਿੱਤਾ, ਭੁਖ ਕਾਰਨ ਕਲੁ ਤੋਂ ਗਲਤੀ ਹੋਈ ਸੀ। ਗੁਰੂ ਜੀ ਨੇ ਕਲੁ ਨੂੰ ਦੁੱਖ ਕਲੇਸ਼ਾ ਤੋਂ ਬਚਣ ਲਈ ਸਿਮਰਨ ਕਰਨ ਲਈ ਕਿਹਾ। ਅਧਿਆਇ 65 ਵਿੱਚ ਕਾਕ-ਭਸੁੰਡ ਪੰਛੀ ਬਾਰੇ ਪੌਰਾਣਿਕ ਕਥਾ ਹੈ। ਮਰਦਾਨੇ ਦੇ ਪੁੱਛਣ ਤੇ ਗੁਰੂ ਜੀ ਨੇ ਦੱਸਿਆ ਕਿ ਕਾਕ-ਭਸੁੰਡ ਸ਼ਿਵ ਜੀ ਦਾ ਪੁਜਾਰੀ ਸੀ। ਬ੍ਰਾਹਮਣ ਉਸ ਤੋਂ ਵਿਸ਼ਨੂੰ ਦੀ ਪੂਜਾ ਕਰਵਾਉਂਦਾ ਸੀ। ਸ਼ਿਵ ਨੇ ਇਸ ਨੂੰ ਭੈੜੀਆਂ ਜੂਨਾਂ ਵਿਚ ਪੈਣ ਦਾ ਸਰਾਪ ਦਿੱਤਾ ਹੈ। ਇਹ ਕਥਾ ਮਿਥਿਹਾਸ ਤੇ ਆਧਾਰਿਤ ਹੈ। ਇਸ ਦਾ ਗੁਰੂ ਜੀ ਨਾਲ ਕੋਈ ਸਬੰਧ ਨਹੀਂ ਹੈ। ਅਧਿਆਇ (ਛਿਆਟਹਵਾਂ ਤੋਂ ਉਨੱਤਰਵਾਂ) ਵਿਚ ਪ੍ਰਹਿਲਾਦ ਦੀ ਕਥਾ ਬਿਆਨ ਕੀਤੀ ਹੈ। ਇਸ ਕਥਾ ਵਿੱਚ ਪ੍ਰਹਿਲਾਦ ਦਾ ਪਿਤਾ ਹਰਨਾਖ਼ਸ ਉਸ ਦੀ ਪਰਮਾਤਮਾ ਭਗਤੀ ਨਾਲ ਈਰਖਾ ਰੱਖਦਾ ਹੈ। ਹਰਨਾਖ਼ਸ ਪ੍ਰਹਿਲਾਦ ਦੀ ਪਰਖਿਆ ਲੈਂਦਾ ਹੈ। ਪਰੰਤੂ ਪਰਮਾਤਮਾ ਹਮੇਸ਼ਾ ਭਗਤਾਂ ਦੀ ਪੈਜ਼ ਰੱਖਦਾ ਆਇਆ ਹੈ।

ਹਰਿ ਜੁਗ ਜੁਗ ਭਗਤ ਉਪਾਇਆ, ਪੈਜ ਰੱਖਦਾ ਆਇਆ ਰਾਮ ਰਾਜੇ।
ਹਰਣਾਖ਼ਸ਼ੁ ਦੁਸ਼ਟੁ ਹਰਿ ਮਾਰਿਆ ਪ੍ਰਹਿਲਾਦ ਤਰਾਇਆ।[57]

ਅਧਿਆਇ 70ਵਾਂ ਪੁਰਾਣ ਤੇ ਮਿਥਿਹਾਸ ਉਪਰ ਆਧਾਰਿਤ ਹੈ। ਇੱਕ ਵਾਰ ਕੈਸ਼ਪ ਦੀ ਪਤਨੀ ਆਪਣੇ ਪਤੀ ਕੋਲੋ ਪੁੱਤਰ ਦੀ ਇੱਛਾ ਨਾਲ ਆਈ। ਇਹ ਸਮਾਂ ਪੂਜਾ ਦਾ ਹੋਣ ਕਰਕੇ ਰਿਖੀ ਨੇ ਭੋਗ ਦਾ ਸਮਾਂ ਨਾ ਹੋਣ ਬਾਰੇ ਸਮਝਾਇਆ। ਪਰ ਉਹ ਨਾ ਮੰਨੀ ਅਯੋਗ ਸਮਾਂ ਹੋਣ ਕਰਕੇ ਉਸ ਦੀ ਕੁੱਖੋਂ ਦੋ ਰਾਖ਼ਸ਼ ਪੁੱਤਰਾਂ ਨੇ ਜਨਮ ਲਿਆ। ਇਹ ਕਥਾ ਵੀ ਗੁਰਮਤਿ ਸਿਧਾਂਤਾਂ ਦੇ ਉਲਟ ਹੈ।

ਓ ਪਤਿ ਪਰਲਉ ਪ੍ਰਭੂ ਤੇ ਹੋਵੇ ਇਹ ਬੀਚਾਰੀ ਹਰਿ ਜਨੀ।
ਨਾਮ ਪ੍ਰਭੂ ਕੇ ਜੋ ਰੰਗਿ ਰਾਤੇ ਕਲਿ ਮਹਿ ਸਖੀਏ ਸੇ ਗਨੀ।[58]

ਅਧਿਆਇ 71,72 ਵਿਚ ਗੁਰੂ ਸਾਹਿਬ ਮਰਦਾਨੇ ਦੇ ਕਹਿਣ ਤੇ ਉਸਨੂੰ ਧਰੂ ਭਗਤ ਦੀ ਕਥਾ ਸੁਣਾਉਂਦੇ ਹਨ। ਇਹ ਕਥਾ ਵਿਸ਼ਨੂੰ ਪੁਰਾਣ ਵਿੱਚੋਂ ਲਈ ਗਈ ਹੈ। ਮਿਥਿਹਾਸਿਕ ਕਥਾ ਹੋਣ ਕਰਕੇ ਇਸ ਨੂੰ ਗੁਰੂ ਨਾਨਕ ਦੇਵ ਜੀ ਜੀਵਨ ਨਾਲ ਸੰਬੰਧਤ ਨਹੀਂ ਮੰਨਿਆ ਜਾਂਦਾ।

ਉਦਾਸੀਆਂ ਦੌਰਾਨ ਫਿਰ ਗੁਰੂ ਜੀ ਉਲਕਾ ਪਰਬਤ ਪੁੱਜੇ। ਮਰਦਾਨੇ ਦੀ ਇੱਛਾ ਲਈ ਨੌ-ਖੰਡਾਂ ਦੀ ਯਾਤਰਾ ਨੂੰ ਚੱਲ ਪਏ। ਸਭ ਤੋਂ ਪਹਿਲੇ ਇਲਾਬ੍ਰਤ ਖੰਡ ਪਹੁੰਚੇ। ਗੁਰੂ ਜੀ ਨੇ ਮਰਦਾਨੇ ਨੂੰ ਰਾਗ ਵਿੱਚ ਸ਼ਬਦ ਗਾਉਣ ਲਈ ਕਿਹਾ। ਫਿਰ ਗੁਰੂ ਜੀ ਹਿਰਨ ਖੰਡ ਪਹੁੰਚੇ। ਉੱਥੇ

ਦੀ ਸਾਰੀ ਧਰਤੀ ਸੋਨੇ ਦੀ ਸੀ। ਉੱਥੋਂ ਦੇ ਲੋਕ ਜੋਗ ਸਾਧਨਾ ਕਰਦੇ ਸਨ। ਗੁਰੂ ਜੀ ਨੇ ਉਪਦੇਸ਼ ਦੇ ਕੇ ਉਨ੍ਹਾਂ ਨੂੰ ਸਤਿਨਾਮ ਦਾ ਸਿਮਰਨ ਕਰਨ ਲਾ ਦਿੱਤਾ। ਭਾਗਵਤ ਅਨੁਸਾਰ,

> ਹਿਰਨਖੰਡ ਜੰਬੂ ਦ੍ਵੀਪ ਦਾ ਇੱਕ ਖੰਡ ਹੈ ਜੋ ਹਿਰਣ ਸ੍ਵਰਨ ਅਥਵਾ ਸੋਨੇ ਦੀ ਧਰਤੀ ਵਾਲਾ ਹੈ।[59]
>
> ਤਵਾਰੀਖ਼ ਖ਼ਾਲਸਾ ਨੇ ਇਸ ਇਲਾਕੇ ਨੂੰ 'ਨੇਪਾਲ' ਨਾਲ ਸਹੀ ਕੀਤਾ ਹੈ।[60]

ਫਿਰ ਗੁਰੂ ਜੀ ਕਿੰਪੁਰਖ ਖੰਡ ਪਹੁੰਚ ਗਏ। ਉੱਥੋਂ ਦਾ ਰਾਜਾ ਧਰਮਚੰਦ ਸੰਤਾਂ ਦੀ ਸੇਵਾ ਕਰਨ ਕਰਕੇ ਪ੍ਰਸਿੱਧ ਸੀ। ਗੁਰੂ ਜੀ ਨੇ ਪਰਖ ਕਰਨ ਲਈ ਬਾਲੇ ਨੂੰ ਸ਼ੇਰ ਬਣਾ ਦਿੱਤਾ ਤੇ ਰਾਜੇ ਨੂੰ ਕਿਹਾ ਕਿ ਸ਼ੇਰ ਨੂੰ ਭੋਜਨ ਚਾਹੀਦਾ ਹੈ ਤਾਂ ਰਾਜਾ ਧਰਮ ਚੰਦ ਨੇ ਆਪਣੇ ਪੁੱਤਰ ਨੂੰ ਲਿਆ ਕੇ ਸ਼ੇਰ ਅੱਗੇ ਭੋਜਨ ਲਈ ਖੜ੍ਹਾ ਕਰ ਦਿੱਤਾ। ਗੁਰੂ ਜੀ ਨੇ ਉਸ ਨੂੰ ਧੰਨ ਕਹਿ ਕੇ ਸਿਮਰਨ ਕਰਨ ਲਈ ਕਿਹਾ। 'ਤਵਾਰੀਖ ਖਾਲਸਾ' ਨੇ

> ਇਸ ਥਾਂ ਦਾ ਨਾਂ ਸਿੱਕਮ ਦੇਸ ਦਾ 'ਤਾਮਲੁੰਗ' ਸ਼ਹਿਰ ਸਹੀ ਕੀਤਾ ਹੈ।[61]
>
> ਬਾਅਦ ਵਿਚ ਗੁਰੂ ਜੀ ਹਰਵਰਖ ਖੰਡ ਗਏ। ਤਵਾਰੀਖ ਖਾਲਸਾ ਨੇ ਇਸ ਟਿਕਾਣੇ ਨੂੰ 'ਭੂਟਾਨ' ਨਾਲ ਸਹੀ ਕੀਤਾ ਹੈ।[62]

ਉਸ ਤੋਂ ਬਾਅਦ ਗੁਰੂ ਜੀ ਕੁਰਖੰਡ ਗਏ, ਉੱਥੋਂ ਦੇ ਲੋਕ ਜੀਵ ਦੇ ਜੰਮਣ ਤੇ ਰੋਂਦੇ ਤੇ ਮਰਨ ਤੇ ਹੱਸਦੇ ਸਨ। ਇਹ ਅਗਿਆਨਤਾ ਕਰਕੇ ਉਲਟੀ ਰੀਤ ਸੀ। ਗੁਰੂ ਜੀ ਨੇ ਉਨ੍ਹਾਂ ਨੂੰ ਆਤਮਾ ਤੇ ਸਰੀਰ ਦਾ ਫ਼ਰਕ ਸਮਝਾਇਆ।

ਫਿਰ ਗੁਰੂ ਜੀ 'ਕੇਤਮਾਲ' ਛੇਵੇਂ ਖੰਡ ਪਹੁੰਚੇ। ਉੱਥੋਂ ਦਾ ਰਾਜਾ ਤੇ ਪਰਜਾ 'ਚੰਡੀ ਦੇਵੀ' ਦੇ ਪੂਜਕ ਸਨ। ਉਨ੍ਹਾਂ ਨੇ ਬਾਲੇ ਨੂੰ ਬਲੀ ਚੜ੍ਹਾਉਣ ਲਈ ਫੜ੍ਹ ਲਿਆ। ਦੇਵੀ ਨੇ ਪ੍ਰਤੱਖ ਹੋ ਕੇ ਰਾਜੇ ਦਾ ਕਤਲ ਕਰ ਦਿੱਤਾ। ਇਹ ਦੇਵੀ ਵਾਲੀ ਕਥਾ ਮਿਥਿਹਾਸਿਕ ਹੈ। ਫਿਰ ਗੁਰੂ ਜੀ ਰੰਮਕ-ਖੰਡ ਪਹੁੰਚੇ। ਉੱਥੋਂ ਦੇ ਲੋਕਾਂ ਨੂੰ ਕੁੱਤੇ ਵਾਲੀ ਦ੍ਰਿਸ਼ਟੀ ਤਿਆਗ ਕੇ ਸ਼ੇਰ ਵਾਲੀ ਦ੍ਰਿਸ਼ਟੀ ਦੀ ਸਵੈ-ਪਛਾਣ ਕਰਨ ਲਈ ਪ੍ਰੇਰਿਆ।

> ਦੇਣਹਾਰ ਏਕੋ ਕਰਤਾਰਾ। ਇਉਂ ਤੁਮ ਲਖੋ ਹੋਇ ਨਿਸਤਾਰਾ।
> ਮਨ ਰੋਕਨ ਕੀਜੈ ਅਭੱਯਾਸਾ। ਬਿਸ਼ੈ ਬਾਸ਼ਨਾ ਹੁਇ ਸਭਿ ਨਾਸ਼ਾ।[63]

ਉਤਰਾਰਧ ਭਾਗ ਪਹਿਲਾ ਦਾ ਅਧਿਆਇ ਦੂਜਾ ਅਤੇ ਤੀਸਰਾ ਵਿਚ ਨੌ ਖੰਡ ਪੌਰਾਣਿਕ ਖੰਡ ਦੱਸੇ ਹਨ। ਪੌਰਾਣਿਕ-ਬ੍ਰਹਿਮੰਡ ਵਿਗਿਆਨ ਅਨੁਸਾਰ ਜੰਬੂ-ਦੀਪ ਨੂੰ ਨੌ-ਖੰਡਾਂ ਵਿੱਚ ਵੰਡਿਆਂ

ਗਿਆ ਹੈ ਇਹ ਪੁਰਾਣਾਂ ਵਿਚ ਦਿੱਤੇ ਖੰਡਾਂ ਦੇ ਅਧਾਰ ਉੱਤੇ ਮੰਨਿਆ ਗਿਆ ਹੈ।

ਫਿਰ ਗੁਰੂ ਜੀ ਭੱਦ੍ਰਖੰਡ ਪਹੁੰਚੇ। ਉਥੋਂ ਦੇ ਰਾਜੇ ਨੂੰ ਸਿੱਖ ਬਣਾ ਕੇ ਫਿਰ ਭਾਰਤ-ਖੰਡ ਗਏ। ਜੰਮੂ ਸ਼ਹਿਰ ਦਾ ਨਾਂ ਜਾਮਵੰਤ ਨਾਂ ਦੇ ਵੱਡੇ ਰਿੱਛ ਦੇ ਨਾਂ ਤੇ ਵਸਿਆ ਹੋਇਆ ਹੈ। ਉੱਥੋਂ ਦੇ ਰਾਜੇ ਨੂੰ ਉਪਦੇਸ਼ ਦੇ ਕੇ ਗੁਰੂ ਜੀ ਵਣਜਾਰਿਆਂ ਦੇ ਨਗਰ ਗਏ।

ਇਸ ਤੋਂ ਬਾਅਦ ਗੁਰੂ ਜੀ ਹਬਸ਼-ਵਿਲਾਇਤ ਦੇਸ਼ ਪਹੁੰਚ ਗਏ। ਉੱਥੋਂ ਦਾ ਰਾਜਾ ਹਿੰਦੂਆਂ ਦਾ ਨਾਂ ਸੁਣਨ ਸਾਰ ਮਾਰ ਦਿੰਦਾ ਸੀ। ਗੁਰੂ ਜੀ ਨੇ ਅਜਿਹਾ ਦੈਵੀ ਚੋਲਾ ਪਾਇਆ ਜੋ ਅਸਮਾਨ ਤੋਂ ਉੱਤਰ ਕੇ ਆਇਆ ਸੀ।

> ਚੋਲੇ ਉੱਤੇ ਹਿੰਦੀ, ਫ਼ਾਰਸੀ, ਅਰਬੀ, ਤੁਰਕੀ ਤੇ ਸੰਸਕ੍ਰਿਤ ਪੰਜ-ਬੋਲੀਆਂ ਦੇ ਅੱਖਰ ਤੇ ਕੁਰਾਨ ਦੇ ਸਾਰੇ ਤੀਸ ਸਿਪਾਰੇ ਲਿਖੇ ਹੋਏ ਸਨ। ਰਾਜੇ ਦੇ ਬੰਦਿਆਂ ਨੇ ਉਹ ਚੋਲਾ ਉਤਾਰਨ ਦੀ ਕੋਸ਼ਿਸ਼ ਕੀਤੀ। ਪਰ ਚੋਲਾ ਨਾ ਉਤਰਿਆ। ਰਾਜੇ ਨੇ ਗੁਰੂ ਜੀ ਨੂੰ ਮਰਵਾਉਣ ਲਈ ਪਹਿਲਾਂ ਡੂੰਘੀ ਨਦੀ ਵਿੱਚ ਫਿਰ ਅੱਗ ਤੇ ਬਾਅਦ ਵਿੱਚ ਪੱਥਰਾਂ ਦੇ ਢੇਰ ਥੱਲੇ ਦਬਵਾ ਦਿੱਤਾ।[64]

ਪਰ ਗੁਰੂ ਜੀ ਦਾ ਕੁਝ ਨਾ ਵਿਗੜਿਆ। ਅੰਤ ਬਾਦਸ਼ਾਹ ਮਨ ਵਿੱਚ ਨਿਮਰਤਾ ਤੇ ਭੈਅ ਰੱਖਕੇ ਗੁਰੂ ਜੀ ਦੇ ਚਰਨੀ ਲੱਗ ਗਿਆ।

ਫਿਰ ਗੁਰੂ ਜੀ ਬਾਲੇ ਦੇ ਕਹਿਣ ਤੇ ਉਹ ਪੁਲ ਦੇਖਣ ਗਏ ਜਿਹੜਾ ਰਾਮ ਚੰਦਰ ਨੇ ਲੰਕਾ ਜਾਣ ਸਮੇਂ ਬਣਾਇਆ ਸੀ। ਅਸਲ ਵਿੱਚ ਭਾਈ ਸੰਤੋਖ ਸਿੰਘ ਨੇ ਆਪ ਰਾਮਾਇਣ ਦਾ ਅਨੁਵਾਦ ਕੀਤਾ ਸੀ।ਇਸ ਕਰਕੇ ਇਹ ਕਥਾ ਗੁਰੂ ਜੀ ਨਾਲ ਜੋੜ ਦਿੱਤੀ ਹੈ।

ਗੁਰੂ ਜੀ ਸੱਤ ਟਾਪੂਆਂ ਜੰਬੂ ਟਾਪੂ, ਪਲਖ, ਸ਼ਾਲਮਲੀ, ਕੁਸ਼, ਕ੍ਰੌਂਚ, ਸ਼ਾਖ ਤੇ ਪੁਸ਼ਕਰ ਟਾਪੂ ਵਿੱਚ ਮਰਦਾਨੇ ਨੂੰ ਲੈ ਕੇ ਗਏ। ਸਭ ਤੋਂ ਪਹਿਲਾਂ ਗੁਰੂ ਜੀ ਜੰਬੂ ਦੀਪ ਗਏ। ਫਿਰ ਪਲਖ-ਦੀਪ ਗਏ। ਜਿਸ ਦਾ ਨਾਂ ਪਿਲਖਣ ਦੇ ਬ੍ਰਿਛਾਂ ਕਰਕੇ ਪਿਆ ਸੀ। ਇਸ ਟਾਪੂ ਦੇ ਸੱਤ-ਖੰਡ ਤੇ ਸੱਤ ਨਦੀਆਂ ਸਨ। ਗੁਰੂ ਜੀ ਅਗਲੇ ਟਾਪੂ ਸ਼ਾਲਮਲੀ ਗਏ। ਇੱਥੇ ਦੇ ਸਮੁੰਦਰ ਦਾ ਪਾਣੀ ਗੰਨੇ ਦੇ ਰਸ ਵਰਗਾ ਸੀ। ਫਿਰ ਗੁਰੂ ਜੀ ਕੁਸ਼ ਟਾਪੂ ਗਏ। ਇਸ ਦਾ ਨਾਂ 'ਕੁਸ਼ਾ' ਬੂਟੀ ਤੋਂ ਪਿਆ ਸੀ ਇੱਥੇ ਸ਼ਰਾਬ ਦਾ ਸਮੁੰਦਰ ਸੀ। ਇਸ ਅਸਥਾਨ ਤੇ ਗੁਰੂ ਜੀ ਨੇ ਵਿਸ਼ੇ-ਵਿਕਾਰਾਂ ਤੋਂ ਹਟਾ ਕੇ ਲੋਕਾਂ ਨੂੰ ਸਿਮਰਨ ਨਾਲ ਜੋੜਿਆ। ਫਿਰ ਗੁਰੂ ਜੀ ਕ੍ਰੌਂਚ ਟਾਪੂ ਵਿੱਚ ਪਹੁੰਚ ਗਏ। ਇੱਥੋਂ ਦੇ ਲੋਕ ਅਨੰਦ-ਭੋਗ ਵਿੱਚ ਲੱਗੇ ਹੋਏ ਸਨ। ਕ੍ਰੌਂਚ ਟਾਪੂ ਨੂੰ ਲੰਘ ਕੇ ਦੁੱਧ ਦਾ ਸਮੁੰਦਰ ਤੇ ਨਦੀਆਂ ਸਨ ਤੇ ਮਿਸ਼ਰੀ ਦੇ ਪਹਾੜ ਸਨ। ਫਿਰ ਗੁਰੂ ਜੀ 'ਸਾਖ' (ਸਾਰ) ਟਾਪੂ ਪਹੁੰਚੇ। ਸਮੁੰਦਰ ਦੇ ਪਾਰ

ਪੁਸ਼ਕਰ ਟਾਪੂ ਵਿੱਚ ਗਏ। ਇਹ ਸੱਤਵਾਂ ਟਾਪੂ ਸੀ। ਗੁਰੂ ਜੀ ਨੇ ਇਥੋਂ ਦੇ ਲੋਕਾਂ ਨੂੰ ਸਿਮਰਨ ਨਾਲ ਜੋੜਿਆ। ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਵਿੱਚ ਪੌਰਾਣਿਕ ਹਵਾਲਿਆਂ ਅਨੁਸਾਰ

'ਪ੍ਰਿਥਵੀ ਦੇ ਸੱਤ ਟਾਪੂਆਂ' ਦਾ ਵੇਰਵਾ ਦਿੱਤਾ ਹੈ। ਜਿੱਥੇ ਗੁਰੂ ਜੀ ਪਹੁੰਚੇ ਸਨ।[65]

ਅਧਿਆਇ 17,18 ਤੇ 19 ਦੈਵੀ ਚੋਲਾ, ਰਾਮ ਚੰਦਰ ਦੀ ਕਥਾ, ਬਿਭੀਖਨ ਤੇ ਹਨੂੰਮਾਨ ਦਾ ਮਿਲਾਪ, ਸੱਤ ਦੀਪਾਂ ਦੀ ਯਾਤਰਾ ਇਹ ਪੌਰਾਣਿਕ ਕਥਾਵਾਂ ਦੇ ਆਧਾਰਿਤ ਹਨ। ਇਹ ਪੌਰਾਣਿਕ ਪਾਤਰ ਹਨ। ਇਨ੍ਹਾਂ ਦਾ ਗੁਰੂ ਜੀ ਨਾਲ ਕੋਈ ਸੰਬੰਧ ਨਹੀਂ ਮੰਨਿਆ ਗਿਆ। ਇਹ ਹਿੰਦੂ ਮਿਥਿਹਾਸ ਤੇ ਆਧਾਰਿਤ ਹਨ।

**9. ਭਾਈ ਮਰਦਾਨੇ ਦਾ ਨਿਧਨ**

ਮਰਦਾਨੇ ਨੇ ਜਦੋਂ ਆਪਣਾ ਘਰ ਯਾਦ ਕੀਤਾ।ਹੱਸਦਿਆਂ ਗੁਰੂ ਜੀ ਨੇ ਮਰਦਾਨੇ ਨੂੰ ਪਰਲੋਕ ਗਮਨ ਦਾ ਸੰਕੇਤ ਦਿੱਤਾ। ਮ੍ਰਿਤੂ ਪਿੱਛੋਂ ਗੁਰੂ ਜੀ ਨੇ ਮਰਦਾਨੇ ਦੀ ਫ਼ਰਮਾਇਸ਼ ਕਰਕੇ, ਉਸ ਦਾ ਸਰੀਰ ਅਗਨ ਭੇਂਟ ਕਰ ਦਿੱਤਾ।

ਮੋਕਉ ਪ੍ਰਗਟ ਸੁਪਨ ਹੈ ਆਯੋ। ਜਾਰਹਿਂ ਪੁਨ ਧਰਨਿ ਦਬਾਯੋ।
ਆਗੇ ਜਾਰਨ ਤੇ ਇਹ ਥਾਈਂ। ਮੁਝ ਦਿਹੁ ਦਾਹੁ ਆਗਨ ਜਗਸਾਈਂ।
ਧਰਨਿ ਬਿਖੈਂ ਦਫ਼ਨਾਵਹੁ ਨਾਹੀਂ। ਰਹਿਤ ਨਪਾਕ ਲਖਾਯੋ ਮਨ ਮਾਂਹੀ।
ਗੁਰੂ ਭਨਯੋ ਹਮਰੇ ਸਿਰ ਭਾਰੰ। ਨਹਿਂ ਦਫ਼ਨੈ ਦੇਵਹਿਂ ਤੁਹਿ ਜਾਰੰ।[66]

'ਖੁਰਮ' ਸ਼ਹਿਰ ਤੋਂ ਤੁਰਨ ਲੱਗਿਆ ਗੁਰੂ ਜੀ ਦਾ ਗੋਰਖ ਨਾਥ ਨਾਮ ਦੇ ਸਿੱਧ ਨਾਲ ਮਿਲਾਪ ਹੋਇਆ ਤੇ ਚਰਚਾ ਹੋਈ। ਆਪ ਮਰਦਾਨੇ ਦੇ ਪੁੱਤਰ ਨੂੰ ਲੈਣ ਲਈ ਤਲਵੰਡੀ ਪਹੁੰਚੇ। ਉੱਥੋਂ ਮਰਦਾਨੇ ਦੇ ਪੁੱਤਰ 'ਸ਼ਹਿਜਾਦੇ' ਨੂੰ ਘਰੋਂ ਬੁਲਾ ਕੇ ਉਸ ਦੇ ਪਿਤਾ ਦਾ ਖੁਰਮ ਸ਼ਹਿਰ ਵਿੱਚ ਸੁਰਗਵਾਸ ਹੋਣ ਬਾਰੇ ਦੱਸਿਆ। ਉਸ ਨੂੰ ਖੁਰਮ ਸ਼ਹਿਰ ਜਾਣ ਅਤੇ ਉੱਥੇ ਨਿਵਾਸ ਕਰਨ ਲਈ ਕਿਹਾ।

ਜਦੋਂ ਗੁਰੂ 'ਜੀ ਤੁਲੰਭੇ' ਨਗਰ ਪਹੁੰਚੇ ਤਾਂ ਸ਼ਹਿਜਾਦਾ ਭੁੱਖ ਕਾਰਨ ਭੋਜਨ (ਭਾਲਦਾ) ਸੱਜਣ-ਠੱਗ ਦੇ ਕਾਬੂ ਆ ਗਿਆ। ਭੋਜਨ ਦੇ ਬਹਾਨੇ ਸ਼ਹਿਜਾਦੇ ਨੂੰ ਅੰਦਰ ਲਿਜਾ ਕੇ ਕੱਪੜੇ ਲਾਹ ਲਏ ਤੇ ਮੁਸ਼ਕਾਂ ਬੰਨ੍ਹ ਦਿੱਤੀਆਂ। ਦੁੱਖੀ ਹੋਏ ਨੇ ਗੁਰੂ ਜੀ ਨੂੰ ਯਾਦ ਕੀਤਾ। ਗੁਰੂ ਜੀ ਨੇ ਸ਼ਹਿਜਾਦੇ ਨੂੰ ਛੁਡਵਾਇਆ ਤੇ ਸੱਜਣ ਠੱਗ ਨੂੰ ਬਦੀਆਂ ਕਰਨ ਤੋਂ ਰੋਕਿਆ। ਸਹਿਜ਼ਾਦੇ ਤੇ ਸੱਜਣ ਠੱਗ ਵਾਲੀ ਸਾਖੀ (ਪੁਰਤਨ ਜਨਮ ਸਾਖੀ) ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਹਿਲੀ ਉਦਾਸੀ ਵੇਲੇ ਵਾਪਰੀ। ਏਰ ਕਿਸੇ ਜਨਮ ਸਾਖੀ ਵਿੱਚ ਨਹੀਂ ਮਿਲਦੀ। ਤੁਲੰਭਾ ਪਾਕਿਸਤਾਨ ਦੇ ਮੁਲਤਾਨ ਜ਼ਿਲੇ ਵਿੱਚ ਉਹ

ਸਥਾਨ ਹੈ

> ਜਿਸਦਾ ਅੱਜ-ਕੱਲ੍ਹ ਨਾਂ 'ਮਖਦੂਮਪੁਰਾ' ਹੈ। ਸਤਿਗੁਰ ਜੀ ਦੇ ਸਮੇਂ ਇਸ ਪਿੰਡ ਦਾ ਨਾਂ 'ਤੁਲੰਭਾ' ਅਥਵਾ 'ਤੁਲੰਬਾ' ਸੀ। ਸੱਜਣ ਠੱਗ ਇਸ ਪਿੰਡ ਦਾ ਵਸਨੀਕ ਸੀ।[67]

ਫਿਰ ਸ੍ਰੀ ਗੁਰੂ ਨਾਨਕ ਦੇਵ ਜੀ ਕੰਧਾਰ ਗਏ। ਕੰਧਾਰ ਤੋਂ ਬਾਅਦ ਗੁਰੂ ਜੀ 'ਸ਼ਮਸ ਤਬਰੇਜ਼' ਨੂੰ ਉਪਦੇਸ਼ ਦੇਣ ਲਈ ਮੁਲਤਾਨ ਪਹੁੰਚੇ। ਤਬਰੇਜ਼ ਦੇ ਸਾਥੀ ਫ਼ਕੀਰ ਗੁਰੂ ਜੀ ਦੀ ਵਡਿਆਈ ਸੁਣ ਕੇ ਭੈਅ-ਭੀਤ ਸਨ।

> ਸਰਬਰ ਬਾਦ ਨਹੀਂ ਬਨਿ ਆਈ। ਬਿਨਤੀ ਕਰਿਕੈ ਕਰਹੁ ਬਿਦਾਈ।
> ਅਸ ਬਿਚਾਰ ਕਰ ਦੂਧ ਕਟੋਰਾ। ਭਰਿ ਕਰਿ ਲੇ ਆਏ ਗੁਰ ਓਰਾ।[68]

ਸ਼ਮਸ ਤਬਰੇਜ਼ ਵਾਲੀ ਸਾਖੀ ਦਾ ਗੁਰੂ ਜੀ ਨਾਲ ਸੰਬੰਧ ਨਹੀਂ ਹੈ। ਇਹ ਭਾਈ ਸਾਹਿਬ ਜੋੜ ਦਿੱਤੀ ਹੈ। ਗੁਰੂ ਜੀ ਫਿਰ ਸਹੁ-ਸੁਹਾਗਣ ਨਾਂ ਦੇ ਫ਼ਕੀਰ ਕੋਲ ਪੁੱਜੇ। ਪਹਿਲਾਂ ਗੁਰੂ ਜੀ ਨੇ ਉਸ ਦਾ ਪਾਖੰਡ ਲੋਕਾਂ ਸਾਹਮਣੇ ਲਿਆਂਦਾ ਸੀ। ਫਿਰ ਉਸ ਤੇ ਕਿਰਪਾ ਕੀਤੀ। ਇੱਕ ਦਿਨ ਗੁਰੂ ਜੀ ਕੋਲ ਲੂਲ੍ਹਾ ਆਦਮੀ ਆਇਆ ਤੇ ਗੁਰੂ ਜੀ ਦੇ ਦਰਸ਼ਨ ਕਰਕੇ ਉਹ ਠੀਕ ਹੋ ਗਿਆ। ਗੁਰੂ ਜੀ ਨੇ ਉਸਨੂੰ ਕਿਹਾ ਜੇਕਰ ਤੈਨੂੰ ਨਗਰ ਵਿੱਚ ਕੋਈ ਪੁੱਛੇ ਕਿ ਉਸ ਦੇ ਹੱਥ-ਪੈਰ ਕਿਵੇਂ ਠੀਕ ਹੋਏ ਹਨ ਤਾਂ ਤੂੰ ਸਹੁ-ਸੁਹਾਗਣ ਦਾ ਨਾਂ ਦੱਸੀ। ਸਹੁ-ਸੁਹਾਗਣ ਦੇ ਪੁੱਛਣ ਤੇ ਕਿ ਉਹ ਸਹੁ ਸੁਹਾਗਣ ਕਿੱਥੇ ਬੈਠਾ ਹੈ। ਉਹ ਲੂਲ੍ਹਾ ਸਹੁ-ਸੁਹਾਗਣ ਨੂੰ ਗੁਰੂ ਜੀ ਕੋਲ ਲੈ ਗਿਆ। ਉਹ ਗੁਰੂ ਜੀ ਦਾ ਸੇਵਕ ਬਣ ਗਿਆ।

## 10. ਕਰਤਾਰਪੁਰ ਨਿਵਾਸ ਅਤੇ ਗੁਰਮਤਿ ਉਪਦੇਸ਼

ਗੁਰੂ ਜੀ ਫਿਰ ਕਰਤਾਰਪੁਰ ਜਾ ਕੇ ਉੱਥੇ ਹੀ ਟਿਕ ਗਏ। ਕਰਤਾਰਪੁਰ ਨਿੱਤਨੇਮ, ਸਿਮਰਨ, ਕੀਰਤਨ, ਸੇਵਾ, ਸਮਾਨਤਾ ਦੇ ਅਭਿਆਸ ਦੇ ਨਾਲੋ-ਨਾਲ ਲੰਗਰ ਦੀ ਪ੍ਰਥਾ ਵੀ ਤੁਰ ਪਈ। ਗੁਰੂ ਜੀ ਨੇ ਖੇਤੀਵਾੜੀ ਸ਼ੁਰੂ ਕੀਤੀ। ਇੱਥੇ ਗੁਰੂ ਜੀ  ਕਿਰਤ ਅਤੇ ਸਿਮਰਨ ਨਾਲ ਜੁੜ ਗਏ।

ਅਚੱਲ ਬਟਾਲੇ ਸ਼ਿਵਰਾਤਰੀ ਦਾ ਮੇਲਾ ਲੱਗਦਾ ਸੀ। ਉੱਥੇ  ਸਿੱਧ ਜਨਤਾ ਨੂੰ ਕਰਾਮਾਤਾਂ ਦਿਖਾ ਕੇ ਲੁੱਟਦੇ ਸਨ। ਹੰਕਾਰੀ ਸਿੱਧ ਸ਼ੰਭੂਨਾਥ ਨੇ ਗੁਰੂ ਜੀ ਨੂੰ ਕਿਹਾ ਅਸੀਂ ਲੁਕਦੇ ਹਾਂ, ਤੁਸੀਂ ਸਾਨੂੰ ਲੱਭ ਕੇ ਦਿਖਾਉ। ਗੁਰੂ ਜੀ ਨੇ ਅਨੇਕ ਰੂਪ ਧਾਰ ਕੇ ਸਾਰੇ ਸਿੱਧਾਂ ਨੂੰ ਲੱਭ ਦਿੱਤਾ। ਬਾਅਦ ਵਿੱਚ ਗੁਰੂ ਜੀ ਲੁਕੇ ਪਰ ਸਿੱਧ ਲੱਭ ਨਾ ਸਕੇ। ਸਿੱਧ ਜਨਤਾ ਨੂੰ ਡਰਾਉਣ ਲਈ ਚੀਕਾਂ ਕਿਲਕਾਰੀਆਂ ਮਾਰਨ ਲੱਗੇ, ਅਕਾਸ਼ ਤੇ ਉੱਡਣ ਲੱਗੇ, ਅੰਗਿਆਰ ਵਰ੍ਹਾਉਣ ਲੱਗੇ। ਗੁਰੂ ਜੀ ਨੇ ਅਜਿੱਤੇ ਨੂੰ ਕਿਹਾ ਕਿ

'ਵਾਹਿਗੁਰੂ' ਆਖ ਕੇ ਕਾਰ ਕੱਢ ਦੇਹ। ਉਸ ਕਾਰ ਤੋਂ ਅੰਦਰ ਉਹ ਸਿੱਧ ਅੱਪੜ ਨਾ ਸਕੇ। ਉਨ੍ਹਾਂ ਨੂੰ ਆਪਣੀ ਗਲਤੀ ਦਾ ਅਹਿਸਾਸ ਕਰਵਾਇਆ।[69]

ਸਿੱਧ ਆਪਣੇ ਆਪ ਨੂੰ ਕਰਾਮਾਤੀ ਅਤੇ ਸ਼ਕਤੀਵਾਨ ਸਮਝਦੇ ਹਨ। ਜਦੋਂ ਅਜਿੱਤਾ ਆਪਣੀ ਸ਼ਕਤੀ ਨਾਲ ਮਰੇ ਹੋਏ ਪੰਛੀਆਂ ਨੂੰ ਜਿਉਂਦਾ ਕਰ ਰਿਹਾ ਸੀ ਤੇ ਸਿੱਧ ਕੋਲ ਬੈਠੇ ਸਨ।

ਗੁਰੂ ਜੀ ਨੇ ਉਸ ਦਾ ਭਰਮ ਤੋੜਨ ਲਈ ਉਸ ਦੀ ਸਾਰੀ ਸ਼ਕਤੀ ਖੋਹ ਲਈ ਅਤੇ ਸਿੱਧਾਂ ਦਾ ਵੀ ਹੰਕਾਰ ਤੋੜ ਦਿੱਤਾ ਸੀ।[70]

ਇੱਕ ਤਰਖਾਣ ਆਪਣੇ ਇਕਲੌਤੇ ਪੁੱਤਰ ਨੂੰ ਲੈ ਕੇ ਆਇਆ। ਉਸ ਨੇ ਆਪਣਾ ਪੁੱਤਰ ਗੁਰੂ ਜੀ ਨੂੰ ਉਨ੍ਹਾਂ ਦੀ ਅਮਾਨਤ ਕਹਿ ਕੇ ਭੇਟ ਕਰ ਦਿੱਤਾ। ਗੁਰੂ ਜੀ ਨੇ ਹੁਕਮ ਦਿੱਤਾ ਕਿ ਬੱਚੇ ਨੂੰ ਅਗਨੀ ਭੇਂਟ ਕਰ ਦਿਉ ਅਗਨੀ ਵਿੱਚ ਬੈਠਣ ਨਾਲ ਬੱਚੇ ਦਾ ਕੁਝ ਨਾ ਵਿਗੜਿਆ।

ਗੁਰੂ ਜੀ ਦੇ ਕਰਤਾਰਪੁਰ ਨਿਵਾਸ ਕਰਨ ਬਾਅਦ ਸੰਗਤਾਂ ਦੂਰੋਂ-ਦੂਰੋਂ ਦਰਸ਼ਨਾਂ ਲਈ ਆਉਣ ਲੱਗ ਪਈਆਂ। ਸਵਾ-ਪਹਿਰ ਰਾਤ ਰਹਿੰਦਿਆਂ ਕੀਰਤਨ ਸ਼ੁਰੂ ਹੋ ਜਾਂਦਾ। ਕੀਰਤਨ ਵਿੱਚ ਇੱਕ ਬਾਲਕ ਵੀ ਰੋਜ਼ ਆਉਂਦਾ ਸੀ। ਭੋਗ ਪੈਣ ਤੋਂ ਪਿੱਛੋਂ ਉਹ ਗੁਰੂ ਜੀ ਨੂੰ ਪਰਣਾਮ ਕਰਕੇ ਘਰ ਵਾਪਸ ਜਾਂਦਾ ਸੀ। ਇੱਕ ਦਿਨ ਗੁਰੂ ਜੀ ਨੇ ਉਸਨੂੰ ਰੋਕ ਕੇ ਪੁੱਛਿਆ ਕਿ ਉਸ ਦੀ ਉਮਰ ਹੱਸਣ ਖੇਡਣ ਤੇ ਸੌਣ ਦੀ ਹੈ, ਪਰ ਉਹ ਆਪਣਾ ਸੁੱਖ-ਆਰਾਮ ਛੱਡ ਕੇ ਕਿਉਂ ਆਉਂਦਾ ਹੈ? ਉਸ ਬਾਲਕ ਨੇ ਕਿਹਾ ਇੱਕ ਦਿਨ ਉਹ ਅੱਗ ਬਾਲਣ ਲੱਗਾ ਤਾਂ ਉਸ ਦੀ ਮਾਂ ਨੇ ਉਸ ਨੂੰ ਕਿਹਾ ਕਿ ਛੋਟੀਆਂ ਲੱਕੜੀਆਂ ਹੇਠਾਂ ਰੱਖ ਤੇ ਵੱਡੀਆਂ ਉਪਰ, ਛੋਟੀਆਂ ਲੱਕੜਾਂ ਨੂੰ ਅੱਗ ਛੇਤੀ ਪੈਂਦੀ ਹੈ। ਮੈਂ ਅਜਿਹਾ ਕੀਤਾ ਤਾਂ ਅੱਗ ਬਲ਼ ਗਈ। ਇਸ ਉਪਰੰਤ ਮੇਰੇ ਮਨ ਇਹ ਵਿਚਾਰ ਆਇਆ ਕਿ ਮੌਤ ਅਤੇ ਅੱਗ ਦਾ ਸੁਭਾਅ ਇਕੋ ਜਿਹਾ ਹੈ। ਉਹ ਵੱਡਾ-ਛੋਟਾ ਨਹੀਂ ਦੇਖਦੀਆਂ।

ਉਸ ਦੇਸ ਦਾ ਵਾਸੀ 'ਮੂਲਾ ਕੀੜ' ਗੁਰੂ ਜੀ ਦਾ ਸਿੱਖ ਬਣ ਗਿਆ। ਉਹ ਗਰੀਬਾਂ ਦੀ ਸੇਵਾ ਕਰਦਾ ਸੀ। ਸਿੱਖ ਸੰਤ ਉਸਦੇ ਘਰ ਠਹਿਰਦੇ, ਭੋਜਨ ਛਕਦੇ ਤੇ ਰਾਤ ਰਹਿ ਕੇ ਚਲੇ ਜਾਂਦੇ।

ਇੱਕ ਦਿਨ ਇੱਕ ਠੱਗ ਉਸ ਦੇ ਘਰ ਆ ਗਿਆ। ਉਸ ਨੇ ਉਸ ਠੱਗ ਦੀ ਬਹੁਤ ਸੇਵਾ ਕੀਤੀ। ਉਹ ਰਾਤ ਨੂੰ ਪੇਟ ਦਰਦ ਦਾ ਬਹਾਨਾ ਕਰਕੇ ਉਨ੍ਹਾਂ ਤੋਂ ਗਹਿਣੇ ਛੁਪਾ ਕੇ ਭੱਜਣਾ ਚਾਹੁੰਦਾ ਸੀ। ਤਾਲਾ ਲੱਗਾ ਹੋਣ ਕਰਕੇ ਉਸ ਨੇ ਚਾਬੀ ਮੰਗੀ। 'ਮੂਲਾ ਕੀੜ' ਨੇ ਤਾਲਾ ਖੋਲ੍ਹਿਆ, ਠੱਗ ਦੀ ਕੱਛ ਵਿਚੋਂ ਗਹਿਣੇ ਡਿੱਗ ਪਏ। ਮੂਲਾ ਕੀੜ ਨੇ ਬੜੇ ਪਿਆਰ ਨਾਲ ਠੱਗ ਨੂੰ ਗਹਿਣੇ ਫੜ੍ਹਾ ਕੇ ਆਪ ਚੁੱਪ ਕਰਕੇ ਸੌਂ ਗਿਆ। ਗੁਰੂ ਜੀ ਨੇ ਖ਼ੁਸ਼ ਹੋ ਕੇ ਉਸ ਦੀ ਸ਼ਰਧਾ ਵੇਖ ਕੇ ਕਿਹਾ ਤੇਰਾ ਮਨ ਸਿੱਖੀ ਅਨੁਸਾਰ ਹੋ ਗਿਆ ਹੈ।[71]

ਇਸ ਤਰ੍ਹਾਂ ਹੀ ਪ੍ਰਿਥਾ, ਖੇਡਾ, ਪ੍ਰਿਥੀਮਲ, ਰਾਮਾ, ਡਿਡੀ ਗੁਰੂ ਜੀ ਕੋਲ ਆਏ। ਉਨ੍ਹਾਂ ਨੂੰ ਗੁਰੂ ਜੀ ਨੇ ਸੰਗਤ ਦੀ ਸੇਵਾ, ਵੰਡ ਕੇ ਖਾਓ ਤੇ ਨਾਮ ਸਿਮਰਨ ਦਾ ਉਪਦੇਸ਼ ਦੇ ਕੇ ਤਾਰ ਦਿੱਤਾ।

ਤਾਰੂ ਪੋਪਟੁ, ਤਾਰਿਆ ਗੁਰਮੁਖਿ ਬਾਲ ਸੁਭਇ ਉਦਾਸੀ।
ਮੂਲਾ ਕੀੜ ਵਖਾਣੀਐ ਚਲਿਤੁ ਅਚਰਜ ਗੁਰਦਾਸੀ।[72]

ਜਦੋਂ ਗੁਰੂ ਜੀ ਧਰਮਸ਼ਾਲਾ ਵਿੱਚ ਬੈਠੇ ਸਨ। ਗੁਰੂ ਜੀ ਕੋਲ ਮਾਲੋ ਅਤੇ ਮਾਂਗੋ ਨਾਂ ਦੇ ਦੋ ਸਿੱਖ ਆਏ। ਉਨ੍ਹਾਂ ਨੇ ਜਨਮ-ਮਰਨ ਦਾ ਚੱਕਰ ਕੱਟਣ ਲਈ ਉਪਦੇਸ਼ ਦੀ ਮੰਗ ਕੀਤੀ। ਗੁਰੂ ਜੀ ਨੇ ਉਨ੍ਹਾਂ ਨੂੰ ਰਾਜਸੀ ਤੇ ਤਾਮਸੀ ਤਪ ਬਾਰੇ ਦੱਸਿਆ।

ਅਗਨਿ ਤਾਪਨਾ ਜਲਮਹਿ ਰਹਿਨੋ। ਬ੍ਰਤ ਕਰਨੋ ਸੀਤੋਸ਼ਨ ਸਹਿਨੋ।
ਊਰਧ ਬਾਹੁ ਅਧੋ ਸਿਰ ਕਰਨਾ। ਖਰੇ ਹੋਨਿ ਚਿਰ ਲੌ ਇੱਕ ਚਰਨਾ।
ਕੰਦ ਮੂਲ ਚੁਨ ਖਾਵਨੇ, ਤੀਰਥ ਤੀਰ ਨਿਵਾਸ।
ਭੂਮਿ ਭਰਮ ਚੰਦ੍ਰਾਇਣੀ ਤਪ ਗੁਣ ਏ ਤਪ ਰਾਸ।[73]

ਗੁਰੂ ਜੀ ਕੋਲ ਕਾਲੂ ਖੱਤਰੀ ਆਇਆ ਸੀ ਉਸਨੇ ਪੁੱਛਿਆ ਸੀ ਕਿ ਸਨਮੁਖ ਅਤੇ ਮਨਮੁਖ ਵਿਚ ਕੀ ਅੰਤਰ ਹੈ।ਗੁਰੂ ਜੀ ਨੇ ਕਾਲੂ ਖੱਤਰੀ ਨੂੰ ਸਨਮੁਖ ਤੇ ਮਨਮੁਖ ਦੇ ਲੱਛਣ ਦਸ ਕੇ ਕਾਲੂ ਖੱਤਰੀ ਨੂੰ ਸਿੱਖੀ ਨਾਲ ਜੋੜਿਆ।

ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰ ਨਾ ਜਾਣੈ ਕੋਏ।
ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਏ।[74]

ਉਸ ਤੋਂ ਬਾਅਦ ਗੁਰੂ ਜੀ ਨੇ ਭਗਤਾ ਓਹਰੀ ਤੇ ਜਾਪੂਵੰਸ਼ੀ ਨੂੰ ਉਪਦੇਸ਼ ਨਾਲ ਗਿਆਨ ਦਿੱਤਾ। ਫਿਰ ਗੁਰੂ ਜੀ ਨੇ ਸ਼ੀਹਾਂ ਅਤੇ ਗੱਜਣ ਨੂੰ ਜਨਮ-ਮਰਨ ਦੇ ਚੱਕਰ ਤੋਂ ਮੁਕਤੀ ਲਈ ਵਾਹਿਗੁਰੂ ਦਾ ਸਿਮਰਨ ਕਰਨ ਲਈ ਉਪਦੇਸ਼ ਦਿੱਤਾ। ਉਸ ਤੋਂ ਬਾਅਦ ਫਿਰਨਾ ਖਹਿਰਾ ਤੇ ਜੋਧ ਸਿੱਖ ਗੁਰੂ ਜੀ ਕੋਲ ਆਏ। ਉਕਤ ਸਿੱਖਾਂ ਦੀ ਪੁਸ਼ਟੀ ਭਾਈ ਗੁਰਦਾਸ ਨੇ ਵੀ ਕੀਤੀ ਹੈ।

ਇੱਕ ਸਿੱਖ ਤਰਖਾਣ ਜੋ ਗਰੀਬ ਸੀ। ਉਹ ਮਹਿਮਾਨਾਂ ਨੂੰ ਭੋਜਨ ਛਕਾਉਂਦਾ ਸੀ। ਗੁਰੂ ਜੀ ਦੇ ਆਉਣ ਤੇ ਉਸਦੇ ਘਰ ਅੰਨ ਨਹੀਂ ਸੀ। ਉਸਨੇ ਘੋਲ (ਛਿੰਝ) ਘੁਲ ਕੇ ਰੁਪਏ ਕਮਾਏ ਤੇ ਗੁਰੂ ਜੀ ਨੂੰ ਭੋਜਨ ਕਰਵਾਇਆ। ਉਸ ਦੀ ਸ਼ਰਧਾ ਵੇਖ ਕੇ ਗੁਰੂ ਨੇ ਉਸਦਾ ਉੱਧਾਰ ਕੀਤਾ।

ਗੁਰੂ ਜੀ ਇੱਕ ਗਰੀਬ ਸਿੱਖ ਦੇ ਘਰ ਗਏ। ਉਸਨੇ ਪਹਿਲੇ ਦਿਨ ਆਪਣੇ ਵਾਲ ਕਟਾ ਕੇ ਰੱਸੀ ਵੱਟ ਕੇ ਵੇਚੀ। ਉਸ ਦੀ ਪਤਨੀ ਦੇ ਭੋਜਨ ਬਣਾਉਣ ਸਮੇਂ ਉਨ੍ਹਾਂ ਦਾ ਬੱਚਾ ਅੱਗ ਵਿਚ ਡਿੱਗ

ਕੇ ਮਰ ਗਿਆ। ਉਹ ਮਰੇ ਬੱਚੇ ਨੂੰ ਬਿਸਤਰ ਵਿਚ ਪਾ ਕੇ ਗੁਰੂ ਜੀ ਨੂੰ ਭੋਜਨ ਛਕਾਉਣ ਲੱਗੀ ਪਰ ਗੁਰੂ ਜੀ ਨੇ ਅਵਾਜ਼ ਮਾਰ ਕੇ ਬੱਚਾ ਜੀਵਤ ਕੀਤਾ। ਅਗਲੇ ਦਿਨ ਭੋਜਨ ਨਾ ਹੋਣ ਕਾਰਨ ਪਤੀ ਪਤਨੀ ਬੱਚੇ ਨੂੰ ਵੇਚਣ ਗਏ। ਉਨ੍ਹਾਂ ਦੀ ਸ਼ਰਧਾ ਭਾਵਨਾ ਵੇਖ ਕੇ ਗੁਰੂ ਜੀ ਨੇ ਉਹਨਾਂ ਤੇ ਬਖਸਿਸ ਕੀਤੀ:

> ਹਮ ਹੋਵਹ ਲਾਲੇ ਗੋਲੇ ਗੁਰਸਿਖਾ ਕੇ ਜਿਨਾ ਅਨਦਿਨੁ ਹਰਿ
> ਪ੍ਰਭੁ ਪੁਰਖ ਧਿਆਇਆ।[75]

ਸੈਦੋ ਘੇਉ ਇੱਕ ਸ਼ਰਧਾਲੂ ਸਿੱਖ ਸੀ। ਮਹਾਨ ਕੋਸ਼ ਅਨੁਸਾਰ,

> ਸੈਦੋ ਘੇਈ ਗੋਤ ਦਾ ਖੱਤਰੀ ਸੀ। ਉਹ ਵਰੁਣ ਦਾ ਭਗਤ ਸੀ ਅਤੇ ਬਾਅਦ ਵਿੱਚ ਗੁਰੂ ਨਾਨਕ ਸਾਹਿਬ ਦਾ ਸਿੱਖ ਹੋ ਕੇ ਅਕਾਲ-ਪੁਰਖ ਨੂੰ ਮੰਨਣ ਲੱਗ ਪਿਆ।ਉਹ ਦੱਖਣ ਦੀ ਯਾਤਰਾ ਵਿੱਚ ਗੁਰੂ ਨਾਲ ਹਾਜ਼ਰ ਰਿਹਾ।[76]

ਇੱਕ ਦਿਨ ਇੱਕ ਆਦਮੀ ਨੇ ਗੁਰੂ ਜੀ ਤੋਂ ਪੁੱਛਿਆ ਕਿ ਮੈਂ ਸਿੱਖੀ, ਫ਼ਕੀਰੀ ਤੇ ਗ੍ਰਿਹਸਤ ਵਿੱਚੋਂ ਕਿਸ ਨੂੰ ਧਾਰਨ ਕਰਾਂ? ਗੁਰੂ ਜੀ ਨੇ ਉਪਦੇਸ਼ ਦਿੱਤਾ ਕਿ ਜੇ ਸਿੱਖੀ ਧਾਰਨ ਕਰਨੀ ਹੈ ਤਾਂ ਉਸ ਸਿੱਖ ਵਰਗਾ ਬਣ ਜਿਸ ਨੇ ਆਪਣੀ ਧੀ ਵੇਚ ਕੇ ਪੈਸਿਆਂ ਦਾ ਪ੍ਰਬੰਧ ਕੀਤਾ ਜੇ ਫ਼ਕੀਰੀ ਧਾਰਨ ਕਰਨੀ ਹੈ ਤਾਂ ਉਸ ਸਾਧੂ ਵਰਗੀ ਧਾਰਨ ਕਰ ਜਿਸ ਨੂੰ ਦੁਸ਼ਾਲਾ ਮਿਲਣ ਦੀ ਖੁਸ਼ੀ ਨਹੀਂ ਤੇ ਗੁਆਚਣ ਦਾ ਵੀ ਗਮ ਨਹੀਂ ਹੋਇਆ। ਜੇ ਗ੍ਰਿਹਸਤ ਧਾਰਨ ਕਰਨਾ ਹੈ ਤਾਂ ਉਨ੍ਹਾਂ ਪੰਛੀਆਂ ਵਰਗਾ ਬਣੋ, ਜਿਨ੍ਹਾਂ ਨੇ ਆਪਣੇ ਮਹਿਮਾਨਾਂ ਵਾਸਤੇ ਕੁਰਬਾਨੀ ਕਰਕੇ ਸੇਵਾ ਭਾਵਨਾ ਧਾਰੀ ਹੋਈ ਸੀ। ਗੁਰੂ ਜੀ ਨੇ ਉਪਦੇਸ਼ ਦੁਆਰਾ ਉਸ ਦਾ ਉੱਧਾਰ ਕੀਤਾ।

ਬੂੜਾ ਨਾਮ ਦਾ ਇੱਕ ਬਾਲਕ ਬੱਕਰੀਆਂ ਚਾਰ ਰਿਹਾ ਸੀ। ਉਸ ਦੇ ਵਾਰਤਾਲਾਪ, ਸੁਭਾਅ ਅਤੇ ਚੰਗੇ ਤਰੀਕੇ ਨੂੰ ਵੇਖ ਕੇ ਗੁਰੂ ਜੀ ਦੇ ਮੂੰਹੋਂ ਨਿਕਲ ਗਿਆ ਕਿ ਤੂੰ ਤਾਂ ਬਈ ਬੁੱਢਿਆਂ ਵਰਗੀਆਂ ਗੱਲਾਂ ਕਰਦਾ ਹੈ। ਉਸ ਦਿਨ ਤੋਂ ਉਸ ਬਾਲਕ ਦਾ ਨਾਂ ਬਾਬਾ ਬੁੱਢਾ ਪੈ ਗਿਆ। ਬਾਬਾ ਬੁੱਢਾ ਜੀ ਨੇ ਗੁਰੂ ਘਰ ਵਿੱਚ ਬਹੁਤ ਵੱਡਾ ਮਾਣ ਪ੍ਰਾਪਤ ਕੀਤਾ।

ਜਦੋਂ ਬਾਲੇ ਨੂੰ ਪਤਾ ਚੱਲਾ ਕਿ ਗੁਰੂ ਜੀ ਦੀ ਗੁਰਗੱਦੀ ਉਪਰ ਸ੍ਰੀ ਅੰਗਦ ਜੀ ਬਿਰਾਜਮਾਨ ਹੋਏ ਹਨ ਤਾਂ ਉਹ ਉਨ੍ਹਾਂ ਦੇ ਦਰਸ਼ਨਾਂ ਲਈ ਖਡੂਰ ਸਾਹਿਬ ਆਇਆ। ਬਾਲੇ ਨੇ ਗੁਰੂ ਨਾਨਕ ਦੇਵ ਦੇ ਜੀਵਨ ਬਾਰੇ ਗੁਰੂ ਅੰਗਦ ਦੇਵ ਜੀ ਨੂੰ ਸੁਣਾਇਆ। ਜਦੋਂ ਬਾਲੇ ਨੇ ਵਾਪਸ ਜਾਣ ਲਈ ਕਿਹਾ ਤਾਂ ਸ੍ਰੀ ਗੁਰੂ ਅੰਗਦ ਜੀ ਨੇ ਕਿਹਾ ਸੀ ਕਿ ਤੇਰੀ ਸਿਰਫ ਦੋ ਮਹੀਨੇ ਉਮਰ ਬਾਕੀ ਹੈ। ਉਹ ਗੁਰੂ ਜੀ ਪਾਸ ਖਡੂਰ ਸਾਹਿਬ ਹੀ ਰਹੇ। ਫਿਰ ਬਾਲਾ ਪਰਲੋਕ ਸਿਧਾਰ ਗਿਆ। ਸ੍ਰੀ ਗੁਰੂ ਅੰਗਦ ਦੇਵ ਜੀ ਹੱਥੀਂ ਦੇਹ ਨੂੰ ਅਗਨ ਭੇਂਟ ਕਰਕੇ ਬਾਲੇ ਦਾ ਸੰਸਕਾਰ ਕੀਤਾ। ਬਾਲਾ ਮੁਕਤੀ ਨੂੰ ਪ੍ਰਾਪਤ ਕਰਕੇ ਸੱਚਖੰਡ ਜਾ ਪਹੁੰਚਿਆ।

## 11. ਗੁਰਗੱਦੀ

ਭਾਈ ਲਹਿਣਾ ਦਾ ਜਨਮ ਮਾਲਵੇ ਇਲਾਕੇ ਵਿੱਚ ਮੱਤੇ ਦੀ ਸਰਾਂ ਨਾਮੀ ਪਿੰਡ ਵਿੱਚ ਹੋਇਆ ਸੀ। ਬਲੋਚ ਡਾਕੂਆਂ ਨੇ ਹਮਲਾ ਕਰਕੇ ਇੱਕ ਦਿਨ ਸਰਾਇ ਢਹਿ ਢੇਰੀ ਕਰ ਦਿੱਤੀ ਤਾਂ ਬਾਅਦ ਵਿੱਚ ਲਹਿਣਾ ਆਪਣੇ ਸਹੁਰੇ ਪਿੰਡ ਖਡੂਰ ਸਾਹਿਬ ਜਾ ਵਸੇ। ਲਹਿਣਾ ਹਰ ਸਾਲ ਲੋਕਾਂ ਦੇ ਜਥੇ ਦਾ ਮੁਖੀ ਬਣਕੇ ਜਵਾਲਾ ਦੇਵੀ ਦੇ ਜਾਇਆ ਕਰਦੇ ਸਨ। ਇਸ ਪਿੰਡ ਵਿੱਚ ਸ੍ਰੀ ਗੁਰੂ ਨਾਨਕ ਜੀ ਦਾ ਇੱਕ ਸਿੱਖ ਰਹਿੰਦਾ ਸੀ। ਇੱਕ ਦਿਨ ਲਹਿਣਾ ਨੇ ਉਸ ਦੇ ਮੂੰਹੋਂ ਗੁਰੂ ਨਾਨਕ ਦੀ ਬਾਣੀ ਸੁਣੀ ਤਾਂ ਉਸ ਦਾ ਹਿਰਦਾ ਗੁਰੂ ਜੀ ਦੇ ਪ੍ਰੇਮ ਵਿੱਚ ਵਹਿ ਤੁਰਿਆ। ਉਸ ਅੰਦਰ ਗੁਰੂ ਜੀ ਦੇ ਦਰਸ਼ਨਾਂ ਦੀ ਤੜਫ ਪੈਦਾ ਹੋ ਗਈ। ਉਸ ਸਾਲ ਜਦੋਂ ਜਥੇ ਨਾਲ ਜਾਣਾ ਸੀ ਤਾਂ ਕਰਤਾਰਪੁਰ ਦੇ ਰਸਤੇ ਵੱਲ ਚਲ ਪਏ। ਜਦੋਂ ਲਹਿਣਾ ਜੀ ਕਰਤਾਰਪੁਰ ਪਹੁੰਚੇ ਤਾਂ ਅਚਾਨਕ ਇੱਕ ਵਿਅਕਤੀ ਮਿਲਿਆ ਜੋ ਗੁਰੂ ਜੀ ਹੀ ਸਨ। ਲਹਿਣਾ ਜੀ ਗੁਰੂ ਜੀ ਦੇ ਦਰਸ਼ਨ ਕਰਕੇ ਨਿਹਾਲ ਹੋ ਗਏ।

ਘਰ ਆ ਕੇ ਰਾਤ ਰਹਿ ਕੇ ਅਗਲੇ ਦਿਨ ਲੂਣ ਦੀ ਬੋਰੀ ਚੁੱਕੀ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਕੋਲ ਚੱਲ ਪਏ। ਗੁਰੂ ਜੀ ਖੇਤ ਕੰਮ ਕਰਵਾ ਰਹੇ ਸਨ। ਲਹਿਣਾ ਉੱਥੇ ਹੀ ਪੁੱਜੇ ਤਾਂ ਗੁਰੂ ਜੀ ਨੇ ਪਹਿਲਾਂ ਉਸ ਨੂੰ ਝੋਨੇ ਵਿੱਚੋਂ ਨਦੀਨ ਕੱਢਣ ਲਈ ਲਗਾ ਦਿੱਤਾ। ਫਿਰ ਉਸ ਨੂੰ ਨਦੀਨ ਦੀ ਚਿੱਕੜ ਨਾਲ ਭਰੀ ਪੰਡ ਚੁਕਾ ਕੇ ਘਰੇ ਲੈ ਜਾਣ ਨੂੰ ਕਿਹਾ। ਇਸ ਚਿੱਕੜ ਭਰੀ ਪੰਡ ਨਾਲ ਲਹਿਣਾ ਜੀ ਦੇ ਕੀਮਤੀ ਕੱਪੜੇ ਖ਼ਰਾਬ ਹੋ ਗਏ। ਮਾਤਾ ਸੁਲੱਖਣੀ ਨੇ ਵੇਖ ਕੇ ਗੁਰੂ ਜੀ ਨੂੰ ਕਿਹਾ ਕਿ ਤੁਸੀਂ ਸਾਊ ਮਨੁੱਖ ਦੇ ਕੀਮਤੀ ਕੱਪੜੇ ਚਿੱਕੜ ਨਾਲ ਖਰਾਬ ਕਰ ਦਿੱਤੇ। ਤੁਸਾਂ ਉਨ੍ਹਾਂ ਦਾ ਨਿਰਾਦਰ ਕੀਤਾ ਹੈ। ਗੁਰੂ ਜੀ ਨੇ ਕਿਹਾ ਕਿ ਇਹ ਚਿੱਕੜ ਭਰੀ ਪੰਡ ਨਹੀਂ ਇਹ ਉਸਦੇ ਸਿਰ ਉਤੇ ਦੀਨ-ਦੁਨੀਆਂ ਦਾ ਛਤਰ ਰੱਖਿਆ ਹੋਇਆ ਹੈ। ਇਸ ਪੁਰਸ਼ ਦੇ ਸਮਾਨ ਦੁਨੀਆਂ ਵਿੱਚ ਹੋਰ ਦੂਜਾ ਨਹੀਂ। ਇਹ ਇਸ ਭਵਸਾਗਰ ਵਿੱਚ ਡੁੱਬਦੇ ਹੋਏ ਦੁਖੀਆਂ ਨੂੰ ਤਾਰਨ ਵਾਲੇ ਮਲਾਹ ਬਣਨਗੇ।

ਲਹਿਣਾ ਜੀ ਗੁਰੂ ਜੀ ਕੋਲ ਰਹਿ ਪਏ ਸਨ। ਉਹ ਉੱਥੇ ਦਿਨ ਰਾਤ ਗੁਰੂ ਜੀ ਦੀ ਸੇਵਾ ਕਰਦੇ ਸਨ। ਇੱਕ ਦਿਨ ਗੁਰੂ ਜੀ ਸੁੱਤੇ ਸਨ ਤਾਂ ਲਹਿਣਾ ਜੀ ਨੇ ਦੇਖਿਆ ਗੁਰੂ ਜੀ ਦੇ ਦੋਨੋਂ ਪੈਰ ਹਿਲ ਰਹੇ ਹਨ। ਉਨ੍ਹਾਂ ਨੇ ਇਸ ਦਾ ਕਾਰਨ ਪੁੱਛਿਆ ਤਾਂ ਗੁਰੂ ਜੀ ਨੇ ਦੱਸਿਆ ਕਿ ਕਈ ਦੇਵਤੇ ਗੁਰੂ ਜੀ ਦੀ ਚਰਨ-ਛੋਹ ਪ੍ਰਾਪਤ ਕਰਨ ਆਉਂਦੇ ਹਨ। ਫਿਰ ਇੱਕ ਦਿਨ ਲਹਿਣਾ ਜੀ ਗੁਰੂ ਜੀ ਦੇ ਚਰਨ ਘੁੱਟ ਰਹੇ ਸਨ ਤਾਂ ਉਸ ਨੇ ਗੁਰੂ ਜੀ ਦੀਆਂ ਪਿੰਨੀਆਂ ਤੇ ਝਰੀਟਾਂ ਦੇਖ ਕੇ ਕਾਰਨ ਪੁੱਛਿਆ। ਗੁਰੂ ਜੀ ਨੇ ਦੱਸਿਆ ਇਕ ਆਜੜੀ ਕੰਡਿਆਂ ਵਿੱਚ ਇੱਜ਼ੜ ਚਰਾ ਰਿਹਾ ਹੈ, ਤੇ ਨਾਲ-ਨਾਲ ਪਾਠ ਕਰ ਰਿਹਾ ਹੈ। ਅਸੀਂ ਉਸ ਨਾਲ ਕੰਡਿਆਂ ਵਿੱਚ ਫਿਰ ਕੇ ਪਾਠ ਸੁਣ ਰਹੇ ਸਾਂ।

ਜਿਸ ਕਰਕੇ ਝਰੀਟਾਂ ਪੈ ਗਈਆਂ। ਫਿਰ ਗੁਰੂ ਜੀ ਨੇ ਆਜੜੀ ਨੂੰ ਬੁਲਾ ਕੇ ਕਿਹਾ ਕਿ ਕੀਰਤਨ ਸੋਹਿਲੇ ਪਾਠ ਸੌਣ ਸਮੇਂ ਕਰਿਆ ਕਰੋ। ਇਸ ਨਾਲ ਪ੍ਰਭੂ ਰਖਵਾਲੀ ਕਰਦਾ ਹੈ। ਫਿਰ ਲਹਿਣਾ ਗੁਰੂ ਜੀ ਦੇ ਕਹਿਣ ਤੇ ਆਪਣੇ ਪਿੰਡ ਖਡੂਰ ਚਲੇ ਗਏ। ਉਥੇ ਮਨ ਨਾ ਲੱਗਣ ਕਰਕੇ ਫਿਰ ਵਾਪਸ ਆ ਗਏ।

ਗੁਰੂ ਜੀ ਕੋਲ ਕਰਤਾਰਪੁਰ ਬਹੁਤ ਸਿੱਖ ਮਿਲ ਕੇ ਕੰਮ ਕਰਦੇ ਸਨ, ਉਥੇ ਬੇਅੰਤ ਅਨਾਜ ਦੇ ਢੇਰ ਲੱਗ ਜਾਂਦੇ ਸਨ। ਲੰਗਰ ਵੀ ਖੁਲ੍ਹਦਿਲੀ ਨਾਲ ਵਰਤਦਾ ਰਹਿੰਦਾ। ਗੁਰੂ ਜੀ ਦੇ ਦਰਸ਼ਨਾਂ ਲਈ ਦੂਰ-ਦੂਰ ਤੋਂ ਜੋਗੀ, ਪੰਡਿਤ, ਸੰਨਿਆਸੀ, ਹਿੰਦੂ, ਤੁਰਕ ਆਦਿ ਸਾਰੇ ਆਉਂਦੇ।

ਇਕ ਵਾਰੀ ਸਾਰੀ ਸੰਗਤ ਨੂੰ ਭੁੱਖ ਲੱਗੀ ਵੇਖ ਕੇ ਗੁਰੂ ਜੀ ਨੇ ਸ੍ਰੀ ਚੰਦ ਨੂੰ ਕਿਹਾ ਕਿ ਪੁੱਤਰ ਵਰਖਾ ਹੋ ਰਹੀ ਹੈ, ਤਿੰਨ ਦਿਨਾਂ ਤੋਂ ਲੋਕੀਂ ਭੁੱਖੇ ਹਨ। ਬਾਹਰ ਜੋ ਕਿੱਕਰ ਦੇ ਦਰੱਖਤ ਹਨ, ਉਸ ਉਪਰ ਚੜ੍ਹ ਕੇ ਚੰਗੀ ਤਰ੍ਹਾਂ ਹਿਲਾਉ। ਉਸ ਤੋਂ ਤਰ੍ਹਾਂ-ਤਰ੍ਹਾਂ ਦਾ ਭੋਜਨ ਡਿੱਗੇਗਾ, ਜਿਸ ਨੂੰ ਖਾ ਕੇ ਸੰਗਤ ਦੀ ਭੁੱਖ ਮਿਟ ਜਾਵੇਗੀ। ਸ੍ਰੀ ਚੰਦ ਤੇ ਲਖਮੀਦਾਸ ਨੇ ਗੁਰੂ ਜੀ ਦਾ ਬਚਨ ਟਾਲ ਦਿੱਤਾ। ਫਿਰ ਗੁਰੂ ਜੀ ਨੇ ਲਹਿਣੇ ਨੂੰ ਆਗਿਆ ਦਿੱਤੀ ਤਾਂ ਲਹਿਣਾ ਨੇ ਝੱਟ-ਪੱਟ ਹੀ ਬਚਨ ਪੂਰਾ ਕਰ ਦਿੱਤਾ। ਦਰਖੱਤ ਹਿਲਾਉਣ ਤੇ ਭੋਜਨ ਡਿੱਗਦਾ ਵੇਖ ਕੇ ਸਭ ਹੈਰਾਨ ਰਹਿ ਗਏ।

ਮੋਦਕ ਸਸਕੁਲਿ ਪਰਪਾ ਪੂਰੀ। ਪਿਖਤ ਸਰਬ ਭਾ ਅਚਰਜ ਭੂਰੀ।
ਅਧਿਕ ਛੁਧਾ ਮਹਿਂ ਹੁਤੇ ਬਿਹਾਲਾ। ਅਚਵਨ ਲਾਗੇ ਸ੍ਵਾਦ ਬਿਸਾਲਾ।[77]

ਸਭ ਨੇ ਭੋਜਨ ਖਾ ਕੇ ਭੁੱਖ ਮਿਟਾਈ। ਸਾਰੇ ਗੁਰੂ ਜੀ ਦੀ ਮਹਿਮਾ ਕਰਨ ਲੱਗੇ। ਫਿਰ ਗੁਰੂ ਜੀ ਨੇ ਭੋਜਨ ਵੀ ਤਿਆਗ ਦਿੱਤਾ। ਬੱਸ ਅੱਕ ਦਾ ਇੱਕ ਫੁੱਲ ਮੰਗਾ ਕੇ ਖਾ ਲੈਂਦੇ। ਭਾਈ ਗੁਰਦਾਸ ਦੀ ਪਹਿਲੀ ਵਾਰ, 24ਵੀਂ ਪਉੜੀ ਵਿੱਚ ਗੁਰੂ ਜੀ ਦੁਆਰਾ ਅੱਕ ਦਾ ਫਲ ਖਾਣ ਦਾ ਪ੍ਰਮਾਣ ਮਿਲਦਾ ਹੈ।

ਰੇਤੁ ਅੱਕੁ ਆਹਾਰੁ ਕਰਿ ਰੋੜਾ ਕੀ ਗੁਰ ਕੀਅ ਵਿਛਾਈ।
ਭਾਰੀ ਕਰੀ ਤਪਸਿਆ ਵਡੇ ਭਾਗਿ ਹਰਿ ਸਿਉ ਬਣਿਆਈ।[78]

ਚਾਰੇ ਪਾਸੇ ਗੁਰੂ ਜੀ ਦੀ ਜੈ-ਜੈ ਕਾਰ ਹੋਣ ਲੱਗੀ। ਗੁਰੂ ਜੀ ਨੇ ਸਿੱਖੀ ਦੀ ਪਰਖ ਕਰਨ ਲਈ ਕੌਤਕ ਰਚਿਆ। ਕੰਮ ਕਰਦੀ ਸੰਗਤ ਨੂੰ ਵਰਜ ਕੇ ਕਿਹਾ ਹੁਣ ਲੰਗਰ ਇੱਕ ਵਾਰ ਹੋਇਆ ਕਰੇਗਾ। ਇਕ ਸਮੇਂ ਲੰਗਰ ਕਰਕੇ ਬਹੁਤ ਸੇਵਕ ਡਰਦੇ ਗੁਰੂ ਜੀ ਨੂੰ ਛੱਡ ਕੇ ਚਲੇ ਗਏ ਤੇ ਗੁਰੂ ਜੀ ਕੋਲ ਕੁਝ ਨਿਸ਼ਚੇ ਵਾਲੇ ਸਿੱਖ ਹੀ ਰਹਿ ਗਏ।ਗੁਰੂ ਜੀ ਸਿੱਖਾਂ ਨੂੰ ਉਜਾੜ ਥਾਂ ਲੈ ਗਏ। ਜਿੱਥੇ ਇੱਕ ਮੁਰਦਾ ਢੱਕ ਕੇ ਰੱਖਿਆ ਸੀ। 'ਸਿੱਖਾਂ ਨੂੰ ਮੁਰਦਾ ਖਾਣ' ਦਾ ਹੁਕਮ ਦਿੱਤਾ। ਸਭ ਸਿੱਖ

ਡਰਦੇ ਹੋਏ ਦੌੜ ਗਏ। ਕੇਵਲ ਲਹਿਣਾ ਹੀ ਰਹਿ ਗਿਆ। ਉਸਨੇ ਹੁਕਮ ਮੰਨਦਿਆਂ ਜਦੋਂ ਮੁਰਦਾ ਖਾਣ ਲਈ ਚਾਦਰ ਚੁੱਕੀ ਤਾਂ ਉਸ ਚਾਦਰ ਹੇਠ ਕੜਾਹ-ਪ੍ਰਸਾਦਿ ਸੀ।

ਗੁਰੂ ਜੀ ਨੇ ਦੱਸਿਆ ਆਤਮਾ ਦਾ ਖੁਸ਼ੀ-ਗਮੀ ਤੇ ਜਨਮ-ਮਰਨ ਨਾਲ ਕੋਈ ਸੰਬੰਧ ਨਹੀਂ।

ਜਾਗ੍ਰਤ ਸੁਪਨ ਸਖੋਪਤਿ ਤੀਨੋ। ਇਨਕੋ ਨੀਕੇ ਸਾਖੀ ਚੀਨੋ।
ਸਦਾ ਅਲੇਪਾ ਸਬ ਤੇ ਨਯਾਰੋ। ਐਸੋ ਅਪਨੋ ਰੂਪ ਨਿਹਾਰੋ।[79]

ਗੁਰੂ ਜੀ ਨੇ ਦੱਸਿਆ ਕਿ ਜਿੰਨਾਂ ਦੇ ਹਿਰਦੇ ਪਵਿੱਤਰ ਹੋਣ, ਉਹ ਇਸ ਨੂੰ ਸਮਝ ਤੇ ਦੇਖ ਸਕਦਾ ਹੈ। ਗੁਰੂ ਜੀ ਨੇ ਕਿਰਪਾ ਨਾਲ ਲਹਿਣੇ ਦੀ ਸਾਰੀ ਅਵਿੱਦਿਆ ਦੂਰ ਕਰ ਦਿੱਤੀ ਸੀ। ਫਿਰ ਲਹਿਣਾ ਜੀ ਦੀ ਸਮਾਧੀ ਲੱਗ ਗਈ।

ਇੱਕ ਸਰੂਪ ਕਾ ਦਰਸ ਦਿਖਾਯੋ। ਉਦਧਿ ਅਨੰਦ ਮਝਾਰ ਸਮਾਯੋ।
ਲਹਿਣੇ ਦੀ ਸਮਾਧਿ ਤਿਹਕਾਲਾ। ਲਗੀ ਅਖੰਡ ਨਿਮਗਨ ਬਿਸਾਲਾ।[80]

ਗੁਰੂ ਜੀ ਨੇ ਕਿਹਾ ਕਿ ਤੈਨੂੰ ਬ੍ਰਹਮ ਪ੍ਰਾਪਤ ਹੋ ਗਿਆ। ਪਰ ਆਉਣ ਵਾਲੇ ਸਮੇਂ (ਕਲਜੁਗ) ਵਿੱਚ ਖੋਟੀ ਬੁੱਧੀ ਵਾਲੇ ਲੋਕ ਹੋਣਗੇ। ਤੁਸੀਂ ਸਤਿਸੰਗਤ ਨਾਲ ਪ੍ਰੀਤੀ ਰੱਖਣੀ ਹੈ। ਪਰਮਾਤਮਾ ਦਾ ਸਿਮਰਨ ਕਰਕੇ ਦਿਨ-ਰਾਤ ਗੁਜ਼ਾਰਨਾ ਹੈ। ਸਭ ਤੋਂ ਚੰਗਾ ਸਾਧਨ ਸਤਿਸੰਗ ਹੈ।

ਮਾਤਾ ਸੁਲੱਖਣੀ ਨੂੰ ਪਤਾ ਲੱਗਾ ਕਿ ਗੁਰਗੱਦੀ ਭਾਈ ਲਹਿਣਾ ਨੂੰ ਦਿੱਤੀ ਜਾਵੇਗੀ ਤਾਂ ਸੁਲੱਖਣੀ ਨੇ ਉਸੇ ਵੇਲੇ ਗੁਰੂ ਜੀ ਕੋਲ ਆ ਕੇ ਕਿਹਾ, ਕੋਈ ਆਪਣੀ ਔਲਾਦ ਨੂੰ ਛੱਡ ਕੇ ਕਿਸੇ ਦੂਜੇ ਨੂੰ ਵਡਿਆਈ ਨਹੀਂ ਦਿੰਦਾ। ਉਸੇ ਸਮੇਂ ਇੱਕ ਬਿੱਲੀ, ਅੱਧ-ਚੱਬੀ ਚੂਹੀ ਨੂੰ ਸੁੱਟ ਕੇ ਦੌੜ ਗਈ। ਗੁਰੂ ਜੀ ਨੇ ਪੁੱਤਰਾਂ ਸ੍ਰੀ ਚੰਦ ਅਤੇ ਲਖਮੀ ਦਾਸ ਨੂੰ ਚੂਹੀ ਚੁੱਕ ਕੇ ਪਰ੍ਹੇ ਸੁੱਟਣ ਦਾ ਹੁਕਮ ਦਿੱਤਾ। ਉਨ੍ਹਾਂ ਦੋਹਾਂ ਨੇ ਗੁਰੂ ਦੀ ਆਗਿਆ ਨਾ ਮੰਨੀ। ਫਿਰ ਗੁਰੂ ਜੀ ਨੇ ਲਹਿਣਾ ਨੂੰ ਆਖਿਆ ਤਾਂ ਉਨ੍ਹਾਂ ਨੇ ਉਸੇ ਪਲ ਗੁਰੂ ਦੀ ਆਗਿਆ ਨਾਲ ਚੂਹੀ ਪਰ੍ਹੇ ਦੂਰ ਸੁੱਟ ਦਿੱਤੀ। ਫਿਰ ਗੁਰੂ ਜੀ ਮਾਤਾ ਸੁਲੱਖਣੀ ਨੂੰ ਸਮਝਾਇਆ ਕਿ ਸਾਡੇ ਪੁੱਤਰ ਸਾਡੀ ਆਗਿਆ ਦਾ ਪਾਲਣ ਨਹੀਂ ਕਰਦੇ ਪਰ ਲਹਿਣਾ ਕਦੇ ਬਚਨ ਨਹੀਂ ਮੋੜਦਾ।

ਧਰਤੀ ਪੈਰਾਂ ਹੇਠਿ ਹੈ ਧਰਤੀ ਹੇਠਿ ਵਸੰਦਾ ਪਾਣੀ।
ਪਾਣੀ ਚਲੈ ਨੀਵਾਣ ਨੋ ਨਿਰਮਲੁ ਸੀਤਲੁ ਸੁਧੁ ਪਰਾਣੀ।[81]

ਭਾਈ ਬਾਲੇ ਅਤੇ ਭਾਈ ਮਨੀ ਸਿੰਘ ਵਾਲੀ ਜਨਮ ਸਾਖੀ ਵਿੱਚ ਪੁੱਤਰਾਂ ਦੇ ਹੁਕਮ ਨਾ ਮੰਨਣ ਦੀਆਂ ਉਦਾਹਰਣਾਂ ਮਿਲਦੀਆਂ ਹਨ। ਫਿਰ ਗੁਰੂ ਜੀ ਨੇ ਅੱਧੀ ਰਾਤ ਵੇਲੇ ਸ੍ਰੀ ਚੰਦ ਅਤੇ

ਲਖਮੀਦਾਸ ਨੂੰ ਨਦੀ ਤੋਂ ਚਾਦਰ ਧੋ ਕੇ ਲਿਆਉਣ ਲਈ ਕਿਹਾ, ਤਾਂ ਦੋਹਾਂ ਨੇ ਜਵਾਬ ਦੇ ਦਿੱਤਾ। ਪਰ ਲਹਿਣੇ ਨੇ ਉਸੇ ਸਮੇਂ ਚਾਦਰ ਧੋ ਕੇ ਸੁਕਾ ਦਿੱਤੀ। ਇਸੇ ਤਰ੍ਹਾਂ ਗੰਦੇ ਪਾਣੀ ਵਿੱਚੋਂ ਬਰਤਨ ਕੱਢ ਕੇ ਧੋਣ ਲਈ ਕਿਹਾ ਤਾਂ ਵੀ ਪੁੱਤਰਾਂ ਦੀ ਪਰਖ ਕਰਨ ਪਿਛੋਂ ਗੁਰੂ ਜੀ ਨੇ ਗੁਰਗੱਦੀ ਲਹਿਣੇ ਨੂੰ ਸੌਂਪ ਦਿੱਤੀ। ਉਨ੍ਹਾਂ ਦਾ ਨਾਂ ਬਦਲ ਕੇ ਅੰਗਦ ਰੱਖਿਆ। ਭਾਈ ਗੁਰਦਾਸ ਜੀ ਨੇ ਭਾਈ ਲਹਿਣਾ ਨੂੰ ਗੁਰਗੱਦੀ ਦੇਣ ਦੇ ਸੰਬੰਧ ਵਿੱਚ ਇਸ ਤਰ੍ਹਾਂ ਕਿਹਾ ਹੈ।

ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ।
ਜੋਤੀ ਜੋਤਿ ਮਿਲਾਇ ਕੈ ਸਤਿਗੁਰ ਨਾਨਕਿ ਰੂਪੁ ਵਟਾਇਆ।[82]

ਗੁਰਿਆਈ ਮਿਲਣ ਪਿਛੋਂ ਸ੍ਰੀ ਗੁਰੂ ਅੰਗਦ ਦੇਵ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਆਗਿਆ ਅਨੁਸਾਰ ਖਡੂਰ ਸਾਹਿਬ ਚਲੇ ਗਏ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਬਾਰ ਕੋਲ ਇੱਕ ਵੱਡਾ ਪਿੱਪਲ ਸੀ। ਗੁਰੂ ਜੀ ਉੱਥੇ ਬੈਠ ਕੇ ਸੰਗਤਾਂ ਨੂੰ ਨਿਹਾਲ ਕਰਦੇ ਤੇ ਲੰਗਰ ਵੀ ਵਰਤਦਾ ਰਹਿੰਦਾ।

### 12. ਗੁਰੂ ਜੀ ਦਾ ਜੋਤੀ ਜੋਤ ਸਮਾਉਣਾ

ਗੁਰੂ ਜੀ ਆਤਮ ਗਿਆਨੀ ਸਨ, ਉਨ੍ਹਾਂ ਨੂੰ ਆਪਣੇ ਸਰੀਰ ਤਿਆਗਣ ਦਾ ਪਤਾ ਲੱਗ ਚੁੱਕਿਆ ਸੀ।ਲੋਕ ਦੂਰੋਂ-ਦੂਰੋਂ ਦਰਸ਼ਨਾਂ ਲਈ ਆਉਣ ਲੱਗ ਪਏ। ਅਸ਼ਟਮੀ ਦਾ ਦਿਨ ਲੰਗਰ ਛਕਾਉਣ ਤੇ ਬੀਤ ਗਿਆ। ਮਾਤਾ ਸੁਲੱਖਣੀ ਗੁਰੂ ਜੀ ਕੋਲ ਬੈਠੇ ਸੀ। ਦੋਹਾਂ ਪੁੱਤਰਾਂ ਨੂੰ ਦਰਸ਼ਨ ਕਰਨ ਲਈ ਸੁਨੇਹਾ ਭੇਜਿਆ। ਪਰ ਉਹ ਮਜ਼ਾਕ ਸਮਝ ਕੇ ਨਾ ਆਏ। ਗੁਰੂ ਜੀ ਉਨ੍ਹਾਂ ਦੇ ਨਾ ਆਉਣ ਕਰਕੇ ਚੁੱਪ ਹੋ ਗਏ।

ਸੁਧਾਰਣ ਨੇ ਆ ਕੇ ਗੁਰੂ ਜੀ ਨੂੰ ਦੱਸਿਆ ਕਿ ਵਿਹੜੇ ਵਿੱਚ ਲੇਪਨ ਕਰ ਦਿੱਤਾ, ਚੰਦਨ ਸੁਗੰਧੀਆਂ ਛਿੜਕ ਕੇ ਕੁਸ਼ਾ ਵਿਛਾ ਦਿੱਤੀ ਹੈ ਤਾਂ ਇਹ ਸੁਣ ਕੇ ਸੰਗਤਾਂ ਉਦਾਸ ਹੋ ਗਈਆਂ। ਲੋਕਾਂ ਦੀ ਮਨੋਸਥਿਤੀ ਵੇਖ ਕੇ ਗੁਰੂ ਜੀ ਨੇ ਕਿਹਾ ਕਿ ਸਰੀਰਾਂ ਨਾਲ ਮੋਹ ਕਰਨਾ ਝੂਠਾ ਹੈ। ਹਰ ਕਿਸੇ ਨੇ ਦਿਨ-ਰਾਤ ਵਾਂਗ ਵਿਛੜਨਾ ਹੁੰਦਾ ਹੈ। ਸੂਰਜ, ਚੰਦ ਵੀ ਸਮਾਂ ਪਾ ਕੇ ਖਤਮ ਹੋ ਜਾਣਗੇ ਹਨ। ਦਿਨ ਰਾਤ ਅਕਾਲ ਪੁਰਖ ਦਾ ਨਾਮ ਜਪੋ।

ਫਿਰ ਗੁਰੂ ਜੀ ਧਰਮਸਾਲ ਤੋਂ ਉੱਠ ਕੇ ਦੱਭ ਦੇ ਵਿਛੌਣੇ ਉਤੇ ਬੈਠ ਗਏ। ਮਾਤਾ ਸੁਲੱਖਣੀ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਪੁੱਤਰਾਂ ਨੂੰ ਬੁਲਾ ਲਵੋ ਤਾਂ ਕਿ ਉਹ ਆਖਰੀ ਵਕਤ ਦਰਸ਼ਨ ਕਰ ਲੈਣ। ਜਦ ਸ੍ਰੀ ਚੰਦ ਤੇ ਲੱਖਮੀ ਦਾਸ ਆਏ। ਗੁਰੂ ਜੀ ਪਹਿਲਾਂ ਹੀ ਜੋਤੀ-ਜੋਤ ਸਮਾ ਚੁੱਕੇ ਸਨ।

ਸ੍ਰੀ ਚੰਦ ਤੇ ਲੱਖਮੀ ਦਾਸ ਪਛਤਾਉਂਦੇ ਹੋਏ ਕਹਿਣ ਲੱਗੇ ਕਿ ਹੇ ਗੁਰੂ ਜੀ! ਸਾਨੂੰ ਉਮੀਦ

ਨਹੀਂ ਸੀ ਕਿ ਆਪ ਸਾਨੂੰ ਮਿਲੇ ਬਗੈਰ ਚਲੇ ਜਾਵੋਗੇ। ਕ੍ਰਿਪਾ ਕਰਕੇ ਸਾਨੂੰ ਦੋ ਘੜੀਆਂ ਦਰਸ਼ਨ ਦੇ ਦੇਵੋ। ਉਹਨਾਂ ਦੀ ਬੇਨਤੀ ਸੁਣ ਕੇ ਗੁਰੂ ਜੀ ਉਠ ਬੈਠੇ ਤੇ ਕਹਿਣ ਲੱਗੇ ਆਪਣੇ ਮਨ ਦੀ ਗੱਲ ਦੱਸੋ? ਸ੍ਰੀ ਚੰਦ ਨੇ ਲਹਿਣਾ ਜੀ ਨੂੰ ਗੱਦੀ ਸੌਂਪਣ ਬਾਰੇ ਈਰਖਾ ਨਾਲ ਗੱਲ ਕੀਤੀ ਤੇ ਕਿਹਾ ਅਸਲ ਸਾਡਾ ਹੱਕ ਹੈ। ਗੁਰੂ ਜੀ ਨੇ ਕਿਹਾ ਕਿ ਕਰਨ ਕਰਾਉਣ ਵਾਲਾ ਕਰਤਾਰ ਹੈ, ਜੋ ਉਸ ਨੇ ਨਿਯਤ ਕੀਤਾ ਹੁੰਦਾ ਹੈ, ਉਹੀ ਹੁੰਦਾ ਹੈ।

ਗੁਰੂ ਜੀ ਨੇ ਨਿਮਰ ਹੋਣ ਕਰਕੇ ਦੋਨੋਂ ਪੁੱਤਰਾਂ ਨੂੰ ਰਿਧੀਆਂ-ਸਿਧੀਆਂ ਪ੍ਰਾਪਤ ਹੋਣ ਦੀ ਬਖਸ਼ਿਸ਼ ਕੀਤੀ। ਕਿਸੇ ਚੀਜ਼ ਦੀ ਤੁਹਾਨੂੰ ਘਾਟ ਨਹੀਂ ਰਹੇਗੀ। ਤੁਸੀਂ ਸਾਡੇ ਪੁੱਤਰ ਹੋ ਤੇ ਸਾਡੇ ਸਿੱਖ ਤੁਹਾਡੀ ਪੂਜਾ ਕਰਨਗੇ।

ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ॥
ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ ਅਗਿਆਨੁ ਅੰਧੇਰਾ ਜਾਇ।[83]

ਜਦ ਗੁਰੂ ਜੀ ਜੋਤੀ ਜੋਤ ਸਮਾ ਗਏ ਤਾਂ ਹਿੰਦੂਆਂ ਤੇ ਮੁਸਲਮਾਨਾਂ ਵਿੱਚ ਦੇਹ ਸੰਸਕਾਰ ਕਾਰਨ ਝਗੜਾ ਹੋ ਗਿਆ। ਹਿੰਦੂ ਸੰਸਕਾਰ ਕਰਨਾ ਚਾਹੁੰਦੇ ਸਨ ਤੇ ਮੁਸਲਮਾਨ ਦਫ਼ਨਾਉਣਾ ਚਾਹੁੰਦੇ ਸਨ। ਜਦੋਂ ਚਾਦਰ ਚੁੱਕ ਕੇ ਵੇਖਿਆ ਤੇ ਉੱਥੇ ਗੁਰੂ ਜੀ ਦੀ ਦੇਹ ਨਹੀਂ ਸੀ। ਚਿੱਟੀ ਚਾਦਰ ਦਾ ਅੱਧਾ ਅੱਧਾ ਹਿੱਸਾ ਵੰਡ ਕੇ ਆਪੋ ਆਪਣੀ ਰੀਤੀ ਨਾਲ ਗੁਰੂ ਜੀ ਦਾ ਸੰਸਕਾਰ ਕੀਤਾ। ਹਿੰਦੂਆਂ ਅਤੇ ਮੁਸਲਮਾਨਾਂ ਵਿਚ ਗੁਰੂ ਜੀ ਦੀ ਪ੍ਰਤੀ ਅਥਾਹ ਸ਼ਰਧਾ ਸੀ।

ਗੁਰੂ ਜੀ 70 ਸਾਲ 5 ਮਹੀਨੇ 7 ਦਿਨ ਮਾਤ ਲੋਕ ਵਿਚ ਰਹਿ ਕੇ ਸੰਮਤ 1596 ਨੂੰ ਸੱਚਖੰਡ ਜਾ ਬਿਰਾਜੇ।ਇਉਂ  ਗੁਰੂ ਨਾਨਕ ਪ੍ਰਕਾਸ਼ ਵਿਚ ਗੁਰੂ ਜੀ ਸਮੁੱਚੇ ਸੰਸਾਰ ਨੂੰ ਸੱਚਾ ਸੁੱਚਾ ਜੀਵਨ ਜਿਊਂਣ ਲਈ ਉਪਦੇਸ਼ ਦੇ ਗਏ। ਗੁਰੂ ਜੀ ਦੇ ਉਪਦੇਸ਼ ਤੋਂ ਲੋਕ ਅੱਜ ਵੀ ਪ੍ਰੇਰਨਾ ਲੈਂਦੇ ਰਹੇ ਹਨ ਅਤੇ ਲੈਂਦੇ ਰਹਿਣਗੇ।

## ਹਵਾਲੇ/ਟਿੱਪਣੀਆਂ

1. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰ ਨਾਨਕ ਪ੍ਰਕਾਸ਼ ਪੂਰਬਾਰਧ (ਭਾਗ ਪਹਿਲਾ),** ਕਿਰਪਾਲ ਸਿੰਘ(ਸੰਪਾ.), ਪੰਨਾ 90
2. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ**, ਜਿਲਦ ਦੂਜੀ, ਭਾਈ ਵੀਰ ਸਿੰਘ (ਸੰਪਾ.), ਪੰਨਾ 113
3. ਸਰਬਜਿੰਦਰ ਸਿੰਘ, ਡਾ. (ਸੰਪਾ.), ਨਾਨਕ ਪ੍ਰਕਾਸ਼ ਪੱਤ੍ਰਿਕਾ, **ਧਰਮ ਚਿੰਤਨ ਵਿਸ਼ੇਸ਼ ਅੰਕ**, ਪੰਨਾ 173
4. ਅਜਮੇਰ ਸਿੰਘ, ਡਾ., **ਖੋਜ ਮੰਥਨ, (ਰੇਖਾ ਚਿੱਤਰ),** ਪੰਨਾ 72
5. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ,** ਜਿਲਦ ਦੂਜੀ, ਭਾਈ ਵੀਰ ਸਿੰਘ (ਸੰਪਾ.), ਪੰਨਾ 157 ਤੋਂ 160
6. ਉਹੀ, ਪੰਨਾ 175
7. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ,** ਜਿਲਦ ਦੂਜੀ, ਭਾਈ ਵੀਰ ਸਿੰਘ (ਸੰਪਾ.), ਪੰਨਾ 192
8. **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ**, ਮਹਲਾ 1, ਪੰਨਾ 471
9. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ,** ਜਿਲਦ ਦੂਜੀ, ਭਾਈ ਵੀਰ ਸਿੰਘ (ਸੰਪਾ.), ਪੰਨਾ 227
10. ਉਹੀ, ਪੰਨਾ 336-337
11. ਕਾਨ੍ਹ ਸਿੰਘ ਨਾਭਾ (ਭਾਈ), **ਮਹਾਨ ਕੋਸ਼,** ਪੰਨਾ 803
12. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ,** ਜਿਲਦ ਦੂਜੀ, ਭਾਈ ਵੀਰ ਸਿੰਘ (ਸੰਪਾ.), ਪੰਨਾ 371
13. ਉਹੀ, ਪੰਨਾ 384
14. ਕਾਨ੍ਹ ਸਿੰਘ ਨਾਭਾ (ਭਾਈ), **ਮਹਾਨ ਕੋਸ਼,** ਪੰਨਾ 949
15. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ,** ਜਿਲਦ ਤੀਜੀ, ਭਾਈ ਵੀਰ ਸਿੰਘ (ਸੰਪਾ.), ਪੰਨਾ 397-398
16. ਉਹੀ, ਪੰਨਾ 404-405
17. ਕਾਨ੍ਹ ਸਿੰਘ ਨਾਭਾ (ਭਾਈ), **ਮਹਾਨ ਕੋਸ਼,** ਪੰਨਾ 816
18. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ,** ਜਿਲਦ ਤੀਜੀ, ਭਾਈ ਵੀਰ ਸਿੰਘ (ਸੰਪਾ.), ਪੰਨਾ 427
19. ਉਹੀ, ਪੰਨਾ 434
20 ਰਤਨ ਸਿੰਘ ਜੱਗੀ, ਡਾ. (ਸੰਪਾ.), **ਸਾਹਿਤ ਕੋਸ਼ ਪਰਿਭਾਸ਼ਿਕ ਕੋਸ਼**, ਪੰਨਾ 5
21 ਅਮਰ ਸਿੰਘ ਚਾਕਰ (ਸੰਪਾ.), **ਵਾਰਾਂ ਭਾਈ ਗੁਰਦਾਸ**, ਪੰਨਾ 12
22 ਸਾਹਿਬ ਸਿੰਘ (ਪ੍ਰੋ.), **ਜੀਵਨ ਬ੍ਰਿਤਾਂਤ ਗੁਰੂ ਨਾਨਕ ਦੇਵ ਜੀ**, ਪੰਨਾ 46
23 ਫੌਜਾ ਸਿੰਘ/ਕਿਰਪਾਲ ਸਿੰਘ, **ਐਟਲਸ, ਗੁਰੂ ਨਾਨਕ ਦੇਵ ਜੀ ਦੇ ਸਫ਼ਰ**, ਪੰਨਾ 41
24 ਉਹੀ, ਪੰਨਾ, 46
25 ਉਹੀ, ਪੰਨਾ, 44
26 ਕਿਰਪਾਲ ਸਿੰਘ, ਡਾ. (ਸੰਪਾ.), **ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਪੂਰਬਾਰਧ**, ਭਾਗ ਦੂਜਾ, ਪੰਨਾ 17
27 ਸੰਤੋਖ ਸਿੰਘ (ਭਾਈ), **ਸ਼੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ,** ਜਿਲਦ ਤੀਜੀ, ਭਾਈ ਵੀਰ ਸਿੰਘ (ਸੰਪਾ.), ਪੰਨਾ 632
28. ਉਹੀ, ਜਿਲਦ ਤੀਜੀ, ਪੰਨਾ 460-461
29. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰ ਨਾਨਕ ਪ੍ਰਕਾਸ਼,** ਪੂਰਬਾਰਧ (ਭਾਗ ਦੂਜਾ), ਕਿਰਪਾਲ ਸਿੰਘ (ਸੰਪਾ.), ਪੰਨਾ 240
30. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ,** ਜਿਲਦ ਤੀਜੀ, ਭਾਈ ਵੀਰ ਸਿੰਘ (ਸੰਪਾ.), ਪੰਨਾ 519
31. ਉਹੀ, ਪੰਨਾ 544

32. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ,** ਜਿਲਦ ਚੌਥੀ, ਭਾਈ ਵੀਰ ਸਿੰਘ (ਸੰਪਾ.), ਪੰਨਾ 838
33. **ਸ੍ਰੀ ਗੁਰੂ ਗ੍ਰੰਥ ਸਾਹਿਬ,** ਮਹਲਾ 1, ਪੰਨਾ 663
34. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ,** ਜਿਲਦ ਚੌਥੀ, ਭਾਈ ਵੀਰ ਸਿੰਘ (ਸੰਪਾ.), ਪੰਨਾ 859
35. ਉਹੀ, ਪੰਨਾ 876-877
36. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ,** ਜਿਲਦ ਚੌਥੀ, ਭਾਈ ਵੀਰ ਸਿੰਘ (ਸੰਪਾ.), ਪੰਨਾ 948
37. **ਸ੍ਰੀ ਗੁਰੂ ਗ੍ਰੰਥ ਸਾਹਿਬ**, ਮਹਲਾ 1, ਪੰਨਾ 1009
38. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ,** ਜਿਲਦ ਚੌਥੀ, ਭਾਈ ਵੀਰ ਸਿੰਘ (ਸੰਪਾ.), ਪੰਨਾ 968
39. ਉਹੀ, ਪੰਨਾ 978
40. ਉਹੀ, ਜਿਲਦ ਤੀਜੀ, ਪੰਨਾ 643, 644
41. ਉਹੀ, ਪੰਨਾ 649-650
42. ਉਹੀ, ਪੰਨਾ 657
43. ਉਹੀ, ਪੰਨਾ 683
44. **ਸ੍ਰੀ ਗੁਰੂ ਗ੍ਰੰਥ ਸਾਹਿਬ,** ਮਹਲਾ 1, ਪੰਨਾ 332
45. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ,** ਜਿਲਦ ਚੌਥੀ, ਭਾਈ ਵੀਰ ਸਿੰਘ (ਸੰਪਾ.), ਪੰਨਾ 890
46. ਉਹੀ, ਪੰਨਾ 953
47. ਉਹੀ, ਜਿਲਦ ਚੌਥੀ, ਪੰਨਾ 896
48. **ਸ੍ਰੀ ਗੁਰੂ ਗ੍ਰੰਥ ਸਾਹਿਬ,** ਮਹਲਾ 1, ਪੰਨਾ 1291
49. ਅਮਰ ਸਿੰਘ ਚਾਕਰ (ਸੰਪਾ.), **ਵਾਰਾਂ ਭਾਈ ਗੁਰਦਾਸ ਜੀ**, ਪੰਨਾ 16-18
50. ਉਹੀ, ਪੰਨਾ 634
51. **ਸ੍ਰੀ ਗੁਰੂ ਗ੍ਰੰਥ ਸਾਹਿਬ,** ਮਹਲਾ 1, ਪੰਨਾ 821
52. ਉਹੀ, ਪੰਨਾ 4
53. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ,** ਜਿਲਦ ਚੌਥੀ, ਭਾਈ ਵੀਰ ਸਿੰਘ (ਸੰਪਾ.), ਪੰਨਾ 995
54. ਉਹੀ, ਪੰਨਾ 1036
55. ਉਹੀ, ਪੰਨਾ 1045
56. ਅਮਰ ਸਿੰਘ ਚਾਕਰ (ਸੰਪਾ.), **ਵਾਰਾਂ ਭਾਈ ਗੁਰਦਾਸ ਜੀ**, ਪੰਨਾ 18
57. **ਸ੍ਰੀ ਗੁਰੂ ਗ੍ਰੰਥ ਸਾਹਿਬ**, ਮਹਲਾ 1, ਪੰਨਾ 451
58. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ,** ਜਿਲਦ ਚੌਥੀ, ਭਾਈ ਵੀਰ ਸਿੰਘ (ਸੰਪਾ.), ਪੰਨਾ 1186
59. ਕਾਨ੍ਹ ਸਿੰਘ ਨਾਭਾ (ਭਾਈ), **ਮਹਾਨ ਕੋਸ਼,** ਪੰਨਾ 276
60. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ,** ਜਿਲਦ ਚੌਥੀ, ਭਾਈ ਵੀਰ ਸਿੰਘ (ਸੰਪਾ.), ਪੰਨਾ 783
61. ਉਹੀ, ਪੰਨਾ 784
62. ਉਹੀ, ਪੰਨਾ 785
63. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ,** ਜਿਲਦ ਚੌਥੀ, ਭਾਈ ਵੀਰ ਸਿੰਘ (ਸੰਪਾ.), ਪੰਨਾ 792
64. ਉਹੀ, ਪੰਨਾ 911-12
65. ਕਾਨ੍ਹ ਸਿੰਘ ਨਾਭਾ (ਭਾਈ), **ਮਹਾਨ ਕੋਸ਼,** ਪੰਨਾ 154
66. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ,** ਜਿਲਦ ਚੌਥੀ, ਭਾਈ ਵੀਰ ਸਿੰਘ (ਸੰਪਾ.), ਪੰਨਾ 1055

67. ਕਾਨ੍ਹ ਸਿੰਘ ਨਾਭਾ (ਭਾਈ), **ਮਹਾਨ ਕੋਸ਼,** ਪੰਨਾ 939
68. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ,** ਜਿਲਦ ਚੌਥੀ, ਭਾਈ ਵੀਰ ਸਿੰਘ (ਸੰਪਾ.), ਪੰਨਾ 1072
69. ਉਹੀ, ਪੰਨਾ 1098
70. ਉਹੀ, ਪੰਨਾ 1099
71. ਉਹੀ, ਪੰਨਾ 1120
72. ਅਮਰ ਸਿੰਘ ਚਾਕਰ (ਸੰਪਾ.), **ਵਾਰਾਂ ਭਾਈ ਗੁਰਦਾਸ ਜੀ**, ਪੰਨਾ 120
73. ਭਾਈ ਸੰਤੋਖ ਸਿੰਘ (ਭਾਈ), **ਸ਼੍ਰੀ ਗੁਰ ਨਾਨਕ ਪ੍ਰਕਾਸ਼ ਉਤਰਾਰਧ,** (ਭਾਗ ਦੂਜਾ), ਕਰਪਾਲ ਸਿੰਘ (ਸੰਪਾ.), ਪੰਨਾ 380
74. **ਸ੍ਰੀ ਗੁਰੂ ਗ੍ਰੰਥ ਸਾਹਿਬ,** ਮਹਲਾ 3, ਪੰਨਾ 919-920
75. ਉਹੀ, ਪੰਨਾ 493
76. ਕਾਨ੍ਹ ਸਿੰਘ ਨਾਭਾ (ਭਾਈ), **ਮਹਾਨ ਕੋਸ਼,** ਪੰਨਾ 229
77. ਭਾਈ ਸੰਤੋਖ ਸਿੰਘ (ਭਾਈ), **ਸ਼੍ਰੀ ਗੁਰ ਨਾਨਕ ਪ੍ਰਕਾਸ਼ ਉਤਰਾਰਧ,** (ਭਾਗ ਦੂਜਾ), ਕਰਪਾਲ ਸਿੰਘ (ਸੰਪਾ.), ਪੰਨਾ 516
78. ਅਮਰ ਸਿੰਘ ਚਾਕਰ (ਸੰਪਾ.), **ਵਾਰਾਂ ਭਾਈ ਗੁਰਦਾਸ ਜੀ**, ਪੰਨਾ 12
79. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ,** ਜਿਲਦ ਚੌਥੀ, ਭਾਈ ਵੀਰ ਸਿੰਘ (ਸੰਪਾ.), ਪੰਨਾ 1187-1188
80. ਉਹੀ, ਪੰਨਾ 1190
81. ਅਮਰ ਸਿੰਘ ਚਾਕਰ (ਸੰਪਾ.), **ਵਾਰਾਂ ਭਾਈ ਗੁਰਦਾਸ ਜੀ**, ਪੰਨਾ 311
82. ਉਹੀ, ਪੰਨਾ 23
83. **ਸ੍ਰੀ ਗੁਰੂ ਗ੍ਰੰਥ ਸਾਹਿਬ**, ਮਹਲਾ 3, ਪੰਨਾ 593

# ਅਧਿਆਇ - ਤੀਜਾ

# ਧਰਮ ਸ਼ਾਸਤਰੀ ਪਰਿਪੇਖ : ਸਰੂਪ ਤੇ ਮਹੱਤਵ

**ਧਰਮ ਸ਼ਾਸਤਰ :** ਧਰਮ ਸ਼ਾਸਤਰ ਆਪਣੇ ਵਿਸ਼ਾਲ ਅਰਥਾਂ ਵਿੱਚ ਧਰਮ ਨਾਲ ਸੰਬੰਧਿਤ ਵਿਆਪਕ ਸੰਕਲਪਾਂ ਤੇ ਵਿਸ਼ਵਾਸਾਂ ਦਾ ਅਧਿਐਨ ਹੈ। ਧਰਮ ਦਾ ਖੇਤਰ ਵਿਆਪਕ ਹੋਣ ਕਰਕੇ ਇਸਦੇ ਕਈ ਪੱਖ ਉਭਰਕੇ ਸਾਹਮਣੇ ਆਉਂਦੇ ਹਨ। ਉਹਨਾਂ ਪੱਖਾਂ ਤੋਂ ਧਰਮ ਦਾ ਸਰੂਪ ਅਤੇ ਮਹੱਤਵ ਪਤਾ ਲੱਗਦਾ ਹੈ। ਇਹ ਅਧਿਆਇ ਧਰਮ ਸ਼ਾਸਤਰੀ ਪਰਿਪੇਖ ਸਰੂਪ ਅਤੇ ਮਹੱਤਵ ਉਪਰ ਕੇਂਦਰਿਤ ਹੈ। ਧਰਮ ਸ਼ਾਸਤਰ ਨੂੰ ਵਿਦਵਾਨਾਂ ਵੱਖ-ਵੱਖ ਤਰ੍ਹਾਂ ਪਰਿਭਾਸ਼ਿਤ ਕੀਤਾ ਹੈ।

ਡਾ. ਦਰਸ਼ਨ ਸਿੰਘ ਅਨੁਸਾਰ, Theology ਸ਼ਬਦ ਅੰਗਰੇਜ਼ੀ ਭਾਸ਼ਾ ਦਾ ਹੈ। ਆਪਣੇ ਨਿਰੁਕਤੀ ਮੂਲਕ ਅਰਥਾਂ ਵਿੱਚ ਇਹ ਦੋ ਯੂਨਾਨੀ ਸ਼ਬਦਾਂ ਦੇ ਮੇਲ ਤੋਂ ਨਿਰਮਤ ਹੋਇਆ ਹੈ। ਦੋ ਯੂਨਾਨੀ ਸ਼ਬਦ ਹਨ Theos ਅਤੇ Logos : Theos ਦਾ ਅਰਥ ਹੁੰਦਾ ਹੈ 'ਦੇਵਤਾ' ਅਤੇ Logos ਦਾ ਅਰਥ ਹੈ ਸ਼ਬਦ ਜਾਂ ਬਾਣੀ (Utterance, reasoning)। ਪ੍ਰਸਿੱਧ ਈਸਾਈ ਥਿਆਲੋਜੀਅਨ Paul Tillich ਇਸ ਦੀ ਪ੍ਰੀਭਾਸ਼ਾ ਦਿੰਦੇ ਹੋਏ ਲਿਖਦੇ ਹਨ

> Theology ਸ਼ਬਦ ਆਪਣੇ ਵਿਆਪਕ ਅਰਥਾਂ ਅਨੁਸਾਰ 'Logos or reasoning about theos' (God and divine things) ਅਰਥਾਤ ਰੱਬ ਸੰਬੰਧੀ ਵਿਚਾਰ ਹੈ। ਧਰਮ ਸ਼ਾਸਤਰ ਧਰਮ ਜਿੰਨਾ ਪੁਰਾਣਾ ਹੈ। ਇਸ ਤਰ੍ਹਾਂ ਇਹ ਅਧਿਐਨ ਕੇਵਲ ਰੱਬ ਦਾ ਅਧਿਐਨ ਨਾ ਰਹਿ ਕੇ ਰੱਬ ਦਾ ਆਪਣੀ ਦੁਨੀਆਂ ਅਤੇ ਮਨੁੱਖ ਨਾਲ ਸੰਬੰਧਾਂ ਦਾ ਵਿਆਪਕ ਅਧਿਐਨ ਹੋ ਨਿੱਬੜਿਆ।[1]

ਇਸ ਨੂੰ ਹੋਮਰ (Homer) ਅਤੇ ਜੈਕ ਨੇ ਸਭ ਤੋਂ ਪਹਿਲਾਂ

> ਥਿਆਲੋਜੀ (Theologi) ਕਿਹਾ ਸੀ, ਪਰੰਤੂ ਉਨ੍ਹਾਂ ਨੇ ਇਸ ਦਾ ਅਰਥ ਦੇਵਤਿਆਂ ਦੇ ਜਨਮ ਅਤੇ ਇਤਿਹਾਸ ਨਾਲ ਹੀ ਜੋੜਿਆ ਸੀ। ਇਸ ਲਈ ਇਸ ਸ਼ਬਦ ਦੇ ਅਰਥਾਂ ਨੂੰ ਲੰਮਾ ਸਮਾਂ ਦੇਵਤੇ ਜਾਂ ਦੇਵਤਿਆਂ ਦਾ ਸਿਧਾਂਤ ਵੀ ਕਿਹਾ ਜਾਂਦਾ ਰਿਹਾ ਹੈ। ਲਾਤੀਨੀ ਭਾਸ਼ਾ ਵਿੱਚ ਇਸ ਨੂੰ ਥਿਆਲੋਜੀਆ (Theologia) ਕਿਹਾ ਗਿਆ ਹੈ।[2]

ਧਰਮ ਸ਼ਾਸਤਰ (Theology) ਸ਼ਬਦ ਸਭ ਤੋਂ ਪਹਿਲਾ ਪਲੈਟੋ ਦੀ ਲਿਖਤ 'ਰੀਪਬਲਿਕ' ਵਿੱਚ ਵੇਖਣ ਨੂੰ ਮਿਲਦਾ ਹੈ।

> ਪਲੈਟੋ ਨੇ ਤਾਂ ਇਸਨੂੰ ਕਵਿਤਾ ਦੇ ਸੰਬੰਧ ਵਿਚ ਹੀ ਵਰਤਿਆ ਸੀ ਪਰ ਉਸ ਨੇ ਨਾਲ ਹੀ ਇਹ ਵੀ ਪਰਵਾਨ ਕਰ ਲਿਆ ਸੀ ਕਿ ਥਿਆਲੋਜੀ ਸ਼ਬਦ ਵਿੱਚ ਇੱਕ ਅਰਥ ਇਹ ਵੀ ਨਿਹਿਤ ਹੈ ਜਿਸ ਮੁਤਾਬਿਕ ਇਸ ਸ਼ਬਦ ਦਾ ਅਰਥ ਦੇਵਤਿਆਂ ਬਾਰੇ ਕਹਾਣੀਆਂ ਸੁਣਾਉਣਾ ਵੀ ਬਣ ਜਾਂਦਾ ਹੈ।[3]

ਕੋਸ਼ਗਤ ਅਰਥਾਂ ਦੀ ਰੋਸ਼ਨੀ ਵਿੱਚ ਆਕਸਫੋਰਡ ਡਿਕਸ਼ਨਰੀ ਅਨੁਸਾਰ

> ਧਰਮ ਸ਼ਾਸਤਰ ਉਹ ਵਿਗਿਆਨ ਹੈ ਜਿਸ ਵਿੱਚ ਪਰਮਾਤਮਾ, ਉਸ ਦੀ ਪ੍ਰਕਿਰਤੀ ਅਤੇ ਉਸਦੇ ਗੁਣਾਂ ਦੀ ਗੱਲ ਕੀਤੀ ਜਾਂਦੀ ਹੈ ਅਤੇ ਅਜਿਹਾ ਕਰਦੇ ਸਮੇਂ ਮਨੁੱਖ ਅਤੇ ਕਾਇਨਾਤ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ।[4]

ਇਨਸਾਈਕਲੋਪੀਡੀਆ ਆਫ਼ ਰਿਲੀਜ਼ਨ ਵਿੱਚ ਧਰਮ ਸ਼ਾਸਤਰ ਬਾਰੇ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਹੋਈ ਹੈ ਕਿ

> ਧਰਮ ਵਿਗਿਆਨ ਦਾ ਅਰਥ ਪ੍ਰਭੂ ਬਾਰੇ ਵਾਰਤਾਲਾਪ ਜਾਂ ਭਾਸ਼ਨ ਹੈ। ਇਸ ਵਿੱਚ ਇਹ ਦੱਸਣਾ ਜ਼ਰੂਰੀ ਮੰਨਿਆ ਗਿਆ ਹੈ ਕਿ ਪ੍ਰਭੂ ਤੋਂ ਕੀ ਭਾਵ ਹੈ? ਅਤੇ ਪ੍ਰਭੂ ਦਾ ਕਾਰਜ ਕੀ ਹੈ?[5]

ਇਸ ਸੰਬੰਧ ਵਿਚ ਧਰਮ ਸ਼ਾਸਤਰ ਨੂੰ ਅਜਿਹੀ ਵਿਧੀ ਜਾਂ ਢੰਗ ਦੱਸਿਆ ਗਿਆ ਹੈ ਜਿਸ ਵਿੱਚ ਵਿਵੇਕ ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਵਿਵੇਕ ਦਾ ਸੰਬੰਧ ਬੁਨਿਆਦੀ ਵਿਸ਼ਵਾਸਾਂ ਅਤੇ ਸ਼ਰਧਾ ਉਤੇ ਆਧਾਰਿਤ ਪ੍ਰਬੰਧ ਨਾਲ ਹੈ। ਧਰਮ ਸ਼ਾਸਤਰ ਵਿੱਚ ਧਰਮ ਦੀਆਂ ਬੁਨਿਆਦੀ ਮਨੌਤਾਂ ਨੂੰ ਧਿਆਨ ਵਿੱਚ ਰੱਖੇ ਬਿਨਾਂ ਮਨੁੱਖੀ ਜੀਵਨ ਦਾ ਕੋਈ ਵੀ ਸਿਧਾਂਤ ਜੋ ਆਪਣੇ ਆਪ ਵਿੱਚ ਤਾਰਕਿਕ ਹੋਵੇ ਅਤੇ ਪ੍ਰਵਾਨਿਤ ਮਨੌਤ ਦਾ ਅਨੁਸਾਰੀ ਵੀ ਹੋਵੇ, ਧਰਮ ਸ਼ਾਸਤਰ ਦੇ ਘੇਰੇ ਵਿੱਚ ਆਉਂਦਾ ਹੈ। ਇਸ ਤਰ੍ਹਾਂ ਡਾ. ਵਜ਼ੀਰ ਸਿੰਘ ਨੇ

> ਧਰਮ ਸ਼ਾਸਤਰ ਧਰਮ ਦੇ ਅਕੀਦੇ ਅਤੇ ਸ਼ਰਧਾ ਉਤੇ ਆਧਾਰਿਤ ਸਿਧਾਂਤਾਂ ਨੂੰ ਪੇਸ਼ ਕਰਦਾ ਹੈ ਅਤੇ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿੱਚ ਧਰਮ ਦੀ ਵਕਾਲਤ ਵੀ ਕਰਦਾ ਹੈ।[6]

ਧਰਮ ਸ਼ਾਸਤਰ (ਥਿਆਲੋਜੀ) ਵਿਸ਼ਵਾਸ਼ ਤੇ ਸ਼ਰਧਾ ਆਧਾਰਿਤ ਹੈ। ਧਰਮ ਸ਼ਾਸਤਰ ਨੂੰ ਬੌਧਿਕ ਦ੍ਰਿਸ਼ਟੀ ਤੋਂ ਧਰਮ ਦਾ ਅਧਿਐਨ ਮੰਨਿਆ ਜਾ ਸਕਦਾ ਹੈ। ਵਿਸ਼ਵਾਸ ਦਾ ਹੋਣਾ ਧਰਮ ਸ਼ਾਸਤਰ ਵਿਚ ਜ਼ਰੂਰੀ ਮੰਨਿਆ ਜਾਂਦਾ ਹੈ। ਜਿੱਥੇ ਤਰਕ ਤੇ ਦਲੀਲ ਵਿਸ਼ੇਸ਼ਤਾ ਨਹੀਂ ਰੱਖਦੇ

ਕਿਉਂਕਿ ਧਰਮ ਸ਼ਾਸਤਰੀ ਧਰਮ ਨੂੰ ਆਵੇਸ਼ਮਈ ਸਵੀਕਾਰ ਕਰਦੇ ਹਨ। ਇਸ ਵਿੱਚ ਬਿਬੇਕ ਦਾ ਕਰਤੱਵ ਵਿਸ਼ਵਾਸਾਂ ਦੀ ਨਿਆਸ਼ੀਲਤਾ ਪੇਸ਼ ਕਰਨਾ ਹੁੰਦਾ ਹੈ। ਧਰਮ ਸ਼ਾਸਤਰ ਆਪਣੇ ਵਿਸ਼ਾਲ ਅਰਥਾਂ ਵਿੱਚ ਧਰਮ ਨਾਲ ਸੰਬੰਧਿਤ ਵਿਆਪਕ ਸੰਕਲਪਾਂ 'ਤੇ ਵਿਸ਼ਵਾਸ਼ਾਂ ਦਾ ਅਧਿਐਨ ਹੈ। ਇਸ ਵਿੱਚ ਰੱਬ ਦੇ ਸੰਕਲਪ ਦੀ ਛਾਣ-ਬੀਣ ਨੂੰ ਅਧਿਕ ਮਹੱਤਵ ਪ੍ਰਦਾਨ ਕੀਤਾ ਜਾਂਦਾ ਹੈ। ਰੱਬ ਇਸ ਅਧਿਐਨ ਦੀ ਬੁਨਿਆਦੀ ਸ਼ਰਤ (ਮਨੌਤ) ਹੈ। ਜਿਸ ਵਿੱਚ ਰੱਬ ਨੂੰ ਰੱਦ ਨਹੀਂ ਕਰਨਾ ਹੁੰਦਾ ਬਲਕਿ ਉਸ ਦੀ ਹੋਂਦ ਨੂੰ ਮੰਨਣਾ ਜ਼ਰੂਰੀ ਹੈ। ਇਸ ਦੇ ਹੋਰਨਾਂ ਪੱਖਾਂ ਨੂੰ ਉਜਾਗਰ ਕਰਨਾ ਹੁੰਦਾ ਹੈ। ਇਸ ਦੇ ਨਾਲ-ਨਾਲ ਰੱਬ ਦੇ ਗੁਣਾਂ ਨੂੰ ਪ੍ਰਚਾਰਨਾ, ਪ੍ਰਸਾਰਨਾ ਵੀ ਹੁੰਦਾ ਹੈ। ਧਰਮ ਸ਼ਾਸਤਰ ਵਿੱਚ ਰੱਬ ਨੂੰ ਸੰਪੂਰਨ ਹਸਤੀ ਪ੍ਰਵਾਨ ਕੀਤਾ ਜਾਂਦਾ ਹੈ ਜੋ ਸਦੀਵੀਂ ਸਥਿਰ, ਅਸੀਮ ਤੇ ਅਨੰਤ ਹੈ। ਧਰਮ ਸ਼ਾਸਤਰ ਦਾ ਸੰਬੰਧ ਰੱਬ ਤੇ ਉਸ ਦੀ ਲੋਕਾਈ ਨਾਲ ਵੀ ਮੰਨਿਆ ਜਾਂਦਾ ਹੈ। ਲੋਕਾਈ ਵੀ ਵਿਸ਼ੇ ਵਿਕਾਰਾਂ ਤੋਂ ਹਟਾ ਕੇ ਪਰਮਾਰਥ ਵੱਲ ਲਾਉਣਾ ਹੁੰਦਾ ਹੈ। ਡਿਕਸ਼ਨਰੀ ਆਫ਼ ਫਿਲਾਸਫ਼ੀ ਐਂਡ ਰਿਲੀਜ਼ਨ ਵਿੱਚ ਥਿਆਲੋਜੀ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਹੈ ਕਿ

> ਇਸ ਵਿੱਚ ਪ੍ਰਭੂ ਅਤੇ ਸ਼ਬਦ ਨੂੰ ਇਸ ਤਰ੍ਹਾਂ ਲੈ ਲਿਆ ਕਿ ਦੋਵੇਂ ਇੱਕ ਦੂਜੇ ਦੇ ਪੂਰਕ ਹੋ ਜਾਣ।[7]

ਪ੍ਰਸਿੱਧ ਈਸਾਈ ਥਿਆਲੋਜੀਅਨ ਜਾਨ ਮੈਕਕਿਯੂਰੀ, ਧਰਮ ਸ਼ਾਸਤਰ ਦੀ ਪਰਿਭਾਸ਼ਾ ਕਰਦੇ ਹੋਏ ਕਹਿੰਦੇ ਹਨ ਕਿ

> ਥਿਆਲੋਜੀ ਕਿਸੇ ਧਰਮ ਦਾ ਅਮਲ ਅਤੇ ਚਿੰਤਨ ਰਾਹੀਂ ਅਧਿਐਨ ਹੈ ਅਤੇ ਇਸ ਧਰਮ ਦੇ ਵਸਤੂ ਨੂੰ ਵੱਧ ਤੋਂ ਵੱਧ ਸਪਸ਼ਟ ਅਤੇ ਤਰਕਸੰਗਤ ਭਾਸ਼ਾ ਵਿੱਚ ਬਿਆਨ ਕਰਨ ਦਾ ਯਤਨ ਹੈ।[8]

ਇਨਸਾਈਕਲੋਪੀਡੀਆ ਆਫ਼ ਰਿਲੀਜ਼ਨ ਐਂਡ ਐਥਿਕਸ ਵਿੱਚ ਧਰਮ ਸ਼ਾਸਤਰ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਹੈ ਕਿ

> ਧਰਮ ਵਿਗਿਆਨ ਦੀ ਸੰਖੇਪ ਵਿੱਚ ਵਿਆਖਿਆ ਅਜਿਹੇ ਵਿਗਿਆਨ ਵਜੋਂ ਕੀਤੀ ਜਾ ਸਕਦੀ ਹੈ ਜੋ ਵਿਗਿਆਨਿਕ ਢੰਗ ਨਾਲ ਧਰਮ ਬਾਰੇ ਮਿਲਦੇ ਤੱਥਾਂ ਨੂੰ ਲੈ ਕੇ ਦਰਸ਼ਨ ਅਤੇ ਧਰਮ ਨੂੰ ਇੱਕਸੁਰਤਾ ਵਿੱਚ ਪ੍ਰਗਟ ਕਰਦਾ ਹੈ। ਇਸ ਨਾਲ ਧਾਰਮਿਕ ਧਾਰਨਾਵਾਂ ਬਾਰੇ ਮਿਲਦੇ ਸਰੋਕਾਰਾਂ ਨੂੰ ਪ੍ਰਬੰਧ ਵਿੱਚ ਪ੍ਰਗਟ ਹੋਣ ਦਾ ਰਾਹ ਪੱਧਰਾ ਹੋ ਜਾਂਦਾ ਹੈ।[9]

ਪ੍ਰਸਿੱਧ ਲੇਖਕ ਨੇ ਵੀ ਧਰਮ ਸ਼ਾਸਤਰ ਦੀ ਮਹੱਤਵਪੂਰਨ ਪਰਿਭਾਸ਼ਾ ਦਿੱਤੀ ਹੈ। ਏਂਜਲ ਬਰਟ ਨੇ

> ਧਰਮ ਸ਼ਾਸਤਰ ਨੂੰ ਸਭਿਆਚਾਰ ਦੀ ਉਪਜ ਦੱਸਿਆ ਹੈ ਅਤੇ ਇਹ ਨਿਸ਼ਚਿਤ ਕੀਤਾ ਹੈ ਕਿ ਸਭਿਆਚਾਰ ਹੀ ਮਨੁੱਖ, ਪ੍ਰਭੂ ਅਤੇ ਸ੍ਰਿਸ਼ਟੀ ਨੂੰ ਸਮਝਣ ਵਿੱਚ ਸਹਾਇਤਾ ਕਰਦਾ ਹੈ।[10]

ਏਜ਼ਲ ਬਰਟ ਦੀ ਪਰਿਭਾਸ਼ਾ ਉੱਤਮ ਇਸ ਲਈ ਮੰਨੀ ਗਈ ਹੈ ਕਿ ਇਹ ਦਿੱਸਦੇ ਜਗਤ ਵਿੱਚੋਂ ਮਨੁੱਖ, ਪ੍ਰਭੂ ਅਤੇ ਸ੍ਰਿਸ਼ਟੀ ਹੀ ਉਲਝਣ ਵਾਲੇ ਪ੍ਰਸ਼ਨ ਹਨ? ਜਿਨ੍ਹਾਂ ਨੂੰ ਜਾਨਣ ਦੀ ਦਾਅਵੇਦਾਰੀ ਥਿਆਲੋਜੀ ਕਰਦੀ ਹੈ। ਪਾਲ ਟਿਲਿਕ ਅਨੁਸਾਰ

> Theology ਆਪਣੇ ਵਿਆਪਕ ਅਰਥਾਂ ਵਿੱਚ ਰਸਮਾਂ, ਚਿੰਨ੍ਹਾਂ ਕਥਾਵਾਂ ਦੇ ਧਾਰਮਿਕ ਵਸਤੂ ਦੀ ਤਰਕਸੰਗਤ ਵਿਆਖਿਆ ਹੈ।[11]

ਪਰੰਤੂ ਇਸ ਸਿਧਾਂਤ ਜਿਸ ਦਾ ਸੰਬੰਧ ਪ੍ਰਭੂ ਜਾਂ ਉਸਦੇ ਗੁਣਾਂ ਨਾਲ ਹੈ, ਇਸ ਨੂੰ ਪੂਰਨ ਤੌਰ ਤੇ ਧਰਮ ਸ਼ਾਸਤਰ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਇਸ ਨੂੰ ਧਰਮ ਸ਼ਾਸਤਰ ਦੀ ਕੇਵਲ ਇੱਕ ਸ਼ਾਖਾ ਹੀ ਕਿਹਾ ਜਾ ਸਕਦਾ ਹੈ। ਇਸ ਵਿੱਚ ਕੋਈ ਸੰਦੇਹ ਨਹੀਂ ਕਿ ਮਨੁੱਖ ਦਾ ਪ੍ਰਭੂ ਬਾਰੇ ਗਿਆਨ ਮਨੁੱਖ ਦੇ ਅਨੁਭਵ ਦਾ ਹੀ ਸਿੱਟਾ ਹੈ ਜਿਸਨੂੰ ਅਸੀਂ ਧਰਮ ਕਹਿੰਦੇ ਹਾਂ ਅਤੇ ਸ੍ਰਿਸ਼ਟੀ ਦੀ ਪ੍ਰਕਿਰਤੀ, ਮਨੁੱਖਾਂ ਦੀ ਪ੍ਰਕਿਰਤੀ, ਪਾਪ, ਪੁੰਨ, ਮੌਤ, ਮੁਕਤੀ ਅਤੇ ਨਾਸ਼ਵਾਨ ਜ਼ਿੰਦਗੀ ਆਦਿ ਹੋਰ ਗੱਲਾਂ ਵੀ ਧਰਮ ਵਿੱਚ ਸ਼ਾਮਲ ਹੁੰਦੀਆਂ ਹਨ। ਧਰਮ ਸ਼ਾਸਤਰ ਆਮ ਤੌਰ ਤੇ ਮਨੁੱਖ ਦੇ ਅਨੁਭਵਾਂ ਅਤੇ ਤਜਰਬਿਆਂ ਦੇ ਕੁੱਝ ਪਕੇਰੇ ਰਿਸ਼ਤਿਆਂ ਦਾ ਵਿਸ਼ਲੇਸ਼ਣ ਕਰਦਾ ਹੈ। ਇਸ ਕਰਕੇ ਧਰਮ ਸ਼ਾਸਤਰ ਨੂੰ ਵਿਗਿਆਨ ਵੀ ਕਹਿ ਸਕਦੇ ਹਾਂ। ਕਿਉਂਕਿ ਮਨੁੱਖ ਦੇ ਧਰਮ ਨਾਲ ਸੰਬੰਧਿਤ ਅਨੁਭਵਾਂ ਅਤੇ ਤਜਰਬਿਆਂ ਨੂੰ ਇਸ ਵਿੱਚ ਸ਼ਾਮਲ ਕੀਤਾ ਹੋਇਆ ਹੈ। ਗਿਆਨਵਾਨ ਜਾਂ ਗਿਆਨੀ ਹੋਣ ਦੀ ਗੱਲ ਅਨੁਭਵ ਤੇ ਆਧਾਰਿਤ ਹੈ। ਪਰ ਇਸ ਨੂੰ ਗਿਆਨ ਨਾਲ ਸੰਬੰਧਿਤ ਹੋਣ ਕਰਕੇ ਗਿਆਨ ਦੇ ਘੇਰੇ ਵਿੱਚ ਹੀ ਪਰਵਾਨ ਕੀਤਾ ਜਾਣਾ ਚਾਹੀਦਾ ਹੈ।

> ਇਸ ਤਰ੍ਹਾਂ ਧਰਮ ਸ਼ਾਸਤਰ ਉਹ ਵਿਗਿਆਨ ਹੈ ਜਿਸ ਦੇ ਤਰਕ  ਦਾ ਸਹੀ ਇਸਤੇਮਾਲ ਕਰਕੇ ਮਨੁੱਖ ਦੇ ਧਾਰਮਿਕ ਅਨੁਭਵਾਂ ਨੂੰ ਸਿਧਾਂਤਾਂ ਵਿੱਚ ਬਦਲਣ ਲਈ ਹਿੱਸਾ ਪਾਇਆ ਗਿਆ ਹੈ। ਇਹ ਸਿਧਾਂਤ ਇਕ ਪਾਸੇ ਮਨੁੱਖੀ

> ਮਾਨਸਿਕਤਾ ਨੂੰ ਸੰਤੁਸ਼ਟ ਅਤੇ ਸੰਤੁਲਿਤ ਕਰਨ ਵਿੱਚ ਹਿੱਸਾ ਪਾਉਂਦੇ ਹਨ ਅਤੇ ਦੂਜੇ ਪਾਸੇ ਅਮਲੀ ਜੀਵਨ ਲਈ ਨਿਰਦੇਸ਼ਕ ਮਾਡਲਾਂ ਦਾ ਨਿਰਮਾਣ ਵੀ ਕਰਦੇ ਹਨ।[12]

ਧਰਮ ਸ਼ਾਸਤਰ ਵੀ ਵਿਗਿਆਨ ਦੀ ਤਰ੍ਹਾਂ ਧਾਰਮਿਕ ਚੇਤਨਾ ਦੀਆਂ ਬਾਹਰਮੁਖੀ ਤੇ ਅੰਤਰਮੁਖੀ ਦੋਵੇਂ ਤਰ੍ਹਾਂ ਦੀਆਂ ਅਵਸਥਾਵਾਂ ਦਾ ਅਧਿਐਨ ਕਰਦਾ ਹੈ। ਜਦੋਂ ਇਹ ਧਾਰਮਿਕ ਚੇਤਨਤਾ ਦਾ ਅੰਤਰਮੁਖੀ ਅਵਸਥਾਵਾਂ ਦਾ ਵਿਸ਼ਲੇਸ਼ਣ ਜਾਂ ਮੁਲਾਂਕਣ ਕਰ ਰਿਹਾ ਹੁੰਦਾ ਹੈ ਤਾਂ ਇਹ ਧਾਰਮਿਕ ਵਿਚਾਰਾਂ, ਭਾਵਨਾਵਾਂ ਜਾਂ ਲੋਕਾਂ ਦੇ ਧਾਰਮਿਕ ਇਲਾਕੇ ਵਿਚੋਂ ਕੰਮ ਆਦਿ ਨੂੰ ਲੈ ਕੇ ਤੁਰਦਾ ਹੈ। ਜਦੋਂ ਧਰਮ ਦੇ ਬਾਹਰਮੁਖੀ ਸਰੋਕਾਰਾਂ, ਸਤਿ ਜਾਂ ਸਚਾਈ ਨੂੰ ਸੇਧ ਪ੍ਰਦਾਨ ਕਰਦਾ ਹੈ ਤਾਂ ਆਮ ਲੋਕਾਂ ਦੇ ਰੀਤੀ-ਰਿਵਾਜ਼ਾਂ ਅਤੇ ਸੇਵਾ ਦੀ ਨਿਸ਼ਾਨਦੇਹੀ ਅਤੇ ਵਿਆਖਿਆ ਹੋ ਜਾਂਦੀ ਹੈ। ਦੂਜੇ ਵਿਗਿਆਨਾਂ ਦੀ ਤਰ੍ਹਾਂ ਧਰਮ ਸ਼ਾਸਤਰ ਕੇਵਲ ਅਨੁਭਵ, ਦੂਰ ਅੰਦੇਸ਼ੀ ਅਤੇ ਤਜਰਬੇ ਤੱਕ ਹੀ ਸੀਮਤ ਨਹੀਂ ਹੈ। ਬਲਕਿ ਮਨੁੱਖ ਦੇ ਤਰਕਸ਼ੀਲ (rational) ਸਿਧਾਂਤਾਂ ਤੇ ਵਿਚਾਰਾਂ ਨਾਲ ਵੀ ਇਸ ਦਾ ਡੂੰਘਾ ਸੰਬੰਧ ਹੈ। ਇਸ ਤਰ੍ਹਾਂ ਦੀਆਂ ਸਾਰੀਆਂ ਸ਼ਰਤਾਂ ਜਿਹੜੀਆਂ ਵਿਗਿਆਨਿਕ ਪਰਤਾਂ ਤੇ ਲਾਗੂ ਹੁੰਦੀਆਂ ਹਨ ਕਿਸੇ ਵੀ ਤਰ੍ਹਾਂ ਇਹ ਧਰਮ ਸ਼ਾਸਤਰ ਤੇ ਥੋਪੀਆਂ ਨਹੀਂ ਜਾ ਸਕਦੀਆਂ। ਧਰਮ ਸ਼ਾਸਤਰ ਤੇ ਉਹ ਲਾਗੂ ਹੋਣਗੀਆਂ ਜੋ ਉਸ ਨਾਲ ਸੰਬੰਧਿਤ ਕਾਰਜਾਂ ਦੀ ਪ੍ਰਕਿਰਤੀ ਵਿੱਚ ਪੈਦਾ ਹੋਣਗੀਆਂ। ਇਸ ਤਰ੍ਹਾਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਧਰਮ ਸ਼ਾਸਤਰ ਤੇ ਪਹਿਲਾਂ ਹੀ ਨਿਸ਼ਚਿਤ ਮਾਡਲ ਹੂ-ਬ-ਹੂ ਲਾਗੂ ਨਹੀਂ ਕੀਤਾ ਜਾ ਸਕਦਾ। ਵੇਖਣ ਵਾਲੀ ਗੱਲ ਤਾਂ ਇਹ ਹੈ ਕਿ ਧਰਮ ਸ਼ਾਸਤਰ ਆਪਣੇ ਸੁਭਾਅ ਵਿੱਚ ਬਿਲਕੁਲ ਵਿਗਿਆਨ ਹੈ। ਪੱਛਮ ਵਿੱਚ ਵੀ ਇਸ ਨੂੰ ਵਿਗਿਆਨ ਪਰਵਾਨ ਕਰਨ ਦੇ ਯਤਨ ਹੋਏ ਹਨ। ਇਸ ਤਰ੍ਹਾਂ ਧਰਮ ਨਾਲ ਜੁੜੀਆਂ ਹੋਈਆਂ ਉਨ੍ਹਾਂ ਕੋਮਲ ਮਾਨਤਾਵਾਂ ਦਾ ਪ੍ਰਸੰਗ ਉਸਾਰਨਾ ਔਖਾ ਹੋ ਗਿਆ ਹੈ ਜੋ ਧਰਮ ਵਾਸਤੇ ਕੇਂਦਰੀ ਮਹੱਤਵ ਦੀਆਂ ਧਾਰਨੀ ਹਨ। ਧਰਮ ਸ਼ਾਸਤਰ ਦਾ ਵਰਤਮਾਨ ਪ੍ਰਸੰਗ ਬਾਈਬਲ ਦੀਆਂ ਪ੍ਰਾਪਤ ਸਿੱਖਿਆਵਾਂ ਨੂੰ ਲਾਗੂ ਕਰਨ ਜਾਂ ਪ੍ਰਚਾਰਨ ਤੱਕ ਹੀ ਸੀਮਤ ਨਹੀਂ ਹੈ। ਉਸ ਦੀ ਧਾਰਨਾ ਹੈ ਕਿ ਈਸਾਈਅਤ ਦਾ ਧਰਮ ਵਿਗਿਆਨ ਉਦੋਂ ਹੀ ਸਾਹਮਣੇ ਆਉਂਦਾ ਹੈ ਜਦੋਂ ਵਰਤਮਾਨ ਮਨੁੱਖ ਦੇ ਨਵੇਂ ਅਨੁਭਵਾਂ ਨਾਲ ਉਸ ਨੇ ਸੰਵਾਦ ਰਚਾਉਣਾ ਹੈ। ਇੱਕ ਤਰ੍ਹਾਂ ਨਾਲ ਇਹ ਆਤਮਿਕ ਅਨੁਭਵ ਦੀਆਂ ਸਦੀਵੀਂ ਸੱਚਾਈਆਂ ਨੂੰ ਲੱਭ ਕੇ ਲੋਕਾਂ ਦੀ ਸਮਝ ਗੋਚਰੇ ਕਰਨ ਦਾ ਉੱਦਮ ਹੁੰਦਾ ਹੈ। ਦੂਜੇ ਸ਼ਬਦਾਂ ਵਿੱਚ ਇਹ ਆਖ ਸਕਦੇ ਹਾਂ ਕਿ

> ਇਹ ਧਰਮ ਦੀਆਂ ਗਹਿਰ ਗੰਭੀਰ ਤੇ ਸਦੀਵੀ ਸੱਚਾਈਆਂ ਦੀ ਹਰੇਕ ਸਮੇਂ ਤੇ ਸਥਿਤੀ ਦੇ ਪ੍ਰਸੰਗ ਵਿੱਚ ਵਿਆਖਿਆ ਕਰਨ ਦਾ ਯਤਨ ਹੁੰਦਾ ਹੈ। ਜੋ ਵਿਸ਼ਵ ਦੇ ਸਭ ਧਰਮਾਂ ਵਿੱਚ ਮਿਲਦਾ ਹੈ।[13]

ਅਰਸਤੂ ਨੇ ਵੀ ਆਪਣੇ ਅਧਿਆਤਮਵਾਦ (Mata Physics) ਵਿੱਚ ਤਿੰਨ ਵਿਗਿਆਨਾਂ ਦਾ 1) ਗਣਿਤ ਵਿਗਿਆਨ 2) ਪਰਾਭੌਤਿਕ ਵਿਗਿਆਨ ਤੇ 3) ਧਰਮ ਵਿਗਿਆਨ ਦਾ ਜ਼ਿਕਰ ਕੀਤਾ ਹੋਇਆ ਹੈ। ਇਥੇ ਧਰਮ ਵਿਗਿਆਨ ਤੋਂ ਭਾਵ ਅਧਿਆਤਮਵਾਦ ਤੋਂ ਹੀ ਹੈ। ਧਰਮ ਸ਼ਾਸਤਰੀ (Theology) ਸ਼ਬਦ 1079 ਈ. ਤੱਕ ਈਸਾਈ ਮੱਤ ਦੁਆਰਾ ਗਰੀਕ ਫ਼ਿਲਾਸਫ਼ੀ ਅਤੇ ਹੀਥਨਵਾਦ (Heathenism) ਨਾਲ ਜੋੜਿਆ ਜਾਂਦਾ ਰਿਹਾ ਹੈ। ਪਰ ਇਸ ਸ਼ਬਦ ਦੇ ਅਰਥਾਂ ਨੂੰ ਐਬੇਲਾਰਡ (Abelared 1079-1142 A.D.) ਨੇ ਬਿਲਕੁਲ ਹੀ ਬਦਲ ਦਿੱਤਾ। ਉਸਨੇ ਧਰਮ ਸ਼ਾਸਤਰ ਤੋਂ ਭਾਵ ਪਰਮਾਤਮਾ ਬਾਰੇ ਈਸਾਈ ਸਿਧਾਂਤ ਤੋਂ ਹੀ ਲਿਆ ਅਤੇ ਇਸ ਦੀ ਵਿਆਖਿਆ ਕਰਦਿਆਂ ਉਸ ਨੇ ਪਰਵਾਨ ਕੀਤਾ ਕਿ ਪਵਿੱਤਰ ਗ੍ਰੰਥ ਤੇ ਆਧਾਰਿਤ ਕੀਤੀ ਵਿਆਖਿਆ ਦਾ ਅਧਿਐਨ ਹੀ ਧਰਮ ਸ਼ਾਸਤਰ ਹੈ। ਇਸ ਤਰ੍ਹਾਂ ਨਾਲ ਧਰਮ ਸ਼ਾਸਤਰ ਵਿੱਚ ਪ੍ਰਮੁੱਖ ਤੌਰ ਤੇ ਪਰਮਾਤਮਾ, ਧਰਮ ਅਤੇ ਦੋਹਾਂ ਦਾ ਮਨੁੱਖੀ ਜੀਵਨ ਨਾਲ ਸੰਬੰਧਾਂ ਦਾ ਅਧਿਐਨ ਕੀਤਾ ਜਾਂਦਾ ਹੈ। ਇਸ ਵਿੱਚ ਮੁੱਖ ਸਥਾਨ ਨਿਰਸੰਦੇਹ ਪਰਮਾਤਮਾ ਦੇ ਸੰਕਲਪ ਨੂੰ ਪ੍ਰਾਪਤ ਹੈ। ਧਰਮ ਅਤੇ ਪਰਮਾਤਮਾ ਸੰਬੰਧੀ ਚੇਤਨਾ ਅਤੇ ਇਸ ਨੂੰ ਮਨੁੱਖੀ ਜੀਵਨ ਦੇ ਅਮਲ ਵਿੱਚ ਲਿਆਉਣਾ ਹੈ। ਇਹ ਧਰਮ ਸ਼ਾਸਤਰ ਦੇ ਦੋ ਪ੍ਰਮੁੱਖ ਤੱਤ ਹਨ। ਇੱਕ ਹੋਰ ਵਿਦਵਾਨ ਜਾਰਡਨ ਡੀ. ਕਾਫ਼ਮੈਨ ਲਿਖਦੇ ਹਨ

> ਧਰਮ ਸ਼ਾਸਤਰ ਇੱਕ ਪਾਸੇ ਅਧਿਐਨ ਅਤੇ ਦੂਜੇ ਪਾਸੇ ਧਾਰਮਿਕ ਸ਼ਬਦਾਵਲੀ ਦੀ ਖ਼ੂਬਸੂਰਤੀ ਦਾ ਅਮਲ ਵਿੱਚ ਆ ਸਕਣ ਵਾਲਾ ਵਿਖਿਆਨ ਹੈ। ਇਸੇ ਲਈ ਧਰਮ ਸ਼ਾਸਤਰ ਨੂੰ ਪਰਮਾਤਮਾਸੰਬੰਧੀ ਭਾਸ਼ਨ ਵੀ ਆਖਿਆ ਜਾ ਸਕਦਾ ਹੈ।[14]

ਧਰਮ ਸ਼ਾਸਤਰ ਮੂਲ ਰੂਪ ਵਿੱਚ ਇੱਕ ਧਾਰਮਿਕ ਵਿਸ਼ਾ ਹੈ ਜੋ ਕਿ ਕਿਸੇ ਵੀ ਧਰਮ ਦੇ ਹੱਦਾਂ ਬੰਨਿਆਂ ਜਾਂ ਸੀਮਾ ਵਿੱਚ ਰਹਿ ਕੇ ਉਸ ਧਰਮ ਦੀ ਖੋਲ੍ਹ ਕੇ ਵਿਆਖਿਆ ਕਰਦਾ ਹੈ। ਇਹ ਇੱਕ ਵਿਗਿਆਨਿਕ ਯਤਨ ਵੀ ਹੈ ਜੋ ਸੰਬੰਧਿਤ ਧਰਮ ਦੀਆਂ ਸੱਚਾਈਆਂ ਦਾ ਵਿਗਿਆਨਿਕ ਵਿਧੀ ਜਾਂ ਢੰਗ ਅਨੁਸਾਰ ਵਿਸ਼ਲੇਸ਼ਣ ਜਾਂ ਮੁਲਾਂਕਣ ਕਰਦਾ ਹੈ।

ਧਰਮ ਸ਼ਾਸਤਰ ਧਰਮ ਦੇ ਸਿਧਾਤਾਂ ਭਾਵ ਇਲਹਾਮ (Revelation) ਦੀ ਰੋਸ਼ਨੀ ਵਿੱਚ ਧਰਮ ਦੇ ਨਿਯਮਾਂ, ਪ੍ਰਣਾਲੀਆਂ ਨੂੰ ਨਿਰਧਾਰਤ ਕਰਨ ਦਾ ਆਧਾਰ ਬਣਦਾ ਹੈ। ਧਰਮ ਸ਼ਾਸਤਰ ਦਾ ਦੋਹਰਾ ਕਾਰਜ ਪ੍ਰਵਾਨ ਕੀਤਾ ਜਾਂਦਾ ਹੈ। ਇਕ ਕਾਰਜ ਵਿੱਚ ਉਸਨੇ ਸਾਰੀ ਮਨੁੱਖਤਾ ਦੀ ਹੋਂਦ ਨੂੰ ਪਰਮਾਤਮਾ ਦੇ ਪ੍ਰਕਾਸ਼ ਦੀ ਰੋਸ਼ਨੀ ਵਿੱਚ ਵੇਖਣਾ ਹੁੰਦਾ ਹੈ। ਇਸ ਵਿੱਚ ਆਤਮਾ (Self) ਸਮਾਜ ਅਤੇ ਸੰਸਾਰ ਦੇ ਬਾਰੇ ਆਧੁਨਿਕ ਰਾਵਾਂ ਦਾ ਅਧਿਐਨ ਸ਼ਾਮਲ ਹੁੰਦਾ ਹੈ। ਦੂਜੇ ਕਾਰਜ ਵਿੱਚ ਧਰਮ

ਸ਼ਾਸਤਰ ਪਰਮਾਤਮਾ ਵੱਲੋਂ ਅਵਤ੍ਰਿਤ ਹੋਈ ਬਾਣੀ ਦੀ ਰੋਸ਼ਨੀ ਵਿੱਚ ਜ਼ਿੰਦਗੀ ਬਸਰ ਕਰਨ ਦੀ ਕੋਸ਼ਿਸ਼ ਕਰਦਾ ਹੈ।

ਧਰਮ ਸ਼ਾਸਤਰ ਨਾਲ ਸੰਬੰਧਿਤ ਇਹ ਦੋ ਕਾਰਜ ਬੁਨਿਆਦੀ ਨਿਯਮਾਂ ਨੂੰ ਸਾਹਮਣੇ ਲਿਆਉਂਦੇ ਹਨ ਜਿਨ੍ਹਾਂ ਦੇ ਸਹਾਰੇ ਨਾਲ ਧਰਮ ਸ਼ਾਸਤਰ ਨੂੰ ਸਿਰਜਣ ਲਈ ਮਦਦ ਪ੍ਰਾਪਤ ਹੋ ਜਾਂਦੀ ਹੈ। ਪਹਿਲੇ ਇਤਿਹਾਸਿਕ ਨਿਯਮ (Historical Norms) ਨੂੰ ਅਸੀਂ ਪਰਮਾਤਮਾ ਦਾ ਫ਼ੈਸਲਾ ਕੁੰਨ ਕਾਰਜ (Gods decisive Act) ਕਹਿ ਸਕਦੇ ਹਾਂ ਜਿਸ ਤਰ੍ਹਾਂ ਕਿ ਈਸਾ ਮਸੀਹ ਦਾ ਜਨਮ, ਹਜ਼ਰਤ ਮੁਹੰਮਦ ਦਾ ਪੈਗੰਬਰੀ ਰੂਪ, ਸ੍ਰੀ ਗੁਰੂ ਨਾਨਕ ਦੇਵ ਜੀ ਦਾ 'ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਓ' ਆਦਿ। ਇਸ ਤੋਂ ਬਿਨ੍ਹਾਂ ਧਰਮ ਸ਼ਾਸਤਰ ਦੀਆਂ ਹੋਰ ਵੀ ਪ੍ਰਾਪਤੀਆਂ ਹੁੰਦੀਆਂ ਹਨ। ਇਸੇ ਰੋਸ਼ਨੀ ਵਿੱਚ ਸਾਨੂੰ ਧਾਰਮਿਕ ਗ੍ਰੰਥਾਂ ਤੇ ਧਾਰਮਿਕ ਕਦਰਾਂ ਕੀਮਤਾਂ ਤੇ ਪਰੰਪਰਾਵਾਂ ਨੂੰ ਅਰਥ ਦੇਣ ਦੇ ਯੋਗ ਬਣਾਉਣ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ। ਜਿਸ ਤਰ੍ਹਾਂ ਈਸਾਈ ਧਰਮ ਵਿੱਚ ਸੇਂਟ ਪੀਟਰ, ਸੇਂਟ ਪਾਲ ਥਾਮਸ, ਅਗਸਟਾਈਨ, ਮਾਰਟਨ ਲੂਥਰ, ਕੈਲਵਿਨ ਆਦਿ ਅਤੇ ਸਿੱਖ ਧਰਮ ਵਿੱਚ ਭਾਈ ਗੁਰਦਾਸ, ਭਾਈ ਮਨੀ ਸਿੰਘ, ਭਾਈ ਸੰਤੋਖ ਸਿੰਘ, ਭਾਈ ਵੀਰ ਸਿੰਘ, ਪ੍ਰੋ. ਤੇਜਾ ਸਿੰਘ, ਪ੍ਰਿੰਸੀਪਲ ਜੋਧ ਸਿੰਘ, ਪ੍ਰੋ. ਪੂਰਨ ਸਿੰਘ ਅਤੇ ਪ੍ਰੋ. ਸਾਹਿਬ ਸਿੰਘ ਆਦਿ ਨੇ ਆਪਣੇ ਧਰਮ ਦੇ ਧਰਮ ਸ਼ਾਸਤਰ ਦੀ ਨਿਸ਼ਾਨਦੇਹੀ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਨਿਸ਼ਾਨ ਦੇਹੀ ਰਾਹੀਂ ਧਰਮ ਦੇ ਵਿਭਿੰਨ ਪੱਖ ਉਭਰਕੇ ਸਾਹਮਣੇ ਆਉਂਦੇ ਹਨ।

ਵੈਦਿਕ ਪਰੰਪਰਾ ਵਿੱਚ ਇਸ ਵਿਸ਼ੇ ਨੂੰ ਮੀਮਾਂਸਾ ਕਰਕੇ ਜਾਣਿਆ ਜਾਂਦਾ ਸੀ। ਐਮ.ਮੋਨੀਅਰ ਵਿਲੀਅਮ ਲਿਖਦੇ ਹਨ ਧਰਮ ਸ਼ਾਸਤਰ ਗੰਭੀਰ ਵਿਚਾਰ ਜਾਂ ਚਿੰਤਨ ਜਾਂ ਖ਼ਿਆਲ ਦੀ ਖੋਜ ਪਰਖ ਹੈ ਅਤੇ ਵੈਦਿਕ ਗ੍ਰੰਥਾਂ ਦੇ ਨਿਰੀਖਣ ਦਾ ਸਿਧਾਂਤ ਹੈ। ਇਸ ਤਰ੍ਹਾਂ ਇਹ ਵੈਦਿਕ ਧਰਮ ਵਿੱਚ ਤਰਕ ਦੀ ਵਰਤੋਂ ਰਾਹੀਂ ਵੈਦਿਕ ਗ੍ਰੰਥਾਂ ਦੇ ਚਿੰਤਨ ਆਧਾਰਿਤ ਵਿਆਖਿਆ ਦੀ ਵਿਧੀ ਜਾਂ ਤਰੀਕਾ ਹੈ। ਇਸ ਨੂੰ 'ਬ੍ਰਹਮ ਵਿਦਿਆ' ਵੀ ਕਿਹਾ ਜਾਂਦਾ ਹੈ ਜੋ ਕਿ ਕਾਫ਼ੀ ਹੱਦ ਤੱਕ Theos + Logos = Theology ਦੇ ਅਰਥਾਂ ਤੇ ਉਦੇਸ਼ਾਂ ਦੇ ਨੇੜੇ ਢੁਕਦਾ ਹੈ। ਇਸ ਸੰਖੇਪ ਜਿਹੇ ਵਿਚਾਰ ਤੋਂ ਸਿੱਟੇ ਤੇ ਸਹਿਜੇ ਪਹੁੰਚਿਆ ਜਾ ਸਕਦਾ ਹੈ।

ਧਰਮ ਸ਼ਾਸਤਰ ਨੂੰ ਧਰਮ ਵਿਸ਼ਵਾਸਾਂ ਜਾਂ ਅਨੁਭਵਾਂ ਦੀ ਤਾਰਕਿਕ ਵਿਆਖਿਆ ਨਾਲ ਸੰਬੰਧਿਤ ਮੰਨਿਆ ਜਾਂਦਾ ਹੈ। ਇਹ ਪਰਮ ਸੱਤਾ ਅਤੇ ਉਸਦੇ ਸੰਸਾਰਿਕ ਜੀਵਾਂ ਨਾਲ ਸੰਬੰਧਾਂ ਦੀ ਯਥਾਰਥਿਕ ਵਿਆਖਿਆ ਕਰਦਾ ਹੈ। ਇਹ ਯਥਾਰਥ ਨੂੰ ਪਰਮਾਰਥ ਦੇ ਦ੍ਰਿਸ਼ਟੀਕੋਣ ਤੋਂ ਸਮਝਣ ਦਾ ਢੰਗ ਸਿਖਾਉਂਦਾ ਹੈ। ਇਹ ਧਾਰਮਿਕ ਵਰਤਾਰਿਆਂ ਅਤੇ ਵਿਵਹਾਰ ਨੂੰ ਪਰਾਭੌਤਿਕ ਭਾਵ

ਪਰਾਲੌਕਿਕ (Mataphysics) ਦੇ ਸੰਦਰਭਾਂ ਵਿੱਚ ਮਨੁੱਖੀ ਹੋਂਦ ਦੇ ਜੀਵੰਤ ਮਸਲਿਆਂ ਨੂੰ ਲੈਂਦਾ ਹੈ।

ਕਿਸੇ ਵੀ ਧਰਮ ਨੂੰ ਨਿਰੋਲ ਦਾਰਸ਼ਨਿਕ ਦ੍ਰਿਸ਼ਟੀ ਤੋਂ ਅਧਿਐਨ ਕਰਨ ਵਾਲਾ ਇਹ ਜਾਣਨ, ਸਮਝਣ ਦਾ ਯਤਨ ਕਰਦਾ ਹੈ ਕਿ ਮਾਨਵ ਜੀਵਨ ਦੇ ਅੰਤਿਮ ਉਦੇਸ਼ ਦਾ ਕੀ ਭਾਵ ਹੈ? ਦਾਰਸ਼ਨਿਕ ਦੀ ਸੇਧ ਬੌਧਿਕ, ਦਲੀਲਕਾਰੀ ਅਤੇ ਸਿਧਾਂਤਕ ਹੈ ਜਦੋਂ ਕਿ

> ਧਰਮ ਸ਼ਾਸਤਰ ਧਰਮ ਨੂੰ ਬੌਧਿਕ ਅਰਥ ਦੇਣ ਵੱਲ ਰੁਚਿਤ ਹੋਣ ਕਰਕੇ ਸਿਧਾਂਤਕ ਸੇਧਕਾਰੀ ਵੱਲ ਤਾਂ ਤੁਰਦਾ ਹੈ, ਪਰ ਇਹ ਵਿਵਹਾਰਕ, ਵਾਸਤਵਿਕ ਤੇ ਸ਼ਰਧਾਲੂ ਭਾਵ ਸ਼ਰਧਾਮਈ ਹੈ। ਦੋ ਸ਼ਬਦਾਂ ਵਿੱਚ ਧਰਮ ਦਰਸ਼ਨ ਵਿੱਚ ਧਰਮ ਦੇ ਅਸਲੇ ਦੀ ਥਾਂ ਧਰਮ ਦੇ ਮਸਲੇ ਨੂੰ ਲਿਆ ਜਾਂਦਾ ਹੈ। ਇਹ ਬੁੱਧੀ, ਦਲੀਲ, ਤਰਕ ਆਸਰੇ ਨਿਰਪੱਖ ਤੇ ਵਸਤੂ-ਪੂਰਕ ਅਧਿਐਨ ਕਰਦਾ ਹੈ।[15]

ਆਪਣੇ ਸਰੂਪ ਕਾਰਨ ਇਹ ਵਿਸ਼ਾ ਧਰਮ ਤੇ ਦਰਸ਼ਨ, ਵਿਸ਼ਵਾਸ ਤੇ ਤਰਕ ਵਿੱਚ ਮੇਲ ਸਥਾਪਿਤ ਕਰਦਾ ਹੈ। ਇਸ ਤਰ੍ਹਾਂ ਇੱਕ ਥਿਆਲੋਜੀਕਲ ਪ੍ਰਬੰਧ ਦਾ ਮੰਤਵ ਜਾਂ ਮਨੋਰਥ ਦੋ ਬੁਨਿਆਦੀ ਲੋੜਾਂ ਪੂਰੀਆਂ ਕਰਨੀਆਂ ਹੈ। ਈਸਾਈ ਸੰਦੇਸ਼ ਦੀ ਸੱਚਾਈ ਦਾ ਬਿਆਨ ਅਤੇ ਇਸ ਸੱਚਾਈ ਦੀ ਹਰੇਕ ਨਵੀਂ ਪੀੜ੍ਹੀ ਲਈ ਵਿਆਖਿਆ ਕਰਦਾ ਹੈ। ਉਪਰੋਕਤ ਅਧਿਐਨ ਰਾਹੀਂ ਧਰਮ ਦੇ ਵਿਭਿੰਨ ਪੱਖ ਸਾਹਮਣੇ ਆ ਜਾਂਦੇ ਹਨ।

**ਹਿੰਦੂ ਧਰਮ ਪਰਿਪੇਖ :** ਹਿੰਦੂ ਧਰਮ ਸਭ ਤੋਂ ਵੱਧ ਪੁਰਾਤਨ ਧਰਮਾਂ ਵਿੱਚੋਂ ਮੰਨਿਆ ਗਿਆ ਹੈ। ਇਸ ਧਰਮ ਦਾ ਅਰੰਭ ਵੇਦਾਂ ਤੋਂ ਪਰਵਾਨ ਕੀਤਾ ਗਿਆ ਹੈ। ਵੱਡੇ ਧਰਮਾਂ ਦਾ ਉਦੇ ਇੱਕ ਵਿਸ਼ੇਸ਼ ਦੈਵੀ ਪ੍ਰਕਾਸ਼ (Revelation) ਨਾਲ ਹੋਇਆ ਪਰਵਾਨ ਹੋ ਚੁੱਕਾ ਹੈ।

> ਦੂਜੇ ਸ਼ਬਦਾਂ ਵਿੱਚ ਇਤਿਹਾਸ ਵਿੱਚ ਦੈਵੀ ਪ੍ਰਕਾਸ਼ ਦਾ ਇੱਕ ਅਰੰਭ-ਬਿੰਦੂ ਪ੍ਰਵਾਨਿਆ ਗਿਆ ਹੈ। ਆਮ ਤੌਰ ਤੇ ਧਰਮਾਂ ਦੀ ਸਪਸ਼ਟ ਹੋਂਦ ਦੇ ਪ੍ਰਕਾਸ਼ਨ ਦਾ ਪੈਗ਼ੰਬਰੀ ਨਾਲ ਸੰਬੰਧ ਜ਼ਰੂਰ ਹੁੰਦਾ ਹੈ। ਬੁੱਧ, ਮੂਸਾ, ਈਸਾ ਅਤੇ ਮੁਹੰਮਦ ਦੇ ਧਰਮਾਂ ਦਾ ਮੁਢਲਾ ਸੋਮਾ ਜੋ ਕਿ ਇਤਿਹਾਸਿਕ ਪ੍ਰਸਥਿਤੀਆਂ ਵਿਚ ਕਾਇਮ ਹੋਇਆ। ਇੱਕ ਵਿਸ਼ੇਸ਼ ਦੈਵੀ ਪ੍ਰਕਾਸ਼ ਨਾਲ ਸੰਬੰਧਿਤ ਹੈ।[16]

ਹਿੰਦੂ ਸ਼ਬਦ ਇੱਕ ਬੜਾ ਖੁੱਲ੍ਹਾ ਪਦ ਹੈ।

> ਹਿੰਦੂਆਂ ਨੇ ਕਈ ਮਤ-ਮਤਾਂਤਰਾਂ ਦੇ ਮਿਸ਼ਰਣ ਨੂੰ ਅਪਣਾਇਆ ਹੋਇਆ ਹੈ। ਇੱਕ ਸਮਾਜਿਕ ਢਾਂਚੇ ਵਿੱਚ ਇਹ ਕਈ ਧਰਮਾਂ ਦਾ ਸੁਮੇਲ ਕਿਹਾ ਜਾ ਸਕਦਾ ਹੈ।[17]

ਕਈ ਹਿੰਦੂ ਚਿੰਤਕ ਤੇ ਵਿਦਵਾਨ ਇਸ ਨਾਲ ਸਹਿਮਤ ਨਹੀਂ ਹਨ। ਪ੍ਰਸਿੱਧ ਹਿੰਦੂ ਅਚਾਰੀਆ ਡਾ. ਰਾਧਾ ਕ੍ਰਿਸ਼ਨਨ ਲਿਖਦੇ ਹਨ

> ਕਈਆਂ ਨੂੰ ਤਾਂ ਇਹ ਬਿਨਾਂ ਕਿਸੇ ਵਿਸ਼ਾ-ਵਸਤੂ ਦੇ ਇੱਕ ਨਾਂ ਜਾਪਦਾ ਹੈ। ਇਸ ਦਾ ਵਿਸ਼ਾ-ਵਸਤੂ ਜੇ ਕੋਈ ਹੈ ਤਾਂ ਉਹ ਸਮੇਂ-ਸਮੇਂ ਅਤੇ ਇੱਕ ਭਾਈਚਾਰੇ ਵਿੱਚ ਬਦਲਦਾ ਰਿਹਾ ਹੈ। ਵੈਦਿਕ ਕਾਲ ਵਿੱਚ ਇਸ ਦਾ ਅਰਥ ਹੋਰ ਸੀ, ਬ੍ਰਾਹਮਣੀ ਕਾਲ ਵਿੱਚ ਹੋਰ ਅਤੇ ਬੋਧੀ ਕਾਲ ਵਿੱਚ ਇਸ ਦਾ ਇਨ੍ਹਾਂ ਤੋਂ ਵੱਖਰਾ ਅਰਥ ਸੀ। ਇਸ ਦਾ ਮਤਲਬ ਸ਼ੈਵ ਲੋਕਾਂ ਲਈ ਹੋਰ, ਵੈਸ਼ਨਵਾਂ ਲਈ ਹੋਰ ਅਤੇ ਸਾਕਤ ਲੋਕਾਂ ਲਈ ਹੋਰ ਹੈ।[18]

ਸਰ ਐਲਫਰੈਡ ਲਾਇਲ ਕਹਿੰਦੇ ਹਨ ਕਿ,

> ਆਮ ਪ੍ਰਚਲਿਤ ਤੇ ਨੀਵੇਂ ਹਾਲਤ ਵਿੱਚ ਹਿੰਦੂ ਧਰਮ ਦਾ ਅਸੀਂ ਅਜਿਹੇ ਸਮੁੰਦਰ ਨਾਲ ਟਾਕਰਾ ਕਰ ਸਕਦੇ ਹਾਂ ਜਿਸਦਾ ਨਾ ਤਾਂ ਕੋਈ ਕਿਨਾਰਾ ਹੈ ਤੇ ਨਾ ਹੀ ਕੋਈ ਸਿਰਾ ਹੈ, ਜਿਸ ਦਾ ਪਾਣੀ ਅਕਹਿ ਤੇ ਅਣਗਿਣਤ ਜ਼ੋਰ ਵਾਲੀਆਂ ਹਨ੍ਹੇਰੀਆਂ ਵਿੱਚ ਉੱਪਰ ਥੱਲੇ ਤੇ ਥਾਂ ਕੁਥਾਂ ਹੋ ਰਿਹਾ ਹੈ।[19]

ਹਿੰਦੂ ਧਰਮ ਦੁਆਰਾ ਇੱਕ ਵਿਸ਼ੇਸ਼ ਕਿਸਮ ਦੀ ਜੀਵ-ਜਾਚ ਦਾ ਪ੍ਰਗਟਾਵਾ ਜ਼ਰੂਰ ਹੁੰਦਾ ਹੈ। ਜਿਸ ਦਾ ਆਧਾਰ ਵੇਦ, ਉਪਨਿਸ਼ਦਾਂ, ਸ਼ਾਸਤਰ, ਮਨੂੰ ਸਿਮਰਤੀਆਂ, ਪੁਰਾਣ ਆਦਿ ਕਹੇ ਜਾ ਸਕਦੇ ਹਨ। ਪਿਛਲੇ ਸਮੇਂ ਵਿੱਚ ਹਿੰਦੂ ਧਰਮ ਸ਼ਾਸਤਰ ਦੀ ਸਥਾਪਨਾ ਦੇ ਯਤਨ ਹੋਏ ਹਨ। ਧਰਮ ਗ੍ਰੰਥ ਦੇ ਤੌਰ ਤੇ ਵੇਦਾਂ ਨੂੰ ਹਿੰਦੂ ਧਰਮ ਦਾ ਮੂਲ ਆਧਾਰ ਕਿਹਾ ਗਿਆ ਹੈ। ਭਾਰਤ ਦੇ ਧਾਰਮਿਕ ਚਿੰਤਨ ਵਿੱਚ ਅਨੇਕ ਪਰਿਵਰਤਨ ਹੋਏ ਹਨ, ਪਰ ਹਿੰਦੂਆਂ ਨੂੰ ਵੈਦਿਕ ਸਾਹਿਤ ਵਿੱਚ ਐਸੀ ਸ਼ਰਧਾ ਅਤੇ ਵਿਸ਼ਵਾਸ ਹੈ ਕਿ ਵੇਦ ਸਾਰੇ ਕਾਲਾਂ ਵਿੱਚ ਜੀਵਤ ਰਹੇ ਹਨ ਅਤੇ ਸਰਵ ਉੱਤਮ ਪਰਵਾਨੇ ਜਾਂਦੇ ਰਹੇ ਹਨ ਕਿ

> ਵੇਦ ਚਾਰ ਹਨ ਅਤੇ ਉਹ ਮਹਾਨ ਰਿਸ਼ੀਆਂ ਦੁਆਰਾ ਦਰਸਾਈਆਂ ਸੱਚਾਈਆਂ ਨਾਲ ਭਰਪੂਰ ਹਨ, 'ਵੇਦ' ਇਸ ਦਾ ਕੇਂਦਰੀ ਧੁਰਾ ਸੀ, ਜੋ ਇਹ ਮਾਰਗ ਦਰਸ਼ਨ ਕਰਦੇ ਹਨ ਕਿ ਮਿਥਿਆ ਤੋਂ ਮੈਨੂੰ ਸੱਚ ਵੱਲ ਲੈ ਚੱਲੋ, ਹਨ੍ਹੇਰੇ ਤੋਂ ਮੈਨੂੰ ਰੋਸ਼ਨੀ ਵੱਲ ਲੈ ਚੱਲੋ, ਮੌਤ ਤੋਂ ਮੈਨੂੰ ਸਦੀਵੀਂ ਜੀਵਨ ਵਲ ਲੈ ਚੱਲੋ।[20]

'ਵੇਦ' ਸੰਸਕ੍ਰਿਤ ਭਾਸ਼ਾ ਦੇ ਇੱਕ ਧਾਤੂ 'ਵਿਦ' ਤੋਂ ਨਿਕਲਿਆ ਹੈ,

ਵੇਦ ਦਾ ਅਰਥ ਜਾਣਨਾ ਹੈ। ਇਸ ਲਈ ਵੇਦ ਦਾ ਅਰਥ ਗਿਆਨ ਹੈ।[21]

ਵੇਦ ਹਿੰਦੂ ਧਰਮ ਦੇ ਸੂਚਕ ਹਨ। ਇਨ੍ਹਾਂ ਵਿੱਚ ਪ੍ਰਮੁੱਖ ਤੌਰ ਤੇ ਪ੍ਰਕਿਰਤਿਕ ਪੂਜਾ ਦਾ ਵਰਨਨ ਹੈ। ਇਨ੍ਹਾਂ ਚਾਰ ਪਵਿੱਤਰ ਗ੍ਰੰਥਾਂ ਵਿਚੋਂ ਸਭ ਤੋਂ ਪੁਰਾਣਾ ਰਿਗਵੇਦ ਹੈ।

> ਇਸ ਵਿੱਚ 1028 ਭਜਨ ਹਨ, ਜਿਹੜੇ ਦਸ (10) ਮੰਡਲਾਂ ਜਾਂ ਪੁਸਤਕਾਂ ਵਿੱਚ ਵੰਡੇ ਹੋਏ ਹਨ। ਯਜੁਰਵੇਦ ਬਲੀ ਤੇ ਯੱਗਾਂ ਸੰਬੰਧੀ ਰੀਤਾਂ ਤੇ ਮੰਤਰਾਂ ਦਾ ਸੰਗ੍ਰਹਿ ਹੈ। ਸਾਮਵੇਦ ਰਿਗਵੇਦ ਵਿੱਚੋਂ ਚੁਣੇ ਅਜਿਹੇ ਭਜਨਾਂ ਦਾ ਸਮੂਹ ਹੈ ਜਿਹੜੇ ਗਾਉਣ ਦੇ ਮਨੋਰਥ ਨਾਲ ਰਾਗ ਦੀਆਂ ਧੁਨੀਆਂ ਅਨੁਸਾਰ ਇਕੱਠੇ ਕੀਤੇ ਗਏ ਹਨ। ਅਥਰਵਵੇਦ ਸਭ ਤੋਂ ਆਖਰੀ ਹੈ। ਇਸ ਵਿੱਚ ਵਧੇਰੇ ਕਰਕੇ ਜਾਦੂ ਟੂਣੇ ਦੀਆਂ ਗੱਲਾਂ ਹਨ।[22]

ਵੇਦ ਉਹ ਗਿਆਨ ਹੈ ਜਿਹੜਾ ਰਿਸ਼ੀਆਂ ਮੁਨੀਆਂ ਨੂੰ ਨਾਜ਼ਲ ਹੋਇਆ। ਵੇਦਾਂ ਨੂੰ ਸ਼ਰੁਤੀ ਵੀ ਕਿਹਾ ਜਾਂਦਾ ਹੈ ਭਾਵ ਇਹ ਉਹ ਸ਼ਬਦ ਹੈ ਜਿਹੜਾ ਰਿਸ਼ੀਆਂ ਮੁਨੀਆਂ ਨੇ ਅਨੁਭਵ ਕੀਤਾ। ਸ਼ਰੁਤੀ ਕਹਿੰਦੀ ਹੈ,

> ਰਿਗਵੇਦ, ਯਜੁਰਵੇਦ, ਅਥਰਵਵੇਦ ਅਤੇ ਸਾਮਵੇਦ ਈਸ਼ਵਰ ਦੇ ਸਵਾਸ ਹਨ।[23]

ਵੇਦਾਂ ਤੋਂ ਪਿੱਛੋਂ ਉਪਨਿਸ਼ਦਾਂ ਦਾ ਯੁੱਗ ਸ਼ੁਰੂ ਹੁੰਦਾ ਹੈ। ਉਪਨਿਸ਼ਦਾਂ ਵਿੱਚ ਆਤਮ-ਵਿੱਦਿਆ ਜਾਂ ਬ੍ਰਹਮ ਵਿੱਦਿਆ ਦੇ ਯਥਾਰਥ ਰੂਪ ਦੀ ਵਿਆਖਿਆ ਪ੍ਰਾਪਤ ਹੁੰਦੀ ਹੈ। ਉਪਨਿਸ਼ਦਾਂ ਵਿੱਚ ਉਸ ਪਰਮ-ਸੱਚ ਲਈ ਬ੍ਰਹਮ ਦੀ ਸੰਗਿਆ ਵਰਤੀ ਗਈ ਹੈ। ਬ੍ਰਹਮ ਬਾਰੇ ਉਪਨਿਸ਼ਦਾਂ ਵਿੱਚ ਬਹੁਤ ਵਿਸਥਾਰ ਸਹਿਤ ਵਿਚਾਰ ਵਟਾਂਦਰਾ ਕੀਤਾ ਗਿਆ ਹੈ। ਉਪਨਿਸ਼ਦਾਂ ਵਿੱਚ ਬ੍ਰਹਮ ਨੂੰ ਹੀ ਅਨੰਦ ਸਰੂਪ ਪਰਵਾਨਿਆ ਗਿਆ ਹੈ। ਅਨੰਦ ਹੀ ਬ੍ਰਹਮ ਹੈ ਕਿਉਂਕਿ ਅਨੰਦ ਤੋਂ ਹੀ ਸਾਰੇ ਪੈਦਾ ਹੁੰਦੇ ਹਨ। ਅਨੰਦ ਵਿੱਚ ਹੀ ਰਹਿੰਦੇ ਹਨ ਅਤੇ ਅਨੰਦ ਵਿੱਚ ਵਾਪਸ ਜਾ ਕੇ ਲੀਨ ਹੋ ਜਾਂਦੇ ਹਨ।

ਹਿੰਦੂ ਧਰਮ ਸ਼ਾਸਤਰ ਵਿਚ ਗੀਤਾ ਦੀ ਵੀ ਅਹਿਮ ਭੂਮਿਕਾ ਮੰਨੀ ਗਈ ਹੈ ਕਿਉਂਕਿ ਅਧਿਆਤਮਿਕ ਦ੍ਰਿਸ਼ਟੀਕੋਣ ਤੋਂ ਕੁਝ ਵਿਦਵਾਨਾਂ ਨੇ ਗੀਤਾ ਨੂੰ ਉਪਨਿਸ਼ਦਾਂ ਦਾ ਨਿਚੋੜ ਕਿਹਾ ਹੈ। ਉਨ੍ਹਾਂ ਅਨੁਸਾਰ,

> ਉਪਨਿਸ਼ਦਾਂ ਗਊਆਂ ਹਨ, ਕ੍ਰਿਸ਼ਨ ਗਵਾਲਾ ਹੈ, ਜਿਸ ਨੇ ਗਊਆਂ ਦਾ ਦੁੱਧ ਚੋ ਕੇ ਅਰਜਨ ਨੂੰ ਪਿਆ ਦਿੱਤਾ। ਗੀਤਾ ਨੂੰ ਇੱਕ ਪ੍ਰਕਾਰ ਨਾਲ ਉਪਨਿਸ਼ਦਾਂ ਦਾ ਟੀਕਾ ਵੀ ਕਿਹਾ ਗਿਆ ਹੈ।[24]

ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਉਪਨਿਸ਼ਦਾਂ ਅਤੇ ਗੀਤਾ ਵਿੱਚ ਬੁਨਿਆਦੀ ਸਿਧਾਂਤਾਂ

ਦੀ ਸਾਂਝ ਹੈ। ਜਦੋਂ ਇਨ੍ਹਾਂ ਬੁਨਿਆਦੀ ਸਿਧਾਤਾਂ ਨੂੰ ਅਮਲ ਵਿੱਚ ਲਿਆਉਣ ਦੀ ਸਮੱਸਿਆ ਪੈਦਾ ਹੁੰਦੀ ਹੈ ਤਾਂ ਦੋਹਾਂ ਵਿੱਚ ਫ਼ਰਕ ਸਾਹਮਣੇ ਆ ਜਾਂਦਾ ਹੈ।

> ਗੀਤਾ ਦਾ ਧਰਮ ਸ਼ਾਸਤਰੀ ਪਰਿਪੇਖ ਕਰਮਸ਼ੀਲ ਅਤੇ ਗਿਆਨ ਵਾਲਾ ਹੈ ਜਦੋਂ ਕਿ ਬਹੁਤ ਸਾਰੇ ਉਪਨਿਸ਼ਦਾਂ ਦਾ ਧਰਮ ਸਿਧਾਂਤ ਗਿਆਨ ਤੱਕ ਹੀ ਸੀਮਤ ਹੈ।[25]

ਭਗਵਤ ਗੀਤਾ ਵਿੱਚ ਜੀਵਨ ਦੇ ਪਰਵਿਰਤੀ ਮਾਰਗ ਨੂੰ ਮਾਨਤਾ ਦਿੱਤੀ ਗਈ ਹੈ।

> ਇਸ ਨਾਲ ਇਹ ਹਿੰਦੂ ਧਰਮ ਸ਼ਾਸਤਰੀ ਪ੍ਰਸੰਗ ਸਾਹਮਣੇ ਆ ਜਾਂਦਾ ਹੈ ਤੇ ਕਰਮ ਕਰਦਿਆਂ ਹੀ ਜੀਵਨ ਸਫਲ ਕੀਤਾ ਜਾ ਸਕਦਾ ਹੈ। ਅਕਿਰਿਆਸ਼ੀਲਤਾ ਮੁਕਤੀ ਨਹੀਂ ਹੈ।[26]

ਦੈਵੀ ਸਿਧਾਂਤ ਜਿਸ ਨੂੰ ਬਹੁਤ ਸਾਰੇ ਹਿੰਦੂ ਗ੍ਰੰਥਾਂ ਤੇ ਅਧਾਰਿਤ ਪਰਵਾਨ ਕੀਤਾ ਹੋਇਆ ਹੈ ਕਿ

> ਵਰਣ ਪ੍ਰਣਾਲੀ ਨੂੰ ਬ੍ਰਹਮਾ ਦੀ ਦੇਣ ਮੰਨਿਆ ਹੈ। ਵਰਣ-ਪ੍ਰਬੰਧ ਦੇ ਮੁੱਢ ਦਾ ਪ੍ਰਥਮ ਹਵਾਲਾ ਰਿਗਵੇਦ ਦੇ 'ਪੁਰਸ਼ ਸੂਕਤ' ਤੋਂ ਮਿਲਦਾ ਹੈ, ਜਿੱਥੇ ਲਿਖਿਆ ਹੈ ਕਿ ਚਾਰ ਸ਼੍ਰੇਣੀਆਂ ਦੀ ਰਚਨਾ ਦੀ 'ਮੂਲ-ਸ਼ਕਤੀ' ਬ੍ਰਹਮਾ ਹੈ।[27]

ਧਰਮ ਸ਼ਾਸਤਰੀ ਦ੍ਰਿਸ਼ਟੀ ਤੋਂ ਜਿਵੇਂ ਪੁਰਾਣਾਂ ਵਿੱਚ ਹਿੰਦੂ ਜਾਤੀ ਦਾ ਇਤਿਹਾਸ ਸੁਰੱਖਿਅਤ ਹੈ ਉਸੇ ਤਰ੍ਹਾਂ ਸਿਮਰਤੀਆਂ ਵਿੱਚ ਹਿੰਦੂ ਸਮਾਜ ਦਾ ਵਿਧਾਨ ਲਿਖਿਆ ਗਿਆ ਹੈ। ਧਰਮ ਕਰਮ ਦੀਆਂ ਰੀਤਾਂ ਰਸਮਾਂ ਪੂਰੇ ਵਿਸਥਾਰ ਨਾਲ ਸਿਮਰਤੀਆਂ ਵਿੱਚ ਦੱਸੀਆਂ ਗਈਆਂ ਹਨ। 'ਸਿਮਰਤੀ' ਤੋਂ ਭਾਵ ਸੰਸਕ੍ਰਿਤ ਸਾਹਿਤ ਅੰਦਰ ਰਿਸ਼ੀਆਂ ਦੇ ਲਿਖੇ ਹੋਏ ਉਹ ਧਰਮ ਗ੍ਰੰਥ ਹਨ, ਜੋ ਉਨ੍ਹਾਂ ਦੇ ਵੇਦ ਵਾਕਾਂ ਨੂੰ ਜਾਂ 'ਪੂਰਵਜਾਂ ਦੇ ਉਪਦੇਸ਼ਾਂ ਨੂੰ ਚੇਤੇ ਕਰਕੇ ਲਿਖੇ ਗਏ ਹਨ। ਇਨ੍ਹਾਂ ਗ੍ਰੰਥਾਂ ਦੀ ਗਿਣਤੀ ਬਹੁਤ ਦੱਸੀ ਜਾਂਦੀ ਹੈ। ਪਰ ਇਨ੍ਹਾਂ ਵਿੱਚ ਮੁੱਖ ਸਿਮਰਤੀਆਂ ਇਕੱਤੀ ਹਨ। ਇਨ੍ਹਾਂ ਵਿੱਚੋਂ ਹਿੰਦੂ ਧਰਮ ਵਿਚ ਪ੍ਰਸਿੱਧਤਾ ਮੰਨੂ ਸਿਮਰਤੀ ਨੂੰ ਪ੍ਰਾਪਤ ਹੈ।

> ਵਰਣ ਅਤੇ ਆਸ਼ਰਮ ਦੀ ਮਰਿਯਾਦਾ ਵਾਲਾ ਹਿੰਦੂ ਧਰਮ ਬਹੁਤ ਕਰਕੇ ਸਿਮਰਤੀਆਂ ਤੇ ਹੀ ਨਿਰਭਰ ਕਰਦਾ ਹੈ। ਹਿੰਦੂ ਧਰਮ ਸ਼ਾਸਤਰ ਨੂੰ ਨਿਰਧਾਰਿਤ ਕਰਨ ਵਿਚ ਸਿਮਰਤੀਆਂ ਦੀ ਮੁੱਖ ਭੂਮਿਕਾ ਪਰਵਾਨ ਕੀਤੀ ਜਾ ਸਕਦੀ ਹੈ।[28]

ਯਜੁਰਵੇਦ ਦੇ ਅਧਿਆਇ 31 ਦੇ 11ਵੇਂ ਮੰਤਰ ਵਿੱਚ ਲਿਖਿਆ ਹੈ ਬ੍ਰਾਹਮਣ ਇਸ (ਪਰਮਾਤਮਾ) ਦੇ ਮੁਖ ਤੋਂ ਹੋਇਆ, ਬਾਂਹ ਤੋਂ ਖੜ੍ਹੀ, ਵੈਸ ਇਸਦੇ ਪੱਟ ਅਤੇ ਸ਼ੂਦਰ ਇਸਦੇ ਪੈਰਾਂ ਤੋਂ ਪੈਦਾ ਹੋਏ। ਅੱਗੇ ਸਿਮਰਤੀਆਂ ਅਨੁਸਾਰ ਇਨ੍ਹਾਂ ਚਾਰਾਂ ਦੇ ਕੰਮਾਂ ਦੀ ਵੰਡ ਕਰਕੇ ਕੰਮ ਦਾ

ਧਰਮ ਸ਼ਾਸਤਰ-ਨਿਰਧਾਰਤ ਕਰ ਦਿੱਤਾ ਹੈ। ਇਨ੍ਹਾਂ ਦੇ ਕੰਮਾਂ ਦੀ ਵਿਆਖਿਆ ਇਸ ਤਰ੍ਹਾਂ ਪ੍ਰਾਪਤ ਹੈ ਕਿ ਬ੍ਰਾਹਮਣ ਦੇ ਛੇ ਕਰਮ ਹਨ : ਵੇਦ ਪੜ੍ਹਨਾ, ਪੜ੍ਹਾਉਣਾ, ਯਗਯ ਕਰਨਾ ਕਰਾਉਣਾ, ਦਾਨ ਦੇਣਾ ਤੇ ਲੈਣਾ। ਖੜ੍ਹੀ ਦੇ ਚਾਰ ਕਰਮ ਹਨ :

> ਵੇਦ ਪੜ੍ਹਨਾ, ਯਗਯ ਕਰਨਾ, ਦਾਨ ਦੇਣਾ, ਪੂਜਾ ਅਤੇ ਰੱਖਿਆ ਕਰਨਾ। ਵੈਸ ਦੇ ਤਿੰਨ ਕਰਮ ਹਨ : ਖੇਤੀ ਕਰਨੀ, ਵਣਿਜ ਕਰਨਾ ਅਤੇ ਪਸ਼ੂਆਂ ਦੀ ਪਾਲਣਾ ਕਰਨੀ। ਸ਼ੂਦਰ ਦਾ ਇੱਕ ਕਰਮ ਹੈ ਕਿ ਇਨ੍ਹਾਂ ਤਿੰਨਾਂ ਵਰਣਾਂ ਦੀ ਸੇਵਾ ਕਰਨੀ।[29]

ਅਲਬੈਰੂਨੀ ਨੇ ਵੀ ਆਪਣੀ ਪੁਸਤਕ ਵਿੱਚ ਲਿਖਿਆ ਹੈ ਕਿ

> ਜੇ ਸ਼ੂਦਰ ਜਾਂ ਵੈਸ ਗਲਤੀ ਨਾਲ ਵੇਦ ਪੜ੍ਹ ਲੈਂਦੇ ਸਨ, ਤਾਂ ਉਨ੍ਹਾਂ ਨੂੰ ਰਾਜੇ ਦੇ ਸਾਹਮਣੇ ਪੇਸ਼ ਕੀਤਾ ਜਾਂਦਾ ਸੀ ਅਤੇ ਉਨ੍ਹਾਂ ਨੂੰ ਦੋਸ਼ੀ ਦਰਸਾ ਕੇ ਉਨ੍ਹਾਂ ਦੀ ਜੀਭ ਕੱਟ ਦਿੱਤੀ ਜਾਂਦੀ ਸੀ।[30]

ਮਨੂੰ ਸਿਮਰਤੀ ਵਿੱਚ ਇੱਕ ਥਾਂ ਦੱਸਿਆ ਗਿਆ ਹੈ ਕਿ ਬਿੱਲੀ, ਡੱਡੂ, ਉੱਲੂ ਅਤੇ ਕਾਂ ਮਾਰਨ ਉਤੇ ਉਹ ਤਪ ਕੀਤੇ ਜਾਣ, ਜਿਹੜੇ ਸ਼ੂਦਰ ਨੂੰ ਕਤਲ ਕਰਨ ਉਤੇ ਕੀਤੇ ਜਾਂਦੇ ਹਨ (ਭਾਵ ਕਿ ਘਿਣਾਉਣੇ ਜਾਨਵਰ, ਪੰਛੀ ਤੇ ਸ਼ੂਦਰ ਮਾਰਨ ਦੇ ਦੋਸ਼ ਵਿੱਚ ਕੋਈ ਫ਼ਰਕ ਨਹੀਂ ਸੀ।) 'ਕੌਟਲਯ ਦੇ ਅਰਥ ਸ਼ਾਸਤਰ' ਵਿੱਚ

> ਹਿੰਦੂ ਧਰਮ ਦਾ ਰੁੱਖਾ, ਪਦਾਰਥਿਕ ਅਤੇ ਖ਼ੁਸ਼ਕ ਸੁਆਰਥੀ ਅਮਲ ਆਪਣੇ ਸਿਖਰ ਰੂਪ ਵਿੱਚ ਪ੍ਰਤਿਬਿੰਬਤ ਹੁੰਦਾ ਹੈ ਅਤੇ ਉਸ ਰਾਹੀਂ ਸ਼ੂਦਰ ਲਈ ਘਿਰਣਾ ਦੀ ਪ੍ਰਚੰਡ ਕਾਂਗ ਨੇ ਆਪਣਾ ਪੂਰਾ ਜ਼ੋਰ ਵਿਖਾਇਆ ਹੈ ਇਸ ਵਿੱਚ ਅੰਕਿਤ ਹੈ ਕਿ ਸ਼ੂਦਰ ਦਾ ਜਿਹੜਾ ਅੰਗ ਬ੍ਰਾਹਮਣ ਉਤੇ ਵਾਰ ਕਰੇ ਉਸ ਨੂੰ ਕੱਟ ਦਿੱਤਾ ਜਾਵੇ।[31]

ਉਪਨਿਸ਼ਦਾਂ ਅਤੇ ਵੇਦਾਂਤਿਕ ਫ਼ਲਸਫ਼ੇ ਵਿੱਚ

> ਕਰਮ ਸਿਧਾਂਤ ਦੀ ਉਤਮਤਾ ਨੂੰ ਅਲੋਪ ਕਰਕੇ ਇਸਦੇ ਮੂਲ ਅਰਥਾਂ ਨੂੰ ਵਿਗਾੜ ਦਿੱਤਾ ਗਿਆ ਹੈ। ਇਕ ਈਸ਼ਵਰਵਾਦ ਦੀ ਥਾਂ ਬਹੁਦੇਵ ਪੂਜਾ ਦਾ ਅਸਰ ਇਹ ਹੋਇਆ ਕਿ ਸਮਾਜ ਜਾਤਾਂ ਪਾਤਾਂ ਵਿੱਚ ਵੰਡ ਕੇ ਟੋਟੇ ਟੋਟੇ ਹੋ ਗਿਆ। ਛੱਤੀ ਸੌ ਦੇਵਤੇ ਅਤੇ ਛੱਤੀ ਸੌ ਹੀ ਜਾਤੀਆਂ ਨਾਲ ਭਾਰਤੀ ਸਮਾਜ ਦੀ ਸਮੁੱਚੀ ਦਸ਼ਾ ਹੀ ਹਾਸੋਹੀਣੀ ਹੋ ਗਈ।[32]

ਹਿੰਦੂਆਂ ਦੀਆਂ ਵਧੀਕੀਆਂ ਦਾ ਹਰ ਕੋਈ ਸ਼ਿਕਾਰ ਹੋਇਆ ਹੈ। ਵਿਦੇਸ਼ੀ ਜੇ ਮਲੇਛ ਕਹਾਏ

ਹਨ ਤਾਂ ਇਸਤਰੀ ਅਤੇ ਸ਼ੂਦਰ ਨੂੰ ਪਸ਼ੂ ਵਾਂਗ ਹੀ ਲਿਆ ਗਿਆ ਹੈ।

ਹਿੰਦੂ ਧਰਮ ਦੀ ਉਤਕ੍ਰਿਸ਼ਟ ਦਾਰਸ਼ਨਿਕਤਾ ਬਾਰੇ ਇੱਕ ਪੜਾਅ ਉੱਤੇ ਹਿੰਦੂ ਧਰਮ ਕੋਲ ਤਾਜ਼ਗੀ ਦਾ ਇੱਕ ਐਸਾ ਸੰਜੀਵ ਹੁਲਾਰਾ ਸੀ ਜਿਹੜਾ ਮਾਨਵਤਾ ਦੇ ਅੰਤਰੀਵ ਸੋਮਿਆਂ ਨੂੰ ਸਦੀਵੀ ਤੌਰ ਉਤੇ ਪ੍ਰਫੁਲਿਤ ਕਰਦਾ ਹੈ ਅਤੇ ਇੱਕ ਅਜਿਹੀ ਅਦ੍ਰਿਸ਼ਟ ਗਤੀ ਮਨੁੱਖ ਦੇ ਨਾਲ ਅਸਲ ਵਿਚ ਜਗਾਉਂਦਾ ਹੈ, ਜਿਹੜੀ ਕਿ

> ਇਤਿਹਾਸ ਦੀਆਂ ਸੁੰਦਰ ਅਨੁਪਾਤ ਵਾਲੀਆਂ ਘਟਨਾਵਾਂ ਨੂੰ ਕਿਆਸਦੀ, ਜਗਾਉਂਦੀ, ਤਰਤੀਬਦੀ ਅਤੇ ਤੋਰਦੀ ਹੈ। ਇਹ ਖ਼ਾਲਸ ਕੁਦਰਤ ਇੱਕ ਤੇਜ਼ ਨਿਗਾਹ ਹੈ, ਜਿਹੜੀ ਕਿ ਮਨੁੱਖ ਦੀ ਕਾਲ ਫ਼ਿਤਰਤ ਵਿੱਚ ਰਮਣੀਕਤਾ ਦੇ ਰੰਗ ਲਗਾਤਾਰ ਜਮ੍ਹਾਂ ਕਰਦੀ ਰਹਿੰਦੀ ਹੈ।[33]

ਉਪਰੋਕਤ ਪ੍ਰਸੰਗ ਤੋਂ ਇਹ ਸਾਬਤ ਹੋ ਜਾਂਦਾ ਹੈ ਕਿ ਹਿੰਦੂ ਧਰਮ ਦਾ ਧਰਮ ਸ਼ਾਸਤਰ ਬੇਹਦ ਪ੍ਰਾਚੀਨ ਹੈ।

**ਜੈਨ ਧਰਮ :** ਵਿਦਵਾਨਾਂ ਦਾ ਵਿਚਾਰ ਹੈ ਕਿ ਜੈਨ ਧਰਮ ਅਤੇ ਬੁੱਧ ਧਰਮ, ਧਰਮਾਂ ਦੇ ਰੂਪ ਵਿੱਚ ਵੈਦਿਕ ਪ੍ਰਣਾਲੀ ਦੇ ਵਿਰੋਧ ਵਿੱਚੋਂ ਉਤਪੰਨ ਹੋਏ। ਵੈਦਿਕ ਕਾਲ ਵਿੱਚ ਯੱਗਾਂ ਨੂੰ ਵੱਧ ਪ੍ਰਧਾਨਤਾ ਮਿਲਦੀ ਸੀ। ਜਿਸ ਵਿੱਚ ਮਨੁੱਖ ਅਤੇ ਮੁਕਤੀ ਦੇ ਵਿਚਕਾਰ ਬ੍ਰਾਹਮਣ ਵਿਚੋਲਾ ਹੋ ਗਿਆ ਜਿਸ ਕਾਰਨ ਆਮ ਲੋਕ ਧਰਮ ਦੀ ਚੇਤਨਾ ਤੋਂ ਮਹਿਰੂਮ ਹੋ ਗਏ ਸਨ। ਨਤੀਜੇ ਵਜੋਂ ਅਧਿਆਤਮਿਕਤਾ ਦੀ ਥਾਂ ਦੇਹ ਨੂੰ ਪਹਿਲ ਮਿਲ ਗਈ। ਇਸ ਕਾਰਨ ਧਾਰਮਿਕ ਸ਼ੋਸ਼ਣ ਦਾ ਬੋਲਬਾਲਾ ਹੋ ਗਿਆ ਸੀ। ਇਹੋ ਜਿਹੀ ਹਾਲਤ ਵਿੱਚ ਬ੍ਰਾਹਮਣੀ ਧਰਮ ਸ਼ਾਸਤਰ ਅਤੇ ਵੈਦਿਕ ਅਧਿਆਤਮਿਕਤਾ ਦੇ ਵਿਰੋਧ ਨੂੰ ਸਥਾਨ ਪ੍ਰਾਪਤ ਹੋ ਗਿਆ ਸੀ। ਇਸ ਅਵਸਥਾ ਵਿਚ ਜੈਨ ਧਰਮ ਤੇ ਬੁੱਧ ਧਰਮ ਸਾਹਮਣੇ ਆਏ। ਧਰਮ ਦੇ ਠੇਕੇਦਾਰਾਂ ਨੇ ਇਨ੍ਹਾਂ ਦੋਹਾਂ ਧਾਰਮਿਕ ਲਹਿਰਾਂ ਨੂੰ ਧਾਰਮਿਕ ਹੋਣ ਤੋਂ ਨਾ ਕਰਦਿਆਂ ਅਧਾਰਮਿਕ ਜਾਂ ਨਾਸਤਿਕ ਘੋਸ਼ਿਤ ਕਰ ਦਿੱਤਾ। ਇਹ ਗੱਲ ਠੀਕ ਹੈ ਇਹ ਦੋਵੇਂ ਮੱਤ ਵੇਦਾਂ ਨੂੰ ਮਾਨਤਾ ਨਹੀਂ ਦਿੰਦੇ। ਇਹ ਸਾਧਾਰਣ ਹਿੰਦੂ ਅਤੇ ਬ੍ਰਾਹਮਣ ਮੱਤ ਦੇ ਅਨੁਕੂਲ ਨਹੀਂ। ਇਸ ਕਰਕੇ ਭਾਰਤੀ ਚਿੰਤਨ ਵਿੱਚ ਇਨ੍ਹਾਂ ਨੂੰ ਨਾਸਤਿਕ ਮੱਤਾਂ ਦੀ ਪਰੰਪਰਾ ਵਿੱਚ ਸ਼ਾਮਲ ਕਰ ਲਿਆ ਗਿਆ ਹੈ ਕਿਉਂਕਿ ਪੁਰਾਤਨ ਸਮੇਂ ਵਿੱਚ ਨਾਸਤਿਕਤਾ ਦੀ ਪਰਿਭਾਸ਼ਾ ਇਹ ਸੀ ਕਿ ਜੋ ਵੇਦ ਦੀ ਨਿੰਦਿਆ ਕਰਦਾ ਹੈ, ਉਹ ਨਾਸਤਿਕ ਹੈ। ਪਰਮਾਤਮਾ ਦੀ ਸੱਤਾ ਨੂੰ ਨਾ ਮੰਨਣ ਵਾਲਿਆਂ ਨੂੰ ਨਾਸਤਿਕ ਕਿਹਾ ਜਾਂਦਾ ਹੈ।

ਜੈਨ ਸ਼ਬਦ ਦੀ ਵਿਉਤਪਤੀ 'ਜਿਨ' ਸ਼ਬਦ ਤੋਂ ਹੋਈ ਹੈ ਜੋ 'ਜਿ' ਧਾਤੂ ਤੋਂ ਬਣਿਆ ਹੈ,

> ਜੈਨ ਦਾ ਅਰਥ ਹੈ ਸਾਧਨਾਂ ਦੇ ਬਲ ਨਾਲ ਵਾਸਨਾਵਾਂ ਅਤੇ ਇੰਦਰੀਆਂ ਨੂੰ ਜਿੱਤਣ ਵਾਲਾ ਸਾਧਕ 'ਜਿਨ' ਹੈ। 'ਜਿਨ' ਦਾ ਇੱਕ ਨਾਮਾਂਤਰ 'ਤੀਰਥੰਕਰ' ਵੀ ਹੈ, ਜਿਸ ਦਾ ਅਰਥ ਹੈ ਪਥਪ੍ਰਦਰਸ਼ਕ। ਜੋ ਸਾਧਕ ਮਨੁੱਖੀ ਸਮਾਜ ਨੂੰ ਨਵੇਂ ਮਾਰਗ ਉਤੇ ਤੋਰਦਾ ਹੈ, ਉਹ ਤੀਰਥਾਂਕਰ ਅਖਵਾਉਂਦਾ ਹੈ।[34]

ਜੈਨ ਧਰਮ ਦੇ 24 ਤੀਰਥਾਂਕਰ ਹੋਏ ਹਨ। ਜੈਨ ਧਰਮ ਦੇ ਪਹਿਲੇ ਤੀਰਥਾਂਕਰ ਰਿਸ਼ਭ ਦੇਵ ਅਤੇ 24ਵੇਂ ਤੇ ਅੰਤਿਮ ਤੀਰਥਾਂਕਰ ਮਹਾਂਵੀਰ ਸੁਆਮੀ ਸਨ। ਜੈਨ ਧਰਮ ਵੀ ਦੋ ਸੰਪਰਦਾਵਾਂ ਵਿੱਚ ਵੰਡਿਆ ਗਿਆ-'ਦਿਗੰਬਰ ਜੋ ਨੰਗੇ ਰਹਿੰਦੇ ਸਨ। ਸ੍ਵੇਤਾਂਬਰ ਜੋ ਚਿੱਟੇ ਜਾਂ ਸਫੈਦ ਬਸਤਰ ਪਾਉਂਦੇ ਸਨ। ਇਨ੍ਹਾਂ ਦੋਹਾਂ ਫਿਰਕਿਆਂ ਵਿੱਚ ਸਿਧਾਂਤਕ ਪੱਖ ਤੋਂ ਕੋਈ ਬਹੁਤਾ ਵਖਰੇਵਾਂ ਨਹੀਂ ਸੀ। ਕੇਵਲ ਸਮੇਂ ਦੀ ਲੋੜ ਨੂੰ ਮੁੱਖ ਰੱਖਦਿਆਂ ਸ੍ਵੇਤਾਂਬਰਾਂ ਨੇ ਚਿੱਟੇ ਬਸਤਰ ਪਹਿਨਣੇ ਸ਼ੁਰੂ ਕਰ ਦਿੱਤੇ ਅਤੇ ਦੂਸਰਿਆਂ ਨੇ ਨੰਗੇ ਰਹਿਣ ਨੂੰ ਹੀ ਆਪਣੇ ਧਰਮ ਸ਼ਾਸਤਰ ਦਾ ਅੰਗ ਪਰਵਾਨ ਕਰ ਲਿਆ ਸੀ। ਜੈਨ ਮੱਤ ਨੇ ਪ੍ਰਤੱਖ ਤੌਰ ਤੇ ਈਸ਼ਵਰਵਾਦ ਦੀ ਨਿਖੇਧੀ ਕੀਤੀ ਹੈ। ਇਹ ਮੱਤ ਅਹਿੰਸਾ ਦੇ ਸਿਧਾਂਤਾਂ ਤੇ ਬਹੁਤ ਜ਼ੋਰ ਦਿੰਦਾ ਹੈ। ਸਾਰੇ ਸੰਸਾਰ ਦੇ ਦੁੱਖਾਂ ਦਾ ਕਾਰਨ ਭੋਗਾਂ ਦੀ ਇੱਛਾ ਹੈ। ਇਹ ਮੰਨਿਆ ਜਾਂਦਾ ਹੈ ਕਿ ਹਰੇਕ ਕਾਰਜ ਦਾ ਕੋਈ ਨਾ ਕੋਈ ਕਾਰਨ ਜ਼ਰੂਰ ਹੁੰਦਾ ਹੈ। ਘੁਮਿਆਰ ਅਤੇ ਘੜੇ ਦੀ ਮਿਸਾਲ ਦਿੰਦੇ ਹੋਇਆਂ ਜਿਵੇਂ ਘੁਮਿਆਰ ਘੜਾ ਬਣਾਉਂਦਾ ਹੈ। ਇਸ ਤਰ੍ਹਾਂ ਬ੍ਰਹਿਮੰਡ ਦੀ ਸਿਰਜਣਾ ਕਰਨ ਵਾਲੀ ਕੋਈ ਸ਼ਕਤੀ ਜ਼ਰੂਰ ਹੈ।

ਜੈਨ ਧਰਮ ਸ਼ਾਸਤਰ ਅਨੁਸਾਰ ਮੁਕਤੀ (ਕੈਵਲਯ ਦੀ) ਪ੍ਰਾਪਤੀ ਹੀ ਮਨੁੱਖੀ ਜੀਵਨ ਦਾ ਪਰਮ ਉਦੇਸ਼ ਹੈ। ਇਸਦੇ ਲਈ ਤਪ, ਅਹਿੰਸਾ, ਸਦਾਚਾਰ, ਵਿਸ਼ਵਾਸ ਅਤੇ ਕਰਮ ਨੂੰ ਪ੍ਰਮੁੱਖਤਾ ਪ੍ਰਦਾਨ ਕੀਤੀ ਗਈ ਹੈ। ਜੈਨ ਮਤ ਦੀ ਸਾਧਨਾ ਕਰੜੀ ਹੈ। ਤਿਆਗੀ ਅਤੇ ਗ੍ਰਹਿਸਥੀ ਲਈ ਸਾਧਨਾ ਵੱਖ-ਵੱਖ ਨਿਯਤ ਕੀਤੀ ਗਈ ਹੈ। ਗ੍ਰਹਿਸਥੀ ਲਈ 'ਤਿੰਨ ਰਤਨ' (ਤ੍ਰੈ ਰਤਨ) ਜੀਵਨ ਦੀ ਉੱਚਤਮ ਲਈ ਧਰਮ ਸ਼ਾਸਤਰ ਦੇ ਮੂਲ ਆਧਾਰ ਹਨ। ਤਿੰਨ ਰਤਨ ਇਹ ਹਨ :

> 1. ਸੁੱਚੀ ਸ਼ਰਧਾ (ਸਮਯੱਗ ਦਰਸ਼ਨ) 2. ਸੁੱਚਾ ਗਿਆਨ (ਸਮਯੱਗ ਗਿਆਨ) 3. ਸੁੱਚਾ ਕਰਮ (ਸਮਯੱਗ ਚਰਿੱਤਰ)। ਤਿਆਗੀ ਲਈ ਪੰਜ ਵਰਤ ਜਾਂ ਪ੍ਰਣ ਹਨ - ਪਹਿਲਾ ਅਹਿੰਸਾ ਅਰਥਾਤ ਕਿਸੇ ਜੀਵ ਨੂੰ ਦੁੱਖ ਨਾ ਦੇਣਾ, ਦੂਸਰਾ ਸਤਯ (ਝੂਠ ਨਾ ਬੋਲਣਾ), ਤੀਸਰਾ ਅਸਤੇਯ (ਚੋਰੀ ਨਾ ਕਰਨਾ), ਚੌਥਾ ਬ੍ਰਹਮਚਰਯ (ਗ੍ਰਹਿਸਥ ਦਾ ਤਿਆਗ) ਪੰਜਵਾਂ ਅਪ੍ਰਿਗ੍ਰਹਿ ਧਨ ਦਾ ਤਿਆਗ।[35]

ਜੈਨ ਧਰਮ ਸ਼ਾਸਤਰ ਅਨੁਸਾਰ 'ਸੱਚੇ ਗਿਆਨ ਦੀ ਪ੍ਰਾਪਤੀ ਲਈ ਨੌ ਸਚਾਈਆਂ ਦਾ

ਗਿਆਨ ਹੋਣਾ ਜ਼ਰੂਰੀ ਹੈ।

> ਨੌ ਸੱਚਾਈਆਂ ਇਹ ਹਨ : 1. ਜੀਵ 2. ਅਜੀਵ 3. ਪੁੰਨ 4. ਪਾਪ 5. ਅਸ੍ਰਵ 6. ਸੰਵਰ 7. ਬੰਧ 8. ਨਿਰਜਰ 9. ਮੋਕਸ਼। ਦਿਗੰਬਰ ਫਿਰਕੇ ਅਨੁਸਾਰ ਸੱਤ ਸੱਚਾਈਆਂ ਹਨ। ਉਹ ਪੁੰਨ ਅਤੇ ਪਾਪ ਨੂੰ ਵੱਖਰਾ ਨਹੀਂ ਗਿਣਦੇ, ਸਗੋਂ ਇਨ੍ਹਾਂ ਨੂੰ ਅਸ੍ਰਵ ਅਤੇ ਬੰਧ ਵਿੱਚ ਸੰਮਿਲਤ ਪਰਵਾਨ ਕਰਦੇ ਹਨ। ਤਤ੍ਵਾਰਥ-ਸੂਤਰ ਅਨੁਸਾਰ ਕੇਵਲ ਸੱਤ ਸੱਚਾਈਆਂ ਹਨ।[36]

ਜੈਨੀ ਚੱਲਣ ਤੋਂ ਪਹਿਲਾਂ ਰਸਤੇ ਵਿੱਚ ਝਾੜੂ ਦਿੰਦੇ ਹਨ, ਮੂੰਹ ਤੇ ਪੱਟੀ ਬੰਨ੍ਹ ਕੇ ਰੱਖਦੇ ਹਨ ਤਾਂ ਕਿ ਕੋਈ ਜੀਵ, ਜੰਤੂ ਸਾਹ ਦੇ ਰਸਤੇ ਅੰਦਰ ਨਾ ਚਲਾ ਜਾਵੇ, ਪਾਣੀ ਨੂੰ ਛਾਣ ਕੇ ਪੀਂਦੇ ਹਨ, ਨੰਗੇ ਪੈਰੀ ਚੱਲਦੇ ਹਨ ਅਤੇ ਸ਼ਹਿਦ ਦਾ ਵੀ ਤਿਆਗ ਕਰਦੇ ਹਨ। ਇਹ ਸੱਚ ਹੈ ਕਿ ਸਹੀ ਅਰਥਾਂ ਵਿੱਚ ਅਹਿੰਸਾ ਦਾ ਪਾਲਣ ਨਹੀਂ ਹੋ ਸਕਦਾ।

'ਮਹਾਂਭਾਰਤ ਦੇ ਅਧਿਐਨ ਤੋਂ ਇਹ ਗਿਆਤ ਹੁੰਦਾ ਹੈ ਕਿ ਇਹ ਸੰਸਾਰ ਇਹੋ ਜਿਹੇ ਜੀਵ, ਜੰਤੂਆਂ ਨਾਲ ਭਰਿਆ ਪਿਆ ਹੈ ਜੋ ਅੱਖਾਂ ਨਾਲ ਨਹੀਂ ਦੇਖੇ ਜਾ ਸਕਦੇ, ਸਗੋਂ ਤਰਕ ਰਾਹੀਂ ਹੀ ਉਨ੍ਹਾਂ ਦਾ ਅਨੁਮਾਨ ਲਗਾਇਆ ਜਾ ਸਕਦਾ ਹੈ। ਜਦੋਂ ਅਸੀਂ ਆਪਣੀਆਂ ਪਲਕਾਂ ਝਮਕਦੇ ਹਾਂ ਤਾਂ ਉਨ੍ਹਾਂ ਦੇ ਅੰਗ ਟੁੱਟ ਕੇ ਡਿੱਗ ਪੈਂਦੇ ਹਨ। ਭਾਗਵਤ ਪੁਰਾਣ ਵਿੱਚ ਦੱਸਿਆ ਗਿਆ ਹੈ ਕਿ

> ਜੀਵਨ ਹੋਰ ਜੀਵਨ ਦਾ ਪ੍ਰਾਣ ਹੈ। ਜਦੋਂ ਇਨ੍ਹਾਂ ਸਾਧਾਰਣ ਤੱਥਾਂ ਨੂੰ ਭੁਲਾ ਦਿੱਤਾ ਜਾਵੇ ਤਾਂ ਜੀਵਨ ਲਗਪਗ ਅਸੰਭਵ ਹੀ ਹੋ ਜਾਂਦਾ ਹੈ। ਇੱਕ ਕੱਟੜ ਜੈਨੀ ਦੇ ਵਿਹਾਰ ਵਿੱਚ ਇਸ ਪ੍ਰਕਾਰ ਦਾ ਵਿਕ੍ਰਿਤ ਡਰ ਜਾਂ ਖ਼ੌਫ਼ ਸਦਾ ਵਿਆਪਤ ਰਹਿੰਦਾ ਹੈ ਕਿ ਕਿਤੇ ਕਿਸੇ ਵੀ ਰੂਪ ਵਿੱਚ ਅਚਾਨਕ ਕਿਸੇ ਜੀਵ ਨੂੰ ਸੱਟ-ਫੇਟ ਨਾ ਲੱਗ ਜਾਵੇ।[37]

**ਬੁੱਧ ਧਰਮ :** ਧਰਮ ਦਾ ਸੰਬੰਧ ਮਨੁੱਖ ਦੀ ਕਰਮ ਸਮੱਰਥਾ ਨਾਲ ਹੈ। ਮਨੁੱਖੀ ਕਰਮ ਸਮੱਰਥਾ ਨੂੰ ਅਨੁਸ਼ਾਸਿਤ ਕਰਨਾ ਧਰਮ ਦਾ ਕਾਰਜ ਖੇਤਰ ਹੈ। ਹਰੇਕ ਧਰਮ ਆਪਣੇ ਅਨੁਯਾਈਆਂ ਜਾਂ ਪੈਰੋਕਾਰਾਂ ਲਈ ਕੁੱਝ ਕਰਮ ਵਿਵਰਜਿਤ ਕਰਦਾ ਹੈ ਅਤੇ ਕੁਝ ਕਰਮ ਕਰਨ ਲਈ ਪ੍ਰੇਰਿਤ ਕਰਦਾ ਹੈ। ਧਰਮ ਦੀਆਂ ਸਿੱਧੀਆਂ ਹੱਦਬੰਦੀਆਂ ਤੱਕ ਸੀਮਤ ਕਰਮ ਤਾਂ ਧਰਮ ਅਨੁਸਾਰ ਹੀ ਪਰਵਾਨੇ ਜਾ ਸਕਦੇ ਹਨ। ਬੁੱਧ ਧਰਮ ਦਾ ਜ਼ੋਰ ਇਸ ਗੱਲ ਤੇ ਵਧੇਰੇ ਹੈ ਕਿ ਮਨੁੱਖ ਆਪਣੀ ਸ਼ਕਤੀ ਦਾ ਮਾਲਕ ਆਪ ਹੈ ਕੋਈ ਦੂਜਾ ਨਹੀਂ।

ਕਈ ਵਿਦਵਾਨਾਂ ਦਾ ਮੱਤ ਹੈ ਕਿ ਬੁੱਧ ਧਰਮ ਦਾ ਉਦੇ ਕੋਈ ਅਚਾਨਕ ਵਾਪਰੀ ਘਟਨਾ

ਨਹੀਂ ਸੀ। ਇਹ ਸਮਕਾਲੀ ਸਮਾਜ ਦੇ ਬੌਧਿਕ ਸੰਕਟ, ਧਾਰਮਿਕ ਸੰਕੀਰਣਵਾਦ, ਕੱਟੜਵਾਦ ਅਤੇ ਖੜੋਤਵਾਦ ਦੇ ਪ੍ਰਤੀਕਰਮ ਵਿੱਚੋਂ ਪੈਦਾ ਹੋਇਆ ਮੰਨਿਆ ਜਾਂਦਾ ਹੈ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਬੁੱਧ ਦਾ ਚਿੰਤਨ ਵੇਦਾਂ ਵਿਚਲੇ ਕਰਮਕਾਂਡਾਂ, ਹਿੰਸਾਯੁਕਤ ਯੱਗਾਂ ਦੇ ਅਡੰਬਰਾਂ, ਪਰੋਹਿਤਵਾਦ ਦੇ ਅਹੰਕਾਰ, ਤੱਤ ਵਿਗਿਆਨਿਕ ਝਗੜਿਆਂ ਅਤੇ ਵਹਿਮਾਂ-ਭਰਮਾਂ ਨਾਲ ਸਮਾਜ ਵਿੱਚ ਆ ਚੁੱਕੀ ਖੜੋਤ ਦੇ ਵਿਰੁੱਧ ਬਗ਼ਾਵਤ ਦੇ ਪ੍ਰਤੀਕ ਵਜੋਂ ਉਭਰਿਆ। ਕਈ ਵਿਦਵਾਨ ਇਸ ਗੱਲ ਨਾਲ ਸਹਿਮਤ ਨਹੀਂ ਹਨ।

> ਇਹ ਤਾਂ ਮੌਲਿਕ ਪ੍ਰਕਾਸ਼ ਹੈ, ਜਿਹੜਾ ਕਿ ਬਿਲਕੁਲ ਮਨੁੱਖੀ ਤਾਸੀਰ ਵਾਲੇ ਰਹਿਮ ਦੀ ਸਰਬ ਵਿਆਪਕਤਾ ਦਰਸਾਉਣ ਲਈ ਅਤੇ ਇਸ ਅੰਦਾਜ਼ ਵਿੱਚ ਆਪਣੀ ਹੋਂਦ ਦਾ ਸੱਚ ਸਾਬਤ ਕਰਨ ਲਈ ਮਨੁੱਖੀ ਰਿਸ਼ਤਿਆਂ ਦਰਮਿਆਨ ਉਦੇ ਹੋਇਆ।[38]

ਮਹਾਤਮਾ ਬੁੱਧ ਦੇ ਸਮੇਂ ਆਮ ਲੋਕਾਂ ਦੀ ਸਮੱਸਿਆ ਇਹ ਸੀ ਕਿ ਯੱਗਾਂ ਤੇ ਬਲੀਆਂ ਵਾਲੇ ਕਰਮਕਾਂਡਾਂ ਤੋਂ ਉਹ ਤੰਗ ਆ ਚੁੱਕੇ ਸਨ ਅਤੇ ਉਪਨਿਸ਼ਦਾਂ ਦਾ ਗਿਆਨ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਸੀ। ਅਜਿਹੀ ਅਵਸਥਾ ਵਿੱਚ ਆਮ ਜਨਤਾ ਕਿਸੇ ਅਜਿਹੇ ਧਰਮ ਦੀ ਇੱਛਾ ਰੱਖਦੀ ਸੀ ਜਿਹੜਾ ਸਰਲ ਅਤੇ ਸੁਬੋਧ ਹੋਵੇ।

> ਮਹਾਤਮਾ ਬੁੱਧ ਨੇ ਉਨ੍ਹਾਂ ਦੇ ਦੁੱਖ ਦੀ ਪਛਾਣ ਕਰਦਿਆਂ ਸੁਯੋਗ ਵੈਦ ਵਾਂਗ ਧਰਮ ਨੂੰ ਦਾਰਸ਼ਨਿਕ ਜੰਜਾਲ ਅਤੇ ਸੰਸਕ੍ਰਿਤ ਭਾਸ਼ਾ ਦੇ ਬੋਝਲ ਜੂਲੇ ਹੇਠੋਂ ਕੱਢ ਕੇ ਸਿੱਧੇ ਰੂਪ ਵਿੱਚ ਲੋਕਾਂ ਨਾਲ ਜੋੜਿਆ।[39]

ਇਸ ਤਰ੍ਹਾਂ ਬੁੱਧ ਧਰਮ ਇੱਕ ਜੀਵਨ ਜਾਚ ਹੋ ਗਿਆ ਅਤੇ ਇੱਕ ਸੰਪੂਰਨ ਸਭਿਆਚਾਰ ਤੇ ਸੰਸਕ੍ਰਿਤੀ ਦੀ ਇਸ ਨੇ ਸਿਰਜਣਾ ਕੀਤੀ। ਇਸੇ ਧਰਾਤਲ ਤੇ ਬੋਧੀ ਧਰਮ ਸ਼ਾਸਤਰ ਦੀ ਉਸਾਰੀ ਕੀਤੀ ਜਾ ਸਕਦੀ ਹੈ। ਬੁੱਧ ਧਰਮ ਦੋ ਹੀ ਪ੍ਰਮਾਣ ਮੰਨਦਾ ਹੈ : ਪ੍ਰਤੱਖ ਤੇ ਅਨੁਮਾਨ। ਈਸ਼ਵਰੀ ਸੱਤਾ ਪ੍ਰਤੱਖ ਪ੍ਰਮਾਣ ਤੋਂ ਪ੍ਰਮਾਣਿਤ ਨਹੀਂ ਹੁੰਦੀ ਕਿਉਂਕਿ ਉਸ ਨੂੰ ਸਰੀਰਕ ਅੱਖਾਂ ਦੁਆਰਾ ਵੇਖਿਆ ਨਹੀਂ ਜਾ ਸਕਦਾ। ਸ੍ਰਿਸ਼ਟੀ ਦੇ ਜੀਵਾਂ ਦੀ ਹੋਂਦ ਪ੍ਰਤੱਖ ਪ੍ਰਮਾਣ ਰਾਹੀਂ ਪ੍ਰਮਾਣਿਤ ਕੀਤੀ ਜਾ ਸਕਦੀ ਹੈ, ਜੇ ਇਨ੍ਹਾਂ ਜੀਵਾਂ ਨੂੰ ਪਰਮਾਤਮਾ ਦਾ ਹੀ ਸਰੂਪ ਪਰਵਾਨ ਕੀਤਾ ਜਾਵੇ ਤਾਂ ਬੋਧੀ ਵਿਚਾਰਧਾਰਾ ਅਨੁਸਾਰ ਦੋ ਪ੍ਰਸ਼ਨ ਉਤਪੰਨ ਹੁੰਦੇ ਹਨ

> ਇੱਕ ਤਾਂ ਇਹ ਈਸ਼ਵਰ ਪ੍ਰਵਰਤਨਸ਼ੀਲ ਹੈ ਜਗਤ ਦੇ ਪ੍ਰਾਣੀ ਉਸ ਦਾ ਸਰੂਪ

> ਹਨ। ਦੂਸਰਾ ਇਹ ਕਿ ਜੋ ਔਗੁਣ ਅਤੇ ਕਮਜ਼ੋਰੀਆਂ ਸਮੂਹ ਪ੍ਰਾਣੀਆਂ ਵਿੱਚ ਹਨ। ਉਨ੍ਹਾਂ ਦਾ ਈਸ਼ਵਰ ਵਿੱਚ ਹੋਣਾ ਹੀ ਅਵੱਸ਼ਕ ਹੈ। ਬੁੱਧ ਦਰਸ਼ਨ ਦਾ ਇਹ ਵੀ ਮੱਤ ਹੈ ਕਿ ਮਨੁੱਖ ਕਿਸੇ ਤਰ੍ਹਾਂ ਵੀ ਕਿਸੇ ਅਦਿੱਖ ਸ਼ਕਤੀ ਦੇ ਹੱਥਾਂ ਦਾ ਖਿਡੌਣਾ ਨਹੀਂ ਸਗੋਂ ਆਪਣੀ ਹੋਣੀ ਦਾ ਆਪ ਮਾਲਕ ਹੈ।[40]

ਬੁੱਧ ਦਰਸ਼ਨ ਇਹ ਵੀ ਮੰਨ ਕੇ ਤੁਰਦਾ ਹੈ ਕਿ ਆਤਮਾ ਵਰਗੀ ਕੋਈ ਸ਼ੈਅ ਨਹੀਂ ਹੈ। ਬੁੱਧ ਚਿੰਤਨ ਮੁਤਾਬਿਕ ਮਨੁੱਖ ਦਾ ਨੈਤਿਕ ਪਤਨ, ਬੁਰਾਈ ਅਤੇ ਸੁਆਰਥ ਦਾ ਮੂਲ ਕਾਰਨ ਆਤਮਾ ਵਿੱਚ ਵਿਸ਼ਵਾਸ ਹੀ ਹੈ। ਜਦੋਂ ਬੁੱਧ ਨੂੰ ਇਹ ਪੁੱਛਿਆ ਜਾਂਦਾ ਕਿ ਸਭ ਤੋਂ ਵੱਡੀ ਗਲਤ ਧਾਰਨਾ ਕੀ ਹੈ? ਤਾਂ ਇਸ ਗਲਤੀ ਦਾ ਕਾਰਨ ਉਹ ਆਤਮਾ ਦੀ ਹੋਂਦ ਦਾ ਵਿਸ਼ਵਾਸ ਦੱਸਦੇ ਹਨ।

ਬੁੱਧ ਦਾ ਆਦਰਸ਼ ਕਿਉਂਕਿ ਮਨੁੱਖ ਨੂੰ ਜੀਵਨ ਨਾਲ ਜੋੜਨਾ ਸੀ। ਇਸ ਲਈ ਉਸਨੇ ਮਨੁੱਖ ਦਾ ਧਿਆਨ ਕਦੇ ਵੀ ਉਨ੍ਹਾਂ ਵਿਸ਼ਿਆਂ ਵੱਲ ਨਹੀਂ ਜਾਣ ਦਿੱਤਾ, ਜਿਹੜੇ ਬੁੱਧੀ ਨਾਲ ਨਹੀਂ ਸਮਝੇ ਜਾ ਸਕਦੇ ਅਤੇ ਜਿਨ੍ਹਾਂ ਦੇ ਬਾਰੇ ਕੇਵਲ ਅਨੁਮਾਨ ਅਤੇ ਅਟਕਲਬਾਜ਼ੀ ਤੋਂ ਹੀ ਕੰਮ ਲੈਣਾ ਪੈਂਦਾ ਸੀ। ਬੁੱਧ ਧਰਮ ਸ਼ਾਸਤਰ ਸੰਦੇਹਵਾਦੀ ਅਤੇ ਵਾਦ-ਵਿਵਾਦ ਵਾਲੀ ਵਿਚਾਰਧਾਰਾ ਤੋਂ ਕਿਨਾਰਾ ਕਰਕੇ ਕੇਵਲ ਮਨੁੱਖੀ ਜੀਵਨ ਦਾ ਇੱਕ ਸੱਚਾ ਰਸਤਾ ਦਰਸਾਉਣਾ ਚਾਹੁੰਦਾ ਸੀ। ਇਸ ਸੰਦਰਭ ਵਿੱਚ ਮਹਾਤਮਾ ਬੁੱਧ ਨੇ ਲੋਕਾਂ ਨੂੰ ਚਾਰ ਸੱਚਾਈਆਂ ਗ੍ਰਹਿਣ ਕਰਨ ਲਈ ਕਿਹਾ। ਚਾਰ ਸੱਚਾਈਆਂ ਸੰਬੰਧੀ ਗਿਆਨ ਬੁੱਧ ਦੀ ਵੱਖਰੀ ਦੇਣ ਹੈ, ਜਿਹੜਾ ਬੁੱਧ ਨੂੰ ਬੋਧੀ-ਬ੍ਰਿਛ ਹੇਠਾਂ ਨਾਜ਼ਲ ਹੋਇਆ ਸੀ।

> ਇਨ੍ਹਾਂ ਨੂੰ 'ਆਰੀਆ ਸੱਤ' ਵੀ ਕਿਹਾ ਜਾਂਦਾ ਹੈ। ਧਮੱਪਦ ਦੇ 273ਵੇਂ ਸਲੋਕ ਵਿੱਚ ਇਨ੍ਹਾਂ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੋਇਆ ਹੈ ਕਿ ਮਾਰਗਾਂ ਵਿਚਕਾਰ ਅਸ਼ਟਾਂਗ ਮਾਰਗ ਸ੍ਰੇਸ਼ਟ ਹੈ ਸੱਚ ਵਿੱਚ ਚਾਰ 'ਆਰਸ ਸਤਯ' ਸ੍ਰੇਸ਼ਟ ਹਨ। ਅਵਸਥਾਵਾਂ ਵਿੱਚੋਂ ਵਿਰਾਗ ਦੀ ਅਵਸਥਾ ਸ੍ਰੇਸ਼ਟ ਹੈ, ਮਨੁੱਖਾਂ ਵਿੱਚ ਗਿਆਨ-ਨੇਤਰ (ਬੁੱਧ) ਸ੍ਰੇਸ਼ਟ ਹਨ।[41]

ਕਠੋਰ ਤਪ ਰਾਹੀਂ ਮਨੁੱਖ ਆਪਣੀਆਂ ਇਛਾਵਾਂ ਨੂੰ ਦਬਾਉਣ ਦਾ ਯਤਨ ਕਰਦਾ ਹੈ ਪ੍ਰੰਤੂ ਇਛਾਵਾਂ ਕਦੇ ਸਮਾਪਤ ਨਹੀਂ ਹੁੰਦੀਆਂ। ਇਸ ਤਰ੍ਹਾਂ ਇਹ ਦੋਵੇਂ ਮਾਰਗ ਮਨੁੱਖੀ ਜੀਵਨ ਦੇ ਅਨੁਕੂਲ ਨਹੀਂ, ਸਗੋਂ ਬੁੱਧ ਕਹਿੰਦਾ ਹੈ ਕਿ ਮਨੁੱਖ ਨੂੰ ਆਤਮ-ਸੰਜਮ ਵਾਲਾ ਮੱਧ-ਮਾਰਗ ਅਪਨਾਉਣਾ ਚਾਹੀਦਾ ਹੈ। ਇਸ ਮਾਰਗ ਦੀ ਵਿਆਖਿਆ ਤੋਂ ਬੁੱਧ ਧਰਮ ਦੇ ਧਰਮ ਦੀ ਮੂਲ ਵਿਆਖਿਆ ਸਾਹਮਣੇ ਆ ਜਾਂਦੀ ਹੈ। ਇਸ ਦਾ ਜ਼ਿਕਰ ਧੱਮਪਦ ਦੇ ਚੌਦਵੇਂ ਵੱਗ ਦੇ 191ਵੇਂ

ਸਲੋਕ ਵਿਚ ਆਉਂਦਾ ਹੈ।

> ਜਿਸ ਦਾ ਭਾਵ ਹੈ ਇਸ ਸੰਸਾਰ ਵਿੱਚ ਦੁੱਖ ਹੈ, ਦੁੱਖ ਦੀ ਉਤਪਤੀ ਦੇ ਦੁੱਖ ਦਾ ਨਾਸ਼ ਅਤੇ ਅਸ਼ਟਾਂਗ ਮਾਰਗ ਜੋ ਕਿ ਦੁੱਖ ਨੂੰ ਨਸ਼ਟ ਕਰਦਾ ਹੈ, ਸ੍ਰੇਸ਼ਟ ਹੈ।[42]

ਬੁੱਧ ਨੂੰ ਧਿਆਨ ਦੌਰਾਨ ਚਾਰ ਸੱਚਾਈਆਂ ਦਾ ਬੋਧ ਹੋਇਆ। ਉਹ ਚਾਰ 'ਆਰਯ ਸਤਿ' ਹਨ 1. ਜੀਵਨ ਦੁਖਮਯ ਹੈ, 2. ਦੁੱਖ ਦਾ ਕਾਰਣ ਮੌਜੂਦ ਹੈ, 3. ਉਸ ਕਾਰਨ ਦਾ ਨਿਵਾਰਣ ਦੁਆਰਾ (ਦੁੱਖ ਦਾ) ਅੰਤ ਸੰਭਵ ਹੈ 4. ਇਸ ਦੁੱਖ ਦੀ ਨਿਵ੍ਰਿਤੀ ਦਾ ਉਪਾ ਅਸ਼ਟਾਂਗ ਮਾਰਗ ਹੈ। ਇਸ ਮਾਰਗ ਦੇ ਅੱਠ ਅੰਗ ਹਨ : 1. ਠੀਕ ਗਿਆਨ (ਵਿਚਾਰ) 2. ਠੀਕ ਸੰਕਲਪ (ਉਦੇਸ਼) 3. ਠੀਕ ਬਚਨ 4. ਠੀਕ ਕਰਮ (ਪੰਚ ਸ਼ੀਲ-ਅਹਿੰਸਾ, ਅਸਤੇਯ ਦੂਜੇ ਦਾ ਮਾਲ ਬਿਨ੍ਹਾਂ ਆਗਿਆ ਨਾ ਲੈਣਾ, ਸਤਿ ਭਾਸ਼ਣ ਬ੍ਰਹਮਚਾਰਯ ਅਤੇ ਨਸ਼ਾ ਨਾ ਸੇਵਨ ਕਰਨਾ), 5. ਠੀਕ ਜੀਵਿਕਾ 6. ਠੀਕ ਯਤਨ 7. ਠੀਕ ਸਮ੍ਰਿਤੀ (ਲੋਭ ਅਤੇ ਨਿਰਾਸ਼ਾ ਤੋਂ ਬਚ ਕੇ ਸੰਸਾਰ, ਸਰੀਰ ਅਤੇ ਮਨ ਨੂੰ ਅਨਿੱਤ ਸਮਝਣਾ) ਅਤੇ 8. ਠੀਕ ਸਮਾਧੀ।

> ਇਸ ਅਸ਼ਟਾਂਗ ਮਾਰਗ ਉੱਤੇ ਠੀਕ ਤਰ੍ਹਾਂ ਚੱਲਣ ਨਾਲ ਪ੍ਰਗਿਆ (ਸਹੀ ਗਿਆਨ) ਦਾ ਉਦੈ ਹੁੰਦਾ ਹੈ ਅਤੇ ਨਿਰਵਾਣ ਦੀ ਪ੍ਰਾਪਤੀ ਹੁੰਦੀ ਹੈ। ਇਸ ਨਿਰਵਾਣ ਦੀ ਅਵਸਥਾ ਵਿੱਚ ਸਾਰੀਆਂ ਵਾਸ਼ਨਾਵਾਂ ਖ਼ਤਮ ਹੋ ਜਾਂਦੀਆਂ ਹਨ ਅਤੇ ਪੂਰੀ ਸ਼ਾਂਤੀ ਪਸਰ ਜਾਂਦੀ ਹੈ।[43]

ਮਹਾਤਮਾ ਬੁੱਧ ਨੇ ਸੁੱਚਾ ਜੀਵਨ, ਖਿਮਾ, ਦਇਆ ਤੇ ਮਰਨਾ ਅਵੱਸ਼ ਆਦਿ ਉਪਦੇਸ਼ਾਂ ਰਾਹੀਂ ਆਤਮ ਸੰਜਮ ਅਤੇ ਆਤਮ ਬਲ ਤੇ ਜ਼ੋਰ ਦਿੱਤਾ। ਬੁੱਧ ਨੇ ਉਪਦੇਸ਼ਾਂ ਦੇ ਹੱਕ ਵਿੱਚ ਕਿਹਾ ਕਿ

> ਸੋਨੇ ਨੂੰ ਤਾਪਕੇ ਵਿੱਚ ਤੱਪਾਕੇ ਕਸੌਟੀ ਤੇ ਪਰਖਿਆ ਜਾਂਦਾ ਹੈ। ਇਸੇ ਤਰ੍ਹਾਂ ਹੇ ਭਿਖਸ਼ੁਉ! ਮੇਰੇ ਬਚਨਾਂ ਨੂੰ ਵੀ ਕੇਵਲ ਮੇਰੇ ਗੌਰਵ ਖਾਤਰ ਗ੍ਰਹਿਣ ਨਾ ਕਰੋ, ਸਗੋਂ ਇਨ੍ਹਾਂ ਨੂੰ ਅਜਮਾਓ ਤੇ ਫਿਰ ਪਰਵਾਨ ਕਰੋ। ਇਹ ਸਿੱਖਿਆ ਨੂੰ ਜੀਵਨ ਦੇ ਨੇੜੇ ਲੈ ਜਾਣਾ ਹੈ।[44]

'ਲੋਕਾਵਤਾਰ ਸੂਤ੍ਰ' ਵਿੱਚ ਨਿਰਵਾਣ ਬਾਰੇ ਦੱਸਿਆ ਹੈ ਕਿ

> ਨਿਰਵਾਣ ਉਥੇ ਹੈ, ਜਿੱਥੇ ਬੋਧੀ-ਸੱਤਵ ਦੇ ਸਭੇ ਪੜ੍ਹਾ ਇੱਕ ਦੂਜੇ ਪਿੱਛੇ ਸਰ ਹੋ ਜਾਂਦੇ ਹਨ; ਜਿੱਥੇ ਬੁੱਧਾਂ ਦੀ ਜੀਵਨ ਦਾਤੀ ਸ਼ਕਤੀ ਬੋਧੀ-ਸੱਤਵਾਂ ਨੂੰ ਸਮਾਧੀਆਂ ਦੇ ਅਨੰਦ ਵਿੱਚ ਸਹਾਰਾ ਦਿੰਦੀ ਹੈ; ਜਿਥੇ ਸ੍ਵੈ ਦੇ ਸਾਰੇ ਵਿਚਾਰਾਂ ਨੂੰ ਮਾਨਵਜਾਤੀ

> ਦਾ ਰਹਿਮ ਚੀਰ ਕੇ ਲੰਘ ਜਾਂਦਾ ਹੈ; ਜਿੱਥੇ ਕਿ ਤਥਾਗਤ ਦੀ ਮੰਜ਼ਿਲ ਆਪਣੇ ਅੰਤਮ-ਰੂਪ ਵਿੱਚ ਛੋਹ ਲਈ ਜਾਂਦੀ ਹੈ।[45]

ਇੱਕ ਵਿਦਵਾਨ ਅਨੁਸਾਰ, "ਨਿਰਵਾਣ ਬੁੱਧ ਦਰਸ਼ਨ ਤੇ ਧਰਮ ਦਾ ਹਿਰਦੈ ਹੈ। ਨਿਰਵਾਣ ਮੋਕਸ਼ ਹੈ। ਜਨਮ ਅਤੇ ਮੌਤ ਦੇ ਬੰਧਨ ਤੋਂ ਛੁਟਕਾਰਾ ਪਾਉਣ ਨੂੰ ਮੋਖ ਜਾਂ ਨਿਰਵਾਣ ਕਿਹਾ ਜਾਂਦਾ ਹੈ। ਇਸੇ ਨੂੰ ਬੁੱਧ, ਪ੍ਰਕਾਸ਼ ਜਾਂ ਵਿਦਿਆ ਵੀ ਕਹਿੰਦੇ ਹਨ। ਨਿਰਵਾਣ ਸਰਵਸ਼੍ਰੇਸਠ ਹੈ, ਇਥੇ ਸਾਰੇ ਦੁੱਖ, ਮੋਹ-ਮਾਇਆ, ਦ੍ਵੈਸ਼, ਵਾਸ਼ਨਾ ਖ਼ਤਮ ਹੋ ਜਾਂਦੇ ਹਨ।

> ਨਿਰਵਾਣ ਖ਼ਾਲਸ ਅਮਨ ਹੈ। ਇਸ ਨੂੰ 'ਸ਼ਾਂਤੀ ਨਿਰਵਾਣ' ਕਿਹਾ ਜਾਂਦਾ ਹੈ। ਨਿਰਵਾਣ ਸ਼ਾਂਤੀ ਹੈ। ਨਿਰਵਾਣ, ਸੁੱਖ ਹੈ, ਆਨੰਦ ਹੈ, ਪਰਮ ਸੁੱਖ ਹੈ ('ਨਿੱਬਾਨੰ ਪਰਮ ਸੁਖਮ') ਦੁੱਖ ਦਾ ਹਰ ਪਾਸਿਓਂ ਅੰਤ ਹੀ ਨਿਰਵਾਣ ਹੈ। ਸੰਸਾਰ ਦੁੱਖਾਂ ਭਰਿਆ ਹੈ। ਇਸ ਦੁੱਖਮਈ ਜਨਮ-ਮਰਨ ਨੂੰ ਰੋਕ ਦੇਣਾ ਹੀ 'ਨਿਰਵਾਣ' ਹੈ, ਇਸ ਲਈ ਨਿਰਵਾਣ ਨੂੰ ਨਿਰੋਧ' ਵੀ ਕਿਹਾ ਜਾਂਦਾ ਹੈ।[46]

ਬੁੱਧ ਨੇ ਦੇਵੀ-ਦੇਵਤਿਆਂ ਦੀ ਪੂਜਾ ਦੀ ਮਨਾਹੀ ਕੀਤੀ ਸੀ। ਮਹਾਂਯਾਨ ਸੰਪਰਦਾਇ ਨੇ ਬੁੱਧ ਧਰਮ ਦੇ ਅੰਦਰ ਦੇਵੀ ਦੇਵਤਿਆਂ ਦੀ ਪੂਰੀ ਸੈਨਾ ਖੜੀ ਕਰ ਦਿੱਤੀ। ਬੁੱਧ ਦੇ ਉਪਦੇਸ਼ ਤੱਤਕਾਲੀਨ ਲੋਕ ਭਾਸ਼ਾ ਵਿੱਚ ਦਿੱਤੇ ਗਏ ਸਨ। ਮਹਾਂਯਾਨ ਦੇ ਚਿੰਤਕਾਂ ਨੇ ਆਪਣਾ ਸਾਰਾ ਸਾਹਿਤ ਸੰਸਕ੍ਰਿਤ ਵਿੱਚ ਲਿਖਣਾ ਆਰੰਭ ਕੀਤਾ।

ਬੁੱਧ ਧਰਮ ਕਰਕੇ ਵਕਤੀ ਪ੍ਰਭਾਵ ਜ਼ਰੂਰ ਪੈਦਾ ਹੋਏ। ਪ੍ਰੰਤੂ ਆਖ਼ੀਰ ਬੁੱਧ ਧਰਮ ਦੇ ਪ੍ਰਭਾਵ ਨਾਲ ਸਮਾਜਿਕ ਜੀਵਨ ਦਾ ਸਹਿਜ ਅਤੇ ਸੰਤੁਲਨ ਗੁਆਚ ਗਿਆ। ਜਨ ਸਾਧਾਰਣ ਲੋਕ ਗ੍ਰਹਿਸਥ ਛੱਡ ਕੇ ਸੰਨਿਆਸੀ ਹੋਣ ਵੱਲ ਰੁਚਿਤ ਹੋ ਗਏ ਅਤੇ ਸਾਰਾ ਦੇਸ਼ ਮੰਦਰਾਂ ਅਤੇ ਬੋਧੀ ਮੱਠਾ ਨਾਲ ਭਰ ਗਿਆ। ਗ੍ਰਹਿਸਥ ਜੀਵਨ ਤੇ ਕਿਰਤ ਦੀ ਕੋਈ ਥਾਂ ਨਹੀਂ ਰਹੀ। ਇਸ ਕਰਕੇ ਭਾਰਤ ਵਿੱਚ ਬੁੱਧ ਧਰਮ, ਯੋਗ ਅਤੇ ਸਤਿਕਾਰ ਯੋਗ ਸਥਾਨ ਪ੍ਰਾਪਤ ਨਹੀਂ ਕਰ ਸਕਿਆ। ਫਿਰ ਵੀ ਬੁੱਧ ਧਰਮ ਆਪਣੇ ਸਮੇਂ ਧਰਮ ਵਲੋਂ ਹੀ ਵੂਲੰਧਰੇ ਤੇ ਦੁਖੀ ਸਮਾਜ ਦੇ ਲੋਕਾਂ ਲਈ ਮਸੀਹਾ ਬਣ ਕੇ ਆਇਆ। ਬੁੱਧ ਧਰਮ ਜ਼ਿੰਦਗੀ ਦੇ ਅਨੇਕਾਂ ਖੇਤਰਾਂ ਨੂੰ ਡੰਗਦੀ ਹਿੰਸਕ ਵੀਰਾਨੀ ਵਿੱਚ ਮਾਂ-ਸ਼ਾਂਤੀ ਲੈ ਕੇ ਉਤਰਿਆ ਅਤੇ ਮਨੁੱਖੀ ਚੇਤਨਾ ਦੇ ਟੁੱਟੇ ਨਜ਼ਾਮ ਨੂੰ ਸਾਬਤ ਕਰਨ ਵਿੱਚ ਮਦੱਦਗਾਰ ਬਣਿਆ। ਜੀਵਨ ਊਰਜਾ ਦੇ ਛਿਣ ਛਿਣ ਨੂੰ ਵਰਤਣਾ, ਸੁੱਖ ਅਤੇ ਦੁੱਖ ਮਨੁੱਖ ਦਾ ਨਿਰਣੈ, ਅੱਜ ਵਿਚ ਜਿਉਣਾ, ਅਸ਼ਾਂਤੀ ਦੀ ਸਮਝ, ਸਾਖਸੀਭਾਵ ਆਦਿ ਪੱਖ ਉਭਰ ਕੇ ਸਾਹਮਣੇ ਆਉਂਦੇ ਹਨ।

**ਈਸਾਈ ਧਰਮ ਸ਼ਾਸਤਰ :** ਸੰਸਾਰ ਦੇ ਪ੍ਰਾਚੀਨ ਧਰਮਾਂ ਵਿਚੋਂ ਮੁੱਖ ਧਰਮ ਯਹੂਦੀ ਧਰਮ

ਪਰਵਾਨ ਕੀਤਾ ਗਿਆ ਹੈ। ਯਹੂਦੀ ਧਰਮ ਵਿੱਚੋਂ ਹੀ ਈਸਾਈ ਧਰਮ ਦਾ ਨਿਕਾਸ ਹੋਇਆ ਮੰਨਿਆ ਜਾਂਦਾ ਹੈ।

> ਈਸਾ ਮਸੀਹ ਨੂੰ ਇਸ ਧਰਮ ਦਾ ਮੋਢੀ ਮੰਨਿਆ ਜਾਂਦਾ ਹੈ। ਈਸਾਈ ਧਰਮ ਦੇ ਉਪਦੇਸ਼ਾਂ ਅਨੁਸਾਰ ਪਰਮੇਸ਼ਰ ਨੇ ਪਹਿਲਾ ਅਹਿਦ ਯਹੂਦੀ ਕੌਮ ਨਾਲ ਕੀਤਾ ਜੋ ਸਫਲ ਨਹੀਂ ਹੋਇਆ। ਫਿਰ ਪਰਮੇਸ਼ਰ ਨੇ ਦੂਜਾ ਅਹਿਦ ਯਿਸੂ ਮਸੀਹ ਦੁਆਰਾ ਕੀਤਾ ਜਿਸ ਦੀ ਜਾਣਕਾਰੀ ਨਵੇਂ ਅਹਿਦਨਾਮੇ ਤੋਂ ਮਿਲਦੀ ਹੈ।[47]

ਵਿਦਵਾਨਾਂ ਅਨੁਸਾਰ ਈਸਾਈ ਧਰਮ ਸ਼ਾਸਤਰ ਦਾ ਮੁੱਖ ਆਧਾਰ ਵਿਸ਼ਵਾਸ (Faith) ਨੂੰ ਹੀ ਪਰਵਾਨ ਕੀਤਾ ਗਿਆ ਹੈ। ਇਸ ਨਾਲ ਇਹ ਤੱਥ ਸਾਹਮਣੇ ਆ ਜਾਂਦਾ ਹੈ ਕਿ ਮਨੁੱਖ ਦਲੀਲ ਦੇ ਆਸਰੇ ਨਾਲ ਉਨ੍ਹਾਂ ਬੁਲੰਦੀਆਂ ਨੂੰ ਨਹੀਂ ਛੂਹ ਸਕਦਾ ਜਿਨ੍ਹਾਂ ਤੱਕ ਪਹੁੰਚਣ ਦੀ ਸੰਤੁਸ਼ਟੀ ਉਹ ਵਿਸ਼ਵਾਸ ਰਾਹੀਂ ਪ੍ਰਗਟ ਕਰ ਸਕਦਾ ਹੈ।

ਈਸਾਈ ਧਰਮ ਵਿੱਚ ਵਿਸ਼ਵਾਸ ਦੇ ਜੋ ਮੂਲ ਪ੍ਰਯੋਜਨ ਜਾਂ ਸੰਬੰਧ ਮੰਨੇ ਗਏ ਹਨ ਉਹ ਇਸ ਤਰ੍ਹਾਂ ਹਨ।

> ਰੱਬ ਇੱਕ ਹੈ ਅਤੇ ਸਾਡਾ ਸਭ ਦਾ ਪਿਤਾ ਹੈ ਜੋ ਅਪਹੁੰਚ ਰੋਸ਼ਨੀ ਵਿੱਚ ਵੱਸਦਾ ਹੈ। ਰੱਬ ਦਾ ਪੁੱਤਰ ਜੀਸਸ ਜਾਂ ਯਿਸੂ ਮਸੀਹ ਹੈ।ਜੀਸਸ ਇਲਹਾਮੀ ਹੁਕਮ ਅਨੁਸਾਰ ਕੁਮਾਰੀ ਮਰੀਅਮ ਦੀ ਪਵਿੱਤਰ ਕੁੱਖ ਵਿੱਚ ਅਵਤਰਿਆ। ਮਨੁੱਖ ਭੁੱਲਣਹਾਰ ਹੈ ਅਤੇ ਮਸੀਹ ਬਖਸ਼ਿੰਦ ਹੈ। ਸਭ ਤੋਂ ਵੱਡਾ ਭੇਦ ਕਿ ਜੀਸਸ ਮਰਨ ਤੋਂ ਬਾਅਦ ਮੁੜ ਜ਼ਿੰਦਾ ਹੋਇਆ। ਇਹ ਪ੍ਰਤੀਕ ਇਸ ਗੱਲ ਦਾ ਆਧਾਰ ਹੈ ਕਿ ਮਨੁੱਖਤਾ ਵਿਚ ਪੈਗੰਬਰੀ, ਨੇਕੀ, ਰਹਿਮ ਅਤੇ ਸ਼ਾਂਤੀ ਨੂੰ ਮੁੜ ਸੁਰਜੀਤ ਕੀਤਾ ਜਾ ਸਕਦਾ ਹੈ।[48]

ਈਸਾਈ ਮਤ ਦਾ ਮੁੱਖ ਪ੍ਰਯੋਜਨ ਮਰਮ ਜੀਵਨ ਬਾਰੇ ਵਿਅਕਤੀ ਦੇ ਅਧਿਆਤਮਿਕ ਸ਼ਕਤੀਆਂ ਵਿਚਕਾਰ ਯੋਗ ਵਿਚੋਲਾ ਬਣਨਾ ਹੈ। ਜਦੋਂ ਵਿਅਕਤੀ ਨੂੰ ਵਿਸ਼ੇਸ਼ ਸਹਾਰੇ ਦੀ ਲੋੜ ਹੁੰਦੀ ਹੈ ਜਿਵੇਂ ਜਨਮ, ਯੁਵਾ ਅਵਸਥਾ, ਵਿਆਹ, ਪਾਪ ਤੇ ਅਟੱਲ ਮ੍ਰਿਤੂ। ਅਜਿਹੇ ਸੰਕਟਾਂ ਵਿਚ ਈਸ਼ਵਰ ਦੀ ਸਹਾਇਤਾ ਪ੍ਰਾਪਤ ਕਰਨ ਲਈ ਈਸਾਈ ਗਿਰਜਾ ਕਰਮ-ਕਾਂਡ ਨਿਯਤ ਕਰਦਾ ਸੀ।

ਧਰਮ ਸ਼ਾਸਤਰੀ ਦ੍ਰਿਸ਼ਟੀ ਤੋਂ ਈਸਾਈ ਧਰਮ ਸ਼ਾਸਤਰ ਵਿੱਚ ਭਵਿੱਖਬਾਣੀ ਨੂੰ ਬਹੁਤ ਮਹੱਤਤਾ ਹਾਸਲ ਹੈ। ਇਨ੍ਹਾਂ ਭਵਿੱਖਬਾਣੀਆਂ ਨੂੰ ਮੁੱਖ ਆਧਾਰ ਬਣਾਉਣ ਲਈ ਬਹੁਤ ਸਾਰੇ ਪ੍ਰਮਾਣਿਕ ਆਧਾਰ ਪ੍ਰਾਪਤ ਹਨ। ਈਸਾਈਆਂ ਨੇ ਇਸੇ ਲਈ ਆਪਣੀ ਬਾਈਬਲ ਵਿੱਚ ਯਹੂਦੀ ਧਰਮ ਗ੍ਰੰਥਾਂ ਨੂੰ ਸ਼ਾਮਲ ਕੀਤਾ ਹੋਇਆ ਹੈ। ਯਹੂਦੀ ਧਰਮ ਗ੍ਰੰਥਾਂ ਵਿੱਚ ਯਿਸੂ ਮਸੀਹ ਦੀ ਆਮਦ

ਸੰਬੰਧੀ ਬਹੁਤ ਸਾਰੀਆਂ ਭਵਿੱਖਬਾਣੀਆਂ ਹਨ। ਯਿਸੂ ਮਸੀਹ ਦੇ ਆਉਣ ਬਾਰੇ ਜ਼ਿਕਰ ਕੀਤਾ ਗਿਆ ਹੈ। ਕੁਝ ਉਦਾਹਰਣਾਂ ਤੋਂ ਭਵਿੱਖਬਾਣੀ ਬਾਰੇ ਸੰਕੇਤ ਪ੍ਰਾਪਤ ਹੋ ਜਾਂਦੇ ਹਨ। ਮਿਸਾਲ ਵਜੋਂ

> ਜੋ ਲੋਕ ਹਨ੍ਹੇਰੇ ਵਿੱਚ ਚੱਲਦੇ ਹਨ, ਉਨ੍ਹਾਂ ਨੇ ਵੱਡਾ ਚਾਨਣ ਵੇਖਿਆ, ਅਤੇ ਜਿਹੜੇ ਮੌਤ ਦੀ ਛਾਇਆ ਵਿਚ ਰਹਿੰਦੇ ਹਨ ਉਨ੍ਹਾਂ ਉੱਤੇ ਚਾਨਣ ਦਾ ਪ੍ਰਕਾਸ਼ ਹੋਇਆ।[49]

ਈਸਾਈ ਧਰਮ ਵਿੱਚ ਇਹ ਵਿਚਾਰ ਸਥਾਪਿਤ ਕੀਤਾ ਗਿਆ ਹੈ ਕਿ

> ਈਸਾ ਮਸੀਹ ਰੂਹਉਲ-ਕੁਦੁਸ (ਰੱਬ ਦੀ ਆਤਮਾ) ਸੀ, ਉਹ ਮਨੁੱਖ ਨਹੀਂ ਸਗੋਂ ਮਨੁੱਖਾਂ ਨੂੰ ਗੁਨਾਹਾਂ ਤੋਂ ਨਿਜ਼ਾਤ ਦਿਵਾਣ ਲਈ ਆਇਆ ਸੀ। ਉਸਦੀ ਹਕੂਮਤ ਅਤੇ ਸ਼ਾਂਤੀ ਦਾ ਕਦੇ ਅੰਤ ਨਹੀਂ ਹੋਇਆ।[50]

ਇਸ ਨਾਲ ਇਹ ਧਰਮ ਸ਼ਾਸਤਰੀ ਪੱਖ ਸਾਹਮਣੇ ਆ ਜਾਂਦਾ ਹੈ ਕਿ ਅਧਿਆਤਮਿਕ ਬੁਲੰਦੀਆਂ ਨਾਲੋਂ ਵਿਸ਼ਵਾਸ ਦੇ ਯਥਾਰਥ ਦਾ ਮਾਨਵ ਦੇ ਜੀਵਨ ਵਿੱਚ ਵਧੇਰੇ ਸਾਰਥਿਕ ਰੋਲ (ਭੂਮਿਕਾ) ਹੈ।

**ਏਕਈਸ਼ਵਰਵਾਦ :** ਯਹੂਦੀਆਂ ਦੀ ਤਰ੍ਹਾਂ ਈਸਾਈ ਲੋਕ ਵੀ ਪਰਮਾਤਮਾ ਨੂੰ ਇੱਕ ਮੰਨਦੇ ਹਨ। ਉਨ੍ਹਾਂ ਦੇ ਧਰਮ ਅਨੁਸਾਰ,

> ਪਰਮਾਤਮਾ ਸਰਬਵਿਆਪਕ, ਸ੍ਵੈ-ਪ੍ਰਕਾਸ਼ਮਾਨ, ਜੋਤ-ਸਰੂਪ ਅਤੇ ਪਰਾਭੌਤਿਕ ਹੈ। ਉਹ ਪਵਿੱਤਰਤਾ, ਦਇਆ, ਸੱਚਾਈ ਅਤੇ ਅਨੰਦ ਦਾ ਸੋਮਾ ਹੈ।[51]

ਉਹ ਕਰਤਾ ਅਤੇ ਮੁਕਤੀ ਦਾਤਾ ਵੀ ਹੈ। ਸਭ ਤੋਂ ਜ਼ਿਆਦਾ ਉਸ ਪਰਮ-ਪਿਤਾ ਨੂੰ ਪ੍ਰੀਤ ਮੁਜੱਸਮੇ ਦਾ ਪ੍ਰਤੀਕ ਮੰਨਿਆ ਗਿਆ ਹੈ ਜਿਸਦਾ ਹਿਰਦਾ ਆਪਣੀ ਸਾਜੀ ਹੋਈ ਮਨੁੱਖਤਾ ਪ੍ਰਤੀ ਪਿਆਰ ਉਛਾਲੇ ਮਾਰਦਾ ਰਹਿੰਦਾ ਹੈ।

> ਪਰਮਾਤਮਾ ਬਾਰੇ ਈਸਾਈ ਧਰਮ ਸ਼ਾਸਤਰੀਆਂ ਨੇ ਵੀ "ਤ੍ਰੀਏਕਤਾ ਪਰਮੇਸ਼ਰ (Triune God) ਦਾ ਸਿਧਾਂਤ ਪੇਸ਼ ਕੀਤਾ ਹੋਇਆ ਹੈ ਜੋ ਪੱਛਮ ਵਿੱਚ ਦੂਸਰੀ ਸ਼ਤਾਬਦੀ ਵਿਚ ਪਾਦਰੀਆਂ ਦੁਆਰਾ ਸਾਹਮਣੇ ਲਿਆਂਦਾ ਗਿਆ।[52]

ਅਸਲ ਵਿਚ ਯਿਸੂ ਮਸੀਹ ਦੇ ਵਿਅਕਤੀਤਵ ਨੂੰ ਸਮਝਣ ਲਈ ਇਹ ਤ੍ਰੀਏਕਤਾ ਦਾ ਸਿਧਾਂਤ ਸਥਾਪਿਤ ਕੀਤਾ ਗਿਆ ਕਿਉਂਕਿ ਯਿਸੂ ਮਸੀਹ ਨੂੰ ਈਸ਼ਵਰੀ ਅਵਤਾਰ ਪਰਵਾਨ ਕੀਤਾ ਗਿਆ ਹੈ ਅਤੇ ਉਸ ਦੇ ਵਿਅਕਤੀਤਵ ਵਿੱਚ ਈਸ਼ਵਰੀ ਅਤੇ ਇਨਸਾਨੀ ਗੁਣ ਪੂਰਨ ਰੂਪ ਵਿੱਚ ਮੰਨੇ ਗਏ ਹਨ। ਬਾਈਬਲ ਵਿੱਚ ਕਈ ਥਾਂ ਸੰਕੇਤ ਆਇਆ ਹੈ ਕਿ ਈਸ਼ਵਰ ਪਿਤਾ, ਈਸ਼ਵਰ ਪੁੱਤਰ ਅਤੇ ਈਸ਼ਵਰ ਪਵਿੱਤਰ ਆਤਮਾ ਇਹ ਤਿੰਨੇ ਵਿਅਕਤੀਤਵ ਮਿਲ ਕੇ ਈਸ਼ਵਰ ਬਣਦਾ ਹੈ।

ਈਸਾਈ ਧਰਮ ਵਿੱਚ ਇਹ ਸਿਧਾਂਤ ਪ੍ਰਸਿੱਧ ਹੈ ਕਿ ਮਨੁੱਖ ਭੁੱਲਣਹਾਰ ਪਾਪੀ ਹੈ। ਈਸਾ ਮਸੀਹ ਬਖਸ਼ਿੰਦ ਹੈ ਇਸ ਲਈ ਕਿਹਾ ਜਾ ਸਕਦਾ ਹੈ ਕਿ ਈਸਾਈ ਧਰਮ ਵਿੱਚ ਮਨੁੱਖ ਨੂੰ ਪਾਪਾਂ ਦਾ ਪ੍ਰਤੀਕ ਅਤੇ ਈਸਾ ਮਸੀਹ ਨੂੰ ਪਰਮੇਸ਼ਰ ਦੀ ਦੈਵੀ ਕ੍ਰਿਪਾ ਦਾ ਪ੍ਰਤੀਨਿਧ ਪਰਵਾਨ ਕੀਤਾ ਜਾਂਦਾ ਹੈ। ਇਹ ਵਿਸ਼ਵਾਸ ਹੀ ਸਾਰੇ ਈਸਾਈ ਧਰਮ ਅਤੇ ਵਿਗਿਆਨ (Theology) ਦਾ ਕੇਂਦਰੀ ਬਿੰਦੂ ਕਿਹਾ ਜਾ ਸਕਦਾ ਹੈ।

ਬਾਈਬਲ ਵਿੱਚ ਪਹਿਲੇ ਮਨੁੱਖ ਨੂੰ 'ਆਦਮ' ਅਤੇ ਉਸਦੀ ਸਾਥਣ 'ਹਵਾ' ਨੂੰ ਪਹਿਲੀ ਨਾਰੀ ਸਮਝਿਆ ਗਿਆ।

> ਆਦਮ ਦੀ ਸੰਤਾਨ ਹੋਣ ਕਰਕੇ ਕੋਈ ਮਨੁੱਖ ਵੀ ਇਸ ਤੋਂ ਮੁਕਤ ਨਹੀਂ ਹੋ ਸਕਦਾ। ਇਹ ਮਨੁੱਖੀ ਸੁਭਾਅ ਦਾ ਅੰਗ ਬਣ ਗਿਆ ਹੈ। ਇਸ ਪਾਪ ਕਾਰਨ ਪਰਮੇਸ਼ਰ ਨੇ 'ਆਦਮ' ਤੇ 'ਹਵਾ' ਨੂੰ ਅਦਨ ਦੇ ਬਾਗ ਵਿੱਚੋਂ ਕੱਢ ਦਿੱਤਾ।[53]

ਬਾਈਬਲ ਵਿਚਲੀ ਆਦਮ ਤੇ ਹਵਾ ਦੀ ਕਹਾਣੀ ਮਨੁੱਖਤਾ ਦਾ ਪ੍ਰਾਰੰਭਿਕ ਇਤਿਹਾਸ ਨਾ ਵੀ ਹੋਵੇ, ਪਰ ਇਸ ਤੋਂ ਕਿਤੇ ਵਧੇਰੇ ਇਸ ਦੀ ਮਹੱਤਤਾ ਇਸ ਵਿਚ ਹੈ ਕਿ ਇਸ ਵਿਚਲਾ 'ਸੱਤ' ਚਿਰੰਜੀਵ ਹੈ, ਅਰਥਾਤ ਉਹ ਕਾਲ ਵਿੱਚ 'ਸੱਚ' ਹੈ। ਉਕਤ ਮੁਲਾਂਕਣ ਦੇ ਆਧਾਰ ਤੇ ਬਾਈਬਲ ਦੀ ਇਸ ਕਹਾਣੀ ਦੇ ਵਿੱਚ ਪ੍ਰਗਟ ਹੋਏ ਤੱਥਾਂ ਤੋਂ ਤਿੰਨ ਗੱਲਾਂ ਸਾਹਮਣੇ ਆਉਂਦੀਆਂ ਹਨ :

1. ਮਨੁੱਖ ਦੀ ਰਚਨਾ ਪਰਮੇਸ਼ਰ ਦੇ ਆਪੇ ਤੋਂ ਹੋਈ ਭਾਵ ਕਿ ਮਨੁੱਖ ਪਰਮਾਤਮ ਸਰੂਪ ਹੈ।
2. ਮਨੁੱਖ ਦੀ ਉਤਪਤੀ ਵੇਲੇ ਇਹ ਨਿਰਪਾਪ ਸੀ ਅਤੇ ਇਸਦਾ ਪਰਮਾਤਮਾ ਨਾਲ ਸਿੱਧਾ ਸੰਬੰਧ ਸੀ।
3. ਪਰਮਾਤਮਾ ਨੇ ਮਨੁੱਖ ਦੀ ਉਤਪਤੀ ਵੇਲੇ ਹੀ ਮਨੁੱਖ ਨੂੰ ਕਰਮ ਕਰਨ ਵਿੱਚ ਸੁਤੰਤਰ ਰੱਖਿਆ।

ਈਸਾਈ ਧਰਮ ਵਿਗਿਆਨ ਵਿੱਚ ਪੁਨਰ ਉਥਾਨ ਭਾਵ ਮੁੜ ਸੁਰਜੀਤੀ ਦੇ ਵਿਸ਼ਵਾਸ ਨੂੰ ਈਸਾਈ ਧਰਮ ਸ਼ਾਸਤਰ ਦਾ ਪ੍ਰਮੁੱਖ ਨੁਕਤਾ ਪਰਵਾਨ ਕੀਤਾ ਗਿਆ ਹੈ। ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਸਿਧਾਂਤ ਦਾ ਇਹ ਤੀਸਰਾ ਅਤੇ ਮਹੱਤਵਪੂਰਨ ਭਾਗ ਹੈ ਜੋ ਈਸਾਈ ਧਰਮ ਸ਼ਾਸਤਰ ਦੀ ਆਧਾਰ ਸ਼ਿਲਾ (ਮੁਢ) ਕਿਹਾ ਜਾ ਸਕਦਾ ਹੈ।

> ਬਾਈਬਲ ਦੇ ਇੰਜੀਲ ਭਾਵ ਨਵੇਂ ਨੇਮ ਵਾਲੇ ਭਾਗ ਵਿੱਚ ਬਹੁਤ ਥਾਈਂ ਇਹ ਅੰਕਿਤ ਹੈ ਕਿ ਯਿਸੂ ਮਸੀਹ ਮਰਕੇ ਮੁੜ ਜੀਵਨ ਨੂੰ ਪ੍ਰਾਪਤ ਹੋਏ। ਉਹ ਚਾਲੀ

> ਦਿਨ ਤੱਕ ਆਪਣੇ ਪੈਰੋਕਾਰਾਂ ਅਤੇ ਹੋਰਨਾਂ ਲੋਕਾਂ ਨੂੰ ਦਰਸ਼ਨ ਦਿੰਦੇ ਰਹੇ। ਫਿਰ ਉਹ ਅਸਮਾਨ ਤੇ ਚਲੇ ਗਏ ਤੇ ਫਿਰ ਦਸ ਦਿਨਾਂ ਬਾਅਦ ਪੈਂਤੀਕੋਸ਼ਤ (Penticost) ਦੇ ਦਿਨ ਆਪਣੇ ਸ਼ਿਸ਼ਾ ਸਾਹਮਣੇ ਪਵਿੱਤਰ ਆਤਮਾ ਦੇ (Holy Spirit) ਦੇ ਰੂਪ ਵਿੱਚ ਅਵਤਰਿਤ ਹੋਏ।[54]

ਇੰਜੀਲ ਵਿੱਚ ਕਈ ਥਾਈਂ ਯਿਸੂ ਮਸੀਹ ਦੇ ਆਪਣੇ ਵੱਲੋਂ ਵੀ ਇਹ ਭਵਿੱਖਬਾਣੀ ਦਰਜ ਹੈ ਕਿ ਮੈਂ ਮਰਨ ਤੋਂ ਬਾਅਦ ਮੁੜ ਪਵਿੱਤਰ ਆਤਮਾ ਦੇ ਰੂਪ ਵਿੱਚ ਦਰਸ਼ਨ ਦੇਵਾਂਗਾ।

ਧਰਮ ਸ਼ਾਸਤਰੀ ਰੋਸ਼ਨੀ ਵਿੱਚ ਈਸਾਈ ਧਰਮ ਦੇ ਕੁੱਝ ਮੁੱਖ ਧਾਰਮਿਕ ਸੰਸਕਾਰਾਂ ਦਾ ਅਧਿਐਨ ਤਰਕ ਸੰਗਤ ਰਹੇਗਾ।

> ਈਸਾਈ ਧਰਮ ਸੰਸਕਾਰਾਂ ਦੇ ਪ੍ਰਮੁੱਖ ਸੰਸਕਾਰ ਬਪਤਿਸ਼ਮਾ, ਪਰਿਪੁਸ਼ਟੀ, ਅੰਤਿਮ ਅੰਮ੍ਰਿਤ ਛਿੱਟਾ (extreme unction) ਨਿਯੁੱਕਤੀ (Ordination) ਤੇ ਵਿਆਹ। ਇਹ ਉਹ ਸੰਸਕਾਰ ਸਨ ਜੋ ਧਰਮ-ਕਰਮ, ਸੱਤ ਨੂੰ ਬਾਰ੍ਹਵੀਂ ਸਦੀ ਤੱਕ ਪ੍ਰਵਾਨ ਕੀਤੇ ਜਾ ਚੁੱਕੇ ਸਨ। ਬਪਤਿਸ਼ਮਾ ਜਨਮ-ਪਾਪ ਦੇ ਪ੍ਰਭਾਵ ਨੂੰ ਦੂਰ ਕਰਦਾ ਸੀ। ਪਰਿਪੁਸ਼ਟੀ ਬੱਚੇ ਦੇ ਬਾਰਾਂ ਸਾਲ ਦੇ ਹੋ ਜਾਣ ਬਾਅਦ ਉਸ ਦੇ ਬਪਤਿਸ਼ਮਾ ਪਾ ਲੈਣ ਦੀ ਘੋਸ਼ਣਾ ਸੀ।[55]

ਧਰਮ ਸ਼ਾਸਤਰੀ ਦ੍ਰਿਸ਼ਟੀ ਤੋਂ ਇਹ ਪ੍ਰਤੱਖ ਨਜ਼ਰ ਆਉਂਦਾ ਹੈ ਕਿ ਈਸਾਈ ਮਤ ਵਿੱਚ ਪਰਮਾਤਮ ਰਾਜ ਦੁਨਿਆਵੀਂ ਰਾਜਨੀਤਿਕ ਸ਼ਕਤੀ ਨੂੰ ਸਥਾਪਿਤ ਕੀਤਾ ਹੋਇਆ ਨਹੀਂ ਸਗੋਂ ਪ੍ਰਭੂ ਦੇ ਨਾਂ ਨੂੰ ਆਪਣੇ ਮਨ ਦੀ ਉਪਜਾਊ ਧਰਤੀ ਵਿੱਚ ਸਮੋ ਕੇ ਆਪਣੇ ਆਪ ਨੂੰ ਬੁਰੇ ਕਰਮਾਂ ਤੋਂ ਵਰਜਿਤ ਕਰਨਾ ਹੈ ਅਤੇ ਸੰਸਾਰਿਕ ਵਸਤਾਂ, ਸੁੱਖ ਅਤੇ ਅਰਾਮ ਨੂੰ ਤਿਆਗਣਾ ਹੈ। ਜਿੱਥੇ ਪਰਮੇਸ਼ਰ ਦਾ ਰਾਜ ਪੂਰੀ ਤਰ੍ਹਾਂ ਸਥਾਪਿਤ ਹੋ ਜਾਂਦਾ ਹੈ ਉਥੇ ਕੋਈ ਕਿਸੇ ਦਾ ਵੈਰੀ ਜਾਂ ਦੁਸ਼ਮਣ ਨਹੀਂ ਹੁੰਦਾ, ਸਗੋਂ ਸਾਰੇ ਇੱਕ ਦੂਜੇ ਦੇ ਭਰਾ ਹੁੰਦੇ ਹਨ। ਸਾਰੇ ਪਰਮੇਸ਼ਰ ਦੇ ਪੁੱਤਰ ਹੁੰਦੇ ਹਨ। ਇਸ ਤਰ੍ਹਾਂ ਈਸਾਈ ਧਰਮ ਦੇ ਕਈ ਪੱਖ ਸਾਹਮਣੇ ਆਏ ਹਨ।

**ਇਸਲਾਮ ਧਰਮ ਸ਼ਾਸਤਰ :** ਭਾਰਤ ਉੱਤੇ ਜਦੋਂ ਸਮਰਾਟ ਹਰਸ਼ ਵਰਧਨ ਦਾ ਰਾਜ ਸੀ ਤਾਂ ਉਸ ਸਮੇਂ

> ਇਸਲਾਮ ਧਰਮ ਦੇ ਬਾਨੀ ਹਜ਼ਰਤ ਮੁਹੰਮਦ ਸਾਹਿਬ ਸਨ। ਉਨ੍ਹਾਂ ਦਾ ਜਨਮ ਮੱਕੇ ਵਿਖੇ ਇੱਕ ਕੁਰੈਸ਼ ਕਬੀਲੇ ਵਿੱਚ 570 ਈ. ਵਿੱਚ ਹੋਇਆ ਅਤੇ 611 ਈ. ਵਿਚ ਉਨ੍ਹਾਂ ਨੇ ਆਪਣੀ ਪੈਗੰਬਰੀ ਦਾ ਐਲਾਨ ਕੀਤਾ।[56]

ਇਸਲਾਮ ਅਰਬੀ ਭਾਸ਼ਾ ਦਾ ਲਫ਼ਜ਼ ਹੈ ਤੇ ਇਸਦੇ ਅਰਥ ਹਨ :

> ਤਰਕ ਜਾਂ ਤਿਆਗ, ਸਿਰ ਝੁਕਾਉਣਾ, ਖ਼ੁਦਾ ਦੀ ਰਜ਼ਾ ਨੂੰ ਸਲਾਮ ਭਾਵ ਅੰਗੀਕਾਰ ਕਰਨਾ। ਦੂਸਰੇ ਸ਼ਬਦਾਂ ਵਿਚ ਉਸ ਦਾ ਭਾਣਾ ਮੰਨਣਾ।[57]

ਡਿਕਸ਼ਨਰੀ ਆਫ਼ ਇਸਲਾਮ ਅਨੁਸਾਰ, ਇਸਲਾਮ ਦੇ ਅਰਥ ਪਰਮਾਤਮਾ ਦੀ ਰਜ਼ਾ ਵਿੱਚ ਆਪਣੇ ਆਪ ਨੂੰ ਪੂਰਨ ਤੌਰ ਤੇ ਸਮਰਪਿਤ ਕਰ ਦੇਣਾ ਹੈ। ਇਸਲਾਮ ਨੂੰ ਪੰਜ ਧਾਰਮਿਕ ਜ਼ਿੰਮੇਵਾਰੀਆਂ ਨਿਭਾਉਣ ਵਾਸਤੇ ਵਚਨਬੱਧ ਮੰਨਿਆ ਜਾਂਦਾ ਹੈ। ਜੋ ਇਸ ਤਰ੍ਹਾਂ ਹਨ :

> ਇਸ ਅਧਿਆਤਮਿਕ ਸੱਚਾਈ ਵਿੱਚ ਵਿਸ਼ਵਾਸ ਕਰਨਾ ਕਿ ਅੱਲ੍ਹਾ ਹੈ ਅਤੇ ਉਹ ਕੇਵਲ ਇੱਕ ਹੀ ਹੈ। (1) ਕਲਮਾ ਪੜ੍ਹਨਾ, (2) ਪੰਜ ਨਿਮਾਜ਼ਾਂ ਦੀ ਮਰਿਯਾਦਾ ਦਾ ਪਾਲਣ ਕਰਨਾ, (3) ਜ਼ਕਾਤ, (4) ਰੋਜ਼ੇ ਰੱਖਣੇ, (5) ਜੀਵਨ ਵਿੱਚ ਘੱਟੋ ਘੱਟ ਇੱਕ ਵਾਰ ਹੱਜ ਜਾਣਾ।[58]

ਇਸਲਾਮ ਧਰਮ ਵਿੱਚ ਥਿਆਲੋਜੀ ਦਾ ਸਮਅਰਥੀ ਸ਼ਬਦ ਇਲਮ-ਅਲ ਕਲਾਮ (Ilm al-kalam) ਹੈ। ਇਸ ਸ਼ਬਦ ਨੂੰ ਕਾਫ਼ੀ ਪਹਿਲੇ ਸਮੇਂ ਤੋਂ ਹੀ ਇਸਲਾਮ ਦੇ ਪਰਵਾਨਿਤ ਧਾਰਮਿਕ ਵਿਗਿਆਨਾਂ ਵਿੱਚ ਇੱਕ ਪਰਵਾਨ ਕੀਤਾ ਜਾਂਦਾ ਰਿਹਾ ਹੈ। Ilam al-kalam ਦਾ 'ਸ਼ਬਦ' ਹੈ ਅਤੇ 'ਇਲਮ' ਦਾ ਅਰਥ ਹੈ 'ਗਿਆਨ'। Ilam al-kalam ਦਾ ਭਾਵ ਉਹ ਗਿਆਨ ਹੋਇਆ ਜੋ ਰੱਬੀ ਸ਼ਬਦ ਦੇ ਅਰਥਾਂ ਨੂੰ ਪ੍ਰਗਟ ਕਰੇ।

ਇਸਲਾਮੀ ਸਿੱਖਿਆ ਵਿੱਚੋਂ ਵੱਡੀ ਸਿੱਖਿਆ ਇੱਕ ਅੱਲਾਹ ਵਿੱਚ ਯਕੀਨ ਰੱਖਣਾ ਹੈ ਜੋ

> ਸਾਰੀ ਸ੍ਰਿਸ਼ਟੀ ਦਾ ਪੈਦਾ ਕਰਨ ਵਾਲਾ, ਤਬਾਹ ਕਰਨ ਵਾਲਾ ਤੇ ਪ੍ਰਤਿਪਾਲਕ ਹੈ। ਇਸਲਾਮ ਏਕਤਾ, ਨਿਆਂ, ਸਮਾਨਤਾ, ਨਿਮਰਤਾ, ਮਨੁੱਖਤਾ ਦੀ ਸੇਵਾ ਆਦਿ ਦੀ ਸਿੱਖਿਆ ਦਿੰਦਾ ਹੈ।[59]

ਇਸਲਾਮ ਨੂੰ ਅਜਿਹਾ ਧਰਮ ਪਰਵਾਨ ਕੀਤਾ ਗਿਆ ਹੈ ਜਿਸ ਦਾ ਵਿਸ਼ਾ ਕੇਵਲ ਵਿਅਕਤੀ ਦਾ ਨਿੱਜ ਹੀ ਨਹੀਂ ਸਗੋਂ ਇਨਸਾਨੀ ਸਮੂਹ ਹੈ। ਇਸਲਾਮੀ ਸਿਧਾਂਤ ਵਿਅਕਤੀ ਦੇ ਸਮੁੱਚੇ ਵਿਹਾਰ ਨੂੰ ਵੀ ਨਿਰਧਾਰਤ ਕਰਦਾ ਹੈ।

> ਕੁਰਾਨ ਵਿੱਚ ਵਿੱਚ ਮਨੁੱਖ, ਮਨੁੱਖ ਦੇ ਵਿਵਿਧ ਸੰਬੰਧਾਂ, ਰਾਜਨੀਤਿਕ ਵਰਤਾਓ, ਨਿਆਂ, ਸ਼ਾਸਨ, ਸੈਨਾ, ਸੰਗਠਨ, ਵਿਆਹ, ਤਲਾਕ, ਸ਼ਾਂਤੀ, ਯੁੱਧ, ਕਰਜ਼ਾ, ਸੂਦਖੋਰੀ ਕਰਨ ਆਦਿ ਸੰਬੰਧੀ ਧਾਰਮਿਕ ਉਪਦੇਸ਼ ਹਨ, ਜਿਨ੍ਹਾਂ ਦਾ ਪਾਲਣ ਧਾਰਮਿਕ ਨਿਆਂ ਵਾਂਗ ਹੀ ਜ਼ਰੂਰੀ ਮੰਨਿਆ ਗਿਆ ਹੈ।[60]

ਇਸਲਾਮ ਨੇ ਮਾਨਵ ਜੀਵਨ ਅਤੇ ਮਾਨਵ ਵਿਅਕਤਿੱਤਵ ਦੀ ਵਿਲੱਖਣਤਾ ਨੂੰ ਸਮਝਣ ਅਤੇ ਕਬੂਲ ਕਰਨ ਦਾ ਨਿਸ਼ਚਿਤ ਅਤੇ ਸਪੱਸ਼ਟ ਮਾਰਗ ਦਰਸਾਇਆ ਹੋਇਆ ਹੈ।

> ਮਨੁੱਖ ਨੂੰ ਇਸਲਾਮ ਨੇ ਇਥੋਂ ਤੱਕ ਮਾਨਤਾ ਦਿੱਤੀ ਹੋਈ ਹੈ ਕਿ 'ਕੁਰਾਨ' ਵਿਚ ਦਰਜ ਹੈ ਕਿ ਰੱਬ ਨੇ ਇਨਸਾਨ ਨੂੰ ਸਰਵੋਤਮ ਬਣਤਰ ਵਜੋਂ ਪੈਦਾ ਕੀਤਾ ਹੈ।[61]

ਇਸਲਾਮ ਵਿਚ ਇਨ੍ਹਾਂ ਪੰਜ ਮਨੌਤਾਂ ਨੂੰ ਧਰਮ ਸ਼ਾਸਤਰੀ ਆਧਾਰ ਵਜੋਂ ਪਰਵਾਨ ਕਰ ਲਿਆ ਗਿਆ ਹੈ।

1. ਈਮਾਨ (Relious belief)
2. ਇਬਾਦਤ (Acts of Workship)
3. ਵਿਅਕਤੀਗਤ ਵਿਵਹਾਰ (Individual behaviour)
4. ਘਰੋਗੀ ਵਿਵਹਾਰ (Home made behaviour)
5. ਸਮਾਜਿਕ ਤੇ ਰਾਜਨੀਤਕ ਵਿਵਹਾਰ (Social and Political Behaviour)[62]

ਉਪਰ ਦਿੱਤੇ ਸਾਰੇ ਸਰੋਕਾਰਾਂ ਨਾਲ ਹੀ ਇਸਲਾਮ ਧਰਮ ਦਾ ਸ਼ਾਸਤਰ ਸਥਾਪਿਤ ਹੁੰਦਾ ਹੈ। ਕੁਰਾਨ ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਮੁਸਲਮਾਨ ਉਹ ਹੈ ਜੋ ਆਪਣੇ ਵਿਵਹਾਰ ਅਤੇ ਕਾਰੋਬਾਰ ਵਿੱਚ ਸੱਚਾ ਅਤੇ ਇਮਾਨਦਾਰ ਹੋਵੇ, ਕਿਸੇ ਨੂੰ ਧੋਖਾ ਨਾ ਦੇਵੇ, ਕਿਸੇ ਦਾ ਹੱਕ ਨਾ ਮਾਰੇ, ਝੂਠੀ ਗਵਾਹੀ ਨਾ ਦੇਵੇ, ਰਿਸ਼ਵਤ ਨਾਲ ਹਰਾਮ ਦੀ ਕਮਾਈ ਤੋਂ ਬਚਿਆ ਰਹੇ। ਇਸਲਾਮੀ ਧਰਮ-ਸ਼ਾਸਤਰ ਅਨੁਸਾਰ ਮਜ਼ਹਬੀ ਜੀਵਨ ਦਾ ਉਦੇਸ਼, ਤਜਰਬਾ ਉਹੀ ਹੈ ਜਿਸਦਾ ਸੰਬੰਧ ਰੱਬ ਵਿੱਚ ਵਿਸ਼ਵਾਸ ਅਤੇ ਉਸਦੀ ਉਪਾਸਨਾ ਨਾਲ ਹੈ। ਇਸਲਾਮ ਧਰਮ ਦਾ ਬੁਨਿਆਦੀ ਸਿਧਾਂਤ ਹੀ ਜਿਵੇਂ ਪਹਿਲਾਂ ਜ਼ਿਕਰ ਕੀਤਾ ਗਿਆ ਹੈ 'ਤੌਹੀਦ' ਅਰਥਾਤ ਇਕਈਸ਼੍ਵਰਵਾਦ ਹੈ ਅਤੇ ਸਾਰਾ ਇਸਲਾਮੀ ਮਨੁੱਖੀ ਜੀਵਨ ਇਸਦੇ ਦੁਆਲੇ ਹੀ ਘੁੰਮਦਾ ਹੈ। ਕੁਰਾਨ ਦੇ ਹਰ ਸੂਰਤ ਜਾਂ ਸੁਰੇ ਦੇ ਅਰੰਭ ਵਿੱਚ ਰਹਿਮਾਨ ਅਤੇ ਰਹੀਮ ਦੇ ਸ਼ਬਦ ਦਰਜ ਹਨ ਅਰਥਾਤ ਪਰਮਾਤਮਾ ਕਿਰਪਾ ਨਿਧਾਨ ਅਤੇ ਦਇਆਵਾਨ ਹੈ।

> ਇਸ ਬਾਰੇ ਵੀ ਪਵਿੱਤਰ ਕੁਰਾਨ ਅਤੇ ਹਦੀਸਾ ਵਿਚ ਸੰਕੇਤ ਦਿੱਤੇ ਗਏ ਹਨ। ਜਿਸ ਸਮਾਜ ਵਿੱਚ ਮੁਹੰਮਦ ਸਾਹਿਬ ਦੀ ਆਮਦ ਹੋਈ ਉਸ ਸਮਾਜ ਵਿਚ ਉਸ ਵੇਲੇ ਬਹੁਤ ਨਿਘਾਰ ਆਇਆ ਹੋਇਆ ਸੀ। ਬੁੱਤ ਪੂਜਾ, ਸ਼ਰਾਬ ਅਤੇ ਜੂਆ ਆਪਣੇ ਸ਼ਿਖਰ ਤੇ ਪੁੱਜਾ ਹੋਇਆ ਸੀ। ਕੁਰਾਨ ਵਿੱਚ ਜੂਏ ਬਾਰੇ ਹੱਟਵਾਣੀਆਂ ਵਲੋਂ ਘੱਟ ਤੋਲਣ ਬਾਰੇ ਹਵਾਲੇ ਆਏ ਹਨ।[63]

ਇਸਦੇ ਨਾਲ ਹੀ ਇਸਲਾਮ ਵਿਚ ਜਾਤ, ਬਰਾਦਰੀ, ਅਮੀਰ ਗਰੀਬ ਦਾ ਫ਼ਰਕ ਘਟਾਉਣ ਲਈ ਬਹੁਤ ਸਾਰੇ ਯਤਨ ਕੀਤੇ ਗਏ ਹਨ।

ਕੁਰਾਨ ਵਿੱਚ ਬਾਈਬਲ ਵਾਂਗ ਹੀ ਕਈ ਪ੍ਰਸੰਗ ਹਨ, ਜੋ ਇਸ ਦੇ ਪ੍ਰਤਿਕੂਲ ਦ੍ਰਿਸ਼ਟੀਕੋਣ ਨੂੰ ਦਰਸਾਉਂਦੇ ਹਨ

> ਜਨੱਤ ਉਨ੍ਹਾਂ ਲਈ ਤਿਆਰ ਹੈ ਜੋ ਖ਼ੈਰਾਤ ਵਿਚ ਧਨ ਖ਼ਰਚ ਕਰਦੇ ਹਨ, ਕ੍ਰੋਧ ਨੂੰ ਦਬਾਂਦੇ ਹਨ, ਤੇ ਖਿਮਾ ਵਰਤਦੇ ਹਨ, ਕਿਉਂਕਿ ਅੱਲਾ ਦਇਆਵਾਨ ਨੂੰ ਮੁਹੱਬਤ ਕਰਦਾ ਹੈ। ਕਿਸੇ ਨੂੰ ਆਪਣੇ ਗੁਆਂਢੀ ਨਾਲ ਉਹ ਵਰਤਾਰਾ ਨਹੀਂ ਕਰਨਾ ਚਾਹੀਦਾ ਜੋ ਉਹ ਆਪਣੇ ਲਈ ਪਸੰਦ ਨਹੀਂ ਕਰਦਾ।[64]

ਇਸਲਾਮ ਧਰਮ ਵਿੱਚ

> ਵਿਆਜ਼ ਨਾ ਲੈਣਾ, ਇਸਤਰੀਆਂ ਦੇ ਹੱਕਾਂ ਬਾਰੇ, ਗ਼ੁਲਾਮਾਂ ਬਾਰੇ, ਗ਼ੁਲਾਮਾਂ ਨਾਲ ਚੰਗੇ ਵਰਤਾਓ ਬਾਰੇ ਤੇ ਨੇਕ ਕਿਰਤ ਬਾਰੇ, ਗੁਆਂਢੀਆਂ ਨਾਲ ਚੰਗੇ ਵਰਤਾਓ ਬਾਰੇ ਬਹੁਤ ਸਾਰੀਆਂ ਨੇਕ ਨਸੀਹਤਾਂ ਦਿੱਤੀਆਂ ਗਈਆਂ ਹਨ ਜਿਨ੍ਹਾਂ ਨੂੰ ਮਨੁੱਖ ਆਪਣੀ ਜ਼ਿੰਦਗੀ ਵਿੱਚ ਢਾਲ ਕੇ ਚੰਗੇ ਸਮਾਜ ਦੀ ਉਸਾਰੀ ਕਰ ਸਕਦਾ ਹੈ।[65]

ਸਿੱਟੇ ਵਜੋਂ ਅਸੀਂ ਕਹਿ ਸਕਦੇ ਹਾਂ ਕਿ ਇਸਲਾਮ ਵਿਚ ਪ੍ਰਮੁੱਖਤਾ ਵਿਅਕਤੀ ਦੇ ਨਿੱਜ ਜਾਂ ਵਿਅਕਤੀਗਤ ਧਰਮ ਨੂੰ ਨਹੀਂ ਦਿੱਤੀ ਗਈ ਸਗੋਂ ਵਿਅਕਤੀਆਂ ਦੇ ਸਮੂਹ ਸਮਾਜ ਨੂੰ ਦਿੱਤੀ ਗਈ ਹੈ ਜੋ ਵਿਅਕਤੀਆਂ ਦੇ ਸਮੁੱਚੇ ਵਿਵਹਾਰ ਦਾ ਨਿਰਧਾਰਣ ਕਰਦਾ ਹੈ। ਪਰੰਤੂ ਸਮੁੱਚੀ ਇਸਲਾਮੀ ਸ਼ਰ੍ਹਾ ਅਤੇ ਸਿਧਾਂਤਾਂ ਦੇ ਡੂੰਘੇ ਵਿਸ਼ਲੇਸ਼ਣ ਤੋਂ ਬਹੁਤ ਸਾਰੀਆਂ ਗੱਲਾਂ ਸਾਹਮਣੇ ਆਉਂਦੀਆਂ ਹਨ ਜੋ ਸਪਸ਼ਟ ਸੇਧ ਪ੍ਰਦਾਨ ਕਰਦੀਆਂ ਹਨ।

**ਸਿੱਖ ਧਰਮ :** ਸੰਸਾਰ ਦੇ ਧਰਮ ਇਤਿਹਾਸ ਵਿਚ ਸਿੱਖ ਇਤਿਹਾਸ ਕੋਈ ਪੰਜ ਕੁ ਸੌ ਸਾਲ ਪੁਰਾਣਾ ਹੈ। ਸਿੱਖ ਗੁਰੂ ਸਾਹਿਬਾਨ ਨੇ ਆਪਣੇ ਰੱਬੀ ਅਨੁਭਵ ਨੂੰ ਪ੍ਰਗਟ ਕਰਨ ਲਈ ਬਾਣੀ ਦੇ ਉਚਾਰਨ ਅਤੇ ਰਚਨਾ ਨਾਲ ਹੀ ਦੈਵੀ ਗਿਆਨ ਮਨੁੱਖੀ ਸਮਝ ਦੁਆਰਾ ਸਮਝਣ ਦਾ ਉਦੱਮ ਨਾਲ ਹੀ ਸ਼ੁਰੂ ਹੋ ਜਾਂਦਾ ਹੈ। ਗੁਰੂ ਸਾਹਿਬਾਨ ਦਾ ਬਾਣੀ ਵਿੱਚ ਬਾਣੀ ਦੀ ਵਿਆਖਿਆ ਦਾ ਉੱਦਮ ਸਿੱਖ ਧਰਮ ਦਾ ਪਹਿਲਾ ਯਤਨ ਹੈ। ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦੀ ਰੋਸ਼ਨੀ ਵਿੱਚ ਗੁਰਬਾਣੀ ਦੀ ਵਿਆਖਿਆ ਪ੍ਰਣਾਲੀ ਕਾਇਮ ਹੋ ਗਈ। ਡਾ. ਤਾਰਨ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦੇ ਅੰਤਰਗਤ ਚੱਲ ਰਹੀ ਇਸ ਵਿਆਖਿਆ ਪ੍ਰਣਾਲੀ ਨੂੰ 'ਸਹਿਜ ਪ੍ਰਣਾਲੀ' ਕਿਹਾ ਹੈ।

> ਗੁਰਬਾਣੀ ਦੀ ਸਹਿਜ ਪ੍ਰਣਾਲੀ ਦੀ ਪੁਸ਼ਟੀ ਇਸ ਮਨੌਤ ਤੋਂ ਸਿੱਧ ਹੋ ਜਾਂਦੀ ਹੈ ਕਿ 'ਮੂਲ ਮੰਤਰ ਦੀ ਵਿਆਖਿਆ ਜਪੁਜੀ ਹੈ ਤੇ ਜਪੁਜੀ ਦੀ ਵਿਆਖਿਆ ਸਮੁੱਚੇ ਗੁਰੂ ਗ੍ਰੰਥ ਸਾਹਿਬ ਵਿੱਚ ਹੈ। ਗੁਰਬਾਣੀ ਦੀ ਵਿਆਖਿਆ ਲਈ ਗੁਰਬਾਣੀ ਵਿੱਚੋਂ ਹੀ ਪ੍ਰਮਾਣ ਦੇਣ ਦਾ ਆਧਾਰ ਵੀ ਇਹੋ ਗੱਲ ਹੈ।[66]

ਜਿਸ ਵਿਸ਼ੇ ਨੂੰ ਹੋਰ ਧਰਮ ਵਿੱਚ ਥਿਆਲੋਜੀ ਕਰਕੇ ਜਾਣਿਆ ਜਾਂਦਾ ਹੈ। ਸਿੱਖ ਧਰਮ ਵਿੱਚ ਉਸ ਵਿਸ਼ੇ ਲਈ ਸਿੱਖੀ, ਸਿੱਖ ਮਤ, ਗੁਰਸਿੱਖੀ, ਗੁਰ-ਦਰਸ਼ਨ, ਗੁਰਮਤਿ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਗੁਰਮਤਿ ਵਿੱਚ ਗੁਰੂ ਦੀ ਸਿੱਖਿਆ ਦੇ ਸਿਧਾਂਤਾਂ ਵੱਲ ਧਿਆਨ ਦਿੱਤਾ ਜਾਂਦਾ ਹੈ ਪਰੰਤੂ ਗੁਰਮਤਿ ਵਿਚ ਸਿਧਾਂਤ ਅਤੇ ਅਮਲ ਦਾ ਨਿਖੇੜਾ ਕਰਨਾ ਔਖਾ ਹੈ। ਇਸੇ ਕਰਕੇ ਗੁਰਮਤਿ ਇਨ੍ਹਾਂ ਦੋਹਾਂ ਪੱਖਾਂ ਨੂੰ ਨਾਲ ਲੈ ਤੁਰਦੀ ਹੈ। ਸਿੱਖ ਧਰਮ ਵਿਚ ਪੂਰਬ ਪ੍ਰਚੱਲਿਤ ਧਰਮਾਂ ਦੇ ਮੁਕਾਬਲੇ ਤੇ ਸਿੱਖ ਧਰਮ ਦਾ ਨਿਖੇੜਾ ਬਹੁਤ ਵਿਸਥਾਰ ਸਹਿਤ ਕੀਤਾ ਗਿਆ ਹੈ ਤੇ ਇਹੀ ਇਸ ਦੀ ਵਿਲੱਖਣ ਪਛਾਣ ਦੀ ਮੁੱਖ ਵਿਸ਼ੇਸ਼ਤਾ ਹੈ।

ਸਿੱਖ ਧਰਮ ਦੀ ਵਿਆਖਿਆ ਭਾਈ ਗੁਰਦਾਸ ਦੀਆਂ ਵਾਰਾਂ ਅਤੇ ਕਬਿੱਤ ਸਵੱਈਏ ਵਿੱਚ ਹੋਈ ਹੈ। ਫਿਰ ਵਿਆਖਿਆ ਦੀ ਇਸ ਪਰੰਪਰਾ ਨੂੰ ਭਾਈ ਮਨੀ ਸਿੰਘ ਨੇ ਸਾਖੀ ਦੇ ਰੂਪ ਵਿੱਚ ਅੱਗੇ ਤੋਰਿਆ। ਅੰਗਰੇਜ਼ਾਂ ਦੇ ਪੰਜਾਬ ਤੇ ਰਾਜ ਤੋਂ ਬਾਅਦ ਪੱਛਮੀ ਵਿਦਿਆ ਦੇ ਪ੍ਰਚਾਰ ਤੇ ਪ੍ਰਸਾਰ ਤੋਂ ਪਿਛੋਂ ਸਿੱਖ ਧਰਮ ਵਿੱਚ ਉਦੈ ਹੋਈ ਸਿੰਘ ਸਭਾ ਲਹਿਰ ਨਾਲ ਜੁੜੇ ਵਿਦਵਾਨਾਂ ਨੇ ਸਿੱਖ ਧਰਮ ਦੇ ਸਿਧਾਂਤਾਂ ਨੂੰ ਚੇਤੰਨ ਰੂਪ ਵਿੱਚ ਉਭਾਰਨ ਦਾ ਯਤਨ ਕੀਤਾ। ਇਨ੍ਹਾਂ ਵਿੱਚ ਭਾਈ ਕਾਨ੍ਹ ਸਿੰਘ ਨਾਭਾ, ਭਾਈ ਵੀਰ ਸਿੰਘ, ਭਾਈ ਜੋਧ ਸਿੰਘ, ਪ੍ਰਿੰਸੀਪਲ ਤੇਜਾ ਸਿੰਘ, ਪ੍ਰੋ. ਸਾਹਿਬ ਸਿੰਘ, ਸਰਦੂਲ ਸਿੰਘ ਕਵੀਸ਼ਰ, ਡਾ. ਸ਼ੇਰ ਸਿੰਘ ਆਦਿ ਦੇ ਯਤਨ ਪ੍ਰਸੰਸਾਯੋਗ ਹਨ। ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨ ਕੋਸ਼ ਅਤੇ ਗੁਰਮਤਿ ਮਾਰਤੰਡ ਇਸ ਪੱਖ ਤੋਂ ਵਿਸ਼ੇਸ਼ ਮਹੱਤਵਪੂਰਨ ਹਨ। ਡਾ. ਸ਼ੇਰ ਸਿੰਘ ਨੇ ਗੁਰਮਤਿ ਦਰਸ਼ਨ ਵਿੱਚ ਸਮੁੱਚੀ ਸਿੱਖ ਵਿਚਾਰਧਾਰਾ ਨੂੰ ਪ੍ਰਬੰਧ ਦੇ ਰੂਪ ਪੇਸ਼ ਕਰਨ ਦਾ ਯਤਨ ਕੀਤਾ ਹੈ।

ਚੇਤੰਨ ਰੂਪ ਵਿਚ ਪਹਿਲੀ ਵਾਰ ਸਿੱਖ ਧਰਮ ਦੇ ਬੁਨਿਆਦੀ ਸਿਧਾਂਤਾਂ ਨੂੰ ਈਸਾਈ ਧਰਮ ਸ਼ਾਸਤਰ ਦੇ ਅਨੁਰੂਪ ਪੇਸ਼ ਕਰਨ ਦਾ ਯਤਨ ਕੀਤਾ।

> ਉਸ ਨੇ ਚੇਤੰਨ ਰੂਪ ਵਿੱਚ ਸਿੱਖ ਥਿਆਲੋਜੀ ਦੀ ਲੋੜ ਤੇ ਜ਼ੋਰ ਦਿੱਤਾ। ਜਿਸ ਵਿੱਚ ਅਕਾਲਪੁਰਖ, ਸ੍ਰਿਸ਼ਟੀ ਰਚਨਾ, ਹਉਮੈ, ਮਿਹਰ, ਕਰਮ, ਸ਼ਬਦ ਗੁਰੂ, ਨਾਮ, ਮਨ, ਹੁਕਮ, ਨਾਮ ਸਿਮਰਨ, ਕੀਰਤਨ, ਸੇਵਾ, ਸੱਚਖੰਡ, ਜੀਵਨ ਮੁਕਤ,

> ਦਸਗੁਰੂ ਇੱਕ ਜੋਤ, ਮੀਰੀ-ਪੀਰੀ, ਅੰਮ੍ਰਿਤ- ਸੰਸਕਾਰ, ਖਾਲਸਾ ਆਦਿ ਜਿਹੇ ਵਿਸ਼ੇ ਸ਼ਾਮਲ ਕੀਤੇ ਜਾਣੇ ਚਾਹੀਦੇ ਹਨ।[67]

ਪ੍ਰੋ. ਹਰਬੰਸ ਸਿੰਘ ਦੁਆਰਾ ਚਾਰ ਜਿਲਦਾਂ ਵਿੱਚ ਸੰਪਾਦਿਤ The Encyclopaedia of Sikhism ਨੂੰ ਸਿੱਖ ਸਿਧਾਂਤਾਂ ਦੀ ਵਿਆਖਿਆਕਾਰੀ ਦੇ ਯਤਨਾਂ ਦੀ ਸਿਖਰ ਕਿਹਾ ਜਾ ਸਕਦਾ ਹੈ ਕਿਉਂਕਿ ਇਸ ਵਿੱਚ

> ਸਿੱਖ ਸਿਧਾਂਤਾਂ ਤੇ ਵਿਸਥਾਰਪੂਰਵਕ ਲੇਖ ਹਨ ਪਰੰਤੂ ਇਹ ਗੱਲ ਵੀ ਘੱਟ ਮਹੱਤਵਪੂਰਨ ਨਹੀਂ ਕਿ ਇਸ ਵਿਸ਼ਵਕੋਸ਼ ਵਿਚ ਸਿੱਖ ਥਿਆਲੋਜੀ ਵਿਸ਼ੇ ਉਪਰ ਕੋਈ ਸੁਤੰਤਰ ਲੇਖ ਨਹੀਂ ਇਹ ਤੱਥ ਵੀ ਉੱਪਰ ਬਿਆਨ ਕੀਤੀ ਧਾਰਨਾ ਦੀ ਪੁਸ਼ਟੀ ਕਰਦਾ ਹੈ ਕਿ ਸਿੱਖ ਧਰਮ ਵਿੱਚ ਥਿਆਲੋਜੀ ਦਾ ਸਮਅਰਥੀ ਸ਼ਬਦ ਗੁਰਮਤਿ, ਸਿੱਖ ਮਤ, ਗੁਰ-ਸਿੱਖੀ, ਗੁਰ-ਦਰਸ਼ਨ ਹੀ ਹੈ ਅਤੇ ਸਾਧਨਾਂ ਦਾ ਇਹਨਾਂ ਦੇ ਅੰਤਰਗਤ ਅਧਿਐਨ ਹੋਇਆ ਹੈ ਅਤੇ ਹੋ ਰਿਹਾ ਹੈ।[68]

ਇਸ ਸਾਰੇ ਵਿਚਾਰ ਵਟਾਂਦਰੇ ਤੋਂ ਇਸ ਸਿੱਟੇ ਤੇ ਪਹੁੰਚਿਆ ਜਾ ਸਕਦਾ ਹੈ ਕਿ ਸਿੱਖ ਧਰਮ ਸ਼ਾਸਤਰ ਉਹ ਵਿਗਿਆਨ ਹੈ ਜਿਸ ਦਾ ਸੰਬੰਧ ਵਿਗਿਆਨਿਕ ਤਰੀਕਿਆਂ ਜਾਂ ਵਿਧੀਆਂ ਅਤੇ ਧਰਮ ਨਾਲ ਜੁੜੇ ਹੋਏ ਤੱਥਾਂ ਦੇ ਵਿਸਥਾਰ ਤੇ ਵਿਸ਼ਲੇਸ਼ਣ ਨਾਲ ਹੈ। ਇਹ ਵਿਧੀ ਵਿਸ਼ਵਾਸਾਂ ਦੀ ਧਰਾਤਲ ਦੀ ਨਿਸ਼ਾਨਦੇਹੀ ਵਿੱਚ ਮਦਦ ਕਰਦਾ ਹੈ।

ਸਿੱਖ ਧਰਮ ਦੇ ਸਿਧਾਂਤਕ ਪ੍ਰਸੰਗ ਗੁਰੂ ਗ੍ਰੰਥ ਦੇ ਸਰੂਪ (Structure) ਵਿਚ ਨਿਹਿਤ ਹੁੰਦੇ ਹਨ। ਇਸ ਵਿੱਚ ਸਿੱਖ ਧਰਮ ਦੀ ਪੈਗ਼ੰਬਰੀ ਅਜਮਤ ਵਿੱਚ ਛੇ ਗੁਰੂ ਸਾਹਿਬਾਨਾਂ ਦੀ ਬਾਣੀ ਦਰਜ ਹੈ। ਇਕੱਤੀ (31) ਹੋਰ ਮਹਾਂਪੁਰਖਾਂ ਦਾ ਨਾਦ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਗੁਰੂ ਸਾਹਿਬਾਨ ਦੀ ਇਹ ਤਮੰਨਾ ਸੀ ਕਿ ਕੁੱਲ ਲੋਕਾਈ ਨੂੰ ਸੱਚ ਦੇ ਦੀਦਾਰੇ ਕਰਵਾਏ ਜਾਣ ਅਤੇ ਸੱਚ ਤੇ ਸੁੱਚਤਾ ਦੇ ਮਾਰਗ ਦਾ ਪਾਂਧੀ ਬਣਾਇਆ ਜਾਵੇ ਤਾਂ ਜੋ ਧਰਮ ਦੇ ਨਾਂ ਤੇ ਖੜੀਆਂ ਕੀਤੀਆਂ ਸੰਸਾਰੀ ਵਲਗਣਾਂ ਨਾਲ ਆਈ ਖੜੋਤ ਨੂੰ ਤੋੜਿਆ ਜਾ ਸਕੇ।

ਇਸ ਲਈ ਸਿੱਖ ਧਰਮ ਮਨੁੱਖਤਾ ਲਈ ਕਲਿਆਣਕਾਰੀ ਜੀਵਨ ਦਰਸ਼ਨ ਸੀ ਜਿਸ ਦੀ ਲੋਅ ਵਿੱਚ ਨਵੇਂ ਮਨੁੱਖੀ ਆਦਰਸ਼ ਦਾ ਮਾਡਲ ਸਿਰਜਿਆ ਗਿਆ। ਜਿਸ ਨੂੰ ਸਹਿਜ ਧਰਮ ਦਾ ਨਾਂ ਦਿੱਤਾ ਜਾ ਸਕਦਾ ਹੈ।

> ਸਿੱਖ ਧਰਮ ਵਿੱਚ ਤੰਗ ਨਜ਼ਰੀ, ਅੰਧ ਵਿਸ਼ਵਾਸ, ਰੂੜ੍ਹੀਵਾਦਤਾ, ਪਰਸਪਰ ਵੈਰ-ਵਿਰੋਧ ਲਈ ਕੋਈ ਸਥਾਨ ਨਹੀਂ ਹੈ।[69]

ਸਿੱਖ ਧਰਮ ਦਾ ਅਰੰਭ ਗੁਰੂ ਨਾਨਕ ਦੇਵ ਜੀ ਦੀ ਬਾਣੀ ਜਪੁਜੀ ਸਾਹਿਬ ਵਿਚਲੇ ਸ਼ਬਦਾਂ 'ੴ' ਨਾਲ ਸ਼ੁਰੂ ਹੁੰਦਾ ਹੈ। 'ਜਪੁਜੀ ਸਾਹਿਬ' ਬਾਣੀ ਦੀਆਂ ਮੁਢਲੀਆਂ ਪੰਗਤੀਆਂ ਨੂੰ ਧਰਮ ਦਾ ਮੂਲ-ਮੰਤਰ ਕਿਹਾ ਜਾਦਾ ਹੈ। ਸਿੱਖ ਧਰਮ ਦੀ ਸਿੱਖਿਆ ਦਾ ਮੂਲਾਧਾਰ ਮੂਲ ਮੰਤਰ ਹੈ। ਏਕੀਸ਼ਵਰਵਾਦ ਸਿੱਖ ਧਰਮ ਦੀ ਸਿੱਖਿਆ ਦਾ ਬੁਨਿਆਦੀ ਧੁਰਾ ਹੈ। ਰੱਬ ਦਾ ਇਹ ਵਿਵਰਣ ਹੀ ਸਿੱਖ ਧਰਮ ਦੀ ਨੀਂਹ ਹੈ। ਇੱਕ ਰੱਬ ਵਿੱਚ ਵਿਸ਼ਵਾਸ ਸਿੱਖ ਧਰਮ ਦਾ ਮੁਢਲਾ ਅਸੂਲ ਹੈ।

ਸਿੱਖ ਧਰਮ ਵਿੱਚ ਹੁਕਮ ਮਨੁੱਖ ਦੇ ਜੀਵਨ ਦੀ ਚੂਲ ਹੈ। ਹੁਕਮ ਰੱਬੀ ਨਿਜ਼ਾਮ ਦਾ ਮੁਢਲਾ ਨੇਮ ਹੈ। ਇਹ ਸਾਰੇ ਰੱਬੀ ਕਾਰਜ ਦਾ ਧੁਰਾ ਹੈ। ਰੱਬ ਦੇ ਹੁਕਮ ਨਾਲ ਹੀ ਕੂੜ ਦੂਰ ਹੁੰਦਾ ਹੈ। ਸਿੱਖ ਧਰਮ ਵਿੱਚ ਕੂੜ ਦੀ ਪਾਲ ਨੂੰ ਹਟਾਉਣਾ ਜ਼ਰੂਰੀ ਹੈ। ਗੁਰੂ ਜੀ ਨੇ ਫਰਮਾਇਆ ਹੈ :

> ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ।
> ਹੁਕਮਿ ਰਜਾਈ ਚਲਣਾ, ਨਾਨਕ ਲਿਖਿਆ ਨਾਲਿ॥ [70]

ਰੱਬ ਨੂੰ ਪ੍ਰਾਪਤ ਕਰਨ ਦੇ ਰਸਤੇ ਵਿੱਚ ਸਭ ਤੋਂ ਵੱਡੀ ਰੁਕਾਵਟ ਹਉਮੈਂ ਹੈ। ਹਉਮੈਂ ਮਨੁੱਖ ਦੇ ਆਲੇ ਦੁਆਲੇ ਇੱਕ ਅਧਰਮ ਦੀ ਦੀਵਾਰ ਖੜੀ ਕਰ ਦਿੰਦੀ ਹੈ। ਹਉਮੈਂ ਸਭ ਦੁੱਖਾਂ ਦਾ ਕਾਰਨ ਹੈ। ਹਊਮੈਂ ਦੀ ਭਾਵਨਾ ਉਤੇ ਕਾਬੂ ਪਾ ਕੇ ਸੱਚਾਈ ਦਾ ਅਨੁਭਵ ਕੀਤਾ ਜਾ ਸਕਦਾ ਹੈ। ਪਰਮਾਤਮਾ ਨਾਲ ਮੇਲ ਹੀ ਮਨੁੱਖ ਦਾ ਅੰਤਿਮ ਮਨੋਰਥ ਹੈ। ਸਿੱਖ ਧਰਮ ਅਨੁਸਾਰ ਇਹੀ ਮੁਕਤੀ ਹੈ।

ਸਿੱਖ ਧਰਮ ਅਨੁਸਾਰ ਨਦਰ ਰੱਬੀ ਮਿਹਰ ਦਾ ਸਿੱਟਾ ਹੈ। ਰੱਬ ਦੀ ਮਿਹਰ ਨਾਲ ਵਿਅਕਤੀ ਸੱਚਾਈ ਨੂੰ ਅਨੁਭਵ ਕਰਦਾ ਹੋਇਆ ਆਪਣੇ ਆਪ ਨੂੰ ਮੁਕਤ ਕਰ ਲੈਂਦਾ ਹੈ। ਸਿੱਖ ਧਰਮ ਵਿੱਚ ਦੱਸਿਆ ਗਿਆ ਹੈ ਕਿ ਸੰਸਾਰਿਕ ਮੋਹ ਮਾਇਆ ਤੋਂ ਛੁਟਕਾਰਾ ਕੇਵਲ ਪਰਮਾਤਮਾ ਦੇ ਪਿਆਰ ਰਾਹੀਂ ਹੀ ਸੰਭਵ ਹੈ। ਪਰਮਾਤਮਾ ਦਾ ਪਿਆਰ ਨਾਮ ਦੀ ਪ੍ਰਾਪਤੀ ਦੁਆਰਾ ਹੀ ਪੈਦਾ ਕੀਤਾ ਜਾ ਸਕਦਾ ਹੈ। ਨਾਮ ਪਰਮਾਤਮਾ ਦੀ ਹੋਂਦ ਵਿੱਚ ਧਿਆਨ-ਮਗਨ ਹੋਣ ਦਾ ਸਾਧਨ ਹੈ।

ਸਿੱਖ ਧਰਮ ਵਿੱਚ ਗੁਰੂ ਨੂੰ ਮਨੁੱਖ ਦੇ ਆਤਮਿਕ ਵਿਕਾਸ ਵਿੱਚ

> ਇੱਕ ਅਵੱਸ਼ਕ ਕੜੀ ਮੰਨਿਆ ਗਿਆ ਹੈ, ਉਹ ਸਿੱਖਿਆ ਦਾਤਾ ਹੈ, ਉਹ ਪਥ ਪ੍ਰਦਰਸ਼ਕ ਹੈ। ਉਹ ਹਰੀ ਦੀ ਦਰਗਾਹ ਦਾ ਗਵਾਹ ਹੈ। ਸਹੀ ਮਾਰਗ ਤੇ ਤੋਰਨ ਵਾਲਾ ਹੈ। ਗੁਰੂ ਉਹ ਪ੍ਰਤੱਖ ਵਸੀਲਾ ਹੈ ਜਿਸ ਰਾਹੀਂ ਖ਼ਾਲਿਕ ਆਪਣੀ ਖ਼ਲਕਤ ਨੂੰ ਰਾਹ ਦਰਸਾਉਂਦਾ ਹੈ। [71]

ਸਿੱਖ ਧਰਮ ਦੱਸਦਾ ਹੈ ਕਿ ਮਨੁੱਖ ਆਪਣੇ ਕਰਮਾਂ ਅਨੁਸਾਰ ਜੰਮਣ ਮਰਨ ਦੇ ਗੇੜ ਵਿੱਚ ਪਿਆ ਰਹਿੰਦਾ ਹੈ। ਸਿੱਖ ਧਰਮ ਵਿੱਚ ਵਾਹਿਗੁਰੂ ਪ੍ਰਤੀ ਸਿੱਖਣਾ ਸਭ ਤੋਂ ਉਚਤਮ ਕਰਤੱਵ

ਮੰਨਿਆ ਗਿਆ ਹੈ।

ਸਿੱਖ ਧਰਮ ਵਿੱਚ ਸਦਾਚਾਰ ਨੂੰ ਬਹੁਤ ਮਹੱਤਤਾ ਦਿੱਤੀ ਗਈ ਹੈ। 'ਜਪੁਜੀ ਸਾਹਿਬ' ਸਦਾਚਾਰ ਸੰਬੰਧੀ ਸਿੱਖਿਆਵਾਂ ਨਾਲ ਭਰਪੂਰ ਹੈ। ਰੋਜ਼ਾਨਾ ਪਾਠ ਕਰਨਾ, ਦ੍ਰਿੜਤਾ, ਪਵਿੱਤਰਤਾ, ਸਿਆਣਪ, ਆਤਮ-ਸੰਜਮ, ਸੰਤੋਖ ਅਤੇ ਭਾਣਾ ਮੰਨਣਾ ਸਿੱਖ ਧਰਮ ਦੇ ਮਹੱਤਵਪੂਰਨ ਅੰਗ ਹਨ। ਸਿੱਖ ਧਰਮ ਦੀ ਨਜ਼ਰ ਵਿੱਚ ਸਾਰੇ ਬਰਾਬਰ ਹਨ। ਜਾਤ-ਪਾਤ ਤੇ ਦੁਨਿਆਵੀ ਰੁਤਬੇ ਝੂਠੇ ਹਨ। ਸਿੱਖ ਧਰਮ ਨੇ ਸੇਵਾ ਉਤੇ ਵਿਸ਼ੇਸ਼ ਜ਼ੋਰ ਦਿੱਤਾ ਹੈ। ਨਿਮਰਤਾ ਅਤੇ ਸ਼ਰਧਾ ਭਰੀ ਸੇਵਾ ਨਾਲ ਮਨੁੱਖ ਆਪਣੇ ਸਰੀਰ ਅਤੇ ਮਨ ਨੂੰ ਸ਼ੁੱਧ ਕਰ ਲੈਂਦਾ ਹੈ। ਸੱਚੇ ਧਾਰਮਿਕ ਵਿਅਕਤੀ ਦਾ ਇਹੀ ਕਰਤੱਵ ਹੈ। ਕਿਰਤ ਕਰਨਾ, ਵੰਡ ਛਕਣਾ, ਨਾਮ ਜਪਣਾ ਸਿੱਖ ਧਰਮ ਦੇ ਮੂਲ ਸੰਕਲਪ ਹਨ।

ਸਿੱਖ ਧਰਮ ਵਿੱਚ ਸੰਗਤ ਤੇ ਪੰਗਤ ਨੂੰ ਵਿਸ਼ੇਸ਼ ਮਹੱਤਤਾ ਪ੍ਰਾਪਤ ਹੈ। ਇਸ ਵਿੱਚੋਂ ਸੰਗਤ ਦਾ ਅਧਿਆਤਮਿਕ ਪੱਖ ਉਭਰਦਾ ਹੈ ਅਤੇ ਪੰਗਤ ਰਾਹੀਂ ਸਮਾਜਿਕ ਬਰਾਬਰੀ ਦੀ ਵਿਚਾਰਧਾਰਾ ਪ੍ਰਫੁੱਲਿਤ ਹੁੰਦੀ ਹੈ। ਸ੍ਰੀ ਗੁਰੂ ਅਰਜਨ ਦੇਵ ਦੁਆਰਾ ਸਿੱਖ ਧਰਮ ਲਈ ਸਭ ਤੋਂ ਵੱਡੀ ਦੇਣ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਨਾ ਹੈ। ਜਿਸ ਵਿੱਚ ਉਨ੍ਹਾਂ ਨੇ ਗੁਰੂਆਂ ਤੋਂ ਬਿਨਾਂ ਕਈ ਭਗਤਾਂ ਤੇ ਭੱਟਾਂ ਦੀ ਬਾਣੀ ਦਰਜ ਕੀਤੀ ਹੈ ਜੋ ਵੱਖ ਵੱਖ ਜਾਤੀ ਤੇ ਕੌਮਾਂ ਨਾਲ ਸੰਬੰਧ ਰੱਖਦੇ ਸਨ। ਇਤਿਹਾਸ ਵਿੱਚ ਇੱਕ ਮਿਸਾਲ ਇਹ ਵੀ ਮਿਲਦੀ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਹਰਿਮੰਦਰ ਸਾਹਿਬ ਦੀ ਨੀਂਹ ਸੂਫ਼ੀ ਫ਼ਕੀਰ ਮੀਆਂ ਮੀਰ ਪਾਸੋਂ ਰਖਵਾਈ। ਸ੍ਰੀ ਹਰਿਮੰਦਰ ਸਾਹਿਬ ਦੇ ਚਾਰ ਦਰਵਾਜ਼ੇ ਰੱਖੇ ਗਏ ਹਨ। ਜਿਸ ਦਾ ਭਾਵ ਕਿ ਸਿੱਖ ਧਰਮ ਦੇ ਦਰਵਾਜ਼ੇ ਸਭ ਲਈ ਖੁੱਲੇ ਹਨ। ਕਿਸੇ ਵੀ ਵਿਅਕਤੀ ਤੇ ਕੋਈ ਪਾਬੰਦੀ ਨਹੀਂ ਹੈ।

ਸਿੱਖ ਧਰਮ ਨਿਮਰਤਾ ਅਤੇ ਕੁਰਬਾਨੀ ਦਾ ਸੰਦੇਸ਼ ਦਿੰਦਾ ਹੈ ਜਿਸ ਦੀ ਮਿਸਾਲ ਸਿੱਖਾਂ ਦੇ ਪੰਜਵੇਂ ਗੁਰੂ ਅਰਜਨ ਦੇਵ ਦੀ ਸ਼ਹਾਦਤ ਤੋਂ ਮਿਲਦੀ ਹੈ। ਗੁਰੂ ਅਰਜਨ ਦੇਵ ਦੀ ਸ਼ਹੀਦੀ ਤੋਂ ਪਿੱਛੋਂ ਸਿੱਖ ਧਰਮ ਵਿੱਚ ਇੱਕ ਮੋੜ ਉਸ ਸਮੇਂ ਆਉਂਦਾ ਹੈ ਜਦੋਂ ਗੁਰੂ ਹਰਿਗੋਬਿੰਦ ਗੱਦੀ ਤੇ ਬੈਠਦੇ ਹਨ। ਉਨ੍ਹਾਂ ਨੂੰ ਬਾਬਾ ਬੁੱਢਾ ਜੀ ਨੇ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨਾਈਆਂ। ਮੀਰੀ ਦੀ ਤਲਵਾਰ ਸੰਸਾਰਿਕ ਸੱਤਾ ਦੀ ਪ੍ਰਤੀਕ ਅਤੇ ਪੀਰੀ ਦੀ ਤਲਵਾਰ ਅਧਿਆਤਮਿਕ ਸੱਤਾ ਦੀ ਸੂਚਕ ਹੈ। ਇਸ ਤਰ੍ਹਾਂ ਸਿੱਖ ਧਰਮ ਸੰਤ ਤੇ ਸਿਪਾਹੀ ਦਾ ਨਵਾਂ ਸੰਕਲਪ ਪ੍ਰਸਤੁਤ ਕਰਦਾ ਹੈ।

ਸ੍ਰੀ ਗੁਰੂ ਗੋਬਿੰਦ ਨੇ ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ ਦਾ ਸੰਕਲਪ ਦੇ ਕੇ ਧਰਮਾਂ ਦੀਆ ਪ੍ਰਚੱਲਿਤ ਪਰਿਭਾਸ਼ਾਵਾਂ ਨੂੰ ਇੱਕ ਵਿਸ਼ਾਲ ਸੰਕਲਪੀ ਸੋਮਾ ਪ੍ਰਦਾਨ ਕੀਤਾ ਹੈ। ਸਿੱਖ ਧਰਮ ਵਿੱਚ ਸਿਰ ਨਾਲੋਂ ਸਿਰੜ ਦਾ ਮਹੱਤਵ ਬਹੁਤ ਉਚੇਰਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਨੇ 'ਬਚਿੱਤ੍ਰ ਨਾਟਕ' ਵਿੱਚ ਲਿਖਿਆ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਨੇ 'ਸੀਸ ਦੀਆਂ ਪਰੁ ਸਿਰਰੁ ਨ ਦੀਆ'।

ਸ੍ਰੀ ਗੁਰੂ ਗੋਬਿੰਦ ਸਿੰਘ ਦੇ ਕਾਲ ਵਿੱਚ ਸਿੱਖ ਧਰਮ ਵਿੱਚ ਇੱਕ ਇਨਕਲਾਬੀ ਪਰਿਵਰਤਨ ਆਇਆ ਜਦੋਂ ਪਰਮਾਤਮਾ ਅਤੇ ਤਲਵਾਰ ਸ਼ਬਦ ਇੱਕ ਦੂਜੇ ਦੇ ਪ੍ਰਥਾਇ ਵਰਤੇ ਗਏ। ਸ੍ਰੀ ਗੁਰੂ ਗੋਬਿੰਦ ਸਿੰਘ ਦੀ ਰਚਨਾ ਅਰਦਾਸ ਇਨ੍ਹਾਂ ਸ਼ਬਦਾਂ ਨਾਲ ਸ਼ੁਰੂ ਹੁੰਦੀ ਹੈ 'ਪ੍ਰਿਥਮ ਭਗੌਤੀ ਸਿਮਰਿ ਕੈ ਗੁਰੂ ਨਾਨਕ ਲਈ ਧਿਆਇ।' ਸਿੱਖ ਧਰਮ ਦੇ ਇਤਿਹਾਸ ਵਿੱਚ ਸਭ ਤੋਂ ਵਿਲੱਖਣ ਅਤੇ ਮਾਰਮਿਕ ਤਬਦੀਲੀ ਉਦੋਂ ਆਈ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਦੁਆਰਾ ਖ਼ਾਲਸਾ ਪੰਥ ਦੀ ਸਾਜਨਾ ਕੀਤੀ ਗਈ। ਉਨ੍ਹਾਂ ਨੇ ਪੰਜ ਸਿੰਘਾਂ ਨੂੰ ਸਿੰਘ ਸਜਾ ਕੇ ਅੰਮ੍ਰਿਤ ਛਕਾ ਕੇ ਪੰਜ ਕਕਾਰਾਂ ਦੀ ਮਹਿਯਾਦਾ ਦਾ ਮਹੱਤਵ ਦੱਸਿਆ। ਫਿਰ ਪੰਜ ਸਿੰਘਾਂ ਤੋਂ ਸ੍ਰੀ ਗੁਰੂ ਗੋਬਿੰਦ ਨੇ ਅੰਮ੍ਰਿਤ ਛਕਿਆ।

ਸਿੱਖ ਧਰਮ ਲਈ ਸਭ ਤੋਂ ਗੌਰਵਮਈ ਉਹ ਸਮਾਂ ਸੀ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਸ਼ਬਦ ਗੁਰੂ (ਸ੍ਰੀ ਗੁਰੂ ਗ੍ਰੰਥ ਸਾਹਿਬ) ਨੂੰ ਗੁਰਿਆਈ ਦਿੱਤੀ। ਇਸ ਨੂੰ ਪ੍ਰਤੱਖ ਇਸ਼ਟ ਗੁਰੂ ਦੀ ਪਦਵੀ ਦਿੱਤੀ ਗਈ ਹੈ ਅਤੇ ਇਸੇ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਕੀਤਾ ਜਾਦਾ ਹੈ। ਇਹ ਕਿਹਾ ਜਾ ਸਕਦਾ ਹੈ ਕਿ ਸਿੱਖ ਧਰਮ ਵਿੱਚ ਜਿੱਥੇ ਪਰਮਾਤਮਾ ਦੀ ਭਗਤੀ ਦਾ ਮਹੱਤਵ ਹੈ। ਉਥੇ ਸ਼ਕਤੀ ਦੀ ਵੀ ਮਹੱਤਤਾ ਹੈ। ਸ਼ਰਬਤ ਦੇ ਭਲੇ ਲਈ ਕੁਰਬਾਨੀ ਦੇਣਾ ਸਿੱਖ ਧਰਮ ਦਾ ਪਰਮ ਉਦੇਸ਼ ਹੈ। ਮਿਸਾਲ ਵਜੋਂ ਆਪਣਾ ਸਾਰਾ ਸਰਬੰਸ ਕੁਰਬਾਨ ਕਰਕੇ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਸਿੱਖ ਧਰਮ ਦੀ ਜੜ੍ਹ ਨੂੰ ਹੋਰ ਡੂੰਘੇਰੀ ਤੇ ਪਕੇਰੀ ਕੀਤਾ।

ਸਿੱਖ ਧਰਮ ਵਿੱਚ ਅਰਦਾਸ ਨੂੰ ਉਚਤਮ ਦਰਜਾ ਪ੍ਰਾਪਤ ਹੈ। ਸਿੱਖ ਨੂੰ ਕਿਸੇ ਕਿਸਮ ਦੀ ਤਕਲੀਫ਼ ਜਾਂ ਦੁੱਖ ਆਵੇ ਤਾਂ ਉਸ ਨੂੰ ਅਕਾਲ ਪੁਰਖ ਦਾ ਓਟ ਆਸਰਾ ਲੈਣ ਦਾ ਉਪਦੇਸ਼ ਹੈ। ਸਿੱਖ ਧਰਮ ਵਿੱਚ ਪਰਮਾਤਮਾ ਪ੍ਰਤੀ ਆਤਮ-ਸਮਰਪਣ ਦੀ ਭਾਵਨਾ ਸਰਬ ਵਿਆਪਕ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਨੇ ਸਿੱਖਾਂ ਨੂੰ ਦ੍ਰਿੜਤਾ ਪ੍ਰਦਾਨ ਕਰਨ ਲਈ ਖੁਦ ਸਹਿਤ ਰਚਿਆ ਅਤੇ 52 ਕਵੀਆਂ ਨੂੰ ਆਸਰਾ ਦੇ ਕੇ ਵੀਰ ਰਸੀ ਸਾਹਿਤ ਦੀ ਰਚਨਾ ਕਰਵਾਈ। ਉਨ੍ਹਾਂ ਸਿੱਖਾਂ ਦੇ ਮਨ ਵਿੱਚ ਆਤਮ-ਵਿਸ਼ਵਾਸ ਦੀ ਜੋਤ ਜਗਾਈ ਅਤੇ ਸਵਾ ਲੱਖ ਨਾਲ ਇਕੱਲੇ ਨੂੰ ਜੂਝਣ ਲਈ ਤਿਆਰ ਕੀਤਾ। ਆਪ ਨੇ ਸਿੱਖਾਂ ਨੂੰ ਖ਼ਾਲਸਾ ਰੂਪ ਵਿੱਚ ਪ੍ਰਗਟ ਕੀਤਾ। ਨਵੇਂ ਮਨੁੱਖ ਨੂੰ ਧਰਮ-ਅਤੀਤ ਸਹਿਜ ਧਰਮੀ ਬਣਾ ਦਿੱਤਾ।

ਸਿੱਖ ਧਰਮ ਨਿਰੀਆਂ ਦਿਮਾਗੀ ਮਨੌਤਾਂ ਜਾਂ ਮਾਨਤਾਵਾਂ ਦਾ ਨਾਮ ਨਹੀਂ, ਸਗੋਂ ਰਹਿਣੀ ਬਹਿਣੀ ਦਾ ਨਾਮ ਹੈ। ਇਹ ਧਰਮ ਜੀਵਨ ਜੁਗਤਿ ਦ੍ਰਿੜ ਕਰਾਉਂਦਾ ਹੈ। ਜੀਵਨ ਉਦੇਸ਼ ਸਥਾਪਿਤ ਕਰਦਾ ਹੈ। ਇਹ ਮਨੁੱਖਾਂ ਨੂੰ ਜੀਣ ਲਈ ਉਤਸ਼ਾਹ ਪ੍ਰਦਾਨ ਕਰਦਾ ਹੈ। ਸਿੱਖ ਧਰਮ ਨੇ ਇਹ ਆਦਰਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੁਆਰਾ ਪ੍ਰਾਪਤ ਕੀਤੇ ਫਿਰ ਇਸਦੀ ਭਾਈਚਾਰਕ ਵਰਤੋਂ ਕਰਕੇ ਵਿਵਹਾਰ ਵਿੱਚ ਤਬਦੀਲੀ ਲਿਆਂਦੀ। ਸਿੱਖ ਧਰਮ ਵਿਚ ਕਈ ਪ੍ਰਚਲਿਤ ਰਸਮਾਂ

ਵਿਰੁੱਧ ਪ੍ਰਚਾਰ ਕੀਤਾ। ਵਿਆਹ ਦੀ ਰਸਮ ਨੂੰ ਆਤਮਿਕ ਮੇਲ ਦਾ ਸਾਧਨ ਦੱਸਿਆ। ਨਸ਼ਿਆਂ ਦੀ ਨਿਖੇਧੀ ਕੀਤੀ। ਕਿਰਤ ਕਰਕੇ ਰੋਜ਼ੀ ਕਮਾਉਣ ਦਾ ਪ੍ਰਚਾਰ ਕੀਤਾ। ਸਤੀ ਪ੍ਰਥਾ ਦੀ ਵਿਰੋਧਤਾ ਕੀਤੀ। ਗੁਰਬਾਣੀ ਨੇ ਰਾਜ ਪ੍ਰਬੰਧ ਨੂੰ ਵੀ ਭਾਈਚਾਰਕ ਸਾਂਝ ਦਾ ਹਿੱਸਾ ਮੰਨਿਆ। ਪਰਜਾ ਦੇ ਦੁਖਾਂ ਨੂੰ ਅਨੁਭਵ ਕਰਕੇ ਰਾਜ ਪ੍ਰਬੰਧ, ਅਦਾਲਤੀ ਬੇਇਨਸਾਫ਼ੀ, ਜ਼ਜੀਏ ਤੇ ਕਰਾਂ ਵਿਰੁੱਧ ਅਵਾਜ਼ ਉਠਾਈ। ਮਨੁੱਖ ਦੇ ਗੁਰਮੁਖ ਤੇ ਖ਼ਾਲਸਾ ਰੂਪ ਨੂੰ ਸਿੱਖ ਧਰਮ ਵਿੱਚ ਬਹੁਤ ਮਹੱਤਵ ਦਿੱਤਾ ਗਿਆ ਹੈ।

**ਧਰਮ ਸ਼ਾਸਤਰੀ ਸਰੂਪ ਤੇ ਮਹੱਤਵ**

ਮਨੁੱਖੀ ਜੀਵਨ ਨੂੰ ਪ੍ਰਭਾਵਿਤ ਕਰਨ ਵਾਲੀਆਂ ਸ਼ਕਤੀਆਂ ਵਿੱਚ ਧਰਮ ਦਾ ਮਹੱਤਵਪੂਰਨ ਸਥਾਨ ਹੈ। ਇਸੇ ਕਰਕੇ ਧਰਮ ਨੂੰ ਮਨੁੱਖੀ ਜੀਵਨ ਅਤੇ ਸਮਾਜ ਦਾ ਅਨਿਖੜਵਾਂ ਅੰਗ ਮੰਨਿਆ ਗਿਆ ਹੈ। ਧਰਮ ਚਿੰਤਨ ਦੇ ਖੇਤਰ ਵਿੱਚ ਇਹ ਸਰਬ ਪ੍ਰਵਾਨਿਤ ਧਾਰਨਾ ਹੈ ਕਿ ਧਰਮ ਨੇ ਮਨੁੱਖੀ ਸਭਿਅਤਾਵਾਂ ਦੇ ਵਿਕਾਸ ਤੇ ਉਨੱਤੀ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਧਰਮ ਸਦਕਾ ਮਨੁੱਖ ਅਤੇ ਸਮਾਜ ਦਾ ਆਪਸ ਵਿੱਚ ਗਹਿਰਾ ਰਿਸ਼ਤਾ ਹੈ। ਮਨੁੱਖ ਦੇ ਧਾਰਮਿਕ, ਸਮਾਜਿਕ ਤੇ ਆਰਥਿਕ ਵਿਕਾਸ ਨਾਲ ਹੀ ਸਮਾਜ ਨੇ ਤਰੱਕੀ ਵੱਲ ਪਲਾਂਘਾਂ ਪੁੱਟਣੀਆਂ ਹੁੰਦੀਆਂ ਹਨ। ਇਹ ਸੱਚ ਹੈ ਕਿ ਧਰਮ ਨੇ ਹੀ ਮਨੁੱਖ ਨੂੰ ਕਦਰਾਂ-ਕੀਮਤਾਂ ਦਾ ਗਿਆਨ ਦੇਣਾ ਹੁੰਦਾ ਹੈ ਅਤੇ ਜੀਵਨ-ਜਾਚ ਦੇ ਯੋਗ ਬਣਾਉਣਾ ਹੁੰਦਾ ਹੈ। ਮਨੁੱਖੀ ਜੀਵਨ ਵਿੱਚ ਧਰਮ ਦਾ ਅਹਿਮ ਰੋਲ ਹੈ ਅਤੇ ਰਹੇਗਾ। ਮਨੁੱਖ ਦੇ ਜਨਮ ਤੋਂ ਉਸ ਦੀ ਸਾਂਝ ਧਰਮ ਨਾਲ ਸ਼ੁਰੂ ਹੋ ਜਾਂਦੀ ਹੈ। ਧਰਮ ਦੇ ਕਈ ਇੱਕ ਤੱਤ ਉਸਦੇ ਪਰਿਵਾਰਿਕ ਅਤੇ ਸੱਭਿਆਚਾਰਿਕ ਜੀਵਨ ਵਿੱਚ ਸਹਿਜ ਸੁਭਾਵਿਕ ਤੌਰ ਤੇ ਜੁੜੇ ਹੁੰਦੇ ਹਨ। ਉਸ ਦਾ ਪਰਿਵਾਰਿਕ ਵਾਤਾਵਰਨ ਤੇ ਆਲਾ-ਦੁਆਲਾ ਧਰਮ ਪ੍ਰੇਰਿਤ ਮੁਹਾਵਰਿਆਂ ਅਤੇ ਵਾਕੰਸ਼ਾਂ ਨਾਲ ਸਰਾਬੋਰ ਹੁੰਦਾ ਹੈ।

ਸਥੂਲ ਰੂਪ ਵਿੱਚ ਧਰਮ ਦੇ ਦੋ ਅਹਮ ਪੱਖ ਮੰਨੇ ਗਏ ਹਨ। ਇੱਕ ਸਾਧਾਰਣ ਜਾਂ ਮੌਲਿਕ ਅਤੇ ਦੂਜਾ ਸੰਕੀਰਣ। ਸਾਧਾਰਣ ਸਰੂਪ ਧਰਮ ਨੂੰ ਦੇਸ, ਕਾਲ ਅਤੇ ਵਿਅਕਤੀ ਦੀਆਂ ਸੀਮਾਵਾਂ ਤੋਂ ਪਰ੍ਹੇ ਰੱਖਦਾ ਹੈ। ਇਸ ਵਿੱਚ ਮਨੁੱਖ ਦੇ ਕੇਵਲ ਨੈਤਿਕ ਨਿਯਮਾਂ ਦੀ ਪ੍ਰਤਿਸ਼ਠਾ ਰਹਿੰਦੀ ਹੈ। ਧਰਮ ਦੇ ਇਸ ਸਰੂਪ ਨੂੰ 'ਮਾਨਵ-ਧਰਮ' ਕਿਹਾ ਜਾਂਦਾ ਹੈ। ਧਰਮ ਦਾ ਸੰਕੀਰਣ ਰੂਪ ਦੇਸ, ਕਾਲ ਅਤੇ ਵਿਅਕਤੀ ਦੀਆਂ ਸੀਮਾਵਾਂ ਵਿੱਚ ਬੰਨ੍ਹਿਆ ਰਹਿੰਦਾ ਹੈ, ਜਿਸ ਦੇ ਫਲਸਰੂਪ ਵੱਖ-ਵੱਖ ਧਰਮਾਂ ਵਿੱਚ ਆਪਸੀ ਵਿਥਾਂ ਬਣੀਆਂ ਰਹਿੰਦੀਆਂ ਹਨ। ਇੱਥੋਂ ਹੀ ਸਾਰੇ ਧਾਰਮਿਕ ਦਵੰਦਾਂ ਦਾ ਵਿਕਾਸ ਹੁੰਦਾ ਹੈ।

ਸੰਸਾਰ ਦੇ ਧਰਮ-ਸੰਸਥਾਪਕਾਂ ਨੇ ਧਰਮ ਵਿੱਚ ਧਰਮ ਦੇ ਦੋਨਾਂ ਪੱਖਾਂ ਦੀ ਸਥਾਪਨਾ ਕੀਤੀ

ਹੈ। ਪਰ ਧਰਮ-ਸੰਸਥਾਪਕਾਂ ਦੇ ਨਾ ਰਹਿਣ ਤੋਂ ਬਾਅਦ ਧਰਮ ਦੇ ਪ੍ਰਚਾਰਕ ਧਰਮ ਦੇ ਸੰਕੀਰਣ ਸਰੂਪ ਨੂੰ ਲੈ ਕੇ ਸਦਾ ਅਨਰਥ ਕਰਦੇ ਰਹੇ ਹਨ। ਇਸ ਕਾਰਨ ਹੀ ਧਰਮ ਦਾ ਸਰੂਪ ਵਿਗੜੇ ਬਿਨ੍ਹਾਂ ਨਹੀਂ ਰਹਿ ਸਕਿਆ। ਪਰ ਵਿਗੜਿਆ ਹੋਇਆ ਰੂਪ ਸਥਾਈ ਨਹੀਂ ਹੁੰਦਾ। ਧਰਮ ਦਾ ਸਾਧਾਰਣ ਜਾਂ ਮੌਲਿਕ ਸਰੂਪ ਹੀ ਸਥਾਈ ਹੈ। ਇਸ ਨੂੰ ਸਹਜਿ ਧਰਮ ਦਾ ਨਾਂ ਦਿੱਤਾ ਜਾ ਸਕਦਾ ਹੈ।

ਧਰਮ ਦਾ ਇਹ ਸਰੂਪ ਮਨੁੱਖ ਦੀ ਜੀਵਨ-ਯਾਤਰਾ ਦਾ ਆਧਾਰ ਹੈ। ਮਾਨਵ ਜਾਤ ਦੀ ਨਿਰੰਤਰ ਪਰੰਪਰਾ ਵਿੱਚ ਇਸ ਦਾ ਪ੍ਰਮੁੱਖ ਮਹੱਤਵ ਹੈ। ਇਸ ਨਾਲ ਮਨੁੱਖ ਮਾਨਵੀ ਗੁਣਾਂ ਨਾਲ ਪਰਿਪੂਰਨ ਹੁੰਦਾ ਹੈ। ਧਰਮ ਮਨੁੱਖ ਦੀ ਮਾਨਸਿਕ ਉੱਨਤੀ ਦਾ ਪਰਖ-ਆਧਾਰ ਹੈ। ਗੁਰਮਤਿ ਵਿੱਚ ਧਰਮ ਦੇ ਮਹੱਤਵ ਨੂੰ ਸਵੀਕਾਰ ਹੀ ਨਹੀਂ ਕੀਤਾ ਗਿਆ, ਸਗੋਂ ਧਰਮ ਦੇ ਸਰਪ ਨੂੰ ਨਿਰਧਾਰਿਤ ਕੀਤਾ ਗਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਪਸ਼ਟ ਕਿਹਾ ਹੈ ਕਿ ਜੇ ਕੋਈ ਜੀਵਨ ਦੀ ਵਾਸਤਵਿਕਤਾ ਨੂੰ ਸਮਝੇ ਤਾਂ ਧਰਮ ਸਦਾ ਇੱਕੋ ਹੀ ਹੈ। ਗੁਰੂ ਦੀ ਸਿੱਖਿਆ ਅਨੁਸਾਰ ਪਰਮਾਤਮਾ ਹਰ ਯੁਗ ਵਿੱਚ ਇੱਕੋ ਜਿਹਾ ਹੀ ਰਹਿੰਦਾ ਹੈ।

ਮਨੁੱਖ ਦਾ ਧਰਮ ਇਸਦੇ ਸਰੂਪ ਅਤੇ ਮਹੱਤਵ ਨਾਲ ਸੰਬੰਧ ਜਨਮ ਤੋਂ ਹੀ ਸ਼ੁਰੂ ਹੋ ਜਾਂਦਾ ਹੈ। ਜੋ ਕਿ ਸਾਰੀ ਉਮਰ ਤੱਕ ਮਨੁੱਖ ਨੂੰ ਪ੍ਰਭਾਵਤ ਕਰਦਾ ਹੈ। ਕਈ ਧਾਰਮਿਕ ਅਕੀਦੇ, ਵਿਸ਼ਵਾਸ, ਮਨੌਤਾਂ ਅਤੇ ਸੇਧਾਂ ਸਮਾਜ ਵਿੱਚੋਂ ਸਹਿਜ ਸੁਭਾਅ ਹੀ ਗ੍ਰਹਿਣ ਕਰ ਲੈਂਦਾ ਹੈ। ਜੋ ਬਾਅਦ ਵਿਚ ਉਸ ਦੀ ਜੀਵਨ ਜਾਚ ਦਾ ਅੰਗ ਬਣ ਜਾਂਦੇ ਹਨ। ਇੱਥੋਂ ਤੱਕ ਕਿ ਮਨੁੱਖ ਦਾ ਨਾਮਕਰਣ ਵੀ ਉਸ ਦੇ ਪਰਿਵਾਰਿਕ ਧਰਮ ਦੀ ਮਰਿਯਾਦਾ ਅਨੁਸਾਰ ਰੱਖਿਆ ਜਾਂਦਾ ਹੈ ਅਤੇ ਉਸ ਲਈ ਚੁਣਿਆ ਗਿਆ ਨਾਮ ਉਸ ਦੇ ਧਾਰਮਿਕ ਪਿਛੋਕੜ ਦਾ ਸੰਕੇਤ ਦੇ ਜਾਂਦਾ ਹੈ। ਅਸਲ ਵਿੱਚ ਮਨੁੱਖ ਦਾ ਜਗਤ ਪ੍ਰਵੇਸ਼ ਧਰਮ ਪ੍ਰਵੇਸ਼ ਰਾਹੀਂ ਹੀ ਹੁੰਦਾ ਹੈ। ਜੇਕਰ ਉਹ ਸੁਚੇਤ ਜਾਂ ਅਚੇਤ ਰੂਪ ਵਿੱਚ ਜੀਵਨ ਦੇ ਕਿਸੇ ਪੜ੍ਹਾਅ ਉੱਤੇ ਸਹਿਜ ਸੁਭਾਅ ਅਪਣਾਏ ਗਏ ਪਰਿਵਾਰਿਕ ਧਰਮ ਵਲੋਂ ਬੇਮੁੱਖ ਹੋ ਜਾਵੇ। ਫਿਰ ਵੀ ਮਨੁੱਖ ਕਿਸੇ ਨਾ ਕਿਸੇ ਧਰਮ ਦੇ ਸਰੂਪ ਤੋਂ ਲਾਜ਼ਮੀ ਤੌਰ ਤੇ ਪ੍ਰਭਾਵਤ ਹੁੰਦਾ ਹੈ। ਕਿਉਂਕਿ ਉਸਦੇ ਚੇਤਨ ਅਵਚੇਤਨ 'ਚ ਧਰਮ ਦਾ ਮਹੱਤਵ ਅੰਤਰ ਨਿਹਿਤ ਹੁੰਦਾ ਹੈ।

ਵਿਅਕਤੀ ਦੇ ਜੀਵਨ ਉਤੇ ਧਰਮ ਦਾ ਪ੍ਰਭਾਵ ਦੋ ਢੰਗਾਂ ਨਾਲ ਪਰਖਿਆ ਜਾ ਸਕਦਾ ਹੈ : ਇੱਕ ਉਸਦਾ ਧਾਰਮਿਕ ਅਨੁਭਵ ਅਤੇ ਦੂਜਾ ਧਾਰਮਿਕ ਵਤੀਰਾ। ਵਿਅਕਤੀ ਧਰਮ ਪਾਸੋਂ ਪ੍ਰੇਰਨਾ ਲੈਂਦਾ ਹੈ? ਉਸ ਦੀ ਆਪਣੇ ਇਸ਼ਟ ਪ੍ਰਤੀ ਭਾਵਨਾ ਕੀ ਹੈ? ਉਸ ਦੀ ਚੇਤਨਾ ਵਿੱਚ ਜਗਤ ਦੇ ਉੱਚਤਮ ਸੱਚ ਦੀ ਨੁਹਾਰ ਕੈਸੀ ਹੈ? ਅਤੇ ਉਹ ਆਪਣੇ ਵਿਅਕਤੀਗਤ ਜੀਵਨ ਦੇ ਅਰਥ ਕੀ ਸਮਝਦਾ ਹੈ? ਇਸ ਤਰ੍ਹਾਂ ਦੇ ਪ੍ਰਸ਼ਨਾਂ ਵਿੱਚ ਉਲਝਣਾਂ ਤੇ ਉੱਤਰ ਲੱਭਣਾ ਧਰਮ ਦੇ ਅਨੁਭਵ ਰਾਹੀਂ

ਹੁੰਦਾ ਹੈ। ਦੂਜੇ ਪਾਸੇ ਧਰਮ ਦਾ ਪ੍ਰਗਟਾਵਾ ਇਸ ਦਾ ਬਾਹਰ ਪੱਖੀ ਵਤੀਰਾ ਹੈ ਕਿ ਉਹ ਵਿਅਕਤੀ ਪੂਜਾ-ਪਾਠ, ਧਰਮ-ਕ੍ਰਿਆ, ਤੀਰਥ-ਤਪ, ਦਾਨ-ਪੁੰਨ ਸਭ ਉਸ ਦੇ ਧਾਰਮਿਕ ਵਤੀਰੇ ਦੇ ਚਿੰਨ੍ਹ ਹਨ। ਹਰ ਮਨੁੱਖ ਬਾਹਰੀ ਤੌਰ ਤੇ ਧਰਮ ਦੇ ਸਰੂਪ ਤੋਂ ਪ੍ਰਭਾਵਿਤ ਹੁੰਦਾ ਹੈ ਤੇ ਆਂਤਰਿਕ ਤੌਰ ਤੇ ਧਾਰਮਿਕ ਗ੍ਰੰਥ, ਗੁਰੂਆਂ ਦੀ ਪਵਿੱਤਰ ਜੀਵਨ ਸ਼ੈਲੀ ਤੋਂ ਪ੍ਰਭਾਵ ਕਬੂਲ ਕਰਦਾ ਹੈ।

ਧਰਮ ਨੂੰ ਅਨੁਭਵੀ ਅਰਥਾਂ ਵਿਚ ਪਰਵਾਨ ਕਰਨ ਤੋਂ ਭਾਵ ਇਹ ਨਹੀਂ ਕਿ ਰਹੱਸਮਈ ਅਨੁਭਵ ਹੀ ਧਰਮ ਹੈ ਜਾਂ ਕਿਸੇ ਤਕਨੀਕ ਤੇ ਵਿਧੀ-ਕ੍ਰਮ ਰਾਹੀਂ ਪ੍ਰਾਪਤ ਹੋਏ ਚਮਤਕਾਰੀ ਹੁਲਾਰੇ ਦਾ ਨਾਮ ਧਰਮ ਹੈ। ਸਗੋਂ ਅਨੁਭਵ ਨੂੰ ਵਿਸ਼ਾਲ ਅਰਥਾਂ ਵਿੱਚ ਲਿਆ ਗਿਆ ਹੈ ਕਿ ਇਹ ਵਿਅਕਤੀ ਦੇ ਨਿੱਤਾ-ਪ੍ਰਤੀ ਜੀਵਨ ਵਿਚ ਵਾਪਰਨ ਵਾਲੇ ਅਨੁਭਵਾਂ ਵਿੱਚੋਂ ਇੱਕ ਅਜਿਹਾ ਅਨੁਭਵ ਹੈ ਧਰਮ ਵਿਅਕਤੀ ਦੇ ਸਮੁੱਚੇ ਜੀਵਨ ਨੂੰ ਸੇਧ ਦਿੰਦਾ ਹੈ।

> ਧਰਮ ਦੇ ਇਸ ਅਨੁਭਵੀ ਪੱਖ ਨੂੰ ਮਨੁੱਖ ਦਾ 'ਅੰਤਿਮ ਵਾਸਤਾ' ਕਿਹਾ ਹੈ ਜੋ ਪੂਰਨ ਰੂਪ ਵਿੱਚ ਆਤਮਿਕ ਹੈ। ਇਹ ਮਨੁੱਖ ਦਾ ਅੰਤਿਮ ਵਾਸਤਾ ਹੀ ਹੈ। ਜਿਸ ਤੋਂ ਉਹ ਰੂਹਾਨੀ ਅਨੰਦ ਪ੍ਰਾਪਤ ਕਰਦਾ ਹੈ। ਇਹ ਮਨੁੱਖੀ ਹਿਰਦੇ ਦੀਆਂ ਅਤਿ ਡੂੰਘਾਣਾਂ ਵਿੱਚ ਵਾਪਰਦਾ ਅਨੁਭਵ ਹੈ ਜੋ ਉਸਦੇ ਆਤਮਿਕ ਜੀਵਨ ਦਾ ਆਧਾਰ ਹੈ। ਇਸੇ ਨੂੰ ਮਨੁੱਖ ਦੀ ਸ਼ਰਧਾ, ਵਿਸ਼ਵਾਸ ਜਾਂ ਧਰਮ ਮੰਨਿਆ ਜਾਂਦਾ ਹੈ। ਇਸੇ ਅਨੁਭਵ ਨੂੰ ਪਾਲ ਟਿਲਿਕ ਨੇ ਆਪਾ-ਅਤੀਤ ਕਿਹਾ ਹੈ।[72]

ਵਿਅਕਤੀ ਆਪਣੇ ਸੀਮਤ ਆਪੇ ਤੋਂ ਉੱਪਰ ਉਠ ਕੇ ਅਸੀਮ, ਅਨੰਤ ਹਸਤੀ ਦੇ ਅਨੁਭਵ ਵਿੱਚ ਵਿਚਰਦਾ ਹੈ, ਤਾਂ ਉਹ ਆਪਾ-ਅਤੀਤ ਹੋ ਜਾਂਦਾ ਹੈ। ਇਸ ਹਾਲਾਤ ਵਿਚ ਉਸ ਨੂੰ ਆਪਣੀ ਹੋਂਦ ਦੇ ਅੰਤਿਮ ਆਧਾਰ ਅਤੇ ਅੰਤਿਮ ਉਦੇਸ਼ ਦੀ ਸੋਝੀ ਹੋਣ ਲੱਗਦੀ ਹੈ।

ਧਾਰਮਿਕ ਮਹੱਤਤਾ ਦੀ ਪਰਿਭਾਸ਼ਾ ਸਥਾਪਿਤ ਧਰਮਾਂ ਅਤੇ ਧਰਮ ਆਚਾਰੀਆਂ ਨੇ ਆਪੋ ਆਪਣੇ ਪੱਖਾਂ ਤੋਂ ਕੀਤੀ ਹੈ। ਡਾ. ਰਾਧਾ ਕ੍ਰਿਸ਼ਨਨ ਅਨੁਸਾਰ :

> ਧਰਮ ਇੱਕ ਗਤੀਸ਼ੀਲ ਪ੍ਰਕਿਰਿਆ ਹੈ ਜੋ ਅਸਾਧਾਰਨ ਵਿਅਕਤੀਆਂ ਦੇ ਮਾਧਿਅਮ ਦੁਆਰਾ ਮਾਨਵ ਜਾਤੀ ਨੂੰ ਇੱਕ ਨਵੀਂ ਪੱਧਰ ਤਕ ਪਹੁੰਚਾਉਣ ਲਈ ਪ੍ਰਯਤਨਸ਼ੀਲ ਰਹਿੰਦਾ ਹੈ।[73]

ਜੈਨੀਆਂ ਦੇ ਵਿਸ਼ਵਾਸ ਅਨੁਸਾਰ,

> ਅਹਿੰਸਾ ਪਰਮ ਧਰਮ ਤੱਕ ਸੀਮਤ ਰਹਿਣਾ ਧਰਮ ਅਖਵਾਉਂਦਾ ਹੈ।[74]

ਮਨੁ-ਸਿਮ੍ਰਿਤੀ ਅਨੁਸਾਰ,

> ਬੁੱਧੀ, ਖ਼ਿਮਾ, ਸੰਜਮ, ਚੋਰੀ ਨਾ ਕਰਨਾ, ਸੌਚ (ਸਫ਼ਾਈ) ਇੰਦਰੀ ਨਿਗਾਹ, ਧੀਰਜ, ਵਿਦਿਆ ਸੱਚ, ਅਕ੍ਰੋਧ ਆਦਿ ਧਰਮ ਦੇ ਦਸ ਅੰਗ ਪਰਵਾਨ ਕੀਤੇ ਹੋਏ ਹਨ।[75]

ਜੋ ਧਰਮ ਦੇ ਸਰੂਪ ਨੂੰ ਉਭਾਰਨ ਦੇ ਨਾਲ ਨਾਲ ਮਹੱਤਵ ਵੀ ਦੱਸਦੇ ਹਨ।

ਪੱਛਮੀ ਵਿਦਵਾਨ ਕਾਂਤ ਅਨੁਸਾਰ ਧਰਮ ਨੈਤਿਕਤਾ ਹੈ। ਉਸ ਦਾ ਵਿਚਾਰ ਹੈ ਕਿ ਆਪਣੇ ਸਾਰੇ ਨੈਤਿਕ ਫ਼ਰਜ਼ਾਂ ਨੂੰ ਰੱਬੀ ਹੁਕਮ ਮੰਨਣਾ ਧਰਮ ਅਖਵਾਉਂਦਾ ਹੈ। ਇਸ ਤਰ੍ਹਾਂ ਵਿਦਵਾਨ ਫਿਸ਼ਤੇ (Fitchte) ਅਨੁਸਾਰ,

> ਧਰਮ ਗਿਆਨ ਹੈ। ਧਰਮ ਮਨੁੱਖ ਨੂੰ ਆਪਣੇ ਆਪ ਦੀ ਅਸਲੀਅਤ ਬਾਰੇ ਸਪਸ਼ਟ ਸੋਝੀ ਦਿੰਦਾ ਹੈ। ਇਹ ਮਨੁੱਖ ਨੂੰ ਆਪਣੇ ਆਪ ਨਾਲ ਇਕਸੁਰ ਕਰਦਾ ਹੋਇਆ ਉਚਤਮ ਮਨੁੱਖੀ ਪ੍ਰਸ਼ਨਾਂ ਦੇ ਉੱਤਰ ਦਿੰਦਾ ਹੈ ਅਤੇ ਮਨੁੱਖ ਦੇ ਮਨ ਨੂੰ ਪੂਰਨ ਭਾਂਤ ਪਵਿੱਤਰ ਪਾਵਨ ਕਰਨ ਦੀ ਭੂਮਿਕਾ ਅਦਾ ਕਰਦਾ ਹੈ।[76]

ਧਰਮ ਵੱਲੋਂ ਅਦਾ ਕੀਤੀਆਂ ਮਾਨਵ ਪੱਖੀ ਭੂਮਿਕਾਵਾਂ ਮਹੱਤਵਪੂਰਨ ਸਥਾਨ ਰੱਖਦੀਆਂ ਹਨ। ਜੋ ਮਨੁੱਖ ਨੂੰ ਹਰ ਵੇਲੇ ਪ੍ਰੇਰਿਤ ਕਰਦੀਆਂ ਹਨ। ਜਿਸ ਨਾਲ ਮਨੁੱਖ ਦੇ ਹਿਰਦੇ ਵਿੱਚ ਧਰਮ ਦਾ ਸਰੂਪ ਹੋਰ ਵੀ ਗੂੜ੍ਹਾ ਹੋ ਜਾਂਦਾ ਹੈ।

'ਧਰਮ' ਸ਼ਬਦ ਦੇ ਅਰਥ ਹਨ ਅਕੀਦਾ, ਧਰਮਗਤਾ, ਅੰਤਿਮ ਸੱਚਾਈ ਬਾਰੇ ਮਨੁੱਖ ਦੀ ਰੁਚੀ, ਪਰਮਾਤਮਾ ਦੀ ਹੋਂਦ ਬਾਰੇ ਆਪਣਾ ਨਿੱਜੀ ਤਜਰਬਾ ਜਾਂ ਅਨੁਭਵ ਅਧਿਆਤਮਿਕ ਅਸਲੀਅਤ ਵਿੱਚ ਵਿਸ਼ਵਾਸ ਆਦਿ। ਧਰਮ ਦੇ ਇਨ੍ਹਾਂ ਅਰਥਾਂ ਜਾਂ ਤਾਰੀਫ਼ ਦਾ ਕੇਂਦਰੀ ਵਿਚਾਰ ਤਾਂ ਪਰਮਾਤਮਾ, ਅਕਾਲ-ਪੁਰਖ ਤੇ ਉਸ ਦੀ ਖੁਦਾਈ, ਈਸ਼ਵਰੀ ਸ਼ਕਤੀ ਦੀ ਹੋਂਦ ਨੂੰ ਮੰਨਣਾ ਹੈ। ਧਰਮ ਪਰਮਾਤਮਾ ਦਾ ਸਤਿਕਾਰ, ਪਿਆਰ, ਸ਼ਰਧਾ, ਸ਼ੁਕਰਾਨਾ, ਹੁਕਮ ਮੰਨਣ ਤੇ ਸੇਵਾ ਕਰਨ ਦੀ ਭਾਵਨਾ ਉਪਜਾਉਂਦਾ ਹੈ। ਪਰਮਾਤਮਾ ਦੀ ਭਗਤੀ, ਅਰਾਧਨਾ ਤੇ ਸੇਵਾ ਮਨੁੱਖ ਜਾਤੀ ਦਾ ਸਭ ਤੋਂ ਵੱਡਾ ਫ਼ਰਜ਼ ਹੈ। ਇਹ ਸਾਰੇ ਫ਼ਰਜ਼ ਹੀ ਮਿਲ ਕੇ ਧਰਮ ਬਣ ਜਾਂਦੇ ਹਨ। ਜਿਸ ਨਾਲ ਧਰਮ ਦਾ ਸਰੂਪ ਤੇ ਮਹੱਤਤਾ ਹੋਰ ਵੀ ਵਿਆਪਕ ਹੋ ਜਾਂਦੀ ਹੈ।

ਸ਼ਬਦ-ਗੁਰੂ ਤੋਂ ਭਾਵ ਗੁਰੂ ਦੇ ਬੋਲ, ਗੁਰੂ ਦਾ ਸ਼ਬਦ ਤੇ ਗੁਰੂ ਦੀ ਬਾਣੀ ਤੋਂ ਲਿਆ ਹੈ। ਗੁਰੂ ਦੇ ਸ਼ਬਦ ਤੋਂ ਭਾਵ ਗੁਰੂ ਦੀ ਮਤਿ ਜਾਂ ਗੁਰੂ ਸਿੱਖਿਆ ਤੋਂ ਹੈ। ਇਸ ਦਾ ਮਹੱਤਵ ਉਤਨਾ ਹੀ ਹੈ ਜਿਤਨਾ ਗੁਰੂ ਦਾ ਆਪਣਾ, ਕਿਉਂਕਿ ਪਰਮਾਤਮਾ ਰੂਪੀ ਗੁਰੂ ਸ਼ਬਦ ਵਿੱਚ ਰਮ ਰਿਹਾ ਹੈ। ਇਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਅਤੇ ਗੁਰੂ ਸ਼ਬਦ ਵਿੱਚ ਅੰਤਰ ਨਹੀਂ ਹੈ। ਸ੍ਰੀ ਗੁਰੂ ਗ੍ਰੰਥ

ਸਾਹਿਬ ਵਿੱਚ ਗੁਰੂ ਸਾਹਿਬਾਨ ਦਾ ਅਧਿਆਤਮਿਕ ਉਪਦੇਸ਼ ਅਤੇ ਅਨੁਭਵ ਸ਼ਬਦ ਰੂਪ ਵਿੱਚ ਸੁਰੱਖਿਅਤ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਣੀ ਨੂੰ 'ਧੁਰ ਕੀ ਬਾਣੀ' ਕਹਿ ਕੇ ਅੰਤਮ ਸੱਚ ਦੀ ਸਥਾਪਨਾ ਕੀਤੀ ਹੈ।

ਸ਼ਬਦ-ਗੁਰੂ ਦਾ ਅਧਾਰ ਮਹੱਤਵ ਹੈ। ਇਸ ਰਾਹੀਂ ਸੰਸਾਰ ਸਾਗਰ ਤੈਰਿਆ ਜਾ ਸਕਦਾ ਹੈ ਕਿਉਂਕਿ ਇਸ ਰਾਹੀਂ ਬੇਅੰਤ ਲੋਕਾਈ ਪਹਿਲਾਂ ਹੀ ਤੈਰ ਚੁੱਕੀ ਹੈ। ਗੁਰੂ ਦੇ ਸ਼ਬਦ ਨੂੰ ਸਿੱਖ ਧਰਮ ਵਿੱਚ ਸਰਵਉੱਚ ਸਥਾਨ ਪ੍ਰਾਪਤ ਹੈ। ਇਸ ਕਰਕੇ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਗੁਰੂ ਦੇ ਸ਼ਬਦ ਨੂੰ ਮੁੱਖ ਰੱਖਦਿਆਂ ਹੋਇਆਂ ਆਪਣੇ ਜੋਤੀ-ਜੋਤ ਸਮਾਉਣ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ-ਪਦ ਨਾਲ ਸੁਸਜਿਤ ਕੀਤਾ। ਇਸ ਤਰ੍ਹਾਂ ਸਿੱਖ ਧਰਮ ਵਿੱਚ ਦੇਹਧਾਰੀ ਗੁਰੂ ਤੋਂ ਬਾਅਦ ਉਨ੍ਹਾਂ ਦੇ ਸ਼ਬਦ ਵੀ ਉਸੇ ਪਦਵੀ ਦੀ ਭੂਮਿਕਾ ਨਿਭਾ ਰਹੇ ਹਨ। ਗੁਰੂ ਦੀ ਦੇਹ ਨਾਸ਼ਮਾਨ ਹੈ, ਉਸ ਵਿੱਚ ਸਥਾਈ ਤੱਤ੍ਹ ਉਸ ਦਾ ਉਪਦੇਸ਼ ਜਾਂ ਸ਼ਬਦ ਹੈ। ਇਹ 'ਖਸਮ ਕੀ ਬਾਣੀ' ਗੁਰੂ ਰੂਪੀ ਮਾਧਿਅਮ ਦੁਆਰਾ ਅਭਿਵਿਅਕਤ ਹੁੰਦੀ ਹੈ। ਇਸ ਲਈ ਹੀ ਗੁਰੂ ਪਰੰਪਰਾ ਨੂੰ ਖ਼ਤਮ ਕਰਕੇ ਸ਼ਬਦ ਗੁਰੂ (ਸ੍ਰੀ ਗੁਰੂ ਗ੍ਰੰਥ ਸਾਹਿਬ) ਨੂੰ ਗੁਰੂ ਬਣਾ ਦਿੱਤਾ। ਨਾਦ ਰੂਪ ਹੋਣ ਕਰਕੇ 'ਸ਼ਬਦ' ਨੂੰ 'ਅਨਹਦ ਨਾਦ' ਵੀ ਕਿਹਾ ਜਾਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਨਹਦ-ਸ਼ਬਦ ਰਾਹੀਂ ਹੀ ਪਰਮਾਤਮਾ ਨਾਲ ਮੇਲ ਸੰਭਵ ਦੱਸਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ਼ਬਦ ਨੂੰ ਗੁਰੂ ਅਤੇ ਪੀਰ ਤੁਲ ਮੰਨ ਕੇ ਇਸ ਦਾ ਸਰੂਪ ਗਹਿਰ-ਗੰਭੀਰ ਦੱਸਿਆ ਹੈ। ਗੁਰਬਾਣੀ ਸ਼ਬਦ ਰੂਪ ਹੀ ਹੈ।

ਡਾ. ਰਾਧਾ ਕ੍ਰਿਸ਼ਨਨ ਦਾਰਸ਼ਨਿਕ ਸੰਦਰਭ ਵਿੱਚ ਧਰਮ ਦੀ ਮਹੱਤਤਾ ਨੂੰ ਇਸ ਤਰ੍ਹਾਂ ਪਰਿਭਾਸ਼ਤ ਕਰਦੇ ਹਨ ਕਿ

> ਧਰਮ ਨਿਰੇ ਧਾਰਮਿਕ ਸਿਧਾਂਤ ਹੀ ਨਹੀਂ ਹਨ, ਸਗੋਂ ਇਹ ਜੀਵਨ ਦਾ ਮੁਕੰਮਲ ਦਸਤੂਰ ਅਤੇ ਸਮੁੱਚੀ ਮਨੁੱਖਤਾ ਦੀ ਇੱਕਸੁਰਤਾ ਦਾ ਆਧਾਰ ਹੈ। ਇਸ ਤਰ੍ਹਾਂ ਧਰਮ ਜੀਵਨ ਦੇ ਠੀਕ ਅਤੇ ਉਚਿਤ ਕਾਨੂੰਨ ਦੀ ਭਾਲ ਕਰਦਾ ਹੈ। ਹਰ ਇੱਕ ਮਨੁੱਖ ਅਤੇ ਗੁੱਟ ਦਾ, ਆਤਮਾ, ਮਨ, ਜੀਵਨ ਅਤੇ ਸਰੀਰ ਦੀ ਹਰ ਇੱਕ ਸਰਗਰਮੀ ਦਾ ਆਪਣਾ ਇੱਕ ਧਰਮ ਹੈ।[77]

ਇਸ ਨੂੰ ਹੋਰ ਖੁੱਲ੍ਹ ਕੇ ਇਸ ਤਰ੍ਹਾਂ ਦੱਸਿਆ ਜਾ ਸਕਦਾ ਹੈ ਕਿ ਧਰਮ ਦੇ ਖੇਤਰ ਵਿੱਚ ਪਰਮਾਤਮਾ ਦਾ ਪ੍ਰਗਟ ਜਾਂ ਅਪ੍ਰਗਟ ਰੂਪ ਸਾਹਮਣੇ ਆਉਂਦਾ ਹੈ। ਆਤਮਾ ਦਾ ਸੁੱਤੇ ਜਾਂ ਜਾਗਦੇ ਹੋਣਾ, ਮਨੁੱਖ ਦੇ ਗੁਣ, ਔਗੁਣ ਸ਼ਾਮਲ ਹਨ। ਇਸ ਤਰ੍ਹਾਂ ਵਿਧੀ ਵਿਧਾਨ ਅਨੁਸਾਰ, ਹੋਇਆ ਅਨੁਭਵ ਹੀ ਧਰਮ ਕਿਹਾ ਜਾ ਸਕਦਾ ਹੈ। ਇਹ ਪਰਿਭਾਸ਼ਾ ਧਰਮ ਦੇ ਸਮੁੱਚੇ ਰੂਪ ਅਤੇ ਮਹੱਤਤਾ ਵੱਲ ਸੰਕੇਤ ਕਰਦੀ ਹੈ। ਧਰਮ ਦੇ ਅਧਿਆਤਮਿਕ ਪੱਖ ਦੇ ਨਾਲ-ਨਾਲ ਸਮਾਜਿਕ ਤੇ

ਸੱਭਿਆਚਾਰਿਕ ਪੱਖ ਵੀ ਕਾਇਮ ਰਹਿੰਦਾ ਹੈ। ਧਰਮ ਦੀ ਸਰਵਉਚੱਤਾ ਤੇ ਸਦੀਵੀਂ ਸਰੋਕਾਰਾਂ ਨੂੰ ਹਮੇਸ਼ਾ ਹੀ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਹੈ ਪਰੰਤੂ ਇਸ ਦੇ ਬਾਵਜੂਦ ਧਰਮਾਂ ਦੀ ਸਾਰਥਿਕਤਾ ਸਥਾਪਿਤ ਕਰਨ ਦੇ ਯਤਨ ਹੁੰਦੇ ਰਹੇ।

ਮਨੁੱਖੀ ਮਨ ਦੇ ਵਿਚਾਰ ਅਧੀਨ ਮਹੱਤਵਪੂਰਨ ਪ੍ਰਸ਼ਨ ਇਹ ਹੈ ਕਿ ਧਰਮ ਦਾ ਸੰਕਲਪ ਮਨੁੱਖੀ ਸੋਚ ਦਾ ਹਿੱਸਾ ਕਿਵੇਂ ਬਣਿਆ? ਧਰਮ ਦੇ ਵਿਚਾਰ (Idea) ਦਾ ਫੁਰਨਾ ਮਨੁੱਖੀ ਮਨ ਵਿੱਚ ਕਿਵੇਂ ਫੁਰਿਆ? ਮਨੁੱਖ ਦੇ ਮਨ ਵਿੱਚ ਇਹ ਵਿਚਾਰ ਕਿਵੇਂ ਪੈਦਾ ਹੋਇਆ ਕਿ ਇਹ ਧਰਮ ਹੈ? ਧਰਮ ਸੰਬੰਧੀ ਜਾਨਣ ਦੀ ਇੱਛਾ ਪੈਦਾ ਹੋਣ ਪਿੱਛੇ ਮਨੁੱਖ ਨੇ ਆਪਣੀ ਸੀਮਤ ਜਾਂ ਛੋਟੀ ਬੁੱਧੀ ਦੇ ਘੇਰੇ ਵਿੱਚ ਧਰਮ ਦੇ ਸੰਕਲਪ ਨੂੰ ਕਿਵੇਂ ਜਨਮ ਦਿੱਤਾ? ਇਨ੍ਹਾਂ ਪ੍ਰਸ਼ਨਾਂ ਦਾ ਸਪਸ਼ਟ ਰੂਪ ਵਿੱਚ ਉੱਤਰ ਨਹੀਂ ਮਿਲ ਸਕਿਆ। ਇਸਦੇ ਬਾਵਜੂਦ ਮਨੁੱਖ ਦੇ ਮਨ ਵਿੱਚ ਅਨੇਕਾਂ ਵਿਚਾਰ ਪੈਦਾ ਹੋਏ। ਜਿਨ੍ਹਾਂ ਵਿੱਚ ਇੱਕ (ਵਿਚਾਰ) ਸ਼ਬਦ ਹੈ। (ਵਿਚਾਰਾਂ) ਨੂੰ ਇੱਕ ਮਾਨਸਿਕ ਬਿੰਬ (Mental Image) ਮੰਨਿਆ ਜਾਂਦਾ ਹੈ। ਜੋ ਹਰੇਕ ਮਨੁੱਖ ਦੇ ਮਨ ਵਿੱਚ ਵੱਖ-ਵੱਖ ਹੁੰਦਾ ਹੈ। ਸ੍ਰਿਸ਼ਟੀ ਜਾਂ ਕੁਦਰਤ ਵਿੱਚ ਸਾਰੀਆਂ ਯਥਾਰਥਿਕ ਵਸਤਾਂ ਅਜਿਹੀਆਂ ਹਨ ਜਿਨ੍ਹਾਂ ਤੋਂ ਵਿਚਾਰ ਬਣਦੇ ਹਨ। Idea ਸ਼ਬਦ ਦਾ ਪ੍ਰਯੋਗ ਸਰਵ-ਵਿਆਪੀ ਵਿਚਾਰ ਜਾਂ 'ਖ਼ਿਆਲ ਦੇ ਅਰਥਾਂ' ਵਿਚ ਕੀਤਾ ਜਾਂਦਾ ਹੈ। ਇਹ ਵਿਚਾਰ ਤਤਕਾਲੀ ਨਹੀਂ, ਸਗੋਂ ਇਹ ਵਿਆਪਕ ਸੱਚ ਦਾ ਉਹ ਗੁਣ ਹੈ ਜੋ ਦੂਜੀਆਂ ਸਚਾਈਆਂ ਵਿੱਚ ਪਾਇਆ ਜਾਂਦਾ ਹੈ ਅਤੇ ਹੋਰਨਾਂ ਮਨਾਂ ਨੂੰ ਵੀ ਇਸਦਾ ਗਿਆਨ ਜਾਂ ਜਾਣਕਾਰੀ ਹੋ ਸਕਦੀ ਹੈ।

ਵ੍ਹਾਈਟਹੈੱਡ ਦਾ ਧਰਮ ਦੇ ਸਰੂਪ ਅਤੇ ਮਹੱਤਵ ਬਾਰੇ ਇਹ ਕਥਨ ਪ੍ਰਸਿੱਧ ਹੈ ਕਿ

> ਵਿਅਕਤੀ ਜੋ ਕੁਝ ਆਪਣੀ ਇਕੱਲ ਦੀਆਂ ਘੜੀਆਂ ਵਿਚ ਕਰਦਾ ਹੈ ਉਹੀ ਧਰਮ ਹੈ।[78]

ਇਕਲਾਪੇ ਵਿੱਚ ਆਪਣੇ ਧਿਆਨ ਵਿੱਚ ਮਗਨ ਵਿਅਕਤੀ ਉਨ੍ਹਾਂ ਵਿਸ਼ਵਾਸਾਂ ਵਿੱਚੋਂ ਪ੍ਰੇਰਨਾ ਪ੍ਰਾਪਤ ਕਰਦਾ ਹੈ, ਜੋ ਉਸ ਦੇ ਮਾਨਸਿਕ ਜੀਵਨ ਵਿੱਚ ਡੂੰਘੀ ਤਰ੍ਹਾਂ ਰਚੇ ਹੁੰਦੇ ਹਨ। ਧਰਮ ਦੀ ਇਤਿਹਾਸਿਕ ਦ੍ਰਿਸ਼ਟੀ ਤੋਂ ਵਿਆਖਿਆ ਦੇ ਮਨੋਰਥ ਨਾਲ ਇਸ ਦੇ ਚਾਰ ਪਹਿਲੂ ਮੰਨੇ ਹਨ। ਪਹਿਲਾ ਕਰਮ ਕਾਂਡ, ਦੂਜਾ ਭਾਵਕਤਾ, ਤੀਜਾ ਵਿਸ਼ਵਾਸ, ਚੌਥਾ ਨਿਆਂਸ਼ੀਲਤਾ ਹੈ। ਮਨੁੱਖੀ ਇਤਿਹਾਸ ਵਿੱਚ ਸਭ ਤੋਂ ਪਹਿਲੀ ਗੱਲ ਜੋ ਧਰਮ ਨਾਲ ਸੰਬੰਧਿਤ ਹੋਈ ਉਹ ਰੀਤ ਰਸਮ ਜਾਂ ਕਰਮ ਕਾਂਡ ਸੀ। ਰਸਮ ਪੂਰਤੀ ਵਿੱਚੋਂ ਹੀ ਭਾਵਨਾ ਜਨਮ ਲੈਂਦੀ ਹੈ। ਵਿਅਕਤੀ ਦੀ ਧਰਮ ਨਾਲ ਭਾਵਕ ਸਾਂਝ ਪੈਂਦੀ ਹੈ। ਇਸ ਭਾਵਨਾ ਤੋਂ ਬਾਅਦ ਹੀ ਵਿਸ਼ਵਾਸ ਪੈਦਾ ਹੁੰਦਾ ਹੈ। ਜਿਸ ਨੂੰ ਸਿੱਧ

ਕਰਨ ਦੀ ਬੌਧਿਕ ਕ੍ਰਿਆ ਦਾ ਨਾਮ ਨਿਆਂਸ਼ੀਲਤਾ ਜਾਂ ਵਿਵੇਕੀਕਰਨ ਹੈ। ਇਹ ਚਾਰੇ ਪਹਿਲੂ ਕਿਸੇ ਧਰਮ ਦੇ ਕੇਂਦਰ ਬਿੰਦੂ ਮੰਨੇ ਜਾ ਸਕਦੇ ਹਨ। ਮਹਾਤਮਾ ਬੁੱਧ ਨੇ ਇਕੱਲ ਵਿੱਚ ਬੈਠ ਕੇ ਤਪੱਸਿਆ ਕਰਕੇ ਗਿਆਨ ਪ੍ਰਾਪਤ ਕੀਤਾ। ਮਨੁੱਖ ਜਦੋਂ ਵੀ ਉਸ ਪਰਮ ਸ਼ਕਤੀ ਵਾਸਤੇ ਇਕਮਿਕ ਹੋਣਾ ਚਾਹੁੰਦਾ ਹੈ ਤਾਂ ਇਕੱਲ ਵਿੱਚ ਵਿਚਰਦਾ ਹੀ ਉਸਦੇ ਰੂ-ਬਰੂ ਹੁੰਦਾ ਹੈ। ਇੱਥੇ ਇਕੱਲ ਤੋਂ ਭਾਵ ਇਹ ਨਹੀਂ ਸੰਸਾਰਕ-ਕਦਰਾਂ ਕੀਮਤਾਂ ਜਾਂ ਸੰਸਾਰਕ ਜੀਵਨ ਤੋਂ ਕਿਨਾਰਾ ਕੀਤਾ ਜਾਵੇ ਸਗੋਂ ਸੰਸਾਰਿਕ ਜੀਵਨ ਜਾਂ ਗ੍ਰਹਿਸਥ ਜੀਵਨ ਬਸਰ ਕਰਦਿਆਂ ਅੰਤਿਮ ਸੱਚ ਨਾਲ ਇਕਮਿੱਕ ਹੋਣ ਤੋਂ ਹੈ। ਸੰਸਾਰ ਵਿਚ ਮਨੁੱਖ ਨੇ ਕਿਵੇਂ ਵਿਚਰਨਾ ਹੈ ਅਤੇ ਇਕੱਲ ਵਿਚ ਰਹਿਕੇ ਧਰਮ ਨਾਲ ਕਿਵੇਂ ਜੁੜੇ ਰਹਿਣਾ ਹੈ ਇਸ ਬਾਰੇ ਮਨੁੱਖ ਨੂੰ ਧਰਮ ਦੇ ਸਰੂਪ ਅਤੇ ਮਹੱਤਵ ਤੋਂ ਪ੍ਰੇਰਨਾ ਅਤੇ ਜਾਣਕਾਰੀ ਮਿਲ ਸਕਦੀ ਹੈ।

ਧਰਮ ਦੀ ਅਸਾਨ ਵਿਆਖਿਆ ਇਹ ਪਰਵਾਨ ਕਰ ਲਈ ਗਈ ਹੈ ਕਿ ਇਹ ਵਿਸ਼ਵਾਸ ਕੀਤਾ ਜਾਵੇ ਕਿ ਇੰਦਰਿਆਈ ਪਹੁੰਚ ਤੋਂ ਪਰ੍ਹੇ ਕੋਈ ਪਰਾਭੌਤਿਕ ਭਾਵ ਆਲੌਕਿਕ ਸ਼ਕਤੀ ਹੈ ਜੋ ਸੰਸਾਰ ਨੂੰ ਚਲਾਉਂਦੀ ਤੇ ਸਾਨੂੰ ਲਾਭ ਵੀ ਪਹੁੰਚਾ ਸਕਦੀ ਹੈ। ਧਰਮ ਚਿੰਤਨ ਨੇ ਸਥਾਪਿਤ ਕਰ ਲਿਆ ਹੈ ਕਿ ਧਰਮ ਦਾ ਸੰਬੰਧ ਉਨ੍ਹਾਂ ਪਵਿੱਤਰ ਸਰੋਕਾਰਾਂ ਦੇ ਅਨੁਭਵ ਨਾਲ ਜੁੜਿਆ ਹੋਇਆ ਹੈ ਜੋ ਮਨੁੱਖ ਦੀ ਹੋਣੀ ਦਾ ਹਿੱਸਾ ਹਨ। ਇਹ ਠੀਕ ਹੈ ਕਿ ਧਰਮ ਨਿੱਜੀ ਅਨੁਭਵ ਵੀ ਹੈ ਅਤੇ ਸਮੂਹਿਕ ਸਰੋਕਾਰ ਵੀ, ਪਰ ਉਹ ਅਨੁਭਵ ਜਿਸ ਦਾ ਜੀਵਨ ਨਾਲ ਸੰਬੰਧ ਨਾ ਹੋਵੇ, ਧਾਰਮਿਕ ਨਹੀਂ ਮੰਨਿਆ ਜਾ ਸਕਦਾ। ਧਰਮ ਵਚਨ-ਬੱਧਤਾ ਹੈ ਅਤੇ ਇਸ ਦੀ ਲੋੜ ਆਪਣੇ ਅਨੁਭਵ ਨੂੰ ਦੂਜਿਆ ਤੱਕ ਪਹੁੰਚਾਉਣ ਜਾਂ ਇਨ੍ਹਾਂ ਅਨੁਭਵਾਂ ਨੂੰ ਧਾਰਮਿਕ ਸੇਧ ਵਿੱਚ ਪ੍ਰਗਟਾਉਣ ਵਾਸਤੇ ਪੈਂਦੀ ਹੈ। ਧਰਮ ਵਿੱਚ ਬੇਸ਼ਕ ਉਹ ਸਾਰੀਆਂ ਗੱਲਾਂ ਸ਼ਾਮਲ ਹਨ ਪਰੰਤੂ ਜਦੋਂ ਇਨ੍ਹਾਂ ਨੂੰ ਸਤਿ ਦੇ ਨਿਰਦੇਸ਼ ਨੇ ਜਗਤ ਵਿੱਚ ਪ੍ਰਕਾਸ਼ਮਾਨ ਹੋਣਾ ਹੈ, ਉਦੋਂ ਇਨ੍ਹਾਂ ਧਰਮ ਅਪਣਾਉਣਾ ਹੈ। ਧਰਮ ਵਚਨਬੱਧਤਾ ਦੇ ਰੂਪ ਵਿੱਚ ਕੀਮਤਾਂ ਦਾ ਪ੍ਰਗਟਾਵਾ ਹੈ ਅਤੇ ਕੀਮਤਾਂ ਦਾ ਮੁਲਾਂਕਣ ਵੀ ਹੈ। ਇਸ ਦੇ ਬਾਵਜੂਦ ਧਰਮ ਕੇਵਲ ਮਾਤਰ ਸਿਧਾਂਤਕ ਵਿਸ਼ਵਾਸ ਨਹੀਂ ਹੈ ਸਗੋਂ ਇਹ ਤਾਂ ਅਨੁਭਵ ਰਾਹੀਂ ਆਇਆ ਹੋਇਆ ਉਹ ਹੁੰਗਾਰਾ ਹੈ ਜੋ ਜਿਉਂਦੇ ਜੀਅ ਭਰਨਾ ਪੈਂਦਾ ਹੈ।

ਇਸ ਸਾਰੇ ਵਿਵੇਚਨ ਤੋਂ ਧਰਮ ਦੀਆਂ ਦੋ ਧਾਰਨਾਵਾਂ ਸਾਹਮਣੇ ਆਉਂਦੀਆਂ ਹਨ, ਇੱਕ ਧਰਮ ਦਾ ਤਾਤਵਿਕ ਪੱਖ ਜਿਸ ਨੂੰ ਅਧਿਆਤਮਿਕ ਕਿਹਾ ਜਾ ਸਕਦਾ ਹੈ। ਇਸਦੇ ਮੂਲ ਸਰੋਕਾਰ ਪਰਮ ਸੱਤਾ ਦੀ ਹੋਂਦ ਆਤਮਾ ਅਤੇ ਪਰਮਾਤਮਾ ਦੇ ਆਪਸੀ ਰਿਸ਼ਤੇ ਨਾਲ ਜੁੜੇ ਹੋਏ ਹਨ। ਇਸ ਕਥਨ ਦਾ ਭਾਵ ਇਹ ਹੈ ਕਿ ਧਰਮ ਉਸੇ ਭੇਦ ਨੂੰ ਖੋਲ੍ਹਦਾ ਹੈ ਜੋ ਮਨੁੱਖਾਂ ਵਿੱਚ ਸਭ ਤੋਂ ਉਚੇਰਾ ਅਤੇ ਡੂੰਘੇਰਾ ਹੈ ਤੇ ਜਿਸ ਦੀ ਪ੍ਰਕਿਰਤੀ ਦਾ ਮਨੁੱਖ ਇੱਕੋ ਇੱਕ ਅੰਗ ਹੈ। ਦੂਜੇ ਸ਼ਬਦਾਂ ਵਿੱਚ ਧਰਮ ਦਾ ਉਦੇਸ਼ ਮਨੁੱਖੀ ਆਤਮਾ ਦਾ ਪਰਮ ਆਤਮਾ ਨਾਲ ਮਿਲਾਪ ਹੈ।

ਦੂਜਾ ਪੱਖ ਨੈਤਿਕ ਅਤੇ ਸਦਾਚਾਰਿਕ ਕਦਰਾਂ-ਕੀਮਤਾਂ ਤੇ ਆਧਾਰਿਤ ਨਿਰੋਏ ਸਮਾਜ ਦੀ ਸਿਰਜਣਾ ਹੈ। ਇਸ ਨੂੰ ਇਹ ਵੀ ਕਿਹਾ ਜਾ ਸਕਦਾ ਹੈ ਕਿ ਧਰਮ ਦਾ ਕਾਰਜ ਖੇਤਰ ਸਮਾਜ ਹੈ। ਧਰਮ ਆਦਰਸ਼ ਸਮਾਜ ਵਿੱਚ ਹਰ ਇੱਕ ਦੇ ਫਰਜ਼ਾਂ ਅਤੇ ਅਧਿਕਾਰਾਂ ਦਾ ਸਿਧਾਂਤ ਹੈ ਅਤੇ ਆਪਣੇ ਆਪ ਵਿੱਚ ਸਾਰੇ ਸਦਾਚਾਰਿਕ ਕਾਰਜਾਂ ਦਾ ਨਿਯਮ ਜਾਂ ਦਰਪਣ ਹੈ। ਧਰਮ ਨੇ ਕੇਵਲ ਮਨੁੱਖ ਦੇ ਅਧਿਆਤਮਿਕ ਸਰੋਕਾਰਾਂ ਨੂੰ ਹੀ ਜ਼ਿੰਦਗੀ ਵਿੱਚ ਨਹੀਂ ਪ੍ਰਕਾਸ਼ਣਾ ਸਗੋਂ ਉੱਤਮ ਸਮਾਜਿਕ ਜ਼ਿੰਦਗੀ ਲਈ ਕਦਰਾਂ-ਕੀਮਤਾਂ ਦੀ ਸਿਰਜਣਾ ਵੀ ਕਰਨੀ ਹੁੰਦੀ ਹੈ। ਗੁਰਮਤਿ ਦੇ ਆਧਾਰ ਤੇ ਗੁਰੂ ਸਾਹਿਬਾਨ ਇਸ ਗੱਲ ਵੱਲ ਖੂਬਸੂਰਤੀ ਨਾਲ ਸੰਕੇਤ ਕਰਦੇ ਹੋਏ ਕਹਿੰਦੇ ਹਨ ਕਿ ਪਰਮਾਤਮਾ ਇਸ ਜਗਤ ਤੇ ਪਰਲੋਕ ਵਿੱਚ ਸਾਡੀ ਸਹਾਇਤਾ ਕਰਦਾ ਹੈ। ਇਨ੍ਹਾਂ ਦੋਹਾਂ ਖੇਤਰਾਂ ਵਿੱਚ ਸੰਪੂਰਨ ਮਨੁੱਖ ਦੇ ਵਜੂਦ ਦੀ ਸਿਰਜਣਾ ਸਾਹਮਣੇ ਆਉਂਦੀ ਹੈ। ਇਹ ਸੰਪੂਰਨਤਾ ਹੀ ਮਾਨਵ ਜੀਵਨ ਦਾ ਉਦੇਸ਼ ਹੈ ਅਤੇ ਧਰਮ ਇਸ ਦਾ ਸਾਧਨ ਹੈ। ਇਸ ਤਰ੍ਹਾਂ ਧਰਮ ਦੇ ਇਸ ਰੂਪ ਨੂੰ ਸਰੂਪ ਤੇ ਮਹੱਤਵ ਕਿਹਾ ਜਾ ਸਕਦਾ ਹੈ।

ਸਾਰ ਤੱਤ ਵਜੋਂ ਆਖਿਆ ਜਾ ਸਕਦਾ ਹੈ ਕਿ ਧਰਮ ਸ਼ਾਸਤਰੀ ਅਧਿਐਨ ਨੂੰ ਧਰਮ ਜਿਤਨਾ ਪ੍ਰਾਚੀਨ ਮੰਨਿਆ ਗਿਆ ਹੈ। ਧਰਮ ਸ਼ਾਸਤਰੀ ਅਧਿਐਨ ਸਿਰਫ਼ ਪਰਮਾਤਮਾ ਸੰਬੰਧੀ ਸੀਮਤ ਨਾ ਰਹਿਕੇ, ਸ੍ਰਿਸ਼ਟੀ ਅਤੇ ਮਨੁੱਖਤਾ ਨਾਲ ਸੰਬੰਧਤ ਹੋ ਗਿਆ ਹੈ। ਪਰਮਾਤਮਾ, ਸ੍ਰਿਸ਼ਟੀ ਅਤੇ ਮਨੁੱਖਤਾ ਦੀ ਸੰਚਾਲਨ ਸ਼ਕਤੀ ਹੋਣ ਕਰਕੇ ਉਸਨੂੰ ਸਦੀਵੀ ਸੱਚ ਮੰਨਿਆ ਗਿਆ ਹੈ। ਪਰਮਾਤਮਾ ਦੇ ਅਨੇਕਾਂ ਨਾਮ ਹਨ, ਮਨੁੱਖ, ਪਰਮਾਤਮਾ ਅਤੇ ਇਸਦੀ ਸਾਜ਼ੀ ਹੋਈ ਸ੍ਰਿਸ਼ਟੀ ਦੇ ਰਹੱਸਾਂ ਨੂੰ ਸਮਝਣ ਲਈ ਸਾਧਨਾ ਕਰਦਾ ਰਿਹਾ ਹੈ। ਸ੍ਰਿਸ਼ਟੀ ਦੀ ਉਤਪਤੀ ਸੰਬੰਧੀ ਵੱਖ-ਵੱਖ ਧਰਮਾਂ ਵਿਚ ਅਨੇਕਾਂ ਸੰਕੇਤ ਮਿਲਦੇ ਹਨ ਜੋ ਇਕ ਦੂਜੇ ਤੋਂ ਮੇਲ ਖਾਂਦੇ ਹੋਏ ਵੀ ਭਿੰਨ ਹਨ। ਸਾਰੇ ਧਰਮਾਂ ਦਾ ਮੂਲ ਆਧਾਰ ਮਨੁੱਖ (ਜੀਵ ਜਾਂ ਜੀਵਾਤਮਾ) ਦੀ ਹੋਂਦ ਹੈ। ਮਨੁੱਖ ਸ੍ਰਿਸ਼ਟੀ ਅਤੇ ਬ੍ਰਹਮ ਤੋਂ ਵੱਖ ਨਹੀਂ ਹੈ। ਜਗਤ ਵਿਚ ਹਰ ਪ੍ਰਾਣੀ ਨੂੰ ਜੀਵ ਕਿਹਾ ਜਾਂਦਾ ਹੈ। ਮਨੁੱਖੀ ਜੀਵ ਪੰਜ ਤੱਤਾਂ ਤੋਂ ਬਣਿਆ ਹੋਇਆ ਹੈ। ਇਸ ਲਈ ਜੀਵ ਨੂੰ ਪਤਾਲ, ਧਰਤ ਅਤੇ ਅਕਾਸ਼ (ਬ੍ਰਹਿਮੰਡ) ਨਾਲੋਂ ਤੋੜਕੇ ਨਹੀਂ ਦੇਖਿਆ ਜਾ ਸਕਦਾ। ਪਰਮਾਤਮਾ, ਜੀਵ ਅਤੇ ਜਗਤ ਦੇ ਅੰਤਰ ਸੰਬੰਧਾਂ ਸਬੰਧੀ ਪੂਰਕ ਗਿਆਨ ਗੁਰੂ ਤੋਂ ਹੀ ਪ੍ਰਾਪਤ ਹੋ ਸਕਦਾ ਹੈ। ਗੁਰੂ ਹੀ ਮਨੁੱਖ (ਜੀਵ) ਨੂੰ ਸੰਸਾਰਕ ਚੱਕਰਵਿਯੂ ਚੋਂ ਬਾਹਰ ਕੱਢ ਸਕਦਾ ਹੈ। ਭਵਸਾਗਰ ਚੋਂ ਪਾਰ ਲੰਘਾ ਸਕਦਾ ਹੈ। ਗੁਰੂ ਹੀ ਹੈ ਜੋ ਮਨੁੱਖ ਨੂੰ ਅਗਿਆਨ ਤੋਂ ਗਿਆਨ ਵਲ ਹਨ੍ਹੇਰੇ ਤੋਂ ਪ੍ਰਕਾਸ਼ ਵੱਲ ਲੈ ਕੇ ਜਾਂਦਾ ਹੈ। ਜੋ ਦ੍ਰਿਸ਼ਟ ਜਗਤ ਤੋਂ ਅਦ੍ਰਿਸ਼ਟ ਰਹੱਸਾਂ ਦੇ ਦਰਸ਼ਨ ਕਰਾਉਂਦਾ ਹੈ। ਸਾਰੇ ਧਰਮਾਂ ਦੇ ਬਾਰੀਕ ਤੋਂ ਬਾਰੀਕ ਪਹਿਲੂਆਂ ਨੂੰ ਗਹਿਰਾਈ ਤੱਕ ਸਮਝਣਾ ਹੀ ਧਰਮ ਸ਼ਾਸਤਰ ਬੁਨਿਆਦ ਹੈ।

## ਹਵਾਲੇ/ਟਿੱਪਣੀਆਂ

1. ਦਰਸ਼ਨ ਸਿੰਘ (ਡਾ.), **ਧਰਮ ਅਧਿਐਨ ਅਤੇ ਸਿੱਖ ਅਧਿਐਨ,** ਪੰਨਾ 95
2. Homer A Jack (ed.) : **Religion for Peace, Bombay Bhartia Vidia Bhawan,** p-47, Theology of the origin and history of the God's utterance and discourse about god or god's and called theologia in Greek Language.
3. Plato : Republic (p.k. II chap. 18) (quoted by) Trilochan Singh (Dr.) Theological Concept of Sikhism.
   "Norms must be prescribed to which poetry must conform in matters of theology. Theology thus meant telling story about the God's.
4. Oxford Dictionary (Compact Edition) Ed. B.W. Cohfield, R.W. p. 822
5. Encyclopaedia of Religion Volume 14, ed. in Chief, Mircea Eliade, New York, Macmillan Publishing Company.
6. ਵਜ਼ੀਰ ਸਿੰਘ (ਡਾ.), **ਧਰਮ ਦਾ ਦਾਰਸ਼ਨਿਕ ਪੱਖ,** ਪੰਨਾ 35
7. **Dictionary of Philosophy and Religion** (Estern and Western thought, Ed W.L. Resse, New Jersey, Humanities Press, p-574.
8. John Macquarrie, **Principles of Christian Theology,** (London : SCM Press Ltd.), p-1.
9. Encyclopaedia of Religion and Ethics ed. James Hasting Vol. 12, **New York, Charles Scribner's Sons,** p-293.
10. M. Veng, Engel Bert : **A Cultural Perspective in doing Theology in a divided World,** New York Virgina Press, p-72-73.
11. ਦਰਸ਼ਨ ਸਿੰਘ (ਡਾ.), **ਧਰਮ ਅਧਿਐਨ ਅਤੇ ਸਿੱਖ ਅਧਿਐਨ,** ਪੰਨਾ 95
12. **Enclyclopeadia of Britannica** Vol. 16 (ed.) London William Benton Publisher, Helen Heming Way Benton, p-274.
    Theology is the science which by right use of reason in accordance with proper scientific methods correlated, systemizes and organizes the matter of human religious experience in such a way as to reach a unified body of coherent doctrines fitted to satisfy the mind's demand for truth and to furnish guidance for the practical life.
13. ਦਰਸ਼ਨ ਸਿੰਘ (ਡਾ.), **ਧਰਮ ਅਧਿਐਨ ਅਤੇ ਸਿੱਖ ਅਧਿਐਨ,** ਪੰਨਾ 97
14. Gardon D. Kaufman, **Systematic Theology : A Historicist Perspective,** p-73.
15. ਗੁਰਮੇਲ ਸਿੰਘ ਐਮ.ਏ., **ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਵਤ੍ਰਿਤ ਅਧਿਆਤਮਵਾਦ,** ਪੰਨਾ-21, 28
16. ਹਰਿੰਦਰ ਸਿੰਘ ਮਹਿਬੂਬ, **ਸਹਿਜੇ ਰਚਿਓ ਖਾਲਸਾ,** ਪੰਨਾ 791
17. ਸ਼ੇਰ ਸਿੰਘ ਗਿਆਨੀ (ਪ੍ਰੋ.), **ਗੁਰਮਤਿ ਦਰਸ਼ਨ,** ਪੰਨਾ 96
18. ਰਾਧਾ ਕ੍ਰਿਸ਼ਨਨ (ਡਾ.), **ਵਿਚਾਰ ਦਰਪਣ,** ਪੰਨਾ 129
19. ਸ਼ੇਰ ਸਿੰਘ ਗਿਆਨੀ (ਪ੍ਰੋ.), **ਗੁਰਮਤਿ ਦਰਸ਼ਨ,** ਪੰਨਾ 96
20. ਰਾਧਾ ਕ੍ਰਿਸ਼ਨਨ (ਡਾ.), **ਵਿਚਾਰ ਦਰਪਣ,** 1989, ਪੰਨਾ 175

21. ਸ਼ਾਂਤੀ ਨਾਥ ਗੁਪਤਾ (ਡਾ.), **ਭਾਰਤੀ ਦਰਸ਼ਨ,** ਪੰਨਾ 14
22. ਹਰਬੰਸ ਸਿੰਘ (ਪ੍ਰੋ.), ਐਲ.ਐਮ.ਜੋਸ਼ੀ (ਡਾ.), **ਸੰਸਾਰ ਦੇ ਧਰਮ,** ਪੰਨਾ 16-17
23. ਸ਼ਾਂਤੀ ਨਾਥ ਗੁਪਤਾ (ਡਾ.), **ਭਾਰਤੀ ਦਰਸ਼ਨ,** ਪੰਨਾ 15
24. ਦੀਵਾਨ ਚੰਦ (ਡਾ.), **ਦਰਸ਼ਨ ਸੰਗ੍ਰਹਿ (ਹਿੰਦੀ),** ਪੰਨਾ 255
25. ਇਕਬਾਲ ਨਰਾਇਣ ਚੋਪੜਾ (ਡਾ.), **ਭਾਰਤੀ ਧਰਮ ਦਰਸ਼ਨ**, ਪੰਨਾ 49
26. ਰਾਧਾ ਕ੍ਰਿਸ਼ਨਨ (ਡਾ.), **ਵਿਚਾਰ ਦਰਪਣ,** ਪੰਨਾ 249
27. Radhakrishanan, **Eastern Religon and Western Thought,** p-355
28. ਪਿਆਰਾ ਸਿੰਘ ਪਦਮ (ਪ੍ਰੋ.), **ਸ੍ਰੀ ਗੁਰੂ ਗ੍ਰੰਥ ਸੰਕੇਤ ਕੋਸ਼,** ਪੰਨਾ 71
29. ਕਾਨ੍ਹ ਸਿੰਘ ਨਾਭਾ (ਭਾਈ), **ਮਹਾਨ ਕੋਸ਼,** ਪੰਨਾ 464
30. ਹਰਿੰਦਰ ਸਿੰਘ ਮਹਿਬੂਬ, **ਸਹਿਜੇ ਰਚਿਓ ਖਾਲਸਾ,** ਪੰਨਾ 951
31. ਉਹੀ, ਪੰਨਾ 951
32. ਪ੍ਰੀਤਮ ਸਿੰਘ (ਪ੍ਰੋ.), **ਸਿੱਖ ਵਿਚਾਰਧਾਰਾ,** ਪੰਨਾ 24
33. ਹਰਿੰਦਰ ਸਿੰਘ ਮਹਿਬੂਬ, **ਸਹਿਜੇ ਰਚਿਓ ਖਾਲਸਾ**, ਪੰਨਾ 952
34. ਰਤਨ ਸਿੰਘ ਜੱਗੀ (ਡਾ.), **ਸਾਹਿੱਤ ਕੋਸ਼ ਪਾਰਿਭਾਸ਼ਿਕ ਸ਼ਬਦਾਵਲੀ,** ਪੰਨਾ 538
35. ਗੁਰਬਚਨ ਸਿੰਘ ਤਾਲਿਬ, **ਪਵਿੱਤਰ ਜੀਵਨ ਕਥਾਵਾਂ,** ਪੰਨਾ 11
36. ਹਰਬੰਸ ਸਿੰਘ (ਡਾ.), ਐਲ.ਐਮ. ਜੋਸ਼ੀ, **ਸੰਸਾਰ ਦੇ ਧਰਮ,** ਡਾ. ਭਗਤ ਸਿੰਘ (ਅਨੁ.), ਪੰਨਾ 63
37. ਰਾਧਾ ਕ੍ਰਿਸ਼ਨਨ (ਡਾ.), **ਵਿਚਾਰ ਦਰਪਣ,** ਪੰਨਾ 299
38. ਹਰਿੰਦਰ ਸਿੰਘ ਮਹਿਬੂਬ, **ਸਹਿਜੇ ਰਚਿਓ ਖਾਲਸਾ,** ਪੰਨਾ 953
39. ਰਾਮਧਾਰੀ ਸਿੰਘ ਦਿਨਕਰ, **ਸਭਿਆਚਾਰ ਦੇ ਚਾਰ ਅਧਿਆਇ,** ਧਨਵੰਤ ਕੌਰ, ਡਾ. (ਅਨੁ.), ਪੰਨਾ 171
40. ਪਰਮਿੰਦਰ ਸੋਢੀ (ਅਨੁ. ਅਤੇ ਸੰਪਾ.), **ਧੱਮਪਦ** (ਬੁੱਧ ਬਾਣੀ ਦਾ ਸਰਲ ਪੰਜਾਬੀ ਰੂਪ), ਪੰਨਾ 38
41. ਹਰਨਾਮ ਦਾਸ (ਪ੍ਰੋ.) (ਅਨੁ.), ਡਾ. ਅੰਮ੍ਰਿਤ ਕੌਰ ਰੈਣਾ (ਸੰਪਾ.), **ਬੁੱਧ ਦੇ ਧੱਮਪਦ**, ਪੰਨਾ 68
ਮੱਗਾਨਟਠ ਗਿੰਕੋ ਸੇਟਠ', ਸੱਚਾਨੰ ਚਤੁਰ' ਪਦਾ।
ਵਿਰਾਗੋ ਸੇਹੁਠੋ ਧੱਮਾਨੰ, ਦ੍ਵਿਪਦਾਨੰ ਚ ਚਕਖੁਮਾ। 273
42. ਉਹੀ, ਪੰਨਾ 48
ਦੁਕਖੰ ਦੁਕਖਸ ਮੁੱਪਜਦੰ, ਦੁਕੱਖਸ ਚ ਅਤਿੱਕਮੰ।
ਆਰਿਯੰ ਚਟਤੰ ਗਿਕੰ ਮੱਗੰ, ਦੁਕਖੈਸ ਸਮਗਾਸਿਨੰ।
43. ਰਤਨ ਸਿੰਘ ਜੱਗੀ (ਡਾ.) (ਸੰਪਾ.), **ਸਾਹਿਤ ਕੋਸ਼ ਪਾਰਿਭਾਸ਼ਿਕ ਸ਼ਬਦਾਵਲੀ,** ਪੰਨਾ 752-53
44. ਐਲ.ਐਮ.ਜੋਸ਼ੀ, ਡਾ. ਸ਼ਾਰਧਾ ਗਾਂਧੀ, ਧੱਮਪੱਦ, ਪੰਨਾ 9
ਤਾਪਾਤ ਛੇਦਤਾ ਚ ਨਿਕਸ਼ਾਤ ਸੁਵਰਣਮਿਣ ਪੰਡਿਤੈਹ।
ਪਰੀਖਿਆ ਭਿਖਵੈ ਗ੍ਰਾਹਯੰ ਮਦ ਵਚੋ ਨ ਤੁ ਗੌਰਵਾਤ।
45. ਹਰਿੰਦਰ ਸਿੰਘ ਮਹਿਬੂਬ, **ਸਹਿਜੇ ਰਚਿਓ ਖਾਲਸਾ,** ਪੰਨਾ 961
46. ਐਲ.ਐਮ. ਜੋਸ਼ੀ (ਡਾ.), ਡਾ. ਸ਼ਾਰਧਾ ਗਾਂਧੀ, (ਸੰਪਾ. ਤੇ ਅਨੁ.) **ਧੱਮਪਦ** (ਭੂਮਿਕਾ), ਪੰਨਾ 18
47. ਅਨੰਦ ਸਪੈਂਸਰ (ਡਾ.), **ਨਵੇਂ ਅਹਿਦਨਾਮੇ ਦੀ ਜਾਣਕਾਰੀ,** ਪੰਨਾ 27
48. Paul Edwards (ed.) **The Encyclopaedia of Philosophy,** Vol. 7, p-189
49. **ਪਵਿੱਤਰ ਬਾਈਬਲ** (ਪੰਜਾਬੀ ਅਨੁ.), ਪੰਨਾ 856

50. ਗੁਰਬਚਨ ਸਿੰਘ ਤਾਲਿਬ (ਡਾ.), **ਸੰਸਾਰ ਦੇ ਕੁੱਝ ਮੁੱਖ ਧਰਮ,** ਦਰਸ਼ਨ ਸਿੰਘ (ਅਨੁ.), ਪੰਨਾ 71
51. ਉਹੀ, ਪੰਨਾ 106
52. **New Catholic Encyclopaedia,** New York, Mc-Graw Hill Book Company, Vol. XIV, p-296
53. ਉਹੀ, ਪੰਨਾ 4
54. **ਪਵਿੱਤਰ ਬਾਈਬਲ,** 1991-92, ਪੰਨਾ 42, 70, 114, 148
55. ਜੇਮਜ਼ ਐਂਡਗਰ ਸ੍ਰੇਨ, **ਵਿਸ਼੍ਵ ਸਭਿਅਤਾ ਦਾ ਇਤਿਹਾਸ,** ਦੂਜੀ ਛਾਪ, ਸੰਤ ਸਿੰਘ ਸੇਖੋਂ (ਅਨੁ.), ਪੰਨਾ 235
56. ਐਲ.ਐਮੀ ਜੋਸ਼ੀ ਅਤੇ ਜੋਧ ਸਿੰਘ (ਸੰਪਾ.), **ਵਿਸ਼ਵ ਧਰਮ ਸੰਗ੍ਰਹਿ,** ਪੰਨਾ 68
57. ਕਾਨ੍ਹ ਸਿੰਘ ਨਾਭਾ (ਭਾਈ), **ਗੁਰ ਸ਼ਬਦ ਰਤਨਾਕਰ (ਮਹਾਨ ਕੋਸ਼),** ਪੰਨਾ 118
58. ਜੇਮਜ਼ ਐਡਗਰ ਸ੍ਰੈਨ, **ਵਿਸ਼੍ਵ ਸਭਿਅਤਾ ਦਾ ਇਤਿਹਾਸ**, ਸੰਤ ਸਿੰਘ ਸੇਖੋਂ (ਅਨੁ.), ਪੰਨਾ 326
59. ਐਲ.ਐਮ. ਜੋਸ਼ੀ, ਜੋਧ ਸਿੰਘ (ਸੰਪਾ.), **ਵਿਸ਼੍ਵ ਧਰਮ ਸੰਗ੍ਰਹਿ**, ਪੰਨਾ 68
60. ਨਾਮਧਾਰੀ ਸਿੰਘ ਦਿਨਕਰ, **ਸੱਭਿਆਚਾਰ ਦੇ ਚਾਰ ਅਧਿਆਇ,** ਧਨਵੰਤ ਕੌਰ, ਡਾ. (ਸੰਪਾ.), ਪੰਨਾ 332
61. ਨਾਜ਼ਿਰ ਦਾਵਤੋਂ (ਅਨੁ.), **ਕੁਰਆਨ ਮਜ਼ੀਦ ਕਾਦੀਅਨ ਭਾਰਤ ਤਬਲੀਗ,** ਪੰਨਾ 14
62. ਗੁਲਵੰਤ ਸਿੰਘ, **ਇਸਲਾਮ ਅਤੇ ਸੂਫੀਵਾਦ,** ਪੰਨਾ 5
63. ਉਹੀ, ਪੰਨਾ 62
64. ਜੇਮਜ਼ ਐਡਗਰ ਸ੍ਰੇਨ, **ਵਿਸ਼੍ਵ ਸਭਿਅਤਾ ਦਾ ਇਤਿਹਾਸ,** ਸੰਤ ਸਿੰਘ ਸੇਖੋਂ (ਅਨੁ.), ਪੰਨਾ 254-55
65. ਰਤਨ ਸਿੰਘ ਜੱਗੀ, ਡਾ. (ਸੰਪਾ.)**, ਸਾਹਿਤ ਕੋਸ਼ ਪਰਿਭਾਸ਼ਿਕ ਸ਼ਬਦਾਵਲੀ**, ਪੰਨਾ 1
66. ਤਾਰਨ ਸਿੰਘ (ਡਾ.), **ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ,** ਪੰਨਾ 1-23
67. ਦਰਸ਼ਨ ਸਿੰਘ (ਡਾ.), **ਧਰਮ ਅਧਿਐਨ ਅਤੇ ਸਿੱਖ ਅਧਿਐਨ,** ਪੰਨਾ 104
68. ਉਹੀ
69. ਰਤਨ ਸਿੰਘ ਜੱਗੀ (ਡਾ.), **ਗੁਰੂ ਗ੍ਰੰਥ ਵਿਸ਼ਵਕੋਸ਼** (ਭਾਗ ਦੂਜਾ) 2002, ਪੰਨਾ 145
70. **ਸ੍ਰੀ ਗੁਰੂ ਗ੍ਰੰਥ ਸਾਹਿਬ**, ਮਹਲਾ 1, ਪੰਨਾ 1
71. ਹਰਬੰਸ ਸਿੰਘ (ਪ੍ਰੋ.), ਐਲ.ਐਸ.ਜੋਸ਼ੀ (ਡਾ.), **ਸੰਸਾਰ ਦੇ ਧਰਮ** (ਭਾਗ ਪਹਿਲਾ) 2002, ਪੰਨਾ 124-125
72. ਵਜ਼ੀਰ ਸਿੰਘ, **ਧਰਮ ਦਾ ਦਾਰਸ਼ਨਿਕ ਪੱਖ,** ਪੰਨਾ 3
73. ਰਾਧਾ ਕ੍ਰਿਸ਼ਨਨ (ਡਾ.), **ਧਰਮ ਔਰ ਸਮਾਜ,** ਪੰਨਾ 42
74. ਰਾਮਧਾਰੀ ਸਿੰਘ ਦਿਨਕਰ, **ਸਭਿਆਚਾਰ ਦੇ ਚਾਰ ਅਧਿਆਇ,** ਪੰਨਾ 159
75. **ਮੰਨੂ-ਸਿਮ੍ਰਿਤੀ**, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1989, 6/92
76. ਐਫ.ਮੈਕਸਮੂਲਰ, **ਧਰਮ ਦੀ ਉਤਪਤੀ,** ਤਾਰਨ ਸਿੰਘ (ਅਨੁ.), ਪੰਨਾ 9-10
77. ਰਾਧਾ ਕ੍ਰਿਸ਼ਨਨ (ਡਾ.), **ਈਸਟਨ ਰਿਲੀਜਨਜ਼ ਐਂਡ ਵੈਸਟਰਨ ਥਾਟ,** ਪੰਨਾ 353
78. ਵਜ਼ੀਰ ਸਿੰਘ, **ਧਰਮ ਦਾਰਸ਼ਨਿਕ ਪੱਖ**, ਪੰਨਾ 39

# ਅਧਿਆਇ – ਚੌਥਾ

# ਸ਼੍ਰੀ ਗੁਰ ਨਾਨਕ ਪ੍ਰਕਾਸ਼ : ਧਰਮ ਸ਼ਾਸਤਰੀ ਅਧਿਐਨ

ਸ਼੍ਰੀ ਗੁਰ ਨਾਨਕ ਪ੍ਰਕਾਸ਼, ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਸੰਸਾਰ ਦੀ ਯਾਤਰਾ ਸਮੇਂ ਲੋਕਾਈ ਲਈ ਦਿੱਤੇ ਉਪਦੇਸ਼ਾਂ ਦੀ ਜਾਣਕਾਰੀ ਪ੍ਰਦਾਨ ਕਰਨ ਵਾਲਾ ਗ੍ਰੰਥ ਹੈ। ਇਸ ਗ੍ਰੰਥ ਦੀ ਉਪਜ ਸ਼ਰਧਾ ਤੇ ਅਨੁਭਵ ਵਿੱਚੋਂ ਹੋਈ ਹੈ। ਇਸ ਗ੍ਰੰਥ ਵਿੱਚ ਧਰਮ ਦੇ ਬੁਨਿਆਦੀ ਨਿਯਮਾਂ ਦਾ ਉਲੇਖ ਪ੍ਰਾਪਤ ਹੈ। ਇਨ੍ਹਾਂ ਨਿਯਮਾਂ ਨੂੰ ਧਾਰਨ ਕਰਨ ਨਾਲ ਲੋਕਾਈ ਠੀਕ ਰਸਤੇ ਉੱਤੇ ਚਲਕੇ ਸਮਾਜ ਵਿਚ ਸਾਰਥਕ ਯੋਗਦਾਨ ਪਾ ਸਕਦੀ ਹੈ। ਇਨ੍ਹਾਂ ਨਿਯਮਾਂ ਨੂੰ ਸਾਧੂ ਸੰਤ ਅਤੇ ਮਨੁੱਖ ਦ੍ਰਿੜ ਇਰਾਦੇ ਨਾਲ ਧਾਰਨ ਕਰਦੇ ਹਨ। ਇਹ ਧਾਰਨ ਕੀਤੇ ਨਿਯਮ ਹੀ ਧਰਮ ਬਣ ਜਾਂਦੇ ਹਨ। ਇਨ੍ਹਾਂ ਨਿਯਮਾਂ ਨੂੰ ਸਰੀਰ ਅਤੇ ਆਤਮਾ ਦੁਆਰਾ ਲਾਗੂ ਕੀਤਾ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਰੀਰ ਨੂੰ ਵੀ ਧਰਮ ਪਰਵਾਨਿਆ ਗਿਆ ਹੈ।

ਇਹੁ ਸਰੀਰੁ ਸਭੁ ਧਰਮੁ ਹੈ ਜਿਸੁ ਅੰਦਰਿ ਸਚੇ ਕੀ ਵਿੱਚਿ ਜੋਤਿ
ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ।[1]

ਧਰਮ ਵਿੱਚ ਰੀਤੀ ਰਿਵਾਜ, ਫ਼ਰਜ਼, ਕਰਤੱਵ, ਰਸਮਾਂ ਅਤੇ ਸੁਭਾਅ ਆਦਿ ਆਉਂਦੇ ਹਨ। ਧਰਮ ਸ਼ਾਸਤਰ ਪਰਮਾਤਮਾ ਪ੍ਰਤੀ ਸ਼ਰਧਾ ਤੇ ਵਿਸ਼ਵਾਸ ਦੇ ਆਧਾਰ ਤੇ ਸਿਧਾਂਤ ਪ੍ਰਸਤੁਤ ਕਰਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਮਹਾਨ ਕੋਸ਼ ਵਿੱਚ ਧਰਮ ਸ਼ਾਸਤਰ ਬਾਰੇ ਲਿਖਦੇ ਹਨ।

ਧਰਮ ਸ਼ਾਸਤਰ ਧਰਮ ਦੇ ਨਿਯਮ ਦੱਸਣ ਵਾਲਾ ਗ੍ਰੰਥ ਹੈ।[2]

ਇਸ ਵਿੱਚ ਮਨੁੱਖ ਨੂੰ ਇਮਾਨ ਕਾਇਮ ਰੱਖਣਾ, ਧਰਮ ਦੀ ਪਾਲਣਾ ਕਰਨਾ, ਧਾਰਮਿਕ ਜੀਵਨ ਨੂੰ ਉੱਚਾ-ਸੁੱਚਾ ਬਣਾਉਣਾ ਹੁੰਦਾ ਹੈ। ਜਿਹੜੇ ਮਨੁੱਖ ਕੁਕਰਮਾਂ ਨੂੰ ਤਿਆਗ ਕੇ ਸਤਯ, ਯਗਯ, ਪੂਜਾ ਅਤੇ ਨਾਮ ਦਾ ਸਮਰਣ ਕਰਦੇ ਹੋਣ ਉਹ ਧਰਮ ਸ਼ਾਸਤਰ ਦੇ ਨਿਯਮਾਂ ਨੂੰ ਅਪਣਾਉਂਦੇ ਹਨ। ਸਿੱਖ ਧਰਮ ਵਿੱਚ ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ ਨੂੰ ਹੀ ਧਰਮ ਸ਼ਾਸਤਰ ਦੀਆਂ ਮਨੌਤਾਂ ਮੰਨਿਆ ਗਿਆ ਹੈ। ਜਿਸ ਗ੍ਰੰਥ ਤੋਂ ਧਾਰਮਿਕ ਵਿਧੀ ਵਿਧਾਨ, ਨਿਯਮਾਂ ਸੰਬੰਧੀ ਗਿਆਨ ਮਿਲਦਾ ਹੋਵੇ ਉਹ ਧਰਮ ਸ਼ਾਸਤਰ ਹੈ। ਧਰਮ ਸ਼ਾਸਤਰ ਦੇ ਨਿਯਮਾਂ ਅਨੁਸਾਰ ਜੀਵਨ ਜਿਊਣ ਵਾਲਾ ਮਨੁੱਖ ਦੁੱਖਾਂ, ਕਲੇਸ਼ਾਂ ਤੋਂ ਛੁਟਕਾਰਾ ਪਾਉਂਦਾ ਹੈ। ਧਾਰਮਿਕ ਨਿਯਮਾਂ ਨੂੰ ਜਾਣਨ ਵਾਲਾ ਮਨੁੱਖ ਧਰਮ ਯੁੱਧ ਦੇ ਨਿਯਮਾਂ ਦੀ ਵੀ ਪਾਲਣਾ ਕਰਦਾ ਹੈ। ਜਿਸ ਯੁੱਧ ਵਿੱਚ ਛਲ-ਕਪਟ ਤੇ ਅਸਤਯ ਨਾ ਵਰਤਿਆ ਜਾਵੇ। ਧਰਮ ਦੀ ਮਰਿਯਾਦਾ ਦਾ ਪਾਲਣ ਕਰਨ ਵਾਲਾ

ਧਰਮਵੰਤ ਹੁੰਦਾ ਹੈ। ਧਾਰਮਿਕ ਨਿਯਮਾਂ ਦੀ ਪਾਲਣਾ ਕਰਨ ਵਾਲੇ ਮਨੁੱਖ ਦਾ ਪਰਮਾਤਮਾ ਨਾਲ ਮੇਲ ਹੁੰਦਾ ਹੈ ਤੇ ਉਸਨੂੰ ਮੁਕਤੀ ਪ੍ਰਾਪਤ ਹੁੰਦੀ ਹੈ। ਇਸ ਕਰਕੇ ਧਰਮ ਨਾਲ ਆਤਮਸਾਤ ਹੋਇਆ ਜਾ ਸਕਦਾ ਹੈ।

> ਸ੍ਰੀ ਗੁਰ ਨਾਨਕ ਪ੍ਰਕਾਸ਼ ਦੇ ਤ੍ਰਿਯਾ ਰਾਜ ਪ੍ਰਸੰਗ ਵਿੱਚ ਜਦੋਂ ਨੂਰਸ਼ਾਹ ਨਾਮੀ ਇਸਤਰੀ ਮਰਦਾਨੇ ਤੇ ਜਾਦੂ ਕਰਦੀ ਹੈ ਪਰ ਸ੍ਰੀ ਗੁਰੂ ਨਾਨਕ ਦੇਵ ਜੀ ਵਾਹਿਗੁਰੂ-ਵਾਹਿਗੁਰੂ ਦੇ ਸ਼ਬਦ ਉਚਾਰਨ ਨਾਲ ਨੂਰਸ਼ਾਹ ਰਾਜੇ ਦੇ ਮੰਤਰ ਤੰਤਰ ਨੂੰ ਚੱਲਣ ਨਹੀਂ ਦਿੰਦੇ। ਗੁਰੂ ਜੀ ਆਪਣੀ ਧਾਰਮਿਕ ਸ਼ਕਤੀ ਨਾਲ ਉਨ੍ਹਾਂ ਇਸਤਰੀਆਂ ਨੂੰ ਸੇਵਾ ਕਰਨ, ਸਤਿਨਾਮ ਦਾ ਜਾਪ ਕਰਨ ਲਈ ਉਪਦੇਸ਼ ਦਿੰਦੇ ਹਨ। ਮੰਤਰ-ਤੰਤਰ ਨਾ ਕਰਨ ਅਤੇ ਸੰਤਾਂ ਦਾ ਨਿਰਾਦਰ ਨਾ ਕਰਨ ਲਈ ਗਿਆਨ ਪ੍ਰਦਾਨ ਕਰਦੇ ਹਨ।[3]

ਇਸ ਖੋਜ ਪ੍ਰਬੰਧ ਵਿੱਚ ਸ੍ਰੀ ਗੁਰ ਨਾਨਕ ਪ੍ਰਕਾਸ਼ ਨੂੰ ਧਰਮ ਸ਼ਾਸਤਰੀ ਅਧਿਐਨ ਵਿਧੀ ਨਾਲ ਵਿਚਾਰਿਆ ਗਿਆ ਹੈ। ਧਰਮ ਸ਼ਾਸਤਰ ਰੱਬ ਸੰਬੰਧੀ ਵਿਚਾਰ ਅਤੇ ਧਾਰਮਿਕ ਖੇਤਰ ਵਿੱਚ ਕੀਤੇ ਅਮਲ ਦਾ ਅਧਿਐਨ ਹੈ। ਜਿਸ ਵਿੱਚ ਧਰਮ ਨੂੰ ਸ਼ਪਸਟ ਅਤੇ ਤਰਕ ਸੰਗਤ ਵਿਧੀ ਵਿੱਚ ਬਿਆਨ ਕੀਤਾ ਜਾਂਦਾ ਹੈ। ਧਰਮ ਸ਼ਾਸਤਰੀ ਅਧਿਐਨ ਅਧੀਨ ਬਹੁਤ ਸਾਰੇ ਸੰਕਲਪ ਸ਼ਾਮਿਲ ਕੀਤੇ ਜਾ ਸਕਦੇ ਹਨ। ਪਰ ਇਸ ਅਧਿਆਇ ਵਿੱਚ ਪਰਮਾਤਮਾ, ਜਗਤ, ਜੀਵ ਅਤੇ ਗੁਰੂ ਆਦਿ ਸੰਕਲਪ ਲਏ ਗਏ ਹਨ। ਧਰਮ ਸ਼ਾਸਤਰ ਨੂੰ ਸਭਿਆਚਾਰ ਦੀ ਪੈਦਾਇਸ (ਉਪਜ) ਦੱਸਿਆ ਹੈ। ਧਰਮ ਸ਼ਾਸਤਰ ਵਿੱਚ ਪਰਮਾਤਮਾ ਦੇ ਸੰਕਲਪ ਨੂੰ ਮੁੱਖ ਕੇਂਦਰੀ ਸਥਾਨ ਹਾਸਲ ਹੈ। ਅਮਲ ਤੋਂ ਬਿਨ੍ਹਾਂ ਧਰਮ ਸ਼ਾਸਤਰ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਸ੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਧਰਮ ਸ਼ਾਸਤਰ ਦੇ ਨਿਯਮਾਂ ਅਤੇ ਇਸ਼ਟ ਦੀ ਮਰਿਯਾਦਾ ਅਨੁਸਾਰ ਸਰਵੋਤਮ ਰਚਨਾ ਹੈ। ਜੋ ਸਿੱਖ ਧਰਮ ਸ਼ਾਸਤਰ ਤੇ ਆਧਾਰਿਤ ਹੈ ਜਿਸ ਦਾ ਅਰੰਭ ਹੀ ਧਰਮ ਸ਼ਾਸਤਰ ਅਨੁਸਾਰ ਪਰਵਾਨਿਆ ਜਾ ਸਕਦਾ ਹੈ। ਸ੍ਰੀ ਗੁਰ ਨਾਨਕ ਪ੍ਰਕਾਸ਼ ਵਿੱਚ ਉਹ ਨਿਯਮ ਦੱਸੇ ਗਏ ਹਨ ਜਿਨ੍ਹਾਂ ਰਾਹੀਂ ਪਰਮਾਤਮਾ ਨੂੰ ਪਾਇਆ ਜਾ ਸਕਦਾ ਹੈ।

ਧਰਮ ਸ਼ਾਸਤਰ ਅੰਤਰ ਅਨੁਸ਼ਾਸਨੀ ਦ੍ਰਿਸ਼ਟੀ ਹੈ। ਗੁਰਬਾਣੀ ਵਾਂਗ ਸ੍ਰੀ ਗੁਰ ਨਾਨਕ ਪ੍ਰਕਾਸ਼ ਵਿੱਚ ਵੀ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਜਿਹੇ ਵਿਸ਼ੇ ਵਿਕਾਰਾਂ ਦਾ ਖੰਡਨ ਅਤੇ ਕਰਮ-ਕਾਂਡਾਂ ਤੋਂ ਮੁਕਤੀ ਪਾਉਣ ਲਈ ਪ੍ਰੇਰਿਆ ਗਿਆ ਹੈ। ਇਸ ਵਿਚ ਰਹਿਤ-ਮਰਿਯਾਦਾ ਦੀ ਪਾਲਣਾ ਕਰਨ ਨੂੰ ਮਹੱਤਤਾ ਦਿੱਤੀ ਗਈ ਹੈ। ਸਵਾਰਥਾਂ ਨੂੰ ਛੱਡਣ ਲਈ ਕਿਹਾ ਗਿਆ ਹੈ।

ਮਾਇਆ ਰੂਪੀ ਅੰਨ੍ਹੇ ਖੂਹ ਵਿੱਚੋਂ ਨਿਕਲਣ ਲਈ ਤਾਕੀਦ ਕੀਤੀ ਗਈ ਹੈ। ਪਦਾਰਥਿਕ ਤ੍ਰਿਸ਼ਨਾਵਾਂ ਤੋਂ ਮੁੱਖ ਮੋੜ੍ਹਣ ਲਈ ਜਾਗ੍ਰਿਤ ਕੀਤਾ ਗਿਆ ਹੈ ਤਾਂ ਕਿ ਸਵਾਰਥਾਂ ਨੂੰ ਛੱਡ ਕੇ ਪਰਮਾਤਮਾ ਨਾਲ ਜੁੜਿਆ ਜਾ ਸਕੇ।

> ਮਨ ਮੂਰਖ ਅਜਹੂੰ ਨਹਿੰ ਜਾਨਤਿ। ਜਿਸ ਕਰੁਨਾ ਤੇ ਸਭ ਤੁਝ ਮਾਨਤਿ।
> ਮਧੁਰ ਜਾਨ ਬਿਸ਼ਯਨਿ ਬਿਲਸਾਤੂ। ਸੋ ਹੋਵਹਿੰ ਕਟੁ ਬਡ ਦੁਖ ਦਾਤੂ।[4]

ਧਰਮ ਦੀਆਂ ਸਿੱਖਿਆਵਾਂ ਨੂੰ ਲਾਗੂ ਕਰਨਾ ਭਾਵ ਪ੍ਰਚਾਰਨਾ ਵੀ ਧਰਮ ਸ਼ਾਸਤਰ ਦਾ ਅਟੁੱਟ ਅੰਗ ਹੈ। ਧਰਮ ਸ਼ਾਸਤਰ ਮੂਲ ਰੂਪ ਵਿੱਚ ਇੱਕ ਧਾਰਮਿਕ ਵਿਧੀ ਹੈ। ਜੋ ਧਰਮ ਦੇ ਹੱਦਾਂ ਬੰਨ੍ਹਿਆਂ ਵਿੱਚ ਰਹਿ ਕੇ ਉਸ ਧਰਮ ਦੀ ਵਿਆਖਿਆ ਪੇਸ਼ ਕਰਦੀ ਹੈ। ਸ਼੍ਰੀ ਗੁਰ ਨਾਨਕ ਪ੍ਰਕਾਸ਼ ਵਿੱਚ ਗੁਰਬਾਣੀ ਤੇ ਸਿੱਖੀ ਸਿਧਾਂਤਾਂ ਅਨੁਕੂਲ ਹੀ ਵਿਆਖਿਆ ਹੋਈ ਹੈ। ਇਸ ਵਿੱਚ ਸਦਾਚਾਰਿਕ ਕੀਮਤਾਂ, ਨੈਤਿਕਤਾ ਦੇ ਹੋ ਰਹੇ ਪਤਨ ਨੂੰ ਧਰਮ ਸ਼ਾਸਤਰ ਅਨੁਸਾਰ ਪੇਸ਼ ਕੀਤਾ ਗਿਆ ਹੈ।

> ਜਹਿ ਤਹਿੰ ਚਲੀ ਮਲੇਛਨ ਭਾਖਾ। ਨਿਜ ਨਿਜ ਧਰਮ ਨਰਨ ਸਭਿ ਨਾਖਾ।
> ਪੁੰਨ ਹੀਨ ਤਨ ਪਾਪਨ ਪੀਨਾ। ਦਰਬ ਖਸੋਟਹਿੰ ਦੇਖਤਿ ਦੀਨਾ।[5]

ਉਪਰੋਕਤ ਵਿਚਾਰ ਤੋਂ ਇਹ ਸਿੱਧ ਹੁੰਦਾ ਹੈ ਕਿ ਧਰਮ ਸ਼ਾਸਤਰ ਧਾਰਮਿਕ ਗ੍ਰੰਥ ਵਿਚਲੇ ਸਿਧਾਂਤ ਨੂੰ ਪਰਿਭਾਸ਼ਿਤ ਕਰਦਾ ਹੈ। ਧਾਰਮਿਕ ਸਿਧਾਂਤ ਮਨੁੱਖੀ ਜੀਵਨ ਨੂੰ ਸੇਧ ਦੇਣ ਲਈ ਸਿਰਜੇ ਜਾਂਦੇ ਹਨ। ਇਸੇ ਲਈ ਧਰਮ ਸ਼ਾਸਤਰ ਮਨੁੱਖੀ ਜੀਵਨ ਜਿੰਨਾ ਹੀ ਪੁਰਾਣਾ ਮੰਨਿਆ ਗਿਆ ਹੈ।

> ਧਰਮ ਸ਼ਾਸਤਰ ਵਿੱਚ ਸਮੁੱਚੇ (ਹਿੰਦੂ) ਵਿਧਾਨ ਸ਼ਾਸਤਰਾਂ ਨੂੰ ਲਿਆ ਗਿਆ ਹੈ। ਆਮ ਤੌਰ ਤੇ ਇੰਨ੍ਹਾਂ ਗ੍ਰੰਥਾਂ ਦੇ ਤਿੰਨ ਭਾਗ ਹਨ। 1. ਆਚਾਰ (ਵਰਤੋਂ ਵਿਹਾਰ ਦੇ ਨਿਯਮ), 2. ਵਯਵਹਾਰ (ਰਾਜ ਪ੍ਰਬੰਧ), 3. ਪ੍ਰਯਸ਼੍ਚਿੱਤ (ਢੰਗ) ਇਨ੍ਹਾਂ ਵਿੱਚ ਧਰਮ ਸੰਬੰਧੀ ਨਿਯਮਾਂ ਦਾ ਵਰਨਣ ਕੀਤਾ ਗਿਆ ਹੈ।[6]

ਧਰਮ ਸ਼ਾਸਤਰ ਦੀ ਸਿਧਾਂਤਕ ਵਿਆਖਿਆ ਦੁਆਰਾ ਮਨੁੱਖ ਦਾ ਧਾਰਮਿਕ ਅਕੀਦਿਆਂ ਅਤੇ ਵਿਸ਼ਵਾਸਾਂ ਵਿੱਚ ਯਕੀਨ ਦ੍ਰਿੜ ਹੋਣ ਲੱਗਦਾ ਹੈ। ਧਰਮ ਸ਼ਾਸਤਰ ਵਿੱਚ ਧਰਮ ਦੇ ਅਨੁਯਾਈਆਂ ਲਈ ਜੀਵਨ ਜਾਚ ਦੀ ਵਿਧੀ ਦੱਸੀ ਗਈ ਹੈ। ਸਿੱਖਾਂ ਨੂੰ ਉਪਦੇਸ਼ ਅਧਿਆਇ ਵਿਚ ਕਾਮ ਕਰੋਧ ਲੋਭ ਮੋਹ ਹੰਕਾਰ ਨੂੰ ਪੰਜ ਚੋਰ ਕਿਹਾ ਗਿਆ ਹੈ। ਵਿਸ਼ੇ ਵਿਕਾਰਾਂ ਨੂੰ ਤਿਆਗਣ ਦੀ ਨਸੀਅਤ ਦਿੱਤੀ ਹੈ ਕਿ ਸਤ, ਸੰਤੋਖ, ਵੈਰਾਗ, ਵਿਚਾਰ ਕਰਨਾ, ਸਤਿ-ਆਤਮਾ, ਇਹ ਹੀ ਵੱਡਾ ਧਨ ਹੈ। ਹੋਰ ਸਭ ਨੂੰ ਚੋਰ ਲੁੱਟ ਕੇ ਲੈ ਜਾਂਦੇ ਹਨ ਅਤੇ ਬੰਦਾ ਜਨਮ-ਮਰਨ ਦੇ ਦੁੱਖ ਪਾਉਂਦਾ

ਹੈ। ਨਾਮ ਸਿਮਰਨ ਅਤੇ ਸਤਿ ਸੰਗਤ ਦਾ ਸਹਾਰਾ ਲੈਣ ਨਾਲ ਸੌਖਾਲਿਆ ਹੀ ਪਾਰ ਹੋਇਆ ਜਾਂਦਾ ਹੈ। ਇਹ ਤਾਂ ਹੀ ਹੋਵੇਗਾ। ਜੇਕਰ ਨਿਮਰਭਾਵ ਹੋ ਕੇ ਸੇਵਾ ਦੀ ਕਮਾਈ ਕਰੋਗੇ।

ਇਸ ਤਰ੍ਹਾਂ ਧਰਮ ਸ਼ਾਸਤਰ, ਮਰਯਾਦਿਤ ਜੀਵਨ ਜਿਊਂਣ ਲਈ, ਸਦਾਚਾਰਿਕ ਗੁਣ ਅਤੇ ਰਹਿਤਲ ਦੇ ਤੌਰ ਤਰੀਕਿਆਂ ਦੀ ਧਾਰਮਿਕ ਦ੍ਰਿਸ਼ਟੀਕੋਣ ਤੋਂ ਵਿਆਖਿਆ ਕਰਦਾ ਹੈ ਕਿ ਮਨੁੱਖ ਨੇ ਰਹਿਤਲ ਦੇ ਨਾਲ-ਨਾਲ ਮਾਨਸਿਕ ਤੌਰ ਤੇ ਕਿਸ ਤਰ੍ਹਾਂ ਦਾ ਵਰਤੋਂ ਵਿਵਹਾਰ ਕਰਨਾ ਹੈ। ਸ਼੍ਰੀ ਗੁਰ ਨਾਨਕ ਪ੍ਰਕਾਸ਼ ਇੱਕ ਅਜਿਹਾ ਗ੍ਰੰਥ ਹੈ, ਜਿਸ ਵਿੱਚ ਬਾਣੀ ਦੀ ਮਹਾਨਤਾ ਬਾਰੇ ਸਿਧਾਂਤਕ ਵਿਚਾਰ ਮਿਲਦੇ ਹਨ। ਗੁਰੂ ਜੀ ਉਪਦੇਸ਼ ਦਿੰਦੇ ਹੋਏ ਕਹਿੰਦੇ ਹਨ ਹੇ ਸਿੱਖੋ ਸੁਣੋ। ਜੋ ਤੁਸੀਂ ਇਹ ਸਰੀਰ ਪ੍ਰਾਪਤ ਕੀਤਾ ਹੈ। ਇਹ ਬਹੁਤ ਦੁਰਲੱਭ ਤੇ ਅਣਮੋਲ ਵਸਤੂ ਹੈ। ਸੋ ਮਨ ਵਿੱਚ ਇਸ ਤਰ੍ਹਾਂ ਨਾਲ ਸੋਚੋ-ਮੈਂ ਕੌਣ ਹਾਂ? ਜਗਤ ਦਾ ਮੂਲ ਕੀ ਹੈ? ਝੂਠ ਦਾ ਨਿਰਣਾ ਕਰੋ। ਝੂਠ ਦਾ ਤਿਆਗ ਕਰੋ ਅਤੇ ਸੱਚ ਨੂੰ ਗ੍ਰਹਿਣ ਕਰੋ।

ਇਸ ਗ੍ਰੰਥ ਵਿੱਚ ਸਦੀਵੀਂ ਸੱਚ, ਅਕਾਲ ਪੁਰਖ, ਜੀਵ ਆਤਮਾ, ਪਰਮਾਤਮਾ ਦੀ ਮਿਹਰ ਜਾਂ ਨਦਰ ਬਾਰੇ ਵਿਚਾਰ ਅੰਤਰਨਿਹਿਤ ਹਨ। ਭਾਈ ਸੰਤੋਖ ਸਿੰਘ ਜੀ ਲਿਖਦੇ ਹਨ।

ਏਕੁੰਕਾਰਾ ਸਤਿਗੁਰੂ ਤਿਹਿ ਪ੍ਰਸਾਦਿ ਸਚੁ ਹੋਇ।
ਵਾਹਿਗੁਰੂ ਜੀ ਕੀ ਫਤੇ ਵਿਘਨ ਵਿਨਾਸ਼ਨ ਸੋਇ।[7]

ਸ਼੍ਰੀ ਗੁਰ ਨਾਨਕ ਪ੍ਰਕਾਸ਼ ਵਿੱਚ ਪਰਮਾਤਮਾ ਸਰੂਪ ਦੀਆਂ ਵਿਆਪਕ ਸ਼ਕਤੀਆਂ ਬਾਰੇ ਅਹਿਸਾਸ ਭਰਪੂਰ ਅਨੁਭੂਤੀ ਮਿਲਦੀ ਹੈ। ਇਸ ਦਾ ਰਚੈਤਾ, ਗੁਰਬਾਣੀ ਦੇ ਸਿਧਾਂਤਾ, ਸੰਕਲਪਾਂ ਅਨੁਸਾਰ ਇਸ ਦੇ ਸਰੂਪ ਤੇ ਉਨ੍ਹਾਂ ਦੀ ਮਨੁੱਖੀ ਜੀਵਨ ਵਿੱਚ ਅਨਮੋਲ ਦੇਣ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ। ਇਸ ਰੂਪ ਵਿੱਚ ਇਹ ਰਚਨਾ ਮਾਨਵੀ ਸੰਦੇਸ਼ ਹੋ ਨਿਬੜਦੀ ਹੈ। ਇਸ ਰਚਨਾ ਵਿੱਚ ਨਿਹਿਤ ਗੁਰਬਾਣੀ ਦੇ ਸਿਧਾਂਤ ਦ੍ਰਿਸ਼ਟੀਗੋਚਰ ਹੁੰਦੇ ਹਨ।

ਇਸ ਲਈ ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗਾ ਕਿ ਗੁਰਬਾਣੀ ਦੇ ਸਿਧਾਂਤਾ ਅਤੇ ਸੰਕਲਪਾਂ ਦੁਆਲੇ ਹੀ ਕੇਂਦਰਿਤ ਮੰਨਿਆ ਜਾ ਸਕਦਾ ਹੈ। ਗੁਰਬਾਣੀ ਸੱਚ ਅਤੇ ਧਾਰਮਿਕ ਅਮਲ ਤੇ ਵਧੇਰੇ ਜ਼ੋਰ ਦਿੰਦੀ ਹੈ ਅਤੇ ਮਨੁੱਖ ਨੂੰ ਚਿਤਾਵਨੀ ਵੀ ਦਿੰਦੀ ਹੈ ਕਿ ਸੱਚ ਨੂੰ ਅਮਲੀ ਜਾਮਾ ਨਾ ਪਹਿਨਾਉਣ ਤੇ ਪਵਿੱਤਰਤਾ ਵਾਲਾ ਜੀਵਨ ਨਹੀਂ ਬਣ ਸਕੀਦਾ। ਪ੍ਰਭੂ ਦਾ ਨਾਮ ਸਿਮਰਨ ਹੀ ਜੰਜਾਲਾਂ ਦਾ ਨਾਸ਼ ਕਰਦਾ ਹੈ। ਭ੍ਰਿਸ਼ਟ ਮਨ ਨਾਲ ਜਿਹੜਾ ਮਨੁੱਖ ਪਖੰਡ ਕਰਦਾ ਹੈ, ਉਸ ਨੂੰ ਅਧਿਕ ਦੁੱਖ ਸਹਿਣਾ ਪੈਂਦਾ ਹੈ। ਸਾਰ ਤੱਤ ਵੱਜੋਂ ਨਿਚੋੜ ਇਹੋ ਹੈ ਕਿ ਪ੍ਰਭੂ ਦੀ ਮਹਿਮਾ ਕਰਨ ਨਾਲ ਮੁਕਤੀ ਦੀ ਪ੍ਰਾਪਤੀ ਹੋ ਜਾਂਦੀ ਹੈ।

ਭਾਈ ਸੰਤੋਖ ਸਿੰਘ ਨੇ ਸ਼੍ਰੀ ਗੁਰ ਨਾਨਕ ਪ੍ਰਕਾਸ਼ ਦੀ ਰਚਨਾ ਸਿੱਖ ਧਰਮ ਦ੍ਰਿਸ਼ਟੀ ਅਨੁਸਾਰ ਕੀਤੀ ਹੈ। ਪਰਮੇਸ਼ਰ ਦੇ ਨਾਮ ਤੋਂ ਉੱਪਰ ਸੰਸਾਰ ਦੀ ਹੋਰ ਕੋਈ ਚੀਜ਼ ਨਹੀਂ ਹੈ। ਜਿਹੜਾ ਗੁਰੂ ਨੂੰ ਛੱਡਕੇ ਹੋਰ (ਦੂਸਰਿਆਂ) ਕੋਲੋਂ ਮੰਗ ਕਰਦਾ ਹੈ। ਉਸ ਨੂੰ ਲੋਕਾਂ ਕੋਲੋਂ ਉਲਾਂਭੇ ਹੀ ਮਿਲਦੇ ਹਨ। ਪਰਮਾਤਮਾ ਦੀ ਜੋਤ ਸਾਰੇ ਸਰੀਰਾਂ ਵਿਚ ਹੈ ਅਤੇ ਉਹ ਸਾਰੇ ਥਾਵਾਂ ਤੇ ਕਿਤੇ ਉਹੋ ਹੀ ਵਿਆਪਕ ਹੈ। ਇਸ ਰਚਨਾ ਵਿਚ ਗੁਰਬਾਣੀ ਦਾ ਪ੍ਰਮੁੱਖ ਸੰਕਲਪ ਗੁਰੂ ਦਾ ਸੰਕਲਪ ਉਭਾਰਿਆ ਗਿਆ ਹੈ ਅਤੇ ਗੁਰੂ ਤੋਂ ਇਲਾਵਾ ਹੋਰ ਪਾਸੇ ਭਟਕਣ ਨੂੰ ਨਕਾਰਿਆ ਗਿਆ ਹੈ। ਇਸ ਰਚਨਾ ਵਿਚਲੇ ਸਿਧਾਂਤਾਂ ਪਰਮਾਤਮਾ, ਜਗਤ, ਜੀਵ ਤੇ ਗੁਰੂ ਦੀ ਵਿਆਖਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾ ਅਧੀਨ ਕੀਤੀ ਗਈ ਹੈ। ਭਾਈ ਸੰਤੋਖ ਸਿੰਘ ਗੁਰਬਾਣੀ ਵਿੱਚ ਸ਼ਰਧਾ ਰੱਖਣ ਵਾਲੇ ਵਿਦਵਾਨ ਸਿੱਖ ਸਨ। ਬਾਣੀ ਮੁੱਖ ਰੂਪ ਵਿੱਚ ਉਨ੍ਹਾਂ ਦੀ ਪ੍ਰੇਰਨਾ ਸਰੋਤ ਸੀ। ਇਸ ਦਿਸ਼ਾ ਵਿੱਚ ਹੀ ਭਾਈ ਸੰਤੋਖ ਸਿੰਘ ਨੇ ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੀ ਰਚਨਾ ਕੀਤੀ। ਇਸ ਅਧਿਆਇ ਵਿੱਚ (ੳ) ਪਰਮਾਤਮਾ (ਅ) ਜਗਤ (ੲ) ਜੀਵ (ਸ) ਗੁਰੂ ਆਦਿ ਦਾ ਉਲੇਖ ਪ੍ਰਾਪਤ ਹੈ।

**(ੳ) ਪਰਮਾਤਮਾ:** ਇਸ ਰਚਨਾ ਵਿੱਚ ਪਰਮਾਤਮਾ ਨੂੰ ਪਰਮ+ਆਤਮ ਕਿਹਾ ਗਿਆ ਹੈ। (ਪਰਮ ਪਹਿਲੀ, ਆਤਮਨ-ਹਸਤੀ, ਰੂਹ, ਆਤਮਾ) ਸਭ ਤੋਂ ਪਹਿਲਾਂ ਆਤਮਾ ਨੂੰ ਸਭ ਤੋਂ ਉੱਚੀ ਹਸਤੀ ਮੰਨਿਆ ਗਿਆ ਹੈ। ਸੰਸਾਰ ਦੀ ਅਧਿਆਤਮਿਕਤਾ ਵਿੱਚ ਇਹ ਗੱਲ ਪ੍ਰਵਾਨਿਤ ਹੈ ਕਿ ਇਸ ਬ੍ਰਹਿਮੰਡ ਦੀ ਕੋਈ ਸੰਚਾਲਕ ਸ਼ਕਤੀ ਜ਼ਰੂਰ ਹੈ। ਇਸ ਵਿਸ਼ਵਾਸ ਨਾਲ ਵੱਖ-ਵੱਖ ਦਾਰਸ਼ਨਿਕ ਉਸ ਸ਼ਕਤੀ ਨੂੰ ਭਿੰਨ-ਭਿੰਨ ਨਾਵਾਂ ਨਾਲ ਸੰਬੋਧਿਤ ਹੋਏ ਹਨ। ਉਹ ਸ਼ਕਤੀ ਆਦ੍ਰਿਸ਼ਟ ਹੈ, ਪਰ ਉਸਦੀ ਹੋਂਦ ਜ਼ਰੂਰ ਅਨੁਭਵ ਕੀਤੀ ਗਈ ਹੈ। ਜਿਸ ਨੂੰ

> ਅਕਾਲਪੁਰਖ, ਰੱਬ, ਰਹੀਮ, ਖ਼ੁਦਾ, ਵਾਹਿਗੁਰੂ, ਅੱਲਾਹ, ਹਰੀ, ਮਾਧੋ, ਖਾਲਿਕ, ਕਰੀਮ, ਗੋਪਾਲ, ਭਗਵਾਨ, ਗਨੀ, ਨਾਰਾਇਣ, ਭਗਵੰਤ, ਮੁਰਾਰੀ, ਪਾਰਬ੍ਰਹਮ, ਗੋਬਿੰਦ, ਸ਼ਿਆਮ, ਪਰਮਾਤਮਾ, ਮਧੁਸੂਦਨ, ਪ੍ਰਭ ਰਾਮ, ਰਮਈਆ, ਸਾਈਂ, ਪਰਵਦਿਗਾਰ, ਵਿਸ਼ਨੂੰ, ਈਸ਼ਵਰ, ਪਰਮਾਨੰਦ, ਕਰਤਾਰ, ਪਰਮੇਸ਼ਰ, ਗੋਬਿੰਦ ਆਦਿ।[8]

ਪਰਮਾਤਮਾ ਇੱਕ ਹੈ ਅਤੇ ਸਮੁੱਚੇ ਪਸਾਰੇ ਵਿੱਚ ਰਮਿਆ ਹੋਇਆ ਹੈ। ਭਾਈ ਸੰਤੋਖ ਸਿੰਘ ਨੇ ਅਕਾਲ ਪੁਰਖ ਦੇ ਸਰੂਪ, ਉਸਦੇ ਵਜੂਦ ਨੂੰ ਇਸ਼ਟ ਦੇਵ ਮਨੰਦੇ ਹਨ। ਭਾਈ ਸੰਤੋਖ ਸਿੰਘ ਲਿਖਦੇ ਹਨ

> ਸਰਬ ਬਯਾਪੀ, ਨਿਤ ਨਯੋ; ਸਤਿ ਚਿਤ ਆਨੰਦ ਰੂਪ।
> ਮੋ ਉਰ ਮੈਂ ਪ੍ਰਗਟੋ ਸਦਾ, ਜੋ ਚਰ ਅਚਰ ਅਨੂਪ।[9]

ਇਸ ਰਚਨਾ ਵਿੱਚ ਜਿੱਥੇ ਬ੍ਰਹਮ ਨੂੰ ਨਿਰਗੁਣ, ਸਰਗੁਣ, ਨਿਰਾਕਾਰ, ਅਦ੍ਰਿਸ਼ਟ, ਅਗੋਚਰ, ਅਭੇਦ, ਮੰਨਿਆ ਗਿਆ ਹੈ। ਉੱਥੇ ਉਸ ਨੂੰ ਸਰਬ-ਵਿਆਪੀ, ਸਰਵ-ਅੰਤਰਜਾਮੀ, ਸਰਵ-ਸ਼ਕਤੀਵਾਨ, ਦਾਤਾ, ਭਗਤ-ਵੱਤਸਲ, ਪਤਿਤ-ਪਾਵਨ, ਪਰਮ-ਕ੍ਰਿਪਾਲੂ, ਸਹਾਇਕ, ਮਾਤਾ-ਪਿਤਾ, ਸੁਆਮੀ ਆਦਿ ਵਿਸ਼ੇਸ਼ਣਾਂ ਨਾਲ ਨਿਵਾਜਿਆ ਗਿਆ ਹੈ। ਪਰਮਾਤਮਾ ਬਾਰੇ ਨਿਰਗੁਣ, ਸਰਗੁਣ, ਨਿਰਾਕਾਰ, ਅਲਖ–ਸ਼ਕਤੀਮਾਨ, ਸਰਵ–ਸੱਤਾ ਅਤੇ ਆਤਮਾ ਦਾ ਵਰਨਨ ਕੀਤਾ ਗਿਆ ਹੈ।

ਬ੍ਰਹਮ ਜਾਂ ਪਰਮਾਤਮਾ ਦਾ ਅਨੁਭਵ ਗੁੰਗੇ ਦੇ ਗੁੜ ਖਾਣ ਵਾਂਗ ਹੈ। ਜਿਵੇਂ ਉਹ ਗੁੜ ਦੇਸਵਾਦ ਨੂੰ ਬਿਆਨ ਨਹੀਂ ਕਰ ਸਕਦਾ। ਇਸ ਤਰ੍ਹਾਂ ਹੀ ਪਰਮਾਤਮਾ ਦੇ ਅਨੁਭਵ ਦਾ ਅਨੰਦ ਲੈਣ ਵਾਲੇ ਵਿਅਕਤੀ ਅਨੰਦ ਨੂੰ ਬਿਆਨ ਨਹੀਂ ਕਰ ਸਕਦੇ। ਭਾਈ ਸੰਤੋਖ ਸਿੰਘ ਨੇ ਮਨੁੱਖ ਨੂੰ ਅਕਾਲ ਪੁਰਖ ਸ਼ਬਦ ਨਾਲ ਇੱਕਮਿਕ ਹੋਣ ਲਈ ਕਿਹਾ ਹੈ। ਕਿਉਂਕਿ ਪਰਮਾਤਮਾ ਨੂੰ ਮਨੁੱਖ ਦੀ ਪਹੁੰਚ ਤੋਂ ਬਾਹਰ ਦੱਸਿਆ ਹੈ। ਪਰਮਾਤਮਾ ਨੂੰ ਅਕੱਥ ਕਿਹਾ ਜਾ ਸਕਦਾ ਹੈ। ਪਰਮਾਤਮਾ ਨੂੰ ਕਥਨ ਰਾਹੀਂ ਬਿਆਨਿਆਂ ਨਹੀਂ ਜਾ ਸਕਦਾ। ਅੱਖਰਾਂ ਰਾਹੀਂ ਲਿਖਿਆ ਅਤੇ ਜ਼ੁਬਾਨ ਰਾਹੀਂ ਬੋਲਿਆ ਨਹੀਂ ਜਾ ਸਕਦਾ। ਚੀਨੀ ਦਾਰਸ਼ਨਿਕ ਲਾਓ ਤੇ ਸੇ ਅਨੁਸਾਰ,

> ਜੋ ਪਰਮਾਤਮਾ ਬਾਰੇ ਜਾਣਦਾ ਹੈ ਉਹ ਬੋਲਦਾ ਨਹੀਂ ਜੋ ਪਰਮਾਤਮਾ ਬਾਰੇ ਬੋਲਦਾ ਹੈ ਉਹ ਜਾਣਦਾ ਨਹੀਂ ਹੈ।[10]

ਸਰਦੂਲ ਸਿੰਘ ਕਵੀਸ਼ਰ 'ਨਿਹਜ–ਉਲ–ਬੁਲਾਗਤ' ਪੁਸਤਕ ਦੇ ਹਵਾਲੇ ਨਾਲ ਲਿਖਦੇ ਹਨ ਕਿ

> ਪਰਮਾਤਮਾ ਕਿਸੇ ਅਜਿਹੀ ਵਸਤੂ ਵਾਂਗ ਨਹੀਂ ਜਿਸਦਾ ਮਨੁੱਖੀ ਮਨ ਵਿਚਾਰ ਕਰ ਸਕੇ। ਨਾ ਹੀ ਉਸ ਦਾ ਗੁਣ ਵਰਨਨ ਕੀਤਾ ਜਾ ਸਕਦਾ ਹੈ।[11]

ਸਿੱਖ ਮਤ ਅਨੁਸਾਰ ਪਰਮਾਤਮਾ ਨਿਰਗੁਣ ਹੈ, ਸਿਫ਼ਤਾਂ ਤੋਂ ਰਹਿਤ ਹੈ। ਪਰਮਾਤਮਾ ਅਲੱਖ ਹੈ। ਡਾ. ਤਾਰਨ ਸਿੰਘ ਲਿਖਦੇ ਹਨ

> ਨਿਰਗੁਣ ਤੇ ਸਰਗੁਣ ਭਿੰਨ ਸਰੂਪ ਨਹੀਂ ਹਨ। ਨਿਰਗੁਣ ਵਿੱਚ ਸਰਗੁਣੀ ਸੰਭਾਵਨਾ ਹੈ ਅਤੇ ਸਰਗੁਣ ਸੰਭਵ ਹੋ ਚੁੱਕੀ ਅਸਲੀਅਤ ਹੈ। ਇੱਕੋ ਅਸਲੀਅਤ ਦੇ ਇਹ ਦੋ ਪੱਖ ਹਨ।[12]

ਸੋ ਨਿਰਗੁਣ/ਸਰਗੁਣ/ਬ੍ਰਹਮ ਜਾਂ ਪਰਮਾਤਮਾ ਇੱਕ ਹੀ ਹੈ। ਸੱਚ ਦੀ ਦ੍ਰਿਸ਼ਟੀ ਤੋਂ ਬ੍ਰਹਮ

ਨਿਰਗੁਣ ਅਤੇ ਵਿਵਹਾਰਿਕ ਦ੍ਰਿਸ਼ਟੀ ਤੋਂ ਬ੍ਰਹਮ ਸਰਗੁਣ ਹੈ।

ਪਰਮਾਤਮਾ ਦਾ ਨਾ ਕੋਈ ਸ਼ਰੀਕ ਹੈ, ਨਾ ਵੈਰੀ ਹੈ। ਅਕਾਲ ਪੁਰਖ ਪ੍ਰੇਮ ਦੇ ਰੂਪ ਵਿੱਚ ਵਿਆਪਤ ਹੈ। ਪਰਮਾਤਮਾ ਨੂੰ ਅਕਸਰ ਕ੍ਰਿਪਾਲੂ ਅਤੇ ਦਿਆਲੂ ਕਹਿ ਕੇ ਵਡਿਆਇਆ ਜਾਂਦਾ ਹੈ, ਪ੍ਰੇਮ ਭਰਪੂਰ ਮਾਤਾ ਕਿਹਾ ਜਾਂਦਾ ਹੈ। ਪਰਮਾਤਮਾ ਨਾਲ ਜੋ ਪ੍ਰੇਮ ਕਰਦੇ ਹਨ, ਪਰਮਾਤਮਾ ਹਰ ਤਰ੍ਹਾਂ ਉਨ੍ਹਾਂ ਦੀ ਰੱਖਿਆ ਕਰਦਾ ਹੈ।

ਤੂ ਮੇਰਾ ਪਿਤਾ ਤੂਹੈ ਮੇਰਾ ਮਾਤਾ।
ਤੂ ਮੇਰਾ ਜੀਅ ਪ੍ਰਾਨ ਸੁਖਦਾਤਾ।[13]

ਪਰਮਾਤਮਾ ਇੱਕ ਹੈ, ਨਿੱਤ ਹੈ, ਉਹ ਪ੍ਰਤੱਖ ਹੈ। ਉਸ ਪਰਮਾਤਮਾ ਨੂੰ ਬ੍ਰਹਮਾ, ਵਿਸ਼ਨੂੰ, ਸ਼ਿਵ, ਗਣੇਸ਼, ਇੰਦਰ, ਕੁਬੇਰ, ਅਗਨੀ, ਵਰੁਣ, ਬਣਾਂ, ਬਾਗਾਂ ਦੀ ਬਨਸਪਤੀ, ਸੂਰਜ, ਚੰਦਰਮਾ, ਤਾਰੇ, ਮਨੁੱਖ ਯਮਰਾਜ, ਦੈਂਤ ਤੇ ਦੇਵਤਿਆਂ ਦੀ ਸਾਰੀਆਂ ਹੀ ਕੁੱਲਾਂ ਹੱਥ ਜੋੜ ਕੇ ਨਮਸਕਾਰ ਕਰਦੀਆਂ ਹਨ। ਪਰਮਾਤਮਾ ਨੂੰ ਸਾਰੇ ਉੱਤਮ ਸਮਝ ਕੇ ਪੂਜਾ ਕਰਦੇ ਹਨ। ਪਰਮਾਤਮਾ ਦੀ ਸਾਰੇ ਉਪਮਾ ਤੇ ਜੈ ਜੈ ਕਾਰ ਕਰਦੇ ਹਨ।

ਔਂ ਪਰਮਾਤਮ ਆਤਮਭੂ ਪਦਮਾਪਤਿ ਪੰਚ ਖਤੰਗ ਅਰਾਤੀ।
ਬਾਯੁ ਬਿਨਾਯਕ, ਬਾਯੁ ਸਖਾ, ਬਨਰਾਇ ਬ੍ਰਿਖਾਬ੍ਰਿਖ ਸੈਲਨ ਪਾਤੀ।
ਸ੍ਰੀਦਹਿ ਸੂਰ ਸਸੀ ਉਡ ਅੰਤਕ ਮਾਨਵ ਦਾਨਵ, ਦੇਵ ਸੰਗਾਤੀ।
ਬੰਦਨਤਾ ਕਰ ਬੰਦਨ ਕੈ ਨਿਤ ਆਨੰਦ ਕੰਦ ਮੁਕੰਦ ਜਿ ਖਯਾਤੀ।[14]

ਭਾਈ ਸੰਤੋਖ ਸਿੰਘ ਵੀ ਪਰਮਾਤਮਾ ਨੂੰ ਵਾਰ-ਵਾਰ ਨਮਸਕਾਰ ਕਰਦੇ ਹਨ। ਜੋ ਨਿਸ਼ਚੇ ਹੀ ਲੋਕ ਪ੍ਰਲੋਕ ਦੀਆਂ ਬੰਦਸ਼ਾਂ ਕੱਟਣ ਵਾਲਾ ਹੈ। ਵਾਹਿਗੁਰੂ ਦਾ ਨਾਮ ਸ਼੍ਰੇਸਟ ਤੇ ਸੁੰਦਰ ਹੈ। ਜੋ ਸਾਰੇ ਕੰਮ ਸੰਵਾਰਦਾ ਹੈ। ਕਲਜੁੱਗ ਵਿੱਚ ਹੋਰ ਕੋਈ ਸਾਧਨ ਸਮਰੱਥਵਾਨ ਨਹੀਂ ਹੈ। ਇੱਕ ਪਰਮੇਸ਼ਰ ਦਾ ਨਾਮ ਹੀ ਮਨੁੱਖ ਦਾ ਓਟ ਆਸਰਾ ਹੈ।

ਪਰਮਾਤਮਾ ਦਾ ਨਾਮ ਜਪਣ ਵਾਲਿਆਂ ਨੂੰ ਆਤਮਿਕ ਸੁੱਖ ਮਿਲਦਾ ਹੈ। ਕਾਮਨਾ ਪੂਰਨ ਹੁੰਦੀ ਹੈ। ਪਰ ਜੋ ਨਿਸ਼ਕਾਮ ਹੋ ਕੇ ਪਰਮਾਤਮਾ ਦਾ ਨਾਮ ਜਪਦੇ ਹਨ ਉਨ੍ਹਾਂ ਦੇ ਹਿਰਦੇ 'ਚ ਗਿਆਨ ਉਪਜਦਾ ਹੈ। ਨਾਮ ਸਿਮਰਨ ਨਾਲ ਮਨ ਹੋਰ ਫੁਰਨਿਆਂ ਤੋਂ ਹਟ ਕੇ ਇੱਕ ਨੁਕਤੇ ਤੇ ਆ ਟਿਕਦਾ ਹੈ। ਮਨੁੱਖ ਇਕਾਗਰ ਹੋ ਜਾਂਦਾ ਹੈ। ਮਾਲਕ ਦਾ ਪ੍ਰੇਮ ਉਸ ਨੂੰ ਸਾਈਂ ਦੇ ਨੇੜੇ ਲੈ ਜਾਂਦਾ ਹੈ। ਸਾਈਂ ਪਰਮਾਤਮਾ ਪ੍ਰਕਾਸ਼ ਸਰੂਪ ਹੈ। ਮਨਮੋਹਨ ਸਹਿਗਲ ਲਿਖਦੇ ਹਨ

> ਉਹ ਸਭ ਦਾ ਸਵਾਮੀ ਹੈ। ਸਭ ਉਸਦੇ ਹੱਥ ਦੇ ਖਿਡੌਣੇ ਹਨ। ਉਹ ਸਭ ਦਾ ਸਿਰਜਕ, ਪਾਲਣਹਾਰ ਅਤੇ ਵਿਨਾਸ਼ਕ ਹੈ। ਉਸ ਲਈ ਭੈ ਅਤੇ ਵੈਰ ਦੋਵੇਂ ਅਣਜਾਣੀਆਂ ਸੰਵੇਦਨਾਵਾਂ ਹਨ।[15]

ਦ੍ਰਿਸ਼ਮਾਨ ਜਗਤ ਦੇ ਪਦਾਰਥ ਤੇ ਸੰਬੰਧ ਸਦੀਵੀ ਨਹੀਂ ਹਨ। ਸਭ ਕੂੜ ਪਸਾਰਾ ਹੈ। 'ਪਰਮਾਤਮਾ ਜੋਨਿ ਬੰਧਨ ਤੋਂ ਰਹਿਤ ਹੈ। ਉਹ ਅਜਨਮਾ ਹੈ। ਅਕਾਲ ਹੋਣ ਕਰਕੇ ਨਾ ਉਹ ਜਨਮ ਧਾਰਦਾ ਹੈ ਨਾ ਮਰਦਾ ਹੈ।

> ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 'ਅਜੂਨਿ' ਸ਼ਬਦ ਦਾ ਅਰਥ ਮਾਤਰ ਅਜਨਮਾ ਨਾ ਹੋ ਕੇ 'ਜੋ ਕਦੇ ਸੰਸਾਰ ਵਿੱਚ ਜਨਮ ਨਹੀਂ ਲੈਂਦਾ' ਵੀ ਨਿਕਲਦਾ ਹੈ।[16]

ਪਰਮਾਤਮਾ ਪਰੀ ਪੂਰਨ ਹੈ। ਜੋ ਘੱਟ ਘੱਟ ਵਿੱਚ ਵਿਆਪਤ ਹੈ। ਉਹ ਸੁੱਖਾਂ ਦਾ ਸਾਗਰ ਹੈ। ਉਹ ਮਨੁੱਖੀ ਚੇਤਨ ਅੰਦਰੋਂ ਹੀ ਪ੍ਰਗਟ ਹੋ ਜਾਂਦਾ ਹੈ ਤੇ ਸੁੱਖਾਂ ਦਾ ਦਾਤਾ ਬਣ ਜਾਂਦਾ ਹੈ।

> ਨਾਗੁਨ ਤੇ ਇਮ ਜਾਨ ਵਡੋ ਪਰਮਾਤਮ ਦੇਹਿਨ ਮੈਂ ਸਭਿ ਸੋਊ।
> ਚੇਤਨ ਕੇ ਅਵਿਲੰਬਿਤ ਹ੍ਵੈ ਨਰ ਨਾਰਿ ਬਿਰਾਜਤਿ ਜੰਗਮ ਜੋਊ।
> ਹੋਵਤਿ ਹੀ ਤਿਹ ਕੇ ਘਟ ਮੈਂ ਨਰ ਜੀਵ ਦੁਖੀ ਭਵ ਮੈਂ ਸਭਿ ਕੋਊ।
> ਨਾਮ ਜਪੈ ਜਬ ਹੀ ਸੁਖ ਸਾਗਰ ਚੇਤਨ ਚੀਤ ਉਦੋਤਿ ਸੁ ਹੋਊ।[17]

ਜਦ ਪਰਮਾਤਮਾ ਆਪ ਰਖ਼ਵਾਲਾ ਬਣਿਆ ਹੋਇਆ ਹੋਵੇ ਤਾਂ ਸਾਂਤੀ, ਅਨੰਦ, ਸੁੱਖ ਪ੍ਰਾਪਤ ਹੋ ਜਾਂਦੇ ਹਨ। ਗੁਰੂ ਗ੍ਰੰਥ ਸਾਹਿਬ ਅਨੁਸਾਰ ਪਰਮਾਤਮਾ ਹੀ ਸਭ ਕੁੱਝ ਹੈ ਤੇ ਸਭ ਪਰਮਾਤਮਾ ਦੇ ਅੰਦਰ ਹੀ ਵੱਸ ਰਹੇ ਹਨ। ਜੀਵਾਤਮਾ ਪਰਮਾਤਮਾ ਦੀ ਅੰਸ਼ ਹੋਣ ਕਰਕੇ ਉਸ ਵਿੱਚ ਸਮਾਉਣ ਦੀ ਲੋਚਾ ਰੱਖਦੀ ਹੈ। ਹਰਿਮੰਦਰ ਕੇਵਲ ਉਹ ਸਥਾਨ ਹੋ ਸਕਦਾ ਹੈ। ਜਿੱਥੇ ਹਰੀ ਦਾ ਨਿਵਾਸ ਹੈ। ਜਿਹੜੇ ਮਨੁੱਖ ਇਸ ਸਰੀਰ ਰੂਪੀ ਹਰਿਮੰਦਰ ਨੂੰ ਨਹੀਂ ਪਛਾਣਦੇ ਉਹ ਆਪਣਾ ਜੀਵਨ ਅਜਾਈ ਗਵਾ ਲੈਂਦੇ ਹਨ। ਸਾਰੇ ਸੰਸਾਰ ਵਿੱਚ ਪਰਮਾਤਮਾ ਵਿਆਪ ਰਿਹਾ ਹੈ। ਮਨੁੱਖ ਉਸਦੇ ਭਾਣੇ ਅੰਦਰ ਜੀਵਨ ਬਤੀਤ ਕਰਦਾ ਹੈ। ਸਰੀਰ ਤੋਂ ਪਹਿਲੇ ਆਤਮਾ ਸੀ। ਜੋ ਮਨੁੱਖ ਨੇ ਕਰਮ ਕਮਾਏ ਹਨ, ਉਨ੍ਹਾਂ ਅਨੁਸਾਰ ਮੁੜ ਪਰਮਾਤਮਾ ਕੋਲ ਜਾਣਾ ਹੈ। ਮੁਰਸ਼ਦ ਦੀ ਹਦਾਇਤ ਰਾਹੀਂ ਮਨੁੱਖ ਪਰਮਾਤਮਾ ਨਾਲ ਇੱਕਮਿਕ ਹੋ ਸਕਦਾ ਹੈ। ਪਰਮਾਤਮਾ ਹੀ ਆਦਿ, ਮੱਧ ਤੇ ਅੰਤ ਹੈ। ਵਾਹਿਗੁਰੂ ਨੇ ਹੀ ਇੱਕ ਸੂਤ ਵਿੱਚ ਸਭ ਨੂੰ ਪਰੋ ਕੇ ਰੱਖਿਆ ਹੋਇਆ ਹੈ। ਪਰਮਾਤਮਾ ਸੂਰਜ ਸਮਾਨ ਹੈ। ਇਸ ਜਗਤ ਦਾ ਪਸਾਰਾ ਸੂਰਜ ਦੀਆਂ ਕਿਰਨਾਂ ਵਾਂਗ ਹੈ। ਪਰਮਾਤਮਾ ਸਦਾ ਰਹਿਣ ਵਾਲਾ ਹੈ।

ਸੰਸਾਰ ਪਰਮਾਤਮਾ ਵਿੱਚ ਹੈ ਤੇ ਪਰਮਾਤਮਾ ਸੰਸਾਰ ਵਿੱਚ ਵੱਸ ਰਿਹਾ ਹੈ। ਪਰਮਾਤਮਾ ਕਣ-ਕਣ ਵਿੱਚ ਮੌਜੂਦ ਹੈ। ਮਨੁੱਖ ਪਰਮਾਤਮਾ ਦਾ ਰੂਪ ਹੈ।

ਪ੍ਰਭੂ ਜਾਂ ਪਰਮਾਤਮਾ ਦੇ ਨਿਰਗੁਣ ਤੇ ਸਰਗੁਣ ਸਰੂਪਾਂ ਦੇ ਜੋ ਨਾਮ ਹਨ, ਉਨ੍ਹਾਂ ਸਾਰਿਆਂ ਨਾਲੋਂ 'ਵਾਹਿਗੁਰੂ' (ਸੁਮੇਰ ਪਰਬਤ) ਸਮਾਨ ਉੱਚਾ ਹੈ। ਉਸ ਦਾ ਨਾਮ ਅਚਰਜ ਹੈ ਤੇ ਅਚਰਜ ਤੋਂ ਪਰੇ ਹੋਰ ਕੋਈ ਬਾਣੀ ਨਹੀਂ। ਫਿਰ ਸਰਗੁਣ ਦੇ ਗੁਣਾਂ ਤੋਂ ਵੀ ਇਸ ਨਾਮ ਨੂੰ ਮਨ ਵਿੱਚ ਵਧ ਚੰਗਾ ਜਾਣੋ। ਇਹ ਸਮਝਿਆ ਜਾਂਦਾ ਹੈ ਕਿ ਸਿਮਰਨ ਦੇ ਨਾਲ ਕਲਜੁਗ ਦੇ ਸਮੇਂ ਦੇ ਸਾਰੇ ਪਾਪ ਨੱਸ ਜਾਂਦੇ ਹਨ।

ਨਿਰਗੁਣ ਸਰਗੁਨ ਨਾਮੁ ਜੋ ਵਾਹਿਗੁਰੂ ਤਿਨ ਮੇਰੁ।
ਸਭ ਤੇ ਊਚਾ ਜਾਨੀਏ ਲੇਤਿ ਨ ਕੀਜੈ ਦੇਰਿ।[18]

ਰੱਬ ਤੇ ਆਸ ਰੱਖੋ ਤਾਂ ਸਭ ਤ੍ਰਿਸ਼ਨਾਵਾਂ ਖ਼ਤਮ ਹੋ ਜਾਂਦੀਆਂ ਹਨ। ਉਸ ਸਭ ਥਾਵਾਂ 'ਤੇ ਪਹੁੰਚਦਾ ਹੈ। ਜਨਮ ਲੈਣ ਤੇ ਭੋਜਨ ਦਿੰਦਾ ਹੈ, ਪਹਿਲਾਂ ਥਣਾਂ ਵਿੱਚ ਕੁੱਝ ਨਹੀਂ ਸੀ ਫੇਰ ਉਹਨਾਂ 'ਚ ਹੀ ਦੁੱਧ ਦੀਆਂ ਧਾਰਾ ਵਗ ਤਰਦੀਆਂ ਹਨ। ਜਲ, ਥਲ, ਪਹਾੜ, ਅਕਾਸ਼, ਜੀਵ-ਜੰਤੂ ਸਭ ਦੀ ਪਾਲਣਾ ਉਹ ਹੀ ਕਰਦਾ ਹੈ। ਜੋ ਦਾਤੇ ਨੂੰ ਵਿਸਾਰ ਦਿੰਦਾ ਹੈ ਉਹ ਤ੍ਰਿਸ਼ਨਾ ਦੇ ਦੁੱਖਾਂ ਦੀ ਭਟਕਣਾ 'ਚ ਫਸ ਜਾਂਦਾ ਹੈ। ਜਦੋਂ ਨਾਮ ਜਪਦਿਆਂ ਪਰਮਾਤਮਾ ਕਿਸੇ ਦੇ ਹਿਰਦੇ ਵਿੱਚ ਉੱਤਰ ਗਿਆ ਅਤੇ ਨਾਮ ਜਪਣ ਵਾਲਾ ਪ੍ਰੇਮ ਦੇ ਰੰਗ ਵਿੱਚ ਰੰਗਿਆ ਗਿਆ, ਤਦੇ ਹੀ ਪਰਮਾਤਮਾ ਦਾ ਕ੍ਰਿਪਾਲੂ ਸਰੂਪ ਪ੍ਰਗਟ ਹੋ ਜਾਂਦਾ ਹੈ। ਪਰਮਾਤਮਾ ਸਰਗੁਣ ਨਿਰਗੁਣ ਦੀ ਹੀ ਸਰੂਪ ਧਾਰੀ ਹਸਤੀ ਮੰਨੀ ਗਈ ਹੈ ਪਰੰਤੂ ਉਹ ਸਾਧਨਾ ਸਿਮਰਨ ਤੋਂ ਬਿਨਾ ਸਹਿਜੇ ਪ੍ਰਗਟ ਨਹੀਂ ਹੁੰਦੀ।

ਸੰਗੁਨ ਤੇ ਵਧਿ ਜਾਨਤਿ ਹੈਂ ਇਵ ਜੇ ਰਸ ਜਾਪ ਮੈਂ ਲੀਨ ਵਿਸ਼ਾਲਾ।
ਪ੍ਰੇਮ ਸੋਂ ਨਾਮ ਵਸਯੋ ਜਬ ਹੀ ਤਬ ਗੋਚਰ ਹੋਤਿ ਸਰੂਪ ਕ੍ਰਿਪਾਲਾ।
ਯਾਂਹੀ ਤੇ-ਨਾਮ ਅਧੀਨ ਸਰੂਪ-ਲਖਯੋ ਭਗਤੰਨ ਭਲੀ ਮਤਿ ਸ਼ਾਲਾ।
ਧਾਰਿਰਿਦੇ ਤਜਿਬੋ ਨ ਕਰੈਂ ਨਿਸਬਾਸੁਰ ਜੀਹ ਮੈ ਜਯੋਂ ਗਲਮਾਲਾ।[19]

ਵੱਖ-ਵੱਖ ਧਰਮਾਂ ਦੇ ਪੈਗ਼ੰਬਰਾਂ ਨੇ ਵੀ ਉਸ ਦੇ ਅਨੇਕ ਗੁਣਾਂ ਦਾ ਵਰਨਨ ਕਰਕੇ ਉਸ ਨੂੰ ਅਖੀਰ 'ਕਥਨਾਂ ਕਰੜਾ ਸਾਰ' ਕਿਹਾ ਹੈ। ਵੈਦਿਕ ਧਰਮ ਵਿੱਚ ਉਸ ਨੂੰ 'ਨੇਤਿ ਨੇਤਿ' ਕਿਹਾ ਗਿਆ ਹੈ ਭਾਵ ਉਸ ਦੇ ਗੁਣਾਂ ਬਾਰੇ ਜਾਣਨਾ ਤੇਸਮਝਣਾ ਅਸੰਭਵ ਹੈ। ਸਿੱਖ ਧਰਮ ਵਿੱਚ ਪਰਮਾਤਮਾ ਦੇ ਸਰੂਪ ਦਾ ਵਰਨਨ ਮੂਲ ਮੰਤਰ ਵਿੱਚ ਕੀਤਾ ਗਿਆ ਹੈ। ਮੂਲ ਮੰਤਰ ਵਿੱਚ ਪਰਮਾਤਮਾ ਦੀ ਏਕਤਾ ਦਾ ਵਰਨਨ ਕਰਦੇ ਹੋਏ ਉਸ ਨੂੰ 'ਇੱਕ' ਵਿਸ਼ੇਸ਼ਣ ਨਾਲ ਸੰਬੋਧਨ ਕੀਤਾ

ਗਿਆ ਹੈ। ਜੋ ਕਿ ਉਸ ਦੀ ਸਮੁੱਚੇ ਜਗਤ ਵਿੱਚ ਵਿਲੱਖਣਤਾ ਨੂੰ ਪ੍ਰਗਟ ਕਰਦਾ ਹੈ ਭਾਵ ਉਸ ਵਰਗਾ ਨਾ ਕੋਈ ਹੋਇਆ ਹੈ ਅਤੇ ਨਾ ਕੋਈ ਹੋ ਸਕਦਾ ਹੈ। ਸ਼੍ਰੀ ਗੁਰ ਨਾਨਕ ਪ੍ਰਕਾਸ਼ ਵਿਚ ਵੀ ਪਰਮਾਤਮਾ ਬਾਰੇ ਤੇ ਪਰਮਾਤਮਾ ਨੂੰ ਪਾਉਣ ਬਾਰੇ ਅਨੇਕਾਂ ਹਵਾਲੇ ਮਿਲਦੇ ਹਨ, ਲੇਕਿਨ ਪਰਮਾਤਮਾ ਨੂੰ ਪਾਉਣ ਲਈ ਗੁਰਸਿੱਖੀ ਨੂੰ ਧਾਰਨ ਕਰਨਾ ਅਤਿ ਜ਼ਰੂਰੀ ਮੰਨਿਆ ਗਿਆ ਹੈ। ਇਸ ਲਈ ਮਾਨਸਿਕ ਸਾਂਤੀ ਦਾ ਹੋਣਾ ਅਤਿ ਜ਼ਰੂਰੀ ਹੈ। ਵਾਸ਼ਨਾਵਾਂ ਦਾ ਤਿਆਗ ਲਾਜ਼ਮੀ ਹੈ। ਮਨੁੱਖੀ ਕਲਿਆਣ ਵਾਸਤੇ ਸਿੱਖੀ ਜ਼ਰੂਰੀ ਹੈ:

ਗੁਰ ਸਿੱਖੀ ਜਾਚਉਂ ਹਉਂ ਦਾਨਾ। ਜਿਸਤੇ ਹੋਇ ਪਰਮ ਕੱਲਯਾਨਾ।
ਮਨਸਾ ਸਗਰੀ ਮਨਹਿਂ ਸਮਾਵਹਿਂ। ਸ਼ਾਂਤਿ ਹੋਇ ਨੀਕੋ ਪਦ ਪਾਵਹਿ।[20]

ਪਰਮਾਤਮਾ ਦਾ ਵਿਸ਼ੇਸ਼ ਗੁਣ ਹੈ ਕਿ ਉਸਨੇ ਇੰਨੀ ਵੱਡੀ ਸ੍ਰਿਸ਼ਟੀ ਦਾ ਕਾਰ-ਵਿਹਾਰ ਇੱਕਲੇ ਨੇ ਚਲਾਉਣਾ ਹੈ ਅਤੇ ਸਮੁੱਚੇ ਜਗਤ ਦੀ ਹਰ ਇੱਕ ਘਟਨਾ ਨੂੰ ਗਹੁ ਨਾਲ ਵਾਚਣਾ ਹੈ। ਅਜਿਹਾ ਕਰਦੇ ਹੋਏ ਨਾ ਕਦੇ ਪਰਮਾਤਮਾ ਤੇ ਕਾਲ ਦਾ ਅਸਰ ਹੈ ਨਾ ਪ੍ਰਭਾਵ। ਮਨੁੱਖ ਤੇ ਜਨਮ, ਬਚਪਨ, ਜਵਾਨੀ, ਬਢਾਪਾ ਤੇ ਮੌਤ ਜ਼ਰੂਰ ਆਉਂਦੀ ਹੈ। ਪਰ ਪਰਮਾਤਮਾ ਇਨ੍ਹਾਂ ਦੁਨਿਆਵੀ ਵਿਧਾਨਾਂ ਤੋਂ ਉਪਰ ਹੈ।

ਨਾ ਇਹੁ ਬੂਢਾ ਨਾ ਇਹੁ ਬਾਲਾ॥ ਨਾ ਇਸੁ ਦੂਖੁ ਨਹੀ ਜਮ ਜਾਲਾ॥
ਨਾ ਇਹੁ ਬਿਨਸੈ ਨਾ ਇਹੁ ਜਾਇ॥ ਆਦਿ ਜੁਗਾਦੀ ਰਹਿਆ ਸਮਾਇ॥[21]

ਪਰਮਾਤਮਾ ਦੀ ਹੋਂਦ ਨੂੰ ਮੰਨਣ ਵਾਲੇ ਸਾਰੇ ਧਰਮ ਉਸ ਦੇ ਸਰਬ-ਸ਼ਕਤੀਮਾਨ ਰੂਪ ਦਾ ਵਰਨਨ ਕਰਦੇ ਹੋਏ ਦੱਸਦੇ ਹਨ ਕਿ ਪਰਮਾਤਮਾ ਸ੍ਰਿਸ਼ਟੀ ਵਿੱਚ ਸਭ ਤੋਂ ਵਧੇਰੇ ਸ਼ਕਤੀਸ਼ਾਲੀ ਹੈ। ਉਸ ਦੇ ਹੁਕਮ ਅਨੁਸਾਰ ਦੁਨਿਆਵੀਂ ਵਸਤਾਂ ਪੈਦਾ ਹੁੰਦੀਆਂ ਅਤੇ ਨਾਸ ਹੋ ਜਾਂਦੀਆਂ ਹਨ। ਦੁਨੀਆਂ ਦੀ ਹਰ ਇੱਕ ਵਸਤੂ ਥਾਲ ਵਿੱਚ ਰੱਖੇ ਹੋਏ ਦੀਵਿਆਂ ਦੀ ਤਰ੍ਹਾਂ ਆਪਣੀ-ਆਪਣੀ ਜਗ੍ਹਾ ਬਿਰਾਜਮਾਨ ਹੈ ਅਤੇ ਇਨ੍ਹਾਂ ਦਾ ਸਥਾਨ ਵੀ ਪਰਮਾਤਮਾ ਨੇ ਹੀ ਨਿਰਧਾਰਤ ਕੀਤਾ ਹੈ। ਉਸ ਦੀ ਇੱਛਾ ਅਨੁਸਾਰ ਇੰਨ੍ਹਾਂ ਦੀ ਉਮਰ ਨਿਰਧਾਰਤ ਹੁੰਦੀ ਹੈ। ਦੁਨੀਆਂ ਵਿੱਚ ਦਿਖਾਈ ਦੇ ਰਹੇ ਵੱਡੇ-ਵੱਡੇ ਪਹਾੜ, ਸਮੁੰਦਰ, ਸੂਰਜ, ਚੰਨ, ਤਾਰੇ, ਖੰਡ, ਬ੍ਰਹਿਮੰਡ ਉਸੇ ਦੀ ਰਚਨਾ ਹਨ ਅਤੇ ਉਹ ਏਨਾ ਸ਼ਕਤੀਸ਼ਾਲੀ ਹੈ ਕਿ ਪਲ ਵਿੱਚ ਇਹਨਾਂ ਦੀ ਹੋਂਦ ਨੂੰ ਖ਼ਤਮ ਕਰ ਸਕਦਾ ਹੈ। ਵਸਤਾਂ ਨੂੰ ਪੈਦਾ ਕਰਨ ਅਤੇ ਖ਼ਤਮ ਕਰਨ ਵਿੱਚ ਕੇਵਲ ਪਰਮਾਤਮਾ ਦੀ ਇੱਛਾ ਹੀ ਸਰਵਉੱਚ ਹੈ।

ਨਦੀਆ ਵਿਚਿ ਟਿਬੇ ਦੇਖਾਲੇ ਥਲੀ ਕਰੇ ਅਸਗਾਹ।
ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ।[22]

ਪਰਮਾਤਮਾ ਨੂੰ ਇਸ ਸ੍ਰਿਸ਼ਟੀ ਦਾ ਪਹਿਲਾ ਕਾਰਨ ਮੰਨਿਆ ਜਾਂਦਾ ਹੈ ਅਤੇ ਉਹ ਅਜਿਹਾ

ਕਾਰਨ ਹੈ ਜਿਸ ਦਾ ਹੋਰ ਕੋਈ ਕਾਰਨ ਨਹੀਂ। ਸ੍ਰਿਸ਼ਟੀ ਵਿੱਚ ਕੇਵਲ ਪਰਮਾਤਮਾ ਹੀ ਅਜਿਹੀ ਹਸਤੀ ਹੈ ਜੋ ਕਿ ਸਮੂਹ ਜੀਵਾਂ ਦਾ ਕਾਰਨ ਹੈ। ਇਸ ਤਰ੍ਹਾਂ ਸਮੂਹ ਜੀਵਾਂ ਦਾ ਮੁੱਢਲਾ ਅੰਸ਼ ਪਰਮਾਤਮਾ ਹੈ ਇਸ ਲਈ ਜਿੱਥੇ ਕਿਤੇ ਵੀ ਜੀਵ ਇਸ ਬ੍ਰਹਿਮੰਡ ਦਾ ਹਿੱਸਾ ਹੈ ਉੱਥੇ ਪਰਮਾਤਮਾ ਆਪ ਹਾਜ਼ਰ ਹੈ। ਇਸ ਤਰ੍ਹਾਂ ਇਹ ਆਤਮ ਰੂਪ ਪਰਮਾਤਮਾ ਸਭ ਜੀਵਾਂ ਵਿੱਚ ਵਿਦਮਾਨ ਹੋ ਕੇ ਸ੍ਰਿਸ਼ਟੀ ਦੇ ਜ਼ੱਰੇ-ਜ਼ੱਰੇ ਵਿੱਚ ਸਮਾਇਆ ਹੋਇਆ ਹੈ।

ਸਭੈ ਘਟ ਰਾਮੁ ਬੋਲੈ ਰਾਮਾ ਬੋਲੈ। ਰਾਮ ਬਿਨਾ ਕੋ ਬੋਲੈ ਰੇ॥
ਏਕਲ ਮਾਟੀ ਕੁੰਜਰ ਚੀਟੀ ਭਾਜਨ ਹੈਂ ਬਹੁ ਨਾਨਾ ਰੇ॥
ਅਸਥਾਵਰ ਜੰਗਮ ਕੀਟ ਪਤੰਗਮ ਘਟਿ ਘਟਿ ਰਾਮੁ ਸਮਾਨਾ ਰੇ।[23]

ਨਿਰਗੁਣ ਨਾਮ ਤਾਂ ਹਨ ਜੋ ਕੇਵਲ ਨਿਰਗੁਣ ਪਰਮਾਤਮਾ ਦੇ ਸਰੂਪ ਨੂੰ ਵਰਨਨ ਕਰਦੇ ਹਨ। ਸਰਗੁਣ ਨਾਮ ਉਹ ਹਨ ਜੋ ਉਸ ਦੀਆਂ ਕਰਨੀਆਂ, ਸਿਫ਼ਤਾਂ ਆਦਿ ਗੁਣਾਂ ਤੋਂ ਉਸ ਨੂੰ ਵਰਨਨ ਕਰਦੇ ਹਨ।

ਇਹ ਉਸ 'ਮੂਲ' ਪਰਮਾਤਮਾ ਦਾ ਨਾਮ ਹੈ। ਜਿਸ ਤੋਂ ਸਭ ਕੁਝ ਪ੍ਰਗਟ ਹੁੰਦਾ ਹੈ, ਪਰ ਆਪ ਦਿਖਾਈ ਨਹੀਂ ਦਿੰਦਾ, ਉਹ ਆਪ ਦੇਖਦਾ ਹੈ ਪਰ ਉਸ ਨੂੰ ਕੋਈ ਨਹੀਂ ਦੇਖਦਾ ਭਾਵ ਜੋ ਅਦ੍ਰਿਸ਼ਟ ਰੂਪ ਹੈ। ਇਹ 'ਵਾਹਿ ਵਾਹਿ' ਨਿਰਗੁਣ ਨੂੰ ਜਾਣ ਰਿਹਾ ਹੈ। ਕਵੀ ਜੀ ਨੇ ਨਿਰਗੁਣ ਨੂੰ ਨਾਮਾਂ ਤੋਂ ਵੀ ਵੱਡਾ ਦੱਸਿਆ ਹੈ। ਸਰਗੁਣ ਨਾਮ ਤੋਂ ਉਨ੍ਹਾਂ ਦਾ ਭਾਵ ਉਨ੍ਹਾਂ ਨਾਵਾਂ ਤੋਂ ਹੈ ਜੋ ਉਸਦੇ ਗੁਣਾਂ ਜਾਂ ਖਾਸ ਕੰਮਾਂ ਤੋਂ ਬਣੇ ਹਨ।

ਵੱਵਾ ਵਾਸੁਦੇਵ ਤੇ ਲੀਨੋ। ਹਰੀ ਬਿਸਨੁ ਤੇ ਹਾਹਾ ਚੀਨੋ।
ਗੱਗਾ ਗੋਬਿੰਦ ਤੇ ਲਿਯ ਜਾਨੋ। ਰਾਰਾ ਰਾਮਚੰਦ ਮਨ ਮਾਨੋ।[24]

ਇਹ ਸਾਰੇ ਪਦ ਕ੍ਰਿਸ਼ਨ ਦੇ ਵਾਚਕ ਹੋਏ। ਜੋ ਹਿੰਦੂ ਧਰਮ ਅਨੁਸਾਰ ਪਰਮਾਤਮਾ ਦੇ ਸਰਗੁਣ ਰੂਪ ਮੰਨੇ ਜਾਂਦੇ ਹਨ। ਸ੍ਰੀ ਗੁਰ ਨਾਨਕ ਪ੍ਰਕਾਸ਼ ਵਿੱਚ ਭਾਈ ਸੰਤੋਖ ਸਿੰਘ ਨੇ ਪਰਮਾਤਮਾ ਦੇ ਵਿਭਿੰਨ ਰੂਪਾਂ ਦਾ ਵਰਨਨ ਕੀਤਾ ਹੈ। ਉਹ ਪਰਮਾਤਮਾ ਨੂੰ ਨਮਸਕਾਰ ਕਰਦੇ ਹਨ। ਜੋ ਤਿੰਨੇ ਲੋਕਾਂ ਦਾ ਮਾਲਕ ਹੈ।

ਨਮੋ ਸੱਚਿਦਾਨਦਿ, ਗੋਬਿੰਦ, ਜੋਗੀ। ਤ੍ਰਿਲੋਕੀ ਪਤੀ, ਆਪ ਭੋਗੀ ਅਭੋਗੀ।
ਨਿਰਾਕਾਰ ਕੋ ਰੂਪ ਸਾਕਾਰ ਹੋਯੋ। ਜਪੈ ਸੱਤਿਨਾਮੰ ਸਿਖੀ ਬੀਜ ਬੋਯੋ।[25]

ਵਹਿਗੁਰੂ ਸ਼ਬਦ ਚਾਰ ਯੁੱਗਾਂ ਸਤਿਯੁਗ, ਦੁਆਪਾਰ, ਤ੍ਰੇਤਾ ਅਤੇ ਕਲਜੁਗ ਦੀ ਪ੍ਰਤੀਨਿਧਤਾ ਕਰਨ ਵਾਲੇ ਹਨ। 'ਵ' ਸ਼ਬਦ ਵਾਸੁਦੇਵ ਤੋਂ, ਹ ਹਰੀ ਤੋਂ, ਗ ਗੋਬਿੰਦ ਅਤੇ ਰ ਰਕਾਰ ਭਾਵ ਰਾਮ

ਤੋਂ ਲਿਆ ਹੈ। ਮੰਨਿਆ ਜਾਂਦਾ ਹੈ ਕਿ ਇਹ ਚਾਰ ਪੁਰਸ਼ ਫਲ ਦਾਤੇ, ਫਤਹ ਦੇਣ ਵਾਲੇ, ਓਟ ਆਸਰਾ ਦੇਣ ਵਾਲੇ ਹਨ। ਗਿਆਨ ਰਾਹੀਂ ਚਾਰੇ ਯੁੱਗ ਤਾਰਨ ਵਾਲੇ ਮੰਨੇ ਜਾਂਦੇ ਹਨ।

> ਵਾਸੁਦੇਵ ਸਤਿਜੁਗ ਮਣਿ ਨਾਮ। ਹਰਿ ਹਰਿ ਤ੍ਰੇਤਾ ਫਲਦ ਅਕਾਮ।
> ਦ੍ਵਾਪੁਰ ਗੋਬਿੰਦ ਬਿਜਯ ਪ੍ਰਚੰਡ। ਕਲਿ ਕੇਵਲ ਰਾਕਾਰ ਅਖੰਡ।
> ਵੇਦ ਚਤੁਰ ਜੁਗ ਜਿਹ ਨਿਸਤਾਰੇ। ਵਾਹਿਗੁਰੂ ਅਵਿਲੰਬ ਹਮਾਰੇ।[26]

ਪਰਮਾਤਮਾ ਦਾ ਸਤਿਜੁਗ ਵਿੱਚ ਸ਼੍ਰੋਮਣੀ ਨਾਮ 'ਵਾਸੁਦੇਵ' ਸੀ। ਤ੍ਰੇਤੇ ਵਿੱਚ 'ਹਰਿ ਹਰਿ' ਨਾਮ ਨਿਸ਼ਕਾਮ ਫਲ ਦਾਤਾ ਸੀ। ਦ੍ਵਾਪੁਰ ਯੁੱਗ ਵਿੱਚ ਜਾਪ ਗੋਬਿੰਦ ਸੀ ਜੋ ਤੇਜੀ ਤੇ ਫਤਿਹ ਦੇਣ ਵਾਲਾ ਸੀ। ਰਾਮ ਤੋਂ ਭਾਵ ਸਭ ਵਿੱਚ ਕ੍ਰੀੜਾ ਕਰਨ ਵਾਲਾ ਪਰਮੇਸ਼ਰ ਹੈ। ਚਾਰੇ ਯੁੱਗਾਂ ਵਿੱਚ ਜਪਣ ਵਾਲੇ ਨਾਮਾਂ ਦੇ ਪਹਿਲੇ ਅੱਖਰ ਤੋਂ ਭਾਵ (ਵ, ਹ, ਗ, ਰ) ਵਾਸੁਦੇਵ, ਹਰਿ ਹਰਿ, ਗੋਬਿੰਦ, ਰਾਮ ਪਰਮੇਸ਼ਰ ਦੇ ਹੀ ਸਿਫ਼ਾਤੀ ਨਾਮ ਹਨ। ਇਸ ਤਰ੍ਹਾਂ 'ਵਾਹਿਗੁਰੂ' ਨਾਮ ਦੇ ਹਿਰਦੇ ਵਿੱਚ ਧਾਰਨ ਕਰਨ ਨਾਲ ਗਿਆਨ ਹੋ ਜਾਂਦਾ ਹੈ। 'ਵਾਹਿਗੁਰੂ' ਸ਼ਬਦ ਅਕਾਲ ਪੁਰਖ ਸਰੂਪ ਦਾ ਲਖਾਇਕ ਹੈ। ਇਹ 'ਵਾਹਿਗੁਰੂ' ਨਾਮ ਬੀਜ ਮੰਤਰ ਹੈ। ਕਿਉਂਕਿ ਇਹ ਰਿੱਧੀਆਂ ਸਿੱਧੀਆਂ ਦਾ ਦਾਤਾ ਹੈ। ਜੇਕਰ ਇਸ ਨੂੰ ਅਠੇ ਪਹਿਰ ਸਿਮਰੋ ਤਾਂ ਮੁਕਤੀ ਦਾ ਪਰਮ ਸੁੱਖ ਮਿਲਦਾ ਹੈ।

> ਬੀਜਮੰਤ੍ਰ ਬਰ ਨਾਮ ਹੈ ਰਿੱਧਿਨਿ ਸਿੱਧਿਨਿ ਧਾਮ।
> ਮੋਖ ਪਰਮ ਸੁਖ ਦੇਤਿ ਹੈ ਸਿਮਰਹੁ ਆਠਹੁ ਜਾਮ।[27]

ਪਰਮਾਤਮਾ ਲਈ ਬ੍ਰਹਮ ਸ਼ਬਦ ਦੀ ਵਰਤੋਂ ਵੀ ਹੁੰਦੀ ਹੈ। ਮਹਾਨ ਕੋਸ਼ ਕਾਨ੍ਹ ਸਿੰਘ ਨਾਭਾ ਲਿਖਦੇ ਹਨ।

> ਬ੍ਰਹਮ 'ਸਭ ਤੋਂ ਵਧਿਆ ਹੋਇਆ, ਕਰਤਾਰ, ਜਗਤ ਨਾਥ, ਵਾਹਿਗੁਰੂ, ਤਤਸਾਰ, ਬ੍ਰਾਹਮਣ, ਬ੍ਰਹਮਾ, ਵੇਦ, ਦੇਵਤਾ, ਪੂਜ਼ ਇਸ਼ਟ, ਤਪ, ਤਪਸ਼ਾਂ, ਬ੍ਰਹਮ ਰਿਸ਼ੀ' ਆਦਿ ਮੰਨਿਆ ਗਿਆ ਹੈ।[28]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਵਾਹਿਗੁਰੂ ਨੂੰ ਬ੍ਰਹਮ ਆਖਿਆ ਗਿਆ ਹੈ।

**(ਅ) ਜਗਤ/ਸ੍ਰਿਸ਼ਟੀ :** ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ

> ਜਗਤ ਨੂੰ ਵਿਸ਼ਵ, ਦੁਨੀਆਂ, ਸੰਸਾਰ, ਜਗਤ (ਚਲਾਇਮਾਨ) ਅਨਿੱਤਯ ਸੰਸਾਰ, ਸੰਸਾਰ ਦੇ ਲੋਕ ਕਿਹਾ ਗਿਆ ਹੈ। ਜਗਤ ਦਾ ਕੋਸ਼ਗਤ ਅਰਥ ਜਾਗਦੇ ਹੋਏ ਜੀਵਾਂ ਦੇ ਰੂਪ ਵਿੱਚ ਹੈ।[29]

ਜਗਤ ਤੋਂ ਭਾਵ : ਸਮੁੱਚੀ ਸ੍ਰਿਸ਼ਟੀ ਅਤੇ ਉਸ ਉੱਪਰ ਨਿਵਾਸ ਕਰਦੀ ਮਨੁੱਖੀ ਨਸਲ ਤੋਂ ਹੈ ਜੋ ਕੁਦਰਤ ਦੀ ਸ੍ਰੇਸ਼ਟ ਰਚਨਾ ਮੰਨੀ ਜਾਂਦੀ ਹੈ। ਇਸ ਖੋਜ ਪ੍ਰਬੰਧ ਵਿਚ ਵਿਚਾਰ ਚਰਚਾ ਦਾ ਆਧਾਰ ਸ਼੍ਰੀ ਗੁਰ ਨਾਨਕ ਪ੍ਰਕਾਸ਼ (ਰਚਿਤ ਸ਼ਿਰੋਮਣੀ ਕਵੀ ਭਾਈ ਸੰਤੋਖ ਸਿੰਘ) 'ਤੇ ਅਧਾਰਿਤ ਹੈ। ਇਸ ਵੱਡ ਅਕਾਰੀ ਰਚਨਾ ਵਿੱਚ ਗੁਰੂ ਨਾਨਕ ਦੇ ਜੀਵਨ ਅਤੇ ਅਧਿਆਤਮਿਕਤਾ ਦੀ ਬਹੁ-ਵਿਸਥਾਰ ਨਾਲ ਵਿਆਖਿਆ ਕੀਤੀ ਹੈ।

ਹਥਲੀ ਖੋਜ ਦਾ ਕੇਂਦਰ ਬਿੰਦੂ ਜਗਤ ਸ੍ਰਿਸ਼ਟੀ, ਸੰਸਾਰ ਅਤੇ ਉਸਦੀ ਪਰਿਭਾਸ਼ਿਤ ਵਿਸ਼ੇਸ਼ਤਾਈਆਂ ਅਤੇ ਗੁਣਾਂ-ਔਗੁਣਾਂ, ਤੱਥਾਂ ਅਤੇ ਰਹੱਸਾਂ ਬਾਰੇ ਹੈ ਇਸ ਲਈ ਧਰਮ ਸ਼ਾਸਤਰੀ ਅਧਿਐਨ ਦੁਆਰਾ ਸਮਝਣ ਦਾ ਯਤਨ ਕੀਤਾ ਗਿਆ ਹੈ ਕਿ ਇਸ ਜਗਤ/ਸ੍ਰਿਸ਼ਟੀ ਬਾਰੇ ਭਾਰਤੀ ਧਰਮ-ਦਰਸ਼ਨ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬਾਣੀ ਸਿਧਾਂਤ ਅਤੇ ਭਾਈ ਸੰਤੋਖ ਸਿੰਘ ਇਤਿਆਦਿ ਕਿਵੇਂ ਵਿਆਖਿਆ ਕਰਦੇ ਹਨ।

ਸ੍ਰਿਸ਼ਟੀ ਦੀ ਉਤਪਤੀ ਬਾਰੇ ਭਾਰਤੀ ਧਰਮ ਦਰਸ਼ਨ, ਇਸਲਾਮ, ਜੈਨ ਧਰਮ, ਬੁੱਧ ਧਰਮ, ਈਸਾਈ ਧਰਮ ਅਤੇ ਸਿੱਖ ਧਰਮ ਦਰਸ਼ਨ ਵਿੱਚ ਅਨੇਕਾਂ ਸੰਕੇਤ ਕੀਤੇ ਮਿਲਦੇ ਹਨ, ਜੋ ਇੱਕ ਦੂਜੇ ਨਾਲੋਂ ਭਿੰਨ ਹਨ ਪ੍ਰੰਤੂ ਸਾਰੇ ਧਰਮਾਂ ਦਾ ਵਿਸ਼ਵਾਸ ਇਕੋ ਪਰਮਾਤਮਾ ਵਿੱਚ ਹੈ। ਹਰ ਧਰਮ ਸਾਸ਼ਤਰ ਦੀਆਂ ਕਿਆਸ ਅਰਾਈਆਂ ਇਕੋ ਨੁਕਤੇ ਤੇ ਆ ਕੇ ਸਿਮਟ ਜਾਂਦੀਆਂ ਹਨ ਕਿ ਮਨੁੱਖ ਲਈ ਇਸ ਰਹੱਸਮਈ ਜਗਤ ਦੀ ਸਾਰ ਇਤਨੀ ਹੀ ਕਠਿਨ ਹੈ, ਜਿਤਨੀ ਕਿਸੇ ਲੂਣ ਦੀ ਡਲੀ ਲਈ ਸਮੁੰਦਰ ਦੀ ਗਹਿਰਾਈ ਦੀ ਸਾਰ ਪਾਉਣੀ ਨਾ-ਮੁਨਕਿਨ ਹੈ। ਇਸਦੇ ਬਾਵਜੂਦ ਵੱਖ-ਵੱਖ ਧਰਮ ਸਾਸ਼ਤਰਾਂ ਦੇ ਅਨੁਸ਼ਾਸਨ ਵਿੱਚ ਦਿੱਤੇ ਵੇਰਵੇ ਜਾਂ ਸੰਕੇਤ ਕਾਫ਼ੀ ਹੱਦ ਤੱਕ ਇਕੋ ਤਰ੍ਹਾਂ ਦਾ ਸੰਕੇਤ ਕਰਦੇ ਹਨ। ਉਦਾਹਰਣ ਲਈ ਬ੍ਰਹਮ ਪੁਰਾਣ ਵਿਚ ਲਿਖਿਆ ਮਿਲਦਾ ਹੈ

> ਪਰਮਾਤਮਾ ਨੇ ਸਭ ਤੋਂ ਪਹਿਲਾਂ ਜਲ ਦੀ ਉਤਪਤੀ ਕੀਤੀ। ਆਪਣੀ ਦ੍ਰਿਸ਼ਟੀ ਦੇ ਰੂਪ ਵਿਚ ਉਸ ਅੰਦਰ ਬੀਜ (ਸ਼ਕਤੀ) ਦਾ ਨਿਰਮਾਣ ਕੀਤਾ। ਪਾਣੀ ਵਿਚ ਸੁੱਤੇ ਵਿਸ਼ਨੂੰ ਦੀ ਨਾਭੀ ਵਿੱਚੋਂ ਇਕ ਅੰਡਾ ਉਪਜਿਆ। ਉਸ ਵਿੱਚੋਂ ਬ੍ਰਹਮਾ ਪੈਦਾ ਹੋਏ। ਪਰਮਾਤਮਾ ਨੇ ਉਸ ਅੰਡੇ ਦੇ ਦੋ ਹਿੱਸੇ ਕਰ ਦਿੱਤੇ, ਥੱਲਵੇਂ ਹਿੱਸੇ ਤੋਂ ਪ੍ਰਿਥਵੀ, ਮੱਧ ਭਾਗ ਤੋਂ ਸਵਰਗ ਅਤੇ ਉਪਰਲੇ ਹਿੱਸੇ ਤੋਂ ਆਕਾਸ਼ ਦੀ ਰਚਨਾ ਹੋਈ। ਬ੍ਰਹਮਾ ਨੇ ਮਹਾਨ-ਤਪ ਕਰਕੇ ਸ੍ਰਿਸ਼ਟੀ ਦੀ ਰਚਨਾ ਕੀਤੀ।[30]

ਰਤਨ ਸਿੰਘ ਜੱਗੀ ਲਿਖਦੇ ਹਨ।

> ਅਸਲ ਰੂਪਾਤਮਕ ਜਗਤ ਦਾ ਮੂਲ ਆਧਾਰ ਤੱਤ ਬ੍ਰਹਮ ਹੈ, ਬ੍ਰਹਮ ਦੀ

ਪਰਮਾਰਥਿਕ ਸਤਾ ਹੈ ਅਤੇ ਉਹ ਸਰਬ-ਵਿਆਪਕ ਹੈ। ਨਾਮ ਰੂਪਾਤਮਕ ਜਗਤ ਦੀ ਉਤਪਤੀ ਅਤੇ ਸਥਿਤੀ ਸਤ ਸਰੂਪਮਈ ਹੈ। ਸਤ-ਸਰੂਪ ਪਰਮਾਤਮਾ ਤੋਂ ਬਿਨ੍ਹਾਂ ਜਗਤ ਦਾ ਕੋਈ ਅਸਤਿਤਵ ਨਹੀਂ ਹੈ। ਇਸ ਲਈ ਪਰਮਾਰਥਿਕ ਦ੍ਰਿਸ਼ਟੀ ਤੋਂ ਜਗਤ ਮਿਥਿਆ ਹੈ, ਹਾਂ ਵਿਵਹਾਰਿਕ ਸ੍ਰਿਸ਼ਟੀ ਤੋਂ ਜਗਤ ਦੀ ਸਤਾ ਨੂੰ ਜ਼ਰੂਰ ਵਾਸਤਵਿਕ ਮੰਨਣਾ ਪਵੇਗਾ।[31]

ਗੁਰੂ ਨਾਨਕ ਦੇਵ ਜੀ ਨੇ ਵੀ ਬ੍ਰਹਮ ਪੁਰਾਣ ਦੇ ਇਸ ਕਥਨ ਦੀ ਪੁਸ਼ਟੀ ਕਰਦਿਆਂ ਬਿਲਾਵਲ ਥਿਤੀ ਵਿੱਚ ਜਗਤ ਦੀ ਉਤਪਤੀ ਤੋਂ ਪਹਿਲਾਂ ਵੀ ਅਵਸਥਾ ਨੂੰ ਅੰਡੇ ਦੇ ਉਪਮਾਨ ਦੁਆਰਾ ਚਿਤ੍ਰਿਤ ਕੀਤਾ ਹੈ। ਉਨ੍ਹਾਂ ਦਾ ਮਤ ਹੈ ਕਿ ਪਰਮਾਤਮਾ ਨੇ ਜਗਤ ਦੇ ਅੰਡੇ ਨੂੰ ਤੋੜ ਕੇ ਦੋ ਭਾਗਾਂ ਨੂੰ ਅਲੱਗ-ਅਲੱਗ ਕਰ ਦਿੱਤਾ। ਇਸ ਤਰ੍ਹਾਂ ਧਰਤੀ ਅਤੇ ਅਕਾਸ਼ ਰਹਿਣ ਦੇ ਥਾਂ ਬਣਾਏ ਇਸ ਉਪਰੰਤ ਰਾਤ ਅਤੇ ਦਿਨ, ਭੈਅ ਅਤੇ ਪ੍ਰੇਮ ਤ੍ਰਿਦੇਵ ਆਦਿ ਦੇਵ ਪੈਦਾ ਕੀਤੇ। ਫਿਰ ਵੇਦ, ਬਾਣੀਆਂ ਅਤੇ ਵੇਦਾਂ ਸਾਸ਼ਤਰਾਂ ਦਾ ਨਿਰਮਾਣ ਕੀਤਾ।

ਆਪੇ ਸਚੁ ਕੀਆ ਕਰ ਜੋੜਿ। ਅੰਡਜ ਫੋੜਿ ਜੋੜਿ ਵਿਛੋੜਿ।
ਧਰਤਿ ਅਕਾਸੁ ਕੀਏ ਬੈਸਣ ਕਉ ਥਾਉ। ਰਾਤਿ ਦਿਨੰਤੁ ਕੀਏ ਭਉ ਭਾਉ।[32]

ਸ੍ਰਿਸ਼ਟੀ ਬਾਰੇ ਭਾਰਤੀ ਧਰਮ ਸਾਸ਼ਤਰ ਦਾ ਮੂਲ ਆਧਾਰ ਮੁੱਖ ਰੂਪ ਵਿੱਚ ਚਾਰ ਪੱਖਾਂ ਤੇ ਕੇਂਦਰਿਤ ਹੈ। ਬ੍ਰਹਮ, ਜੀਵ, ਸ੍ਰਿਸ਼ਟੀ ਅਤੇ ਮੁਕਤੀ। ਗੁਰਬਾਣੀ ਤੋਂ ਪਹਿਲਾਂ ਜਗਤ/ਸ੍ਰਿਸ਼ਟੀ ਦੀ ਰਚਨਾ ਬਾਰੇ ਭਾਰਤੀ ਧਰਮ ਚਿੰਤਨ ਦੀ ਇੱਕ ਲੰਮੀ ਪਰੰਪਰਾ ਮਿਲਦੀ ਹੈ।

ਵੇਦਾਂ ਵਿੱਚ ਕਿਤੇ ਅਗਨੀ, ਕਿਤੇ ਇੰਦਰ ਅਤੇ ਕਿਤੇ ਵਿਸ਼ਵਕਰਮਾਂ ਤੋਂ ਸ੍ਰਿਸ਼ਟੀ ਦੀ ਰਚਨਾ ਮੰਨੀ ਗਈ ਹੈ।[33]

ਉਪਨਿਸ਼ਦਾਂ ਵਿੱਚ ਸ੍ਰਿਸ਼ਟੀ ਦੀ ਉਤਪਤੀ ਅਵਿਨਾਸ਼ੀ ਬ੍ਰਹਮ ਤੋਂ ਮੰਨੀ ਗਈ ਹੈ। ਜਿਵੇਂ

ਅਗਨੀ ਤੋਂ ਅਸੰਖ ਚਿੰਗਾਰੀਆਂ ਨਿਕਲ ਕੇ ਫਿਰ ਖ਼ਤਮ ਹੋ ਜਾਂਦੀਆਂ ਹਨ। ਉਸੇ ਤਰ੍ਹਾਂ ਅਵਿਨਾਸ਼ੀ ਤੋਂ ਸਾਰਾ ਪਾਸਾਰਾ ਉਪਜ ਕੇ ਉਸੇ ਵਿੱਚ ਹੀ ਲੀਨ ਹੋ ਜਾਂਦਾ ਹੈ।[34]

ਬਾਲਮੀਕੀ ਰਾਮਾਇਣ ਅਨੁਸਾਰ,

ਸ਼ੁਰੂ ਵਿੱਚ ਆਕਾਸ਼, ਪਰਬਤ, ਨਛੱਤਰ, ਲੱਛਮੀ ਇਤਿਆਦਿ ਸਭ ਵਿਸ਼ਨੂੰ ਦੇ ਅਧੀਨ ਸਨ। ਵਿਸ਼ਨੂੰ ਕਈ ਸਦੀਆਂ ਤੱਕ ਸਮੁੰਦਰ ਵਿਚ ਸੁੱਤਾ ਰਿਹਾ। ਫਿਰ ਬ੍ਰਹਮਾ ਨੇ ਵਿਸ਼ਨੂੰ ਦੀ ਨਾਭੀ ਵਿਚ ਪ੍ਰਵੇਸ਼ ਕੀਤਾ। ਵਿਸ਼ਨੂੰ ਦੀ ਨਾਭੀ ਵਿਚੋਂ ਇੱਕ

> ਸੋਨ-ਕਮਲ ਪੈਦਾ ਹੋਇਆ। ਇਸ ਸੋਨ-ਕਮਲ ਵਿਚੋਂ ਬ੍ਰਹਮਾ ਪ੍ਰਗਟ ਹੋਏ। ਬ੍ਰਹਮਾਂ ਦੇ ਕੰਨਾਂ ਵਿਚੋਂ ਦੋ ਦੈਂਤ 'ਮਧੂ' ਅਤੇ 'ਕੈਟਮ' ਨਿਕਲੇ ਜੋ ਬ੍ਰਹਮਾ ਨੂੰ ਹੀ ਖਾ ਲੈਣ ਲਈ ਲਪਕੇ, ਜਿਨ੍ਹਾਂ ਨੂੰ ਵਿਸ਼ਨੂੰ ਨੇ ਮਾਰ ਦਿੱਤਾ। ਦੈਂਤਾਂ ਦੇ ਦ੍ਰਵ (ਲਹੂ) ਨਾਲ ਦੁਰਗੰਧ ਫੈਲ ਗਈ। ਇਸੇ ਲਈ ਧਰਤੀ ਨੂੰ 'ਮੇਧਨੀ' ਵੀ ਕਿਹਾ ਜਾਂਦਾ ਹੈ। ਇਸ ਉਪਰੰਤ ਸ੍ਰਿਸ਼ਟੀ ਦੀ ਰਚਨਾ ਹੋਈ।[35]

ਸ੍ਰੀਮਦ ਭਗਵਤ ਗੀਤਾ ਅਨੁਸਾਰ, ਬ੍ਰਹਮਾਂ ਨੇ ਕਮਲ ਤੇ ਬੈਠ ਕੇ ਸ੍ਰਿਸ਼ਟੀ ਦੀ ਰਚਨਾ ਕਰਨ ਦੀ ਇੱਛਾ ਪ੍ਰਗਟ ਕੀਤੀ। ਪਰ ਉਹਨਾਂ ਨੂੰ ਸ੍ਰਿਸ਼ਟੀ ਰਚਨ ਦਾ ਗਿਆਨ ਪ੍ਰਾਪਤ ਨਹੀਂ ਸੀ। ਧਿਆਨ ਮਗਨ ਬੈਠੇ ਬ੍ਰਹਮਾਂ ਨੂੰ ਅਚਾਨਕ ਦੋ ਸ਼ਬਦ ਸੁਣੇ, 'ਤ' ਅਤੇ 'ਪ'। ਉਹਨਾਂ ਨੂੰ ਲੱਗਾ ਕਿ ਉਹ ਦੋ ਸ਼ਬਦ ਹੀ ਉਹਨਾਂ ਦੀ ਪ੍ਰੇਰਣਾ ਹਨ। ਤਦ ਉਪਰੰਤ ਉਹਨਾਂ ਨੇ ਤਪੱਸਿਆ ਕਰਨੀ ਸ਼ੁਰੂ ਕੀਤੀ।

> ਬ੍ਰਹਮਾਂ ਨੇ ਵਿਸ਼ਨੂੰ ਦੇ ਦੋ ਰੂਪਾਂ 'ਸਾਕਾਰ' ਅਤੇ 'ਨਿਰਾਕਾਰ' ਨੂੰ ਗ੍ਰਹਿਣ ਕੀਤਾ ਅਤੇ ਦਸ ਪੁੱਤਰ ਪੈਦਾ ਕੀਤੇ। ਦਸਵੇਂ ਪੁੱਤਰ ਨਾਰਦ ਸਨ। ਨਾਰਦ ਗੋਦ ਵਿੱਚੋਂ, ਦਖ਼ਸ਼ ਅੰਗੂਠੇ ਤੋਂ, ਵਸ਼ਿਸ਼ਟ ਪ੍ਰਾਣਾਂ ਤੋਂ, ਭ੍ਰਗੂ ਚਮੜੀ ਤੋਂ, ਰਿਤੁ, ਹੱਥ ਤੋਂ, ਨਾਭੀ ਤੋਂ, ਪੂਲਹ, ਕੰਨਾਂ ਵਿਚੋਂ ਪੁਲਸਰਯ, ਅਗਿਰਾ ਮੂੰਹ ਤੋਂ, ਅਨਿ ਅੱਗ ਤੋਂ ਅਤੇ ਮਰੀਚੀ ਮਨ ਤੋਂ ਪੈਦਾ ਹੋਏ। ਸੱਜੀ ਛਾਤੀ ਤੋਂ ਧਰਮ, ਖੱਬੀ ਛਾਤੀ ਤੋਂ ਧਰਮ ਦੀ ਪਤਨੀ ਮੂਰਤੀ ਜਨਮੀ ਅਤੇ ਮੂਰਤੀ ਤੋਂ ਨਾਰਾਇਣ। ਬ੍ਰਹਮਾ ਦੀ ਪਿੱਠ ਤੋਂ ਅਧਰਮ ਨੇ ਜਨਮ ਲਿਆ। ਹਿਰਦੇ ਤੋਂ ਕਾਮ, ਮੋਢਿਆਂ ਤੋਂ ਕ੍ਰੋਧ, ਪੇਟ ਤੋਂ ਲੋਭ, ਮੂੰਹ ਤੋਂ ਬਾਣੀ ਦੀ ਸਰਸਵਤੀ, ਲਿੰਗ ਤੋਂ ਸਮੁੰਦਰ ਅਤੇ ਗੁਦਾ ਵਿੱਚੋਂ ਪਾਪ ਨੇ ਜਨਮ ਲਿਆ।[36]

ਗੁਰੂ ਨਾਨਕ ਬਾਣੀ ਅਨੁਸਾਰ,

> ਸ੍ਰਿਸ਼ਟੀ ਦੀ ਰਚਨਾ ਤੋਂ ਪਹਿਲਾਂ ਧੂੰਧਕਾਰਾ ਸੀ, ਹਨੇਰਾ ਸੀ। ਜਗਤ ਰਚਨਾ ਤੋਂ ਪਹਿਲਾਂ ਉਹ ਸਮਾਂ ਜਦ ਚੰਦ, ਸੂਰਜ, ਆਦਿ ਰੌਸ਼ਨੀ ਨਹੀਂ ਸੀ। ਧੁੰਦਕਾਰ ਸੀ ਪਰ ਇਸ ਸ੍ਰਿਸ਼ਟੀ ਦੀ ਰਚਨਾ ਬਾਰੇ ਗੁਰਬਾਣੀ ਵਿੱਚ ਸ਼ਬਦ ਤੋਂ ਪੈਦਾ ਹੋਇਆ ਮੰਨਿਆ ਗਿਆ ਹੈ। ਕਿਤੇ ਦਰਸਾਇਆ ਗਿਆ ਹੈ ਕਿ ਸ੍ਰਿਸ਼ਟੀ ਦੀ ਉਤਪਤੀ ਬਾਰੇ ਪਰਮਾਤਮਾ ਹੀ ਜਾਣਦਾ ਹੈ।[37]

ਭਾਈ ਸੰਤੋਖ ਸਿੰਘ ਨੇ ਸ਼੍ਰੀ ਗੁਰ ਨਾਨਕ ਪ੍ਰਕਾਸ਼ ਵਿੱਚ ਬ੍ਰਹਮ ਜਾਂ ਪਰਮਾਤਮਾ ਨੂੰ ਹੀ ਸ੍ਰਿਸ਼ਟੀ ਦਾ ਕਰਤਾ ਕਿਹਾ ਹੈ। ਉਨ੍ਹਾਂ ਅਨੁਸਾਰ, ਬ੍ਰਹਮ ਦੇ ਹੁਕਮ ਨਾਲ ਹੀ ਮਾਇਆ ਪੈਦਾ ਹੁੰਦੀ ਹੈ ਜੋ ਸੰਪੂਰਨ ਜਗਤ ਨੂੰ ਭਰਮ ਵਿੱਚ ਪਾਈ ਰੱਖਦੀ ਹੈ। ਇਹ ਭਿੰਨ ਭਿੰਨ ਪ੍ਰਕਾਰ ਦੀ ਪ੍ਰਤੀਤ ਹੁੰਦੀ ਹੈ। ਉਹ ਮਾਇਆ ਕਾਰਨ ਬਾਜ਼ੀਗਰ ਦੇ ਤਮਾਸ਼ੇ ਵਾਂਗ ਵਿਖਾਈ ਦਿੰਦੀ ਹੈ। ਇੰਦਰੀਆਂ ਤੇ ਕਾਬੂ ਪਾਉਣ, ਅੰਤਰ ਬਿਰਤੀ ਅਤੇ ਨਾਮ ਸਿਮਰਨ ਨਾਲ ਇਹ ਭਰਮ ਮਿਟ ਜਾਂਦਾ ਹੈ। ਫਿਰ ਜਗਤ ਦਾ ਰੂਪ ਵੀ ਮਿਟ ਜਾਂਦਾ ਹੈ ਤੇ ਹਰ ਪਾਸੇ ਬ੍ਰਹਮ ਹੀ ਨਜ਼ਰ ਆਉਣ ਲੱਗ ਪੈਂਦਾ ਹੈ ਜਾਂ ਬ੍ਰਹਮ ਵਿੱਚ ਲੀਨ ਹੋ ਜਾਂਦਾ ਹੈ।

> ਬਾਜ਼ੀਗਰ ਜੈਸੀ ਬਾਜੀ ਮਾਯਾ ਕੀ ਕਨਾਤ ਸਾਜੀ,
> ਪਾਜੀ ਕੋ ਅਪਾਜੀ ਲਖਿ ਤਾਂਸੋ ਬਿਰਮਾਯੋ ਹੈਂ।
> ਸੁਪਨੇ ਪਦਾਰਥ ਸੁਆਰਥ ਮੈਂ ਰਚਯੋ ਸੰਚੈ,
> ਸੰਚਿ ਸੰਚਿ ਜਾਗੇ ਤੇ ਬਹੁਰਿ ਪਛੁਤਾਯੋ ਹੈ।[38]

ਮਹਾਨ ਕੋਸ਼ ਅਨੁਸਾਰ,

> ਜਗਤ ਦਾ ਅਰਥ ਮੁਲਕ, ਦੇਸ਼, ਸੰਸਾਰ, ਦੁਨੀਆ ਜਾਂ ਖਲਕ ਹੈ। ਅਸਲ ਵਿਚ ਜਗਤ ਦਾ ਅਰਥ ਮਨੁੱਖ ਹੈ।[39]

ਭਾਈ ਸੰਤੋਖ ਸਿੰਘ ਨੇ ਕਿਹਾ ਹੈ, ਸ੍ਰਿਸ਼ਟੀ ਅਨਾਦਿ ਕਾਲ ਤੋਂ ਇਸੇ ਤਰ੍ਹਾਂ ਚਲੀ ਆ ਰਹੀ ਹੈ ਉਸਦਾ ਕੋਈ ਅੰਤ ਨਹੀਂ ਹੈ। ਗੁਰਬਾਣੀ ਸੰਸਾਰ ਨੂੰ ਸੁਪਨੇ, ਜਲ ਦੇ ਬੁਲਬੁੱਲੇ, ਪਾਣੀ ਦੀ ਝੱਗ, ਮ੍ਰਿਗ ਤ੍ਰਿਸ਼ਨਾ, ਧੂਏ ਦੇ ਪਹਾੜ, ਨਾਸ਼ਵਾਨ ਅਤੇ ਛਿਣ ਭੰਗਰ ਕਹਿੰਦੀ ਹੈ।

ਇਹ ਸੰਸਾਰ ਬੰਧਨਾਂ ਨਾਲ ਭਰਿਆ ਅੰਨ੍ਹਾਂ ਖਾਤਾ ਹੈ। ਇਸ ਵਿੱਚ ਮਨੁੱਖ ਨੂੰ ਕਸ਼ਟ ਭੋਗਣੇ ਪੈਂਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੁਸ਼ਟਾਂ ਤੇ ਪਾਪੀਆਂ ਦਾ ਨਾਸ ਕਰਨ ਲਈ ਸੰਸਾਰ ਤੇ ਜਨਮ ਲਿਆ।

> ਜਗਤ ਅਸਾਰ ਜਾਨਿ ਦੁਖ ਖਾਨੀ। ਸ਼੍ਰੀ ਗੁਰ ਕੀ ਮਹਿਮਾ ਪਹਿਚਾਨੀ।
> ਬੰਦ ਹਾਥ ਦੋ ਕਰੀ ਸੁ ਬੰਦਨ। ਤੁਮ ਕਿਯ ਗਮ ਅੱਗਯਾਨ ਨਿਕੰਦਨ।[40]

ਯੁੱਗਾਂ ਤੋਂ ਇਸ ਸ੍ਰਿਸ਼ਟੀ ਦਾ ਅਨਾਦੀ ਪ੍ਰਵਾਹ ਇਸੇ ਤਰ੍ਹਾਂ ਚੱਲਦਾ ਆ ਰਿਹਾ ਹੈ। ਸ੍ਰੀ ਗੁਰੂ ਨਾਨਕ ਦੇਵ ਅਨੁਸਾਰ 'ਆਦਿ ਸੱਚ ਜੁਗਾਦਿ ਸੱਚ' ਦੀ ਧਾਰਨਾ ਨੂੰ ਸਪਸ਼ਟ ਕਰਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਸ੍ਰਿਸ਼ਟੀ ਜਾਂ ਜਗਤ ਨੂੰ ਅਕਾਲਪੁਰਖ ਦੀ ਸਿਰਜਣਾ ਮੰਨਦੇ ਹਨ। ਅਕਾਲ ਪੁਰਖ

ਪਰਮਾਤਮਾ ਹੀ ਸ੍ਰਿਸ਼ਟੀ ਦਾ ਕਰਤਾ ਹੈ।

ਆਪਿ ਸਤਿ ਕੀਆ ਸਭੁ ਸਤਿ।
ਤਿਸੁ ਪ੍ਰਭੂ ਤੇ ਸਗਲੀ ਉਤਪਤਿ।[41]

ਸ਼੍ਰੀ ਗੁਰ ਨਾਨਕ ਪ੍ਰਕਾਸ਼ ਅਨੁਸਾਰ, ਜਗਤ ਦਾ ਸਭ ਕੁਝ ਪਰਮਾਤਮਾ ਦੇ ਹੱਥ ਹੈ, ਉਸ ਬਿਨਾਂ ਪੱਤਾ ਨਹੀਂ ਹਿੱਲ ਸਕਦਾ। ਮੁੱਢ ਤੋਂ ਸੰਸਾਰ ਦੇ ਲੋਕਾਂ ਨੂੰ ਹਉਂਮੈਂ ਦਾ ਰੋਗ ਲੱਗਿਆ ਹੋਇਆ ਹੈ। ਜਿਸ ਕਾਰਨ ਸਾਰੀ ਮਨੁੱਖਤਾ ਬਹੁਤ ਦੁੱਖੀ ਹੈ। ਸੰਸਾਰ ਦੇ ਆਵਾਗਮਨ ਦੇ ਕਾਰਨ ਇਸ ਰੋਗ ਤੋਂ ਛੁਟਕਾਰਾ ਨਹੀਂ ਮਿਲਦਾ।

ਲਗਯੋ ਆਦਿ ਕੋ ਹਉਮੈ ਰੋਗੂ। ਜਿਹ ਤੇ ਮਹਾਂ ਦੁਖੀ ਸਭਿ ਲੋਗੂ।
ਜਗ ਮਹਿਂ ਜਨਮ ਮਰਨ ਕੋ ਕਾਰਨ। ਕਿਹ ਉਪਚਾਰ ਨ ਹੋਤਿ ਨਿਵਾਰਨ।[42]

ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੱਚਾ ਸੌਦਾ ਕੀਤਾ ਸੀ ਤਾਂ ਮਹਿਤਾ ਕਾਲੂ ਗੁਰੂ ਜੀ ਨੂੰ ਸਮਝ ਨਹੀਂ ਸਕੇ। ਪਰ ਰਾਇਬੁਲਾਰ ਗੁਰੂ ਦੀ ਦੈਵੀ ਸ਼ਕਤੀ ਜਾਣਦੇ ਸਨ। ਮਹਿਤਾ ਕਾਲੂ ਨੂੰ ਮਨ ਤੇ ਧਨ ਦੇ ਲੋਭ ਨੇ ਭਰਮਾ ਲਿਆ। ਭਗਤ ਮੁਕਤੀ ਅਤੇ ਜਗਤ ਧਨ ਚਾਹੁੰਦਾ ਹੈ।

ਭਗਤ ਜਗਤ ਕੀ ਰਹਤਿ ਅਜੁਕਤੰ। ਇਕ ਧਨ ਗਾਹਕ ਇਕ ਲੇ ਮੁਕਤੰ।
ਗਯੋ ਦਰਬ ਜਾਨਯੋ ਨਿਜ ਜੇਤੋ। ਮੋਹਿ ਨਿਕਟ ਤੇ ਲੇਵਹੁ ਤੇਤੋ।[43]

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੁੱਲਾ ਨੂੰ ਉਪਦੇਸ਼ ਦਿੰਦੇ ਹੋਏ ਕਿਹਾ ਕਿ ਜੇਕਰ ਪਰਮਾਤਮਾ ਦਾ ਦੀਵਾਨਾ ਬਣਨਾ ਹੈ। ਸੰਸਾਰ ਦੇ ਜਗਤ ਭਾਵ ਸਾਰੇ ਕੰਮ ਛੱਡ ਕੇ ਪਰਮਾਤਮਾ ਦਾ ਨਾਮ ਜਪੋ ਤੇ ਉਸ ਤੋਂ ਡਰੋ ਤਾਂ ਪਰਮਾਤਮਾ ਦਾ ਰੰਗ ਚੜ੍ਹੇਗਾ। ਸੰਸਾਰ ਦੇ ਰਸ ਛੱਡ ਕੇ ਪਰਮਾਤਮਾ ਦੇ ਨਾਮ ਦਾ ਰਸ ਪੀਉ।

ਭਾਈ ਸੰਤੋਖ ਸਿੰਘ ਸ਼੍ਰੀ ਗੁਰ ਨਾਨਕ ਪ੍ਰਕਾਸ਼ ਵਿੱਚ ਮਨੁੱਖ ਨੂੰ ਸੁਧਰਨ ਲਈ ਪ੍ਰੇਰਦੇ ਹਨ ਕਿ ਸੰਸਾਰ ਜਾਂ ਜਗਤ ਨੂੰ ਝੂਠੇ ਸੁਪਨੇ ਸਮਾਨ ਕਹਿੰਦੇ ਹਨ ਅਤੇ ਸਮਝਾਉਂਦੇ ਹਨ ਹੇ ਮਨੁੱਖ ਤੂੰ ਆਪਣਾ ਜਨਮ ਸੁਧਾਰ ਲੈ, ਸੰਸਾਰ ਸੁਪਨੇ ਵਾਂਗ, ਜੋ ਅੱਧੀ ਰਾਤ ਨੀਂਦ ਵਿੱਚ ਆਇਆ ਕਰਦਾ ਹੈ। ਜੇਕਰ ਤੂੰ ਸੱਚਾ ਸੁਪਨਾ ਦੇਖਣਾ ਹੈ। ਫਿਰ ਜਦ ਜਾਗ ਕੇ ਵੇਖੇਗਾ ਤਾਂ ਤੈਨੂੰ ਇਹ ਸੁਪਨਾ ਪਦਾਰਥ ਸਭ ਝੂਠੇ ਲੱਗਣਗੇ। ਤੈਨੂੰ ਗਿਆਨ ਦੀ ਪ੍ਰਾਪਤੀ ਹੋ ਜਾਵੇਗੀ। ਸਿੱਪੀ ਵਿੱਚ ਜਿਵੇਂ ਚਾਂਦੀ ਦਾ ਭੁਲੇਖਾ ਹੈ, ਸੰਤ ਜਾਣਦੇ ਹਨ ਕਿ ਜਗਤ ਨਾਸ਼ਵਾਨ ਤੇ ਭੁਲੇਖਾ ਹੈ। ਸੰਤ ਦੁਖ-ਸੁਖ ਵਿਚ ਇਕੋ ਜਿਹੇ ਰਸ ਵਿਚ ਰਹਿੰਦੇ ਹਨ। ਹਿਰਦੇ ਵਿਚੋਂ ਕੋਮਲ ਤੇ ਹਮੇਸ਼ਾ ਪਰੋਉਪਕਾਰੀ ਹੁੰਦੇ ਹਨ। ਉਨ੍ਹਾਂ

ਹਿਰਦੇ ਵਿਚੋਂ ਵਿਸ਼ੇ-ਵਾਸ਼ਨਾ ਸਾੜੀ ਹੋਈ ਹੁੰਦੀ ਹੈ। ਜਪੁਜੀ ਸਾਹਿਬ ਵਿਚ ਸਪਸ਼ਟ ਲਿਖਿਆ ਹੈ ਕਿ ਪਰਮਾਤਮਾ ਦੇ ਹੁਕਮ ਨਾਲ ਹੀ ਸ੍ਰਿਸ਼ਟੀ ਜਾਂ ਜਗਤ ਬਣਿਆ।

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ।[44]

ਜਪੁਜੀ ਸਾਹਿਬ ਵਿਚ ਅੱਗੇ ਗੁਰੂ ਜੀ ਫੁਰਮਾਉਂਦੇ ਹਨ।

ਕੀਤਾ ਪਸਾਉ ਏਕੋ ਕਵਾਉ। ਤਿਸ ਤੇ ਹੋਏ ਲਖ ਦਰੀਆਉ।[45]

ਜਗਤ ਰਚਨਾ ਤੋਂ ਪਹਿਲਾਂ ਪਰਮੇਸ਼ਰ ਨਿਰਗੁਣ ਸੀ। ਫਿਰ ਸਰਗੁਣ ਹੋ ਕੇ ਸੰਸਾਰ ਪੈਦਾ ਕੀਤਾ। ਜੀਵ, ਜੰਤੂ ਪੈਦਾ ਹੋਏ। ਜੀਵ ਪਰਮਾਤਮਾ ਨੂੰ ਭੁੱਲ ਜਾਂਦਾ ਹੈ ਕਿ ਉਹ ਸਭ ਜੀਆਂ ਵਿੱਚ ਵੱਸਦਾ ਹੈ।

ਅਰਬਦ ਨਰਬਦ ਧੁੰਧੂਕਾਰਾ॥ ਧਰਣਿ ਨ ਗਗਨਾ ਹੁਕਮੁ ਅਪਾਰਾ।
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ।
ਖਾਣੀ ਨ ਬਾਣੀ ਪਉਣ ਨ ਪਾਣੀ॥ ਓਪਤਿ ਖਪਤਿ ਨ ਆਵਣ ਜਾਣੀ।
ਬ੍ਰਹਮਾ ਬਿਸਨੁ ਮਹੇਸ ਨ ਕੋਈ। ਅਵਰੁ ਨ ਦੀਸੈ ਏਕੋ ਸੋਈ।[46]

ਸ੍ਰੀ ਗੁਰ ਨਾਨਕ ਪ੍ਰਕਾਸ਼ ਅਧਿਐਨ ਦੇ ਇਹ ਸ਼ਪਸਟ ਹੁੰਦਾ ਹੈ ਕਿ ਗੁਰੂ ਜੀ ਦੇ ਆਗਮਨ ਸਮੇਂ ਅਗਿਆਨ ਦਾ ਹਨ੍ਹੇਰਾ ਸੰਸਾਰ ਵਿਚ ਫੈਲਿਆ ਹੋਇਆ ਸੀ। ਪਵਿੱਤਰ ਆਤਮਾ ਵਾਲਾ ਕੋਈ ਵਿਅਕਤੀ ਦਿਖਾਈ ਨਹੀਂ ਸੀ ਦਿੰਦਾ। ਸਾਰੇ ਲੋਕ ਸੰਸਾਰਿਕ ਜੰਜਾਲਾਂ ਵਿੱਚ ਫਸੇ ਹੋਏ ਸਨ। ਲੋਕ ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਦੇ ਚੱਕਰਾਂ ਵਿੱਚ ਜਕੜੇ ਪਏ ਸਨ। ਸੰਸਾਰ ਵਿੱਚ ਪਾਖੰਡੀ ਲੋਕ ਰਹਿੰਦੇ ਸਨ।

ਰੁਚਿਰ ਰੰਗ ਜੋ ਹੋਇ ਮਯੂਰਾ। ਬੋਲਤਿ ਬਾਨੀ ਅਤਿਸ਼ੈ ਰੂਰਾ।
ਬੀਨਬੀਨ ਕਿਰਮਨ ਕੋ ਖਾਹੀ। ਤਿਉਂ ਦੰਭੀ ਭੇ ਅਬ ਜਗ ਮਾਂਹੀ।[47]

ਉਸ ਸਮੇਂ ਸੰਸਾਰ ਵਿਚ ਆਲਸਪੁਣਾ, ਜੂਏਬਾਜ਼ੀ, ਸ਼ਰਾਬ ਪੀਣਾ ਸਭ ਖੋਟੇ ਕਰਮ ਹੁੰਦੇ ਰਹਿੰਦੇ ਸਨ। ਸੰਸਾਰ ਵਿਸ਼ੇ ਵਿਕਾਰਾਂ ਵਿੱਚ ਡੁੱਬਿਆ ਹੋਇਆ ਸੀ। ਹਿਰਦੇ ਵਿੱਚ ਅਗਿਆਨ ਕਾਰਨ ਜਿਹੜੀ ਸੰਸਾਰ ਦੀ ਬਹੁਤ ਪ੍ਰਕਾਰ ਦੀ ਬਣਤਰ ਬਣੀ ਦਿਸ ਰਹੀ ਹੈ। ਉਹ ਗਿਆਨ ਦਾ ਪ੍ਰਕਾਸ਼ ਹੋਣ ਤੇ ਅਲੋਪ ਹੁੰਦੀ ਹੈ। ਹੇ ਮਨ ਜੇਕਰ ਗਿਆਨ ਦੀ ਪ੍ਰਾਪਤੀ ਚਾਹੁੰਦਾ ਹੈਂ ਤਾਂ ਪਰਮਾਤਮਾ ਦੀ ਭਗਤੀ ਕਰ। ਮਨੁੱਖੀ, ਜਗਤ ਨੂੰ ਝੂਠ ਸਮਝ, ਆਤਮਾ ਨੂੰ ਸੱਚ ਜਾਣ, ਸਿਮਰਨ ਕਰੇਗਾ ਤਾਂ ਮਨ ਨੂੰ ਸੁੱਖ ਮਿਲੇਗਾ।

ਸ੍ਰੀ ਗੁਰ ਨਾਨਕ ਪ੍ਰਕਾਸ਼ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਜਗਤ ਦਾ ਪਾਤਸ਼ਾਹ ਕਿਹਾ ਹੈ। ਜਗਤ ਦੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਕਰਤਾਪੁਰ ਨਗਰ ਵਿਖੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਵਡਿਆਈ ਬਖ਼ਸ਼ ਕੇ ਆਪ ਖੁਦ ਸੱਚ ਖੰਡ ਨੂੰ ਚਲੇ ਗਏ।

ਜਗਤ ਅਸੱਤਿ ਭਲੇ ਦ੍ਰਿੜ ਕੀਜੈ। ਸੱਤਿ ਆਤਮਾ ਏਕ ਜਨੀਜੈ।
ਅਸ ਅਭਯਾਸ ਜਿ ਕਰਹੁ ਸਦੀਵਾ। ਹੋਇ ਸ਼ਾਂਤਿ ਮਨ ਕੋ, ਸੁਖਸੀਵਾ।[48]

ਈਸ਼ਵਰਵਾਦੀ ਧਰਮਾਂ ਵਿੱਚ ਈਸ਼ਵਰ ਅਤੇ ਸ੍ਰਿਸ਼ਟੀ ਦੇ ਪਰਸਪਰ ਸੰਬੰਧਾਂ ਨੂੰ ਤਿੰਨ ਢੰਗਾਂ ਨਾਲ ਸਮਝਿਆ ਗਿਆ ਹੈ। ਇੱਕ ਈਸ਼ਵਰ ਸ੍ਰਿਸ਼ਟੀ ਦਾ ਕਰਤਾ ਹੈ ਪਰ ਉਸ ਤੋਂ ਬਾਹਰ ਕਿਸੇ ਉੱਚੇ ਮੰਡਲ ਵਿਚ ਰਹਿੰਦਾ ਹੈ। ਜਿੱਥੇ ਮਨੁੱਖ ਦੀ ਪਹੁੰਚ ਨਹੀਂ ਹੋ ਸਕਦੀ। ਇਹ ਈਸ਼ਵਰ ਜਾਂ ਪਰਮਾਤਮਾ ਸ੍ਰਿਸ਼ਟੀ ਨੂੰ ਸਾਜ ਕੇ ਉਸਨੂੰ ਆਪਣੇ ਰਹਿਮ ਕਰਮ ਤੇ ਛੱਡ ਦਿੰਦਾ ਹੈ। ਭਾਵ ਉਸ ਨਾਲ ਹੋਰ ਵਾਸਤਾ ਨਹੀਂ ਰੱਖਦਾ। ਦੂਸਰੀ ਤਰ੍ਹਾਂ ਦੇ ਮਤ ਅਨੁਸਾਰ ਈਸ਼ਵਰ ਸ੍ਰਿਸ਼ਟੀ ਦਾ ਕਰਤਾ ਹੈ ਅਤੇ ਇਸ ਵਿਚ ਵਿਆਪਕ ਤੇ ਰਮਿਆ ਹੋਇਆ ਹੈ। ਗੁਰਮਤਿ ਦੀ ਮਾਇਆ-ਧਾਰਨਾ ਦੀ ਵਿਲੱਖਣਤਾ ਇਸ ਗੱਲ ਵਿਚ ਹੈ ਕਿ ਜਿੱਥੇ ਸਿਧਾਂਤ ਦਾ ਬਾਨੀ ਸ਼ੰਕਰਾਚਾਰੀਆ

> ਗੋਚਰ ਜਗਤ ਦੀਆਂ ਸਚਾਈਆਂ ਨੂੰ ਮਾਇਆ ਦੀ ਉਪਜ ਮੰਨਦਾ ਹੋਇਆ ਆਖਦਾ ਹੈ ਕਿ ਅੰਤਿਮ ਸੱਚ ਇਕ ਬ੍ਰਹਮ ਹੀ ਹੈ, ਬਾਕੀ ਦਿਸਦਾ ਸਾਰਾ ਪਸਾਰਾ ਕੇਵਲ ਇਕ ਧੋਖਾ ਹੈ, ਛੱਲ ਹੈ ਅਥਵਾ ਮਾਇਆ ਹੈ ਉੱਥੇ ਗੁਰਮਤਿ ਗੋਚਰ ਜਗਤ ਨੂੰ 'ਸੱਚੇ ਦੀ ਕੋਠੜੀ' ਮੰਨਦੀ ਹੈ ਅਤੇ ਸ਼ੰਕਰ ਨਾਲ ਸਹਿਮਤ ਨਹੀਂ। ਗੁਰਮਤਿ ਜਗਤ ਨੂੰ ਸੱਚ ਮੰਨਦਾ ਹੈ ਕਿਉਂਕਿ ਸਤਿ ਤੋਂ ਅਸਤਿ ਦਾ ਪ੍ਰਗਟਾ ਹੋਣਾ ਤਰਕ-ਯੁਕਤ ਨਹੀਂ ਹੈ।[49]

ਗੁਰਮਤਿ ਅਨੁਸਾਰ ਮਾਇਆ ਬ੍ਰਹਮ ਦੇ ਅਧੀਨ ਹੀ ਮੰਨੀ ਗਈ ਹੈ। ਗੁਰਮਤਿ ਅਨੁਸਾਰ ਮਾਇਆ ਸੱਚੇ ਮਾਲਕ ਦੀ ਦਾਸੀ ਹੈ। ਪਰਮਾਤਮਾ ਨਾਲ ਮਿਲ ਕੇ ਹੀ ਜਗਤ ਚਲਦਾ ਹੈ ਅਤੇ ਪਰਮਾਤਮਾ ਹੀ ਇਸ ਜਗਤ ਨੂੰ ਚਲਾਉਂਦਾ ਹੈ। ਗੁਰਬਾਣੀ ਵਿਚ ਜਗਤ ਨੂੰ ਨਿਰੰਕਾਰ ਦੀ ਉਪਜ ਦੱਸਿਆ ਹੈ। ਜੇਕਰ ਇਸ ਜਗਤ ਨੂੰ ਦਿਬਯ ਦ੍ਰਿਸ਼ਟੀ ਜਾਂ ਦੂਰ ਦ੍ਰਿਸ਼ਟੀ ਨਾਲ ਵੇਖਿਆ ਜਾਵੇ ਤਾਂ ਅਗੋਚਰ ਜਗਤ ਵਿੱਚ ਪ੍ਰਵੇਸ਼ ਕੀਤਾ ਜਾ ਸਕਦਾ ਹੈ। ਇਹ ਇਸ ਤਰ੍ਹਾਂ ਹੈ ਜਿਵੇਂ ਕੋਈ ਵਿਅਕਤੀ ਕਿਸੇ ਰੁੱਖ ਦੇ ਪੱਤੇ ਤਾਂ ਦੇਖਦਾ ਰਹੇ, ਟਾਹਣੀਆਂ ਪੋਰਾ ਤੇ ਜੜਾਂ ਦੇਖੇ ਹੀ ਨਾ ਤਾਂ ਰੁੱਖ ਨੂੰ ਅੱਧਾ ਅਧੂਰਾ ਦੇਖਣਾ ਹੋਵੇਗਾ। ਕਿਉਂ ਜੋ ਰੁੱਖ ਦੀਆਂ ਜੜ੍ਹਾਂ ਅਦਿੱਖ ਹੁੰਦੀਆਂ ਹਨ। ਕੋਈ ਵੀ ਇਮਾਰਤ ਅਦ੍ਰਿਸ਼ਟ ਬੁਨਿਆਦ ਤੇ ਟਿੱਕੀ ਹੁੰਦੀ ਹੈ। ਕਿਨਾਰਿਆਂ ਤੇ ਖੜ ਕੇ ਦੇਖਿਆ ਸਮੁੰਦਰ, ਪੂਰਾ

ਸਮੁੰਦਰ ਨਹੀਂ ਹੁੰਦਾ। ਫਿਰ ਅਸੀਂ ਸਮੁੰਦਰ ਨੂੰ ਮਾਇਆ ਜਾਂ ਕੂੜ ਨਹੀਂ ਆਖ ਸਕਦੇ, ਉਸ ਦਾ ਹਿੱਸਾ ਆਖ ਸਕਦੇ ਹਾਂ। ਕਿਉਂ ਜੋ ਸਮੁੰਦਰ ਦੀ ਗਹਿਰਾਈ ਤੱਕ ਪਹੁੰਚ ਕੇ ਹੀ ਸਮੁੰਦਰ ਨੂੰ ਸਮਝਿਆ ਜਾ ਸਕਦਾ ਹੈ।

ਸ਼੍ਰੀ ਗੁਰ ਨਾਨਕ ਪ੍ਰਕਾਸ਼ ਦੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਮਾਇਆ ਇਸ ਜਗਤ ਨੂੰ ਮੋਹ ਲੈਣ ਵਾਲੀ ਹੈ। ਇਹਨੂੰ ਇਸ ਪ੍ਰਕਾਰ ਜਾਣੋ ਜਿਵੇਂ ਸਰੀਰ ਦਾ ਪਰਛਾਵਾ ਹੋਵੇ। ਕੱਚੀ ਬੁੱਧੀ ਵਾਲੇ ਮਨੁੱਖਾਂ ਨੂੰ ਮਾਇਆ ਆਪਣੀ ਪਕੜ ਵਿਚ ਜਕੜ ਲੈਣਾ ਚਾਹੁੰਦੀ ਹੈ।

ਜਗਤ ਮੋਹਨੀ ਜੋ ਇਹ ਮਾਯਾ। ਇਸ ਬਿਧਿ ਜਾਨਹੁ ਜਿਉਂ ਤਨ ਛਾਯਾ।
ਸ੍ਰੀਕਰਤਾਰ ਸੁ ਭਾਨੁ ਸਮਾਨਾ। ਜਬ ਇਹਨਰ ਸਨਮੁਖ ਤਿਹ ਪਯਾਨਾ।[50]

ਸ਼੍ਰੀ ਗੁਰ ਨਾਨਕ ਪ੍ਰਕਾਸ਼ ਅਨੁਸਾਰ ਸੰਸਾਰ ਮਨੁੱਖ ਲਈ ਕੋਈ ਸਥਾਈ ਮੁਕਾਮ ਨਹੀਂ ਹੈ। ਪ੍ਰਭੂ ਦੇ ਨਾਮ ਬਿਨਾ ਇਹ ਝੂਠਾ ਹੈ। ਇਸ ਲਈ ਮਨੁੱਖ ਨੂੰ ਜਗਤ ਦੇ ਪਦਾਰਥਾਂ ਨਾਲ ਪ੍ਰੀਤ ਨਹੀਂ ਕਰਨੀ ਚਾਹੀਦੀ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਇਹ ਸੰਸਾਰ ਇਕ ਨਾਸ਼ਵਾਨ ਟਿਕਾਣਾ ਹੈ।

ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ।
ਮਮ ਸਰ ਮੂਇ ਅਜਰਾਈਲ ਗਿਰਫਤਹ ਦਿਲ ਹੇਚਿ ਨ ਦਾਨੀ।[51]

ਸੰਸਾਰ ਪ੍ਰਭੂ ਰਚਨਾ ਦੀ ਪ੍ਰਤੀਨਿਧਤਾ ਕਰਦਾ ਹੈ। ਗੁਰੂ ਸਾਹਿਬਾਨ ਨੇ ਫੁਰਮਾਇਆ ਹੈ ਕਿ ਗੋਚਰ ਜਗਤ ਦੇਸ਼ ਤੇ ਕਾਲ ਦੇ ਸੰਦਰਭ ਵਿਚ ਕੇਵਲ ਪਰਮਾਤਮਾ ਦਾ ਆਪਣਾ ਵਿਸਥਾਰ ਹੈ। ਗੁਰੂ ਸਾਹਿਬਾਨ ਨੇ ਇਸ ਗੱਲ ਤੇ ਜ਼ੋਰ ਦਿੱਤਾ ਹੈ ਕਿ ਅਕਾਲ ਪੁਰਖ ਜਗਤ ਵਿਚ ਵੱਸ ਰਿਹਾ ਹੈ ਅਤੇ ਜਗਤ ਅਕਾਲ ਪੁਰਖ ਵਿਚ ਸਮਾਇਆ ਹੋਇਆ ਹੈ। ਗੋਚਰ ਜਗਤ ਦੀ ਬਹੁਤ ਵੱਡੀ ਸੀਮਾ ਹੋਣ ਕਰਕੇ ਜੋਗੀਆਂ, ਤਪੱਸਵੀਆਂ, ਸੰਤਾਂ ਨੇ ਇਸ ਨੂੰ ਅਸੱਤਿ ਮੰਨਿਆ ਸੀ ਪਰਮਾਤਮਾ ਦਾ ਅਗੋਚਰ ਰੂਪ ਸੂਚਕ ਸਮਾਨ ਹੈ। ਇਹ ਗੋਚਰ ਜਗਤ, ਅਗੋਚਰ ਪਰਮਾਤਮਾ ਦੀ ਉਤਪਤੀ ਹੈ।

ਈਸਾਈ ਮਤ ਤੇ ਇਸਲਾਮੀ ਚਿੰਤਨ ਵਿਚ ਜਗਤ ਦੇ ਚੌਦਾ ਤਬਕ (ਜਗਤ) ਮੰਨੇ ਹਨ। ਹਿੰਦੂ ਦਰਸ਼ਨ ਵਿਚ ਸੱਤ ਅਕਾਸ਼ ਤੇ ਸੱਤ ਪਤਾਲ (ਚੌਦਾ ਲੋਕ) ਮੰਨੇ ਹਨ। ਕਈ ਵਾਰ ਹਿੰਦੂ ਮੱਤ ਵਿੱਚ ਤ੍ਰਿਲੋਕ ਜਾਂ ਤਿੰਨ ਲੋਕਾਂ-ਸਵਰਗ ਲੋਕ, ਮਾਤ ਲੋਕ ਤੇ ਪਤਾਲ ਲੋਕ ਦਾ ਵਿਚਾਰ ਦਿੱਤਾ ਜਾਂਦਾ ਹੈ। ਮਾਤ ਲੋਕ ਨੂੰ ਅੱਗੇ ਨੌ ਖੰਡਾਂ ਵਿਚ ਵੰਡਿਆ ਹੈ। ਗੁਰਬਾਣੀ ਵਿਚ ਨੌ ਖੰਡਾਂ ਤੇ ਚੌਦਾਂ ਭਵਨਾਂ ਦਾ ਜ਼ਿਕਰ ਆਇਆ ਹੈ। ਸ੍ਰਿਸ਼ਟੀ ਅਸੀਮ ਹੈ ਤੇ ਇਸ ਦਾ ਅਨੁਮਾਨ ਲਗਾਇਆ ਨਹੀਂ ਜਾ ਸਕਦਾ। ਇਸ ਦੀ ਮਹਿਮਾ ਮਨੁੱਖ ਨਹੀਂ ਜਾਣ ਸਕਦਾ ਅਤੇ ਨਾ ਹੀ ਵੇਦ ਜਾਣਦੇ ਹਨ। ਜਗਤ

ਦਾ ਮੂਲ ਅਧਾਰ ਤੱਤ ਬ੍ਰਹਮ ਹੀ ਹੈ, ਸਤ-ਸਰੂਪ ਪਰਮਾਤਮਾ ਤੋਂ ਬਿਨਾਂ ਜਗਤ ਦਾ ਕੋਈ ਅਸਤਿੱਤਵ ਨਹੀਂ ਹੈ।

**(ੲ) ਜੀਵ :** ਸਾਰੇ ਧਰਮਾਂ ਦਾ ਅਧਾਰ ਮਨੁੱਖ ਦੀ ਹੋਂਦ ਹੈ। ਆਤਮਾ ਅਤੇ ਪ੍ਰਕਿਰਤਿਕ ਤੱਤਾਂ ਦੇ ਸੰਜੋਗ ਦਾ ਨਾਮ ਹੀ ਮਨੁੱਖ ਦੀ ਹੋਂਦ ਹੈ। ਮਨੁੱਖ ਇਸ ਸੰਸਾਰ ਵਿਚ ਪਰਮਾਤਮਾ ਦੇ ਹੁਕਮ ਦੁਆਰਾ ਆਉਂਦਾ ਹੈ ਤੇ ਮੁੜ ਪਰਮਾਤਮਾ ਦੇ ਹੁਕਮ ਨਾਲ ਬਿਨਸ ਜਾਂਦਾ ਹੈ, ਮਨੁੱਖ ਪਰਮਾਤਮਾ ਦੀ ਅੰਸ਼ ਹੈ। ਸੰਸਾਰ ਇੱਕ ਤਮਾਸ਼ੇ ਦੀ ਤਰ੍ਹਾਂ ਹੈ, ਪਰਮਾਤਮਾ ਬਾਜੀਗਰ ਵਾਂਗ ਤਮਾਸ਼ਾ ਕਰਦਾ ਹੈ, ਅਨੇਕ ਰੂਪ ਭੇਖ ਧਾਰਦਾ ਹੈ।

> ਬਾਜੀਗਰਿ ਜੈਸੇ ਬਾਜੀ ਪਾਈ। ਨਾਨਾ ਰੂਪ ਭੇਖ ਦਿਖਲਾਈ।
> ਉਤਾਰਿ ਥੰਮ੍ਹਿਓ ਪਾਸਾਰਾ॥ ਤਬ ਏਕੋ ਏਕੰਕਾਰਾ॥[52]

ਆਪਣੀ ਲਾਲਸਾਵਾਂ ਕਾਰਣ ਮਨੁੱਖ ਪ੍ਰਕਿਰਤੀ ਤੋਂ ਵਾਂਝਾ ਹੋ ਜਾਂਦਾ ਹੈ, ਪਰ ਹਾਲਤ ਮਨੁੱਖ ਦੀ ਪਰਮਾਤਮਾ ਨਾਲੋਂ ਪੂਰਨ ਵਿਛੋੜੇ ਦੀ ਨਹੀਂ, ਫਿਰ ਵੀ ਉਸ ਅੰਦਰ ਮਿਲਣ ਦੀ ਇੱਕ ਚਿਣਗ ਛਪੀ ਰਹਿੰਦੀ ਹੈ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ

> ਆਤਮਾ ਦੇ ਕਈ ਸ਼ਾਬਦਿਕ ਅਰਥ ਹਨ- ਪਰਮਾਤਮਾ, ਪਾਰਬ੍ਰਹਮ, ਵਾਹਿਗੁਰੂ (ਜੀਵਾਤਮਾ) ਅੰਤਹਕਰਣ, ਮਨ, ਚਿੱਤੁ, ਸੁਭਾਓ, ਸਰੀਰ, ਦੇਹ, ਧੀਰਜ, ਬੁੱਧੀ ਆਦਿ।[53]

ਵਿਦਵਾਨਾਂ ਨੇ ਆਤਮਾ ਨੂੰ ਗਿਆਨ ਦਾ ਆਧਾਰ ਮੰਨਿਆ ਹੈ। ਇਸਨੂੰ ਮਨੁੱਖੀ ਬੋਧ ਦਾ ਦੁਆਰ ਵੀ ਮੰਨਿਆ ਗਿਆ ਹੈ। ਜੀਵ ਤੇ ਆਤਮਾ ਨੂੰ ਇਕੋ ਹੀ ਮੰਨਿਆ ਗਿਆ ਹੈ ਜੋ ਬ੍ਰਹਮ ਤੋਂ ਵੱਖ ਨਹੀਂ ਹੈ। ਪ੍ਰੰਤੂ ਸਰੀਰ ਖ਼ਤਮ ਹੋ ਜਾਂਦਾ ਹੈ ਆਤਮਾ ਖ਼ਤਮ ਨਹੀਂ ਹੁੰਦੀ। ਭਾਈ ਸੰਤੋਖ ਸਿੰਘ ਨੇ ਸ਼੍ਰੀ ਗੁਰ ਨਾਨਕ ਪ੍ਰਕਾਸ਼ ਵਿੱਚ ਸਰੀਰ ਅਤੇ ਆਤਮਾ ਦੇ ਭੇਦ ਨੂੰ ਸਪਸ਼ਟ ਕੀਤਾ ਹੈ ਕਿ

> ਸੋ ਤਜਿ ਕਰਿ ਜਬ ਜਾਵਤਿ ਦੇਹੀ। ਘਰ ਤੇ ਕਾਢਹਿਂ ਵਹਿਰ ਸਨੇਹੀ।
> ਜਿਸ ਬਿਹੀਨ ਤਨ ਮ੍ਰਿਤ ਅਪਵਿੱਤ੍ਰਾ। ਸੋ ਤੂੰ ਲਖਿਯੇ ਪ੍ਰਿਥਕ ਪਵਿੱਤ੍ਰਾ।
> ਬਸਤ੍ਰ ਸਮਾਨ ਸਰੀਰ ਸੋ ਜੀਰਣ ਹ੍ਵੈ ਤਜਿ ਜਾਹਿ।
> ਯਾਂਤੇ ਨਯਾਰੋ ਆਤਮਾ ਲਖਹੁ ਰਿਦੇ, ਨਰਨਾਹਿ।[54]

ਵੇਦਾਂਤ ਅਨੁਸਾਰ ਜੀਵ (ਆਤਮਾ) ਬ੍ਰਹਮ ਤੋਂ ਵੱਖ ਨਹੀਂ ਹੈ। ਕੇਵਲ ਉਪਾਧੀ ਕਰਕੇ

ਵੱਖਰਾ ਪ੍ਰਤੀਤ ਹੁੰਦਾ ਹੈ। ਮਾਇਆ ਦਾ ਪਰਦਾ ਵਿੱਚੋਂ ਹੱਟ ਜਾਣ ਨਾਲ ਆਤਮਾ ਅਤੇ ਪਰਮਾਤਮਾ ਦੀ ਇੱਕਮਿਕਤਾ ਦਾ ਬੋਧ ਹੁੰਦਾ ਹੈ। ਆਤਮਾ ਦਾ ਸੂਖਮ ਰੂਪ ਦ੍ਰਿਸ਼ਟੀ ਗੋਚਰ ਨਹੀਂ ਹੁੰਦਾ। ਪਰਮਾਤਮਾ ਦਾ ਅੰਸ਼ ਹੋਣ ਕਾਰਨ ਇਸ ਨੂੰ ਉਸ ਵਾਂਗ ਅਮਰ ਤੇ ਅਜਰ ਮੰਨਿਆ ਜਾਂਦਾ ਹੈ।

ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਜੀਵ ਸੰਖਿਆ ਲਈ ਭਿੰਨ-ਭਿੰਨ ਜੂਨਾਂ ਦਾ ਜ਼ਿਕਰ ਕਰਦਿਆਂ ਮਨੁੱਖਾਂ ਜਨਮ ਵੀ ਸਭ ਤੋਂ ਦੁਰਲੱਭ ਮੰਨਿਆ ਹੈ ਅਤੇ ਹਰੀ ਦਾ ਸਿਮਰਨ ਕਰਕੇ ਚੁਰਾਸੀ ਲੱਖ ਜੂਨਾਂ ਤੋਂ ਮੁਕਤੀ ਮਿਲ ਸਕਦੀ ਹੈ। ਡਾ. ਸ਼ੇਰ ਸਿੰਘ ਲਿਖਦੇ ਹਨ।

> ਚਉਰਾਸੀ ਤੋਂ ਬਚਣ ਦਾ ਮੌਕਾ ਮਨੁੱਖਾ ਜਨਮ ਵਿਚ ਹੀ ਮਿਲਦਾ ਹੈ ਤੇ ਇਸ ਤੋਂ ਹੇਠਲੀਆਂ ਜੋਨੀਆਂ ਨੂੰ ਇਹ ਦਰਜਾ ਪ੍ਰਾਪਤ ਨਹੀਂ ਹੋ ਸਕਦਾ। ਇਸ ਲਈ ਮਾਨਸ ਜਨਮ ਦੀ ਮਹੱਤਤਾ ਤੇ ਮਨੁੱਖਾਂ ਜੋਨੀ ਦੀ ਵਡਿਆਈ ਤੋਂ ਇਨਕਾਰ ਨਹੀਂ ਹੋ ਸਕਦਾ।[55]

ਮਨੁੱਖੀ ਜੀਵ ਦੇ ਦੋ ਪ੍ਰਮੁੱਖ ਅੰਗ ਮੰਨੇ ਗਏ ਹਨ। ਸਰੀਰ ਅਤੇ ਆਤਮਾ ਜਿੰਨਾਂ ਵਿਚ ਸਰੀਰ ਦ੍ਰਿਸ਼ਟਮਾਨ ਹੈ। ਮਨੁੱਖੀ ਸਰੀਰ ਦਾ ਦੂਸਰਾ ਅੰਗ ਅਦ੍ਰਿਸ਼ਟ ਆਤਮਾ ਹੈ। ਇਸ ਬਿਨਾਂ ਸਰੀਰ ਮੁਰਦਾ ਹੈ। ਆਤਮਾ ਸ਼ਬਦ ਦੀ ਵਰਤੋਂ ਰੂਹ ਲਈ ਵੀ ਹੁੰਦੀ ਹੈ। ਬਾਣੀ ਵਿਚ ਜੀਉ ਸ਼ਬਦ ਵਰਤਿਆ ਗਿਆ ਹੈ।

ਭਾਈ ਸੰਤੋਖ ਸਿੰਘ ਨੇ ਆਤਮਾ ਭਾਵ ਜੀਵ ਦੇ ਸਰੂਪ ਨੂੰ ਸਤਿ, ਚਿੱਤ ਅਤੇ ਆਨੰਦ ਸਰੂਪ ਮੰਨਿਆ ਹੈ। ਕਾਇਆ ਜਾਂ ਸਰੀਰ ਅੰਦਰ ਚੇਤਨ ਤੱਤ ਨੂੰ ਆਤਮਾ ਜਾਂ ਜੀਵ ਕਹਿੰਦੇ ਹਨ। ਆਤਮਾ ਮਨੁੱਖ ਵਿਚ ਉਹ ਹਸਤੀ ਹੈ, ਜਿਸ ਤੋਂ 'ਮੈਂ' ਤੇ 'ਮੇਰੀ' ਦਾ ਬੋਧ ਹੁੰਦਾ ਹੈ। ਆਤਮਾ ਨੂੰ ਪਾਰਬ੍ਰਹਮ ਦਾ ਹੀ ਸਰੂਪ ਮੰਨਿਆ ਗਿਆ ਹੈ।

ਆਤਮਾ ਤੋਂ ਬਿਨਾਂ ਸਰੀਰ ਮਿੱਟੀ ਸਮਾਨ ਹੈ। ਸ਼੍ਰੀ ਗੁਰ ਨਾਨਕ ਪ੍ਰਕਾਸ਼ ਵਿਚ ਸਾਰਾ ਬਲ ਜੀਵ ਦੀ ਅਧਿਆਤਮਿਕ ਸਿੱਧੀ ਉੱਪਰ ਦਿੱਤਾ ਗਿਆ ਹੈ। ਭਾਈ ਸੰਤੋਖ ਸਿੰਘ ਅਨੁਸਾਰ ਜੀਵ ਦੇਹ-ਧਾਰੀ ਆਤਮਾ ਹੈ। ਸੰਸਾਰ ਵਿਚ ਮਨੁੱਖ ਦੀ ਹੋਂਦ ਆਪਣੇ ਮੂਲ ਸੋਮੇ ਤੋਂ ਵਿਛੁੰਨੇ ਪ੍ਰਾਣੀ ਦੇ ਸਮਾਨ ਹੈ। ਜਿਸ ਨੂੰ ਬ੍ਰਹਮ ਦੇ ਸਾਹਮਣੇ ਆਪਣੀ ਅਧੀਨਗੀ, ਬੇਚਾਰਗੀ ਅਤੇ ਬੇਗਾਨਗੀ ਦਾ ਅਧਿਆਤਮਿਕ ਸੰਤਾਪ ਵਿਆਕੁਲ ਕਰਦਾ ਹੈ। ਪਰ ਮੁਸੀਬਤ ਇਹ ਹੈ ਕਿ ਸਾਧਾਰਨ ਅਵਸਥਾ ਵਿਚ ਮਨੁੱਖ ਆਪਣੇ ਬ੍ਰਹਮ-ਅੰਸ਼ ਵੱਲੋਂ ਅਵੇਸਲਾ ਹੋ ਕੇ ਅਣਹੋਂਦੇ ਭੌਤਿਕ ਸਰੀਰ ਨੂੰ ਹੀ ਆਪਣਾ ਵਾਸਤਵਿਕ ਆਪਾ ਸਮਝਣ ਦੀ ਗਲਤੀ ਕਰਦਾ ਹੈ।

ਭਾਵੇਂ ਇਹ ਠੀਕ ਹੈ ਕਿ ਗੁਰਬਾਣੀ ਵਿਚ ਸਾਰੀਆਂ ਤੁਕਾਂ ਦਾ ਭਾਵ ਇਹੋ ਹੈ ਕਿ ਪਰਮਾਤਮਾ ਜੀਵਾਤਮਾਂ ਵਿਚ ਹੈ ਤੇ ਜੀਵਾਤਮਾ ਪਰਮਾਤਮਾ ਵਿਚ। ਡਾ. ਕੁਲਵੰਤ ਕੌਰ ਲਿਖਦੇ ਹਨ ਕਿ

> ਸਰੀਰ ਪੰਜ ਤੱਤਾਂ ਤੋਂ ਮਿਲ ਕੇ ਬਣਿਆ ਹੈ। ਇਹ ਸਰੀਰ ਪਿਤਾ ਦੇ ਬਿੰਦ ਅਤੇ ਮਾਤਾ ਦੇ ਰਕਤ ਦੇ ਮੇਲ ਤੋਂ ਪੈਦਾ ਹੁੰਦਾ ਹੈ। ਇਸ ਸਰੀਰ ਉੱਤੇ ਸਮੇਂ ਅਨੁਸਾਰ ਬਚਪਨ, ਜਵਾਨੀ ਤੇ ਬੁਢੇਪਾ ਵਾਪਰਦੇ ਹਨ ਅਤੇ ਇਸ ਦਾ ਅੰਤ ਹੁੰਦਾ ਹੈ। ਇਸ ਹੱਡ, ਮਾਸ ਤੇ ਨਾੜੀ ਦੇ ਪਿੰਜਰ ਨੂੰ ਮਰਨ ਤੋਂ ਬਾਅਦ ਕੋਈ ਇਸ ਨੂੰ ਧਰਤੀ ਵਿਚ ਦੱਬ ਦਿੰਦੇ ਹਨ, ਕੋਈ ਇਸ ਨੂੰ ਜਲਾ ਦਿੰਦੇ ਹਨ ਅਤੇ ਕੋਈ ਜਲ ਪ੍ਰਵਾਹ ਕਰ ਦਿੰਦੇ ਹਨ ਤੇ ਕੋਈ ਇਸ ਨੂੰ ਕਾਂ ਕੁੱਤਿਆਂ ਦੇ ਖਾਣ ਲਈ ਸੁੱਟ ਦਿੰਦੇ ਹਨ। ਭਾਵ ਜਿੰਨਾਂ ਤੱਤਾਂ ਤੋਂ ਇਹ ਸਰੀਰ ਬਣਿਆ ਸੀ, ਉਨ੍ਹਾਂ ਤੱਤਾਂ ਵਿੱਚ ਹੀ ਇਹ ਜਾ ਮਿਲਦਾ ਹੈ।[56]

ਦੇਹ ਨਾਸ਼ਵਾਨ, ਜੜ੍ਹ ਅਤੇ ਅਸਤਿ ਹੈ। ਜਿਸ ਪ੍ਰਕਾਰ ਪਾਣੀ ਵਿਚ ਅਨੇਕ ਬੁਲਬੁਲੇ ਉਠ ਕੇ ਮੁੜ ਪਾਣੀ ਵਿਚ ਲੀਨ ਹੋ ਜਾਂਦੇ ਹਨ, ਉਸੀ ਪ੍ਰਕਾਰ ਜਨਮ ਮਰਨ ਨੂੰ ਸਮਝਣਾ ਚਾਹੀਦਾ ਹੈ।

ਜੋ ਜੀਵ ਆਤਮਾ ਪਰਮਾਤਮਾ ਦੀ ਸ਼ਰਨ ਲੈ ਲੈਂਦੀ ਹੈ, ਉਸਨੂੰ ਪ੍ਰਭੂ ਸਹਾਈ ਹੁੰਦਾ ਹੈ। ਪਰਮਾਤਮਾ ਜਦੋਂ ਪਰਮ ਮਿੱਤਰ ਵਾਂਗ ਸਹਾਈ ਹੁੰਦਾ ਹੈ। ਫਿਰ ਜੀਵ ਨੂੰ ਕਿਸੇ ਕਿਸਮ ਦਾ ਡਰ ਨਹੀਂ ਰਹਿੰਦਾ।

> ਜੀਵ ਅਨੋਜ ਜਾਇ ਜਿਹ ਜਾਈ। ਪਰਮ ਮੀਤਿ ਜਿਉਂ ਤਹਾਂ ਸਹਾਈ।
> ਸਾਰਬਭੂਮ ਸ਼ਰਨ ਜਿਹ ਪਰਨਾ। ਤਿਨ ਨਰ ਉਰ ਡਰ ਕਿਉਂ ਫਿਰ ਕਰਨਾ।[57]

ਜਦੋਂ ਜੀਵ ਦੇ ਹੰਕਾਰ ਅਰਥਾਤ ਹਉਂਮੈਂ ਦਾ ਨਾਸ਼ ਹੋ ਜਾਂਦਾ ਹੈ ਤਾਂ ਬ੍ਰਹਮ ਰੂਪ ਹੀ ਹੋ ਜਾਂਦਾ ਹੈ। ਪਰ ਇਹ ਅਗਿਆਨੀ ਜੀਵ ਆਪਣੇ ਅਗਿਆਨ ਦੇ ਕਾਰਨ ਆਪਣੀ ਮੌਤ ਨੂੰ ਨਹੀਂ ਜਾਣਦਾ। ਅਚਾਨਕ ਆਪਣੇ ਮੂਹਰੇ ਆਈ ਮੌਤ ਦੇ ਸਾਹਮਣੇ ਇਸ ਤਰ੍ਹਾਂ ਪਹੁੰਚਦਾ ਹੈ ਜਿਵੇਂ ਕੋਈ ਨੇਤਰਹੀਣ ਕਿਸੇ ਵੱਡੇ ਸੱਪ ਅਜਗਰ ਦੇ ਸਾਹਮਣੇ ਚਲਿਆ ਜਾਵੇ। ਸੰਸਾਰਕ ਲੇਖਿਆਂ ਦੇ ਜਾਣੂ ਜੀਵ ਤਾਂ ਦੇਹ ਤੇ ਧਨ ਦੇ ਮੋਹ ਅਧੀਨ ਵਿਸ਼ਈ ਅਤੇ ਹੰਕਾਰੀ ਹੋ ਜਾਂਦੇ ਹਨ। ਉਹ ਪਰਮੇਸ਼ਰ ਅਤੇ ਮੌਤ ਨੂੰ ਵਿਸਾਰ ਬਹਿੰਦੇ ਹਨ।

> ਗਯਾਨਹੀਨ ਅੱਗਯਾਨ ਮਹਿਂ ਨਹਿਂ ਜਾਕਹਿ ਨਿਜ ਕਾਲ।
> ਨੈਨਹੀਨ ਜਿਉਂ ਜਾਤਿਹੈ ਸਾਮੁਹਿ ਸਰਪ ਬਿਸਾਲ।[58]

ਸ਼੍ਰੀ ਗੁਰ ਨਾਨਕ ਪ੍ਰਕਾਸ਼ ਵਿਚ ਜੀਵ ਜਾਂ ਆਤਮਾ ਨੂੰ ਪ੍ਰਮੁੱਖਤਾ ਦਿੱਤੀ ਗਈ ਹੈ। ਮਨੁੱਖੀ ਆਤਮਾ ਨੂੰ ਦੁਖ ਸੁਖ ਤੋਂ ਪਾਰ ਮੰਨਿਆ ਗਿਆ ਹੈ। ਆਤਮਾ ਨੂੰ ਅਗਨ, ਪਾਣੀ, ਹਥਿਆਰ ਕਿਸੇ ਤਰ੍ਹਾਂ ਦਾ ਨੁਕਸਾਨ ਨਹੀਂ ਪਹੁੰਚਾ ਸਕਦੇ।

> ਰਥੀ ਆਤਮਾ ਰੂਪ ਸੁ ਤੇਰੋ। ਜਾਂਕੋ ਹਰਖ ਸ਼ੋਕ ਨਹਿੰ ਹੇਰੋ।
> ਤਾਕੋ ਤੂੰ ਨੀਕੈ ਲਖਿ ਲੀਜੈ। ਅਪਰ ਅਹੰਤਾ ਤਯਾਗਨ ਕੀਜੈ।
> ਜਿਹ ਕੋ ਸਕੈ ਨ ਅਗਨਿ ਜਰਾਈ। ਨੀਰ ਨ ਤਾਂਕੋ ਕਬਹਿ ਗਰਾਈ।
> ਨਹਿੰ ਸ਼ਸਤ੍ਰਨ ਸੋਂ ਛੇਦਯੋ ਜਾਇ। ਪੌਨ ਨ ਤਾਂਕੋ ਸਕੈ ਉਡਾਇ।[59]

ਆਤਮਾ ਨੂੰ ਸਭ ਵਿਚ ਵਿਆਪਕ ਦੱਸਿਆ ਗਿਆ ਹੈ। ਉਸਨੂੰ ਪਛਾਣਨ ਦੀ ਜ਼ਰੂਰਤ ਹੈ। ਆਤਮਾ ਦੀ ਪਛਾਣ ਨਾਲ ਹੀ ਮਨੁੱਖਾਂ ਨੂੰ ਸੋਝੀ ਆਉਂਦੀ ਹੈ, ਸੱਚ ਅਤੇ ਝੂਠ ਦਾ ਪਤਾ ਲੱਗਦਾ ਹੈ। ਮਨੁੱਖ ਦੇ ਸਭ ਭਰਮ ਭੁਲੇਖੇ ਦੂਰ ਹੋ ਜਾਂਦੇ ਹਨ ਤੇ ਮਨ ਨੂੰ ਸ਼ਾਂਤੀ ਮਿਲਦੀ ਹੈ। ਕਿਉਂਕਿ ਵਿਕਾਰਾਂ ਵਿਚ ਫਸੇ ਮਨੁੱਖ ਦੀ ਬੁੱਧੀ ਮਲੀਨ ਹੋ ਜਾਂਦੀ ਹੈ। ਬੁੱਧੀਹੀਣ ਮਨੁੱਖ ਆਪਣੇ ਆਪੇ ਨੂੰ ਸਮਝਣ ਤੋਂ ਅਸਮਰੱਥ ਹੋ ਜਾਂਦੇ ਹਨ।

> ਹੰਤਾ ਤਯਾਗ ਸਰਬਦੁਖ ਹਰਿਹੀਂ। ਪਰਾਲਬਧ ਸੋਂ ਭੁੰਚਨ ਕਰਿਹੀ।
> ਕਾਹਿ ਵਸਤੂ ਕੀ ਕਰਹਿ ਨ ਆਸਾ। ਰਿਦੈ ਅਨੰਦ ਸਦੀਵ ਨਿਰਾਸਾ।[60]

ਆਪਣੇ ਮੂਲ ਨਾਲੋਂ ਟੁੱਟ ਕੇ ਮਨੁੱਖ ਅਧੂਰਾ ਰਹਿ ਜਾਂਦਾ ਹੈ। ਉਹ ਆਪਣੀ ਮੈਂ ਮੇਰੀ ਕਰਕੇ ਅਤੇ ਅਨੈਤਿਕ ਕੀਮਤਾਂ ਵਿੱਚ ਗ੍ਰਸਿਆ ਹੋਣ ਕਰਕੇ ਪਰਮਾਤਮਾ ਤੋਂ ਭਿੰਨ ਜਾਪਦਾ ਹੈ। ਆਪਣੀ ਚਲਾਕੀ ਤੇ ਅਗਿਆਨ ਕਰਕੇ ਪਰਮਾਤਮਾ ਤੋਂ ਵਿਛੜਿਆ ਰਹਿੰਦਾ ਹੈ। ਇਸ ਸੰਬੰਧ ਵਿੱਚ ਜੋਗਿੰਦਰ ਸਿੰਘ ਲਿਖਦੇ ਹਨ।

> ਜੀਵਨ ਵਿਛੜਨ ਦਾ ਇਕ ਵਿਸ਼ੇਸ਼ ਕਾਰਨ ਸਮਾਨ ਰੂਪ ਵਿਚ ਪ੍ਰਤੱਖ ਦਿੱਸਦਾ ਹੈ ਕਿ ਜੀਵ ਅਵਿਦਿਆ, ਅਗਿਆਨਤਾ, ਮਾਇਆ ਜਾਂ ਸੈਤਾਨ ਆਦਿ ਦੀ ਵਜ੍ਹਾਂ ਦੇ ਕਾਰਨ ਪਰਮਾਤਮਾ ਤੋਂ ਵਿਛੜਿਆ ਹੈ। ਇਸ ਤੋਂ ਇਲਾਵਾ ਦੂਸਰਾ ਕਾਰਨ ਪਰਮਾਤਮਾ ਦੀ ਸਵੈ-ਇੱਛਾ ਹੈ ਜੋ ਉਪਨਿਸ਼ਦਿਕ ਹੈ।[61]

ਗੁਰੂ ਦੀ ਸਿੱਖਿਆ ਹੀ ਜੀਵ ਨੂੰ ਵਿਸ਼ੇ ਵਿਕਾਰਾਂ ਤੋਂ ਨਿਰਲੇਪ ਰੱਖ ਕੇ, ਸਾਧ-ਸੰਗਤ ਨਾਲ ਜੋੜ ਕੇ ਜੀਵ ਨੂੰ ਨਾਮ ਜਪਣ ਦਾ ਅਭਿਆਸ ਕਰਵਾ ਦੇਂਦੀ ਹੈ। ਜੀਵ ਸੰਸਾਰਿਕ ਲੇਖੇ ਤੋਂ ਉਪਰ ਉਠ ਜਾਂਦਾ ਹੈ ਤੇ ਮੁਕਤੀ ਦਾ ਭਾਗੀ ਬਣ ਜਾਂਦਾ ਹੈ। ਜਿਨ੍ਹਾਂ ਦੁਆਰਾ ਇਹ ਸਰੀਰ ਬਣਦਾ ਹੈ।

ਉਹ ਮੂਲ ਹਨ। ਜੈਸਾ ਕਾਰਨ ਹੋਵੇ ਤੈਸਾ ਹੀ ਕਾਰਜ ਹੁੰਦਾ ਹੈ।

ਖਾਕ ਬਾਦ ਆਤਸ਼ਹਿ ਆਬ ਨਭ। ਪੰਜ ਭੂਤ ਏ ਜੜ੍ਹ ਜਾਨਹੁ ਸਭਿ।
ਤਿਨ ਕੀ ਦੇਹਿ ਰਚੀ ਜੜ੍ਹ ਸੋਊ। ਜਸ ਕਾਰਨ ਤਸ ਕਾਰਜ ਹੋਊ।[62]

ਇਸ ਸਰੀਰ ਵਿਚ ਆਤਮਾ ਰੂਪੀ ਪੰਛੀ ਰਹਿੰਦਾ ਹੈ। ਸਰੀਰ ਖ਼ਤਮ ਹੋਣ ਤੇ ਉਹ ਦੂਜੀ ਜੂਨ ਵਿਚ ਉਡਾਰੀ ਮਾਰ ਜਾਂਦਾ ਹੈ। ਭਗਤ ਰਵਿਦਾਸ ਜੀ ਬਾਣੀ ਵਿਚ ਮਨੁੱਖੀ ਸਰੀਰ ਦੀ ਬਣਤਰ ਬਾਰੇ ਇਸ ਤਰ੍ਹਾਂ ਕਹਿੰਦੇ ਹਨ,

ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੂੰਦ ਕਾ ਗਾਰਾ॥
ਹਾਡ ਮਾਸ ਨਾੜੀਂ ਕੋ ਪਿੰਜਰੁ ਪੰਖੀ ਬਸੈ ਬਿਚਾਰਾ॥[63]

ਸ੍ਰੀ ਗੁਰ ਨਾਨਕ ਪ੍ਰਕਾਸ਼ ਅਨੁਸਾਰ ਜੀਵ-ਆਤਮਾ ਨੂੰ ਸਵਾਰਥ ਦੀ ਥਾਂ ਪ੍ਰਮਾਰਥ ਦਾ ਰਾਹ ਅਪਣਾਉਣਾ ਚਾਹੀਦਾ ਹੈ। ਮਨੁੱਖ ਨੂੰ ਬ੍ਰਿਛਾਂ ਜਿਹਾ ਹੋਣਾ ਚਾਹੀਦਾ ਹੈ ਕਿਉਂ ਜੋ ਰੁੱਖਾਂ ਤੋਂ ਮਨੁੱਖ ਨੂੰ ਹਮੇਸ਼ਾਂ ਹੀ ਸੁਖ ਅਤੇ ਸ਼ਾਂਤੀ ਮਿਲਦੀ ਹੈ। ਸ਼ਾਂਤ ਹੋਇਆ ਮਨੁੱਖ ਸੰਸਾਰਿਕ ਪ੍ਰੀਤ ਦੀ ਥਾਂ ਤੇ ਕਰਤਾਰ ਨਾਲ ਪ੍ਰੀਤ ਕਰਨ ਨੂੰ ਤਰਜੀਹ ਦਿੰਦਾ ਹੈ।

ਜਗ ਕੀ ਪ੍ਰੀਤਿ ਨ ਕਾਹੂੰ ਕਾਜਾ। ਪਰਹਿ ਆਇ ਦੁਖ, ਜਾਵਹਿਂ ਭਾਜਾ।
ਸ੍ਰੀ ਪ੍ਰਭੁ ਦੀ ਹੈ ਨੀਕੀ ਪ੍ਰੀਤਾ। ਕਰਹੁ ਸਦੀਵ ਤਾਂਹਿ ਸੋਂ ਹੀਤਾ।[64]

ਪਰਮਾਤਮਾ ਪ੍ਰਤੀ ਸਮਰਪਿਤ ਮਨੁੱਖ ਹਰ ਹਾਲਤ ਵਿਚ ਪ੍ਰਸੰਨ ਰਹਿੰਦਾ ਹੈ। ਰੱਬ ਦਾ ਭਾਣਾ ਮੰਨਦਾ ਹੈ। ਜੀਵ ਮਨ ਦੀਆਂ ਲਾਲਸਾਵਾਂ ਦੇ ਪਿੱਛੇ ਨਹੀਂ ਲੱਗਦਾ ਅਤੇ ਮਨ ਦੀਆਂ ਸਾਰੀਆਂ ਵਾਸ਼ਨਾਵਾਂ ਨਸ਼ਟ ਹੋ ਜਾਂਦੀਆਂ ਹਨ। ਜੀਵ ਦੇ ਹਿਰਦੇ ਵਿਚੋਂ ਸਾਰਾ ਦ੍ਵੈਤ-ਭਾਵ ਖ਼ਤਮ ਹੋ ਜਾਂਦਾ ਹੈ। ਸਾਰ ਤੱਤ ਵੱਜੋਂ ਇਹੋ ਆਖਿਆ ਜਾ ਸਕਦਾ ਹੈ ਕਿ ਮਨੁੱਖ ਨੂੰ ਸੰਸਾਰਿਕ ਝਮੇਲਿਆਂ 'ਚੋਂ ਨਿਕਲ ਕੇ ਪਰਮਾਤਮਾ ਨਾਲ ਇਕ ਮਨ ਹੋ ਕੇ ਜੁੜਨਾ ਚਾਹੀਦਾ ਹੈ। ਨਹੀਂ ਤਾਂ ਸੰਸਾਰ ਵਿਚ ਆ ਕੇ ਮਨੁੱਖ ਦੁੱਖ ਹੀ ਪਾਉਂਦਾ ਹੈ।

ਜਨਮੈ ਤੇ ਜਗ ਪਾਵਹਿ ਦੁਖ ਕੋ। ਮਰੇ ਮਿਲੈ ਈਸ਼੍ਵਰ, ਲਹਿ ਸੁਖ ਕੋ।
ਰੋਵੈਂ ਹਸੈਂ ਇਹੀ ਗਤਿ ਜਾਨੈ। ਸੁਨਿ ਸ੍ਰੀ ਨਾਨਕ ਬੈਨ ਬਖਾਨੈ।
ਹੈਂ ਅਧੀਨ ਬਾਸ਼ਨਾ ਨਰ ਸਭਿ। ਯਾਂ ਤੇ ਜਨਮ ਧਰਤਿ ਪੁਨ ਪੁਨ ਤਬ।
ਜਨਮ ਮਰਨ ਬਹੁਤੋ ਦੁਖ ਪਾਵੈਂ। ਬਾਰ ਬਾਰ ਆਵੈਂ ਜਗ ਜਾਵੈਂ।[65]

ਇਸ ਤਰ੍ਹਾਂ ਆਪਣੇ ਉਦੇਸ਼ ਤੋਂ ਭਟਕੀ ਹੋਈ ਜੀਵਾਤਮਾ ਵੱਖ-ਵੱਖ ਸਰੀਰ ਧਾਰਨ ਕਰਦੀ

ਰਹਿੰਦੀ ਹੈ ਅਤੇ ਪਤਾ ਨਹੀਂ ਕਿੰਨੀ ਵਾਰੀ ਇਸ ਦਾ ਸੰਯੋਗ ਵਿਯੋਗ ਹੋਇਆ। ਅਗਿਆਨਤਾ ਕਾਰਨ (ਵੱਸ) ਜੀਵ ਆਤਮਾ ਪਰਮਾਤਮਾ ਨੂੰ ਪਛਾਣ ਨਹੀਂ ਸਕਦੀ। ਗੁਰਬਾਣੀ ਅਨੁਸਾਰ ਜੀਵਾਤਮਾ ਤੇ ਪਰਮਾਤਮਾ ਦਾ ਸੰਬੰਧ ਸਾਗਰ ਤੇ ਬੂੰਦ ਵਾਲਾ ਦੱਸਿਆ ਹੈ। ਜੇਕਰ ਜੀਵ ਕਰਮਾਂ ਦੀ ਗੱਲ ਸਮਝ ਲਵੇ ਤਾਂ ਪ੍ਰਾਣੀ ਆਤਮਾ ਨੂੰ ਦੁੱਖਾਂ ਤੋਂ ਬਚਾ ਸਕਦਾ ਹੈ। ਜੋ ਮਨੁੱਖ ਬੁਰੇ ਕਰਮ ਕਰਦੇ ਹਨ। ਉਨ੍ਹਾਂ ਨੂੰ ਨਰਕਾਂ ਦਾ ਦੁੱਖ ਭੋਗਣਾ ਪੈਂਦਾ ਹੈ। ਨਾਮ ਜਪਣ ਵਾਲਾ ਸੱਚ ਖੰਡ ਜਾਂਦਾ ਹੈ। ਪੂਰਬਲੇ ਕਰਮਾਂ ਦੇ ਫਲ ਕਰਕੇ ਜੀਵਾਤਮਾ ਨੂੰ ਦੁੱਖ ਭੋਗਣੇ ਪੈਂਦੇ ਹਨ।

ਸਭਿ ਸਿੱਖਨ ਬੂਝੈ ਕਰ ਜੋਰਿ। ਪ੍ਰਾਨੀ ਕਰਮ ਬੰਧ ਪਰ ਘੋਰ।
ਤਿਨ ਕੋ ਨਿਰਨਾ ਕਰਹੁ ਸੁਨਾਵਨ। ਜਿਸ ਕੇ ਜਾਨਹਿ ਕਰਹਿ ਬਚਾਵਨ।
ਪੂਰਬ ਸੁਨਹੁ ਕਰਮ ਕੀ ਗਾਥਾ। ਨਰਕ ਸੁਰਗ ਹੁਇ ਜਿਨ ਫਲ ਸਾਥਾ।
ਚੇਤਨ ਆਤਮਾ ਛਾਯਾ ਜੋਇ। ਪ੍ਰਤਿਬਿੰਬਤ ਅੰਤਹਕਰਣ ਹੋਇ।[66]

ਸ਼੍ਰੀ ਗੁਰ ਨਾਨਕ ਪ੍ਰਕਾਸ਼ ਅਨੁਸਾਰ ਜੋ ਮਨੁੱਖ ਪਰਮਾਤਮਾ ਨਾਲ ਜੁੜ ਜਾਂਦਾ ਹੈ, ਸਿਮਰਨ ਕਰਦਾ ਹੈ, ਸਵਾਸ-ਸਵਾਸ ਪਰਮਾਤਮਾ ਦੀ ਭਗਤੀ ਕਰਦਾ ਹੈ, ਉਹ ਚੇਤੰਨ ਹੋ ਜਾਂਦਾ ਹੈ ਤੇ ਉਸ ਦੀ ਲਿਵ ਪਰਮਾਤਮਾ ਨਾਲ ਲੱਗ ਜਾਂਦੀ ਹੈ। ਆਤਮਾ ਚੇਤਨਾ ਰੂਪੀ ਆਕਾਸ਼ ਹੈ। ਸਾਰਾ ਅਗਿਆਨ ਜਲ ਰੂਪੀ ਹੈ। ਜਦ ਜੀਵ ਪਰਮਾਤਮਾ ਤੋਂ ਵਿਛੜ ਜਾਂਦਾ ਹੈ ਤਾਂ ਬਹੁਤ ਸਾਰੇ ਰੋਗ ਜਨਮ ਲੈਂਦੇ ਹਨ। ਜਦ ਆਤਮਾ ਦਾ ਪਰਮਾਤਮਾ ਨਾਲ ਮੇਲ ਹੋ ਜਾਂਦਾ ਹੈ ਤਾਂ ਆਤਮਾ ਹੀ ਪਰਮਾਤਮਾ ਹੋ ਜਾਂਦੀ ਹੈ। ਜਿਸ ਤਰ੍ਹਾਂ ਰੋਟੀ ਖਾਣ ਨਾਲ ਸਰੀਰ ਨੂੰ ਜੋ ਸੰਤੁਸ਼ਟੀ ਹੁੰਦੀ ਹੈ। ਉਸੇ ਤਰ੍ਹਾਂ ਨਾਮ ਜਪਣ ਨਾਲ ਰੂਹ ਤ੍ਰਿਪਤ ਹੁੰਦੀ ਹੈ ਅਤੇ ਜਨਮ ਮਰਨ ਦਾ ਦੁੱਖ ਦੂਰ ਹੋ ਜਾਂਦਾ ਹੈ।

ਮ੍ਰਿਤਕਾ ਪਿੰਡ ਮਿਲੈ ਜਲ ਸੰਗ। ਤਬਿ ਘਟ ਰੂਪ ਬਨਹਿ ਸਰਬੰਗ।
ਤੱਤ ਉਪਦੇਸ਼ ਨਾਮ ਲਿਵਲਾਵੇ। ਜਨਮ ਮਰਨ ਦੁਖ ਤੇ ਛੁਟਿ ਜਾਵੈ।[67]

ਭਾਈ ਸੰਤੋਖ ਸਿੰਘ ਅਨੁਸਾਰ ਜੀਵ ਦਾ ਤੁਰੀਆ ਸਰੂਪ ਬ੍ਰਹਮ ਹੈ ਤੇ ਬ੍ਰਹਮ ਦਾ ਤੁਰੀਆ ਸਰੂਪ ਵੀ ਬ੍ਰਹਮ ਹੀ ਹੈ। ਇਸੇ ਤਰ੍ਹਾਂ ਈਸ਼ਵਰ ਤੇ ਜੀਵ ਨੂੰ ਇੱਕੋ ਸਮਝਣਾ ਚਾਹੀਦਾ ਹੈ।

ਈਸ਼ੁਰ, ਬ੍ਰਹਮਾਂ, ਬਿਸ਼ਨੁ, ਰੁੱਦ੍ਰ, ਕਹੁ ਮੂਰਤਿ ਧਾਰੀ ਤ੍ਰਿਧਾ ਅਨੂਪ।
ਬ੍ਰਹਮ ਸਰੂਪ ਸੁ ਤੁਰੀਯਾ ਜੀਵਹਿ ਈਸ਼ੁਰ ਤੁਰੀਯਾ ਬ੍ਰਹਮ ਸਰੂਪ।
ਈਸ਼ੁਰ ਜੀਵਏਕ ਇਮਜਾਨਹੁ ਦ੍ਵੈ ਤੁਰੀਯਾ ਹੀ ਇਨਕੋ ਰੂਪ।
ਸਾਖੀ ਕੋ ਸਰੂਪ ਨਿਰਵਿਕਲਪ ਸੋਈ ਬ੍ਰਹਮ ਜਾਨ ਸੁਖ ਰੂਪ।[68]

ਮਨੁੱਖੀ ਜੀਵ ਤੇ ਪੰਛੀ ਦਾ ਸਾਰਾ ਸਰੀਰ ਬਰਾਬਰ ਜਾਂ ਸਮਾਨ ਹੈ। ਸਿਰਫ਼ ਬੁੱਧੀ ਤੱਤ ਦਾ ਅੰਤਰ ਹੈ। ਮਨੁੱਖ ਕੋਲ ਬੁੱਧੀ ਹੈ। ਬ੍ਰਹਮ ਤੇ ਜੀਵ ਵਿੱਚ ਕੋਈ ਭੇਦ ਨਹੀਂ। ਸਿਰਫ਼ ਹਉਂਮੈਂ ਕਰਕੇ ਵੱਖ ਹਨ।

ਪੁਨ ਇਕਤਾ, ਜਪੁਜੀ ਮਹਿਂ ਕਹੀ। ਸੋ ਮੈਂ ਕਰਉਂ ਸਨਾਵਨ ਸਹੀ।
ਜੀਵ ਈਸ਼ ਇੱਕ ਬ੍ਰਹਮ ਸਰੂਪ। ਸਭਿ ਬਿਧਿ ਕੀਨ ਅਭੇਦ ਦਾ ਅਨੂਪ।[69]

ਜੀਵ ਨੂੰ ਬ੍ਰਹਮ ਰੂਪ ਵੀ ਮੰਨਿਆ ਗਿਆ ਹੈ। ਬ੍ਰਹਮ ਸਰਵ ਦੀ ਆਤਮਾ ਹੈ। ਇਹ ਸਭ ਆਤਮਾ ਬ੍ਰਹਮ ਹੈ। ਇਸ ਲਈ ਆਤਮਾ ਸੱਤਯ ਹੈ, ਗਿਆਨ ਹੈ, ਅਨੰਤ ਹੈ, ਜਿਸ ਬ੍ਰਹਮ ਤੋਂ ਸਾਰੇ ਪ੍ਰਾਣੀ ਪੈਦਾ ਹੋਏ ਹਨ। ਆਪਣੇ ਮੂਲ ਮੰਤਵ ਤੋਂ ਹੱਟਕੇ ਮਨੁੱਖ ਊਣਾ ਤੇ ਅਧੂਰਾ ਰਹਿ ਜਾਂਦਾ ਹੈ ਕਿਉਂਕਿ ਜੀਵ ਵਿਚ ਬ੍ਰਹਮ ਵਾਲੇ ਕੁੱਝ ਗੁਣ ਮੌਜੂਦ ਹਨ ਪਰ ਇਸਦਾ ਬ੍ਰਹਮ ਨਾਲੋਂ ਕਾਫ਼ੀ ਅੰਤਰ ਹੈ। ਸ੍ਰੀ ਗੁਰ ਨਾਨਕ ਪ੍ਰਕਾਸ਼ ਵਿਚ ਮਨੁੱਖ ਨੂੰ ਨਸੀਅਤ ਦਿੱਤੀ ਗਈ ਹੈ ਕਿ ਮਨੁੱਖ ਸੰਸਾਰ ਨੂੰ ਇਕ ਸੁਪਨੇ ਦੀ ਤਰ੍ਹਾਂ ਸਮਝੇ। ਸੇਵਾ ਅਤੇ ਸਿਮਰਨ ਕਰੇ। ਸੇਵਾ ਨਾਲ ਮਨੁੱਖ ਸੰਗਤ ਨਾਲ ਜੁੜਦਾ ਹੈ। ਸਿਮਰਨ ਨਾਲ ਮਨੁੱਖ ਪਰਮਾਤਮਾ ਨਾਲ ਜੁੜਦਾ ਹੈ। ਦਇਆ ਨਾਲ ਭਰਪੂਰ ਹੋ ਕੇ ਸਮਾਜ ਦੀਆਂ ਕੁਰੀਤੀਆ ਨੂੰ ਵੀ ਦੂਰ ਕਰਦਾ ਹੈ।

ਜਗਤ ਜਾਨਿਯੈ ਸੁਪਨ ਸਮਾਨਾ। ਸੱਤਿ ਆਤਮਾ ਏਕ ਪਛਾਨਾ।
ਸੇਵਾ ਸੰਤਨ ਦੀ ਚਿਤ ਦੀਜੈ। ਨਗਨ ਛੁਧਿਤਿ ਪਰ ਕਰੁਨਾ ਦੀਜੈ।
ਸੱਤਿਨਾਮ ਜਪੀਏ ਲਿਵਲਾਈ। ਸੁਨੀਏ ਹਰਿ ਕੀਰਤਿ ਗੁਨ ਗਾਈ।
ਸਤਿਸੰਗਤ ਮਿਲਿ ਸਮਾਂ ਬਿਤਾਵਹੁ। ਇਹ ਉਪਦੇਸ਼ ਜਿ ਆਪ ਕਮਾਵਹੁ।[70]

ਆਤਮਾ ਜਾਂ ਜੀਵਾਤਮਾ ਅਮਰ ਹੈ। ਜਿਵੇਂ ਮਨੁੱਖ ਹੰਢੇ ਹੋਏ ਜਾਂ ਪੁਰਾਣੇ ਬਸਤਰਾਂ ਨੂੰ ਉਤਾਰ ਕੇ ਨਵੇਂ ਪਹਿਨਦਾ ਜਾਂ ਧਾਰਨ ਕਰਦਾ ਹੈ। ਉਸੇ ਤਰ੍ਹਾਂ ਆਤਮਾ ਬੁੱਢੇ ਸਰੀਰ ਨੂੰ ਤਿਆਗ ਕੇ ਨਵਾਂ ਸਰੀਰ ਧਾਰਨ ਕਰਦੀ ਹੈ। ਉਹ ਮਨੁੱਖੀ ਸਰੀਰ ਨਾਲ ਨਸ਼ਟ ਨਹੀਂ ਹੁੰਦੀ। ਜੀਵ ਦਾ ਪਰਮਾਤਮਾ ਨਾਲ ਉਹੋ ਜਿਹਾ ਸੰਬੰਧ ਹੁੰਦਾ ਹੈ ਸੋਨੇ ਦਾ ਸੋਨੇ ਦੇ ਗਹਿਣਿਆਂ ਨਾਲ ਜਾਂ ਚੰਗਿਆੜੇ ਦਾ ਅੱਗ ਨਾਲ ਆਦਿ। ਇਸ ਲਈ ਸਰੀਰ ਮਿਥਿਆ ਤੇ ਅਸੱਤ ਹੈ। ਜੀਵ ਭਾਵ ਆਤਮਾ ਪੈਦਾ ਨਹੀਂ ਹੁੰਦੀ। ਭਾਵੇਂ ਲੋਕ ਇਹ ਖਿਆਲ ਕਰਦੇ ਹਨ। ਇਹ ਜਨਮ ਮਰਨ ਤੋਂ ਰਹਿਤ ਹੈ। ਜੀਵ ਆਤਮਾ ਆਪਣੇ ਬਿੰਬ ਭਾਵ ਪਰਮਾਤਮਾ ਵਿਚ ਲੀਨ ਹੋ ਜਾਂਦੀ ਹੈ। ਜਿਹੜੇ ਜੀਵ ਨੂੰ ਨਾਮ ਦੀ ਪ੍ਰਾਪਤੀ ਹੁੰਦੀ ਹੈ, ਉਸੇ ਉੱਪਰ ਹੀ ਪ੍ਰਭੂ ਦੀ ਦਇਆ ਮਿਹਰ ਹੁੰਦੀ ਹੈ।

> ਆਤਮਾ ਹੀ ਸਰੀਰ ਦਾ ਮੂਲ ਆਸਰਾ ਜਾਂ ਮੂਲ ਅਧਾਰ ਹੈ। ਜਿਸ ਤਰ੍ਹਾਂ ਭਾਰਤੀ ਇਸਤਰੀ ਆਪਣੇ ਪਤੀ ਦੇ ਅਧੀਨ ਹੁੰਦੀ ਹੈ ਤੇ ਪਤੀ ਹੀ ਉਸਦੇ ਕਾਰ ਵਿਹਾਰ ਦਾ ਕੇਂਦਰ ਹੁੰਦਾ ਹੈ। ਉਸੇ ਤਰ੍ਹਾਂ ਸਰੀਰ, ਆਤਮਾ ਦੀਆਂ ਇਛਾਵਾਂ ਦੀ ਪੂਰਤੀ ਲਈ ਸੇਵਾ ਸਹਾਇਤਾ ਕਰਦਾ ਹੈ।[71]

ਬਾਣੀ ਵਿਚ ਫੁਰਮਾਇਆ ਹੈ ਕਿ ਜੀਵਾਤਮਾ ਬੜੇ ਕਸ਼ਟ ਤੇ ਦੁੱਖ ਸਹਾਰਦੀ ਹੈ। ਭਾਵ ਜੁੱਗਾਂ-ਜੁੱਗਾਂ ਤੋਂ ਬਾਅਦ ਇਸ ਮਨੁੱਖਾ ਜੀਵਨ ਦੀ ਪ੍ਰਾਪਤੀ ਹੁੰਦੀ ਹੈ। ਨਾਮ ਜਪਣ ਨਾਲ ਜਮ ਮਨੁੱਖ ਦੇ ਨੇੜੇ ਨਹੀਂ ਆਉਂਦਾ।

ਇਹ ਵਾਹਿਗੁਰੂ ਨਾਮ ਦੇ ਚਾਰ ਅੱਖਰ ਜੀਵ ਅਤੇ ਪਰਮਾਤਮਾ ਦੇ ਮੇਲ ਵਿਚ ਵਿਚੋਲੇ ਮੰਨੇ ਗਏ ਹਨ। ਇਹ ਮਨੁੱਖ ਨੂੰ ਸੰਸਾਰ ਸਾਗਰ ਤੋਂ ਪਾਰ ਲੰਘਾ ਦਿੰਦੇ ਹਨ। ਜੀਵ ਨੂੰ ਸੰਸਾਰਕ ਬੰਧਨਾਂ ਵਿਚ ਜਕੜਣ ਵਾਲੀ ਬੀਮਾਰੀ ਹਉਮੈਂ ਵੀ ਵਾਹਿਗੁਰੂ ਦੇ ਨਾਮ ਨਾਲ ਦੂਰ ਹੁੰਦੀ ਹੈ। ਇਹ ਭਰਮ ਰੂਪੀ ਹਨ੍ਹੇਰੇ ਨੂੰ ਸੂਰਜ ਵਾਂਗੂੰ ਹਿਰਦੇ ਵਿੱਚੋਂ ਛੇਤੀ ਦੂਰ ਕਰ ਦਿੰਦੇ ਹਨ। ਜੀਵਾਤਮਾ ਪਰਮਾਤਮਾ ਨਾਲ ਅਭੇਦ ਹੋ ਕੇ ਹੀ ਪੂਰਨਤਾ ਹਾਸਲ ਕਰ ਸਕਦੀ ਹੈ। ਉਹ ਜੀਵਨ ਜੋ ਦੁੱਖਾਂ ਭਰਿਆ ਭਾਸਦਾ ਹੈ, ਆਨੰਦਮਈ ਬਣ ਜਾਂਦਾ ਹੈ।

ਜੀਵਾਤਮਾ ਨੂੰ ਪਰਮਾਤਮਾ ਦੇ ਅੰਸ਼ ਮੰਨਦੇ ਹੋਏ ਅਤੇ ਜੋਤ ਦੇ ਜੋਤ ਵਿਚ ਅਭੇਦ ਹੋਣ ਦੇ ਤੱਥ ਕਾਰਨ ਗੁਰੂਆਂ ਅਤੇ ਭਗਤਾਂ ਨੇ ਪਰਮਾਤਮਾ ਦੀ ਖੋਜ ਕਰਨ ਲਈ ਮਨੁੱਖ ਨੂੰ ਆਪਣੇ ਅੰਦਰੋਂ ਹੀ ਤਲਾਸ਼ ਕਰਨ ਦਾ ਉਪਦੇਸ਼ ਦਿੱਤਾ ਹੈ। ਮਨੁੱਖ ਦੇ ਅੰਦਰ ਹੀ ਪਰਮਾਤਮਾ ਦਾ ਨਿਵਾਸ ਹੈ। ਪੂਰਨ ਸੱਚ ਨੂੰ ਪ੍ਰਾਪਤ ਕਰਨ ਲਈ ਮਨੁੱਖੀ ਜੀਵ ਨੂੰ ਸੱਚਾ ਤੇ ਸੁੱਚਾ ਜੀਵਨ ਬਤੀਤ ਕਰਨਾ ਚਾਹੀਦਾ ਹੈ। ਕਿਉਂਕਿ ਮਨੁੱਖਾ ਜਨਮ ਹੀ ਅਜਿਹਾ ਮੌਕਾ ਹੈ ਜਿੱਥੇ ਆਤਮਾ ਪਰਮਾਤਮਾ ਨਾਲ ਇੱਕ-ਮਿੱਕ ਹੋ ਸਕਦੀ ਹੈ ਅਤੇ ਜੀਵ ਸਚਿਆਰਾ ਜਾਂ ਗੁਰਮੁਖਿ ਬਣ ਸਕਦਾ ਹੈ। ਮਨਮੋਹਨ ਸਹਿਗਲ ਦਾ ਵਿਚਾਰ ਹੈ ਕਿ

> ਮਨ, ਮਾਇਆ ਅਤੇ ਵਿਸ਼ੇ ਵਿਕਾਰਾਂ ਦਾ ਵਿਜੇਤਾ ਗੁਰਮੁਖ ਸੰਸਾਰ ਦੀਆਂ ਆਸ਼ਾ-ਤ੍ਰਿਸ਼ਨਾਂ ਅਤੇ ਰੋਗ-ਭੋਗ ਵਿਚ ਰਹਿੰਦਾ ਹੋਇਆ ਵੀ ਇਨ੍ਹਾਂ ਸਭ ਤੋਂ ਉੱਪਰ ਆਦਰਸ਼ ਜੀਵਨ ਦੀ ਪ੍ਰਤਿਮਾ ਹੈ।[72]

ਆਖਰ ਵਿਚ ਕਿਹਾ ਜਾ ਸਕਦਾ ਹੈ ਕਿ ਮਨੁੱਖੀ ਜੀਵ ਬ੍ਰਹਮ ਜਾਂ ਪਰਮਾਤਮਾ ਦਾ ਰੂਪ ਹੈ, ਪਰ ਮਾਇਆ ਤੇ ਹਉਮੈਂ ਕਰਕੇ ਆਪਣੇ ਆਪ ਨੂੰ ਸੀਮਤ ਕਰ ਲੈਂਦਾ ਹੈ। ਸੱਚੇ ਗੁਰੂ ਦੀ ਸਿੱਖਿਆ ਨਾਲ ਵਾਸਤਵਿਕ ਸੋਝੀ ਆ ਜਾਣ ਉਪਰੰਤ ਮਨੁੱਖ ਪਰਮਾਤਮਾ ਜਾਂ ਬ੍ਰਹਮ ਦਾ ਰੂਪ ਹੋ ਸਕਦਾ ਹੈ।

**(ਸ) ਗੁਰੂ :** ਸਿੱਖ ਧਰਮ ਵਿਚ ਗੁਰੂ ਨੂੰ ਵਿਸ਼ੇਸ਼ ਮਹੱਤਵ ਦਿੱਤਾ ਗਿਆ ਹੈ। ਕਿਉਂਕਿ ਬ੍ਰਹਮ ਅਤੇ ਜੀਵ ਦੇ ਅਭੇਦ ਹੋਣ ਵਿੱਚ ਗੁਰੂ ਹੀ ਇੱਕ ਮਾਤਰ ਸਾਧਨ ਹੈ। ਇਸੇ ਲਈ ਵੇਦਾਂ, ਪੁਰਾਣਾਂ, ਬ੍ਰਾਹਮਣ ਗ੍ਰੰਥਾਂ, ਉਪਨਿਸ਼ਦਾਂ ਅਤੇ ਧਾਰਮਿਕ ਗ੍ਰੰਥਾਂ ਵਿੱਚ ਗੁਰੂ ਦਾ ਸਥਾਨ ਬਹੁਤ ਉੱਚਾ ਦਰਸਾਇਆ ਗਿਆ ਹੈ।

> ਮੰਨੂੰ[73], ਗੁਰੂ ਨੂੰ ਪਿਤਾ ਤੋਂ ਵੀ ਉੱਚੇਰਾ ਸਥਾਨ ਦਿੰਦਾ ਹੈ। ਯਾਗਵਲਕਯ[74] ਸਮ੍ਰਿਤੀ ਵਿਚ ਗੁਰੂ, ਪਿਤਾ ਅਤੇ ਮਾਂ ਨੂੰ ਇੱਕ ਸਥਾਨ ਦਿੱਤਾ ਗਿਆ ਹੈ। ਵਾਸਤਵਿਕ ਤੱਤ ਦੀ ਸੋਝੀ ਮਨੁੱਖ ਨੂੰ ਆਪਣੇ ਆਪ ਨਹੀਂ ਸਗੋਂ ਗੁਰੂ ਦੀ ਯੋਗ ਅਤੇ ਉਚਿਤ ਅਗਵਾਈ ਦੁਆਰਾ ਹੁੰਦੀ ਹੈ। ਅਧਿਆਤਮਿਕ ਵਿਕਾਸ ਲਈ ਗੁਰੂ ਦੀ ਅਗਵਾਈ ਬਹੁਤ ਜ਼ਰੂਰੀ ਹੈ। ਆਦਿ ਕਾਲ ਤੋਂ ਹੀ ਮਾਰਗ ਦਰਸ਼ਨ ਲਈ ਹਰ ਧਰਮ ਵਿਚ ਗੁਰੂ ਪਰੰਪਰਾ ਕਿਸੇ ਨਾ ਕਿਸੇ ਰੂਪ ਵਿਚ ਪ੍ਰਚੱਲਿਤ ਰਹੀ ਹੈ। ਗੁਰੂ ਆਪਣੇ ਗਿਆਨ ਦੁਆਰਾ ਲੋਕਾਂ ਦੇ ਅਗਿਆਨ ਨੂੰ ਦੂਰ ਕਰਕੇ ਉਨ੍ਹਾਂ ਨੂੰ ਯੋਗ ਆਤਮਿਕ ਤੇ ਸਮਾਜਿਕ ਅਗਵਾਈ ਦਿੰਦਾ ਹੈ।

ਸ਼੍ਰੀ ਗੁਰ ਨਾਨਕ ਪ੍ਰਕਾਸ਼ ਵਿੱਚ ਗੁਰੂ ਨੂੰ ਸੁਖਾਂ ਦਾ ਘਰ ਮੰਨਿਆ ਗਿਆ ਹੈ। ਜਿਸ ਮਨੁੱਖ ਦੇ ਮਨ ਵਿਚ ਟਿਕਾਉ ਆ ਜਾਂਦਾ ਹੈ, ਉਹ ਪਰਮਾਤਮਾ ਨੂੰ ਪ੍ਰਾਪਤ ਕਰ ਲੈਂਦਾ ਹੈ। ਜੋ ਮਨੁੱਖ ਹਿਰਦੇ ਵਿੱਚ ਵੈਰਾਗ ਰਸ ਧਾਰਨ ਕਰਕੇ ਗੁਰੂ ਕੋਲ ਜਾਂਦਾ ਹੈ ਤਾਂ ਗੁਰੂ ਜੀ ਉਸ ਮਨੁੱਖ ਨੂੰ ਜੀਵਨ ਦਾ ਸਾਰਾ ਰਹੱਸ ਅਤੇ ਕੁਦਰਤ ਦੇ ਭੇਤ ਸਮਝਾ ਦਿੰਦਾ ਹੈ। ਗੁਰੂ ਜੀ ਦੇ ਚਰਨਾਂ ਵਿਚ ਬੈਠ ਕੇ ਮਨੁੱਖ ਦੇ ਸਭ ਡਰ ਵੀ ਦੂਰ ਹੋ ਜਾਂਦੇ ਹਨ। ਜਦੋਂ ਗੁਰੂ ਤਲਵੰਡੀ ਜਾਂਦੇ ਹਨ ਤਾਂ ਸਾਰੇ ਲੋਕ ਗੁਰੂ ਜੀ ਦੇ ਕੋਲ ਬੈਠ ਕੇ ਉਪਦੇਸ਼ ਸੁਣਦੇ ਹਨ।

> ਸਭਿਹਿ ਨਾਰਿ ਨਰ ਗੁਰ ਢਿਗ ਬੈਸੇ। ਨਾਮ ਜਪਹੁ ਐਸੇ ਉਪਦੇਸ਼ੇ।
> ਧਾਰਿ ਅਗਨਿ ਡਰ ਤਜਿ ਨਿਜ ਸਦਮਾ। ਹੋਹਿ ਨਿਕਟ ਸ੍ਰੀ ਗੁਰ ਪਦ ਪਦਮਾ।[75]

ਪ੍ਰਾਚੀਨ ਯੁੱਗਾਂ ਵਿਚ ਗੁਰੂ ਦਾ ਅਰਥ ਅਜੋਕੇ ਸੰਦਰਭ ਵਾਲਾ ਨਹੀਂ ਸੀ। ਗੁਰੂ ਨੂੰ ਸਿੱਖਿਆ ਦਾਤਾ ਤੋਂ ਵਧੇਰੇ ਜੀਵਨ ਦਾਤਾ ਅਤੇ ਮੁਕਤੀ ਦਾਤਾ ਸਮਝਿਆ ਜਾਂਦਾ ਸੀ। ਵੈਦਿਕ ਕਾਲ ਤੋਂ ਹੀ ਗੁਰੂ ਅਤੇ ਗੁਰੂ ਕੁਲ ਵਿਕਸਿਤ ਹੋਏ। ਅੱਗੇ ਚਲ ਕੇ ਤਕਸ਼ਿਲਾ, ਨਾਲੰਦਾ ਜਿਹੇ ਵਿਸ਼ਵਵਿਦਿਆਲੇ ਹੋਂਦ ਵਿਚ ਆਏ। ਗੁਰੂ ਨੂੰ ਵੇਦਾਂਤ ਸ਼ਾਸਤਰ ਪੜ੍ਹਾਉਣ ਵਾਲਾ ਵੀ ਕਿਹਾ ਗਿਆ ਹੈ ਅਤੇ ਗੁਰੂ ਨੂੰ ਅਚਾਰੀਆ ਦੀ ਉਪਾਧੀ ਵੀ ਦਿੱਤੀ ਗਈ। ਇਹ ਗੁਰੂ ਦੇ ਵਿਦਿਅਕ ਗਿਆਨ ਤੱਕ ਸੀਮਤ ਨਹੀਂ ਹੈ। ਸਿੱਖ ਧਰਮ ਸ਼ਾਸਤਰ ਵਿੱਚ ਗੁਰੂ ਨੂੰ ਪਰਮਾਤਮਾ ਰੂਪ ਵਿਚ ਹੀ

ਸਵਿਕਾਰਿਆ ਗਿਆ ਹੈ।

ਸੰਸਾਰ ਦੇ ਮੁੱਖ ਧਰਮਾਂ ਦੇ ਪਵਿੱਤਰ ਗ੍ਰੰਥਾਂ

> ਵੇਦ (ਹਿੰਦੂ ਧਰਮ), ਕੁਰਾਨ (ਇਸਲਾਮ), ਅਵੇਸਤਾ (ਜਰਤੁਸ਼ਤ), ਤੌਰੇਤ ਤੋਗ (ਯਹੂਦੀ), ਅੰਜ਼ੀਲ/ਬਾਈਬਲ (ਈਸਾਈ), ਧੱਮਪਦ (ਬੁੱਧ) ਅਤੇ ਅੰਗ (ਜੈਨ) ਵਾਂਗ ਸਿੱਖ ਧਰਮ ਦੇ ਗ੍ਰੰਥ ਦਾ ਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ।[76]

ਸਾਰੇ ਸੰਸਾਰ ਵਿੱਚ ਕੇਵਲ ਇਸ ਪਾਵਨ ਗ੍ਰੰਥ ਨੂੰ ਹੀ 'ਗੁਰੂ' ਦੀ ਪਦਵੀ ਪ੍ਰਾਪਤ ਹੈ। ਸਿੱਖ ਜਗਤ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦਸ ਗੁਰੂਆਂ ਦੀ ਜੋਤ ਮੰਨਦਿਆਂ ਹਾਜ਼ਰ ਨਾਜ਼ਰ ਗੁਰੂ ਸਮਝਿਆ ਜਾਂਦਾ ਹੈ। ਸ਼ਬਦ ਨੂੰ ਗੁਰੂ ਦਾ ਦਰਜਾ ਦੇ ਕੇ ਸ਼ਬਦ ਗੁਰ ਪੀਰਾ ਕਹਿ ਕੇ ਸਨਮਾਨ ਦਿੱਤਾ ਜਾਂਦਾ ਹੈ।

ਸਿੱਖ ਧਰਮ ਵਿੱਚ ਗੁਰੂ ਦੀ ਵਿਸ਼ੇਸ਼ ਮਹੱਤਤਾ ਹੈ। ਗੁਰੂ ਇਸ ਦਾ ਕੇਂਦਰੀ ਧੁਰਾ ਹੈ। ਸਿੱਖ ਚਿੰਤਨ ਵਿੱਚ ਗੁਰੂ ਆਤਮਿਕ ਉਨਤੀ ਲਈ ਜ਼ਰੂਰੀ ਹੈ। ਗੁਰੂ ਅਨੁਭਵੀ ਆਤਮਾ ਦਾ ਮਾਲਕ ਹੋਣ ਦੇ ਕਾਰਨ ਆਤਮਿਕ ਗਿਆਨ ਦੀ ਅਗਵਾਈ ਦਿੰਦਾ ਹੈ।

ਗੁਰੂ ਬਾਣੀ ਵਿਚ ਗੁਰੂ ਨੂੰ ਭਵ ਸਾਗਰ (ਭਾਵ : ਸੰਸਾਰਕ ਜੀਵਨ) ਵਿੱਚੋਂ ਪਾਰ ਕਰਾਉਣ ਵਾਲੇ ਜਹਾਜ਼ ਨਾਲ ਤੁਲਨਾਇਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਤਾਂ ਪਰਮਾਤਮਾ ਨੂੰ ਹੀ ਆਪਣਾ ਗੁਰੂ ਪਰਵਾਨਿਆ ਹੈ।

ਸ਼੍ਰੀ ਗੁਰ ਨਾਨਕ ਪ੍ਰਕਾਸ਼ ਵਿਚ ਗੁਰੂ ਜੀ ਦੀ ਚਰਨ ਧੂੜ ਨੂੰ ਸੁਖ ਅਤੇ ਦੁਖ ਦੋਵਾਂ ਰੋਗਾਂ ਦੀ ਦਵਾਈ ਕਿਹਾ ਗਿਆ ਹੈ, ਕਿਉਂ ਜੋ ਗੁਰੂ ਜੀ ਬਹੁਤ ਸ਼ਕਤੀਵਾਨ ਹੈ। ਜਿਨ੍ਹਾਂ ਨੂੰ ਕਿਰਪਾਲੂ ਗੁਰੂ ਮਿਲ ਜਾਂਦਾ ਹੈ, ਉਹ ਫ਼ਲ ਦੀ ਪ੍ਰਾਪਤੀ ਕਰ ਲੈਂਦੇ ਹਨ।

> ਸਤਿਗੁਰੂ ਪੂਰਨ ਪਰਮ ਕ੍ਰਿਪਾਲਾ। ਤਿਨਹਿਂ ਸੇਵ ਫਲ ਲੇਉ ਬਿਸਾਲਾ।
> ਜਗਤ ਉਧਾਰਨ ਹਿਤ ਤਨ ਧਾਰਾ। ਕਲਿ ਕੇ ਕਾਲ ਵਿਖੈ ਅਵਤਾਰਾ।[77]

ਗੁਰੂ ਪ੍ਰਾਪਤੀ ਲਈ ਮਨੁੱਖ ਨੂੰ ਆਪਣੇ ਅੰਦਰ ਬਦਲਾਓ ਕਰਨਾ ਪੈਂਦਾ ਹੈ। ਅੰਤਰ ਆਤਮਾ 'ਚ ਜੰਮੀ ਜਨਮਾਂ ਜਨਮਾਂਤਰਾਂ ਦੀ ਮੈਲ ਉਤਾਰਨੀ ਪੈਂਦੀ ਹੈ। ਫਿਰ ਹੀ ਮਨੁੱਖ ਦੀ ਆਸਾ ਪੂਰਨ ਹੋ ਸਕਦੀ ਹੈ ਅਤੇ ਉਦਾਸੀ ਦੂਰ ਹੋ ਸਕਦੀ ਹੈ। ਗੁਰੂ ਦੀ ਪ੍ਰਾਪਤੀ ਧੀਰਜ ਵਾਲਾ ਪਵਿੱਤਰ ਕੰਮ ਹੈ।

ਵੈਦਿਕ ਕਾਲ ਵਿਚ ਰਿਸ਼ੀ ਮੁਨੀ, ਪਰੋਹਿਤ ਤੇ ਆਚਾਰਯ ਸ਼ਬਦ ਗੁਰੂ ਲਈ ਵਰਤੇ ਜਾਂਦੇ ਸਨ। ਉਪਨਿਸ਼ਦ ਕਾਲ ਸਮੇਂ ਗੁਰੂ ਪਰੰਪਰਾ ਨੇ ਪੱਕਾ ਰੂਪ ਧਾਰਨ ਕਰ ਲਿਆ। ਰਾਮਾਇਣ ਯੁੱਗ

ਵਿਚ ਵਿਸ਼ਿਸ਼ਟ, ਵਿਸ਼ਵਾਮਿੱਤ੍ਰ ਅਤੇ ਮਹਾਂਭਾਰਤ ਯੁੱਗ ਸਮੇਂ ਦ੍ਰੋਣਾਚਾਰਯ ਆਦਿ ਗੁਰੂਆਂ ਦੇ ਨਾਮ ਸਾਹਮਣੇ ਆਉਂਦੇ ਹਨ। ਗੀਤਾਂ ਵਿਚ ਸ੍ਰੀ ਕ੍ਰਿਸ਼ਨ ਨੂੰ ਗੁਰੂਆਂ ਦਾ ਗੁਰੂ ਕਿਹਾ ਗਿਆ ਹੈ। ਗੀਤਾ ਵਿਚ ਵੇਦ ਵਿਆਸ ਨੇ ਗੁਰੂ ਆਚਾਰੀਆ ਦੇ ਲੱਛਣ ਦੱਸ ਕੇ ਦੇਹਧਾਰੀ ਗੁਰੂ ਦੇ ਵਿਧਾਨ ਨੂੰ ਸਵੀਕਾਰ ਕੀਤਾ ਹੈ। ਵੈਸ਼ਨਵ ਧਰਮ ਵਿੱਚ ਗੁਰੂ ਮਨੁੱਖੀ ਦੇਹ (ਸਰੀਰ) ਦੇ ਰੂਪ ਵਿੱਚ ਪ੍ਰਗਟ ਹੁੰਦਾ ਹੈ। ਜੈਨਮੱਤ ਵਿਚ ਗੁਰੂ ਦੀ ਥਾਂ ਤੇ ਮਾਰਗ ਦਰਸ਼ਕ ਨੂੰ 'ਤੀਰਥੰਕਰ' ਕਹਿੰਦੇ ਹਨ। ਬੁੱਧ ਧਰਮ ਵਿਚ ਮਾਰਗ ਦਰਸ਼ਕ ਜਾਂ ਪ੍ਰਚਾਰਕ ਨੂੰ 'ਅਰਹਤ' ਕਿਹਾ ਜਾਂਦਾ ਹੈ। ਗੁਰੂ ਦਾ ਸਥਾਨ ਸਰਵੋਤਮ ਮੰਨਿਆ ਜਾਂਦਾ ਸੀ। ਮਨੁੱਖ ਲਈ ਗੁਰੂ ਦਾ ਧਿਆਨ ਸੂਰਜ ਦੇ ਪ੍ਰਕਾਸ਼ ਸਮਾਨ ਹੈ, ਜਿਸ ਨਾਲ ਮਨੁੱਖ ਦੇ ਅੰਦਰਲਾ ਹਨ੍ਹੇਰ ਖ਼ਤਮ ਹੋ ਜਾਂਦਾ ਹੈ। ਸਾਰੇ ਪਦਾਰਥ ਅਤੇ ਪ੍ਰਾਪਤੀ ਗੁਰੂ ਦੀ ਬਖ਼ਸ਼ਿਸ਼ ਹੁੰਦੇ ਹਨ।

ਨਾਥ ਪਰੰਪਰਾ ਵਿਚੋਂ ਮਛੰਦਰ ਨਾਥ ਤੇ ਗੋਰਖ ਨਾਥ ਨੂੰ ਵੀ ਗੁਰੂ ਦੇ ਰੂਪ ਵਿੱਚ ਬਹੁਤ ਪ੍ਰਸਿੱਧੀ ਮਿਲੀ। ਯਹੂਦੀ ਅਤੇ ਈਸਾਈ ਪਰੰਪਰਾ ਵਿਚ ਗੁਰੂ ਦਾ ਨਹੀਂ ਸਗੋਂ ਪੈਗ਼ੰਬਰ ਦਾ ਸੰਕਲਪ ਹੈ। ਇੰਨਾਂ ਧਰਮਾਂ ਵਿੱਚ ਮੂਸਾ ਅਤੇ ਈਸਾ ਨੂੰ ਪੈਗ਼ੰਬਰ ਹੋਣ ਦਾ ਰੁਤਬਾ ਪ੍ਰਾਪਤ ਹੈ। ਇਸਲਾਮ ਅਤੇ ਸੂਫ਼ੀ ਮੱਤ ਵਿਚ ਵੀ ਗੁਰੂ ਦੀ ਥਾਂ ਪੀਰ, ਮੁਰਸ਼ਦ ਹੁੰਦੇ ਹਨ। ਜੋ ਕਿਸੇ ਵੀ ਇਸਲਾਮੀ ਸੰਪਰਦਾਇ ਦੀ ਰੂਹਾਨੀ ਅਗਵਾਈ ਕਰਦੇ ਹਨ। ਮੁਰਸ਼ਦ ਦਾ ਸੰਬੰਧ ਅੱਗੋਂ ਨਬੀ/ਪੈਗ਼ੰਬਰ (ਹਜ਼ਰਤ ਮੁਹੰਮਦ ਸਾਹਿਬ) ਨਾਲ ਹੁੰਦਾ ਸੀ।[78]

ਮੱਧ ਕਾਲੀਨ ਸਮੇਂ ਭਗਤੀ ਮਾਰਗ ਵਿਚ ਵੀ ਗੁਰੂ ਨੂੰ ਮਹੱਤਵਪੂਰਨ ਮੰਨਿਆ ਜਾਂਦਾ ਸੀ। ਗੁਸਾਈ ਰਾਮਾਨੰਦ ਜੀ ਅਤੇ ਉਨ੍ਹਾਂ ਦੇ ਚੇਲਿਆਂ ਨੇ ਲੋਕਾਂ ਦਾ ਮਾਰਗ ਦਰਸ਼ਨ ਕੀਤਾ। ਕਬੀਰ ਤੇ ਭਗਤ ਰਵਿਦਾਸ ਨੇ ਲੋਕਾਂ ਨੂੰ ਸਿੱਧੇ ਰਸਤੇ ਪਾਇਆ। ਸੰਤ ਸਾਹਿਤ ਵਿੱਚ ਵੀ ਗੁਰੂ ਨੂੰ ਵਿਸ਼ੇਸ਼ ਅਹਿਮੀਅਤ ਮਿਲੀ ਹੈ। ਸਿੱਖ ਧਰਮ ਵਿੱਚ ਗੁਰੂ ਦਾ ਮਹੱਤਵਪੂਰਨ ਸਥਾਨ ਹੈ।

ਗੁਰੂ ਦਾ ਸ਼ਾਬਦਿਕ ਅਰਥ ਹੈ ਭਾਰਾ (ਲਘੂ ਦੇ ਉਲਟ) ਵੱਡਾ, ਪਿਤਾ, ਰਾਜਾ, ਪਾਰਬ੍ਰਹਮ, ਉਸਤਾਦ ਜਾਂ ਵਿੱਦਿਆ ਪ੍ਰਦਾਨ ਕਰਨ ਵਾਲਾ ਆਦਿ। ਧਰਮ ਦੇ ਖੇਤਰ ਵਿਚ ਗੁਰੂ ਉਸ ਧਾਰਮਿਕ ਆਗੂ ਨੂੰ ਕਹਿੰਦੇ ਹਨ ਜਿਹੜੇ ਆਪਣੇ ਅਨੁਯਾਈਆਂ ਜਾਂ ਸਿੱਸ਼ਾਂ (ਸਿੱਖਾਂ) ਨੂੰ ਸੁਚੱਜੇ ਧਰਮ ਸੰਬੰਧੀ ਉਪਦੇਸ਼ ਦੇ ਕੇ ਉਸ ਦਾ ਅਜਿਹਾ ਮਾਰਗ ਦਰਸ਼ਨ ਕਰੇ, ਜਿਸ ਨਾਲ ਅਨੁਯਾਈ ਗੁਰਮੁੱਖਾਂ ਦੇ ਦਾਇਰੇ ਵਿਚ ਪ੍ਰਵੇਸ਼ ਕਰ ਜਾਵੇ ਅਤੇ ਮੁਕਤੀ ਪ੍ਰਾਪਤ ਕਰਨ ਦਾ ਅਧਿਕਾਰੀ ਹੋ ਜਾਵੇ। ਪੰਜਾਬੀ ਦੀ ਇੱਕ ਅਖਾਣ ਹੈ– ਸ਼ਾਹ ਬਿਨ ਪਤ ਨਹੀਂ, ਗੁਰ ਬਿਨ ਗਤ ਨਹੀਂ।[79]

ਮਹਾਨ ਕੋਸ਼ ਅਨੁਸਾਰ ਗੁਰੂ, ਗੁਰ, ਗੁਰੁ, ਗੁਰੂ ਮੂਲ ਧਾਤੂ–ਗ੍ਰੀ ਨਿਗਲਣਾ, ਸਮਝਾਉਣਾ ਜੋ ਅਗਿਆਨ ਨੂੰ ਖਾ ਜਾਂਦਾ ਹੈ ਅਤੇ ਸਿੱਖ ਨੂੰ ਤਤ੍ਵ ਗਯਾਨ ਸਮਝਾਉਂਦਾ ਹੈ। ਧਰਮ ਉਪਦੇਸ਼ ਦੀ

ਧਾਰਮਿਕ ਸਿੱਖਿਆ ਦੇਣ ਵਾਲਾ ਆਚਾਰਯ ਗੁਰੂ ਹੈ।[80]

ਪਰਮਾਤਮਾ ਗੁਰੂ ਦੀ ਕਿਰਪਾ ਨਾਲ ਮਿਲਦਾ ਹੈ। ਨਿਰੰਕਾਰ ਨੂੰ ਅਨੁਭਵ ਕਰਨ, ਪਾ ਲੈਣ ਲਈ ਗੁਰੂ ਮਾਰਗ ਦਰਸ਼ਨ ਕਰਦਾ ਹੈ। ਗੁਰੂ ਕੋਲ ਨਾਮ ਸ਼ਬਦ ਜਾਂ ਬਾਣੀ ਦਾ ਭੰਡਾਰ ਹੁੰਦਾ ਹੈ। ਜਿਹੜਾ ਜੀਵ ਉਸ ਦੀ ਕ੍ਰਿਪਾ ਦਾ ਪਾਤਰ ਬਣ ਜਾਵੇ, ਉਸ ਨੂੰ ਨਿਹਾਲ ਕਰ ਦਿੰਦਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਪਦ ਦੀ ਬਹੁਤ ਚਰਚਾ ਤੇ ਪ੍ਰਸ਼ੰਸ਼ਾ ਕੀਤੀ ਗਈ ਹੈ। ਗੁਰੂ ਨਾਨਕ ਬਾਣੀ ਵਿੱਚ ਸਮੁੱਚੇ ਤੌਰ ਤੇ ਅਕਾਲ ਪੁਰਖ ਨੂੰ ਆਦਿ ਗੁਰੂ ਮੰਨਿਆ ਹੈ।

ਗੁਰਬਾਣੀ ਵਿੱਚ 'ਗੁਰੂ' ਪਦ ਕਈ ਰੂਪਾਂ ਵਿੱਚ ਆਇਆ ਹੈ। ਜਿਵੇਂ ਗੁਰ, ਗੁਰਿ, ਗੁਰਾ, ਗੁਰੁ, ਗੁਰੂ, ਗੁਰਏ, ਗੁਰਹਿ, ਗੁਰ ਸਤਿਗੁਰ, ਸਤਿਗੁਰੁ, ਸਤਿਗੁਰੂ ਆਦਿ।[81]

ਡਾ. ਗੁਲਜ਼ਾਰ ਸਿੰਘ ਕੰਗ ਅਨੁਸਾਰ

> ਸਿੱਖ ਚਿੰਤਨ ਵਿੱਚ 'ਗੁਰੂ' ਇੱਕ ਰਹੱਸਵਾਦੀ ਸਿਧਾਂਤ ਹੈ, ਜਿਸ ਮੁਤਾਬਿਕ ਇਹ ਬਾਹਰਮੁਖੀ ਆਸ਼ੇ ਵਾਲਾ ਵਿਅਕਤੀ ਨਹੀਂ, ਸਗੋਂ ਕਰਤਾ ਪੁਰਖ ਵੱਲੋਂ ਮਨੁੱਖ ਦੇ ਕਲਿਆਣ ਲਈ ਨਿਸ਼ਚਿਤ ਕੀਤਾ ਆਤਮਿਕ ਪੱਧਰ ਦਾ ਸਾਧਨ ਹੈ। ਇਸ ਰਹੱਸਵਾਦੀ ਸਿਧਾਂਤ ਦੀ ਲੋਅ ਵਿੱਚ ਏਕਤਾ ਦੀ ਹਾਲਤ ਅੰਦਰ ਇੱਕੋ ਇੱਕ ਪਰਮਾਤਮਾ ਆਪ ਸ਼ਬਦ ਰੂਪ ਵਿੱਚ ਸਾਰੇ ਸੰਸਾਰ ਦਾ ਗੁਰੂ ਹੈ, ਪਰ ਰਚਨਾ ਦੀ ਅਨੇਕਤਾ (ਸੰਸਾਰ) ਵਿੱਚ ਜਿਸ ਪਵਿੱਤਰ ਹਸਤੀ ਵਿੱਚ ਸ਼ਬਦ 'ਜੋਤਿ' ਰੂਪ ਵਿੱਚ ਪ੍ਰਗਟ ਹੁੰਦਾ ਹੈ, ਉਹ ਵਿਅਕਤੀ ਵਿਸ਼ੇਸ਼ 'ਗੁਰੂ' ਪਦ ਦਾ ਅਧਿਕਾਰੀ ਹੈ।[82]

ਗੁਰੂ ਬਾਣੀ ਦੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ

> ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਰਵਰਤੀ ਗੁਰੂਆਂ ਅਤੇ ਗੁਰਮਤਿ ਸਾਹਿਤ ਦੇ ਮੂਲਾਧਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਹੈ। ਗੁਰੂ ਦਾ ਜੋ ਸਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਮਿਲਦਾ ਹੈ, ਉਹੀ ਪ੍ਰਮਾਣਿਕ ਅਤੇ ਪ੍ਰਮੁੱਖ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਚਾਰ ਪ੍ਰਕਾਰ ਦੇ ਗੁਰੂ ਦੱਸੇ ਹਨ। ਭ੍ਰਿੰਗੀਗੁਰ, ਪਾਰਸ ਗੁਰੂ, ਵਾਮਨ ਚੰਦਨ ਗੁਰੂ, ਦੀਪਕ ਗੁਰੂ।[83]

ਗੁਰਬਾਣੀ ਅਨੁਸਾਰ ਸੱਚੇ ਗੁਰੂ ਦੀ ਵਡਿਆਈ ਨਿਮਨ ਲਿਖਤ ਚਿਤਵੀ ਜਾ ਸਕਦੀ ਹੈ। ਸੱਚੇ ਗੁਰੂ ਦੀ ਪਛਾਣ ਦੇ ਕੁਝ ਚਿੰਨ੍ਹ ਇਸ ਤਰ੍ਹਾਂ ਦਰਸਾਏ ਗਏ ਹਨ।

1. ਸੱਚਾ ਗੁਰੂ ਉਹ ਹੁੰਦਾ ਹੈ ਜਿਸ ਨੇ ਅਕਾਲ ਪੁਰਖ ਨੂੰ ਜਾਣ ਲਿਆ ਹੋਵੇ।
2. ਸੱਚੇ ਗੁਰੂ ਨੂੰ ਮਿਲ ਕੇ ਮਨ ਅਨੰਦਿਤ ਹੋ ਉਠੇ ਤੇ ਦੁਬਿਧਾ ਖ਼ਤਮ ਹੋ ਜਾਵੇ।

3. ਜੋ ਸਾਨੂੰ ਸਾਡੇ ਹਿਰਦੇ ਅੰਦਰ ਹੀ ਹਰਿ ਦਿਖਾ ਦੇਵੇ।

4. ਜੋ ਸਿੱਖ ਦੇ ਲੋਕ ਪਰਲੋਕ ਸੰਵਾਰੇ ਅਤੇ ਕਾਰਜਾਂ ਦੀ ਪੂਰਤੀ ਕਰੇ।

5. ਜੋ ਵੈਰੀ ਤੇ ਮਿੱਤਰ ਨੂੰ ਇੱਕੋ ਦ੍ਰਿਸ਼ਟੀ ਨਾਲ ਵੇਖੇ।

ਭਾਈ ਸੰਤੋਖ ਸਿੰਘ ਅਨੁਸਾਰ,

> ਅਗਿਆਨ ਦਾ ਨਾਸ਼ ਤੇ ਗਿਆਨ ਦਾ ਪ੍ਰਕਾਸ਼ ਕਰਨ ਵਾਲੇ ਨੂੰ 'ਗੁਰੂ' ਕਿਹਾ ਜਾਂਦਾ ਹੈ। 'ਗੁਰੂ' ਦੇ ਦੋ ਅਰਥ; 'ਗੋ' ਨਾਮ ਅੰਧਰੇ ਕੋ, ਤਿਸ ਤੇ ਅਗਯਾਨ ਦੋ ਅਰਥ। 'ਰੁ' ਨਾਮ ਪ੍ਰਕਾਸ਼ ਕੋ, ਤਿਸ ਤੇ ਗਯਾਨ ਕੋ ਅਰਥ। ਅਗਯਾਨ ਕੋ ਨਸ਼ਟ ਕਰਿ ਜੋ ਗਯਾਨ ਦੇਇ ਸੋ 'ਗੁਰ'।[84]

ਉਨਾਂ ਗੁਰੂ ਮਹਿਮਾ ਕਰਦੇ ਹੋਏ ਦੱਸਿਆ ਹੈ ਕਿ ਗੁਰੂ ਦੇ ਸਮਾਨ ਹੋਰ ਕੋਈ ਨਹੀਂ ਜਿਹੜਾ ਜਨਮਾਂ ਦੇ ਦੁੱਖ ਦੂਰ ਕਰ ਦਿੰਦਾ ਹੈ। ਮਨੁੱਖ ਨੂੰ ਸੱਤ ਸੰਤੋਖ ਦੇ ਧਾਰਨੀ ਬਣ ਕੇ ਤੇ ਅਹੰਕਾਰ ਮੁਕਤ ਹੋ ਕੇ ਗੁਰੂ ਦੀ ਸੇਵਾ ਕਰਨੀ ਚਾਹੀਦੀ ਹੈ।

ਪਰਮਾਤਮਾ ਅਤੇ ਜੀਵ ਵਿਚਾਲੇ ਗੁਰੂ ਵਿਚੋਲਾ ਹੈ। ਜੋ ਮਨੁੱਖ ਨੂੰ ਹਰਿ ਨਾਮ ਦਾ ਮੰਤ੍ਰ ਦ੍ਰਿੜਾ ਕੇ ਉਸ ਵਿੱਚੋਂ ਹਉਮੈਂ ਦਾ ਰੋਗ ਖ਼ਤਮ ਕਰਦਾ ਹੈ। ਧੁਰ ਦਰਗਾਹੋ ਲਿਖੇ ਅਨੁਸਾਰ ਪਰਮਾਤਮਾ ਨਾਲ ਮੇਲ ਕਰਵਾ ਦਿੰਦਾ ਹੈ।

> ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ॥
> ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ॥
> ਹਰਿ ਨਾਮੋ ਮੰਤ੍ਰੁ ਦ੍ਰਿੜਾਇਦਾ ਕਟੇ ਹਉਮੈ ਰੋਗੁ॥
> ਨਾਨਕ ਸਤਿਗੁਰੁ ਤਿਨਾ ਮਿਲਾਇਆ ਜਿਨਾ ਧੁਰੇ ਪਇਆ ਸੰਜੋਗੁ॥[85]

ਗੁਰਮਤਿ ਅਨੁਸਾਰ ਸੱਜਨ ਰੂਪੀ ਪਰਮਾਤਮਾ ਜੀਵ ਦੇ ਨੇੜੇ ਹੀ ਖੜਾ ਹੈ ਪਰ ਗੁਰੂ ਤੋਂ ਬਿਨ੍ਹਾਂ ਉਸ ਪਰਮਾਤਮਾ ਦੀ ਪਛਾਣ ਨਹੀਂ ਹੁੰਦੀ। ਗੁਰੂ ਦੁਆਰਾ ਹੀ ਪਰਮਾਤਮਾ ਦਾ ਭੇਦ ਜਾਂ ਰਸਤਾ ਜਾਣਿਆ ਜਾ ਸਕਦਾ ਹੈ।

ਦਸ ਗੁਰੂ ਇੱਕ ਜੋਤ: ਗੁਰਬਾਣੀ ਵਿੱਚ 'ਗੁਰੂ' ਸ਼ਬਦ ਅਕਾਲ ਪੁਰਖ ਲਈ ਵਰਤਿਆ ਗਿਆ ਹੈ। ਅਸਲ ਵਿੱਚ ਦਸ ਗੁਰੂ ਸਾਹਿਬਾਨ ਇੱਕ ਜੋਤ ਹਨ। ਗੁਰੂ ਨਾਨਕ ਦੇਵ ਜੀ ਵਿੱਚ ਉਹ ਜੋਤ ਧੁਰੋ ਆਈ ਅਤੇ ਗੁਰੂ ਸਾਹਿਬਾਨ ਵਿੱਚ ਵਿਦਮਾਨ ਹੋ ਕੇ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਥਿਰ ਹੋਇਆ। ਭਾਈ ਸੰਤੋਖ ਜੀ ਗਰਬ ਗੰਜਨੀ ਟੀਕੇ ਵਿੱਚ ਲਿਖਦੇ ਹਨ ਕਿ ਪਹਿਲੀ ਤੋਂ ਦਸਵੀਂ ਪਾਤਸ਼ਾਹੀ ਦਾ ਇੱਕੋ ਹੀ ਗੁਰੂ ਅਕਾਲ ਪੁਰਖ ਪਰਮਾਤਮਾ ਸੀ, ਇੱਕ ਹੀ ਸਰੂਪ ਸੀ,

ਉਨ੍ਹਾਂ ਦਾ ਇੱਕ ਹੀ ਉਦੇਸ਼ ਤੇ ਉਪਦੇਸ਼ ਸੀ।

> ਸੋ ਪ੍ਰਥਮ ਪਾਤਿਸ਼ਾਹੀ ਤੇ ਦਸਵੀਂ ਪ੍ਰਯੰਤ ਸਰਬ ਕੋ ਏਕ ਆਸੈ ਹੈ, ਏਕ ਹੀ ਇਨ ਕੋ ਗੁਰ ਹੈ, ਏਕ ਹੀ ਇਨ ਕੋ ਸਰੂਪ ਹੈ, ਮੁਕਤਿ ਹਿਤ ਏਕ ਹੀ ਉਪਦੇਸ਼ ਹੈ, ਜੋ ਬਿਲੱਖਣ ਸਮਝਤ ਹੈ ਤਿੰਨ੍ਹੋ ਤੇ ਮੂਰਖ ਅਧਿੱਕ ਔਰ ਕੌਨ ਹੈ?[86]

ਸਿੱਖ ਪੰਥ ਵਿੱਚ ਗੁਰੂ ਪਰੰਪਰਾ ਬਹੁਤ ਦ੍ਰਿੜ ਹੈ ਅਤੇ ਇਸ ਦਾ ਇਤਿਹਾਸਿਕ ਵਿਕਾਸ ਵੀ ਹੋਇਆ ਹੈ। ਭਾਈ ਸੰਤੋਖ ਸਿੰਘ ਨੇ ਦਸਾਂ ਗੁਰੂਆਂ ਦੀ ਵੱਖ-ਵੱਖ ਪ੍ਰਕਾਰ ਨਾਲ ਮਹਿਮਾਂ ਸ੍ਰੀ ਗੁਰ ਨਾਨਕ ਪ੍ਰਕਾਸ਼ ਵਿੱਚ ਕੀਤੀ ਹੈ।

ਭਾਵੇਂ ਗੁਰੂ ਸਹਿਬਾਨ ਨੇ ਭਿੰਨ-ਭਿੰਨ ਸਮੇਂ ਗੁਰਗੱਦੀ ਨੂੰ ਸਸ਼ੋਭਿਤ ਕੀਤਾ। ਫਿਰ ਵੀ ਸਾਰੀਆਂ ਸਿੱਖ ਸੰਗਤਾਂ ਗੁਰੂ ਸਾਹਿਬਾਨਾਂ ਨੂੰ ਗੁਰੂ ਨਾਨਕ ਦੇਵ ਦਾ ਹੀ ਸਰੂਪ ਜਾਂ ਜੋਤਿ ਮੰਨਦੀਆਂ ਹਨ। ਗੁਰੂ ਸਾਹਿਬਾਨ ਆਪਣੀ ਬਾਣੀ ਵਿੱਚ ਆਪਣਾ ਉਪਨਾਮ 'ਨਾਨਕ' ਹੀ ਲਿਖਦੇ ਹਨ। ਅਰਦਾਸ ਸਮੇਂ ਸਿੱਖ ਸੰਗਤਾਂ ਅਰੰਭ ਵਿੱਚ ਦਸ ਗੁਰੂ ਸਾਹਿਬਾਨ ਦਾ ਜਸ ਗਾਨ ਕਰਦੀਆਂ ਹਨ। ਗੁਰਿਆਈ ਦੀ ਪਰੰਪਰਾ ਵਿੱਚ ਸਭ ਤੋਂ ਵੱਡਾ ਪਰਿਵਰਤਨ ਦਸਮ ਗੁਰੂ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਲਈ ਗੁਰੂ ਦੀ ਪਦਵੀਂ ਘੋਸ਼ਿਤ ਕਰਨ ਨਾਲ ਹੋਇਆ। ਹੁਣ ਸਾਰਾ ਸਿੱਖ ਜਗਤ ਇਸ ਮਹਾਨ ਧਾਰਮਿਕ ਗ੍ਰੰਥ ਨੂੰ ਸ਼ਬਦ ਗੁਰੂ ਵਜੋਂ ਮੰਨਦਾ ਹੈ।

ਸ਼੍ਰੀ ਗੁਰ ਨਾਨਕ ਪ੍ਰਕਾਸ਼ ਅਰੰਭ ਕਰਨ ਤੋਂ ਪਹਿਲਾਂ ਕਵੀ ਨੇ ਖਾਸ ਇਕਾਂਤ ਵਿੱਚ ਬੈਠ ਕੇ ਪਰਮਾਤਮਾ ਜੀ ਦੀ ਅਰਾਧਨਾ ਕੀਤੀ ਹੈ। ਕਵੀ ਗੁਰੂ ਦੇ ਸਿੱਖ ਅਤੇ ਗੁਰੂ ਮਤ ਦੇ ਉਪਾਸ਼ਕ ਸਨ। ਆਪ ਗੁਰੂ ਮਤ ਨੂੰ ਸਰਬ ਮੱਤਾਂ ਤੋਂ ਸ਼ਰੋਮਣੀ ਸਮਝਦੇ ਸਨ। ਇਹ ਗੱਲ ਉਨ੍ਹਾਂ ਦੀ ਆਪਣੀ ਲਿਖੀ ਮਿਲਦੀ ਹੈ।

> ਸਤਿਗੁਰੂ ਕੋ ਉਪਦੇਸ਼ ਹੈ ਜਿਸ ਰੀਤ ਕੋ, ਸੋ ਤੋ ਸਿੰਘ
> ਕੀ ਰੀਤਿ ਸੋਂ ਗਰਜਤਿ ਹੈ ਦੇਸਨ ਪਰਦੇਸ਼ਨ ਮੇਂ: ਭਾਣਾ
> ਮਾਨਣੋ, ਹਉਮੈਂ ਕੋ ਤਜਣੋ, 'ਸਤਿਨਾਮ ਕੋ ਸਿਮਰਨ, ਸਰੂਪ
> ਕੀ ਪ੍ਰਾਪਤਿ, ਇਹ ਮਤ ਸਤਿਗੁਰਨ ਕੋ।[87]

ਕਵੀ ਦਾ ਇਸ਼ਟ ਤਾਂ ਅਕਾਲਪੁਰਖ ਤੇ ਗੁਰੂ ਸਾਹਿਬਾਨ ਦੇ ਜੀਵਨ ਦਾ ਪ੍ਰਯੋਜਨ ਹਰੀ ਤੇ ਗੁਰੂ ਜਸ ਹੈ। ਕਵੀ ਜੀ ਲਿਖਦੇ ਹਨ।

> ਸ੍ਰੀ ਸਤਿਗੁਰ ਪਾਰਸ ਚਰਨ ਮਨ ਮਨੂਰ ਮਮ ਭੇਟ।
> ਕੰਚਨ ਸੋ ਹੋਵਹਿ ਜਬਹਿ ਲਗਹਿ ਨ ਜਮ ਕੀ ਫੇਟ।

ਸ੍ਰੀ ਗੁਰ ਚਰਨ ਸਰੋਜ ਕੇ ਪ੍ਰੇਮ ਅਮੀ ਪਹਿਚਾਨ।
ਅਮਰ ਅਜਰ ਸੁਖ ਪਾਇ ਹੈਂ ਜੇ ਕਰਿਹੀ ਤਿਹ ਪਾਨ।[88]

ਗੁਰੂ ਦੀ ਮਹਿਮਾ ਕਵੀ ਜੀ ਨੇ ਵਾਰ-ਵਾਰ ਕੀਤੀ ਹੈ। ਉਨ੍ਹਾਂ ਕਿਹਾ ਗੁਰੂ ਚਰਨ ਕਮਲਾਂ ਦਾ ਪ੍ਰੇਮ ਹੈ। ਇਹ ਪ੍ਰੇਮ ਅੰਮ੍ਰਿਤ ਰੂਪੀ ਹੈ। ਜਿਸ ਨੂੰ ਪੀ ਕੇ ਮਨੁੱਖ ਅਮਰ ਹੋ ਸਕਦਾ ਹੈ। ਭਾਈ ਸੰਤੋਖ ਸਿੰਘ ਅਨੁਸਾਰ ਸ੍ਰੀ ਗੁਰ ਨਾਨਕ ਦੇਵ ਦੇ ਚਰਨ ਚਾਰ ਪਦਾਰਥਾਂ ਧਰਮ, ਅਰਥ, ਕਾਮ, ਮੋਕਸ਼ ਦੇ ਦਾਤਾ ਹਨ। ਇਸ ਲਈ ਆਪ ਉਨ੍ਹਾਂ ਨੂੰ ਉਦਾਰ ਉਪਕਾਰ ਸੱਜਣ ਤੇ ਸੁਖਦਾਈ ਆਦਿ ਵਿਸ਼ੇਸ਼ਣਾ ਨਾਲ ਯਾਦ ਕਰਦੇ ਹਨ। ਉਹ ਗਿਆਨ ਦੇ ਦਾਤਾ ਹਨ ਇਸ ਕਰਕੇ ਸੰਗਤ ਅਗਿਆਨ ਰੂਪੀ ਹਨ੍ਹੇਰੇ ਤੋਂ ਦੂਰ ਕਰਨ ਬਾਰੇ ਜੁਗਤਾਂ ਦੱਸਦੇ ਹਨ। ਸਾਰੇ ਪਾਪਾਂ ਤੋਂ ਕਲਜੁਗ ਦੇ ਕਲੇਸ਼ਾਂ ਤੋਂ, ਜਮ੍ਹਾ ਦੀ ਫਾਹੀ ਤੋਂ ਝੱਟ-ਪੱਟ ਛੁਡਾ ਦਿੰਦੇ ਹਨ।

ਬਰ ਚਾਰ ਪਦਾਰਥ ਦਾ ਬਰ ਚਾਰ ਵਿਚਾਰ ਕੋ ਮੂਰ ਉਦਾਰ ਸੁਹਾਵੈਂ।
ਉਪਕਾਰਿ ਸਖਾ ਸਖਾਕਾਰ ਸਦਾ ਤਮ ਪਾਰ ਕਰੈਂ ਉਰ ਮੋਂ ਬਸਜਾਵੈਂ।
ਅਘਜਾਲਨਿ ਤੇ ਜਮਜਾਲਿਨਿ ਤੇ ਕਲਿਕਾਲਨ ਤੇ ਤਤਕਾਲ ਛੁਟਾਵੈਂ।
ਅਰਬਿੰਦ ਬਿਖੇ ਗੁਨ ਏ ਸਭਿ ਹੋਹਿਂ ਤਬੈ ਉਪਮਾ ਪਗ ਸ੍ਰੀ ਗੁਰ ਪਾਵੈ।[89]

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ-ਚਰਨ ਚਾਰੇ ਪਦਾਰਥਾਂ ਦੇ ਸਰੇਸ਼ਠ ਦਾਤਾ ਹਨ। ਇਹ ਵਿਚਾਰ ਮੂਲ ਹਨ ਜੋ ਸੱਜਣਾਂ ਸਮਾਨ ਸਦਾ ਉਪਕਾਰੀ ਅਤੇ ਸਹਾਇਕ ਹਨ। ਸਦਾ ਖ਼ੁਸ਼ੀ ਦੇਣ ਵਾਲੇ ਹਨ। ਗੁਰੂ ਦੇ ਦਰਸ਼ਨ ਕਰਨ ਨਾਲ ਸੁੱਖ ਸ਼ਾਂਤੀ ਮਿਲਦੀ ਹੈ। ਗੁਰੂ ਦੀ ਕੀਰਤੀ ਜਾਂ ਗੁਣਗਾਨ ਤੇ ਦਰਸ਼ਨ ਕਰਨ ਨਾਲ ਮੁਕਤੀ ਪ੍ਰਾਪਤ ਹੁੰਦੀ ਹੈ।

ਗੁਰ ਕੈ ਦਰਸਨਿ ਮੁਕਤਿ ਗਤਿ ਹੋਇ। ਸਾਚਾ ਆਪਿ ਵਸੈ ਮਨਿ ਸੋਇ।
ਗੁਰ ਕੈ ਦਰਸਨਿ ਮੋਖ ਦੁਆਰੁ। ਸਤਿਗੁਰੁ ਸੇਵੈ ਪਰਵਾਰ ਸਾਧਾਰੁ।[90]

ਕਵੀ ਵਾਰ ਵਾਰ ਸੱਚੇ ਵਾਹਿਗੁਰੂ ਨੂੰ ਨਮਸਕਾਰ ਕਰਦੇ ਹਨ। ਜੋ ਨਿਸ਼ਚੇ ਲੋਕ ਪਰਲੋਕ ਦੀਆਂ ਬੰਦਸ਼ਾਂ ਦੂਰ ਕਰਨ ਵਾਲਾ ਹੈ। ਦੋਹਾਂ ਲੋਕਾਂ ਵਿੱਚ ਸੁੱਖ ਦਾ ਘਰ ਹੈ ਤੇ ਸਭ ਕਿਸਮ ਦੇ ਦੁੱਖਾਂ ਨੂੰ ਕੱਟਣ ਵਾਲਾ ਹੈ।

ਵਾਹਿਗੁਰੂ ਸਤਿਨਾਮ ਕੋ ਬੰਦਨ ਬਾਰੰਬਾਰ।
ਬੰਧ ਨਿਕੰਦਨ, ਸੁਖ ਸਦਨ, ਦੁਖ ਮਰਦਨ ਨਿਰਧਾਰ।[91]

**ਗੁਰੂ ਦਾ ਦਰਜਾ**

ਗੁਰਮਤਿ ਸਾਧਨਾ ਮਾਰਗ ਵਿੱਚ ਗੁਰੂ ਦਾ ਸਥਾਨ ਸ਼੍ਰੋਮਣੀ ਦਰਜਾ ਰੱਖਦਾ ਹੈ। ਡਾ. ਰਤਨ ਸਿੰਘ ਜੱਗੀ ਨੇ

> ਭਗਤ ਜਾਂ ਸਾਧਕ ਦੀ ਸਾਧਨਾ ਵਿੱਚ ਗੁਰੂ ਦਾ ਸਥਾਨ ਰੀੜ੍ਹ ਦੀ ਹੱਡੀ ਵਾਲਾ ਦੱਸਿਆ ਹੈ। ਇਸ ਤੋਂ ਬਿਨ੍ਹਾਂ ਸਾਧਨਾ ਨਹੀਂ ਹੋ ਸਕਦੀ।[92]

ਗੁਰੂ ਨਾਨਕ ਦੇਵ ਨੂੰ ਵੇਦਾਂ ਦਾ ਕਰਤਾ ਰਿਖੀ ਸਰੂਪ ਸ਼੍ਰਤੀ ਦਾ ਧਾਰਨੀ ਮੰਨਿਆ ਗਿਆ ਹੈ। ਇੱਕ ਥਾਂ ਉਨ੍ਹਾਂ ਨੂੰ ਪਰਮੇਸ਼ਰ ਦਾ ਅਵਤਾਰ ਕਿਹਾ ਹੈ। ਇਸ ਲਈ ਉਨ੍ਹਾਂ ਨੂੰ ਗੁਰੂ ਧਾਰਨ ਦੀ ਲੋੜ ਨਹੀਂ ਸੀ।

> ਗੁਰੂ ਨਾਨਕ ਜੋ ਸਰਬੱਗਯ ਹੈਂ, ਅਪਨੀ ਬਾਨੀ ਮੇਂ ਸਰਬ ਬੇਦ ਦੀ ਸ਼੍ਰਤੀ ਕੋ ਹੀ ਅਰਥ ਰਾਖਯੋ। ਪੂਰਬ ਜੋ ਵੇਦ ਹੈਂ ਸੋ ਭੀ ਤਿਨਕੋ ਹੀ ਮਤ ਹੁਤੋ। ਅਬ ਕਲਜੁਗਿ ਕੌ ਸਮਾ ਦੇਖਕਰਿ ਮੰਦ ਬੁੱਧੀ ਲੋਕਨ ਕੀ ਜਾਨ ਕਰਿ ਤਿਸ ਵੇਦ ਕੋ ਹੀ ਅਬ ਦੇਸ਼ ਭਾਖਾ ਮੇ ਬਨਾਇ ਸਿਖਯਨ ਕੋ ਉਪਦੇਸ਼ ਦੀਓ।[93]

ਭਾਈ ਸੰਤੋਖ ਸਿੰਘ ਦੇ ਵਿਚਾਰ ਅਨੁਸਾਰ ਗੁਰੂ ਨਿਰੰਕਾਰ ਦਾ ਅਵਤਾਰ ਹੈ ਤੇ ਉਸ ਦਾ ਸਾਕਾਰ ਰੂਪ ਹੈ। ਗੁਰੂ ਪਰਮਾਤਮਾ ਦਾ ਬਾਹਰੀ ਰੂਪ ਹੈ। ਅਦਿਕ ਗੁਰੂ ਪਰਮਾਤਮਾ ਹੈ। ਗੁਰੂ ਪਰਮਾਤਮਾ ਦਾ ਸਰੀਰ ਹੈ। ਪਰਮ ਆਤਮਾ ਗੁਰੂ ਹੈ ਜੋ ਸੁੱਖ ਹੈ। ਗੁਰੂ ਦਿਖ ਹੈ, ਪਰਮਾਤਮਾ ਅਦਿੱਖ ਹੈ।

**ਗੁਰੂ ਦਾ ਮਹੱਤਵ**

ਗੁਰਬਾਣੀ ਵਿੱਚ ਸ਼ਬਦ ਗੁਰੂ ਦਾ ਵਿਸ਼ੇਸ਼ ਮਹੱਤਵ ਦਿੱਤਾ ਗਿਆ ਹੈ, ਸ਼ਬਦ ਗੁਰੂ ਤੋਂ ਭਾਵ ਗੁਰੂ ਦੀ ਬਾਣੀ, ਗੁਰੂ ਦੀ ਮੱਤ ਜਾਂ ਗੁਰੂ ਦੀ ਸਿੱਖਿਆ। ਇਸ ਵਿੱਚ ਗੁਰੂ ਦਾ ਰੂਪ ਰਸ ਤੇ ਪ੍ਰਤੀਬਿੰਬਤ ਹੋ ਰਿਹਾ ਹੈ। ਪ੍ਰਿੰਸੀਪਲ ਤੇਜਾ ਸਿੰਘ ਲਿਖਦੇ ਹਨ

> ਸਿੱਖ ਧਰਮ ਵਿਚਾਰਾਂ ਅਤੇ ਸਿਧਾਤਾਂ ਦੇ ਸਮੂਹ ਦੀ ਥਾਂ ਇੱਕ ਵਿਸ਼ੇਸ਼ ਆਦਰਸ਼ ਜਾਂ ਮਾਡਲ ਜੀਵਨ ਜਾਚ ਹੈ। ਇਹ ਨਿਯਮਾਂ ਜਾਂ ਕਾਨੂੰਨਾਂ ਉਪਰ ਅਧਾਰਿਤ ਨਹੀਂ, ਸਗੋਂ ਮੁਰੀਦੀ, ਸਿੱਖੀ ਜਾਂ ਸ਼ਗਿਰਦੀ ਤੇ ਅਧਾਰਿਤ ਹੈ। ਆਪਣੇ ਸਿੱਖ ਦੇ ਸਾਰੇ ਦੈਵੀ ਮਾਮਲਿਆਂ ਪ੍ਰਤੀ ਉਸ ਦੇ ਜੀਵਨ ਵਿੱਚ ਉਪਦੇਸ਼ ਰਾਹੀਂ ਪਰਿਵਰਤਨ ਲਿਆਉਣ ਹਿਤ ਗੁਰੂ ਸ਼ਖ਼ਸੀਅਤ ਹਰ ਸਮੇਂ ਸਕ੍ਰਿਆ ਰਹਿੰਦੀ ਹੈ।[94]

ਸ਼੍ਰੀ ਗੁਰ ਨਾਨਕ ਪ੍ਰਕਾਸ਼ ਵਿੱਚ ਗੁਰੂ ਰੂਪੀ ਸਾਗਰ ਨਾਲ ਮੱਛੀ ਵਾਂਗ ਰਹਿਣ ਦੀ ਨਸੀਅਤ ਕੀਤੀ ਗਈ ਹੈ। ਵਰਤਮਾਨ ਮਨੁੱਖ, ਗੁਰੂ ਰੂਪੀ ਸਾਗਰ ਤੋਂ ਵਿਛੜ ਕੇ ਮੱਛਲੀ ਵਾਂਗ ਤੜਫ ਰਿਹਾ ਹੈ। ਮਨੁੱਖ ਦੀ ਤੜਫਣ ਤੇ ਭਟਕਣ ਗੁਰੂ ਦੇ ਅੰਗ ਸੰਗ ਰਹਿਕੇ ਦੂਰ ਹੋ ਸਕਦੀ ਹੈ!

ਸ੍ਰੀ ਗੁਰੂ ਗੋਬਿੰਦ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਗੁਰੂ ਪਦ ਪ੍ਰਦਾਨ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 'ਗੁਰੂ' ਦੀ ਬਹੁਤ ਅਧਿੱਕ ਮਹੱਤਤਾ ਸਥਾਪਤ ਹੋਈ ਹੈ।

'ਸੁਖਮਨੀ' ਸਾਹਿਬ ਵਿੱਚ ਗੁਰੂ ਦੇ ਸਰੂਪ ਨੂੰ ਸਪਸ਼ਟ ਕਰਦਿਆਂ ਸ੍ਰੀ ਗੁਰੂ ਅਰਜਨ ਦੇਵ ਨੇ ਕਿਹਾ ਹੈ।

> ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ।
> ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ।[95]

ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ ਅਨੁਸਾਰ,

> ਗੁਰੂ ਆਤਮਿਕ ਪੱਥ ਪ੍ਰਦਰਸ਼ਕ ਹੁੰਦਾ ਹੈ। ਸਿੱਖ ਧਰਮ ਵਿੱਚ ਗੁਰੂ ਕੇਂਦਰ ਬਿੰਦੂ ਹੈ। ਸਿੱਖ ਚਿੰਤਨ ਅਨੁਸਾਰ ਗੁਰੂ ਮਨੁੱਖੀ ਆਤਮਿਕ ਉਨੱਤੀ ਲਈ ਜ਼ਰੂਰੀ ਅੰਗ ਹੈ। ਨਾ ਤਾਂ ਉਹ ਅਵਤਾਰ ਤੇ ਨਾ ਹੀ ਮਨੁੱਖ ਦੇ ਰੂਪ ਵਿੱਚ ਰੱਬ ਹੁੰਦਾ ਹੈ। ਸਗੋਂ ਉਹਦੇ ਰਾਹੀਂ ਰੱਬ ਮਨੁੱਖਾਂ ਨੂੰ ਉਪਦੇਸ਼/ਹੁਕਮ/ਨਿਰਦੇਸ਼ ਦਿੰਦਾ ਹੈ। ਉਹ ਪੂਰਨ ਅਨੁਭਵੀ ਆਤਮਾ ਦਾ ਮਾਲਕ ਹੋਣ ਦੇ ਕਾਰਨ ਆਸਤਕ ਲੋਕਾਂ ਨੂੰ ਆਤਮਿਕ ਗਿਆਨ ਦੀ ਸਰਵਉਚ ਅਵਸਥਾ ਤੱਕ ਅਗਵਾਈ ਦੇਣ ਦੇ ਯੋਗ ਹੁੰਦਾ ਹੈ।[96]

ਸੰਤ ਸਾਹਿਤ ਵਿੱਚ ਗੁਰੂ ਨੂੰ ਬਹੁਤ ਅਹਿਮੀਅਤ ਮਿਲੀ ਹੈ। ਗੁਰੂ ਹੀ ਸਾਧਕ ਵਿੱਚ ਅਧਿਆਤਮਿਕ ਉਤੇਜਨਾਂ ਜਗਾ ਕੇ ਪਰਮਾਤਮਾ ਵੱਲ ਲਾਉਂਦਾ ਹੈ। ਡਾ. ਦਰਸ਼ਨ ਸਿੰਘ ਦਾ ਮਤ ਹੈ ਕਿ

> ਸੰਤ ਸਾਹਿਤ ਅਨੁਸਾਰ ਸਤਿਗੁਰੂ ਉਹੀ ਹੋ ਸਕਦਾ ਹੈ ਕਿ ਜਿਹੜਾ ਸਦਾ ਹੀ ਰਾਮ ਰਸ ਵਿੱਚ ਲੀਨ, ਪੂਜਾ ਕਰਾਉਣ ਦੀ ਭਾਵਨਾ ਤੋਂ ਮੁਕਤ, ਅਡੰਬਰ ਰਹਿਤ, ਆਤਮਾ ਪਰਮਾਤਮਾ ਦੀ ਏਕਤਾ ਦਾ ਅਨੁਭਵੀ, ਅਗਿਆਨ ਵਿਨਾਸ਼ਨ, ਮੋਹ ਮਾਇਆ ਆਦਿ ਵਿਕਾਰਾਂ ਅਤੇ ਹਰਖ ਸੋਗ ਤੋਂ ਨਿਰਲੇਪ, ਸਤਸੰਗ ਅਤੇ ਪਰਮਾਤਮਾ ਸਾਖਿਆਤਕਾਰ ਵਿੱਚ ਲੀਨ ਸੱਚਾ ਮਿੱਤਰ, ਪਤਿਤ ਪਾਵਨ, ਉਦਾਰਚਿਤ, ਚਰਿੱਤਰ ਨਿਰਮਾਤਾ, ਈਸ਼ਵਰ ਤੋਂ ਵੀ ਉੱਚੀ ਪ੍ਰਤਿਸ਼ਠਾ ਦਾ ਸਵਾਮੀ ਇੱਕ ਨਿਰਭਉ, ਨਿਰਵੈਰ ਤੇ ਸਮਦਰਸ਼ੀ ਮਹਾਂਪੁਰਸ਼ ਹੋਵੇ।[97]

ਹਰ ਮਨੁੱਖ ਨੂੰ ਕੰਮ ਸਿੱਖਣ ਲਈ ਕਿਸੇ ਨਾ ਕਿਸੇ ਆਗੂ, ਰਹਿਬਰ ਜਾਂ ਅਧਿਆਪਕ ਦੀ ਲੋੜ ਪੈਂਦੀ ਹੈ। ਇਸੇ ਤਰ੍ਹਾਂ ਪਰਮਾਰਥਿਕ ਮਾਰਗ ਦੇ ਜਗਿਆਸੂ ਨੂੰ ਵੀ ਕਿਸੇ ਉੱਤਮ ਪੁਰਸ਼ ਜਾਂ ਗੁਰੂ ਦੀ ਅਤਿਅੰਤ ਜ਼ਰੂਰਤ ਹੁੰਦੀ ਹੈ। ਗੁਰੂ ਦੇ ਪ੍ਰਕਾਸ਼ ਬਿਨਾਂ ਅਗਿਆਨ ਦਾ ਹਨ੍ਹੇਰਾ ਦੂਰ ਨਹੀਂ ਹੋ ਸਕਦਾ। ਚਾਹੇ ਕਿੰਨੇ ਹੀ ਚੰਦ ਸੂਰਜ ਦੀ ਰੋਸ਼ਨੀ ਹੋਵੇ ਗੁਰੂ ਬਿਨ੍ਹਾਂ ਹਨ੍ਹੇਰਾ ਹੀ ਹੁੰਦਾ ਹੈ। ਗੁਰੂ ਅੰਗਦ ਦੇਵ ਫੁਰਮਾਉਂਦੇ ਹਨ:

> ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥
> ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥[98]

## ਹਵਾਲੇ/ਟਿੱਪਣੀਆਂ


1. **ਸ੍ਰੀ ਗੁਰੂ ਗ੍ਰੰਥ ਸਾਹਿਬ,** ਮਹਲਾ ਚੌਥਾ, ਪੰਨਾ 309
2. ਕਾਨ੍ਹ ਸਿੰਘ ਨਾਭਾ (ਭਾਈ), **ਮਹਾਨ ਕੋਸ਼,** ਪੰਨਾ 662
3. ਸੰਤੋਖ ਸਿੰਘ (ਭਾਈ), **ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,** ਜਿਲਦ ਤੀਜੀ, ਭਾਈ ਵੀਰ ਸਿੰਘ (ਸੰਪਾ.), ਪੰਨਾ 545-546
4. ਉਹੀ, ਜਿਲਦ ਦੂਜੀ, ਪੰਨਾ 83
5. ਉਹੀ, ਪੰਨਾ 143
6. ਜੌਨ ਡੌਸਨ, **ਹਿੰਦੂ ਮਿਥਿਹਾਸ ਕੋਸ਼**, ਪੰਨਾ 302-303
7. ਸੰਤੋਖ ਸਿੰਘ (ਭਾਈ), **ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,** ਜਿਲਦ ਦੂਜੀ, ਭਾਈ ਵੀਰ ਸਿੰਘ (ਸੰਪਾ.), ਪੰਨਾ 2
8. ਹਰਜੋਤ ਕੌਰ (ਡਾ.), **ੴ ਗੁਰਮਤਿ ਦੇ ਪ੍ਰਮੁੱਖ ਸੰਕਲਪ,** ਪੰਨਾ 14
9 ਸੰਤੋਖ ਸਿੰਘ (ਭਾਈ), **ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,** ਜਿਲਦ ਦੂਜੀ, ਭਾਈ ਵੀਰ ਸਿੰਘ (ਸੰਪਾ.), ਪੰਨਾ 16
10. ਪਰਮਿੰਦਰ ਸੋਢੀ, **ਚੀਨੀ ਦਰਸ਼ਨ ਤਾਓਵਾਦ,** ਪੰਨਾ 76
11. ਸਰਦੂਲ ਸਿੰਘ ਕਵੀਸ਼ਰ (ਸੰਪਾ.) **ਸਿੱਖ ਧਰਮ ਦਰਸ਼ਨ,** ਪੰਨਾ 47
12. ਤਾਰਨ ਸਿੰਘ (ਡਾ.), **ਨੇਮ ਅਤੇ ਪ੍ਰੇਮ,** ਪੰਨਾ 74
13. **ਸ਼ਬਦਾਰਥ** (ਪੋਥੀ ਚੌਥੀ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਮਹਲਾ 5, ਪੰਨਾ 1144
14. ਸੰਤੋਖ ਸਿੰਘ (ਭਾਈ), **ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,** ਜਿਲਦ ਦੂਜੀ, ਭਾਈ ਵੀਰ ਸਿੰਘ (ਸੰਪਾ.), ਪੰਨਾ 54
15. ਮਨਮੋਹਨ ਸਹਿਗਲ (ਡਾ.), **ਗੁਰੂ ਗ੍ਰੰਥ ਸਾਹਿਬ ਏਕ ਸਾਂਸਕ੍ਰਿਤਕ ਸਰਵੇਖਣ,** ਪੰਨਾ 250
16. ਉਹੀ, ਪੰਨਾ 252
17. ਸੰਤੋਖ ਸਿੰਘ (ਭਾਈ), **ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,** ਜਿਲਦ ਦੂਜੀ, ਭਾਈ ਵੀਰ ਸਿੰਘ (ਸੰਪਾ.), ਪੰਨਾ 86
18. ਸੰਤੋਖ ਸਿੰਘ (ਭਾਈ), **ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,** ਜਿਲਦ ਦੂਜੀ, ਭਾਈ ਵੀਰ ਸਿੰਘ (ਸੰਪਾ.), ਪੰਨਾ 92
19. ਉਹੀ, ਦੂਜੀ ਜਿਲਦ, ਪੰਨਾ 87
20. ਉਹੀ, ਚੌਥੀ ਜਿਲਦ, ਪੰਨਾ 1258
21. **ਸ੍ਰੀ ਗੁਰੂ ਗ੍ਰੰਥ ਸਾਹਿਬ**, 5, ਪੰਨਾ 868
22. ਉਹੀ, ਮਹਲਾ ਪਹਿਲਾ, ਪੰਨਾ 144
23. ਉਹੀ, ਪੰਨਾ 988, ਬਾਣੀ ਭਗਤ ਨਾਮਦੇਵ ਜੀ ਕੀ
24. ਸੰਤੋਖ ਸਿੰਘ (ਭਾਈ), **ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,** ਜਿਲਦ ਦੂਜੀ, ਭਾਈ ਵੀਰ ਸਿੰਘ (ਸੰਪਾ.), ਪੰਨਾ 100
25. ਉਹੀ, ਜਿਲਦ ਚੌਥੀ, ਪੰਨਾ 1251
26. ਸੰਤੋਖ ਸਿੰਘ (ਭਾਈ), **ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,** ਜਿਲਦ ਦੂਜੀ, ਭਾਈ ਵੀਰ ਸਿੰਘ (ਸੰਪਾ.), ਪੰਨਾ 104
27. ਉਹੀ, ਜਿਲਦ ਦੂਜੀ, ਪੰਨਾ 107
28. ਭਾਈ ਕਾਨ੍ਹ ਸਿੰਘ ਨਾਭਾ, **ਮਹਾਨ ਕੋਸ਼,** ਪੰਨਾ 896
29. ਉਹੀ, ਪੰਨਾ 499
30. ਬ੍ਰਹਮ ਪੁਰਾਣ (ਸੰਪਾ.) **ਤਰਣੀਸ ਝਾਅ**, ਪੰਨਾ 1939
31. ਰਤਨ ਸਿੰਘ ਜੱਗੀ (ਡਾ.), **ਗੁਰੂ ਨਾਨਕ ਦੀ ਵਿਚਾਰਧਾਰਾ,** ਪੰਨਾ 89
32. **ਸ੍ਰੀ ਗੁਰੂ ਗ੍ਰੰਥ ਸਾਹਿਬ**, ਮਹਲਾ 1, ਪੰਨਾ 839

33. ਪ੍ਰਭਾਕਰ ਮਾਚਵੇ (ਸੰਪਾ.), **ਭਾਰਤੀਜ ਸੰਸਕ੍ਰਿਤੀ** (ਭਾਗ ਪਹਿਲਾ), ਪੰਨਾ 467
34. **ਮੁੰਡਿਕ ਉਪਨਿਸ਼ਦ**, ਪਰਾਗ ਇਲਾਹਬਾਦ, ਪੰਨਾ 199
35. **ਬਾਲਮੀਕੀ ਰਾਮਾਇਣ**, ਪੰਡਿਤ ਪੁਸਤਕਾਲਿਯ ਕਾਸ਼ੀ 1959
36. **ਸ੍ਰੀਮਦ ਭਗਵਤ ਪੁਰਾਣ,** ਪੰਨਾ 486
37. ਰਤਨ ਸਿੰਘ ਜੱਗੀ (ਡਾ.), **ਗੁਰੂ ਗ੍ਰੰਥ ਵਿਸ਼ਵਕੋਸ਼,** ਪੰਨਾ 10
38. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰ ਨਾਨਕ ਪ੍ਰਕਾਸ਼, ਪੂਰਬਾਰਧ,** (ਭਾਗ ਪਹਿਲਾ), ਕਿਰਪਾਲ ਸਿੰਘ (ਸੰਪਾ.), ਪੰਨਾ 76
39. ਕਾਨ੍ਹ ਸਿੰਘ ਨਾਭਾ (ਭਾਈ), **ਮਹਾਨ ਕੋਸ਼,** ਪੰਨਾ 499
40. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,** ਜਿਲਦ ਦੂਜੀ, ਭਾਈ ਵੀਰ ਸਿੰਘ (ਸੰਪਾ.), ਪੰਨਾ 197
41. **ਸ੍ਰੀ ਗੁਰੂ ਗ੍ਰੰਥ ਸਾਹਿਬ,** ਮਹਲਾ 5, ਪੰਨਾ 294
42. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,** ਜਿਲਦ ਦੂਜੀ, ਭਾਈ ਵੀਰ ਸਿੰਘ (ਸੰਪਾ.), ਪੰਨਾ 227
43. ਉਹੀ, ਪੰਨਾ 245
44. **ਸ੍ਰੀ ਗੁਰੂ ਗ੍ਰੰਥ ਸਾਹਿਬ**, ਮਹਲਾ 1, ਪੰਨਾ 1
45. ਉਹੀ, ਮਹਲਾ 1, ਪੰਨਾ 3
46. ਉਹੀ, ਮਹਲਾ 1, ਪੰਨਾ 1035
47. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,** ਜਿਲਦ ਚੌਥੀ, ਭਾਈ ਵੀਰ ਸਿੰਘ (ਸੰਪਾ.), ਪੰਨਾ 840
48. ਉਹੀ, ਪੰਨਾ 784
49. ਏ.ਐਸ.ਕਾਹਲੋਂ (ਡਾ.) **ਗੁਰਮਤਿ ਵਿੱਚ ਮਾਇਆ ਦਾ ਸੰਕਲਪ,** ਪੰਨਾ 1 ਤੋਂ 2
50. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,** ਜਿਲਦ ਚੌਥੀ, ਭਾਈ ਵੀਰ ਸਿੰਘ (ਸੰਪਾ.), ਪੰਨਾ 814
51. **ਗੁਰ ਗ੍ਰੰਥ ਸਾਹਿਬ,** ਮਹਲਾ 1, ਪੰਨਾ 721
52. **ਸ੍ਰੀ ਗੁਰੂ ਗ੍ਰੰਥ ਸਾਹਿਬ**, ਮਹਲਾ 5, ਪੰਨਾ 736
53. ਕਾਨ੍ਹ ਸਿੰਘ ਨਾਭਾ (ਭਾਈ), **ਮਹਾਨ ਕੋਸ਼,** ਪੰਨਾ 98
54. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,** ਜਿਲਦ ਤੀਜੀ, ਭਾਈ ਵੀਰ ਸਿੰਘ (ਸੰਪਾ.), ਪੰਨਾ 487
55. ਸ਼ੇਰ ਸਿੰਘ (ਡਾ.), **ਗੁਰਮਤਿ ਦਰਸ਼ਨ**, ਪੰਨਾ 247
56. ਕੁਲਵੰਤ ਕੌਰ (ਡਾ.), **ਗੁਰੂ ਨਾਨਕ ਦੇਵ ਜੀ ਦਾ ਜੀਵ ਦਾ ਸੰਕਲਪ,** ਪੰਨਾ 29
57. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,** ਜਿਲਦ ਦੂਜੀ, ਭਾਈ ਵੀਰ ਸਿੰਘ (ਸੰਪਾ.), ਪੰਨਾ 176
58. ਉਹੀ, ਪੰਨਾ 179
59. ਉਹੀ, ਜਿਲਦ ਤੀਜੀ, ਪੰਨਾ 491
60. ਉਹੀ, ਜਿਲਦ ਚੌਥੀ, ਪੰਨਾ 887
61. ਜੋਗਿੰਦਰ ਸਿੰਘ, **ਸੁਖਮਨੀ ਸਾਹਿਬ ਦਾ ਦਾਰਸ਼ਨਿਕ ਅਧਿਐਨ,** ਪੰਨਾ 224
62. ਉਹੀ, ਪੰਨਾ 164
63. **ਸ੍ਰੀ ਗੁਰੂ ਗ੍ਰੰਥ ਸਾਹਿਬ**, ਸ੍ਰੀ ਰਵਿਦਾਸ ਜੀਉ, ਪੰਨਾ 659
64. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,** ਜਿਲਦ ਚੌਥੀ, ਭਾਈ ਵੀਰ ਸਿੰਘ (ਸੰਪਾ.), ਪੰਨਾ 908
65. ਉਹੀ, ਪੰਨਾ 787
66. ਉਹੀ, ਜਿਲਦ ਤੇਰਵੀਂ, ਪੰਨਾ 5650

67. ਉਹੀ, ਪੰਨਾ 5651-5655

68. ਉਹੀ, ਪੰਨਾ 5659

69. ਉਹੀ, ਪੰਨਾ 5664

70. ਉਹੀ, ਜਿਲਦ ਚੌਥੀ, ਪੰਨਾ 795

71. ਸਰਦੂਲ ਸਿੰਘ ਕਵੀਸ਼ਰ, (ਸੰਪਾ.), **ਸਿੱਖ ਧਰਮ ਦਰਸ਼ਨ**, ਪੰਨਾ 191

72. ਮਨਮੋਹਨ ਸਹਿਗਲ (ਡਾ.**), ਗੁਰੂ ਗ੍ਰੰਥ ਸਾਹਿਬ ਏਕ ਸੰਸਕ੍ਰਿਤਕ ਸਰਵੇਖਣ**, ਪੰਨਾ 512

73. ਸ੍ਰੀਮਤੀ ਮਨੂੰ, ਪੰਨਾ 2-8-25

74. ਯਾਗਵਲਕਯ ਸੰਮ੍ਰਿਤੀ II-5-6-1

75. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,** ਜਿਲਦ ਚੌਥੀ, ਭਾਈ ਵੀਰ ਸਿੰਘ (ਸੰਪਾ.), ਪੰਨਾ 868

76. ਅਵਤਾਰ ਸਿੰਘ (ਡਾ.), **ਸ਼ਬਦ ਗੁਰੂ : ਗ੍ਰੰਥ ਸਾਹਿਬ,** ਪ੍ਰਸਤਾਵਨਾ

77. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,** ਜਿਲਦ ਤੀਜੀ, ਭਾਈ ਵੀਰ ਸਿੰਘ (ਸੰਪਾ.), ਪੰਨਾ 497

78. ਅਵਤਾਰ ਸਿੰਘ (ਡਾ.), **ਸ਼ਬਦ ਗੁਰੂ : ਗ੍ਰੰਥ ਸਾਹਿਬ,** ਪੰਨਾ 47

79. ਰਤਨ ਸਿੰਘ ਜੱਗੀ (ਡਾ.) (ਸੰਪਾ.), **ਸਾਹਿਤ ਕੋਸ਼ ਪਾਰਿਭਾਸ਼ਿਕ ਸ਼ਬਦਾਵਲੀ**, ਪੰਨਾ 483

80. ਕਾਨ੍ਹ ਸਿੰਘ ਨਾਭਾ (ਭਾਈ), **ਮਹਾਨ ਕੋਸ਼,** ਪੰਨਾ 415

81. ਅਵਤਾਰ ਸਿੰਘ (ਡਾ.), **ਸ਼ਬਦ ਗੁਰੂ : ਗ੍ਰੰਥ ਸਾਹਿਬ,** ਪੰਨਾ 49

82. ਸਮਦਰਸ਼ੀ, ਅੰਕ ਨੰ: 102, **ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ੇਸ਼ ਅੰਕ,** ਪੰਨਾ 14

83. ਕਾਨ੍ਹ ਸਿੰਘ ਨਾਭਾ (ਭਾਈ), **ਮਹਾਨ ਕੋਸ਼,** ਪੰਨਾ 419

84. ਭਾਈ ਸੰਤੋਖ ਸਿੰਘ, **ਗਰਬ ਗੰਜਨੀ ਟੀਕਾ**, ਪੰਨਾ 10।

85. **ਸ੍ਰੀ ਗੁਰੂ ਗ੍ਰੰਥ ਸਾਹਿਬ**, ਮਹਲਾ 5, ਪੰਨਾ 957

86. ਸੰਤੋਖ ਸਿੰਘ (ਭਾਈ), **ਗਰਬ ਗੰਜਨੀ ਟੀਕਾ,** ਪੰਨਾ 50

87. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,** ਜਿਲਦ ਪਹਿਲੀ, ਭਾਈ ਵੀਰ ਸਿੰਘ (ਸੰਪਾ.), ਪੰਨਾ 164

88. ਉਹੀ, ਜਿਲਦ ਤੀਜੀ, ਪੰਨਾ 427 ਤੋਂ 642

89. ਉਹੀ, ਜਿਲਦ ਦੂਜੀ, ਪੰਨਾ 21

90. **ਸ੍ਰੀ ਗੁਰੂ ਗ੍ਰੰਥ ਸਾਹਿਬ**, ਮਹਲਾ 3, ਪੰਨਾ 361

91. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,** ਜਿਲਦ ਪਹਿਲੀ, ਭਾਈ ਵੀਰ ਸਿੰਘ (ਸੰਪਾ.), ਪੰਨਾ 66

92. ਰਤਨ ਸਿੰਘ ਜੱਗੀ (ਡਾ.), **ਗੁਰੂ ਨਾਨਕ ਦੀ ਵਿਚਾਰਧਾਰਾ**, ਪੰਨਾ 319

93. ਕਵੀ ਚੂੜਾਮਣਿ ਸੰਤੋਖ ਸਿੰਘ, **ਸ੍ਰੀ ਜਪੁ ਸਾਹਿਬ ਸਟੀਕ, ਗਰਬ ਗੰਜਨੀ ਟੀਕਾ,** ਪੰਨਾ 5

94. Teja Singh Principal Sikhism, **Its Ideals & Institutions,** P. 17

95. **ਸ੍ਰੀ ਗੁਰ ਗ੍ਰੰਥ ਸਾਹਿਬ,** ਮਹਲਾ 5, ਪੰਨਾ 286

96. Harbans Singh (ed.), **Encyclopaedia of Sikhism,** Vol.2, P. 196-197

97. ਦਰਸ਼ਨ ਸਿੰਘ (ਡਾ.) **ਗੁਰੂ ਗ੍ਰੰਥ ਬਾਣੀ ਵਿੱਚ ਗੁਰੂ ਦਾ ਸੰਕਲਪ,** ਪੰਨਾ 38

98. **ਸ੍ਰੀ ਗੁਰੂ ਗ੍ਰੰਥ ਸਾਹਿਬ**, ਮਹਲਾ 1, ਪੰਨਾ 463

# ਅਧਿਆਇ – ਪੰਜਵਾਂ

# ਸ਼੍ਰੀ ਗੁਰ ਨਾਨਕ ਪ੍ਰਕਾਸ਼ ਅਨੁਸਾਰ ਧਰਮ ਸਾਧਨਾ

ਮਨੁੱਖੀ ਜੀਵਨ ਨੂੰ ਬਦਲਣ ਲਈ ਧਰਮ ਸਾਧਨਾ ਦਾ ਬਹੁਤ ਮਹੱਤਵ ਹੈ। ਪਰਮ-ਪਦ ਦੀ ਪ੍ਰਾਪਤੀ ਲਈ ਸਾਧਕ ਨੂੰ ਕਈ ਪ੍ਰਕਾਰ ਦੇ ਯਤਨ ਕਰਨੇ ਪੈਂਦੇ ਹਨ। ਇਨ੍ਹਾਂ ਯਤਨਾਂ ਨੂੰ ਸਾਧਨਾ ਦਾ ਨਾਂ ਦਿੱਤਾ ਜਾਂਦਾ ਹੈ। ਸਾਧਨਾ ਸਹਿਜ ਅਵਸਥਾ ਤੇ ਸ਼ੁੱਧ ਮਨ ਨਾਲ ਹੀ ਕੀਤੀ ਜਾ ਸਕਦੀ ਹੈ। ਮਨੁੱਖ ਦੀਆਂ ਮਾਨਸਿਕ ਰੁੱਚੀਆਂ ਵਿੱਚ ਪਰਸਪਰ ਅੰਤਰ ਹੋਣ ਕਰਕੇ ਸਾਧਨਾ ਦੇ ਸਰੂਪ ਵਿੱਚ ਵੀ ਅੰਤਰ ਹੋਣਾ ਸੁਭਾਵਿਕ ਹੈ। ਅਧਿਆਤਮਿਕਤਾ ਦੇ ਖੇਤਰ 'ਚ ਸਾਧਨਾ ਦੇ ਚਾਰ ਮਾਰਗ ਮੰਨੇ ਗਏ ਹਨ। ਇਨ੍ਹਾਂ ਵਿੱਚ ਕਰਮ ਮਾਰਗ, ਗਿਆਨ ਮਾਰਗ, ਯੋਗ ਮਾਰਗ ਅਤੇ ਭਗਤੀ ਮਾਰਗ ਹਨ। ਇਨ੍ਹਾਂ ਚਾਰੇ ਮਾਰਗਾਂ ਵਿਚੋਂ ਕਿਹੜਾ ਸ਼੍ਰੇਸ਼ਟ ਹੈ? ਇਸ ਸੰਬੰਧੀ ਮਾਨਤਾਵਾਂ ਬਦਲਦੀਆਂ ਰਹੀਆਂ ਹਨ। ਦਰਸ਼ਨ ਸ਼ਾਸਤਰ ਵਿੱਚ ਸਾਧਨਾ ਮਾਰਗ ਦੀ ਵਿਚਾਰਧਾਰਾ ਨੂੰ ਕਰਮਵਾਦ ਦਾ ਨਾਂ ਦਿੱਤਾ ਜਾਂਦਾ ਹੈ।

> ਯਜੁਰਵੇਦ ਅਨੁਸਾਰ ਸਾਧਨਾ ਤੇ ਆਤਮ ਗਿਆਨ ਦੇ ਸਹਾਰੇ ਮਨੁੱਖ ਮ੍ਰਿਤੂ ਵੀ ਉਲੰਘ ਜਾਂਦਾ ਹੈ। ਮੁੰਡਕ ਉਪਨਿਸ਼ਦ ਵਿੱਚ ਸਾਧਨਾ ਤੇ ਗਿਆਨ ਨੂੰ ਅੰਮ੍ਰਿਤ ਤੇ ਪੁਲ ਨਾਲ ਉਪਮਾਇਆ ਗਿਆ ਹੈ। ਇਵੇਂ ਗੀਤਾ ਵਿੱਚ ਗਿਆਨ ਮਾਰਗ ਨੂੰ ਆਤਮਾ ਪਰਮਾਤਮਾ ਦੀ ਇਕਮਿਕਤਾ ਦਾ ਸਾਧਨ ਮੰਨਿਆ ਗਿਆ ਹੈ। ਭਾਰਤ ਵਿੱਚ ਸਾਧਨਾ ਮਾਰਗ ਦੀ ਬੜੀ ਗੌਰਵਸ਼ੀਲ ਪਰੰਪਰਾ ਰਹੀ ਹੈ। ਇਸ ਪਰੰਪਰਾ ਦਾ ਵਿਸਥਾਰ ਹੋਇਆ ਹੈ। ਮੱਧ ਯੁੱਗ ਦੇ ਸੰਤਾਂ ਨੇ ਯੋਗਿਕ ਸਾਧਨਾ ਦੇ ਖੇਤਰ ਵਿਚ ਸਹਿਜਯੋਗ ਜਾ ਰਾਜ ਯੋਗ ਦੇ ਰੂਪ ਨੂੰ ਸਵੀਕਾਰਨ ਤੇ ਵਧੇਰੇ ਬਲ ਦਿੱਤਾ ਹੈ।[1]

ਸਿੱਖ ਧਰਮ ਚਿੰਤਨ ਵਿੱਚ ਨਾਮ, ਸਿਮਰਨ, ਸੇਵਾ, ਸੰਗਤ ਅਤੇ ਸਦਾਚਾਰਿਕ ਗੁਣ ਮੁੱਖ ਹਨ। ਇਸ ਅਧਿਆਇ ਵਿੱਚ ਸ਼੍ਰੀ ਗੁਰ ਨਾਨਕ ਪ੍ਰਕਾਸ਼ ਅਨੁਸਾਰ ਧਰਮ ਸਾਧਨਾ ਨਿਮਨਲਿਖਤ ਅਨੁਸਾਰ ਦ੍ਰਿਸ਼ਟੀਗੋਚਰ ਹੁੰਦੀ ਹੈ:

(ੳ) ਨਾਮ ਸਿਮਰਨ

(ਅ) ਸੇਵਾ

(ੲ) ਸੰਗਤ

(ਸ) ਸਦਾਚਾਰਿਕ ਗੁਣ

ਭਾਈ ਸੰਤੋਖ ਸਿੰਘ ਹਿੰਦੂ ਧਰਮ ਗ੍ਰੰਥਾਂ ਦੇ ਵੀ ਗਿਆਤਾ ਸਨ ਅਤੇ ਉਹ ਸੰਸਕ੍ਰਿਤ ਤੇ

ਬ੍ਰਿਜ ਭਾਸ਼ਾ ਦੇ ਵਿਦਵਾਨ ਸਨ। ਉਨ੍ਹਾਂ ਦੀਆਂ ਲਿਖਤਾਂ ਵਿੱਚ ਵੇਦਾਂ-ਸ਼ਾਸਤਰਾਂ ਦਾ ਕਾਫ਼ੀ ਪ੍ਰਭਾਵ ਹੈ। ਉਨ੍ਹਾਂ ਨੇ ਗੁਰਮਤਿ ਸੰਬੰਧੀ ਜੋ ਵੀ ਰਚਨਾਤਮਿਕ ਕਾਰਜ ਕੀਤਾ ਉਸ ਉਪਰ ਇਸ ਪ੍ਰਭਾਵ ਦੀ ਝਲਕ ਦਿਖਾਈ ਦਿੰਦੀ ਹੈ। ਉਨ੍ਹਾਂ ਅਨੁਸਾਰ ਵੇਦਾਂ ਨੂੰ ਸੌਖੀ ਭਾਸ਼ਾ ਵਿੱਚ ਗੁਰਬਾਣੀ ਪ੍ਰਗਟ ਕਰਦੀ ਹੈ। ਪਰਮਾਤਮਾ ਦਾ ਹੁਕਮ ਵੇਦ ਵਿੱਚ ਵੀ ਹੈ। ਹੁਕਮ ਬਦਲਦਾ ਨਹੀਂ ਹੈ। ਭਾਈ ਸਾਹਿਬ ਧਾਰਮਿਕ ਪ੍ਰਭਾਵ ਕਰਕੇ ਨਾਮ ਜਪਣ ਨੂੰ ਨਿਰਗੁਣ ਦੀ ਉਪਾਸਨਾ ਦਾ ਮੁੱਖ ਸਾਧਨ ਮੰਨਦੇ ਹਨ। ਭਾਈ ਸੰਤੋਖ ਸਿੰਘ ਨੇ ਧਰਮ ਸਾਧਨਾ ਦੇ ਮਾਰਗ ਨੂੰ ਪੌੜੀ ਦੇ ਸਮਾਨ ਦੱਸਿਆ ਹੈ। ਜਿਸ ਤਰ੍ਹਾਂ ਮਨੁੱਖ ਪੌੜੀ ਦੇ ਡੰਡਿਆ ਤੇ ਚੜ੍ਹ ਕੇ ਮੰਜ਼ਿਲ ਤੇ ਪਹੁੰਚਦਾ ਹੈ, ਉਸੇ ਤਰ੍ਹਾਂ ਗੁਰਮਤਿ ਦੇ ਮਾਰਗ ਤੇ ਚੱਲਦਾ ਹੋਇਆ ਮਨੁੱਖ ਅੰਤਮ ਸੱਚ ਨੂੰ ਪ੍ਰਾਪਤ ਕਰ ਲੈਂਦਾ ਹੈ।

**(ੳ) ਨਾਮ ਸਿਮਰਨ**

ਭਾਈ ਸੰਤੋਖ ਸਿੰਘ ਜੀ

> ਨਾਮ ਨੂੰ ਇਕ 'ਸ਼ਕਤੀ', 'ਸੱਤਯਾ' ਤੇ 'ਸੱਚ' ਅਨੁਭਵ ਮੰਨਦੇ ਹਨ। ਨਾਮ ਨੂੰ ਬੰਧਨ ਕੱਟਣ ਵਾਲਾ ਤੇ ਸੁਖਦਾਤਾ ਕਹਿੰਦੇ ਹਨ। ਉਹ ਨਾਮ ਨੂੰ ਪ੍ਰੇਮ ਰੂਪ ਜਾਣਕੇ ਨਾਮ ਦੀ ਤਾਸੀਰ ਦੱਸਦੇ ਹੋਏ ਇਸਨੂੰ ਧਾਰਨ ਕਰਕੇ ਪ੍ਰਾਪਤੀ ਦਾ ਮਾਰਗ ਦੱਸਦੇ ਹਨ।[2]

ਨਾਮ ਦੀ ਓਟ ਆਸਰਾ ਲੈਣ ਨਾਲ ਮਨੁੱਖ ਦੇ ਕਰੋੜਾਂ ਪਾਪ ਮਿਟ ਜਾਂਦੇ ਹਨ। ਨਾਮ ਜਪਣ ਵਾਲੇ ਦਾ ਰੱਬ ਦੀ ਦਰਗਾਹ ਵਿਚ ਮੁੱਖ ਉੱਜਲ ਹੁੰਦਾ ਹੈ। ਅਨੇਕ ਕੁਲਾਂ ਦਾ ਉੱਧਾਰ ਹੋ ਜਾਂਦਾ ਹੈ। ਸਭ ਕਾਰਜ ਸਿੱਧ ਹੋ ਜਾਂਦੇ ਹਨ। ਨਾਮ ਨੀਚਾਂ ਨੂੰ ਉੱਚਾ ਕਰ ਦਿੰਦਾ ਹੈ। ਗੁਰੂ ਸਾਹਿਬਾਨ ਨੇ ਭਗਤਾਂ ਅਤੇ ਆਮ ਲੋਕਾਂ ਵਿੱਚੋਂ ਨੀਚ ਜਾਤਾਂ ਦੇ ਸਮਝੇ ਜਾਂਦੇ ਲੋਕਾਂ ਨੂੰ ਗਲ਼ੇ ਲਾਇਆ, ਜਿਸ ਤਰ੍ਹਾਂ ਭਗਤ ਕਬੀਰ (ਜੁਲਾਹਾ), ਰਵੀਦਾਸ ਜੀ (ਚੁਮਾਰ), ਨਾਮਦੇਵ (ਛੀਂਬਾ) ਆਦਿ ਅਨੇਕਾਂ ਉਦਾਹਰਨਾਂ ਹਨ। ਜਿਨ੍ਹਾਂ ਨੇ ਨਾਮ ਜਪ ਕੇ ਪ੍ਰਸਿੱਧੀ ਪ੍ਰਾਪਤ ਕੀਤੀ। ਇਨ੍ਹਾਂ ਭਗਤਾਂ ਦੀ ਬਾਣੀ ਵੀ ਗੁਰੂ ਅਰਜਨ ਦੇਵ ਜੀ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਕਰਕੇ ਆਪਣੇ ਬਰਾਬਰ ਦਾ ਦਰਜਾ ਦਿੱਤਾ।

'ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ' ਅਨੁਸਾਰ

> ਨਾਮ ਕਿਸੇ ਵਿਅਕਤੀ ਸਥਾਨ, ਵਸਤੂ ਜਾਂ ਸੰਕਲਪ ਨੂੰ ਦੱਸਣ ਵਾਲਾ ਧੁਨੀਆਂ ਦਾ ਸਮੂਹ ਹੈ। ਸਿੱਖ ਧਰਮ ਲਈ 'ਨਾਮ' ਪਰਮਾਤਮਾ ਦਾ ਗਿਆਨ, ਜੀਵ ਲਈ ਪਰਮਾਤਮਾ ਵਿਚ ਲਿਵ ਲਾਉਣ ਲਈ ਕੇਵਲ ਮਾਤ੍ਰ ਸਾਧਨ, ਜੀਵਨ ਜਾਚ ਦਾ ਇੱਕ ਮਾਪ-ਦੰਡ, ਪਵਿੱਤ੍ਰਤਾ ਤੇ ਮੁਕਤੀ ਦਾ ਜ਼ਰੂਰੀ ਸਾਧਨ ਹੈ।[3]

ਭਗਤੀ ਸਾਧਨਾ ਦੀ ਇਹ ਇੱਕ ਵਿਧੀ ਹੈ। ਇਹ ਪਦ ਸੰਸਕ੍ਰਿਤ 'ਸਮਰਣ' ਸ਼ਬਦ ਦਾ ਤਦਭਵ ਰੂਪ ਹੈ। ਇਸ਼ਟ-ਦੇਵ ਦੇ ਨਾਮ (ਜਾਂ ਗੁਣ) ਨੂੰ ਮਨ ਦੀ ਇਕਾਗਰ ਬਿਰਤੀ ਨਾਲ ਯਾਦ ਕਰਨਾ ਹੀ ਸਿਮਰਨ ਦਾ ਪ੍ਰਕਾਰਜ ਹੈ। ਇਸ ਨੂੰ ਜਪ/ਜਾਪ ਦਾ ਨਾਂ ਵੀ ਦਿੱਤਾ ਜਾਂਦਾ ਹੈ।

ਭਾਰਤ ਵਿੱਚ ਨਾਮ ਸਿਮਰਨ ਦੀ ਲੰਮੀ ਪਰੰਪਰਾ ਹੈ। ਵੈਦਿਕ ਸਾਹਿਤ ਤੋਂ ਲੈ ਕੇ ਪੌਰਾਣਿਕ ਸਾਹਿਤ ਤੰਤ੍ਰ ਵਿੱਚ ਇਸ ਦਾ ਵਿਸਥਾਰ ਹੁੰਦਾ ਆਇਆ ਹੈ। ਇਸਲਾਮ ਵਿੱਚ

> ਸਿਮਰਨ ਨੂੰ 'ਜਿਕ੍ਰ' ਕਿਹਾ ਗਿਆ ਹੈ। ਇਹ ਦੋ ਤਰ੍ਹਾਂ ਦਾ ਹੈ:- ਇੱਕ ਜਲੀ ਅਤੇ ਦੂਜਾ ਖੱਫੀ। ਇਨ੍ਹਾਂ ਵਿੱਚੋਂ ਜੱਲੀ ਵਾਚਿਕ ਹੈ ਅਤੇ ਖੱਫੀ ਕਾਇਮ (ਕਾਯਿਕਾ ਦੇਹ ਨਾਲ ਸੰਬੰਧ ਰੱਖਣ ਵਾਲਾ) ਅਤੇ ਮਾਨਸਿਕ ਦੋਹਾ ਤਰ੍ਹਾਂ ਦਾ ਹੈ। ਬੁੱਧ ਮਤ ਦੀ ਮੰਤ੍ਰਯਾਨ ਸਾਖਾ ਵਿੱਚ ਮੰਤ੍ਰ (ਜਪ) ਦਾ ਖਾਸ ਸਥਾਨ ਹੈ।[4]

ਵੈਦਿਕ ਕਾਲ ਵਿੱਚ ਮੰਤਰ ਦਾ ਸਿਮਰਨ ਅਰਥ ਤੇ ਭਾਵਨਾ ਸਹਿਤ ਹੁੰਦਾ ਸੀ। ਮਨੂੰ ਸਿਮ੍ਰਤੀ ਅਨੁਸਾਰ

> ਸਿਮਰਨ ਦਾ ਕ੍ਰਿਆਤਮਕ ਰੂਪ ਜਪ ਹੈ, ਜਿਸ ਦੇ ਤਿੰਨ ਭੇਦ ਦੱਸੇ ਗਏ ਹਨ- ਵਾਚਿਕ, ਉਪਾਂਸੂ, ਮਾਨਸ। ਵਾਚਿਕ ਜਪ ਉਹ ਹੈ ਜਿਸ ਵਿੱਚ ਜੀਭ ਦੁਆਰਾ ਨਾਮ ਦਾ ਸਪਸ਼ਟ ਉਚਾਰਣ ਕੀਤਾ ਜਾਂਦਾ ਹੈ। ਉਪਾਂਸੂ ਜਪ ਉਹ ਹੈ ਜੋ ਧੀਮੀ ਸਵਰ ਵਿੱਚ ਕੀਤਾ ਜਾਵੇ ਅਤੇ ਕੇਵਲ ਹੋਠ ਹੀ ਹਿੱਲਣ। ਇਸ ਸਿਮਰਨ ਵਿੱਚ ਉਚਰਿਆ ਸ਼ਬਦ ਸੁਣਿਆ ਨਹੀਂ ਜਾ ਸਕਦਾ। ਮਾਨਸ ਜਪ ਵਿੱਚ ਅੱਖਰ ਅਤੇ ਸ਼ਬਦ ਦੇ ਭੇਦ ਬੁੱਧੀ ਅਥਵਾ ਵਿਵੇਕ ਦੁਆਰਾ ਸਮਝ ਕੇ ਸਿਮਰਨ ਕੀਤਾ ਜਾਂਦਾ ਹੈ।[5]

ਇਸ ਸਿਮਰਨ ਵਿਧੀ ਵਿੱਚ ਹੋਠ ਹਰਕਤ ਵਿੱਚ ਨਹੀਂ ਆਉਂਦੇ ਕੇਵਲ ਭਾਵਨਾ ਦੀ ਅਵਸਥਾ ਪੈਦਾ ਹੁੰਦੀ ਹੈ।

ਅਸਲ ਵਿੱਚ ਨਾਮ ਸਿਮਰਨ ਤੇ ਨਾਮ ਦੀ ਮਹਿਮਾ ਅਮੁੱਲ ਤੇ ਉੱਤਮ ਹੈ। ਨਾਮ ਸਿਮਰਨ ਨਾਲ ਮਨੁੱਖ ਦੇ ਅੰਦਰੋਂ ਹਉਮੈ ਖ਼ਤਮ ਹੋ ਜਾਂਦੀ ਹੈ। ਸ਼ੇਰ ਸਿੰਘ ਦੇ ਸ਼ਬਦਾਂ ਵਿੱਚ

> ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਨਾਮ ਦੀ ਬਹੁਤ ਵਡਿਆਈ ਕੀਤੀ ਹੈ। ਸਾਰੇ ਦੁੱਖਾਂ, ਕਲੇਸ਼ਾਂ ਦਾ ਦਾਰੂ ਨਾਮ ਨੂੰ ਦੱਸਿਆ ਹੈ। ਨਾਮ ਦੀ ਪ੍ਰਾਪਤੀ ਦੀ ਅਨੰਦ ਅਵਸਥਾ ਦਾ ਵਰਨਨ ਕਰਦਿਆਂ ਹੋਇਆਂ ਗੁਰੂ ਸਾਹਿਬ ਨੇ ਕਈ ਤਰ੍ਹਾਂ ਦੇ ਅਲੰਕਾਰ ਵਰਤੇ ਹਨ।[6]

ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦਾ ਕੇਂਦਰੀ ਨੁਕਤਾ ਨਾਮ-ਸਿਮਰਨ ਹੈ। ਪਰਮਾਰਥ ਦੀ ਤੀਬਰ ਚੇਤਨਾ ਜਗਾਉਣ ਲਈ ਧਿਆਨ ਵਿਧੀ ਹੈ। ਨਾਮ-ਸਿਮਰਨ ਉਹ ਮਹਾਂਰਸ ਹੈ, ਜਿਸ ਨੂੰ ਹਿਰਦੇ ਵਿੱਚ ਵਸਾਉਣ ਨਾਲ ਹਉਮੈਂ ਅਤੇ ਤ੍ਰਿਸ਼ਨਾ ਦੀ ਅਗਨੀ ਸ਼ਾਂਤ ਹੁੰਦੀ ਹੈ। ਨਾਮ-ਸਿਮਰਨ ਤੋਂ ਬਿਨ੍ਹਾਂ ਮਨੁੱਖ ਦੀ ਮੁਕਤੀ ਅਸੰਭਵ ਹੈ।

> ਕਿਸੇ ਵਸਤੂ ਦਾ ਬੋਧ ਕਰਾਉਣ ਵਾਲਾ ਸ਼ਬਦ, ਜਿਸ ਨਾਲ ਉਸਦੇ ਅਰਥ ਦਾ ਪਤਾ ਲੱਗ ਜਾਵੇ, ਉਹ ਨਾਮ ਹੈ। ਗੁਰਬਾਣੀ ਵਿੱਚ 'ਨਾਮ' ਕਰਤਾਰ ਤੇ ਉਸ ਦਾ 'ਹੁਕਮ' ਬੋਧਕ ਸ਼ਬਦ ਹੈ।[7]

ਗੁਰਮਤਿ ਤੇ ਅਧਿਆਤਮਿਕ ਸਿਧਾਂਤ ਵਿੱਚ ਨਾਮ-ਸਿਮਰਨ ਦੇ ਨਾਲ-ਨਾਲ ਕੀਰਤਨ ਸੁਣਨ, ਕਰਨ ਤੇ ਮਨਨ ਕਰਨ ਦੀ ਵੱਡੀ ਮਹਾਨਤਾ ਹੈ। ਨਾਮ-ਸਿਮਰਨ, ਨਾਮ-ਚਿੰਤਨ ਅਤੇ ਨਾਮ-ਸਾਧਨਾ ਆਦਿ ਗ੍ਰੰਥਾਂ ਦੇ ਨਿਯਮਾਂ ਅਨੁਸਾਰ ਇੱਕੋ ਭਾਵ ਰੱਖਦੇ ਹਨ।

ਨਾਮ ਸਿਮਰਨ ਤੋਂ ਭਾਵ ਹੈ

> ਨਾਮ ਦਾ ਰਟਨ, ਇਹ ਰਟਨ ਪੂਦਨੇ ਵਾਂਗ ਓਪਰਾ ਤੇ ਫਿੱਕਾ ਨਹੀਂ, ਸਗੋਂ ਪ੍ਰੇਮ ਦਾ ਰਟਨ ਹੈ।[8]

ਇਸ ਤਰ੍ਹਾਂ ਸਿਮਰਨ ਤੋਂ ਭਾਵ ਯਾਦ ਕਰਨਾ ਹੈ। ਉਸ ਪ੍ਰਭੂ ਪਰਮਾਤਮਾ ਨੂੰ ਸਵਾਸ-ਸਵਾਸ ਯਾਦ ਕਰਨਾ ਹੀ ਸਿਮਰਨ ਹੈ। ਪਰਮਾਤਮਾ ਦੇ ਨਾਮ ਨੂੰ ਅਸਲੀ ਲਾਲ ਮੰਨਿਆ ਜਾ ਸਕਦਾ ਹੈ। ਪ੍ਰਭੂ ਸਿਮਰਨ ਨਾਲ ਮਨੁੱਖ ਦੀ ਚਿੰਤਾ ਖ਼ਤਮ ਹੋ ਜਾਂਦੀ ਹੈ ਅਤੇ ਪ੍ਰਭੂ ਦੇ ਚਰਨਾਂ ਵਿਚ ਸ਼ਰਨ ਮਿਲ ਜਾਂਦੀ ਹੈ। ਮਨੁੱਖ ਨਿਹਾਲ ਹੋ ਜਾਂਦਾ ਹੈ। ਭਾਈ ਵੀਰ ਸਿੰਘ ਵੀ ਨਾਮ ਤੇ ਨਾਮ-ਸਿਮਰਨ ਦੀ ਮਹੱਤਤਾ ਦੱਸਦੇ ਹੋਏ ਲਿਖਦੇ ਹਨ

> ਨਾਮ ਜਪ ਹੈ, ਨਾਮ ਸਿਮਰਣ ਹੈ, ਨਾਮ ਲਿਵ ਹੈ, ਨਾਮ ਵਿਆਪਕ ਰੂਪ ਵਿੱਚ ਪੁੱਜ ਕੇ ਤਦਰੂਪ ਹੁੰਦਾ ਹੈ। ਅੰਤ ਨਾਮ ਤੇ ਨਾਮੀ ਦੀ ਅਭੇਦਤਾ ਹੈ।[9]

**ਨਾਮ-ਸਿਮਰਨ ਦੀਆਂ ਵੰਨਗੀਆਂ :** ਹਿੰਦੂ ਸ਼ਾਸਤਰਾਂ ਵਿੱਚ ਇਕਾਸੀ ਪ੍ਰਕਾਰ ਦੀ ਭਗਤੀ (ਨਾਮ-ਸਿਮਰਨ) ਦਾ ਜ਼ਿਕਰ ਹੈ। ਇਨਾਂ ਦੇ ਨਾਮ ਭਗਤਾਂ ਦੇ ਸੰਸਾਰਕ ਹਾਲਾਤ ਤੇ ਉਨ੍ਹਾਂ ਦੀ ਭਿੰਨ-ਭਿੰਨ ਮਾਨਸਿਕ ਅਵਸਥਾ ਅਨੁਸਾਰ ਰੱਖੇ ਗਏ ਹਨ। ਇਨਾਂ ਇਕਾਸੀਆਂ ਵਿੱਚੋਂ ਨੌ ਦਾ ਜ਼ਿਕਰ ਪ੍ਰਚਲਿਤ ਧਾਰਮਿਕ ਪੁਸਤਕਾਂ ਵਿੱਚ ਆਇਆ ਹੈ। ਇਹ ਭਿੰਨ ਭੇਦ ਭਗਤੀ ਜਾਂ ਪੂਜਾ ਕਰਨ ਸਮੇਂ ਭਗਤ ਦੀ ਮਨੋ ਅਵਸਥਾ ਅਨੁਸਾਰ ਹਨ। ਇਹ ਨੌ ਪ੍ਰਕਾਰ ਦੀ ਭਗਤੀ ਇਸ ਤਰ੍ਹਾਂ

ਉਪਲਬਧ ਹੈ।

> 1. ਸ੍ਰਵਣ ਦੁਆਰਾ 2. ਰਾਗ ਦੁਆਰਾ 3. ਧਿਆਨ ਦੁਆਰਾ 4. ਜਾਤੀ ਸੇਵਾ ਦੁਆਰਾ 5. ਚੜ੍ਹਾਵੇ-ਭੇਟ ਰਾਹੀਂ 6. ਪੂਜਾ ਰਾਹੀਂ 7. ਜਨਤਾ ਦੀ ਸੇਵਾ ਰਾਹੀਂ 8. ਮਿਤ੍ਰ ਭਾਵ ਰਾਹੀਂ 9. ਨਿੱਜ ਤਿਆਗ ਦੁਆਰਾ। ਅਨੇਕ ਪ੍ਰਕਾਰ ਦੀ ਪੂਜਾ ਦਾ ਕਥਨ ਕਰਦਿਆਂ ਹੋਇਆਂ ਸ੍ਰੀ ਗੁਰੂ ਅਰਜਨ ਸਾਹਿਬ ਨੇ "ਭਗਤਿ ਨਾਵੈ ਪ੍ਰਕਾਰ" ਦਾ ਜ਼ਿਕਰ ਕੀਤਾ ਹੈ।[10]

ਭਗਵਤ ਗੀਤਾ ਵਿੱਚ ਚਾਰ ਪ੍ਰਕਾਰ ਦੇ ਭਗਤਾਂ ਦਾ ਜ਼ਿਕਰ ਮਿਲਦਾ ਹੈ। ਆਰਤ ਭਗਤ ਜੋ ਦੁਨੀਆਂ ਦੇ ਦੁੱਖਾਂ ਕਲੇਸ਼ਾਂ ਤੇ ਸੋਗ ਦ੍ਵੈਸ ਤੋਂ ਬਚਣ ਲਈ ਪ੍ਰਮਾਤਮਾ ਦੀ ਓਟ ਲੈਂਦੇ ਹਨ। ਅਰਥ-ਅਰਥੀ ਭਗਤ ਜੋ ਜਗ ਦੇ ਆਰਥਿਕ ਲਾਭ ਲਈ ਉਸਦੀ ਸ਼ਰਨ ਲੈਂਦੇ ਹਨ। ਜਗਿਆਸੂ ਭਗਤ ਜੋ ਗਿਆਨ ਦੀ ਇੱਛਾ ਕਰਕੇ ਸ਼ਰਨ ਲੈਂਦੇ ਹਨ। ਗਿਆਨ ਭਗਤ, ਗਿਆਨ ਦੇ ਚਾਨਣ ਦੁਆਰਾ ਪਰਮਾਤਮਾ ਦੇ ਚਰਨ ਕੰਵਲ ਸੇਵਦੇ ਹਨ। ਸੁਆਮੀ ਵਿਵੇਕਾਨੰਦ ਨੇ ਹਿੰਦੂਆਂ ਦੀ ਆਦਰਸ਼ਿਕ ਭਗਤੀ ਨੂੰ ਦੱਸਦਿਆਂ ਹੋਇਆ ਭਗਤੀ ਦੀਆਂ ਪੰਜ ਮੰਜਲਾਂ ਦਾ ਵਰਨਨ ਕੀਤਾ ਹੈ। ਗਿਆਨੀ ਗਿਆਨ ਸਿੰਘ

> "ਪੰਥ ਪ੍ਰਕਾਸ਼" ਵਿੱਚ ਚਾਰ ਪ੍ਰਕਾਰ ਦੀ ਭਗਤੀ ਦਾ ਸੰਕੇਤ ਕਰਦੇ ਹਨ। ਪਹਿਲੀ ਸੇਵਕ-ਭਾਵਨਾ ਵਾਲੀ ਹੈ। ਜਿਸ ਵਿੱਚ ਅਕਾਲ ਪੁਰਖ ਨੂੰ ਸਵਾਮੀ ਮੰਨਣਾ। ਦੂਜੀ ਹੈ ਪੁੱਤਰ-ਭਾਵਨਾ ਵਾਲੀ ਪਰਮਾਤਮਾ ਨੂੰ ਪਿਤਾ ਜਾਣਨਾ ਹੈ। ਤੀਜੀ ਹੈ ਇਸਤਰੀ-ਭਾਵਨਾ ਵਾਲੀ ਪਰਮਾਤਮਾ ਨੂੰ ਪਤੀ ਮੰਨਣਾ। ਚੌਥੀ ਹੈ ਸਖਾ-ਭਾਵਨਾ ਵਾਲੀ, ਕਰਤਾਰ ਨੂੰ ਮਿੱਤਰ ਜਾਣਨਾ।[11]

ਈਸਾਈ ਧਰਮ ਦੇ ਲੋਕ ਪਰਮਾਤਮਾ ਨੂੰ ਪਿਤਾ ਦੇ ਰੂਪ ਵਿੱਚ ਪੂਜਦੇ ਹਨ, ਹਿੰਦੂ ਮਾਤਾ ਦੇ ਰੂਪ ਵਿੱਚ। ਗੁਰਬਾਣੀ ਵਿੱਚ ਪਰਮਾਤਮਾ ਦੀ ਭਗਤੀ ਜਾਂ ਸਿਮਰਨ ਪਿਤਾ-ਮਾਤਾ ਦੇ ਰੂਪ ਵਿੱਚ, ਪਤੀ ਦੇ ਰੂਪ ਵਿਚ, ਮਿੱਤਰ ਦੇ ਰੂਪ ਵਿੱਚ ਤੇ ਸਵਾਮੀ ਦੇ ਰੂਪ ਵਿੱਚ ਕੀਤਾ ਜਾਂਦਾ ਹੈ।

ਨਾਮ-ਸਿਮਰਨ ਦੇ ਮੂਲ ਅਰਥ ਜਪ ਦੀ ਪੱਧਰ ਉੱਤੇ ਕੀਤੇ ਜਾਂਦੇ ਹਨ। ਜੈ ਰਾਮ ਮਿਸ਼ਰ ਨੇ

> ਜਪ ਨੂੰ ਤਿੰਨ ਪ੍ਰਕਾਰ ਦਾ ਮੰਨਿਆ ਹੈ। 1. ਸਾਧਾਰਣ ਜਪ 2. ਅਜਪਾ ਜਪ 3. ਲਿਵ ਜਪ।[12]

**1. ਸਾਧਾਰਣ ਜਪ :** ਇਸ ਜਪ ਵਿੱਚ ਸਾਧਕ ਹੌਲ਼ੀ-ਹੌਲ਼ੀ ਜੀਭ ਤੋਂ ਉਚਾਰਨ ਕਰਦਾ ਹੋਇਆ ਪ੍ਰਭੂ ਦਾ ਨਾਮ ਲੈਂਦਾ ਹੈ। ਆਦਿ ਗ੍ਰੰਥ ਵਿੱਚ ਇਸ ਪ੍ਰਕਾਰ ਦੇ ਜਪ ਦੀ ਮਹਾਨਤਾ ਪ੍ਰਗਟਾਉਂਦੇ ਹੋਏ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਦਾ ਨਾਮ 'ਜਪੁ' ਰੱਖਿਆ। ਸਿਮਰਨ ਦੀ ਇਸ ਵਿਧੀ ਨਾਲ ਉਹ ਅਧਿਆਤਮਿਕ ਪੌੜੀਆਂ ਦੇ ਦਰਜੇ ਉੱਪਰ ਵਿਕਸਿਤ ਹੁੰਦੇ ਹੋਏ ਪ੍ਰਭੂ ਦੀ ਮਿਹਰ ਪ੍ਰਾਪਤ ਕਰ ਸਕਦਾ ਹੈ।

**2. ਅਜਪਾ ਜਾਪ :** ਅਜਪਾ ਜਾਪ ਵਿਧੀ ਨੂੰ ਵੀ ਗੁਰਮਤਿ ਵਿੱਚ ਪ੍ਰਵਾਨ ਕੀਤਾ ਗਿਆ ਹੈ। ਇਹ ਬਾਹਰੀ ਵਰਤਾਰੇ ਦੇ ਉਲਟ ਮਨ ਦੀ ਇਕਾਗਰ ਅਵਸਥਾ ਨਾਲ ਕੀਤਾ ਜਾਂਦਾ ਹੈ। ਇਸ ਅਵਸਥਾ ਵਿੱਚ ਮਨੁੱਖ ਦਾ ਮਨ ਹੀ ਪ੍ਰਭੂ ਦਾ ਚਿੰਤਨ ਕਰਦਾ ਹੈ। ਬਾਹਰੀ ਅੰਗ ਜੀਭ, ਉਂਗਲਾਂ ਆਦਿ ਦਾ ਕਾਰਜ ਖ਼ਤਮ ਹੋ ਜਾਂਦਾ ਹੈ।

**3. ਲਿਵ ਜਪ :** ਇਸ ਵਿਧੀ ਨਾਲ ਮਨੁੱਖ ਦੀ ਲਿਵ ਪ੍ਰਭੂ ਵੱਲ ਲੱਗੀ ਰਹਿੰਦੀ ਹੈ। ਇਕ ਬ੍ਰਹਮ ਨੂੰ ਇਕਾਗਰ ਚਿਤ ਹੋ ਕੇ ਧਿਆਨ ਲਾਉਣ, ਉਸ ਨੂੰ ਚੇਤੇ ਰੱਖਣ, ਗੁਣ ਗਾਉਣ ਉਸ ਦੀ ਹੋਂਦ ਦਾ ਨਿਰੰਤਰ ਅਹਿਸਾਸ ਬਣਾਈ ਰੱਖਣ ਅਤੇ ਉਸ ਵਿੱਚ ਲੀਨ ਹੋ ਜਾਣ ਵਿੱਚ ਹੈ। ਲਿਵ ਤੋਂ ਭਾਵ ਇਕਾਗਰ ਮਨ ਜਾਂ ਲੀਨਤਾ ਹੈ। ਬਾਣੀ ਦੇ ਅਰਥ-ਭਾਵ ਨਾਲ ਸੁਰਤ ਦਾ ਟਿਕਾਉ ਸਾਧਕ ਨੂੰ ਪਰਮਾਤਮਾ ਵਿਚ ਪੂਰੀ ਤਰ੍ਹਾਂ ਵਿਲੀਨ ਕਰ ਦਿੰਦਾ ਹੈ। ਮਨ ਦੀ ਇਸ ਸਥਿਰ ਦਸ਼ਾ ਵਿੱਚ ਸਾਧਕ ਨੂੰ ਅਨਹਦ ਨਾਦ ਸੁਣਾਈ ਦੇਣ ਲੱਗਦਾ ਹੈ। ਗੁਰਬਾਣੀ ਅਨੁਸਾਰ ਗਿਆਨੀ ਉਹੀ ਹੈ ਜਿਸ ਦੀ ਲਿਵ ਪ੍ਰਭੂ ਨਾਲ ਜੁੜੀ ਹੋਈ ਹੈ।

> ਸਿਮਰਨ ਤੋਂ ਭਾਵ ਵਾਹਿਗੁਰੂ ਦੀ ਯਾਦ ਨੂੰ ਮਨ ਵਿੱਚ ਵਸਾਉਣਾ ਹੈ। ਨਾਮ ਨੂੰ ਕੇਵਲ ਰਟਣਾ ਨਹੀਂ। ਇਹ ਸਿਮਰਨ ਦਾ ਪਹਿਲਾ ਪੜਾਅ ਹੈ।[13]

ਭਾਈ ਸੰਤੋਖ ਸਿੰਘ ਨੇ ਨਾਮ-ਸਿਮਰਨ ਨੂੰ ਪ੍ਰਮੁੱਖਤਾ ਦਿੱਤੀ ਹੈ। ਸ਼੍ਰੀ ਗੁਰ ਨਾਨਕ ਪ੍ਰਕਾਸ਼ ਵਿੱਚ ਸਿਮਰਨ ਬਾਰੇ ਬੜੇ ਵਿਸਥਾਰ ਵਿੱਚ ਲਿਖਿਆ ਮਿਲਦਾ ਹੈ। ਦੂਜੀ ਜਿਲਦ ਦੇ ਪੰਨਾ 66 ਤੋਂ 124 ਤੱਕ 'ਨਾਮ ਗੁਰ ਮੰਤਰ ਤੇ ਨਾਮ ਮਹਾਤਮ ਦੇ ਮੰਗਲ' ਹਨ। ਉਨ੍ਹਾਂ ਅਨੁਸਾਰ ਨਾਮ ਸਿਮਰਨ ਨਾਲ 'ਲਿਵ' ਲੱਗਣੀ ਚਾਹੀਦੀ ਹੈ ਅਤੇ ਇਕ ਵੀ ਸ੍ਵਾਸ ਬਿਰਥਾ ਨਹੀਂ ਜਾਣ ਦੇਣਾ ਚਾਹੀਦਾ।

> ਮਨ ਮਹਿਂ ਸਿਮਰਨ ਕੀ ਲਿਵ ਰਾਖਹੁ। ਸ੍ਵਾਸ ਨਾ ਬ੍ਰਿਥਾ ਜਾਇ-ਇਮ ਕਾਂਖਹੁ।[14]

ਨਾਮ-ਸਿਮਰਨ ਇੱਕ ਮਨ ਇੱਕ ਚਿਤ ਹੋ ਕੇ ਕਰਨਾ ਹੈ। ਇਹ ਨਹੀਂ ਹੋਣਾ ਚਾਹੀਦਾ ਕਿ ਮੁੱਖ ਤੋਂ ਸਿਮਰਨ ਕੀਤਾ ਜਾ ਰਿਹਾ ਹੋਵੇ ਤੇ ਮਨ ਕਿਤੇ ਹੋਰ ਦੌੜ ਰਿਹਾ ਹੋਵੇ। ਭਾਈ ਸਾਹਿਬ ਅਨੁਸਾਰ ਸਾਨੂੰ ਸੁਰਤੀਆਂ ਬਿਰਤੀਆਂ ਇਕਾਗਰ ਕਰਕੇ ਨਾਮ-ਸਿਮਰਨ ਕਰਨਾ ਚਾਹੀਦਾ ਹੈ।

ਮਹਾਂ ਮਹਾਤਮ ਸਿਮਰੇ ਨਾਮੁ। ਮਨ ਕੋ ਕੀਜਹਿ ਤਹਿਂ ਬਿਸਰਾਮ।
ਸਤਿਗੁਰੁ ਕੇ ਪਗ ਪੰਕਜ ਲਾਵੈ। ਕੈ ਲਿਵ ਨਾਮ ਬਿਖੈ ਅਟਕਾਵੈ।[15]

ਸ੍ਰੀ ਗੁਰ ਨਾਨਕ ਪ੍ਰਕਾਸ਼ ਵਿੱਚ ਗੁਰੂ ਜੀ ਨੇ ਲੋਕਾਂ ਦੇ ਇੱਕਠ ਨੂੰ ਨਾਮ ਜਪਣ ਦੀ ਵਡਿਆਈ ਬਾਰੇ ਉਪਦੇਸ਼ ਦਿੱਤਾ। ਨਾਮ-ਸਿਮਰਨ ਤੋਂ ਉਪਰ ਕੋਈ ਚੀਜ਼ ਨਹੀਂ ਹੈ। ਅੰਤ ਸਮੇਂ ਨਾਮ-ਸਿਮਰਨ ਹੀ ਸਹਾਈ ਹੁੰਦਾ ਹੈ। ਕਲਜੁਗ ਵਿੱਚ ਹਰੀ ਕੀਰਤਨ ਨੂੰ ਸ੍ਰੇਸ਼ਟ ਦੱਸਿਆ ਹੈ। ਮਨ ਲਗਾ ਕੇ ਸਤਿਨਾਮ ਦਾ ਸਿਮਰਨ ਹਰ ਰੋਜ਼ ਕਰਨਾ ਚਾਹੀਦਾ ਹੈ। ਧੋਖਾ, ਛਲ-ਕਪਟ ਛੱਡ ਕੇ ਭਗਤੀ ਕਰਨੀ ਚਾਹੀਦੀ ਹੈ। ਨਾਮ-ਸਿਮਰਨ ਨਾਲ ਜਨਮ-ਮਰਨ ਦੇ ਜੰਜ਼ਾਲਾਂ ਤੋਂ ਛੁਟਕਾਰਾ ਮਿਲਦਾ ਹੈ।

ਭਵ ਬੰਧਨ ਮੈਂ ਦ੍ਰਿਢ ਜੇ ਬਾਂਧੇ। ਛੁਟਹਿਂ ਤਿਨਹਿ ਤੇ ਹਰਿ ਆਰਾਧੇ।
ਕਲਮਲ ਕਰਹੁ ਅੰਤ ਦੁਖਦਾਈ। ਜਪਹੁ ਨਾਮ ਸਭਿ ਹੋਇ ਸਹਾਇ॥
ਕਲ ਮਹਿਂ ਹਰਿ ਕੀਰਤਿ ਪਰਧਾਨਾ। ਅਪਰ ਨ ਜਾਨਹੁ ਇਸੇ ਸਮਾਨਾ।
ਭਗਤਿ ਕਰਹੁ ਸਭਿ ਹੀ ਸੁਖ ਪਾਵਹੁ। ਕਸ਼ਟ ਹੋਇ, ਜੇ ਦੰਭ ਕਮਾਵਹੁ।[16]

**ਭਗਤੀ ਮਾਰਗ :** ਗੁਰਬਾਣੀ ਵਿੱਚ ਗਿਆਨ, ਵੈਰਾਗ, ਯੋਗ, ਭਗਤੀ ਆਦਿ ਸਾਧਨ ਨੂੰ ਸਵੀਕਾਰ ਕੀਤਾ ਗਿਆ ਹੈ। ਮੁੱਖ ਭਗਤੀ ਨਾਮ-ਸਿਮਰਨ ਨੂੰ ਮੰਨਿਆ ਹੈ। ਭਾਈ ਸੰਤੋਖ ਸਿੰਘ ਨੇ ਸ਼੍ਰੀ ਗੁਰ ਨਾਨਕ ਪ੍ਰਕਾਸ਼ ਵਿੱਚ ਸਾਰੇ ਮਾਰਗਾਂ ਦੇ ਨਾਲ ਪ੍ਰਭੂ ਭਗਤੀ ਦਾ ਵੀ ਜ਼ਿਕਰ ਕੀਤਾ ਹੈ। ਪਰਮਾਤਮਾ ਅਤੇ ਆਪਣੇ ਸਰੂਪ ਨੂੰ ਜਾਣਨ ਦੀ ਕੋਸ਼ਿਸ਼ ਕਰਨਾ ਗਿਆਨ ਹੈ ਤੇ ਇਸ ਨੂੰ ਜਾਣਨ ਵਾਲੇ ਨੂੰ ਗਿਆਨੀ ਕਹਿੰਦੇ ਹਨ। ਭਗਤੀ ਮਾਰਗ ਕਲਜੁਗ ਵਿੱਚ ਪ੍ਰਮੁੱਖ ਸਾਧਨ ਹੈ। ਵਾਹਿਗੁਰੂ ਦਾ ਸਿਮਰਨ, ਪਤੀਬ੍ਰਤਾ ਵਾਂਗ ਪ੍ਰਭੂ ਪਰਮੇਸ਼ਰ ਨਾਲ ਪਿਆਰ ਕਰਨਾ, ਉਸਦੀ ਰਜ਼ਾ ਵਿੱਚ ਰਾਜ਼ੀ ਰਹਿਣਾ ਹੀ ਭਗਤੀ ਮਾਰਗ ਹੈ। ਪਰ ਅੰਦਰੋਂ ਜੋ ਨਾਮ-ਸਿਮਰਨ ਕਰਦਾ ਹੈ, ਉਸਦਾ ਮਨ ਇਕ ਹੋ ਸਕਦਾ ਹੈ ਅਤੇ ਪਰਮਾਤਮਾ ਵਿੱਚ ਲੀਨ ਹੋ ਜਾਂਦਾ ਹੈ। ਸਿਮਰਨ ਦੀ ਮਹੱਤਤਾ ਤੇ ਨਾਮ ਬਾਰੇ ਭਾਈ ਸਾਹਿਬ ਕਹਿੰਦੇ ਹਨ।

ਵਾਹਿਗੁਰੂ ਬਰ ਸੁੰਦਰ ਨਾਮੂ। ਸਦਾ ਸਵਾਰੇ ਹਮਰੇ ਕਾਮੂ।
ਇੱਕ ਅਵਿਲੰਬ ਨਾਮ ਕੋ ਜਾਨਾ। ਕਲੀ ਕਾਲ ਸਮਰੱਥ ਨ ਆਨਾ।[17]

ਜੋ ਪਰਮਾਤਮਾ ਨੂੰ ਪਾਉਂਦੇ ਹਨ, ਉਹ ਨਾਮ-ਸਿਮਰਨ ਦੁਆਰਾ ਹੀ ਪਾਉਂਦੇ ਹਨ। ਜੋ ਨਾਮ ਜਪਦੇ ਹਨ ਉਹ ਵੱਡਿਆਂ ਤੋਂ ਵਡੇਰੇ ਹਨ, ਜਮ ਦਾ ਦੂਤ ਉਨ੍ਹਾਂ ਦੇ ਨੇੜੇ ਨਹੀਂ ਆਉਂਦਾ। ਜੋ ਨਾਮ-ਸਿਮਰਨ ਨਾਲ ਜੁੜੇ ਹਨ, ਉਹ ਮਰ ਕੇ ਵੀ ਪਰਮੇਸ਼ਰ ਪਾਸ ਜਾਣਗੇ। ਨਾਮ-ਸਿਮਰਨ

ਕਾਰਨ ਹੀ ਮਨੁੱਖੀ ਸਰੀਰ (ਜਾਮਾ) ਮਿਲਿਆ ਹੈ।

> ਨਾਮਹਿ ਤੇ ਸਭਿ ਕੁਛ ਬਨਯੋ ਖੰਡ ਬ੍ਰਹਮੰਡ ਸਰੀਰ।
> ਸੋ ਕਿਉਂ ਨਾਮ ਬਿਸਾਰਿਓ? ਨਿਤ ਸਮਾਰਿ ਮਤਿ ਧੀਰ।[18]

ਭਾਈ ਸੰਤੋਖ ਸਿੰਘ ਭਗਤੀ ਨੂੰ ਸਰਵੋਤਮ ਮੰਨਦੇ ਹਨ ਅਤੇ ਦੁਨਿਆਵੀ ਪ੍ਰਾਪਤੀਆਂ ਦੀ ਥਾਂ ਤੇ ਨਾਮ ਦੀ ਪ੍ਰਾਪਤੀ ਨੂੰ ਉੱਚਾ ਸਮਝਦੇ ਹਨ। ਇਸ ਨੂੰ ਪਰਮਾਤਮਾ ਦੀ ਵੱਡੀ ਤੋਂ ਵੱਡੀ ਬਖ਼ਸ਼ਿਸ਼ ਲਿਖਦੇ ਹਨ।

> ਬਖਸ਼ੀਸ਼ ਸਤਿਨਾਮ ਕੋ ਸਿਮਰਨ, ਤਿਸੁ ਤੇ ਗਯਾਨ ਕੀ ਪ੍ਰਾਪਤਿ, ਬਹੁੜਿ ਸਰੂਪ ਮੈਂ ਲੀਨ ਹੋਣਾ, ਪਰਮੇਸੁਰ ਪ੍ਰਸੰਨ ਹੋਇ ਕਰਿ ਜਿਸ ਕੋ ਬਖਸੇ ਹੈ, ਯਾਂਕੋ ਨਾਮ ਬਖਸ਼ੀਸ਼। ਇਸ ਤੇ ਬਿਨਾਂ ਔਰ ਜੇਤੀ ਹੈਂ ਤਿਨ ਕੋ ਨਾਮ ਬਡਿਆਈ ਹੈ।[19]

**ਨਾਮ-ਸਿਮਰਨ ਅਤੇ ਜੀਵਨ :** ਪ੍ਰਭੂ ਨਾਮ ਅੰਮ੍ਰਿਤ ਦੇ ਸਮਾਨ ਹੈ। ਜਿਸ ਨੂੰ ਪ੍ਰਾਪਤ ਕਰਨ ਨਾਲ ਮਨੁੱਖ ਜਨਮ ਮਰਨ ਦੇ ਡਰ ਤੋਂ ਮੁਕਤ ਹੋ ਜਾਂਦਾ ਹੈ। ਗੁਰੂ ਨਾਨਕ ਸਾਹਿਬ ਨੇ ਜੋ ਗੁਰਮਤਿ ਦਾ ਰਾਹ ਦੱਸਿਆ ਹੈ, ਮਨਮਤ ਤੇ ਮਾਇਆ ਦੇ ਅੰਧਕਾਰ ਵਿੱਚ, ਜੋ ਜੋਤੀ ਰੂਪੀ ਪ੍ਰਕਾਸ਼ ਕੀਤਾ, ਜੋ ਆਤਮਿਕ ਬਲ ਮੁਰਦਾ ਹੋ ਚੁੱਕੀਆਂ ਰੂਹਾਂ ਵਿੱਚ ਭਰਿਆ, ਉਹ ਨਾਮ ਦਾ ਹੀ ਸਦਕਾ ਸੀ। ਗੁਰੂ ਦੀ ਕਿਰਪਾ ਨਾਲ ਇਹੋ ਨਾਮ ਤੇ ਇਸ ਦੀ ਦਿੱਬ ਦ੍ਰਿਸ਼ਟੀ ਮਨੁੱਖਾਂ ਨੂੰ ਦੇਵਤੇ ਬਣਾਉਂਦੀ ਹੈ। ਭਾਈ ਸੰਤੋਖ ਸਿੰਘ ਨੇ ਨਾਮ-ਜਪਣ ਜਾਂ ਨਾਮ-ਸਿਮਰਨ ਵਾਲਿਆਂ ਬਾਰੇ ਚਰਚਾ ਕੀਤੀ ਹੈ। ਨਾਮਹੀਨ ਪ੍ਰਾਣੀ ਚੁਰਾਸੀ ਲੱਖ ਜੂਨਾਂ ਵਿੱਚ ਪਏ ਰਹਿੰਦੇ ਹਨ ਅਤੇ ਜਮਾਂ ਦੇ ਵੱਸ ਪੈਂਦੇ ਹਨ। ਉਹ ਇਸ ਤਰ੍ਹਾਂ ਸੁਆਸ ਲੈਂਦੇ ਹਨ, ਜਿਸ ਤਰ੍ਹਾਂ ਲੁਹਾਰ ਭੱਠੀ ਨੂੰ ਹਵਾ ਦਿੰਦਾ ਹੈ ਤੇ ਖੱਲਾਂ ਵਿੱਚ ਹਵਾ ਭਰਦੀ ਹੈ ਤੇ ਨਿਕਲਦੀ ਹੈ, ਭਾਵ ਵਿਅਰਥ ਜੀਵਨ ਤੋਂ ਹੈ।[20]

> ਨਾਮ ਨ ਜਪਹਿਂ ਅਕ੍ਰਿੱਤਘਣ ਜੋ ਅਭਿਮਤ ਦਾਤਾਰ।
> ਜਗ ਵਡਿਆਈ ਬਾਦ ਮਹਿਂ ਉਰਝੇ ਮੰਦ ਗਵਾਰ।[21]

ਜਿਹੜੇ ਮਨੁੱਖ ਪ੍ਰਭੂ ਦਾ ਨਾਮ ਨਹੀਂ ਜਪਦੇ, ਉਹ ਨਾ ਸ਼ੁਕਰ ਗੁਜ਼ਾਰ ਹੁੰਦੇ ਹਨ। ਉਹ ਐਵੇਂ ਦੁਨਿਆਵੀ ਪਦਾਰਥਾਂ ਵਿੱਚ ਰੁੱਝੇ ਰਹਿੰਦੇ ਹਨ। ਉਹ ਮਨੁੱਖ ਮੂਰਖ ਹਨ। ਦੁਨਿਆਵੀ ਪਦਾਰਥਾਂ ਨੇ ਨਾਲ ਨਹੀਂ ਜਾਣਾ। ਕੇਵਲ ਨਾਮ ਹੀ ਅੰਤ ਸਮੇਂ ਸਹਾਈ ਹੁੰਦਾ ਹੈ।

ਜੋ ਪ੍ਰਭੂ ਦੇ ਗੁਣਾਂ ਦਾ ਸਿਮਰਨ ਕਰਦੇ ਹਨ। ਉਹ ਮਨੁੱਖ ਧੰਨ ਹਨ।

> ਪਰਮੇਸ਼ੁਰ ਗੁਣ ਰਮਣ ਸਪ੍ਰੀਤਾ। ਧੰਨ ਸਿ ਨਰ ਉਰ ਧਾਰੈਂ ਨੀਤਾ।[22]

ਜਨਮ ਜਨਮਾਂਤਰਾਂ ਦੇ ਵੱਡੇ ਦੁੱਖ ਸਤਿਗੁਰੂ ਦਾ ਨਾਮ-ਸਿਮਰਨ ਕਰਨ ਨਾਲ ਨਾਸ਼ ਹੋ ਜਾਂਦੇ ਹਨ ਤੇ ਗਿਆਨ ਪ੍ਰਾਪਤ ਹੋ ਜਾਂਦਾ ਹੈ।

**ਨਾਮ-ਸਿਮਰਨ ਅਤੇ ਲੋਕ ਪਰਲੋਕ :** ਪ੍ਰਭੂ ਦੇ ਨਾਮ ਦੀ ਇੱਕ ਹੋਰ ਵਿਲੱਖਣਤਾ ਇਹ ਹੈ ਕਿ ਇਸ ਦਾ ਸਿਮਰਨ ਲੌਕਿਕ ਤੇ ਅਲੌਕਿਕ ਸੁੱਖ ਪ੍ਰਦਾਨ ਕਰਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿੱਚ ਨਾਮ ਧਿਆਉਣ ਦਾ ਪ੍ਰਤਿਫਲ ਲੋਕ ਸੁੱਖੀ 'ਪ੍ਰਲੋਕ ਸੁਹੇਲੇ' ਹੁੰਦਾ ਹੈ। ਕਲਜੁਗ ਵਿੱਚ ਹੋਰ ਕੋਈ ਸਾਧਨਾ ਕਰਨ ਲਈ ਸਮਰੱਥ ਨਹੀਂ ਹੈ। ਇਸ ਕਰਕੇ ਪਰਮੇਸ਼ਰ ਦੇ ਨਾਮ-ਸਿਮਰਨ ਜਾਂ ਕੀਰਤਨ ਨੂੰ ਸਹਾਰਾ ਬਣਾਉਣਾ ਚਾਹੀਦਾ ਹੈ।

> ਸਦਾ ਲੋਕ ਪਰਲੋਕ ਸਹਾਈ। ਨਾਮ ਲੈਤਿ ਹੀ ਬਿਘਨ ਪਰਾਈ।
> ਹਰਹਿ ਕਾਲਕਲਿ ਕਲੁਖ ਸਦੂਖਨ। ਨਾਮ ਕਰਯੋ ਜਿਨ ਗ੍ਰੀਵਾ ਭੂਖਨ।[23]

'ਸੁਖਮਨੀ ਸਾਹਿਬ' ਦੀਆਂ ਪਹਿਲੀਆਂ ਦੋ ਅਸ਼ਟਪਦੀਆਂ ਵਿੱਚ 'ਸਿਮਰਨ' ਤੇ 'ਨਾਮ' ਬਾਰੇ ਵਿਸਥਾਰ ਸਹਿਤ ਲਿਖਿਆ ਹੈ। ਇਸ ਨਾਲ ਦੈਵੀ ਗਿਆਨ ਦੀ ਪ੍ਰਾਪਤੀ ਹੁੰਦੀ ਹੈ ਅਤੇ ਆਤਮਾ ਪਰਮਾਤਮਾ ਨਾਲ ਅਭੇਦ ਹੋ ਜਾਂਦੀ ਹੈ। ਗੁਰੂ ਗ੍ਰੰਥ ਸਾਹਿਬ ਅਨੁਸਾਰ,

> ਸ੍ਰਿਸ਼ਟੀ ਦੀ ਰਚਨਾ 'ਨਾਮ' ਤੋਂ ਹੋਈ ਹੈ ਤੇ ਇਸ ਵਿੱਚ ਹੀ ਸਭ ਸਮਾਂ ਜਾਂਦੇ ਹਨ।[24]

ਨਾਮ ਅੰਮ੍ਰਿਤ ਹੈ ਜਿਸ ਦੇ ਪੀਣ (ਸਿਮਰਨ) ਨਾਲ ਸਭ ਸੁਖ ਮਿਲਦੇ ਹਨ। ਜੇਕਰ ਮੱਤ ਪਾਪਾਂ ਨਾਲ ਭਰ ਜਾਂਦੀ ਹੈ ਤਾਂ ਪਾਪਾਂ ਦੀ ਮੈਲ ਸਿਰਫ਼ ਨਾਮ-ਸਿਮਰਨ ਜਾਂ ਜਪਣ ਨਾਲ ਹੀ ਉਤਰ ਸਕਦੀ ਹੈ।

> ਭਰੀਐ ਮਤਿ ਪਾਪਾ ਕੈ ਸੰਗਿ।
> ਓਹੁ ਧੋਪੈ ਨਾਵੈ ਕੈ ਰੰਗਿ।[25]

**ਨਾਮ-ਸਿਮਰਨ ਤੇ ਕਰਮ ਕਾਂਡ :** ਭਾਈ ਸਾਹਿਬ ਲਿਖਦੇ ਹਨ ਕਿ ਨਾਮ-ਸਿਮਰਨ ਤੋਂ ਬਿਨ੍ਹਾਂ ਸਾਰੇ ਕਰਮਕਾਂਡ ਜ਼ੀਰੋ ਸਮਾਨ ਹਨ। ਨਾਮ-ਸਿਮਰਨ ਤੋਂ ਬਿਨ੍ਹਾਂ ਕੀਤੇ ਕਰਮਕਾਂਡ ਨਾਲ ਹੰਕਾਰ ਵੱਧਦਾ ਹੈ। ਨਾਮ-ਸਿਮਰਨ ਨਾਲ ਨਿਮਰਤਾ ਆਉਂਦੀ ਹੈ।

ਭਾਈ ਸੰਤੋਖ ਸਿੰਘ ਨਾਮ-ਸਿਮਰਨ ਨੂੰ ਉੱਤਮ ਮੰਨਦੇ ਹਨ ਅਤੇ ਦੁਨਿਆਵੀ ਪਦਾਰਥਾਂ ਦੀ ਥਾਂ ਤੇ ਨਾਮ ਦੀ ਪ੍ਰਾਪਤੀ ਨੂੰ ਉੱਚਾ ਸਮਝਦੇ ਹਨ। ਇਸ ਨੂੰ ਪਰਮਾਤਮਾ ਦੀ ਅਪਾਰ ਕਿਰਪਾ ਮੰਨਦੇ ਹਨ। ਨਾਮ-ਸਿਮਰਨ ਨਾਲ ਮਨੁੱਖ ਦੀਆਂ ਸਾਰੀਆਂ ਕਾਮਨਾਵਾਂ ਪੂਰੀਆਂ ਹੁੰਦੀਆਂ ਹਨ ਤੇ

ਉਹ ਨਰਕਾਂ ਦਾ ਭਾਗੀ ਨਹੀਂ ਬਣਦਾ। ਗਰਬ ਗੰਜਨੀ ਟੀਕੇ ਵਿੱਚ ਵੀ ਭਾਈ ਸਾਹਿਬ ਲਿਖਦੇ ਹਨ:

ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ।
ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ।[26]

ਇਥੇ ਭਾਈ ਸਾਹਿਬ ਦੱਸਦੇ ਹਨ ਕਿ ਪਰਮਾਤਮਾ ਦਾ ਨਾਮ-ਸਿਮਰਨ ਲਈ ਜਿੰਨੀਆਂ ਵੀ ਜੀਭਾਂ ਹੋਣ ਉਨੀਆਂ ਹੀ ਥੋੜ੍ਹੀਆਂ ਹਨ ਤੇ ਉਹ ਸਾਰੀਆਂ ਦਿਨ-ਰਾਤ ਸਿਮਰਨ ਵਿੱਚ ਲੱਗੀਆਂ ਰਹਿਣ ਤਾਂ ਵੀ ਸਿਮਰਨ ਲਈ ਸਮਾਂ ਥੋੜ੍ਹਾ ਹੈ। ਜਿਹੜੇ ਨਾਮ-ਸਿਮਰਨ ਦੇ ਹਥਿਆਰ ਨਾਲ ਮਨ ਜਿੱਤ ਲੈਂਦੇ ਹਨ। ਉਨ੍ਹਾਂ ਨੂੰ ਦੋਹਾਂ ਲੋਕਾਂ ਦਾ ਸੁੱਖ ਪ੍ਰਾਪਤ ਹੁੰਦਾ ਹੈ :

ਸਤਿਗੁਰ ਸ਼ਬਦ ਸਹਾਇ ਲੇ ਨਾਮ ਜਪਨ ਹਥਿਆਰ।
ਮਨ ਰਿਪੁ ਜੀਤੈਂ ਮਨੁਜ ਜੇ ਦ੍ਵੈ ਲੋਕਨ ਸੁਖ ਸਾਰ।[27]

ਸ੍ਰੀ ਗੁਰ ਨਾਨਕ ਪ੍ਰਕਾਸ਼ ਵਿੱਚ ਨਾਮ-ਸਿਮਰਨ ਦੀ ਵਡਿਆਈ ਕੁਝ ਇਸ ਤਰ੍ਹਾਂ ਕੀਤੀ ਗਈ ਹੈ ਕਿ ਗੁਰੂ ਜੀ ਨੇ ਪਹਾੜ ਪਾਣੀਆਂ 'ਚ ਤਾਰ ਦਿੱਤੇ ਮਨੁੱਖਾਂ ਦੀ ਤਾਂ ਗਿਣਤੀ ਕੀ ਕਰਨੀ ਹੈ। ਜਿਹੜੇ ਦਿਨ ਰਾਤ ਨਾਮ-ਸਿਮਰਨ ਕਰਦੇ ਹਨ। ਉਹ ਤਾਂ ਸੰਸਾਰ ਰੂਪੀ ਸਾਗਰ 'ਚ ਵੀ ਸੌਖਿਆ ਹੀ ਪਾਰ ਲੰਘ ਜਾਂਦੇ ਹਨ।

ਗਰੂਏ ਗਿਰ ਸਾਗਰ ਪਰ ਤਾਰੇ। ਮਾਨਵ ਕੀ ਕਥਾ ਗਨਤਿ ਉਚਾਰੇ।
ਨਾਮ ਲੇਯ ਜੋ ਤੁਮ ਦਿਨ ਰੈਨਾ। ਸੋ ਭਉਜਲ ਲੰਘਹਿ ਸੁਖ ਚੈਨਾ।[28]

ਪਰਮਾਤਮਾ ਦੀ ਪ੍ਰਾਪਤੀ ਲਈ ਨਾਮ ਰੂਪੀ ਰਸ ਨੂੰ ਸਭ ਤੋਂ ਉਪਰ ਦੱਸਿਆ ਹੈ। ਹੋਰ ਸਾਰੇ ਦੁਨਿਆਵੀਂ ਰਸ ਕਸ ਤੇ ਸਵਾਦ ਬੇਅਰਥ ਹਨ। ਨਾਮ ਰਸ ਹੀ ਮਹਾਂਰਸ ਹੈ ਨਾਮ ਰੂਪੀ ਰਸ ਸਾਰੇ ਵਿਕਾਰਾਂ ਤੋਂ ਰਹਿਤ ਹੈ।

ਰਸ ਕਸ ਯਾਦ ਬਾਦ ਏ ਜਾਨੋ। ਨਾਮ ਮਹਾਂਰਸ ਸੁਖਦਾ ਮਾਨੋ।
ਫਸੇ ਜਿ ਉਨ ਮਹਿਂ ਹੋਤਿ ਬਿਕਾਰਾ। ਅਹੈਂ ਨਾਮ ਕੇ ਰਸ ਅਵਿਕਾਰਾ।[29]

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਰੇ ਸੰਸਾਰ ਵਿੱਚ ਸਿੱਖੀ ਦਾ ਪ੍ਰਚਾਰ ਕੀਤਾ। ਉਨ੍ਹਾਂ ਕਿਹਾ ਕਿ ਜੋ ਆਦਮੀ ਨਾਮ-ਸਿਮਰਨ, ਨਾਮ-ਦਾਨ ਅਤੇ ਇਸ਼ਨਾਨ ਕਰੇਗਾ ਉਸ ਆਦਮੀ ਨੂੰ ਆਪਣੇ ਭਲੇ ਬੁਰੇ ਦੀ ਪਛਾਣ ਹੋ ਜਾਵੇਗੀ। ਉਨ੍ਹਾਂ ਨੇ ਜਗਤ ਦੇ ਸਾਰੇ ਮਨੁੱਖਾਂ ਨੂੰ ਸਦਾ ਸਤਿਨਾਮ ਦਾ ਸਿਮਰਨ ਕਰਨ ਦਾ ਉਪਦੇਸ਼ ਦਿੱਤਾ। ਨਾਮ ਤੋਂ ਬਿਨ੍ਹਾਂ ਸਾਰੇ ਕਰਮ, ਧਰਮ, ਤਪ, ਨੇਮ ਆਦਿ ਬੇਅਰਥ ਹਨ। ਉਨਾਂ ਪਰਮਾਤਮਾ ਦਾ ਨਾਮ-ਸਿਮਰਨ, ਕਿਰਤ ਕਰਨ, ਵੰਡ ਛਕਣ ਬਾਰੇ

ਸਮਝਾਇਆ। ਕਲਜੁੱਗ ਵਿੱਚ ਸਿਰਫ਼ ਨਾਮ ਨੂੰ ਹੀ ਜ਼ਰੂਰੀ ਦੱਸਿਆ, ਜਿਸਦੇ ਸਿਮਰਨ ਸਦਕਾ ਜਗਤ ਨੂੰ ਦੁੱਖਾਂ ਤੋਂ ਛੁਟਕਾਰਾ ਮਿਲ ਸਕੇਗਾ। ਜਦੋਂ ਨਾਮ-ਸਿਮਰਨ ਵਿੱਚ ਲਿਵ ਲੱਗ ਜਾਂਦੀ ਹੈ ਤਾਂ ਅਜਿਹਾ ਸੁਆਦ ਆਉਂਦਾ ਹੈ, ਜਿਸ ਨੂੰ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਇਸ ਸਮੇਂ ਮਨੁੱਖ ਦੀ ਗੁੰਗੇ ਦੇ ਗੁੜ ਖਾਣ ਵਾਲੀ ਅਵਸਥਾ ਹੋ ਜਾਂਦੀ ਹੈ।

> ਸਰਬ ਰਸਨ ਤੇ ਰਸ ਭਲਾ ਸਾਦ ਲੇਇ ਜੋ ਕੋਇ।
> ਸ੍ਰੀ ਗੁਰਮੁਖ ਤੇ ਨਾਮ ਸੁਨਿ ਜਪਹਿ ਸਦਾ ਸੁਖ ਹੋਇ।[30]

**(ਅ) ਸੇਵਾ**

ਭਾਈ ਕਾਨ੍ਹ ਸਿੰਘ ਨਾਭਾ ਨੇ ਸੇਵਾ ਸ਼ਬਦ ਦੀ ਪਰਿਭਾਸ਼ਾ ਦਿੰਦੇ ਹੋਏ

> ਇਸ ਨੂੰ ਸੰਗਿਆ ਰੂਪ ਅਤੇ ਫ਼ਾਰਸੀ ਸ਼ਬਦ ਸ੍ਰੇਵ ਤੋਂ ਉਧਰਿਤ-ਤਰੀਕਾ, ਕਾਇਦਾ ਮੰਨਿਆ ਤੇ ਕਿਹਾ ਹੈ ਕਿ ਇਹ ਸ਼ਬਦ ਆਦਤ, ਸੁਭਾਉ ਭਾਵਾਂ ਤੋਂ ਇਲਾਵਾ ਸਿੰਧੀ ਵਿੱਚ ਪੂਜਾ, ਭੇਟਾ ਦੇ ਭਾਵ ਵੀ ਵਿਅਕਤ ਕਰਦਾ ਹੈ।[31]

ਸੇਵਾ ਨੂੰ ਗੁਰਬਾਣੀ ਵਿੱਚ ਉਪਕਾਰ ਦੇ ਅਰਥਾਂ ਵਿੱਚ ਲਿਆ ਗਿਆ ਹੈ। ਸਿੱਖ ਧਰਮ ਵਿੱਚ ਨਿਰਮਲੇ, ਉਦਾਸੀ ਗੁਰੂ ਸੰਪਰਦਾਇ ਦੇ ਪੈਰੋਕਾਰਾਂ ਨੇ ਕਈ ਢੰਗ ਤਰੀਕਿਆਂ ਨਾਲ ਸੇਵਾ ਨੂੰ ਨਿਭਾਇਆ ਹੈ। ਗੁਰਧਾਮਾਂ ਦੀ ਉਸਾਰੀ, ਲੋਕ ਕਲਿਆਣ ਹਿਤ ਸੰਸਥਾਵਾਂ ਬਣਾਉਣਾ, ਵਿਦਿਆ ਪ੍ਰਾਪਤੀ ਲਈ ਸਕੂਲਾਂ ਦੀ ਸਥਾਪਨਾ, ਗਰੀਬਾਂ ਲਈ ਦਵਾਖਾਨੇ ਖੋਲ੍ਹਣਾ, ਗੁਰਮੁਖੀ ਦੇ ਪ੍ਰਚਾਰ ਲਈ ਗੁਰਬਾਣੀ ਨਾਲ ਸੰਬੰਧਿਤ ਪੋਥੀ ਲਿਖ ਕੇ ਮੁਫ਼ਤ ਵੰਡਣਾ, ਲੋਕ ਭਲਾਈ ਜਾਂ ਕਲਿਆਣਕਾਰੀ ਰੂਪ ਵਿਚ ਸੇਵਾ ਕਰਨਾ ਹੈ। ਸੱਚਾ ਸੇਵਕ ਤਾਂ ਸਭ ਦਾ ਭਲਾ ਮੰਗਦਾ ਹੈ। ਪੰਜਾਬੀ ਕੋਸ਼ ਵਿੱਚ

> ਸੇਵਾ ਦੇ ਅਰਥ-ਟਹਿਲ, ਚਾਕਰੀ, ਨੌਕਰੀ, ਭਗਤੀ, ਉਪਾਸਨਾ, ਲੋਕ ਸੇਵਾ ਦੀ ਯੋਗਤਾ ਕੀਤੇ ਗਏ ਹਨ।[32]

'ਸੇਵਾ' ਸੰਸਕ੍ਰਿਤ ਭਾਸ਼ਾ ਤੋਂ ਆਇਆ ਸ਼ਬਦ ਹੈ। ਸੰਸਕ੍ਰਿਤ ਭਾਸ਼ਾ ਵਿੱਚ ਇਸ ਦਾ ਮੂਲ (**संत + अड़् + यम**) ਹੈ। ਇਸ ਦੇ ਵੱਖ-ਵੱਖ ਅਰਥ ਕੀਤੇ ਗਏ ਹਨ। ਜਿਵੇਂ ਕਿ

> ਪਰਿਚਰਯ, ਖਿਦਮਤ, ਟਹਲ, ਪੂਜਾ, ਸਰਧਾਂਜ਼ਲੀ, ਸਨਮਾਨ, ਚਾਉ, ਉਪਯੋਗ, ਚਾਪਲੂਸੀ, ਧਰਮ, ਸੇਵਾ, ਕਰਨ ਦਾ ਕਰਤੱਵ, ਸੇਵਾ ਕਰਨ ਦੀ ਵਿਧੀ ਜਾਂ ਪ੍ਰਥਾ ਆਦਿ। ਸੇਵਾ ਸ਼ਬਦ ਦਾ ਪੰਜਾਬੀ ਰੂਪ ਹੀ ਸੇਵਾ ਹੈ।[33]

ਸੇਵਾ ਦੀ ਪਰੰਪਰਾ ਉਪਨਿਸ਼ਦਾਂ ਤੋਂ ਚਲੀ ਆ ਰਹੀ ਹੈ। ਵਿਦਵਾਨਾਂ ਨੇ ਸੰਸਕ੍ਰਿਤ ਦੇ ਇਸ

ਸ਼ਬਦ ਨੂੰ ਭਗਤੀ ਦਾ ਸਮਾਂਤਰ ਮੰਨਿਆ ਹੈ। ਇਹ ਸੱਚਮੁੱਚ ਇੱਕ ਨਿਸ਼ਕਾਮ ਸਾਧਨਾ ਹੈ। ਪ੍ਰਾਚੀਨ ਭਾਰਤ ਵਿਚ ਸਾਡਾ ਸਮਾਜ ਚਾਰ ਵਰਗਾਂ ਵਿੱਚ ਵੰਡਿਆ ਹੋਇਆ ਸੀ। ਬ੍ਰਾਹਮਣ, ਖੱਤਰੀ, ਵੈਸ਼ਯ ਅਤੇ ਸ਼ੂਦਰ ਆਦਿ। ਸ਼ੂਦਰ ਨੂੰ ਨੀਵਾ ਸੇਵਕ ਜਾਂ ਦਾਸ ਸਮਝਿਆ। ਉਸ ਨੂੰ ਸਭ ਦੀ ਸੇਵਾ ਕਰਨੀ ਪੈਂਦੀ ਸੀ। ਆਮ ਤੌਰ ਤੇ ਵੇਖੀਏ ਤਾਂ ਸੇਵਾ ਦਾ ਸੰਬੰਧ ਸੁਆਮੀ ਪ੍ਰਤਿ ਸੇਵਕ ਦੀ ਨਿਸ਼ਠਾ ਹੈ। ਵੈਸ਼ਣਵ ਭਗਤੀ ਅਤੇ ਭਗਵਤ ਪੁਰਾਣ ਵਿੱਚ ਨਵਧਾ ਭਗਤੀ ਵਿੱਚ 'ਪਾਦ-ਸੇਵਨ' ਚਰਣ ਸੇਵਾ ਨੂੰ ਭਗਤੀ ਦਾ ਵਿਸ਼ੇਸ਼ ਅੰਗ ਮੰਨਿਆ ਗਿਆ ਹੈ। ਪ੍ਰੋ. ਪ੍ਰੇਮ ਪ੍ਰਕਾਸ਼ ਸਿੰਘ ਅਨੁਸਾਰ,

> ਸੇਵਾ ਦਾ ਮਤਲਬ ਹੀ ਸੇਵਾ ਹੀ ਅਰਥਾਤ ਸ਼ਖ਼ਸੀ ਵਲਗਣਾਂ ਤੋਂ ਮੁਕਤ ਹੋ ਕੇ ਇਨਸਾਨੀ ਭਾਈਚਾਰੇ ਲਈ ਕੰਮ ਕਰਨਾ।[34]

ਭਾਰਤੀ ਸਮਾਜ ਦੀ ਬਣਤਰ ਵਿੱਚ ਸੇਵਾ ਕਰਨੀ ਕੁਝ ਕੁ ਸ਼੍ਰੇਣੀਆਂ ਦੇ ਲੋਕਾਂ ਦਾ ਹੀ ਫਰਜ਼ ਮੰਨਿਆ ਗਿਆ ਸੀ। ਜਿਵੇਂ ਸ਼ੂਦਰ ਲੋਕ ਬ੍ਰਾਹਮਣਾਂ ਤੇ ਖੱਤਰੀਆਂ ਦੀ ਸੇਵਾ ਕਰਦੇ ਸਨ। ਪਰ ਗੁਰਮਤਿ ਵਿੱਚ ਸੇਵਾ ਦਾ ਖੇਤਰ ਵਿਸ਼ਾਲ ਹੈ। ਇਹ ਗੁਰੂ ਸੇਵਾ ਤੋਂ ਲੈ ਕੇ ਜੀਵਾਂ ਦੀ ਸੇਵਾ ਤੱਕ ਵਿਆਪਕ ਹੈ। ਇਸ ਵਿੱਚ ਮਨੁੱਖੀ ਕਰਤੱਵ ਦੀ ਪਾਲਣਾ, ਪਰਉਪਕਾਰ ਕਰਨਾ ਆਦਿ ਸਮਾ ਗਏ ਹਨ। ਸੇਵਾ ਦੀਆਂ ਤਿੰਨ ਦਿਸ਼ਾਵਾਂ ਮੰਨੀਆਂ ਜਾਂਦੀਆਂ ਹਨ:

1. ਪ੍ਰਭੂ ਸੇਵਾ 2. ਗੁਰੂ ਸੇਵਾ 3. ਸੰਤ ਸੇਵਾ।[35]

**ਪ੍ਰਭੂ ਸੇਵਾ :** ਮਨੁੱਖ ਮਨ ਵਿੱਚ ਉੱਚ-ਚੇਤਨਾ ਭਾਵ ਸ਼ਕਤੀ ਤੇ ਵਿਸ਼ਵਾਸ ਬਣਾਉਣ ਤੇ ਜੋਰ ਦਿੱਤਾ ਹੈ।ਉਹ ਸੱਤਾ ਪੂਰਨ ਹੈ, ਵਿਸ਼ਵਵਿਆਪੀ ਹੈ ਤੇ ਉਸ ਤੋਂ ਸਭ ਕੁਝ ਉਤਪੰਨ ਹੁੰਦਾ ਹੈ। ਇਹ ਪ੍ਰਭੂ-ਸੇਵਾ ਸਭ ਤੋਂ ਉੱਤਮ ਹੈ, ਜਿਸ ਤੋਂ ਸੰਸਾਰਿਕ ਤੇ ਪਰਮਾਰਥਿਕ ਫਲਾਂ ਦੀ ਪ੍ਰਾਪਤੀ ਹੁੰਦੀ ਹੈ। ਮਨੁੱਖ ਦੀ ਪ੍ਰਭੂ ਅਰਪਣ ਕੀਤੀ ਸੇਵਾ-ਭਾਵਨਾ ਬਿਰਥਾ ਨਹੀਂ ਜਾਂਦੀ।

**ਗੁਰੂ ਸੇਵਾ :** ਗੁਰੂ ਸੇਵਾ ਦੀ ਮਹੱਤਤਾ ਸ਼ੁਰੂ ਤੋਂ ਵੱਧ ਮੰਨੀ ਗਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਹ ਵੱਖ-ਵੱਖ ਸ਼ਬਦ ਜੋੜਾਂ ਵਿੱਚ ਜਿਵੇਂ ਸੇਵਾ, ਸੇਵਿ, ਸੇਵਿਆ, ਸੇਵਿਐ, ਸੇਵਿਹ, ਸੇਵੀ, ਸੇਵੀਐ, ਸੇਵੇ, ਸੇਵੈ ਆਦਿ ਰੂਪ ਵਿਚ ਆਇਆ ਹੈ। ਵੱਖ-ਵੱਖ ਸ਼ਬਦ ਜੋੜਾਂ ਦੇ ਰੂਪ ਤੋਂ ਇਹ ਨਿਰਣਾ ਕਰਨਾ ਕਠਿਨ ਨਹੀਂ ਹੈ ਕਿ ਇਸ ਸ਼ਬਦ ਦੀ ਭਰਪੂਰ ਵਰਤੋਂ ਹੁੰਦੀ ਹੈ। ਇੱਕ ਸੰਕਲਪ ਦੇ ਰੂਪ ਵਿੱਚ 'ਸੇਵਾ' ਨੂੰ ਗੁਰਬਾਣੀ ਵਿੱਚ ਯੋਗ ਸਥਾਨ ਪ੍ਰਾਪਤ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ ਗੁਰੂ ਦੀ ਸੇਵਾ ਰਾਹੀਂ ਮਨੁੱਖ ਨੂੰ ਆਤਮਿਕ ਅਨੰਦ ਮਿਲਦਾ ਹੈ। ਇੱਥੇ ਗੁਰ-ਸੇਵਾ ਨੂੰ ਗੁਰੂ ਪ੍ਰਤੀ ਭਗਤੀ ਭਾਵਨਾ ਕਹਿ ਸਕਦੇ ਹਾਂ। ਸਿੱਖ ਧਰਮ ਦਰਸ਼ਨ ਵਿੱਚ ਦੇਹਧਾਰੀ ਗੁਰੂ ਦੀ ਥਾਂ ਸ਼ਬਦ ਗੁਰੂ ਨੂੰ ਮਹੱਤਤਾ ਦਿੱਤੀ ਗਈ ਹੈ।

**ਸੰਤ ਸੇਵਾ :** ਗੁਰਬਾਣੀ ਵਿੱਚ ਸੰਤ-ਸੇਵਾ ਨੂੰ ਵਡਿਆਈ ਦਿੱਤੀ ਹੈ। ਸੰਤ ਨੂੰ ਪ੍ਰਭੂ ਰੂਪ ਮੰਨਿਆ ਗਿਆ ਹੈ। ਸੰਤ-ਸੇਵਾ ਸੇਵਕ ਨੂੰ ਆਪਾ ਤਿਆਗ ਦੀ ਜਾਚ ਸਿਖਾਉਂਦੀ ਹੈ ਅਤੇ ਪ੍ਰਭੂ ਹੁਕਮ ਦਾ ਅਨੁਸਾਰੀ ਬਣਾਉਣ ਦਾ ਸਹਿਯੋਗ ਦਿੰਦੀ ਹੈ।

**ਸਰਵੋਤਮ ਸਾਧਨਾ ਸੇਵਾ :** ਆਮ ਮਨੁੱਖ ਦੇ ਸਾਰੇ ਕਰਮ ਫਲ ਪ੍ਰਾਪਤੀ ਦੀ ਇੱਛਾ ਨਾਲ ਸੰਬੰਧਿਤ ਹੁੰਦੇ ਹਨ। ਭਾਰਤੀ ਸੰਸਕ੍ਰਿਤੀ ਵਿੱਚ ਧਰਮ, ਅਰਥ, ਕਾਮ, ਮੋਕਸ਼ ਦਾ ਸੰਕਲਪ ਹੈ। ਮਨੁੱਖ ਇਨ੍ਹਾਂ ਵਿਚੋਂ ਕਿਸੇ ਨਾ ਕਿਸੇ ਦੀ ਪ੍ਰਾਪਤੀ ਵਾਸਤੇ ਭੱਜ ਦੌੜ ਕਰਦਾ ਹੈ। ਬਹੁਤੇ ਲੋਕ ਤਾਂ ਕਾਮ ਤੇ ਅਰਥ ਦੇ ਮਗਰ ਦੌੜਦੇ ਹਨ। ਪਰ ਕੁਝ ਕੁ ਗਿਣਤੀ ਲੋਕ ਧਰਮ ਤੇ ਧਰਮ ਤੋਂ ਅੱਗੇ ਮੋਕਸ਼ ਦੀ ਇੱਛਾ ਵੀ ਕਰਦੇ ਹਨ। ਗੁਰਮਤਿ ਅਨੁਸਾਰ

> ਚਾਰੇ ਪਦਾਰਥਾਂ ਜਾਂ ਚੌਹਾਂ ਵਿੱਚੋਂ ਕਿਸੇ ਇੱਕ ਦੀ ਪ੍ਰਾਪਤੀ ਲਈ ਸੇਵਾ ਇੱਕ ਸਫ਼ਲ ਸਾਧਨ ਹੈ। ਇਸੇ ਕਰਕੇ ਗੁਰਮਤਿ ਦ੍ਰਿੜਤਾ ਪੂਰਵਕ ਇਸ ਤੇ ਜ਼ੋਰ ਦਿੰਦੀ ਹੈ ਕਿ ਸੇਵਾ ਸਰਵੋਤਮ ਕਰਮ ਜਾਂ ਸਾਧਨ ਹੈ, ਪਰ ਇਹ ਵੀ ਪਰਮਾਤਮਾ ਦੇ ਹੁਕਮ ਅੰਦਰ ਰਹਿ ਕੇ ਹੋ ਸਕਦੀ ਹੈ।[36]

ਪਰਮਾਤਮਾ ਮਨੁੱਖ ਨੂੰ ਜਿੱਥੇ ਕਾਰਜ ਲਾਵੇ, ਮਨੁੱਖ ਉੱਥੇ ਹੀ ਉਹ ਕਾਰਜ ਕਰ ਸਕਦਾ ਹੈ। ਗੁਰਮਤਿ ਵਿੱਚ ਸੇਵਾ ਪ੍ਰਧਾਨ ਹੈ। ਸਿੱਖ ਸੇਵਾਦਾਰ ਹੈ ਅਤੇ ਸਿੱਖੀ ਸੇਵਾ ਦਾ ਨਾਂ ਹੈ। ਮਨੁੱਖਤਾ ਦੀ ਸੇਵਾ ਪਰਮਾਤਮਾ ਦੀ ਸੇਵਾ ਹੈ। ਸੇਵਾ ਸਿੱਖ ਦੇ ਜੀਵਨ ਦਾ ਅਨਿਖੜਵਾਂ ਅੰਗ ਹੈ। ਗੁਰਮਤਿ ਵਿੱਚ ਸੇਵਾ ਦਾ ਆਪਣਾ ਸਥਾਨ ਹੈ। ਸੇਵਾ ਦਾ ਇਹ ਰੂਪ ਵਿਸ਼ੇਸ਼ ਮਹੱਤਵ ਰੱਖਦਾ ਹੈ। ਇਹ ਸੇਵਾ ਦਾ ਸਮੂਹਿਕ ਰੂਪ ਹੈ। ਕਾਰ ਸੇਵਾ ਵਿੱਚ ਗੁਰੂ ਘਰ ਦੀ ਇਮਾਰਤ ਦੀ ਸੇਵਾ ਕਰਨੀ, ਸਰੋਵਰਾਂ ਦੀ ਸਫ਼ਾਈ ਕਰਨੀ, ਰਸਤੇ ਆਦਿ ਬਣਾਉਣੇ ਅਤੇ ਮੁਰੰਮਤ ਆਦਿ ਸੇਵਾ ਦੇ ਕੰਮ ਹਨ। ਹਰ ਕੋਈ ਸੇਵਾ ਵਾਲੇ ਪਾਸੇ ਨਹੀਂ ਲੱਗ ਸਕਦਾ।

> ਸੇਵਾ ਦੀ ਭਾਵਨਾ ਕੇਵਲ ਉੱਚੇ ਸੁੱਚੇ ਆਚਰਣ ਵਾਲੇ ਮਨੁੱਖਾਂ ਵਿੱਚ ਪੈਦਾ ਹੋ ਸਕਦੀ ਹੈ। ਨੈਤਿਕ ਗੁਣਾਂ ਨੂੰ ਧਾਰਨ ਕਰਨਾ, ਕੁਕਰਮ ਕਰਨ ਤੋਂ ਪਰਹੇਜ਼ ਕਰਨਾ, ਸੰਸਾਰਿਕ ਮੋਹ ਤੋਂ ਉਪਰ ਉਠ ਕੇ ਸਤਿ ਦੇ ਮਾਰਗ ਤੇ ਚੱਲਣ ਵਾਲਾ ਮਨੁੱਖ ਹੀ ਸੱਚੀ-ਸੁੱਚੀ ਸੇਵਾ ਕਰਨ ਦੇ ਯੋਗ ਹੋ ਸਕੇਗਾ। ਸੇਵਾ ਵਿੱਚ ਲੀਨ ਹੋਣ ਨਾਲ ਇਹ ਗੁਣ ਮਨੁੱਖ ਵਿੱਚ ਸੁਭਾਵਿਕ ਹੀ ਆ ਜਾਂਦੇ ਹਨ।[37]

ਸ਼੍ਰੀ ਗੁਰ ਨਾਨਕ ਪ੍ਰਕਾਸ਼ ਅਨੁਸਾਰ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਦਾਸੀਆਂ ਰਾਹੀਂ ਕਲਜੁਗੀ ਜੀਵਾਂ ਦੇ ਉੱਧਾਰ ਲਈ ਥਾਂ ਪਰ ਥਾਂ ਜਾ ਕੇ ਸੇਵਾ ਤੇ ਸਿਮਰਨ ਦਾ

ਪ੍ਰਚਾਰ ਕੀਤਾ। ਕਰਤਾਰਪੁਰ ਵਿਖੇ ਧਰਮਸ਼ਾਲ ਕਾਇਮ ਕੀਤੀ। ਸੰਗਤ ਤੇ ਪੰਗਤ ਦੀ ਪ੍ਰਥਾ ਕਾਇਮ ਕਰਕੇ ਸੇਵਾ-ਧਰਮ ਚਲਾਇਆ। ਇਤਿਹਾਸਕਾਰ ਲਿਖਦੇ ਹਨ

> ਗੁਰੂ ਨਾਨਕ ਦੇਵ ਜੀ ਨੇ ਸ੍ਰੀ ਲਹਿਣਾ ਜੀ ਦੀਆਂ ਬਾਰ੍ਹਾਂ (12) ਪ੍ਰੀਖਿਆਵਾਂ ਸੇਵਾ ਦੇ ਰੂਪ ਵਿੱਚ ਲਈਆਂ ਸਨ। ਸੇਵਾ ਦੇ ਫਲਸਰੂਪ ਭਾਈ ਲਹਿਣਾ ਜੀ ਗੁਰੂ ਅੰਗਦ ਬਣ ਗਏ।[38]

ਉਨ੍ਹਾਂ ਨੇ ਇਹ ਵਰ ਗੁਰੂ ਅਮਰਦਾਸ ਜੀ ਨੂੰ ਨਿਸ਼ਕਾਮ ਸੇਵਾ ਦੇ ਫਲਸਰੂਪ ਪ੍ਰਦਾਨ ਕੀਤਾ। ਸ੍ਰੀ ਗੁਰੂ ਅਮਰਦਾਸ ਜੀ ਨੇ ਵੀ ਬਾਊਲੀ ਦੀ ਸੇਵਾ, ਸੰਗਤ ਤੇ ਪੰਗਤ ਦੀ ਸੇਵਾ ਖ਼ੂਬ ਨਿਭਾਈ।

ਗਿਆਨੀ ਪ੍ਰਤਾਪ ਸਿੰਘ ਨੇ ਸੇਵਾ ਦੇ ਵਿਭਿੰਨ ਰੂਪ ਦੱਸੇ ਹਨ, ਜਿਨ੍ਹਾਂ ਤੋਂ ਸੇਵਾ ਸ਼ਬਦ ਦੇ ਅਰਥ ਦਾ ਵਿਸਤਾਰ ਮਿਲਦਾ ਹੈ।

| | | |
|---|---|---|
| ਸ਼ਰਧਾ ਭਗਤੀ | : | ਗੁਰੂ, ਸੰਗਤ, ਸੰਤ ਪੁਰਸ਼ ਤੇ ਮਹਾਤਮਾਵਾਂ ਦੀ ਸੇਵਾ। |
| ਵਫ਼ਾਦਾਰੀ | : | ਮਾਤਾ-ਪਿਤਾ, ਉਸਤਾਦ ਤੇ ਬਜ਼ੁਰਗ। |
| ਮੋਹ ਪਿਆਰ ਦੀ ਸੇਵਾ | : | ਇਸਤਰੀ, ਔਲਾਦ ਅਤੇ ਪਰਮ-ਸੁਨੇਹੀ। |
| ਲਾਲਚ ਵੱਸ ਸੇਵਾ | : | ਮਾਲਕ, ਅਫ਼ਸਰ ਜਾਂ ਲਾਭ ਪਹੁੰਚਾਉਣ ਵਾਲੇ ਪੁਰਖਾਂ ਦੀ ਸੇਵਾ। |
| ਦਇਆ ਭਾਵਨਾ | : | ਦੁੱਖੀ ਮਨੁੱਖ ਜਾਂ ਜਾਨਵਰ ਦੇ ਦੁੱਖ ਦੇਖ ਕੇ ਰਹਿਮ ਕਰਦਿਆਂ ਉਹਨਾਂ ਦੀ ਸੇਵਾ। |
| ਦੂਜਿਆ ਦੇ ਭਲੇ ਹਿੱਤ | : | ਦੇਸ਼ ਅਤੇ ਕੌਮ ਦੀ ਸੇਵਾ। |
| ਨਿਸ਼ਕਾਮ ਸੇਵਾ | : | ਬਹੁਤ ਉੱਚੇ ਕਿਰਦਾਰ ਵਾਲੇ ਲੋਕ ਮਨੁੱਖ ਮਾਤਰ ਦੀ ਸੇਵਾ ਨਿਸ਼ਕਾਮ ਹੋ ਕੇ ਕਰਦੇ ਹਨ। ਇਸ ਸੇਵਾ ਨੂੰ ਵਾਹਿਗੁਰੂ ਦੀ ਸੇਵਾ ਕਿਹਾ ਜਾਂਦਾ ਹੈ।[39] |

ਗੁਰਬਾਣੀ ਵਿੱਚ ਚਾਰ ਪ੍ਰਕਾਰ ਦੀ ਸੇਵਾ ਦਾ ਵਰਨਨ ਮਿਲਦਾ ਹੈ। 1. ਤਨ ਨਾਲ, 2. ਮਨ ਨਾਲ, 3. ਧਨ ਨਾਲ, 4. ਸੁਰਤਿ ਨਾਲ ਕੀਤੀ ਗਈ ਸੇਵਾ। ਗੁਰਮਤਿ ਅਨੁਸਾਰ ਉਹ ਸੇਵਾ ਸਫ਼ਲ ਹੈ ਜੋ ਸਵੈ-ਇੱਛਾ ਨਾਲ ਕੀਤੀ ਜਾਵੇ।

**ਨਿਸ਼ਕਾਮ ਸੇਵਾ :** ਭਾਈ ਸੰਤੋਖ ਸਿੰਘ ਨੇ ਸ਼੍ਰੀ ਗੁਰ ਨਾਨਕ ਪ੍ਰਕਾਸ਼ ਲਿਖਦਿਆਂ ਭਾਈ ਲਹਿਣਾ ਜੀ, ਭਾਈ ਜੇਠਾ ਜੀ ਅਤੇ ਹੋਰ ਕਈ ਗੁਰ ਸਿੱਖਾਂ ਵਲੋਂ ਕੀਤੀ ਸੇਵਾ ਦੀ ਸੁੰਦਰ ਢੰਗ ਨਾਲ ਵਿਆਖਿਆ ਕੀਤੀ ਹੈ। ਉਹ ਲਿਖਦੇ ਹਨ ਕਿ ਸ਼ਰਧਾ ਤੇ ਪ੍ਰੇਮ ਨਾਲ ਸੇਵਾ ਕਰਨੀ ਚਾਹੀਦੀ ਹੈ।

ਕਦੇ ਵੀ ਸੇਵਾ ਕਰਕੇ ਮਨ ਵਿੱਚ ਅਹੰਕਾਰ ਨਹੀਂ ਲਿਆਉਣਾ ਚਾਹੀਦਾ।

ਲਹਿਣਾ ਰਹਯੋ ਪ੍ਰੇਮ ਕਰਿ ਪਾਸਾ। ਸੇਵਾ ਕਰਹਿ ਜੁ ਹੋਇ ਅਵਾਸਾ।
ਜੂਠੇ ਭਾਂਞਨ ਮਾਂਞਨ ਕਰਿਹੀ, ਚਰਨ ਪਖਾਰਿ ਹਰਖ ਉਰ ਧਰਿਹੀ।
ਬਿੰਜਨ ਲਏ ਹਾਂਕਹੀ ਪੌਨਾ। ਬਢਨੀ ਫੇਰਹਿ ਸਗਰੇ ਭੌਨਾ।
ਸਤਿਗੁਰ ਪਰ ਕੇ ਬਸਤ ਪਖਾਰਿਹ। ਨਿਸ ਦਿਨ ਸੇਵਾ ਕਰਤਿ ਗੁਜ਼ਾਰਹਿ।[40]

ਗੁਰਮਤਿ ਵਿੱਚ ਵੀ ਸੇਵਾ ਦਾ ਮਹੱਤਵ ਹੈ। ਗੁਰੂ ਸਾਹਿਬਾਨ ਨੇ ਸਮੇਂ-ਸਮੇਂ ਤੇ ਦੁੱਖੀ ਮਨੁੱਖਤਾ ਦੀ ਸੇਵਾ ਕੀਤੀ ਤੇ ਸਿੱਖਾਂ ਨੂੰ ਸੇਵਾ ਲਈ ਪ੍ਰੇਰਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਲਿਖਿਆ ਹੈ ਕਿ ਜੋ ਲੋਕ ਸੰਸਾਰ ਵਿਚ ਸੰਗਤ ਦੀ ਸੇਵਾ ਕਰਦੇ ਹਨ। ਉਹ ਦਰਗਾਹ ਵਿੱਚ ਮਾਣ ਪਾਉਂਦੇ ਹਨ। ਪ੍ਰਭੂ ਦੀ ਪ੍ਰਾਪਤੀ ਲਈ ਸੰਗਤ ਦੀ ਸੇਵਾ ਵੀ ਅਤਿ ਜ਼ਰੂਰੀ ਮੰਨੀ ਗਈ ਹੈ।

ਵਿਚਿ ਦੁਨੀਆ ਸੇਵ ਕਮਾਈਐ।
ਤਾ ਦਰਗਹ ਬੈਸਣੁ ਪਾਈਐ।[41]

ਗੁਰਬਾਣੀ ਵਿੱਚ ਬਿਨ੍ਹਾਂ ਕਿਸੇ ਲੋਭ ਲਾਲਚ ਤੋਂ ਨੀਤੀ ਨਿਸ਼ਕਾਮ ਸੇਵਾ ਨੂੰ ਸਭ ਤੋਂ ਉੱਤਮ ਸੇਵਾ ਮੰਨਿਆ ਹੈ।

ਸੇਵਾ ਕਰਤ ਹੋਇ ਨਿਹਕਾਮੀ। ਤਿਸ ਕਉ ਹੋਤ ਪਰਾਪਤਿ ਸੁਆਮੀ।
ਆਪਨੀ ਕ੍ਰਿਪਾ ਜਿਸੁ ਆਪਿ ਕਰੇਇ। ਨਾਨਕ ਸੋ ਸੇਵਕੁ ਗੁਰ ਮਤਿ ਲੇਇ[42]

ਸ਼੍ਰੀ ਗੁਰ ਨਾਨਕ ਪ੍ਰਕਾਸ਼ ਵਿੱਚ ਦੱਸਿਆ ਗਿਆ ਹੈ ਜਦੋਂ ਗੁਰੂ ਜੀ ਮਰਦਾਨੇ ਨੂੰ ਉਪਦੇਸ਼ ਦਿੰਦੇ ਹਨ ਤਾਂ ਸੇਵਾ ਦੀ ਮਹੱਤਤਾ ਇਸ ਪ੍ਰਕਾਰ ਦੱਸਦੇ ਹਨ ਕਿ ਜਿਹੜੇ ਨਗਰ ਦੇ ਲੋਕ ਸੰਤਾਂ ਤੇ ਲੋੜਵੰਦਾਂ ਦੀ ਸੇਵਾ ਨਹੀਂ ਕਰਦੇ ਉਨ੍ਹਾਂ ਨੂੰ ਪਾਪਾਂ ਦੇ ਭਾਗੀ ਬਣਨਾ ਪੈਂਦਾ ਹੈ।

ਸੁਨ ਮਰਦਾਨੇ ! ਨਗਰ ਜਿਸ ਸੰਤ ਅਤਿਥਿ ਚਲ ਜਾਹਿ।
ਸੇਵਾ ਹੋਇ ਨ ਤਾਂਹਿ ਕੀ ਸਬਹਨ ਪਾਪ ਲਗਾਹਿ।[43]

ਭਾਈ ਸੰਤੋਖ ਨੇ ਲਿਖਿਆ ਹੈ ਕਿ ਗੁਰੂ ਨਾਨਕ ਦੇਵ ਜੀ ਜੋ ਪਰਿਪੂਰਨ ਅਤੇ ਕ੍ਰਿਪਾ-ਨਿਧਾਨ ਹਨ, ਉਨ੍ਹਾਂ ਦੀ ਸੇਵਾ ਕੀਤਿਆ ਅਥਾਹ ਫਲ ਪ੍ਰਾਪਤ ਕੀਤਾ ਜਾ ਸਕਦਾ ਹੈ। ਉਨ੍ਹਾਂ ਅਨੁਸਾਰ ਗੁਰਸਿੱਖ ਹੰਸ ਸਮਾਨ ਹਨ। ਮਨੁੱਖ ਨੂੰ ਐਵੇ ਦੁਨਿਆਵੀਂ ਜੰਜਾਲਾਂ ਵਿੱਚ ਬਹੁਤਾ ਨਹੀਂ ਫਸਣਾ ਚਾਹੀਦਾ ਕਿਉਂਕਿ ਸੇਵਾ ਕਰਨ ਨਾਲ ਹੀ ਸਦੀਵੀ ਸੁਖ ਦੀ ਪ੍ਰਾਪਤੀ ਹੋ ਸਕਦੀ ਹੈ।

ਕਿਉਂ ਜੰਜਾਰ ਉਰਝਯੋ ਮਨਾ ! ਕਾਜ ਨ ਤੇਰੇ ਕੋਇ।

ਸਤਿਗੁਰ ਚਰਣ ਸਰੋਜ ਕੋ ਸੇਵਿ ਸਦਾ ਸੁਖ ਹੋਇ।[44]

ਗੁਰਬਾਣੀ ਗੁਰੂ ਦੀ ਸੇਵਾ ਉੱਤੇ ਬਹੁਤ ਬਲ ਦਿੰਦੀ ਹੈ। ਗੁਰੂ ਦੀ ਸੇਵਾ ਦੋ ਪ੍ਰਕਾਰ ਦੀ ਹੁੰਦੀ ਹੈ - ਬਾਹਰਲੀ ਸੇਵਾ, ਅੰਦਰਲੀ ਸੇਵਾ। ਬਾਹਰਲੀ ਸੇਵਾ ਉਹ ਹੈ ਜਿਸ ਨਾਲ ਸਰੀਰਕ ਸੁੱਖ ਪ੍ਰਾਪਤ ਹੋਵੇ। ਜਿਵੇਂ ਪੈਰ ਦਬਾਣਾ, ਪੱਖਾ ਝੱਲਣਾ, ਪਾਣੀ ਭਰਨਾ, ਆਟਾ ਪੀਹਣਾ ਆਦਿ। ਅੰਦਰਲੀ ਸੇਵਾ ਪੂਰਨ ਸ਼ਰਧਾ ਸਹਿਤ ਕੀਤੀ ਜਾਂਦੀ ਹੈ। ਗੁਰੂ ਦੇ ਦਰਸ਼ਨ ਕਰਨੇ, ਬਚਨ ਜਾਂ ਬਾਣੀ ਨੂੰ ਸੁਣਨਾ, ਉਨ੍ਹਾਂ ਦੇ ਬਚਨਾਂ ਅਨੁਸਾਰ ਕਰਮ ਕਰਨੇ। ਬਾਹਰਲੀ ਸੇਵਾ ਅੰਦਰਲੀ ਸੇਵਾ ਦਾ ਮੂਲ ਆਧਾਰ ਹੈ।

**ਸੇਵਾ ਅਤੇ ਹਉਮੈਂ :** ਗੁਰਮਤਿ ਅਨੁਸਾਰ ਸੇਵਾ ਵਾਸਤੇ ਹਉਮੈਂ ਸਭ ਤੋਂ ਵੱਡੀ ਰੁਕਾਵਟ ਪ੍ਰਵਾਨ ਕੀਤੀ ਗਈ ਹੈ। ਹਉਮੈਂ ਨੂੰ ਮੈਲ, ਰੋਗ, ਬੰਧਨ ਅਤੇ ਅਗਿਆਨ ਆਖਿਆ ਗਿਆ ਹੈ। ਸੇਵਾ ਸਾਧਨ ਹੈ ਹਉਮੈਂ ਤੋਂ ਮੁਕਤ ਹੋਣ ਵਾਸਤੇ ਕਿਉਂਕਿ ਸੇਵਾ ਨੇ ਹਉਮੈਂ ਨੂੰ ਤਿਆਗ ਕੇ ਮਨੁੱਖ ਨੂੰ ਦੇਵਤਾ ਥੀਣ ਤੱਕ ਲੈ ਜਾਣਾ ਹੈ। ਸੇਵਾ ਨੂੰ ਸਮਾਜਿਕ ਮੰਨ ਕੇ ਵੀ ਸੇਵਾ ਦਾ ਸੰਬੰਧ ਵਿਸ਼ੇਸ਼ ਰੂਪ ਵਿਚ ਪ੍ਰਵਾਨ ਕੀਤਾ ਗਿਆ।

ਭਾਈ ਘੱਨਈਆ ਦੇ ਚਰਿਤ੍ਰ ਵਿੱਚ ਮਨੁੱਖੀ ਸੇਵਾ ਦਾ ਉਜਲ ਨਮੂਨਾ ਵੇਖਿਆ ਜਾ ਸਕਦਾ ਹੈ। ਸੇਵਾ ਦੀ ਭਾਵਨਾ ਹਉਮੈਂ ਨੂੰ ਵੀ ਨਸ਼ਟ ਕਰਦੀ ਹੈ। ਕਿਉਂਕਿ ਹਉਮੈਂ ਧੁੰਧ-ਗੁਬਾਰ ਵਾਂਗ ਹੈ ਅਤੇ ਸੇਵਾ ਪ੍ਰਕਾਸ਼ ਵਰਗੀ ਹੈ। ਹਉਮੈਂ ਵਿੱਚ ਆਪਣੇ ਲਈ ਜੀਣਾ ਹੁੰਦਾ ਹੈ, ਸੇਵਾ ਵਿੱਚ ਹੋਰਨਾਂ ਲਈ ਜੀਵਿਆ ਜਾਂਦਾ ਹੈ। ਭਾਈ ਸੰਤੋਖ ਸਿੰਘ ਨੇ ਸ੍ਰੀ ਗੁਰੂ ਰਾਮਦਾਸ ਜੀ ਵਲੋਂ ਸਿੱਖਾਂ ਨੂੰ ਸੇਵਾ ਦੇ ਮਹੱਤਵ ਬਾਰੇ ਇਹ ਉਪਦੇਸ਼ ਦਿੰਦਿਆਂ ਦਰਸਾਇਆ ਹੈ:

ਸਤਿਗੁਰ ਬਿਖੈ ਭਾਵਨਾ ਭਾਰੀ। ਸੇਵਾ ਕਰਹਿਂ ਅਨੇਕ ਪ੍ਰਕਾਰੀ।
ਅਤਿ ਪ੍ਰਤੀਤ ਅਤਿ ਪ੍ਰੀਤ ਧਰੰਤਾ। ਸ਼੍ਰੀ ਸਤਿਗੁਰ ਕੀ ਸੇਵ ਕਰੰਤਾ।[45]

ਜੋ ਸਿੱਖ ਕਹਾਉਂਦੇ ਹਨ। ਉਹ ਮੁਕਤੀ ਪ੍ਰਾਪਤ ਕਰਨਾ ਚਾਹੁੰਦੇ ਹਨ। ਉਨ੍ਹਾਂ ਨੂੰ ਹਉਮੈਂ ਦਾ ਤਿਆਗ ਕਰਕੇ ਸੇਵਾ ਕਰਨੀ ਚਾਹੀਦੀ ਹੈ। ਨਿਸ਼ਕਾਮ ਸੇਵਾ ਕਰਨ ਨਾਲ ਆਤਮਾ ਨਿਰਮਲ ਹੋ ਜਾਂਦੀ ਹੈ। ਤਪ ਕਰਨ ਨਾਲੋਂ ਵੀ ਸੇਵਾ ਦਾ ਫਲ ਜਿਆਦਾ ਮਿਲਦਾ ਹੈ। ਜਿਹੜਾ ਸਿੱਖ ਸ਼ਰਧਾ ਭਾਵਨਾ ਨਾਲ ਸੇਵਾ ਕਰਦਾ ਹੈ, ਉਸ ਦੇ ਜਨਮ ਮਰਨ ਦੇ ਬੰਧਨ ਕੱਟੇ ਜਾਂਦੇ ਹਨ। ਸੇਵਾ ਤੋਂ ਬਿਨ੍ਹਾਂ ਭਗਤੀ ਸੰਭਵ ਨਹੀਂ ਤੇ ਨਾ ਹੀ ਗਿਆਨ ਦੀ ਪ੍ਰਾਪਤੀ ਹੋ ਸਕਦੀ ਹੈ। ਸੇਵਾ ਕਰਕੇ ਹੀ ਸੱਚਖੰਡ ਜਾਇਆ ਜਾ ਸਕਦਾ ਹੈ। ਇਸ ਲਈ ਆਏ ਗਏ ਮਹਿਮਾਨਾਂ ਦੀ ਭੋਜਨ ਰਾਹੀਂ ਤੇ ਚਾਹ ਪਾਣੀ ਦੀ ਸੇਵਾ ਖੁਸ਼ੀ-ਖੁਸ਼ੀ ਕਰਨੀ ਚਾਹੀਦੀ ਹੈ।

> ਜਾਨਹੁ ਗ੍ਰਿਹਸਤ ਧਰਮ ਸ਼ੁਭ ਏਹੂ। ਆਇ ਅਤਿਥਿ ਕੀ ਸੇਵ ਕਰੇਹੂ।
> ਜਥਾਸ਼ਕਤਿ ਤਿਹ ਆਦਰ ਕਰਿਹੀ। ਦੇ ਅਹਾਰ ਮ੍ਰਿਦੁ ਬਚਨ ਉਚਰਿਹੀ।[46]

**ਸੇਵਾ ਅਤੇ ਦਾਨ :** ਗੁਰਮਤਿ ਵਿੱਚ ਕਿਰਤ ਕਰਨਾ, ਵੰਡ ਛਕਣਾ ਅਤੇ ਨਾਮ ਜਪਣਾ ਦੇ ਤ੍ਰੈ-ਪੱਖੀ ਸਿਧਾਂਤ ਵਿੱਚ ਸੇਵਾ ਸ਼ਾਮਿਲ ਹਨ। ਦੋਹਾਂ ਵਿੱਚ ਨਾਮ ਕੇਂਦਰੀ ਸ਼ਕਤੀ ਹੈ ਅਤੇ ਇਸ ਕਰਕੇ ਨਾਮ ਨਾਲ ਸੰਬੰਧਿਤ ਸੇਵਾ ਦਾ ਗੁਰਮਤਿ ਸੰਦਰਭ ਆਪਣੇ ਸੁਭਾਅ ਅਤੇ ਅਭਿਵਿਅਕਤੀ ਵਿੱਚ ਸੁਤੰਤਰ ਹੈ। ਦਾਨ ਅਤੇ ਸੇਵਾ ਵਿੱਚ ਫ਼ਰਕ ਕਰਕੇ ਪ੍ਰਸਤੁਤ ਕਰਨ ਦੇ ਹਵਾਲੇ ਵੀ ਮਿਲਦੇ ਹਨ। ਸੇਵਾ ਨੂੰ ਆਦਰਸ਼ ਅਤੇ ਦਾਨ ਨੂੰ ਸਾਧਨ ਦੱਸਿਆ ਗਿਆ ਹੈ, ਕਿਉਂਕਿ

> ਦਾਨ ਤਾਂ ਦੂਜੇ ਦੀ ਲੋੜ ਨੂੰ ਪੂਰਿਆਂ ਕਰਦਾ ਹੈ ਜਦੋਂ ਕਿ ਸੇਵਾ ਨਿੱਜ ਨੂੰ ਨਿਛਾਵਰ ਕਰਨਾ ਹੈ। ਦਾਨ ਵਿਅਕਤੀਗਤ ਰਹਿੰਦਾ ਹੈ ਜਦੋਂ ਕਿ ਸੇਵਾ ਕੇਵਲ ਸਮੂਹਿਕ ਹੋ ਜਾਂਦੀ ਹੈ।[47]

ਭਾਈ ਸਾਹਿਬ ਵੀ ਸੇਵਾ ਦੀ ਮਹੱਤਤਾ ਨੂੰ ਪਰਵਾਨ ਕਰਦੇ ਹਨ। ਉਹ ਰਸੋਈ ਦੀ ਸੇਵਾ, ਜਲ ਪਿਲਾਉਣਾ, ਪੱਖਾ ਝੱਲਣਾ ਆਦਿ ਬਾਰੇ ਦੱਸਦੇ ਹਨ।

> ਸ਼੍ਰੀ ਅੰਗਦ ਜਬ ਜਾਮ ਜਾਮਨੀ ਜਾਗਹਿਂ ਮੱਜਹਿਂ ਥਿਤ ਤਿਸੁ ਕਾਲ।
> ਤਬਿ ਤੇ ਆਗੇ ਹੀ ਉਠਿ ਕਰਿ ਕੈ ਜਲ ਆਨਹਿ ਭਰਿ ਕਲਸ ਬਿਸਾਲ।
> ਅਧਿਕ ਪ੍ਰੀਤਕਰਿ ਸੇਵਾ ਠਾਨਹਿਂ ਨਹਿਂ ਅਕੁਲਾਵਹਿਂ ਬਲਹਿ ਸੰਭਾਲ।
> ਪ੍ਰਥਮ ਸ਼ਨਾਨਹਿਂ, ਬਸਤ੍ਰ ਪਖਾ ਲਹਿਂ, ਪੁਨਹਿ ਸ਼ੁਸ਼ਕ ਕਰਿਬੇ ਹਿਤ ਡਾਲਿ।[48]

ਭਾਈ ਸੰਤੋਖ ਸਿੰਘ ਜੀ ਸੇਵਾ ਦਾ ਮਹੱਤਵ ਦੱਸਦੇ ਹੋਏ ਕਹਿੰਦੇ ਹਨ ਕਿ ਹਜ਼ਾਰਾਂ ਸਾਲਾਂ ਦੇ ਤਪ ਨਾਲੋਂ ਸੇਵਾ ਦਾ ਫਲ ਕਿਤੇ ਉੱਤਮ ਹੈ। ਇਸ ਲਈ ਜੋ ਮਨ ਲਾ ਕੇ ਸੇਵਾ ਕਰਦੇ ਹਨ। ਉਨ੍ਹਾਂ ਨੂੰ ਦੁਨਿਆਵੀਂ ਸੁੱਖ ਤੇ ਮੁਕਤੀ ਦੋਹਾਂ ਦੀ ਪ੍ਰਾਪਤੀ ਹੋਵੇਗੀ।

> ਸੋ ਤਪ ਕੋ ਅਬ ਸਮਾਂ ਨਾ ਜਾਨਹੁਂ। ਸਤਿਸੰਗਤਿ ਕੀ ਸੇਵਾ ਠਾਨਹੁਂ।
> ਤਪ ਤੇ ਦਸ ਗੁਨ ਫਲ ਇਸ ਕੇਰਾ। ਅੰਤ ਸਮੇਂ ਬਲ ਲਹੈ ਬਡੇਰਾ।
> ਤਪ ਕੋ ਬਹੁਦਿਨ ਜੇ ਨਿਤਿ ਤਾਪਤਿ। ਅਲਪ ਸਮੈ ਸੇਵਾ ਫਲ ਪ੍ਰਾਪਤਿ।[49]

ਭਾਈ ਸੰਤੋਖ ਸਿੰਘ ਨੇ ਸ਼੍ਰੀ ਗੁਰ ਨਾਨਕ ਪ੍ਰਕਾਸ਼ ਦੇ 29ਵੇਂ ਅਧਿਆਇ ਵਿੱਚ ਦੱਸਿਆ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਉਦਾਸੀਆਂ ਸਮੇਂ ਆਪਣੇ ਸਹੁਰੇ ਨਗਰ ਵਿੱਚ ਗਏ। ਉੱਥੋਂ ਦੇ ਚੌਧਰੀ ਅਜਿੱਤਾ ਦਾ ਉੱਧਾਰ ਕੀਤਾ। ਉਹ ਗੁਰੂ ਦੀ ਬਾਣੀ ਸ੍ਰਵਣ ਕਰਕੇ ਤੇ ਦਰਸ਼ਨ ਕਰਕੇ

ਨਿਹਾਲ ਹੋ ਗਿਆ। ਗੁਰੂ ਕੋਲ ਕਾਫ਼ੀ ਲੋਕਾਂ ਦੀ ਭੀੜ ਇੱਕਠੀ ਹੋ ਗਈ। ਉਨ੍ਹਾਂ ਨੂੰ ਗੁਰੂ ਜੀ ਨੇ ਸਤਿਨਾਮ ਦੇ ਸਿਮਰਨ ਤੇ ਸੰਤ-ਅਤਿਥੀਆਂ ਦੀ ਸੇਵਾ ਨੂੰ ਵਡਿਆਈ ਵਾਲੇ ਕੰਮ ਦੱਸਿਆ।

> ਭੀਰ ਭਈ ਚਹੁੰ ਦਿਸ਼ਿ ਜਗਤੇਸ਼ਾ। ਸੱਤਿਨਾਮ ਦੀਨੋ ਉਪਦੇਸ਼ਾ।
> ਸੰਤ ਅਤਿਥਿ ਕੀ ਸੇਵਾ ਕਰਨੀ। ਤਿਹਂ ਕੀ ਮਹਿਮਾ ਬਹੁ ਬਿਧਿ ਬਰਨੀ।[50]

ਭਾਈ ਸਾਹਿਬ ਸੰਤੋਖ ਸਿੰਘ ਜੀ ਨੇ ਗੁਰੂ ਵੱਲੋਂ ਸੇਵਾ ਦੀ ਮਹਿਮਾ ਇਸ ਪ੍ਰਕਾਰ ਦਰਸਾਈ ਹੈ ਕਿ ਸੇਵਾ ਕਰਨ ਨਾਲ ਮਨੁੱਖ ਗੁਰਮੁੱਖ ਹੋ ਜਾਂਦਾ। ਮਾੜੇ ਤੇ ਬੁਰੇ ਕਾਰਜ ਭੁੱਲ ਜਾਂਦਾ ਹੈ।

> ਸੇਵਾ ਕਰਨ ਲਗਯੋ ਯੁਤ ਪ੍ਰੀਤੀ। ਬੇਮੁਖਤਾ ਸਗਰੀ ਉਰ ਬੀਤੀ।
> ਕਿਤਿਕ ਦਿਵਸ ਇਸ ਭਾਂਤਿ ਬਿਤਾਏ। ਸਿੱਖੀ ਮਗ ਮਹਿਂ ਬਹੁ ਨਰ ਪਾਏ।[51]

ਇਸ ਤਰ੍ਹਾਂ ਭਾਈ ਸਾਹਿਬ ਦੇ ਕਹਿਣ ਅਨੁਸਾਰ ਗੁਰੂ ਜੀ ਨੇ ਮਨਮੁੱਖਾਂ, ਬੇਈਮਾਨਾਂ, ਵਪਾਰੀਆਂ ਅਤੇ ਬੁਰੇ ਮਨੁੱਖਾਂ ਨੂੰ ਸੇਵਾ ਭਾਵਨਾ ਵੱਲ ਪ੍ਰੇਰਿਤ ਕੀਤਾ। ਲਹਿਣਾ ਗੁਰੂ ਚਰਨਾਂ ਵਿੱਚ ਸੇਵਾ ਕਰਦੇ ਹੋਏ ਸਮਾਂ ਬਤੀਤ ਕਰਦੇ ਹਨ। ਸੰਸਾਰ ਦੇ ਕੰਮਾਂ ਵੱਲ ਉਨ੍ਹਾਂ ਦਾ ਕੋਈ ਧਿਆਨ ਨਹੀਂ ਸੀ ਜਾਂਦਾ। ਇਸ ਤਰ੍ਹਾਂ

> ਲਹਿਣਾ ਨੇ ਗੁਰੂ ਚਰਨਾਂ ਵਿੱਚ ਭੌਰ ਰੂਪੀ ਮਨ ਲੁਭਾਉਂਦੇ ਹੋਏ ਬਹੁਤ ਦਿਨ ਬਿਤਾਏ। ਜਿਸ ਤਰ੍ਹਾਂ ਇੱਕ ਪਤੰਗ ਡੋਰ ਦੇ ਵੱਸ ਹੁੰਦੀ ਹੈ। ਖਿਡਾਰੀ ਜਦ ਚਾਹੇ ਉਸ ਪਤੰਗ ਨੂੰ ਆਪਣੀ ਮਰਜ਼ੀ ਨਾਲ ਖਿੱਚ ਸਕਦਾ ਹੈ। ਲਹਿਣਾ ਨੇ ਮਨ ਸੇਵਾ ਵਿੱਚ ਲਾ ਲਿਆ। ਆਪ ਗੁਰੂ ਜੀ ਦੇ ਪ੍ਰੇਮ ਵਿੱਚ ਭਿੱਜੇ ਭਾਵ ਖਿੱਚੇ ਹੋਏ ਹਨ।[52]

ਕਿਸੇ ਪਿਆਰ ਤੇ ਬੇਵਸ ਖਿੱਚ ਵਿੱਚ ਸੇਵਾ ਕਰਦੇ ਹਨ। ਉਹ ਸਤਿਗੁਰੂ ਕਮਲ ਦੇ ਭੰਵਰ ਹਨ। ਉਹ ਹਮੇਸ਼ਾ ਗੁਰੂ ਦੇ ਕੋਲ ਰਹਿੰਦੇ ਸਨ ਤੇ ਦਿਨ-ਰਾਤ ਗੁਰੂ ਜੀ ਦੀ ਚਰਨ ਸੇਵਾ ਕਰਦੇ ਨੇ।

> ਭਰਯੋ ਪ੍ਰੇਮ ਉਰ ਸੇਵਾ ਕਰਿਹੀ। ਨਹੀ ਅਹੰਤਾ ਰੰਚਕ ਧਰਿਹੀ॥
> ਇਸ ਬਿਧਿ ਦਿਵਸ ਬਿਤੀਤੇ ਕੇਤੇ। ਕਰਹਿ ਸਦਨ ਹ੍ਵੈ ਕਾਰਜ ਤੇਤੇ।[53]

### (ੲ) ਸੰਗਤ

ਸਤਿ ਸੰਗਤ ਤੋਂ ਭਾਵ ਹੈ ਸੱਚਾ, ਸ੍ਰੇਸ਼ਠ ਜਾਂ ਉੱਤਮ ਸਾਥ ਜੋ ਕਿ ਚੰਗੇ ਜਾਂ ਭਲੇ ਪੁਰਸ਼ਾ ਦੁਆਰਾ ਹੀ ਪ੍ਰਾਪਤ ਹੁੰਦਾ ਹੈ। ਇਸ ਲਈ ਗੁਰਬਾਣੀ ਵਿੱਚ ਸਤਿ ਸੰਗਤ ਦਾ ਭਾਵ ਸਾਧ-ਸੰਗਤ, ਹਰਿ-ਜਨ, ਸੰਗਤ ਆਦਿ ਤੋਂ ਹੈ। ਮਹਾਨ ਕੋਸ਼ ਅਨੁਸਾਰ

> ਸੰਗਤ ਦਾ ਅਰਥ ਸੰਗਯਾ, ਸਭਾ, ਮੁਜਲਿਸ, ਸਬੰਧ ਰਿਸ਼ਤਾ, ਨਾਤਾ, ਗੁਰਮੁੱਖਾਂ ਦੇ ਜਮਾ ਹੋਣ ਦੀ ਥਾਂ ਸੰਗਤ ਭਾਵ ਸੰਗ ਸਮਾਜ ਵਿਚ ਵਿਅਕਤੀਆਂ ਦੀ ਉਹ ਛੋਟੀ ਇਕਾਈ ਹੁੰਦੀ ਹੈ।[54]

ਜੋ ਮਨੁੱਖ ਦੇ ਜੀਵਨ ਵਿੱਚ ਉਸ ਨਾਲ ਸਾਂਝ ਰੱਖਦੀ ਹੈ। ਉਹ ਇਕਾਈ ਮਨੁੱਖ ਨੂੰ ਵਿਕਸਿਤ ਕਰਨ ਭਾਵ ਬਣਾਉਣ ਵਿੱਚੋਂ ਸਹਾਈ ਹੁੰਦੀ ਹੈ। ਮਨੁੱਖੀ ਵਿਕਾਸ ਦੇ ਚਾਰ ਮੁੱਖ ਅੰਗ ਮੰਨੇ ਗਏ ਹਨ। 1. ਮਾਤਾ-ਪਿਤਾ 2. ਸੰਗਤ 3. ਗੁਰੂ 4. ਵਿਦਿਆ ਗਿਆਨ। ਉਮਰ ਦੇ ਨਾਲ-ਨਾਲ ਇਨ੍ਹਾਂ ਚਾਰ ਅੰਗਾਂ ਦਾ ਸਾਥ ਮਨੁੱਖ ਨੂੰ ਮਿਲਦਾ ਹੈ। ਪਰ ਗੁਰਮਤਿ ਵਿੱਚ ਸਾਧ-ਸੰਗਤ ਦਾ ਵਿਸ਼ੇਸ਼ ਮਹੱਤਵ ਹੈ। ਇੱਕ ਕਥਨ ਅਨੁਸਾਰ

> ਸਿੱਖਾਂ ਦੇ ਇੱਕਠ ਨੂੰ ਸੰਗਤ ਕਿਹਾ ਜਾਂਦਾ ਹੈ। ਜਿਵੇਂ ਇਸਲਾਮ ਵਿੱਚ ਉਮੱਤ ਤੇ ਜਮਾਤ ਆਦਿ ਸ਼ਬਦ ਪ੍ਰਚੱਲਿਤ ਹਨ ਅਤੇ ਬੁੱਧ ਧਰਮ ਵਿੱਚ ਸੰਘ ਤਿਵੇਂ ਸਿੱਖ ਧਰਮ ਵਿੱਚ ਸੰਗਤ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ।[55]

ਸੰਤ ਜਾਂ ਸਾਧੂ ਭਾਰਤੀ ਸਮਾਜ ਦੇ ਉਹ ਵਿਅਕਤੀ ਮੰਨੇ ਜਾਂਦੇ ਹਨ ਜੋ ਅਧਿਆਤਮਿਕ ਕਾਰਜ ਨੂੰ ਆਪਾ ਸਮਰਪਿਤ ਕਰਦੇ ਹਨ ਅਤੇ ਪਰਮਾਤਮਾ ਦੀ ਯਾਦ ਜਾਂ ਸਿਮਰਨ ਵਿੱਚ ਲੱਗੇ ਰਹਿੰਦੇ ਹਨ। ਆਦਿ ਗ੍ਰੰਥ ਵਿੱਚ ਭਲੇ ਪੁਰਸ਼ਾਂ ਦੀ ਸੰਗਤ ਤੇ ਜ਼ੋਰ ਦਿੱਤਾ ਗਿਆ ਹੈ। ਇਹ ਸੰਗਤ ਸਤਿ ਸੰਗਤ ਹੁੰਦੀ ਹੈ। ਸਤਿ ਸੰਗਤ ਤੋਂ ਭਾਵ ਹੈ

> ਸਾਧਨਾ-ਮਾਰਗ ਵਿੱਚ ਸ਼੍ਰੇਸ਼ਠ ਵਿਅਕਤੀਆਂ ਦਾ ਆਦਰਸ਼ ਸਾਥ।[56]

ਇਨ੍ਹਾਂ ਨੂੰ ਸੰਤ, ਸਾਧੂ, ਭਗਤ, ਪ੍ਰਚਾਰਕ, ਸੱਜਣ-ਮਿੱਤਰ ਆਦਿ ਕਿਹਾ ਜਾਂਦਾ ਹੈ।

ਸਤਿ-ਸੰਗਤ, ਸਾਧ-ਸੰਗਤ ਦਾ ਸਬੰਧ ਅਧਿਆਤਮਿਕ ਸਾਧਨਾ ਨਾਲ ਹੈ। ਅਧਿਆਤਮਿਕ ਸਾਧਨਾ ਕੋਈ ਸਰਲ ਕਾਰਜ ਨਹੀਂ। ਮਾਇਆ ਦੇ ਪ੍ਰਭਾਵ ਕਰਕੇ ਸਾਧਕ ਕਦੇਂ ਵੀ ਆਪਣੇ ਮਾਰਗ ਤੋਂ ਥਿੜਕ ਸਕਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ

> ਸੰਗਤ ਭਲੇ ਲੋਕਾਂ ਦੀ ਸੰਗਤਿ ਨੂੰ, ਸੰਤਾਂ ਦੀ ਸੋਹਬਤ, ਭਲੇ ਲੋਕਾਂ ਦੀ ਮਜਲਿਸ ਆਦਿ ਨੂੰ ਮੰਨਿਆਂ ਜਾਂਦਾ ਹੈ।[57]

'ਸੁਖਮਨੀ ਸਾਹਿਬ' ਵਿੱਚ ਸ੍ਰੀ ਗੁਰੂ ਅਰਜ਼ਨ ਦੇਵ ਜੀ ਨੇ ਲਿਖਿਆ ਹੈ ਕਿ ਸਤਿ-ਸੰਗਤ ਜਾਂ ਸਾਧ ਸੰਗਤ ਵਿੱਚ ਹਿੱਸੇਦਾਰੀ ਮਨੁੱਖ ਨੂੰ ਚੰਗੇ ਭਾਗਾਂ ਨਾਲ ਪ੍ਰਾਪਤ ਹੁੰਦੀ ਹੈ। ਮਨੁੱਖ ਵੱਲੋਂ ਕੀਤੇ ਜਾ ਚੁੱਕੇ ਲੱਖਾਂ ਅਪਰਾਧ ਵੀ ਸਾਧੂ ਜਨਾਂ ਦੀ ਸ਼ਰਨ ਵਿੱਚ ਕੱਟੇ ਜਾ ਸਕਦੇ ਹਨ। ਸੰਤਾਂ ਦੀ ਸੰਗਤ

ਵਿੱਚ ਮਨੁੱਖ ਦਾ ਮਨ ਸ਼ੀਸ਼ੇ ਦੀ ਤਰ੍ਹਾਂ ਸਾਫ਼, ਸਵੱਛ ਤੇ ਨਿਰਮਲ ਹੋ ਜਾਂਦਾ ਹੈ। ਸੁਰਿੰਦਰ ਸਿੰਘ ਕੋਹਲੀ ਅਨੁਸਾਰ

> ਆਦਿ ਗ੍ਰੰਥ ਵਿੱਚ ਸੰਗਤ ਤੇ ਬਹੁਤ ਬਲ ਦਿੱਤਾ ਗਿਆ ਹੈ। ਚੰਗੀ ਸੰਗਤ ਨੂੰ ਸਾਧ ਸੰਗਤ ਕਿਹਾ ਜਾਂਦਾ ਹੈ। ਸਾਧਾਂ ਸੰਤਾਂ ਦੇ ਸਾਥ ਨਾਲ ਵਿਅਕਤੀ ਦਾ ਮਨ ਨਿਰਮਲ ਹੋ ਜਾਂਦਾ ਹੈ।[58]

'ਸੰਗਤ' ਸੰਸਥਾ ਦੀ ਨੀਂਹ ਗੁਰੂ ਨਾਨਕ ਸਾਹਿਬ ਨੇ ਰੱਖੀ। ਉਦਾਸੀਆਂ ਸਮੇਂ ਗੁਰੂ ਜੀ ਦੇ ਉਪਦੇਸ਼ ਸੁਣਨ ਲਈ ਲੋਕ ਉਨ੍ਹਾਂ ਦੁਆਲੇ ਇੱਕਠੇ ਹੁੰਦੇ ਸਨ, ਇਸ ਇੱਕਠ ਨੂੰ ਹੀ ਸੰਗਤ ਕਿਹਾ ਜਾਣ ਲੱਗਾ। ਜਦੋਂ ਸੰਗਤਾਂ ਲੰਗਰ ਵਿੱਚੋਂ ਭੋਜਨ ਛਕਦੀਆਂ ਸਨ, ਉਸ ਨੂੰ ਪੰਗਤ ਕਿਹਾ ਜਾਣ ਲੱਗਾ। ਡਾ. ਗੰਡਾ ਸਿੰਘ ਲਿਖਦੇ ਹਨ

> ਸੰਗਤ ਅਤੇ ਪੰਗਤ ਸੰਸਥਾ ਗੁਰੂ ਨਾਨਕ ਸਾਹਿਬ ਦੀਆਂ ਸਿੱਖਿਆਵਾਂ ਨੂੰ ਪ੍ਰਗਟ ਕਰਨ ਅਤੇ ਅਭਿਆਸ ਦੀਆਂ ਪ੍ਰਯੋਗਸ਼ਾਲਾਵਾਂ ਸਨ।[59]

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸੰਗਤ ਤੇ ਪੰਗਤ ਦੀ ਰੀਤ ਨਿਭਾਈ। ਸ੍ਰੀ ਗੁਰੂ ਅਮਰਦਾਸ ਜੀ ਨੇ ਸੰਗਤਾਂ ਨੂੰ ਬੰਦ ਕਰਨ ਲਈ 'ਮੰਜੀਆਂ' ਸਥਾਪਿਤ ਕੀਤੀਆਂ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਸੰਗਤਾਂ ਨੂੰ ਅਮਲੀ ਰੂਪ ਦੇ ਕੇ ਖਾਲਸਾ ਪੰਥ ਦੀ ਸਾਜਨਾ ਕੀਤੀ।

ਸਤਿ-ਸੰਗਤ ਜਾਂ ਸਾਧ-ਸੰਗਤ ਦਾ ਪਹਿਲਾ ਰੂਪ ਬੋਧ-ਮਤ ਵਿੱਚ ਮਿਲ ਜਾਂਦਾ ਹੈ, ਪਰ ਇਸ ਦਾ ਵਾਸਤਵਿਕ ਅਤੇ ਸਹੀ ਵਿਕਾਸ ਮੱਧ-ਯੁੱਗ ਦੀ ਸੰਤਾਂ, ਭਗਤਾਂ ਦੀ ਸਾਧਨਾ ਜਾਂ ਬਾਣੀ ਵਿੱਚ ਹੋਇਆ ਹੈ। ਸਤਿ-ਸੰਗਤ ਤੋਂ ਪ੍ਰਾਪਤ ਹੋਣ ਵਾਲੇ ਲਾਭ ਏਨੇ ਅਧਿੱਕ ਹਨ ਕਿ ਹਰ ਇੱਕ ਮਹਾਂਪੁਰਖ ਨੇ ਇਸ ਦੀ ਉਸਤਤਿ ਹੀ ਨਹੀਂ ਕੀਤੀ, ਬਲਕਿ ਸਾਧ-ਸੰਗਤ ਦੀ ਪ੍ਰਾਪਤੀ ਲਈ ਉਤਸੁਕਤਾ ਵੀ ਵਿਖਾਈ ਹੈ।

> ਕਬੀਰ ਸੰਗਤਿ ਕਰੀਐ ਸਾਧ ਕੀ ਅੰਤਿ ਕਰੈ ਨਿਰਬਾਹੁ।
> ਸਾਕਤ ਸੰਗੁ ਨ ਕੀਜੀਐ ਜਾ ਤੇ ਹੋਇ ਬਿਨਾਹੁ।[60]

ਗੁਰੂ ਗ੍ਰੰਥ ਸਾਹਿਬ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਤਿ-ਸੰਗਤ ਦੀ ਪਰਿਭਾਸ਼ਾ ਦਿੰਦੇ ਹੋਏ ਲਿਖਿਆ ਹੈ ਕਿ ਸਤਿ-ਸੰਗਤ ਉਹ ਹੈ ਜਿਸ ਵਿੱਚ ਪਰਮਾਤਮਾ ਦਾ ਨਾਮ ਲਿਆ ਜਾਂਦਾ ਹੈ। ਉਹ ਸਤਿ-ਸੰਗਤ ਦੀ ਵਡਿਆਈ ਇਸ ਤਰ੍ਹਾਂ ਕਰਦੇ ਹਨ।

ਸਤਿਸੰਗਤ ਕੈਸੀ ਜਾਣੀਐ। ਜਿਥੈ ਏਕੋ ਨਾਮ ਵਖਾਣੀਐ।
ਏਕੋ ਨਾਮ ਹੁਕਮੁ ਹੈ ਨਾਨਕ। ਸਤਿਗੁਰਿ ਦੀਆ ਬੁਝਾਇ ਜੀਉ।[61]

ਭਾਈ ਸਾਹਿਬ ਗਰਬ ਗੰਜਨੀ ਟੀਕੇ ਵਿੱਚ 'ਸਗਲ ਜਮਾਤੀ' ਪੰਕਤੀ ਦਾ ਅਰਥ ਕਰਦੇ ਹੋਏ ਸਤਿ-ਸੰਗਤ ਦੇ ਸਿਧਾਂਤ ਨੂੰ ਦ੍ਰਿੜ ਕਰਵਾਉਂਦੇ ਹੋਏ ਦੱਸਦੇ ਹਨ ਕਿ ਸਿੱਖਾਂ ਨੂੰ ਰਲ-ਮਿਲ ਕੇ ਰਹਿਣਾ ਚਾਹੀਦਾ ਹੈ। ਵੈਰ ਵਿਰੋਧ ਤੇ ਸਾੜ੍ਹਾ ਨਹੀਂ ਕਰਨਾ ਚਾਹੀਦਾ। ਸੱਚੀ ਟਕਸਾਲ ਵੀ ਆਪ ਜੀ ਨੇ ਸਤਿ-ਸੰਗਤ ਨੂੰ ਕਿਹਾ ਹੈ।

> ਸੱਚੀ ਟਕਸਾਲ ਸਤਿਸੰਗਤ ਕੋ ਨਾਮ, ਜੈਸੇ ਪਾਤਿਸ਼ਾਹਿਨਿ ਕੀ ਟਕਸਾਲ ਮੇਂ ਖੋਟ ਸਰਬ ਨਿਕਾਲਿਕੈ ਪੈਸਾ, ਕਿੰਵਾ ਰੁਪੱਯਾ, ਕਿੰਵਾ ਮੋਹਰ, ਏ ਘੜੇ ਜਾਤ ਹੈ।[62]

**ਸਤਿ-ਸੰਗਤ ਦੀ ਮਹਾਨਤਾ :** ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿੱਚ ਸਾਧ-ਸੰਗਤ ਦੀ ਮਹਾਨਤਾ ਨੂੰ ਦਰਸਾਇਆ ਹੈ।

> ਉਨ੍ਹਾਂ ਨੇ ਸਾਧ-ਸੰਗਤ ਨੂੰ, ਗੁਰ-ਸੰਗਤ, ਸਤਿ-ਸੰਗਤ, ਗੁਰਮੁੱਖ ਪੰਥ ਆਦਿ ਲਿਖਿਆ ਹੈ। ਭਾਈ ਗੁਰਦਾਸ ਨੇ 29ਵੀਂ ਵਾਰ ਵਿੱਚ ਪੂਰਨ ਤੌਰ ਤੇ ਸੰਗਤ ਦੇ ਗੁਣ ਗਾਏ ਹਨ। ਉਨਾਂ ਗ੍ਰਹਿਸਥੀ ਜੀਵਨ ਜਿਉਂਦਿਆਂ ਸਤਿ-ਸੰਗਤ ਕਰਨ ਤੇ ਵਧੇਰੇ ਜ਼ੋਰ ਦਿੱਤਾ ਹੈ।[63]

**ਸੰਗਤ ਦੀ ਵਡਿਆਈ :** ਮਨੁੱਖ ਚਾਹੇ ਕਿਸੇ ਵਰਣ ਜਾਂ ਆਸ਼ਰਮ ਨਾਲ ਸਬੰਧ ਰੱਖਦਾ ਹੋਵੇ, ਜੇਕਰ ਉਹ ਸੱਚੇ ਦਿਲੋਂ ਆ ਕੇ ਸਤਿ-ਸੰਗਤ ਵਿੱਚ ਜੁੜਦਾ ਹੈ ਤਾਂ ਉਸ ਨੂੰ ਸੰਗਤ ਦਾ ਰੰਗ ਜ਼ਰੂਰ ਚੜ੍ਹੇਗਾ। ਸਤਿ-ਸੰਗਤ ਆ ਕੇ ਮਨੁੱਖ ਨੀਚ ਗਤੀ ਤੋਂ ਉੱਚ ਗਤੀ ਪ੍ਰਾਪਤ ਕਰ ਲੈਂਦਾ ਹੈ। ਜਿਸ ਤਰ੍ਹਾਂ ਲੋਹਾ ਪਾਰਸ ਨਾਲ ਛੋਹ ਕੇ ਸੋਨਾ ਹੋ ਜਾਂਦਾ ਹੈ। ਇਸ ਤਰ੍ਹਾਂ ਸੰਗਤ ਦੀ ਛੋਹ ਨਾਲ ਮਨੁੱਖ ਦੀ ਕਦਰ ਤੇ ਕੀਮਤ ਵੱਧ ਜਾਂਦੀ ਹੈ। ਉਨ੍ਹਾਂ ਲਈ ਦੁੱਖ ਸੁੱਖ ਇਕਸਾਰ ਹੋ ਜਾਂਦੇ ਹਨ।

ਸਤਿਸੰਗੀ ਅਸ ਕਰਹਿਂ ਬਿਚਾਰਾ। ਦੁਖ ਸੁਖ ਮਹਿਂ ਰਹਿਹੀਂ ਇਕ ਸਾਰਾ।
ਲਖੈਂ-ਮੀਤ ਹਮਰਾ ਕਰਤਾਰਾ। ਜੋ ਕਿਛੁ ਕਰਹਿ ਸੁ ਨੀਕੀ ਕਾਰਾ।[64]

ਉਕਤ ਅਨੁਸਾਰ ਸ਼੍ਰੀ ਗੁਰ ਨਾਨਕ ਪ੍ਰਕਾਸ਼ ਵਿੱਚ ਸੰਗਤ ਦੀ ਬੇਅੰਤ ਕੀਰਤੀ ਗਾਈ ਗਈ ਹੈ। ਉਹ ਸਥਾਨ ਸ਼ੋਭਨੀਕ ਹੋ ਜਾਂਦਾ ਹੈ, ਜਿੱਥੇ ਮਹਾਂਪੁਰਸ਼ਾਂ ਜਾਂ ਸਚਿਆਰੇ ਵਿਅਕਤੀਆਂ ਦੇ ਪਵਿੱਤਰ ਚਰਨ ਪੈਂਦੇ ਹਨ। ਸੰਗਤ ਬੇੜੀ ਦੇ ਸਮਾਨ ਹੈ, ਜੋ ਮੁਸਾਫ਼ਿਰ ਨੂੰ ਸੰਸਾਰ ਸਾਗਰ ਤੋਂ ਪਾਰ ਲੈ ਜਾਂਦੀ ਹੈ ਤੇ ਫਿਰ ਉਹ ਜਨਮ ਮਰਨ ਦੇ ਚੱਕਰ ਵਿੱਚ ਨਹੀਂ ਆਉਂਦਾ। ਉਸਦੀ ਚੇਤਨ ਜਾਗ

ਜਾਂਦੀ ਹੈ। ਉਸਦੇ ਮਨ ਦਾ ਕਮਲ ਖਿੜ ਜਾਂਦਾ ਹੈ। ਸੰਗਤ ਦਾ ਰੰਗ ਚੜ੍ਹਨ ਨਾਲ ਉਹ ਸ਼ਾਤ ਚਿੱਤ ਤੇ ਸੰਤੋਖੀ ਹੋ ਜਾਂਦਾ ਹੈ। ਚੰਗੀ ਸੰਗਤ ਵਾਲਾ ਮਨੁੱਖ ਹੀ ਜੀਵਨ ਵਿੱਚ ਉੱਚਾ ਉੱਠਦਾ ਹੈ। ਭਾਈ ਜੋਧ ਸਿੰਘ ਲਿਖਦੇ ਹਨ

> ਸਤਿਸੰਗ ਦੀ ਪ੍ਰਥਮ ਨਿਸ਼ਾਨੀ ਇਹ ਹੈ ਕਿ ਉੱਥੇ ਸਤਿਗੁਰ ਹੋਣ ਜਿੱਥੇ ਸਤਿਗੁਰ ਦੇ ਸ਼ਬਦ ਦੀ ਵਿਚਾਰ ਹੋਵੇ, ਉਹ ਸਤਿਸੰਗ ਹੈ।[65]

ਗੁਰਮਤਿ ਵਿਚ ਸਤਿ-ਸੰਗਤ ਲਈ ਸਤਿ-ਸੰਗ, ਸਾਧ-ਸੰਗਤ, ਸੰਤ-ਜਨ, ਸੰਤ-ਸਭਾ, ਸਾਧ-ਸਭਾ ਅਤੇ ਹਰਿ ਜਨ–ਸੰਗਤ ਆਦਿ ਅਨੇਕਾਂ ਸ਼ਬਦਾਂ ਦੀ ਵਰਤੋਂ ਹੋਈ ਹੈ। ਸਤਿ-ਸੰਗਤ ਬਾਰੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਪਸ਼ਟ ਕਿਹਾ ਹੈ ਕਿ

> ਸੰਤ–ਸੰਗਤ ਉਹ ਸੰਗਤ ਜਾਂ ਜਨ ਇਕਤ੍ਰਤਾ ਹੈ ਜਿੱਥੇ ਇੱਕੋ ਪਰਮਾਤਮਾ ਦੇ ਸਿਮਰਨ ਦੀ ਵਿਆਖਿਆ ਕੀਤੀ ਜਾਂਦੀ ਹੈ ਅਤੇ ਪ੍ਰਭੂ ਨਾਲ ਅਭੇਦਤਾ ਪ੍ਰਾਪਤ ਕੀਤੀ ਜਾਂਦੀ ਹੈ। ਸਾਧਸੰਗਿ ਮਲੁ ਲਾਥੀ। ਪਾਰਬ੍ਰਹਮੁ ਭਇਓ ਸਾਥੀ।[66]

ਭਾਈ ਸੰਤੋਖ ਸਿੰਘ ਨੇ ਵੀ ਸਤਿ–ਸੰਗਤ ਦੇ ਸੰਕਲਪ ਨੂੰ ਸਪਸ਼ਟ ਕਰਦੇ ਹੋਏ ਸ਼੍ਰੀ ਗੁਰ ਨਾਨਕ ਪ੍ਰਕਾਸ਼ ਵਿੱਚ ਗੁਰਮਤਿ ਜਾਂ ਗੁਰਬਾਣੀ ਅਨੁਸਾਰ ਹੀ ਵਿਆਖਿਆ ਕੀਤੀ ਹੈ। ਉਹ ਕਹਿੰਦੇ ਹਨ ਕਿ ਸੰਗਤ ਉਸ ਸਰੋਵਰ ਵਾਂਗ ਹੈ, ਜਿਸ ਵਿੱਚ ਮਨੁੱਖ ਇਸ਼ਨਾਨ ਕਰਨ ਨਾਲ ਕਾਂ ਤੋਂ ਹੰਸ ਬਣ ਸਕਦਾ ਹੈ।

> ਅਦਭੁਤ ਸੰਤ ਸਮਾਜ ਸਰੁ ਕਰਿ ਸ਼ਨਾਨ ਮਿਲਿ ਤਾਂਹਿ।
> ਬਾਇਸ ਤੇ ਪਿਕ ਹੋਤਿ ਹੈ ਬਕ ਤੇ ਹੰਸ ਕਰਾਹਿ।[67]

ਭਾਈ ਸੰਤੋਖ ਸਿੰਘ ਜੀ ਇਹ ਵੀ ਦੱਸਦੇ ਹਨ, ਜਿਹੜੇ ਮਨੁੱਖ ਵਾਹਿਗੁਰੂ ਨੇ ਨਾਮ ਤੋਂ ਟੁੱਟੇ ਹੋਏ ਹੁੰਦੇ ਹਨ, ਭਾਵ ਮਨਮੁੱਖ ਹੁੰਦੇ ਹਨ, ਉਹ ਪੁਰਖ ਤਾਂ ਖੋਤੇ ਦੇ ਸਮਾਨ ਹੁੰਦੇ ਹਨ, ਜਿਵੇਂ ਖੋਤਾ ਦੁਰਗੰਧ ਵਾਲੀ ਥਾਂ ਫਿਰਦਾ ਹੈ। ਉਹ ਵਿਸ਼ੇ–ਵਿਕਾਰਾਂ ਵਾਲੇ ਥਾਵਾਂ ਤੇ ਫਿਰਦੇ ਹਨ। ਉਹ ਗੁਰੂ ਕੀਰਤੀ ਰੂਪੀ ਨਦੀ ਵਿੱਚ ਇਸ਼ਨਾਨ ਨਹੀਂ ਕਰਦੇ। ਜੇਕਰ ਕਿਸੇ ਨਾ ਕਿਸੇ ਤਰ੍ਹਾਂ ਸੰਜੋਗ ਬਣ ਜਾਵੇ, ਭਾਵ ਸਾਕਤ ਜਾਂ ਮਨਮੁੱਖ ਸਤਿ–ਸੰਗਤ ਵਿੱਚ ਆ ਹੀ ਜਾਣ ਤਾਂ ਉਹ ਸੌਂ ਜਾਂਦੇ ਹਨ, ਗੁਰ ਜਸ ਫੇਰ ਸੁਣਨੋ ਰਹਿ ਜਾਂਦੇ ਹਨ ਕਿਉਂਕਿ ਉਨ੍ਹਾਂ ਦੇ ਸਰੀਰ ਨੂੰ ਨੀਂਦ ਦਾ ਰੋਗ ਲੱਗਾ ਹੁੰਦਾ ਹੈ।

> ਸਾਕਤ ਖਰ ਨਹਿਂ ਮੱਜਨ ਕਰਿਹੀਂ। ਬਿਸ਼ੈ ਠੌਰ ਦੁਰਗੰਧਹਿ ਫਿਰਹੀਂ।
> ਜਿਉਂ ਕਿਉਂ ਤਿਹ ਬਨੁ ਜਾਇ ਸੰਜੋਗੂ। ਹੋਤ ਗੁੜਾਕਾ ਤਿਨਤਨੁ ਰੋਗੂ।[68]

**ਸੰਗਤ ਤੀਰਥ ਸਮਾਨ :** ਭਾਈ ਸਾਹਿਬ ਨੇ ਸ਼੍ਰੀ ਗੁਰ ਨਾਨਕ ਪ੍ਰਕਾਸ਼ ਵਿੱਚ ਸਤਿਸੰਗਤ ਦੀ ਮਹਿਮਾ ਬਾਰੇ ਦੱਸਿਆ ਹੈ ਕਿ ਕਲਜੁਗ ਵਿੱਚ ਲੋਕਾਂ ਨੂੰ ਸਿੱਧੇ ਰਾਹੇ ਪਾਉਣ ਅਤੇ ਸੰਸਾਰ ਸਾਗਰ ਤੋਂ ਪਾਰ ਉਤਾਰਨ ਲਈ ਸਤਿਸੰਗ ਰੂਪੀ ਜਹਾਜ਼ ਹੈ ਜੋ ਮਨੁੱਖ ਨੂੰ ਪ੍ਰਭੂ ਦੇ ਚਰਨਾਂ ਨਾਲ ਜੋੜ ਕੇ ਨਾਮ ਜਪਣ ਤੇ ਜਨਮ ਮਰਨ ਦੇ ਕਸ਼ਟਾਂ ਦਾ ਨਾਸ਼ ਕਰਦਾ ਹੈ। ਸਤਿ-ਸੰਗਤ ਦੇ ਮਿਲਾਪ ਨਾਲ ਜਦੋਂ ਮਨੁੱਖ ਦਾ ਅਭਿਆਸ ਪੱਕਾ ਹੋ ਜਾਂਦਾ ਹੈ, ਤਾਂ ਭਰਮ ਵਾਲਾ ਭੁਲੇਖਾ ਮਿਟ ਕੇ ਸਹਿਜੇ-ਸਹਿਜੇ ਸੁੱਖ ਦਾ ਪ੍ਰਕਾਸ਼ ਹੋ ਜਾਂਦਾ ਹੈ। ਮਨੁੱਖ ਹੌਲੀ-ਹੌਲੀ ਮੁਕਤੀ ਦਾ ਪਾਤਰ ਬਣ ਜਾਂਦਾ ਹੈ। ਭਾਈ ਸਾਹਿਬ ਨੇ ਦੱਸਿਆ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਬ੍ਰਹਮ ਗਿਆਨ ਦਿੰਦੇ ਸਮੇਂ ਦੱਸਿਆ ਹੈ ਕਿ ਅੱਗੇ ਭਿਆਨਕ ਕਲਜੁੱਗ ਵਿੱਚ ਬਹੁਤ ਖੋਟੀ-ਬੁੱਧੀ ਵਾਲੇ ਲੋਕ ਪੈਦਾ ਹੋਣਗੇ। ਤੁਸਾਂ ਸਤਿਸੰਗ ਨਾਲ ਪ੍ਰੀਤੀ ਰੱਖਣੀ ਹੈ। ਗੁਰੂ ਦਾ ਸਿਮਰਨ ਕਰਦਿਆਂ ਦਿਨ-ਰਾਤ ਗੁਜ਼ਾਰਨਾ ਹੈ। ਭਾਈ ਸਾਹਿਬ ਇਹ ਦੱਸਦੇ ਹਨ ਕਿ ਸਤਿਸੰਗ ਕਰਨ ਨਾਲ ਮਨ ਦੇ ਰੋਗ ਦੂਰ ਹੁੰਦੇ ਹਨ। ਜਲਦੀ ਹੀ ਹਉਮੈਂ ਦਾ ਰੋਗ ਵੀ ਨਸ਼ਟ ਹੋ ਜਾਂਦਾ ਹੈ। ਪ੍ਰਾਣਾਯਾਮ ਵਰਗੇ ਇੰਦਰੀਆਂ ਨੂੰ ਵੱਸ ਕਰਨ ਵਾਲੇ ਜਿਤਨੇ ਵੀ ਆਸਨ ਹਨ, ਉਨ੍ਹਾਂ ਨਾਲ ਇਹ ਸਾਰੇ ਦੁੱਖ ਸਦਾ ਨਹੀਂ ਹਟਦੇ, ਸਗੋਂ ਉਤਪੰਨ ਹੁੰਦੇ ਹਨ।

> ਸਭਿ ਸਾਧਨ ਮੁਖ ਸਤਿਸੰਗ ਜੋਈ। ਇਸ ਮਿਲਨੇ ਸਭਿ ਪ੍ਰਾਪਤਿ ਹੋਈ।
> ਜਿਨ ਪਾਛੇ ਕੀਨੋ ਸਤਸੰਗਾ। ਮੁਕਤਿ ਭਏ ਸੇ, ਤਿਨ ਭ੍ਰਮ ਭੰਗਾ।[69]

ਭਾਈ ਸਾਹਿਬ ਨੇ ਸਿੱਖ ਲਈ ਸਤਿ ਸੰਗਤ ਕਰਦਿਆਂ ਤੇ ਗ੍ਰਹਿਸਥ ਵਿੱਚ ਰਹਿੰਦਿਆਂ ਮੁਕਤੀ ਦਾ ਸੰਕਲਪ ਪ੍ਰਵਾਨ ਕੀਤਾ ਹੈ।

> ਆਪਨੀ ਇਸਤ੍ਰੀ ਜੋ ਹੈ ਸੋਈ ਇਸਤ੍ਰ ਲਖਨੀ, ਦੂਸਰੀ ਇਸਤ੍ਰੀ ਨਹਿੰ ਭਾਸੈ, ਯਹ ਭੀ ਜਤੁ ਕਹਾਵਤ ਹੈ ਗ੍ਰਿਹਸਤੁ ਮਾਰਗਿ ਕੋ। ਗਯਾਨ ਕੋ ਨੇਮੁ ਨਹੀਂ ਜੋ ਗ੍ਰਿਹਸਤੀ ਕੋ ਨਾ ਹੋਇ।[70]

ਇਸੇ ਤਰ੍ਹਾਂ ਸਿੱਖ ਲਈ ਸਤਿ-ਸੰਗਤ ਨੂੰ ਹੀ ਜੋਗ ਤੁਲ ਮੰਨਿਆ ਹੈ। ਭਾਈ ਸਾਹਿਬ ਨੇ ਗਰਬ ਗੰਜਨੀ ਟੀਕੇ ਵਿੱਚ 'ਸਗਲ ਜਮਾਤੀ' ਪੰਕਤੀ ਦਾ ਅਰਥ ਕਰਦੇ ਹੋਏ ਸਤਿ-ਸੰਗਤ ਦੇ ਸਿਧਾਂਤ ਨੂੰ ਦ੍ਰਿੜ ਕਰਵਾਉਂਦੇ ਹੋਏ ਕਿਹਾ ਹੈ ਕਿ ਸਿੱਖਾਂ ਨੂੰ ਰਲ-ਮਿਲ ਕੇ ਰਹਿਣਾ ਚਾਹੀਦਾ ਹੈ। ਵੈਰ ਵਿਰੋਧ ਨਹੀਂ ਕਰਨਾ ਚਾਹੀਦਾ। ਮਨ ਜਲ ਦੀ ਤਰ੍ਹਾਂ ਪਵਿੱਤਰ ਹੋਣਾ ਚਾਹੀਦਾ ਹੈ।

> ਸਿੱਖ ਜੋ ਹੈ ਸੋ ਸਗਲ ਜਮਾਤੀ ਬਨੇ। ਸਰਬ ਜੋ ਸਾਧ ਸੰਗਤ ਹੈ, ਕਿਸੀ ਭੇਖ ਵਾਰੋ ਸੰਤ ਹੋਇ, ਸਰਬ ਮੇਂ ਮਿਲਯੋ ਰਹੈ, ਬਿਰੋਧ ਕਾਹੂੰ ਸਿਉਂ ਨਾ ਕਰੇ; ਸਰਬ ਕੇ ਮਿਲਨ ਤੇ ਸਗਲ ਜਮਾਤੀ ਭਯੋ।[71]

ਸਾਧ-ਸੰਗਤ ਦੀ ਇਕ ਇਹ ਵੀ ਸਿਫ਼ਤ ਹੈ ਕਿ ਇੱਥੇ ਆ ਕੇ ਮਨਮੁੱਖ ਅਤੇ ਦੁਸ਼ਟ ਜੀਵ ਵੀ ਅਹੰਕਾਰ-ਮੁਕਤ ਹੋ ਜਾਂਦੇ ਹਨ। ਉਹ ਵਿਸ਼ੇ ਵਿਕਾਰਾਂ ਨੂੰ ਵੀ ਕਾਬੂ ਕਰ ਲੈਂਦੇ ਹਨ। ਉਹ ਸੰਗਤ ਵਿੱਚ ਆ ਕੇ ਦੈਵੀ ਗੁਣਾਂ ਦਾ ਗਾਇਨ ਕਰਕੇ, ਸਾਧੂ ਜਨਾਂ ਦੇ ਉਪਦੇਸ਼ ਸੁਣ ਕੇ, ਪਰਸਪਰ ਭੇਦ-ਭਾਵ ਮਿਟਾ ਕੇ ਪ੍ਰੇਮ ਕਰਨਾ ਸ਼ੁਰੂ ਕਰ ਦਿੰਦੇ ਹਨ। ਉਹ ਸਚਿਆਰੇ ਬਣ ਜਾਂਦੇ ਹਨ। ਸੁਰਿੰਦਰ ਸਿੰਘ ਕੋਹਲੀ ਅਨੁਸਾਰ

> ਜੋ ਕੋਈ ਵੀ ਇੰਨ੍ਹਾਂ ਦੇ ਸੰਪਰਕ ਵਿੱਚ ਆਉਂਦਾ ਹੈ, ਉਸਦੇ ਅੰਦਰ ਫਿਰ ਵੈਰ ਵਿਰੋਧ ਜਾਂ ਸਾੜਾ ਨਹੀਂ ਰਹਿੰਦਾ, ਉਸ ਨੂੰ ਇਹ ਸਭ ਕੁੱਝ ਭੁੱਲ ਜਾਂਦਾ ਹੈ। ਉਹ ਸਭ ਦਾ ਮਿੱਤਰ ਹੋ ਜਾਂਦਾ ਹੈ ਤੇ ਕੋਈ ਉਸਦਾ ਦੁਸ਼ਮਣ ਨਹੀਂ ਹੁੰਦਾ। ਉੱਤਮ ਪੁਰਸ਼ਾਂ ਦੀ ਸੰਗਤ ਵਿੱਚ ਮਨੁੱਖ ਉਹਨਾਂ ਜਿਹਾ ਹੀ ਹੋ ਜਾਂਦਾ ਹੈ, ਉਹ ਸਾਰੇ ਵਿਕਾਰਾਂ ਤੋਂ ਛੁਟਕਾਰਾ ਪਾ ਲੈਂਦਾ ਹੈ ਤੇ ਸਾਰੇ ਸਦ-ਗੁਣਾਂ ਨੂੰ ਆਪਣੇ ਅੰਦਰ ਰਚਾ ਲੈਂਦਾ ਹੈ।[72]

ਭਾਵੇਂ ਧਰਮ ਪ੍ਰਚਾਰ ਵਿੱਚ ਯੋਗ, ਜਪ, ਤਪ, ਦਾਨ ਆਦਿ ਤੇ ਜ਼ੋਰ ਦਿੱਤਾ ਜਾਂਦਾ ਹੈ। ਭਾਈ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਸੰਗਤ ਦਾ ਮਹੱਤਵ ਇਹਨਾਂ ਤੋਂ ਵੱਧ ਹੈ। ਬ੍ਰਹਮਚਾਰਯ ਯੋਗ ਤਪ, ਜਪ, ਦਾਨ ਸਭ ਕੁਝ ਸਤਿ-ਸੰਗਤ ਤੋਂ ਬਿਨ੍ਹਾਂ ਇਸ ਤਰ੍ਹਾਂ ਹਨ ਜਿਵੇਂ ਪੁੱਤਰ ਬਿਨ੍ਹਾਂ ਬਾਂਝ ਔਰਤ।

> ਸਭਿ ਉਪਾਵ ਸਮ, ਦਮ, ਚਰਜ, ਜੋਗ, ਜੱਗਯ, ਤਪ, ਦਾਨ।
> ਸਤਿ ਸੰਗਤ ਬਿਨੁ ਬਿਫਲ ਹ੍ਵੈ ਬਾਂਝ ਸੁਵਨ ਸਮ ਮਾਨ।[73]

**ਗੁਰੂ ਦੀ ਸੰਗਤ :** ਗੁਰੂ ਦੀ ਸੰਗਤ ਕਰਨ ਨਾਲ ਪਾਪੀ ਵਿਅਕਤੀ ਵੀ ਬਦਲ ਜਾਂਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੱਜਣ ਠੱਗ, ਕੌਡੇ ਰਾਖਸ਼, ਦੇਵਲੂਤ ਰਾਖਸ਼, ਅਸਾਮ ਦੀ ਜਾਦੂਗਰਨੀ, ਨੂਰ ਸ਼ਾਹ ਅਤੇ ਭੂਮੀਏ ਡਾਕੂ ਦੇ ਜੀਵਨ ਬਦਲ ਦਿੱਤੇ। ਇਹ ਗੁਰੂ ਦੀ ਸੱਚੀ ਸੰਗਤ ਦਾ ਪ੍ਰਤੀਕਰਮ ਸੀ ਕਿ ਵੱਡੇ ਅਭਿਮਾਨੀ ਤੇ ਗ਼ਲਤ ਰਸਤੇ ਪਏ ਹੋਏ ਮਨੁੱਖਾਂ ਦੇ ਜੀਵਨ ਵਿੱਚ ਪਰਿਵਰਤਨ ਆ ਗਿਆ।

> ਜੀਅਘਾਤ ਦੀ ਬਾਨ ਬਿਸਾਰੀ, ਸਤਿਸੰਗਤਿ ਕਰਿ ਹੀ ਸੁਖਬਾਰੀ।
> ਭੇ ਤਯਾਰ ਜਬ ਚਲਿਨੇ ਹੇਤਾ। ਭਨਤਿ ਭਏ ਬੇਦੀ ਕੁਲਕੇਤਾ।[74]

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੰਗਤ ਨਾਲ ਬਿਧੀ ਚੰਦ ਡਾਕੂ ਤੋਂ ਭਾਈ ਬਿਧੀ ਚੰਦ

ਬਹੁਤ ਵੱਡੇ ਪ੍ਰਚਾਰਕ ਬਣ ਗਏ। ਸਤਿਸੰਗਤ ਦੀ ਛੂਹ ਜਾਂ ਗੁਰੂ ਦੀ ਆਪਣੀ ਛੂਹ ਨਾਲ ਹੋਰ ਵੀ ਬਹੁਤ ਸਾਰੇ ਬੁਰੇ ਆਦਮੀਆਂ ਵਿੱਚ ਤਬਦੀਲੀ ਹੋਈ।

**ਸੰਗਤ ਅਤੇ ਪੰਗਤ :** ਏਕਤਾ ਤੇ ਸਾਂਝੀਵਾਲਤਾ ਨੂੰ ਪੱਕਾ ਕਰਨ ਲਈ ਸੰਗਤ ਦੇ ਨਾਲ ਪੰਗਤ ਭਾਵ ਲੰਗਰ ਦੀ ਪ੍ਰਥਾ ਵੀ ਜੋੜ ਦਿੱਤੀ ਗਈ। ਮਿਲ ਕੇ ਖਾਣ ਨਾਲ ਵੀ ਪਿਆਰ ਵੱਧਦਾ ਹੈ। ਇੱਕ ਥਾਂ ਖਾਣ ਨਾਲ ਛੂਤ-ਛਾਤ, ਊਚ-ਨੀਚ ਆਦਿ ਦੇ ਭਿੰਨ ਭੇਦ ਖ਼ਤਮ ਹੁੰਦੇ ਹਨ। ਇਸ ਤਰ੍ਹਾਂ ਗੁਰੂ ਜੀ ਨੇ ਸੰਗਤ ਦੇ ਨਾਲ ਲੰਗਰ ਵੀ ਜ਼ਰੂਰੀ ਕਰ ਦਿੱਤਾ। ਜਿਸ ਨਾਲ ਤਨ ਤੇ ਮਨ ਦੋਹਾਂ ਦੀ ਤ੍ਰਿਪਤੀ ਹੋ ਗਈ।

ਜਨਮ ਜਨਮ ਕੀ ਹਉਮੈ ਮਲੁ ਲਾਗੀ ਮਿਲਿ ਸੰਗਤਿ ਮਲੁ ਲਹਿ ਜਾਵੈਗੋ॥
ਜਿਉ ਲੋਹਾ ਤਰਿਓ ਸੰਗਿ ਕਾਸਟ ਲਗਿ ਸਬਦਿ ਗੁਰੂ ਹਰਿ ਪਾਵੈਗੋ॥[75]

ਉਨ੍ਹਾਂ ਅਨੁਸਾਰ ਜੋ ਮਨੁੱਖ ਸਤਿ-ਸੰਗਤ ਨਹੀਂ ਕਰਦਾ ਅਤੇ ਮਨਮਾਨੀਆਂ ਕਰਦਾ ਹੈ ਉਹ ਬ੍ਰਹਮ ਗਿਆਨ ਦੀ ਪ੍ਰਾਪਤੀ ਨਹੀਂ ਕਰ ਸਕਦਾ। ਉਸ ਦੀ ਪਰਮਾਤਮਾ ਨਾਲ ਲਿਵ ਨਹੀਂ ਲੱਗਦੀ।

ਨਹਿੰ ਸਤਿਸੰਗ ਕਰਹਿੰ ਮਨ ਮਾਨੀ।
ਸੋ ਕਬਿ ਹੋਇ ਨਹੀਂ ਬ੍ਰਹਮ ਗਯਾਨੀ।[76]

ਸ੍ਰੀ ਗੁਰ ਨਾਨਕ ਪ੍ਰਕਾਸ਼ ਵਿੱਚ ਸਤਿ-ਸੰਗਤ ਦੀ ਸੋਭਾ ਕਰਦੇ ਹੋਏ ਦੱਸਿਆ ਹੈ ਕਿ ਗੁਰੂ ਜੀ ਦੀ ਗੁਰਬਾਣੀ ਤੇ ਸਤਿ-ਸੰਗਤ ਦਾ ਰਸ ਚਿਰਜੀਵੀ ਹੈ। ਜਿਸ ਤੋਂ ਉੱਚੀ ਪੱਦਵੀ ਪ੍ਰਾਪਤ ਕੀਤੀ ਜਾ ਸਕਦੀ ਹੈ। ਸਤਿ ਸੰਤਾਂ ਦਾ ਸਤਿਸੰਗ ਕਰੋ ਜੋ ਕਾਮਧੇਨ ਪਵਿੱਤਰ ਗਾਂ ਦੇ ਸਮਾਨ ਹਨ। ਸੰਤਾਂ ਦੇ ਚਰਨਾਂ ਦੀ ਧੂੜੀ ਸਿਰ ਪਰ ਰੱਖ ਕੇ ਚੱਲੋ, ਦੁੱਖਾਂ ਦੇ ਭਵਸਾਗਰ ਤੋਂ ਤਰ ਜਾਉਗੇ। ਬਹੁਤ ਹੀ ਸੁੰਦਰ ਪਰਮਗਤੀ ਨੂੰ ਪ੍ਰਾਪਤ ਹੋਵੋਗੇ।

ਸਤਿ ਸੰਗਤਿ ਸ਼ੁਭ ਘਾਟ ਤੇ ਨਿੱਤ ਕਰਓ ਇਸ਼ਨਾਨ।
ਕਵਿ ਸੰਤੋਖ ਸਿੰਘ ਬੰਦ ਦ੍ਵੈ ਨਮੋ ਨਮੋ ਗੁਨਖਾਨਿ।[77]

**ਸੰਗਤ ਅਤੇ ਸੇਵਾ :** ਸੰਗਤ ਤੇ ਪੰਗਤ ਦੋਹਾਂ ਵਿੱਚ ਸੰਗਤ ਨੂੰ ਮਹਾਨ ਰੁਤਬਾ ਦਿੱਤਾ ਗਿਆ। ਪ੍ਰਾਚੀਨ ਸਮੇਂ ਕਿਸੇ ਦੀਆਂ ਜੁੱਤੀਆਂ ਨੂੰ ਹੱਥ ਲਾਉਣਾ ਬੁਰਾ ਮੰਨਿਆ ਜਾਂਦਾ ਸੀ। ਸ੍ਰੀ ਗੁਰੂ ਨਾਨਕ ਦੀ ਸੰਗਤ ਸੰਸਥਾ ਨੇ ਇਸਨੂੰ ਉਲਟੇ ਪਾਸੇ ਮੋੜ ਦਿੱਤਾ। ਸੰਗਤ ਦੇ ਜੋੜੇ ਝਾੜਨੇ, ਤਰਤੀਬ ਵਿੱਚ ਰੱਖਣਾ, ਉਨ੍ਹਾਂ ਦੀ ਚਰਨ ਧੂੜ ਲੈਣੀ ਮਹਾਨ ਪੁੰਨ ਕਰਾਰ ਦਿੱਤਾ। ਇਹ ਸੰਗਤ ਦੀ ਸੇਵਾ ਸਮਝ ਕੇ ਹੁਣ ਮਾਣ ਨਾਲ ਨਿਭਾਈ ਜਾਂਦੀ ਹੈ।

**ਉਦੇਸ਼ :** ਸੰਗਤ ਮਨੁੱਖ ਨੂੰ ਆਤਮਿਕ ਉੱਨਤੀ ਦੇ ਮਾਰਗ ਤੇ ਤੋਰ ਦਿੰਦੀ ਹੈ। ਮਨੁੱਖ ਵਿੱਚ ਦਵੈਦ ਖ਼ਤਮ ਹੋ ਕੇ ਮਾਨਵਤਾ ਦੇ ਗੁਣ ਪੈਦਾ ਹੋ ਜਾਂਦੇ ਹਨ। ਸਾਧ-ਸੰਗਤ ਦੇ ਪਵਿੱਤਰ ਵਾਤਾਵਰਨ ਵਿੱਚ ਜਾ ਕੇ ਮਨੁੱਖ-ਮਨੁੱਖ ਦੇ ਨੇੜੇ ਹੋ ਜਾਂਦਾ ਹੈ। ਮਨੁੱਖ ਦੂਸਰੇ ਦੇ ਕੰਮਕਾਰ ਭਾਵ ਦੁੱਖ-ਸੁੱਖ ਵਿੱਚ ਹੱਥ ਵਟਾਉਣ ਲਈ ਤਿਆਰ ਰਹਿੰਦਾ ਹੈ। ਉਸ ਅੰਦਰ ਸਹਿਯੋਗ ਦੇਣ ਦੀ ਭਾਵਨਾ ਵੱਧ ਜਾਂਦੀ ਹੈ। ਉਸ ਦੀ ਮਾਨਸਿਕ ਸੋਚ ਚੰਗੀ ਬਣਨ ਦੇ ਨਾਲ-ਨਾਲ ਮਨੁੱਖ ਵਿੱਚੋਂ ਵੈਰ ਵਿਰੋਧ ਈਰਖਾ ਦੀ ਭਾਵਨਾ ਖ਼ਤਮ ਹੋ ਜਾਂਦੀ ਹੈ:-

ਬਿਸਰਿ ਗਈ ਸਭ ਤਾਤਿ ਪਰਾਈ। ਜਬ ਤੇ ਸਾਧਸੰਗਤਿ ਮੋਹਿ ਪਾਈ॥
ਨਾ ਕੋ ਬੈਰੀ ਨਹੀਂ ਬਿਗਾਨਾ। ਸਗਲ ਸੰਗਿ ਹਮ ਕਉ ਬਨਿ ਆਈ।[78]

ਸਤਿ-ਸੰਗਤ ਮਨੁੱਖ ਨੂੰ ਮੂਲ ਉਦੇਸ਼ ਨਾਲ ਜੋੜਦੀ ਹੈ। ਮਨੁੱਖ ਸਾਧ-ਸੰਗਤ ਵਿੱਚ ਹੀ ਮਾਨਵੀ ਕਦਰਾਂ-ਕੀਮਤਾਂ ਸਿੱਖਦਾ ਹੈ ਤੇ ਅਮਲ ਵਿੱਚ ਲਿਆਉਂਦਾ ਹੈ। ਸੰਗਤ ਵਿੱਚ ਜਾਣ ਨਾਲ ਉਸਦੇ ਹਿਰਦੇ ਵਿੱਚ ਸ਼ਰਧਾ, ਪ੍ਰੇਮ, ਵਿਸ਼ਵਾਸ਼ ਬੁੱਧੀ ਨੂੰ ਜਗਾਉਣ ਵਰਗੇ ਗੁਣ ਪੈਦਾ ਹੁੰਦੇ ਹਨ। ਸਤਿ-ਸੰਗਤ ਵਿੱਚੋਂ ਮਨੁੱਖ ਅਨੁਸ਼ਾਸ਼ਨ ਸਿੱਖਦਾ ਹੈ। ਸਤਿ-ਸੰਗਤ ਨਾਮ ਦਾ ਖ਼ਜ਼ਾਨਾ ਹੈ। ਮਨੁੱਖ ਨਾਮ ਨਾਲ ਜੁੜ ਜਾਂਦਾ ਹੈ। ਇਸ ਨਾਲ ਮਨੁੱਖ ਦੇ ਮਨ ਦੀ ਮੈਲ ਧੋਤੀ ਜਾਂਦੀ ਹੈ। ਅਗਿਆਨਤਾ, ਹੰਕਾਰ ਦੂਰ ਹੁੰਦਾ ਹੈ। ਗਿਆਨ ਦਾ ਪ੍ਰਕਾਸ਼ ਹੁੰਦਾ ਹੈ। ਸਤਿ-ਸੰਗਤ ਹੰਸ ਸਮਾਨ ਹੈ। ਕਾਂ ਰੂਪੀ ਮਨੁੱਖ ਵੀ ਹੰਸ ਰੂਪੀ ਸੰਗਤ ਨਾਲ ਰਹਿ ਹੀ ਤਰ ਜਾਂਦਾ ਹੈ।ਸੰਗਤ ਕਰਕੇ ਪਾਪੀ ਮਨੁੱਖ ਵੀ ਤਰ ਜਾਂਦਾ ਹੈ।

ਭਾਈ ਸੰਤੋਖ ਸਿੰਘ ਜੀ ਨੇ ਵੀ ਸਤਿ-ਸੰਗਤ ਦੇ ਮਹੱਤਵ ਨੂੰ ਪ੍ਰਗਟ ਕੀਤਾ ਹੈ। ਕਿਉਂਕਿ ਸਤਿ-ਸੰਗਤ ਨੂੰ ਗੁਰਮਤਿ ਵਿੱਚ ਦੈਵੀ ਸੰਸਥਾ ਵਜੋਂ ਪ੍ਰਵਾਨ ਕੀਤਾ ਗਿਆ ਹੈ। ਜੇਕਰ ਸਤਿ-ਸੰਗਤ ਕਰਦਿਆਂ ਵਕਤ ਬਤੀਤ ਕਰੋਗੇ ਤਾਂ ਸਾਰੇ ਦੁੱਖਾਂ-ਪਾਪਾਂ ਦੀ ਮੈਲ ਲੱਥ ਜਾਵੇਗੀ। ਸਤਿ-ਸੰਗਤ ਦੁਆਰਾ ਮਨੁੱਖ ਦੇ ਮਨ ਵਿੱਚ ਬੁਰੀ ਮਤ ਦਾ ਨਿਵਾਰਨ ਹੁੰਦਾ ਹੈ। ਸਭ ਵਿੱਚ ਭਗਤੀ ਭਾਵਨਾ ਪੈਦਾ ਕਰਕੇ ਪਰਮਾਤਮਾ ਦਾ ਨਾਮ ਜਪਾਇਆ ਜਾਂਦਾ ਹੈ।

### (ਸ) ਸਦਾਚਾਰਿਕ ਗੁਣ

ਭਾਰਤੀ ਧਰਮਾਂ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ। ਅਧਿਆਤਮਵਾਦੀ ਅਤੇ ਆਚਾਰਵਾਦੀ। ਇਸ ਦਾ ਅਰਥ ਇਹ ਨਹੀਂ ਕਿ ਜੋ ਅਧਿਆਤਮਵਾਦੀ ਸਨ, ਉਹ ਆਚਾਰ ਦੀ ਲੋੜ ਨਹੀਂ ਸਮਝਦੇ ਜਾਂ ਜੋ ਆਚਾਰਵਾਦੀ ਸਨ, ਉਹ ਅਧਿਆਤਮਿਕ ਉੱਚਤਾ ਨੂੰ ਪ੍ਰਵਾਨ ਨਹੀਂ ਸੀ ਕਰਦੇ। ਇਸ ਵੰਡ ਦਾ ਕਾਰਨ ਹੈ ਕਿ ਕੁਝ ਪੁਰਾਤਨ ਧਰਮ, ਅਧਿਆਤਮਵਾਦੀ ਨਿਸ਼ਚੇ ਉੱਤੇ

ਜ਼ਿਆਦਾ ਜ਼ੋਰ ਦਿੰਦੇ ਸਨ ਤੇ ਕੁਝ ਕੇਵਲ ਆਚਾਰ ਉੱਤੇ। ਉਦਾਹਰਣ ਲਈ ਸਨਾਤਨ ਧਰਮ ਅਧਿਆਤਮਵਾਦੀ ਸੀ ਤੇ ਬੋਧੀ ਤੇ ਜੈਨੀ ਵਧੇਰੇ ਆਚਾਰਵਾਦੀ ਸਨ। ਅਧਿਆਤਮਵਾਦੀ ਧਰਮ ਵਾਲਿਆਂ ਨੇ ਕਦੀ ਸਦਾਚਾਰਿਕ ਕੀਮਤਾਂ ਨੂੰ ਤਿਲਾਂਜਲੀ ਨਹੀਂ ਦਿੱਤੀ ਤੇ ਆਚਾਰਵਾਦੀ ਤਾਂ ਕੇਵਲ ਨਿਰਭਰ ਹੀ ਇਸ ਤੇ ਕਰਦੇ ਹਨ। ਸੋ ਧਰਮ ਦੇ ਇਤਿਹਾਸ ਤੋਂ ਪਤਾ ਲੱਗਦਾ ਹੈ ਕਿ ਸਦਾਚਾਰਿਕ ਗੁਣ ਧਰਮ ਦੇ ਅਹਿਮ ਅੰਗ ਰਹੇ ਹਨ, ਕਦੀ ਇਨ੍ਹਾਂ ਨੂੰ ਹੀ ਧਰਮ ਦਾ ਸਭ ਕੁਝ ਸਮਝਿਆ ਜਾਂਦਾ ਰਿਹਾ ਹੈ। ਵਿਦਵਾਨ ਇਸ ਹਕੀਕਤ ਤੋਂ ਚੰਗੀ ਤਰ੍ਹਾਂ ਜਾਣੂ ਹਨ ਕਿ ਧਰਮ ਦੋਹਾਂ ਦੇ ਸਮੇਲ ਤੋਂ ਬਿਨ੍ਹਾਂ ਸੰਪੂਰਨ ਨਹੀਂ ਹੋ ਸਕਦਾ। ਅਧਿਆਤਮਵਾਦੀ ਇਹੋ ਮਾਰਗ ਦਰਸਾਉਂਦਾ ਹੈ ਕਿ ਮਨੁੱਖ ਨੇ ਪਰਮੇਸ਼ਰ ਨਾਲ ਕਿਵੇਂ ਰਿਸ਼ਤਾ ਕਾਇਮ ਕਰਨਾ ਹੈ ਤੇ ਸਦਾਚਾਰ ਇਹ ਗੱਲ ਸਮਝਾਉਂਦਾ ਹੈ ਕਿ ਮਨੁੱਖ ਦਾ ਮਨੁੱਖ ਨਾਲ ਕਿਹੋ ਜਿਹਾ ਰਿਸ਼ਤਾ ਹੋਣਾ ਚਾਹੀਦਾ ਹੈ। ਗੁਰਬਾਣੀ

> ਜਿਸ ਜੀਵਨ-ਜਾਚ ਦੀ ਸਿੱਖਿਆ ਦਿੰਦੀ ਹੈ ਉਸ ਦਾ ਮੂਲ ਆਧਾਰ ਹੈ ਸਦਾਚਾਰ। ਸਦਾਚਾਰ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ। ਜਿਸ ਦਾ ਅਰਥ ਹੈ ਚੰਗਾ ਆਚਰਣ, ਉੱਤਮ ਬਿਰਤੀ ਆਦਿ।[79]

ਇਸ ਨੂੰ ਸੱਚ ਆਚਾਰ ਵੀ ਕਿਹਾ ਜਾ ਸਕਦਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਹਰ ਇੱਕ ਕੌਮ, ਹਰ ਦੇਸ਼, ਹਰ ਧਰਮ ਵਾਲਿਆਂ ਨੇ ਸਾਤਵਿਕ ਰੁਚੀਆਂ ਅਧੀਨ ਸਦਾਚਾਰਿਕ ਗੁਣਾਂ ਭਾਵ ਨੈਤਿਕਤਾ ਉੱਤੇ ਜ਼ੋਰ ਦਿੱਤਾ ਹੈ, ਪਰ ਸਿੱਖ ਧਰਮ ਵਿੱਚ ਸਦਾਚਾਰਿਕ ਗੁਣਾਂ ਦੀ ਵਿਸ਼ੇਸ਼ ਮਹੱਤਤਾ ਸਥਾਪਿਤ ਹੋਈ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਚਾਰ ਨੂੰ ਸਭ ਤੋਂ ਉੱਪਰ ਮੰਨਿਆ ਹੈ:

> ਕੇਤੇ ਬੰਧਨ ਜੀਅ ਕੇ ਗੁਰਮਖਿ ਮੋਖ ਦੁਆਰ
> ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ।[80]

ਗੁਰਬਾਣੀ ਵਿਚ ਆਚਾਰ ਨੂੰ ਸਭ ਤੋਂ ਉਚਤਮ ਦਰਜਾ ਪ੍ਰਾਪਤ ਹੋਇਆ ਹੈ। ਇਸ ਨਾਲ ਜੀਵਨ ਦੇ ਕਈ ਪੱਖ ਉਭੱਰਕੇ ਸਾਹਮਣੇ ਆਉਂਦੇ ਹਨ।

> ਸਦਾਚਾਰ ਨੂੰ ਉੱਤਮ ਕ੍ਰਿਯਾ, ਨੇਕ ਚਲਣ, ਭਲਾ ਵਿਵਹਾਰ, ਚੰਗੇ ਆਚਾਰ ਵਾਲੇ ਤੇ ਨੇਕ ਆਦਿ ਕਿਹਾ ਹੈ।[81]

ਸਿੱਖ ਧਰਮ ਦੀਆਂ ਸਦਾਚਾਰਿਕ ਸਿੱਖਿਆਵਾਂ ਜਾਂ ਗੁਣਾਂ ਤੋਂ ਭਾਵ ਹੈ ਉਹ ਸਿੱਖਿਆਵਾਂ ਭਾਵ ਗੁਣ ਜਿਹਨਾਂ ਦਾ ਸਬੰਧ ਸਦਾਚਾਰ ਨਾਲ ਹੈ। ਸਦਾਚਾਰ ਤੋਂ ਭਾਵ ਸਦ-ਆਚਾਰ ਹੈ ਅਰਥਾਤ

ਚੰਗਾ ਆਚਾਰ, ਚੰਗਾ ਚਲਣ ਜਾਂ ਚੰਗਾ ਵਿਵਹਾਰ।ਇਹਨਾਂ ਨੂੰ ਸ਼ੁੱਭ ਕਰਮ ਜਾਂ ਅਧਿਆਤਮਿਕ ਕਰਮ ਦਾ ਨਾਂ ਦਿੱਤਾ ਗਿਆ ਹੈ। ਇਹ ਉਹ ਕਰਮ ਹਨ ਜਿਨ੍ਹਾਂ ਨੂੰ ਕਰਨ ਨਾਲ ਸਾਧਕ ਨੂੰ ਸਮ-ਦ੍ਰਿਸ਼ਟੀ ਪ੍ਰਾਪਤ ਹੁੰਦੀ ਹੈ, ਹਉਮੈਂ ਖ਼ਤਮ ਹੁੰਦੀ ਹੈ, ਮਾਨਸਿਕ ਵਿਕਾਰਾਂ ਤੋਂ ਮੁਕਤੀ ਮਿਲਦੀ ਹੈ। ਗੁਰਬਾਣੀ ਅਨੁਸਾਰ ਨਾਮ ਜਪਣਾ, ਕਿਰਤ ਕਰਨੀ, ਵੰਡ ਛਕਣਾ ਪ੍ਰਮੁੱਖ ਸਦਾਚਾਰਿਕ ਗੁਣ ਹਨ। ਸਦਾਚਾਰਿਕ ਗੁਣ ਮਨੁੱਖੀ ਜੀਵਨ-ਜਾਚ ਦੀ ਉੱਤਮ ਤੇ ਸ੍ਰੇਸ਼ਠ ਕਿਰਿਆ ਹੈ, ਜਿਸ ਸਦਕਾ ਮਨੁੱਖ ਆਪਣਾ ਨੇਕ ਚਾਲ ਚਲਣ ਸਥਾਪਿਤ ਕਰ ਸਕਦਾ ਹੈ। ਇਸ ਲਈ ਇੱਕ ਚੰਗੇ ਆਚਰਣ ਵਾਲਾ ਮਨੁੱਖ ਹੀ ਭਲਾ ਵਿਵਹਾਰ ਕਰ ਸਕਦਾ ਹੈ। ਸ੍ਰੀ ਗੁਰ ਨਾਨਕ ਪ੍ਰਕਾਸ਼ ਮਨੁੱਖ ਨੂੰ ਸਦਾਚਾਰਿਕ ਗੁਣ ਗ੍ਰਹਿਣ ਕਰਨ ਲਈ ਪ੍ਰੇਰਦਾ ਹੈ, ਨੇਕ ਸਦਾਚਾਰ ਤੋਂ ਬਿਨ੍ਹਾਂ ਕੋਈ ਵੀ ਵਿਅਕਤੀ ਮੁਕਤੀ ਪ੍ਰਾਪਤ ਨਹੀਂ ਕਰ ਸਕਦਾ। ਸਦਾਚਾਰ ਹੀ ਮਨੁੱਖ ਨੂੰ ਲੋਭ ਰਹਿਤ ਬਣਾਉਂਦਾ ਹੈ ਤੇ ਪਾਪਾਂ ਤੋਂ ਦੂਰ ਰੱਖਦਾ ਹੈ। ਮਨੁੱਖ ਨੇ ਜੀਵਨ ਵਿੱਚ ਧਨ ਦੌਲਤ ਇੱਕਠੀ ਕੀਤੀ ਹੁੰਦੀ ਹੈ। ਮਰਨ ਤੋਂ ਬਾਅਦ ਉਸ ਤੇ ਦੂਜਿਆ ਦਾ ਕਬਜ਼ਾ ਹੋ ਜਾਂਦਾ ਹੈ, ਲੇਕਿਨ ਮਨੁੱਖ ਦੇ ਸਦਾਚਾਰਿਕ ਗੁਣ ਮਰਨ ਤੋਂ ਬਾਅਦ ਵੀ ਉਸਦੇ ਨਾਮ ਨਾਲ ਜਿਉਂਦੇ ਰਹਿੰਦੇ ਹਨ।

> ਜਬ ਲੌ ਪ੍ਰਾਨ ਰਹੈਂ ਤਨ ਮਾਂਹੀ। ਤਬ ਲੌ ਧਨ ਮਿਤ ਬਹੁਰੋ ਨਾਂਹੀ।
> ਲੇਤਿ ਸੰਭਾਰ ਅਪਰਹੀ ਯਾਂਕੋ। ਕਲਮਲ ਅਨਿਕ ਕਿਯੇ ਹਿਤ ਜਾਂਕੋ।[82]

ਸਭ ਧਰਮਾਂ ਵਿੱਚ ਸਦਾਚਾਰਿਕ ਗੁਣ ਪਾਏ ਗਏ ਹਨ। 'ਮਹਾਂਭਾਰਤ' ਵਿੱਚ ਗੀਤਾ ਰਾਹੀਂ ਕ੍ਰਿਸ਼ਨ ਭਗਵਾਨ ਵੱਲੋਂ ਆਪਣੇ ਮਿੱਤਰ ਅਤੇ ਸ਼ਰਧਾਲੂ ਅਰਜੁਨ ਨੂੰ ਦਿੱਤੇ ਉਪਦੇਸ਼ ਨੂੰ ਹੀ ਸਦਾਚਾਰ ਮੰਨਿਆ ਗਿਆ ਹੈ। ਜੈਨ ਧਰਮ ਦੇ ਵਿੱਚ ਵੀ ਨੀਤੀ ਸ਼ਾਸਤਰ ਦੇ ਰੂਪ ਦਰਜ ਹਨ। ਬੁੱਧ ਧਰਮ ਵਿੱਚ ਅਸ਼ਟ ਮਾਰਗ ਨੂੰ ਸਦਾਚਾਰਿਕ ਗੁਣ ਕਿਹਾ ਜਾਂਦਾ ਹੈ। ਈਸਾਈ ਧਰਮ ਵਿੱਚ ਜੋ ਦਸ ਆਦੇਸ਼ ਦਿੱਤੇ ਸਨ, ਉਹ ਸਦਾਚਾਰਿਕ ਗੁਣ ਹੀ ਹਨ। ਸਿੱਖ ਧਰਮ ਦੀਆਂ ਸਦਾਚਾਰਿਕ ਸਿੱਖਿਆਵਾਂ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ। ਵਿਅਕਤੀਗਤ ਅਤੇ ਸਮਾਜਿਕ ਸਭਿਆਚਾਰਿਕ ਸਿੱਖਿਆਵਾਂ ਅਧੀਨ ਸਦਾਚਾਰਿਕ ਗੁਣ ਆਉਂਦੇ ਹਨ।

ਤਾਓ ਮਤ ਦਾ ਵਿਚਾਰ ਹੈ ਕਿ

> ਆਪਣੇ ਗੁਆਂਢੀ ਦੀ ਹਾਨੀ ਤੇ ਲਾਭ ਨੂੰ ਆਪਣਾ ਸਮਝੋ। ਯਹੂਦੀ ਧਰਮ ਮੁਤਾਬਿਕ ਜੋ ਵਿਹਾਰ ਤੁਹਾਨੂੰ ਨਾ ਪਸੰਦ ਹੈ, ਉਹ ਆਪਣੇ ਹਮ ਜੋਲੀਆਂ ਨਾਲ ਨਾ ਕਰੋ। ਇਸਲਾਮ ਕਹਿੰਦਾ ਹੈ-ਕੋਈ ਉਤਨਾ ਸੱਚਾ ਮੋਮਨ ਨਹੀਂ, ਜਿਤਨਾ ਚਿਰ ਉਹ ਆਪਣੇ ਸਾਥੀ ਲਈ ਉਹੋ ਕੁਝ ਨਹੀਂ ਚਾਹੁੰਦਾ, ਜੋ ਕੁਝ ਆਪਣੇ ਲਈ ਚਾਹੁੰਦਾ ਹੈ।[83]

ਪੁਰਾਣੇ ਭਾਰਤੀ ਮੱਤਾਂ ਵਿੱਚ ਵੀ ਹਿੰਸਾ, ਝੂਠ, ਚੋਰੀ, ਯਾਰੀ ਅਜਿਹੇ ਕੁਕਰਮ ਤੇ ਔਗੁਣਾਂ ਤੋਂ ਵਰਜਿਆ ਗਿਆ ਹੈ। 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ ਪੰਜ ਵਿਕਾਰਾਂ

ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਤੋਂ ਉੱਚੇ ਉੱਠਣ ਦਾ ਉਪਦੇਸ਼ ਹੈ।

ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ।
ਅੰਮ੍ਰਿਤੁ ਲੂਟਹਿ ਮਨਮੁਖ ਨਹੀਂ ਬੂਝਹਿ ਕੋਇ ਨਾ ਸੁਣੈ ਪੁਕਾਰਾ।[84]

ਮਨੁੱਖ ਤਾਂ ਸੱਚਾ ਧਰਮੀ ਹੋ ਸਕਦਾ ਹੈ, ਜੇਕਰ ਇਨ੍ਹਾਂ ਵਿਕਾਰਾਂ ਦੀ ਜਕੜ ਵਿੱਚ ਨਾ ਆਵੇ, ਜੇਕਰ ਇਨਾਂ ਪੰਜਾਂ ਵਿੱਚੋਂ ਕਿਸੇ ਦਾ ਵੀ ਅੰਸ਼-ਮਾਤਰ ਮਨ ਵਿੱਚ ਰਹਿ ਜਾਵੇ ਤਾਂ ਉਹ ਸਾਰੇ ਜੀਵਨ ਨੂੰ ਗੰਦਾ ਕਰ ਦਿੰਦਾ ਹੈ। ਇਨ੍ਹਾਂ ਬੁਰਾਈਆਂ ਤੋਂ ਬਿਨ੍ਹਾਂ ਗੁਰਬਾਣੀ ਵਿੱਚ ਹੋਰ ਔਗੁਣਾਂ ਤੋਂ ਵੀ ਬਚਣ ਦਾ ਉਪਦੇਸ਼ ਹੈ। ਕਰੋਧ ਕਾਰਨ ਹਿੰਸਾ, ਵਾਦ ਵਿਵਾਦ ਕਾਰਨ ਫਿਕਾ ਬੋਲਣ ਦੇ ਔਗੁਣ, ਮੋਹ ਕਾਰਨ ਮਮਤਾ ਜ਼ੋਰ ਪਾਉਂਦੀ ਹੈ। ਲੋਭ-ਲਾਲਚ ਦੇ ਕਾਰਨ ਵਸ ਚੋਰੀ, ਠੱਗੀ, ਝੂਠ ਦੀ ਆਦਤ ਹੋ ਜਾਂਦੀ ਹੈ। ਅਹੰਕਾਰ ਕਾਰਨ ਨੇਕੀ ਦੇ ਸਾਰੇ ਗੁਣ ਯਾਦ ਨਹੀਂ ਰਹਿੰਦੇ।

ਸ਼੍ਰੀ ਗੁਰ ਨਾਨਕ ਪ੍ਰਕਾਸ਼ ਮਨੁੱਖ ਦੀ ਕਥਨੀ ਨੂੰ ਅਮਲੀ ਰੂਪ ਦੇਣ ਲਈ ਪ੍ਰੇਰਦਾ ਹੈ ਤਾਂ ਕਿ ਮਨੁੱਖ ਸ੍ਵੈਮਾਣ ਨਾਲ ਜੀਵਨ ਜਿਊਂਣ ਦੇ ਕਾਬਲ ਹੋ ਸਕੇ। ਉਹ ਨਿਰਭਉ ਤੇ ਨਿਰਵੈਰ ਵਾਲੀ ਭਾਵਨਾ ਪੈਦਾ ਕਰ ਸਕੇ। ਉਸ ਦਾ ਹਿਰਦਾ ਪ੍ਰਭੂ ਪ੍ਰੇਮ ਵਿੱਚ ਭਿੱਜ ਸਕੇ। ਜਿਨ੍ਹਾਂ ਦਾ ਮਨ ਸਦਾਚਾਰਿਕ ਗੁਣਾਂ ਨਾਲ ਭਰਪੂਰ ਹੁੰਦਾ ਹੈ, ਉਨ੍ਹਾਂ ਦਾ ਪਰਲੋਕ ਵਿੱਚ ਵੀ ਸਨਮਾਨ ਹੁੰਦਾ ਹੈ।

ਸਾਚੇ ਸੰਗਿ ਰਤੇ ਚਿਤ ਜਾਂਹੀ। ਬਿਸ਼ਿਯਨ ਬਿਖੈ ਲਿਪਾਇ ਜਿ ਨਾਂਹੀ।
ਸ਼ੋਭਾ ਕੇ ਸਮੇਤ ਸੋ ਜਾਈਂ। ਦਰਗਹਿ ਮਹਿਂ ਬਹੁ ਆਦਰ ਪਾਈਂ।[85]

ਸ਼੍ਰੀ ਗੁਰ ਨਾਨਕ ਪ੍ਰਕਾਸ਼ ਤੋਂ ਅਧਿਆਤਮਿਕਤਾ ਦੇ ਨਾਲ-ਨਾਲ ਵਿਵਹਾਰਿਕ ਜੀਵਨ ਨੂੰ ਇੱਕਸੁਰ ਕਰਨ ਲਈ ਅਗਵਾਈ ਮਿਲਦੀ ਹੈ। ਇਸ ਗ੍ਰੰਥ ਵਿੱਚ ਪਰਲੋਕ ਦੀ ਥਾਂ ਸਮਾਜਿਕ ਜੀਵਨ ਨੂੰ ਉੱਚੇਰਾ, ਸੁੱਚੇਰਾ ਅਤੇ ਚੰਗੇਰਾ ਬਣਾਉਣ ਲਈ ਸੇਧ ਪ੍ਰਾਪਤ ਹੁੰਦੀ ਹੈ। ਜਿੱਥੇ ਕੋਈ ਹੱਠ, ਤੱਪ ਕਰਨ ਦੀ ਜ਼ਰੂਰਤ ਨਹੀਂ ਬਲਕਿ ਹੱਸਦਿਆਂ, ਖੇਡਦਿਆਂ, ਪਹਿਨਦਿਆਂ, ਖਾਂਦਿਆਂ ਨੂੰ ਮੁਕਤੀ ਪ੍ਰਾਪਤ ਹੋ ਸਕਦੀ ਹੈ। ਇਸ ਤਰ੍ਹਾਂ ਦੇ ਸਹਿਜਤਾ ਭਰਪੂਰ ਸਦਾਚਾਰੀ ਗੁਣ ਹੀ ਮਨੁੱਖ ਨੂੰ ਮੁਕਤੀ-ਮਾਰਗ ਤੇ ਚਲਣ ਲਈ ਆਧਾਰ ਭੂਮੀ ਤਿਆਰ ਕਰਦੇ ਹਨ। ਇਸ ਤੋਂ ਮਨੁੱਖ ਨੂੰ ਕਠੋਰਤਾ ਵਾਲੀ ਜੀਵਨ ਜਾਂਚ ਜਿਊਂਣ ਨਾਲੋਂ ਸਹਿਜਤਾ ਵਾਲੀ ਜੀਵਨ ਸ਼ੈਲੀ ਗ੍ਰਹਿਣ ਕਰਨ ਲਈ ਸੰਦੇਸ਼ ਮਿਲਦਾ ਹੈ।

> ਬਚਨ ਕਠੋਰ ਕਹਿਨ ਹੈ ਜੋਊ। ਲਖਿ ਕਠੋਰਪਨ ਤਾ ਮਹਿਂ ਸੋਊ।
> ਤਹਿਂ ਤੇ ਈਸ਼ੁਰ ਹਾਥ ਨਾ ਆਵੈ। ਜਿਉਂ ਸਿਕਤਾ ਤੇ ਤੇਲ ਨ ਪਾਵੈ।[86]

ਸ਼੍ਰੀ ਗੁਰ ਨਾਨਕ ਪ੍ਰਕਾਸ਼ ਵਿੱਚ ਭਾਈ ਸੰਤੋਖ ਨੇ ਲਿਖਿਆ ਹੈ ਕਿ ਸਾਰਾ ਸੰਸਾਰ ਹੀ ਹਉਂਮੈਂ ਦੇ ਰੋਗ ਵਿੱਚ ਗ੍ਰਸਿਆ ਹੋਇਆ ਪਿਆ ਹੈ ਤੇ ਇਸ ਦੇ ਨਾਲ ਕਾਮ, ਕ੍ਰੋਧ, ਲੋਭ, ਮੋਹ ਤੇ ਈਰਖਾ ਆਦਿਕ ਰੋਗ ਵੀ ਲੱਗੇ ਹੋਏ ਹਨ। ਇੰਨਾਂ ਸਾਰਿਆਂ ਦੀ ਨਿਵਿਰਤੀ ਲਈ ਦੱਸਿਆ ਹੈ ਕਿ ਸਾਰੇ ਲੋਕਾਂ ਨਾਲ ਮਿੱਤਰਤਾ ਕਰਨ ਨਾਲ, ਸਾਰੀਆਂ ਵਡਿਆਈਆਂ ਪ੍ਰਭੂ ਦੀ ਦਾਤ ਸਮਝਣ ਨਾਲ, ਦੂਜੇ ਦਾ ਦੁੱਖ-ਸੁੱਖ ਆਪਣਾ ਵਿਚਾਰਨ ਨਾਲ, ਸੁੱਖੀ ਹੋ ਸਕਦਾ ਹੈ। ਮਨੁੱਖ ਨੂੰ ਆਪਣੇ ਧੰਨ, ਆਪਣੀ ਵਡਿਆਈ ਉੱਤੇ ਹੰਕਾਰ ਦਾ ਤਿਆਗ ਕਰਕੇ, ਗਰੀਬੀ ਮਨ ਵਿੱਚ ਲਿਆ ਕੇ ਸੁੱਖ ਮਿਲ ਸਕਦਾ ਹੈ। ਪ੍ਰੇਮ ਨਾਲ ਈਰਖਾ ਦਾ, ਨਿਮਰਤਾ ਤੇ ਹਰੀ ਸਿਮਰਨ ਨਾਲ ਹੰਕਾਰ ਦਾ, ਸੰਸਾਰਿਕ ਨਾਸ਼ਮਾਨਤਾ ਦ੍ਰਿੜ੍ਹ ਕਰਾਉਣ ਨਾਲ ਲੋੜ ਦਾ, ਤ੍ਰਿਸ਼ਨਾ ਅਤੇ ਗੁਰੂ ਦੀ ਸਿੱਖਿਆ ਨਾਲ ਕਾਮ, ਕ੍ਰੋਧ, ਮੋਹ ਦਾ ਰੋਗ ਦੂਰ ਹੋ ਸਕਦਾ ਹੈ। ਪਰ ਨਿੰਦਿਆ ਦੇ ਰੋਗ ਨੂੰ ਦੂਰ ਕਰਨ ਲਈ ਖੁਦ ਨੂੰ ਸਭ ਤੋਂ ਨੀਵਾਂ ਜਾਣਨ ਨਾਲ ਇਹ ਰੋਗ ਦੂਰ ਹੋ ਜਾਂਦਾ ਹੈ।

ਸ਼੍ਰੀ ਗੁਰ ਨਾਨਕ ਪ੍ਰਕਾਸ਼ ਵਿੱਚ ਤਮੋ ਗੁਣੀ ਲੋਕਾਂ ਨੂੰ ਕਾਠ ਵਰਗੇ ਕਿਹਾ ਗਿਆ ਹੈ। ਅਜਿਹੇ ਲੋਕਾਂ ਨੂੰ ਕਰਤਾਰ ਦੀ ਪ੍ਰਾਪਤੀ ਨਹੀਂ ਹੁੰਦੀ। ਇਸ ਲਈ ਮਨੁੱਖ ਨੂੰ ਆਪਣੇ ਅੰਦਰਲੀਆਂ ਤਰੁੱਟੀਆਂ ਜਾਂ ਕਮੀਆਂ ਦੂਰ ਕਰਨੀਆਂ ਚਾਹੀਦੀਆਂ ਹਨ। ਸਮਾਜ ਵਿੱਚ ਫੈਲੇ ਪਾਖੰਡਾਂ ਨੂੰ ਦੂਰ ਕਰਨਾ ਚਾਹੀਦਾ ਹੈ। ਮਨੁੱਖ ਲਈ ਸੁਚੱਜਾ ਚੱਜ-ਆਚਾਰ ਨਿਸ਼ਚਿਤ ਕਰਨਾ ਜ਼ਰੂਰੀ ਹੈ। ਫੇਰ ਹੀ ਸਦਾਚਾਰਿਕ ਕੀਮਤਾਂ ਦੀ ਪੂਰਤੀ ਹੋ ਸਕਦੀ ਹੈ। ਸ਼੍ਰੀ ਗੁਰ ਨਾਨਕ ਪ੍ਰਕਾਸ਼ ਮਨੁੱਖ ਨੂੰ ਤਮੋ-ਗੁਣ, ਰਜੋ ਗੁਣ ਨੂੰ ਤਿਆਗ ਕੇ ਸਤੋ-ਗੁਣ ਅਪਣਾਉਣ ਲਈ ਦਿਸ਼ਾ ਸੂਚਕਤਾ ਪ੍ਰਦਾਨ ਕਰਦਾ ਹੈ। ਮਨੁੱਖ ਨੂੰ ਮਿੱਠੇ ਬਚਨ ਬੋਲਣੇ ਚਾਹੀਦੇ ਹਨ ਤਾਂ ਕਿ ਸਤੋ ਗੁਣ ਦੇ ਫੁੱਲ ਰੂਪੀ ਅਮਲ 'ਚ ਪੈ ਕੇ ਗਿਆਨਵਾਨ ਪੁਰਸ਼ਾਂ ਵਾਂਗ ਫਲ਼ ਪ੍ਰਾਪਤ ਕੀਤਾ ਜਾ ਸਕੇ। ਇਸ ਲਈ ਚੰਗੇ ਲੋਕਾਂ ਦੀ ਸੰਗਤ ਕਰਨੀ ਚਾਹੀਦੀ ਹੈ।

> ਗਯਾਨੀ ਹੈ ਫਲ ਕੇਰ ਸਮਾਨਾ। ਬੀਜ ਰੂਪ ਤਹਿਂ ਪ੍ਰਭੂ ਮਿਲਾਨਾ।
> ਅਪਰ ਸਥਾਨ ਸੁ ਪਾਵਤਿ ਨਾਂਹੀ। ਬਸਹਿਂ ਸਦਾ ਸਤਿਸੰਗਤਿ ਮਾਂਹੀ।[87]

ਸਦਾਚਾਰ ਨੀਤੀ ਵਿੱਚ ਨੇਕੀ ਦਾ ਕਰਤੱਵ ਅਦਾ ਕਰਨਾ ਹੁੰਦਾ ਹੈ। ਨੇਕੀਆਂ ਮਨੁੱਖੀ ਆਚਰਨ ਦੀਆਂ ਉੱਤਮਤਾਵਾਂ ਹਨ। ਜਿਹੜੀਆਂ ਮਨੁੱਖ ਨੂੰ ਆਪਣੇ ਜੀਵਨ ਵਿਚ ਸਮੋਣੀਆਂ ਚਾਹੀਦੀਆਂ ਹਨ। ਨੇਕੀ ਤੋਂ ਬਿਨਾਂ ਮਨੁੱਖ ਦਾ ਆਚਰਨ ਪ੍ਰਣਾਲੀ ਵਿੱਚ ਕੋਈ ਸਥਾਨ ਨਹੀਂ ਹੈ। ਸਦਾਚਾਰਕ ਨੀਤੀ ਸੰਸਾਰ ਦੇ ਸਾਰਿਆਂ ਧਰਮਾਂ ਵਿੱਚ ਨੇਕ ਜੀਵਨ ਬਿਤਾਉਣ ਤੇ ਜ਼ੋਰ ਦਿੰਦਾ ਹੈ।

> ਨੈਤਿਕਤਾ ਵਿੱਚ ਬੁੱਧੀ, ਸਚਿਆਈ, ਪਰਹੇਜ਼, ਨਿਆਂ, ਹੌਸਲਾ, ਨਿਮਰਤਾ, ਸੰਤੋਖ ਤੇ ਪਿਆਰ ਜਿਹੇ ਸਦਗੁਣ ਮੁੱਖ ਸਥਾਨ ਰੱਖਦੇ ਹਨ।[88]

ਮਨੁੱਖੀ ਕੀਮਤਾਂ ਦੇ ਪ੍ਰਸੰਗ ਵਿਚ ਭਾਰਤੀ ਤੇ ਪੱਛਮੀ ਗਿਆਨ-ਵਿਗਿਆਨ ਸੰਬੰਧੀ ਜੋ ਚਿੰਤਨ ਕੀਤਾ ਗਿਆ ਹੈ, ਉਸ ਅਨੁਸਾਰ ਕੀਮਤਾਂ ਦੀ ਵਿਉਂਤ ਬਲਵਾਨ ਤੇ ਨਿਰਬਲ, ਮੁੱਢਲੀਆਂ ਤੇ ਉੱਚੇਰੀਆਂ ਸਭਨਾਂ ਕੀਮਤਾਂ ਨੂੰ ਲੜੀ ਵਿੱਚ ਪਰੋਂਦੀ ਹੈ। ਬਲਵਾਨ ਅਤੇ ਉੱਚੇਰੀਆਂ ਕੀਮਤਾਂ ਦੇ ਆਧਾਰ ਨੂੰ ਮੁੱਖ ਰੱਖ ਕੇ ਕੀਮਤਾਂ ਨੂੰ ਪੰਜ ਵਰਗਾਂ ਵਿੱਚ ਵੰਡਿਆ ਜਾ ਸਕਦਾ ਹੈ:-

1. ਪਦਾਰਥਕ ਕੀਮਤਾਂ - ਆਰਥਿਕ ਖੁਸ਼ਹਾਲੀ, ਸਿਹਤ, ਨਰੋਈ ਜੀਵਨ-ਜਾਚ।
2. ਬੌਧਿਕ ਕੀਮਤਾਂ-ਗਿਆਨ ਵਿਗਿਆਨ, ਵਿਸ਼ਵ ਦੀ ਸਚਾਈ।
3. ਸੁਹਜਾਤਮਿਕ ਕੀਮਤਾਂ-ਸੁੰਦਰਤਾ, ਕਲਾ ਦੀ ਪ੍ਰਸੰਸਾ ਤੇ ਪ੍ਰੀਤ।
4. ਨੈਤਿਕ ਕੀਮਤਾਂ- ਮਾਨਵਵਾਦ, ਅਮਨ, ਨੇਕੀ, ਸਰਬੱਤ ਦਾ ਭਲਾ।
5. ਆਤਮਿਕ ਕੀਮਤਾਂ- ਪ੍ਰੇਮ ਭਾਵ, ਵਿਸ਼ਵਭਾਵੀ ਦ੍ਰਿਸ਼ਟੀ, ਰਹੱਸਮਈ ਅਨੁਭਵ, ਅਨੰਦ, ਅਭੇਦਤਾ।[89]

ਇਸ ਸਦਾਚਾਰਿਕ ਪ੍ਰਣਾਲੀ ਵਿੱਚ ਧਰਮ ਨੈਤਿਕਤਾ ਤੇ ਜੀਵਨ ਦੇ ਹੋਰਨਾਂ ਪੱਖਾਂ ਵਿਚਕਾਰ ਸੁਖਾਵਾਂ ਸੁਮੇਲ ਪ੍ਰਾਪਤ ਹੁੰਦਾ ਹੈ। ਡਾ. ਮਨਮੋਹਨ ਨੇ ਵਿਅਕਤੀਗਤ ਤੇ ਸਮਾਜਕ, ਸਭਿਆਚਾਰਿਕ ਸਦਾਚਾਰ ਸਬੰਧੀ ਸਿੱਖਿਆਵਾਂ ਤੋਂ ਛੁੱਟ ਸਿੱਖ ਧਰਮ ਵਿੱਚ ਸਮੁੱਚੇ ਤੌਰ ਤੇ ਸਦ-ਆਚਾਰ ਅਤੇ ਦੁਰ-ਆਚਾਰ ਗੁਣ ਅਤੇ ਅਉਗੁਣ, ਸਦ-ਗੁਣ ਦੁਰ-ਗੁਣ ਆਦਿ ਸਬੰਧੀ ਲਿਖਿਆ ਹੈ।

> ਸੱਚ-ਆਚਾਰ, ਨਿਮਰਤਾ ਤੇ ਮਿੱਠਾ ਬੋਲਣ, ਉੱਦਮ, ਸੇਵਾ, ਸੁਕਿਰਤ, ਸਰਬ-ਸੰਤੋਖ, ਸੰਜਮ, ਸਹਿਨਸ਼ੀਲਤਾ, ਖਿਮਾ- ਦਇਆ-ਦਾਨ, ਪਰਉਪਕਾਰ, ਸਮਬੁੱਧੀ-ਸਮਦ੍ਰਿਸ਼ਟੀ, ਨਿਰਭੈਤਾ-ਨਿਡਰਤਾ, ਨਿਰਵੈਰਤਾ, ਨਿਰਲੇਪਤਾ, ਨਿਆਂਸ਼ੀਲਤਾ।[90]

ਸ੍ਰੀ ਗੁਰੂ ਨਾਨਕ ਦੇਵ ਨੇ ਉਦਾਸੀਆਂ ਦੇ ਰੂਪ ਵਿੱਚ ਲੰਮਾ ਭਰਮਣ ਕੀਤਾ। ਆਦਰਸ਼ ਜਾਂ ਸਚਿਆਰਾ ਮਨੁੱਖ ਪੈਦਾ ਕਰਨ ਲਈ ਗੁਰੂ ਜੀ ਨੇ ਮਨੁੱਖ ਮਾਤਰ ਨੂੰ ਗੁਰਬਾਣੀ ਰਾਹੀਂ ਉਪਦੇਸ਼ ਦਿੱਤਾ ਅਤੇ ਅਮਲ ਕਰਨ ਭਾਵ ਵਿਵਹਾਰਕ ਰੂਪ ਵਿੱਚ ਚੰਗੇ ਕਰਮ ਕਰਨ ਤੇ ਜ਼ੋਰ ਦਿੱਤਾ।

ਗੁਰੂ ਸਾਹਿਬ ਕਹਿੰਦੇ ਹਨ ਕਿ ਜੋ ਪਰਮਾਤਮਾ ਦਾ ਨਾਮ ਧਿਆਉਂਦੇ ਹਨ। ਉਨ੍ਹਾਂ ਦੇ ਮੁੱਖ ਉੱਜਲੇ ਹੁੰਦੇ ਹਨ ਤੇ ਦਰਗਾਹ ਵਿੱਚ ਮਾਨ ਪ੍ਰਾਪਤ ਕਰਦੇ ਹਨ। ਨਾਮ ਦੀ ਕਮਾਈ ਤੇ ਚੰਗੇ ਕਰਮ ਕਰਨ ਲਈ ਗੁਰੂ ਜੀ ਨੇ ਸੰਗਤ ਦੀ ਸਥਾਪਨਾ ਕੀਤੀ ਹੈ। ਦਸਵੇਂ ਗੁਰੂ ਜੀ ਨੇ ਖਾਲਸਾ ਪੰਥ ਸਥਾਪਿਤ ਕਰਕੇ, ਜਾਤਾਂ, ਜਨਮ-ਕੁੱਲ ਕਰਮ, ਧਰਮ ਤੋਂ ਉਚੇਰਾ ਮਨੁੱਖ ਸਥਾਪਿਤ ਕੀਤਾ।

ਜੋ ਕਦਰਾਂ-ਕੀਮਤਾਂ ਗੁਰੂਆਂ ਨੇ ਸਥਾਪਿਤ ਕੀਤੀਆਂ ਸਨ। ਸਮਾਜ ਉਨ੍ਹਾਂ ਕਦਰਾਂ-ਕੀਮਤਾਂ ਤੋਂ ਵਾਂਝਾ ਹੋ ਰਿਹਾ ਹੈ। ਮਨੁੱਖ ਕੁਰੀਤੀਆਂ ਵਿੱਚ ਰੁਚਿਤ ਹੋ ਕੇ ਗੁਰੂ ਉਪਦੇਸ਼ ਤੋਂ ਮੂੰਹ ਮੋੜ ਰਿਹਾ ਹੈ। ਨਸ਼ਾ, ਭਰੂਣ ਹੱਤਿਆ ਅਤੇ ਇਸਤਰੀ ਬਰਾਬਰਤਾ ਦੀ ਸਮਾਜਿਕ ਅਣਹੋਂਦ ਰੜਕਦੀ ਹੈ। ਇਸ ਸੰਬੰਧ ਵਿੱਚ ਡਾ. ਗੁਰਨੇਕ ਸਿੰਘ ਲਿਖਦੇ ਹਨ

> ਨਸ਼ਾ ਮੁੱਖ ਸਮਾਜਿਕ ਕੁਰੀਤੀ ਹੈ, ਦੂਜੀ ਵੱਡੀ ਸਮਾਜਿਕ ਕੁਰੀਤੀ ਜੋ ਅੱਜ ਕੱਲ੍ਹ ਜ਼ਿਆਦਾ ਪ੍ਰਚਲਿਤ ਹੈ ਉਹ ਭਰੂਣ ਹੱਤਿਆ ਜਾਂ ਬੀਬੀਆਂ ਦਾ ਸਤਿਕਾਰ ਨਾ ਹੋਣਾ। ਮਨੁੱਖ ਪ੍ਰਧਾਨ ਸਮਾਜ ਹੋਣ ਕਰਕੇ ਇਸਤਰੀ ਨੂੰ ਮਾਂ, ਭੈਣ, ਪਤਨੀ ਅਤੇ ਬੇਟੀ ਦੇ ਰੂਪ ਵਿੱਚ ਪੂਰਾ ਸਤਿਕਾਰ ਨਹੀਂ ਦਿੱਤਾ ਜਾ ਰਿਹਾ ਹੈ।[91]

ਸ੍ਰੀ ਗੁਰ ਨਾਨਕ ਪ੍ਰਕਾਸ਼ ਵਿੱਚ, ਮਾਨਵ-ਜੀਵਨ ਯਾਤਰਾ ਲਈ ਕਿਰਤ ਕਰਨ, ਵੰਡ ਛਕਣ ਅਤੇ ਪ੍ਰਭੂ ਸਿਮਰਨ ਨੂੰ ਇੱਕ ਦੂਜੇ ਦੇ ਪੂਰਕ ਮੰਨਿਆ ਗਿਆ ਹੈ। ਇਸ ਲਈ ਸ੍ਰੇਸਟ ਸਦਾਚਾਰਿਕ ਗੁਣਾਂ ਤੋਂ ਬਿਨਾਂ ਭਗਤੀ ਸੰਪੂਰਨ ਹੋ ਹੀ ਨਹੀਂ ਸਕਦੀ।

> ਸਦਾਚਾਰ ਸ਼ਾਸਤਰ ਦੇ ਪ੍ਰਸੰਗ ਵਿੱਚ ਪੂਰਬ ਨਾਨਕ ਕਾਲ ਵਿੱਚ ਦੋ ਧਾਰਨਾਵਾ ਪ੍ਰਚਲਿਤ ਮੰਨੀਆਂ ਗਈਆਂ ਹਨ। ਇੱਕ ਧਾਰਾ ਦੀ ਵਾਂਗ ਡੋਰ ਅਜਿਹੇ ਅਧਿਆਤਮਵਾਦੀਆਂ ਦੇ ਹੱਥ ਵਿੱਚ ਸੀ ਜੋ ਜਪ, ਤਪ, ਨੇਮ, ਸੱਚ, ਸੰਜਮ ਆਦਿ ਨੂੰ ਸਦਾਚਾਰਿਕ ਗੁਣਾਂ ਨਾਲੋਂ ਵੱਧ ਪਹਿਲ ਦਿੰਦੇ ਸਨ ਅਤੇ ਆਤਮ ਕਲਿਆਣ ਲਈ ਕੇਵਲ ਪ੍ਰਭੂ ਭਗਤੀ ਨੂੰ ਹੀ ਅੰਤਮ ਸਾਧਨ ਮੰਨਦੇ ਸਨ। ਦੂਜਾ ਜੋਗੀ, ਸੰਨਿਆਸੀ, ਤਪੀਸਰ ਆਦਿ ਪਰਿਵਾਰ ਛੱਡ ਕੇ ਪ੍ਰਭੂ-ਪੂਜਾ ਉਪਾਸਨਾ ਵਿੱਚ ਸਮਾਂ ਬਿਤਾਉਣ ਨੂੰ ਆਪਣਾ ਪਰਮ ਧਰਮ ਸਮਝਦੇ ਹਨ। ਇਨ੍ਹਾਂ ਅੰਦਰ ਸਮਾਜਿਕ, ਪਰਿਵਾਰਿਕ ਫਰਜ਼ਾਂ ਦੀ ਪੂਰਤੀ ਲਈ ਮਾਨਸਿਕਤਾ ਮਨਫ਼ੀ ਸੀ।[92]

ਸਦਾਚਾਰਿਕ ਗੁਣਾਂ ਨੂੰ ਇਕ ਦੂਜੇ ਦੇ ਪੂਰਕ ਮੰਨਿਆ ਗਿਆ ਹੈ। ਸਦਾਚਾਰਿਕ ਗੁਣਾਂ ਤੋਂ ਵਗੈਰ, ਮਨੁੱਖ ਸਮਾਜ ਨਾਲ ਸਹੀ ਰਿਸ਼ਤਾ ਨਹੀਂ ਬਣਾ ਸਕਦਾ ਅਤੇ ਉਸਦੀ ਭਗਤੀ ਵੀ ਪ੍ਰਵਾਨ ਨਹੀਂ ਚੜ ਸਕਦੀ।

> ਸਿਮਰਨ ਨਾਮ ਭਗਤਿ ਬਿਸਤਾਰਹਿ। ਦੰਭ ਕੁਕਰਮ ਸਰਬ ਨਿਰਵਾਰਹਿ।
> ਅਸ ਮਨ ਜਾਨਿ ਨਾਮ ਨਿਜ ਧਾਰਿਕੈ। ਸੁਜਸ ਬਿਥਾਰਤਿ ਬਚਨ ਉਚਾਰਿਕੇ।[93]

ਨਾਮ, ਦਾਨ, ਇਸ਼ਨਾਨ, ਨਿਮਰਤਾ ਤੇ ਪੂਜਾ ਨੂੰ ਸਦਾਚਾਰਿਕ ਘੇਰੇ ਵਿੱਚ ਰੱਖਿਆ ਗਿਆ ਹੈ। ਮਾਸ ਪਕਾਉਣ ਨੂੰ ਵੱਡਾ ਕੁਕਰਮ ਤੇ ਗ਼ੈਰ ਸਦਾਚਾਰਿਕ ਮੰਨਿਆ ਗਿਆ ਹੈ। ਪਰਾਈ ਇਸਤਰੀ ਵੱਲ ਦੇਖਣਾ, ਵਿਸ਼ੇ ਵਾਸ਼ਨਾ ਵਾਲੇ ਕੰਮ ਕਰਨ ਵੱਲ ਉਹੀ ਲੋਕ ਉਲਾਰ ਹੁੰਦੇ ਹਨ, ਜਿਨ੍ਹਾਂ ਕੋਲ ਉੱਤਮ ਕਿਸਮ ਦੀ ਬੁੱਧੀ ਭਾਵ ਸਦਾਚਾਰਿਕ ਗੁਣ ਨਹੀਂ ਹੁੰਦੇ। ਉਹ ਅਗਿਆਨੀ ਪੁਰਸ਼ ਪਾਪ ਕਮਾਉਂਦੇ ਹਨ ਅਤੇ ਹੰਕਾਰ ਨਾਲ ਭਰੇ ਰਹਿੰਦੇ ਹਨ। ਅਜਿਹੇ ਲੋਕ ਜੀਭ ਦੇ ਸਵਾਦਾਂ ਵਿੱਚ ਲੱਗੇ ਰਹਿੰਦੇ ਹਨ। ਅੰਦਰੋਂ ਤੇ ਬਾਹਰੋਂ ਜੀਵਨ ਦਾ ਸੁਮੇਲ ਨਾ ਹੋਣ ਕਰਕੇ ਸੰਸਾਰ ਦੇ ਆਵਾਗਮਨ ਦੇ ਚੱਕਰ ਵਿੱਚ ਫਸੇ ਰਹਿੰਦੇ ਹਨ। ਉਹ ਜੀਵਨ ਦੇ ਸਦਾਚਾਰ ਤੋਂ ਟੁੱਟ ਜਾਂਦੇ ਹਨ।

> ਅੰਤਰ ਮਨ ਚਾਹਿਤ ਰਸ ਖਾਵਨ। ਵਹਿਰ ਤਜਹਿਂ ਹਿਤ ਲੋਕ ਦਿਖਾਵਨਿ।
> ਸੇ ਮਰ ਜਨਮਹਿਂ ਜਗ ਕੇ ਮਾਂਹੀ। ਕਬਹੁਂ ਹੋਤਿ ਛੁਟਕਾਰਾ ਨਾਂਹੀ।[94]

ਮਨੁੱਖ ਦੇ ਸਦਾਚਾਰਿਕ ਗੁਣ ਉਸਦੇ ਆਤਮਿਕ ਵਿਕਾਸ ਦਾ ਆਧਾਰ ਹੁੰਦੇ ਹਨ। ਸਦਾਚਾਰਿਕ ਗੁਣਾਂ ਬਗੈਰ ਆਤਮਿਕ ਸ਼ਾਂਤੀ ਸੰਭਵ ਨਹੀਂ। ਧਾਰਮਿਕ ਸਿਧਾਂਤ ਮਨੁੱਖ ਨੂੰ ਸਦਾਚਾਰੀ ਬਣਨ ਲਈ ਪ੍ਰੇਰਦੇ ਹਨ। ਪਿਆਰਾ ਸਿੰਘ ਪਦਮ ਨੇ

> ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਉਪਲੱਬਧ 40 ਸਦਾਚਾਰੀ ਅਤੇ ਦੁਰਾਚਾਰੀ ਗੁਣਾਂ ਤੇ ਅਉਗੁਣਾਂ ਦੀ ਨਿਸ਼ਾਨਦੇਹੀ ਕੀਤੀ ਹੈ। ਇਨ੍ਹਾਂ ਨੂੰ ਉਨ੍ਹਾਂ ਨੇ ਤਿੰਨ ਰੂਪਾਂ ਵਿੱਚ ਵੰਡਿਆ ਹੈ। 1. ਧਾਰਮਿਕ ਸਦਾਚਾਰ 2. ਵਿਅਕਤੀਗਤ ਸਦਾਚਾਰ 3. ਵਿਅਕਤੀਗਤ ਸਮਾਜਿਕ ਸਦਾਚਾਰ। ਇਹ ਤਿੰਨੇ ਰੂਪ ਸਦਾਚਾਰ ਸ਼ਾਸਤਰ ਦੇ ਘੇਰੇ ਵਿੱਚ ਆਉਂਦੇ ਹਨ।[95]

ਸਦਾਚਾਰਿਕ ਗੁਣਾਂ ਦੀ ਘਾਟ ਕਾਰਨ ਮਨੁੱਖ ਅਗਿਆਨ ਦੇ ਹਨੇਰੇ ਵਿੱਚ ਫਸ ਜਾਂਦਾ ਹੈ। ਮਨੁੱਖ ਸੰਸਾਰਿਕ ਜ਼ੰਜਾਲਾਂ ਵਿੱਚ ਬੁਰੀ ਤਰ੍ਹਾਂ ਉਲਝ ਜਾਂਦਾ ਹੈ। ਮਨੁੱਖ ਨੂੰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੇ ਚੱਕਰ ਘੇਰੀ ਰੱਖਦੇ ਹਨ। ਜਿਸ ਕਾਰਨ ਮਨੁੱਖ ਲਾਲਚ ਦੇ ਵਹਾਉ ਵਿੱਚ ਜਕੜਿਆ ਜਾਂਦਾ ਹੈ। ਮਨੁੱਖ ਚੰਗੀ ਸੰਗਤ ਦੀ ਥਾਂ ਬੁਰੀ ਸੰਗਤ ਵਿੱਚ ਪੈ ਕੇ ਆਪਣਾ ਜੀਵਨ ਨਸ਼ਟ ਕਰ ਲੈਂਦਾ ਹੈ। ਫਿਰ ਮਨੁੱਖ ਦੀ ਬੁੱਧੀ ਪਲੀਤ ਹੋਣ ਲੱਗਦੀ ਹੈ। ਉਹ ਨੀਂਚ ਕਰਮ ਕਰਨ ਦਾ ਆਦੀ ਹੋ ਜਾਂਦਾ ਹੈ।

> ਕਾਮ ਕਰੋਧ ਲੋਭ ਅਹੰਕਾਰਾ। ਇਨ ਮਹਿਂ ਵਰਤਯਾ ਮੋਹ ਗੁਬਾਰਾ।
> ਬਾਸਰੁ ਮੈਂ ਧੀਰ ਦੰਭ ਅਨੇਕਾ। ਬਾਤ ਬਨਾਇਂ ਸੁਨਾਇ ਬਿਬੇਕਾ।[96]

ਸਾਰੇ ਯੁੱਗਾਂ ਵਿੱਚੋਂ ਕਲਜੁਗ ਨੂੰ ਬੁਰਾ ਯੁੱਗ ਆਖਿਆ ਗਿਆ ਹੈ। ਇਸ ਯੁੱਗ ਵਿੱਚ ਕੋਈ ਹੀ ਆਚਰਣ ਭਾਵ ਸਦਾਚਾਰ ਦਾ ਪੂਰਾ ਹੋਵੇਗਾ। ਕੋਈ ਜਤ, ਸਤ, ਤਪ ਵਿੱਚ ਪੂਰਾ ਨਹੀਂ ਉੱਤਰ ਸਕੇਗਾ। ਜਿਹੜਾ ਵੀ ਕੋਈ ਨਾਮ-ਸਿਮਰਨ ਕਰੇਗਾ, ਲੋਕ ਉਸ ਨੂੰ ਕੁਰਾਹੀਆ ਕਹਿਣਗੇ। ਸਤਿਯੁੱਗ ਵਿੱਚ ਕੋਈ ਟਾਵਾਂ-ਟਾਵਾਂ ਹੀ ਪਾਪ ਕਰਦਾ ਸੀ। ਸਤਿਯੁੱਗ, ਤ੍ਰੇਤਾ ਅਤੇ ਦੁਆਪੁਰ ਯੁੱਗ ਵਿੱਚ ਪਾਪੀਆਂ ਨੂੰ ਅਲੱਗ-ਅਲੱਗ ਕਿਸਮ ਦੀਆਂ ਸਜਾਵਾਂ ਮਿਲਦੀਆਂ ਸਨ। ਸ੍ਰੀ ਗੁਰੂ ਨਾਨਕ ਪ੍ਰਕਾਸ਼ ਇਹ ਦੱਸਦਾ ਹੈ ਕਿ ਸਤਿਜੁਗ ਵਿੱਚ ਜਦੋਂ ਕੋਈ ਪਾਪ ਕਰਦਾ ਸੀ ਤਾਂ ਸਾਰੇ ਦੇਸ਼ ਨੂੰ (ਉਸਦੀ) ਸਜ਼ਾ ਭੁਗਤਣੀ ਪੈਂਦੀ ਸੀ। ਤ੍ਰੇਤੇ ਯੁੱਗ ਵਿੱਚ ਸਾਰਾ ਸ਼ਹਿਰ ਸਜ਼ਾ ਦਾ ਭਾਗੀਦਾਰ ਹੁੰਦਾ ਸੀ। ਦੁਆਪੁਰ ਯੁੱਗ ਵਿੱਚ ਖਾਨਦਾਨ ਅਧਰਮੀ ਕਹਾਉਂਦਾ ਸੀ। ਕਲਜੁਗ ਵਿੱਚ ਜਿਹੜਾ ਪਾਪ ਕਰਦਾ ਹੈ, ਉਸੇ ਨੂੰ ਹੀ ਪਾਪ ਭੁਗਤਣਾ ਪੈਂਦਾ ਹੈ। ਫਿਰ ਜਿਸ ਉਪਰ ਗੁਰੂ ਜੀ ਦੀ ਮਿਹਰ ਹੋ ਜਾਂਦੀ ਹੈ, ਗੁਰੂ ਉਸਨੂੰ ਨਾਮ-ਦਾਨ ਬਖ਼ਸ਼ ਕੇ ਉਸਦੀ ਮੁਕਤੀ ਕਰ ਦਿੰਦੇ ਹਨ।

ਸਤਿ ਜੁਗ ਪਾਪੀ ਏਕ ਤੇ ਦੇਸ਼ ਮਾਰਿਯੇ ਸੋਇ।
ਤ੍ਰੇਤੇ ਨਗਰੀ ਪੀੜੀਯੇ, ਦ੍ਵਾਪੁਰ ਕੁਲ ਅਘ ਹੋਇ।

ਕਲਿਜੁਗ ਪਾਪ ਕਰੈ ਸੋ ਪਾਵਤਿ। ਪੁਨ ਸਤਿਗੁਰ ਜਿਹਕੋ ਬਖਸ਼ਾਵਤਿ।
ਨਾਮ ਦਾਨ ਦੇ ਕਰੈ ਉਧਾਰਾ। ਇਸ ਬਿਨ ਅਪਰ ਨ ਕੋ ਉਪਚਾਰਾ।[97]

ਸਦਾਚਾਰਿਕ ਗੁਣਾਂ ਨੂੰ ਗ੍ਰਹਿਣ ਕਰਨ ਲਈ ਆਪਣਾ ਜੀਵਨ ਗੁਰੂ ਅੱਗੇ ਸਮਰਪਣ ਕਰਨਾ ਅਤੇ ਪਰਮਾਤਮਾ ਦੀ ਭਗਤੀ ਕਰਨਾ, ਲੋੜਵੰਦਾਂ ਦੀ ਸੇਵਾ ਕਰਨੀ, ਸੱਚੇ-ਸੁੱਚੇ ਲੋਕਾਂ ਦੀ ਸੰਗਤ ਕਰਨੀ ਅਤਿ ਲਾਜ਼ਮੀ ਹੈ। ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥ ਦਾ ਇਹੋ ਉਪਦੇਸ਼ ਅਤੇ ਸੰਦੇਸ਼ ਹੈ। ਇਸ ਲਈ ਚੰਗੀ ਤਰ੍ਹਾਂ ਸਮਝ ਕੇ ਇਸ ਉਪਰ ਅਮਲ ਕਰਨਾ ਵੀ ਉਤਨਾ ਹੀ ਜ਼ਰੂਰੀ ਹੈ। ਕਲਜੁਗ ਵਿੱਚ ਹਰੀ ਕੀਰਤਨ ਸ੍ਰੇਸ਼ਟ ਹੈ। ਇਸਦੇ ਬਰਾਬਰ ਕੋਈ ਹੋਰ ਨਹੀਂ ਹੈ। ਭਾਈ ਸੰਤੋਖ ਸਿੰਘ ਦੀ ਧਾਰਨਾ ਅਨੁਸਾਰ ਮਨੁੱਖ ਨਿਮਰਤਾ ਭਰਪੂਰ, ਸਹਿਣਸ਼ੀਲ, ਸੱਚਾ, ਸ਼ਾਂਤ ਭਾਵ, ਸੰਤੋਖ ਵਾਲਾ, ਖਿਮਾ ਕਰਨ ਵਾਲਾ ਤੇ ਕਿਰਤੀ ਹੋਵੇ। ਮਨੁੱਖਾਂ ਜਨਮ ਅਮੋਲਕ ਹੈ। ਇਸਨੂੰ ਸਦਾਚਾਰਿਕ ਗੁਣਾਂ ਨਾਲ ਹੀ ਪੂਰਨ ਬਣਾਇਆ ਜਾ ਸਕਦਾ ਹੈ।

## **ਹਵਾਲੇ/ਟਿੱਪਣੀਆਂ**

1. ਰਤਨ ਸਿੰਘ ਜੱਗੀ ਡਾ. (ਸੰਪਾ.), **ਸਾਹਿਤ ਕੋਸ਼ ਪਰਿਭਾਸ਼ਿਕ ਸ਼ਬਦਾਵਲੀ**, ਪੰਨਾ 249-50
2. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ**, ਜਿਲਦ ਦੂਜੀ, ਭਾਈ ਵੀਰ ਸਿੰਘ (ਸੰਪਾ.), ਪੰਨਾ 67
3. Enctclpaedia of Sikhism vol 3 ed. Harbans Singh P. 159.
4. ਰਤਨ ਸਿੰਘ ਜੱਗੀ ਡਾ. (ਸੰਪਾ.), **ਸਿੱਖ ਪੰਥ ਵਿਸ਼ਵ ਕੋਸ਼**, ਭਾਗ ਪਹਿਲਾ, ਪੰਨਾ 291
5. ਰਤਨ ਸਿੰਘ ਜੱਗੀ ਡਾ. (ਸੰਪਾ.),**ਸਾਹਿਤ ਕੋਸ਼ ਪਰਿਭਾਸ਼ਿਕ ਸ਼ਬਦਵਾਲੀ**, ਪੰਨਾ 282
6. ਸ਼ੇਰ ਸਿੰਘ (ਡਾ.), **ਗੁਰਮਤਿ ਦਰਸ਼ਨ**, ਪੰਨਾ 301
7. ਕਾਨ੍ਹ ਸਿੰਘ ਨਾਭਾ (ਭਾਈ), **ਮਹਾਨਕੋਸ਼**, ਪੰਨਾ 697
8. ਤਾਰਨ ਸਿੰਘ (ਡਾ.), **ਨੇਮ ਤੇ ਪ੍ਰੇਮ**, ਪੰਨਾ 214
9. ਵੀਰ ਸਿੰਘ (ਭਾਈ), **ਗੁਰਮਤਿ ਨਾਮ**, ਪੰਨਾ 21
10. ਸਰਦੂਲ ਸਿੰਘ ਕਵੀਸ਼ਰ (ਸੰਪਾ.), **ਸਿੱਖ ਧਰਮ ਦਰਸ਼ਨ**, ਪੰਨਾ 254-255
11. ਉਹੀ, ਪੰਨਾ 256
12. ਰਤਨ ਸਿੰਘ ਜੱਗੀ ਡਾ. (ਸੰਪਾ.), **ਸਾਹਿਤ ਕੋਸ਼ ਪਰਿਭਾਸ਼ਿਕ ਸ਼ਬਦਾਵਲੀ**, ਪੰਨਾ 282-283
13. ਸਿਮਰਜੀਤ ਸਿੰਘ (ਸੰਪਾ.), **ਗੁਰਮਤਿ ਪ੍ਰਕਾਸ਼**, ਪੰਨਾ 25
14. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ**, ਜਿਲਦ ਦਸਵੀਂ, ਭਾਈ ਵੀਰ ਸਿੰਘ (ਸੰਪਾ.), ਪੰਨਾ 4100
15. ਉਹੀ, ਪੰਨਾ 4100
16. ਉਹੀ, ਜਿਲਦ ਚੌਥੀ, ਪੰਨਾ 841
17. ਉਹੀ, ਜਿਲਦ ਦੂਜੀ, ਪੰਨਾ 67
18. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ**, ਜਿਲਦ ਦੂਜੀ, ਭਾਈ ਵੀਰ ਸਿੰਘ (ਸੰਪਾ.), ਪੰਨਾ 84
19. ਸੰਤੋਖ ਸਿੰਘ (ਭਾਈ), **ਗਰਬ ਗੰਜਨੀ ਟੀਕਾ**, ਪੰਨਾ 22
20. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ**, ਜਿਲਦ ਦੂਜੀ, ਭਾਈ ਵੀਰ ਸਿੰਘ (ਸੰਪਾ.), ਪੰਨਾ 72
21. ਉਹੀ, ਪੰਨਾ 72
22. ਉਹੀ, ਜਿਲਦ ਚੌਥੀ, ਪੰਨਾ 778
23. ਉਹੀ, ਜਿਲਦ ਦੂਜੀ, ਪੰਨਾ 68
24. **ਸ੍ਰੀ ਗੁਰੂ ਗ੍ਰੰਥ ਸਾਹਿਬ**, ਮਹਲਾ 1, ਪੰਨਾ 4
25. ਉਹੀ
26. ਉਹੀ, ਪੰਨਾ 7
27. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ**, ਜਿਲਦ ਚੌਥੀ, ਭਾਈ ਵੀਰ ਸਿੰਘ (ਸੰਪਾ.), ਪੰਨਾ 1081
28. ਉਹੀ, ਜਿਲਦ ਤੀਜੀ, ਪੰਨਾ 518
29. ਉਹੀ, ਪੰਨਾ 520
30. ਉਹੀ, ਜਿਲਦ ਚੌਥੀ, ਪੰਨਾ 1045
31. ਕਾਨ੍ਹ ਸਿੰਘ ਨਾਭਾ (ਭਾਈ), **ਮਹਾਨ ਕੋਸ਼**, ਪੰਨਾ 228
32. **ਪੰਜਾਬੀ ਸ਼ਬਦ ਕੋਸ਼**, ਪੰਨਾ 217
33. ਗੁਰਨਾਮ ਕੌਰ (ਸੰਪਾ.), **ਸਿੱਖ ਚਿੰਤਨ ਅਨੁਸਾਰ ਸੇਵਾ ਦਾ ਸੰਕਲਪ**, ਪੰਨਾ 2

34. ਪ੍ਰੇਮ ਪ੍ਰਕਾਸ਼ (ਡਾ.), **ਗੁਰੂ ਨਾਨਕ ਤੇ ਨਿਰਗੁਣ ਧਾਰਾ**, ਪੰਨਾ 255
35. ਬਲਕਾਰ ਸਿੰਘ (ਡਾ.), (ਸੰਪਾ.), **ਸੇਵਾ ਦਾ ਸਿੱਖ ਸੰਕਲਪ**, ਪੰਨਾ 50
36. ਗੁਰਨਾਮ ਕੌਰ (ਸੰਪਾ.), **ਸਿੱਖ ਚਿੰਤਨ ਅਨੁਸਾਰ ਸੇਵਾ ਦਾ ਸੰਕਲਪ**, ਪੰਨਾ 29
37. ਬਲਕਾਰ ਸਿੰਘ (ਡਾ.) (ਸੰਪਾ.), **ਸੇਵਾ ਦਾ ਸਿੱਖ ਸੰਕਲਪ**, ਪੰਨਾ 164-165
38. ਉਹੀ, ਪੰਨਾ 67
39. ਪ੍ਰਤਾਪ ਸਿੰਘ (ਗਿਆਨੀ), **ਸਿੱਖ ਫਿਲਾਸਫ਼ੀ**, ਪੰਨਾ 100
40. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ**, ਜਿਲਦ ਚੌਥੀ, ਭਾਈ ਵੀਰ ਸਿੰਘ (ਸੰਪਾ.), ਪੰਨਾ 1161-62
41. **ਸ੍ਰੀ ਗੁਰੂ ਗ੍ਰੰਥ ਸਾਹਿਬ,** ਮਹਲਾ 1, ਪੰਨਾ 26
42. ਉਹੀ, ਪੰਨਾ 286
43. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰ ਨਾਨਕ ਪ੍ਰਕਾਸ਼ ਉਤਰਾਰਧ** (ਭਾਗ ਦੂਜਾ), ਕਿਰਪਾਲ ਸਿੰਘ, ਡਾ. (ਸੰਪਾ.), ਪੰਨਾ 56
44. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ**, ਜਿਲਦ ਚੌਥੀ, ਭਾਈ ਵੀਰ ਸਿੰਘ (ਸੰਪਾ.), ਪੰਨਾ 1145
45. ਉਹੀ, ਜਿਲਦ ਪੰਜਵੀਂ, ਪੰਨਾ 1565
46. ਉਹੀ, ਜਿਲਦ ਚੌਥੀ, ਪੰਨਾ 1009
47. Taran Singh (ed.) **The Teachings of Guru Nanak**, P. No. 100
48. ਸੰਤੋਖ ਸਿੰਘ (ਭਾਈ), **ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ**, (ਜਿਲਦ ਪੰਜਵੀਂ), ਭਾਈ ਵੀਰ ਸਿੰਘ (ਸੰਪਾ.), ਪੰਨਾ 1378
49. ਉਹੀ, ਪੰਨਾ 1656-57
50. ਉਹੀ, ਜਿਲਦ ਚੌਥੀ, ਪੰਨਾ 1010, 1011
51. ਉਹੀ, ਪੰਨਾ 1013
52. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰ ਨਾਨਕ ਪ੍ਰਕਾਸ਼,** ਉਤਰਾਰਧ (ਭਾਗ ਦੂਜਾ), ਕਿਰਪਾਲ ਸਿੰਘ, ਡਾ. (ਸੰਪਾ.), ਪੰਨਾ 507
53. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ**, ਜਿਲਦ ਚੌਥੀ, ਭਾਈ ਵੀਰ ਸਿੰਘ (ਸੰਪਾ.), ਪੰਨਾ 1163
54. ਕਾਨ੍ਹ ਸਿੰਘ ਨਾਭਾ (ਭਾਈ), **ਮਹਾਨ ਕੋਸ਼**, ਪੰਨਾ 240
55. ਬਲਕਾਰ ਸਿੰਘ (ਡਾ.) ਸੰਪਾ., **ਸਿੱਖ ਧਰਮ ਵਿੱਚ ਸੰਗਤ ਦਾ ਪਰਤ ਪ੍ਰਸੰਗ**, ਪੰਨਾ 1
56. Kohli S.S., **Outlines of the Sikh Thought**, P. 99
57. ਕਾਨ੍ਹ ਸਿੰਘ ਨਾਭਾ (ਭਾਈ), **ਮਹਾਨ ਕੋਸ਼**, ਪੰਨਾ 146
58. Kohli S.S., **A Critical Study of Adi Granth**, P 50
59. Ganda Singh (ed.), **Punjabi Past and Present,** Vol. III, P. 414
60. **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ 1369, ਸਲੋਕ ਭਗਤ ਕਬੀਰ ਜੀਉ ਕੇ
61. **ਸ੍ਰੀ ਗੁਰੂ ਗ੍ਰੰਥ ਸਾਹਿਬ**, ਮਹਲਾ 1, ਪੰਨਾ 72
62. ਸੰਤੋਖ ਸਿੰਘ (ਭਾਈ), **ਗਰਬ ਗੰਜਨੀ ਟੀਕਾ**, ਪੰਨਾ 180
63. ਅਮਰ ਸਿੰਘ 'ਚਾਕਰ' ਸ. (ਸੰਪਾ.) **ਵਾਰਾਂ ਭਾਈ ਗੁਰਦਾਸ ਜੀ**, ਪਉੜੀ ਦੂਜੀ, ਪੰਨਾ 62
64. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,** ਜਿਲਦ ਚੌਥੀ, ਭਾਈ ਵੀਰ ਸਿੰਘ (ਸੰਪਾ.), ਪੰਨਾ 963
65. ਜੋਧ ਸਿੰਘ (ਭਾਈ) (ਡਾ.), **ਗੁਰਮਤਿ ਨਿਰਣਯ**, ਪੰਨਾ 146
66. **ਸ੍ਰੀ ਗੁਰੂ ਗ੍ਰੰਥ ਸਾਹਿਬ**, ਮਹਲਾ 5, ਪੰਨਾ 625

67. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ**, ਜਿਲਦ ਤੀਜੀ, ਭਾਈ ਵੀਰ ਸਿੰਘ (ਸੰਪਾ.), ਪੰਨਾ 758
68. ਉਹੀ, ਜਿਲਦ ਦੂਜੀ, ਪੰਨਾ 128
69. ਉਹੀ, ਜਿਲਦ ਚੌਥੀ, ਪੰਨਾ 1194
70. ਸੰਤੋਖ ਸਿੰਘ (ਭਾਈ), **ਗਰਬ ਗੰਜਨੀ ਟੀਕਾ**, ਮਿਤੀਹੀਨ, ਪੰਨਾ 178
71. ਉਹੀ, ਪੰਨਾ 153
72. ਸੁਰਿੰਦਰ ਸਿੰਘ ਕੋਹਲੀ, **ਗੁਰਮਤਿ ਮਾਰਗ**, ਪੰਨਾ 120
73. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,** ਜਿਲਦ ਤੇਰਵੀਂ, ਭਾਈ ਵੀਰ ਸਿੰਘ (ਸੰਪਾ.), ਪੰਨਾ 5463
74. ਉਹੀ, ਜਿਲਦ ਤੀਜੀ, ਪੰਨਾ 595
75. **ਸ੍ਰੀ ਗੁਰੂ ਗ੍ਰੰਥ ਸਾਹਿਬ**, ਮਹਲਾ 4, ਪੰਨਾ 1309
76. ਸੰਤੋਖ ਸਿੰਘ (ਭਾਈ), **ਸੂਰਜ ਪ੍ਰਕਾਸ਼ ਗ੍ਰੰਥ**, ਜਿਲਦ ਸੱਤਵੀਂ, ਪੰਨਾ 2678
77. ਉਹੀ, ਜਿਲਦ ਤੀਜੀ, ਪੰਨਾ 767
78. **ਸ੍ਰੀ ਗੁਰੂ ਗ੍ਰੰਥ ਸਾਹਿਬ**, ਮਹਲਾ 5, ਪੰਨਾ 1299
79. ਰਤਨ ਸਿੰਘ ਜੱਗੀ (ਡਾ.), **ਸ੍ਰੀ ਗੁਰੂ ਗ੍ਰੰਥ ਵਿਸ਼ਵਕੋਸ਼** (ਭਾਗ ਪਹਿਲਾ), ਪੰਨਾ 141
80. **ਸ੍ਰੀ ਗੁਰੂ ਗ੍ਰੰਥ ਸਾਹਿਬ**, ਮਹਲਾ 1, ਪੰਨਾ 62
81. ਕਾਨ੍ਹ ਸਿੰਘ ਨਾਭਾ (ਭਾਈ), **ਮਹਾਨ ਕੋਸ਼**, ਪੰਨਾ 151
82. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,** ਜਿਲਦ ਚੌਥੀ, ਭਾਈ ਵੀਰ ਸਿੰਘ (ਸੰਪਾ.), ਪੰਨਾ 801
83. ਪਿਆਰਾ ਸਿੰਘ ਪਦਮ (ਪ੍ਰੋ.), **ਸ੍ਰੀ ਗੁਰੂ ਗ੍ਰੰਥ ਪ੍ਰਕਾਸ਼,** ਪੰਨਾ 143
84. **ਸ੍ਰੀ ਗੁਰੂ ਗ੍ਰੰਥ ਸਾਹਿਬ**, ਮਹਲਾ 3, ਪੰਨਾ 600
85. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,** ਜਿਲਦ ਚੌਥੀ, ਭਾਈ ਵੀਰ ਸਿੰਘ (ਸੰਪਾ.), ਪੰਨਾ 1030
86. ਉਹੀ, ਪੰਨਾ 814
87. ਉਹੀ
88. ਗੁਰਬਚਨ ਸਿੰਘ ਤਾਲਿਬ (ਸੰਪਾ.), **ਧਰਮ ਦੀ ਉਤਪਤੀ ਦੇ ਵਿਕਾਸ,** ਪੰਨਾ 61-62
89. ਵਜ਼ੀਰ ਸਿੰਘ (ਡਾ.), **ਧਰਮ ਦਾ ਦਾਰਸ਼ਨਿਕ ਪੱਖ**, ਪੰਨਾ 69
90. ਮਨਮੋਹਨ ਸਿੰਘ (ਡਾ.), **ਭਾਰਤੀ ਧਰਮ ਅਤੇ ਨੈਤਿਕਤਾ**, ਪੰਨਾ 213-219
91. ਗੁਰਨੇਕ ਸਿੰਘ (ਡਾ.), **ਸ੍ਰੀ ਗੁਰੂ ਗ੍ਰੰਥ ਸਾਹਿਬ ਵਿਆਖਿਆ ਤੇ ਸੰਦੇਸ਼**, ਪੰਨਾ 22
92. ਜਸਬੀਰ ਕੌਰ (ਡਾ.) ਸੰਪਾ., **ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਿੰਨ ਪਰਿਪੇਖ**, ਪੰਨਾ 129
93. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,** ਜਿਲਦ ਚੌਥੀ, ਭਾਈ ਵੀਰ ਸਿੰਘ (ਸੰਪਾ.), ਪੰਨਾ 822
94. ਉਹੀ, ਪੰਨਾ 823
95. ਪਿਆਰਾ ਸਿੰਘ ਪਦਮ (ਪ੍ਰੋ.), **ਸ੍ਰੀ ਗੁਰੂ ਗ੍ਰੰਥ ਪ੍ਰਕਾਸ਼,** ਪੰਨਾ 150-151
96. ਸੰਤੋਖ ਸਿੰਘ (ਭਾਈ), **ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,** ਜਿਲਦ ਚੌਥੀ, ਭਾਈ ਵੀਰ ਸਿੰਘ (ਸੰਪਾ.), ਪੰਨਾ 535
97. ਉਹੀ, ਪੰਨਾ 840

# ਸਾਰੰਸ਼

ਇਸ ਖੋਜ ਕਾਰਜ ਦਾ ਪਹਿਲਾ ਅਧਿਆਇ ਮਹਾਂਕਵੀ ਸੰਤੋਖ ਸਿੰਘ ਦੇ ਜੀਵਨ ਤੇ ਰਚਨਾ ਨਾਲ ਸੰਬੰਧਿਤ ਹੈ। ਉਨ੍ਹਾਂ ਦੇ ਜੀਵਨ ਸੰਬੰਧੀ ਅਧਿਐਨ ਤੋਂ ਸਪਸ਼ਟ ਹੁੰਦਾ ਹੈ ਕਿ ਉਨ੍ਹਾਂ ਦਾ ਜਨਮ ਨੂਰ ਦੀ ਸਰਾਂ ਵਿਖੇ ਹੋਇਆ। ਇਹ ਪਿੰਡ ਤਰਨ ਤਾਰਨ ਤੋਂ ਝਬਾਲ ਨੂੰ ਜਾਂਦੀ ਸੜਕ ਤੇ ਅੱਠ ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ। ਉਨ੍ਹਾਂ ਦੀ ਵੱਡਮੁੱਲੀ ਦੇਣ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਸੰਗਤਾਂ ਨੇ ਇਸ ਪਿੰਡ ਦਾ ਨਾਂ ਬਦਲ ਕੇ ਕਿਲ੍ਹਾ ਕਵੀ ਸੰਤੋਖ ਸਿੰਘ ਰੱਖ ਦਿੱਤਾ ਹੈ। ਭਾਈ ਸੰਤੋਖ ਸਿੰਘ ਦਾ ਜਨਮ 7 ਅੱਸੂ, ਸੰਮਤ 1844 ਬਿਕਰਮੀ ਦਿਨ ਐਤਵਾਰ ਭਾਵ 22 ਸਤੰਬਰ 1787 ਈ. ਮੰਨਣ ਯੋਗ ਹੈ।

ਭਾਈ ਸੰਤੋਖ ਸਿੰਘ 19ਵੀਂ ਸਦੀ ਦੇ ਪ੍ਰਤੀਨਿੱਧ ਵਿਦਵਾਨ ਹਨ। ਸਿੱਖ ਕੌਮ ਵਿੱਚ ਉਹ ਮਹਾਂਕਵੀ, ਇਤਿਹਾਸਕਾਰ, ਵਿਆਖਿਆਕਾਰ ਤੇ ਟੀਕਾਕਾਰ ਵਜੋਂ ਜਾਣੇ ਜਾਂਦੇ ਹਨ। ਉਨ੍ਹਾਂ ਨੇ ਜੀਵਨ ਦੇ ਲਗਭਗ 30 ਸਾਲ ਗੁਰੂ ਇਤਿਹਾਸ ਨੂੰ ਇਕੱਤਰ ਕਰਨ ਅਤੇ ਧਾਰਮਿਕ ਸਾਹਿਤ ਲਿਖਣ ਲਈ ਅਰਪਤ ਕੀਤੇ। ਆਪ ਨੇ ਕਾਵਿ ਰਚਨਾ ਤੋਂ ਇਲਾਵਾ ਦਰਸ਼ਨ ਸ਼ਾਸਤਰ, ਜੋਤਿਸ਼ ਵਿੱਦਿਆ, ਰਾਜਨੀਤੀ ਸ਼ਾਸਤਰ, ਘੋੜ-ਸਵਾਰੀ ਅਤੇ ਸੰਗੀਤ ਆਦਿ ਵਿਸ਼ਿਆਂ ਤੇ ਪੁਸਤਕਾਂ ਰਚੀਆਂ। ਭਾਈ ਸੰਤੋਖ ਸਿੰਘ ਜਿੱਥੇ ਇਤਿਹਾਸਿਕ ਬਿਰਤੀ ਵਾਲੇ ਸਨ। ਉੱਥੇ ਉਨ੍ਹਾਂ ਦਸ ਗੁਰੂ ਸਾਹਿਬਾਨ ਦੇ ਜੀਵਨ ਇਤਿਹਾਸ ਨੂੰ ਇੱਕ ਲੜੀ ਵਿਚ ਪਰੋ ਕੇ ਮਹਾਨ ਕਾਰਜ ਕੀਤਾ। ਸਿੱਖ ਜਗਤ ਲਈ ਮਹਾਨ ਕਾਰਜ ਕਰਨ ਵਾਲੇ ਭਾਈ ਸੰਤੋਖ ਸਿੰਘ ਦੀਆਂ ਰਚਨਾਵਾਂ ਨੂੰ ਸਮਝਣ ਤੋਂ ਪਹਿਲਾਂ ਉਨ੍ਹਾਂ ਦੇ ਜੀਵਨ ਨੂੰ ਵੀ ਜਾਣਨਾ ਜ਼ਰੂਰੀ ਹੈ।

ਭਾਈ ਸੰਤੋਖ ਸਿੰਘ ਦੇ ਪਿਤਾ ਦਾ ਨਾਂ ਦੇਵਾ ਸਿੰਘ ਤੇ ਮਾਤਾ ਦਾ ਨਾਂ ਰਜਾਦੀ (ਰਾਜਦੇਈ) ਸੀ। ਭਾਈ ਸੰਤੋਖ ਸਿੰਘ ਨੇ ਮੁਢਲੀ ਵਿੱਦਿਆ ਆਪਣੇ ਪਿਤਾ ਪਾਸੋਂ ਪ੍ਰਾਪਤ ਕੀਤੀ। ਆਪ ਜੀ ਦੇ ਪਿਤਾ ਨੂੰ ਨਿਰਮਲੇ ਵਿਦਵਾਨਾਂ ਦੀ ਸੰਗਤ ਕਰਨ ਕਰਕੇ ਵੇਦਾਂਤ ਤੇ ਗੁਰਬਾਣੀ ਦੀ ਸੋਝੀ ਸੀ। ਉਹ ਭਾਈ ਸੰਤੋਖ ਸਿੰਘ ਨੂੰ ਵਿਦਵਾਨ ਬਣਾਉਣਾ ਚਾਹੁੰਦੇ ਸਨ। ਇਸ ਲਈ ਉਨ੍ਹਾਂ ਨੇ ਗੁਰਮਤਿ ਦੇ ਵਿਦਵਾਨ, ਸੰਸਕ੍ਰਿਤ ਤੇ ਬ੍ਰਿਜ਼ ਭਾਸ਼ਾ ਦੇ ਗਿਆਤਾ ਗਿਆਨੀ ਸੰਤ ਸਿੰਘ ਪਾਸ ਪੜ੍ਹਨ ਭੇਜਿਆ। ਆਪ ਦੇ ਗੁਰੂ ਜੀ ਦਾ ਜੀਵਨ ਧਾਰਮਿਕ ਰੰਗਾਂ ਵਿੱਚ ਰੰਗਿਆ ਹੋਇਆ ਸੀ ਅਤੇ ਉਨ੍ਹਾਂ ਨੇ ਵੀ ਮਹਾਂਕਵੀ ਤੁਲਸੀ ਦਾਸ ਤੇ ਰਾਮ ਚਰਿਤ ਮਾਨਸ ਦਾ ਅਨੁਵਾਦ ਕੀਤਾ ਹੋਇਆ ਸੀ। ਭਾਈ ਸੰਤੋਖ ਸਿੰਘ ਨੇ ਦਸ ਸਾਲ ਗੁਰੂ ਦੀ ਸੰਗਤ ਵਿੱਚ ਰਹਿ ਕੇ ਸੰਸਕ੍ਰਿਤ, ਫਾਰਸੀ, ਅਰਬੀ, ਲਹਿੰਦੀ,

ਪੰਜਾਬੀ, ਉਰਦੂ, ਬ੍ਰਿਜ਼ ਭਾਸ਼ਾ, ਕਾਵਿ ਸ਼ਾਸਤਰ ਤੇ ਪੁਰਾਤਨ ਸਾਹਿਤ ਦਾ ਗੰਭੀਰ ਅਧਿਐਨ ਕੀਤਾ। ਇਸ ਤੋਂ ਇਲਾਵਾ ਉਨ੍ਹਾਂ ਨੇ ਕਾਸ਼ੀ ਜਾ ਕੇ ਸੰਸਕ੍ਰਿਤ, ਵੇਦਾਂ, ਉਪਨਿਸ਼ਦਾਂ, ਸ਼ਾਸਤਰਾਂ ਅਤੇ ਸ਼ੁੱਧ-ਵਿਆਕਰਣ ਦਾ ਅਧਿਐਨ ਕੀਤਾ।

ਵਿੱਦਿਆ ਪ੍ਰਾਪਤੀ ਤੋਂ ਪਿਛੋਂ ਉਹ ਬੂੜੀਆਂ ਵਿਖੇ 10 ਸਾਲ ਰਹਿੰਦੇ ਰਹੇ। ਇਥੇ ਰਹਿੰਦਿਆਂ ਪਹਿਲਾਂ ਉਨ੍ਹਾਂ ਸੰਸਕ੍ਰਿਤ ਦੇ ਗ੍ਰੰਥ ਅਮਰ ਕੋਸ਼ ਦਾ ਹਿੰਦੀ ਵਿੱਚ ਅਨੁਵਾਦ ਕੀਤਾ। ਜਿਸ ਦਾ ਨਾਂ ਨਾਮ ਕੋਸ਼ ਰੱਖਿਆ। ਬੂੜੀਆਂ ਰਹਿੰਦੇ ਸਮੇਂ ਹੀ ਉਨ੍ਹਾਂ ਨੇ ਸ਼੍ਰੀ ਗੁਰ ਨਾਨਕ ਪ੍ਰਕਾਸ਼ ਦੀ ਰਚਨਾ ਕੀਤੀ। ਇਸੇ  ਸਮੇਂ ਦੌਰਾਨ ਹੀ ਉਨ੍ਹਾਂ ਦੀ ਸ਼ਾਦੀ ਬੀਬੀ ਰਾਮ ਕੌਰ ਨਾਲ ਹੋਈ। ਵਿਆਹ ਤੋਂ ਬਾਅਦ ਉਨ੍ਹਾਂ ਨੂੰ ਬੇਰੁਜ਼ਗਾਰੀ ਤੇ ਆਰਥਿਕ ਮੰਦਹਾਲੀ ਦਾ ਸਾਹਮਣਾ ਕਰਨਾ ਪਿਆ। ਉਸ ਤੋਂ ਮਗਰੋਂ ਆਪ ਦੀ ਪਟਿਆਲੇ ਰਹਿਣ ਬਾਰੇ ਜਾਣਕਾਰੀ ਮਿਲਦੀ ਹੈ। ਇੱਥੇ ਉਨ੍ਹਾਂ ਨੂੰ ਪਟਿਆਲਾ ਮਹਾਰਾਜਾ ਕਰਮ ਸਿੰਘ ਨੇ ਰਾਜਕਵੀ ਵਜੋਂ ਸ਼ਾਮਿਲ ਕਰ ਲਿਆ ਸੀ। ਫਿਰ ਕੈਂਥਲ ਦੇ ਮਹਾਰਾਜਾ ਉਦਯ ਸਿੰਘ ਨੇ ਮਹਾਂਕਵੀ ਨੂੰ ਆਪਣੇ ਕੋਲ ਮਾਨ-ਸਨਮਾਨ ਨਾਲ ਬੁਲਾਇਆ। ਉਨ੍ਹਾਂ ਨੂੰ ਇੱਕ ਸ਼ਾਨਦਾਰ ਹਵੇਲੀ ਰਹਿਣ ਲਈ ਦਿੱਤੀ। ਇੱਥੇ ਉਨ੍ਹਾਂ ਨੇ ਗਰਬ ਗੰਜਨੀ ਟੀਕਾ, ਬਾਲਮੀਕੀ ਰਾਮਾਇਣ ਦਾ ਅਨੁਵਾਦ ਕੀਤਾ। ਇੱਥੇ ਰਹਿੰਦਿਆਂ ਹੀ ਉਨ੍ਹਾਂ ਨੇ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਰਚਨਾ ਕੀਤੀ। ਸ਼੍ਰੀ ਗੁਰ ਨਾਨਕ ਪ੍ਰਕਾਸ਼ ਵਿੱਚ ਉਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਦੇ ਜਨਮ, ਬਚਪਨ, ਕੁੜਮਾਈ ਵਿਆਹ, ਚਮਤਕਾਰਾਂ, ਚਾਰ ਉਦਾਸੀਆਂ ਬਾਰੇ ਤੇ ਜੋਤੀ ਜੋਤ ਸਮਾਉਣ ਤੱਕ ਦੀਆਂ ਜੀਵਨ ਘਟਨਾਵਾਂ ਸ਼ਾਮਿਲ ਕੀਤੀਆਂ ਹਨ। ਇਸ ਕਥਾ ਪ੍ਰਧਾਨ ਕਾਵਿ ਦਾ ਉਦੇਸ਼ ਗੁਰੂ ਮਹਿਮਾ ਹੈ। ਕਵੀ ਨੇ ਗੁਰੂ ਜੀ ਦੇ ਸੰਸਾਰ ਦੇ ਆਉਣ ਦਾ ਕਾਰਨ ਲੋਕਾਂ ਦੇ ਦੁੱਖ ਦੂਰ ਕਰਨਾ ਦੱਸਿਆ ਹੈ।

ਭਾਈ ਸੰਤੋਖ ਸਿੰਘ ਨੇ ਸ਼੍ਰੀ ਗੁਰ ਨਾਨਕ ਪ੍ਰਕਾਸ਼ ਲਿਖਣ ਲਈ, ਭਾਈ ਸੰਤੋਖ ਸਿੰਘ ਨੇ ਬਾਲੇ ਵਾਲੀ ਜਨਮ ਸਾਖੀ, ਮਿਹਰਬਾਨ ਵਾਲੀ ਜਨਮ ਸਾਖੀ, ਪੁਰਾਤਨ ਜਨਮ ਸਾਖੀ, ਗਿਆਨ ਰਤਨਾਵਲੀ, ਮਹਿਮਾ ਪ੍ਰਕਾਸ਼, ਵਾਰਾਂ ਭਾਈ ਗੁਰਦਾਸ ਤੇ ਸਿੱਖਾਂ ਦੀ ਭਗਤਮਾਲਾ ਆਦਿ ਨੂੰ ਆਧਾਰ ਬਣਾਇਆ ਹੈ। ਇਸ ਤੋਂ ਬਿਨ੍ਹਾਂ ਭਾਈ ਸੰਤੋਖ ਸਿੰਘ ਨੇ ਧਾਰਮਿਕ ਸਥਾਨਾਂ ਤੇ ਜਾ ਕੇ ਗੁਰੂ ਇਤਿਹਾਸ ਦੀ ਖੋਜ ਕੀਤੀ। ਗਰਬ ਗੰਜਨੀ ਟੀਕੇ ਵਿਚ ਗੁਰੂ ਨਾਨਕ ਦੇਵ ਜੀ ਵੱਲੋਂ ਦਰਸਾਏ ਗੁਰਮਤਿ ਸਿਧਾਂਤਾਂ ਦੀ ਵਿਆਖਿਆ ਕਰਨ ਦਾ ਯਤਨ ਕੀਤਾ ਹੈ। ਇਸ ਟੀਕੇ ਤੋਂ ਬਾਅਦ ਭਾਈ ਸੰਤੋਖ ਸਿੰਘ ਨੇ ਬਾਲਮੀਕੀ ਰਾਮਾਇਣ ਦਾ ਬ੍ਰਿਜ਼ ਭਾਸ਼ਾ ਵਿਚ ਅਨੁਵਾਦ ਕੀਤਾ। ਰਾਜਾ ਉਦਯ ਸਿੰਘ ਨੇ ਇਸ ਰਚਨਾ ਤੋਂ ਖੁਸ਼ ਹੋ ਕੇ ਭਾਈ ਸੰਤੋਖ ਸਿੰਘ ਨੂੰ ਪਿੰਡ ਮੋਰਥਲੀ ਇਨਾਮ ਵਜੋਂ ਦਿੱਤਾ। ਭਾਈ ਸੰਤੋਖ ਸਿੰਘ ਨੇ ਆਪਣੇ ਮਨ ਦੀ ਅਧੂਰੀ ਰੀਝ ਨੂੰ ਪੂਰਾ ਕਰਨ ਲਈ ਸ਼੍ਰੀ ਗੁਰ ਨਾਨਕ ਪ੍ਰਕਾਸ਼ ਤੋਂ ਬਾਅਦ ਨੌਂ ਗੁਰੂ ਸਾਹਿਬਾਨ ਦਾ ਇਤਿਹਾਸ ਕਾਵਿ ਰੂਪ ਵਿਚ ਲਿਖਿਆ। ਇਸ

ਦਾ ਨਾਂ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਰੱਖਿਆ। ਇਸ ਗ੍ਰੰਥ ਵਿੱਚ ਨੌ ਰਸ, ਅਲੰਕਾਰ, ਛੰਦਾਂ ਤੇ ਪ੍ਰਤੀਕਾਂ ਦੀ ਵਰਤੋਂ ਕੀਤੀ ਗਈ ਹੈ। ਕਵਿਤਾ ਦੇ ਗੁਣਾਂ ਵਿੱਚ ਖਿਆਲ ਦੀ ਉਡਾਰੀ ਤੇ ਸੰਗੀਤਕ ਰਸ ਪੱਖੋਂ ਭਾਈ ਸੰਤੋਖ ਸਿੰਘ ਦੀ ਇਸ ਰਚਨਾ ਨੂੰ ਰਾਮਾਇਣ ਤੇ ਮਹਾਂਭਾਰਤ ਤੋਂ ਵੱਧ ਮਹੱਤਵਪੂਰਨ ਮੰਨਿਆ ਗਿਆ ਹੈ। ਕਵੀ ਨੂੰ ਮਹਾਂਕਵੀ, ਚੂੜਾਮਣਿ, ਉੱਚ ਕੋਟੀ ਦਾ ਕਵੀ, ਵਿਦਵਾਨ ਕਵੀ ਤੇ ਰੂਹਾਨੀਅਤ ਦਾ ਕਵੀ ਆਦਿ ਵਿਸ਼ੇਸ਼ਣਾਂ ਨਾਲ ਯਾਦ ਕੀਤਾ ਜਾਂਦਾ ਹੈ। ਉਨ੍ਹਾਂ ਨੂੰ ਪਿੰਗਲ ਤੇ ਛੰਦਾਬੰਦੀ ਦਾ ਪੂਰਾ ਗਿਆਨ ਸੀ ਤੇ ਉਨ੍ਹਾਂ ਕੋਲ ਸ਼ਬਦਾਂ ਦਾ ਵਿਸ਼ਾਲ ਭੰਡਾਰ ਸੀ। ਆਪਣੀਆਂ ਰਚਨਾਵਾਂ ਵਿਚੋਂ ਭਾਈ ਸੰਤੋਖ ਸਿੰਘ ਨੇ ਯੁੱਧ ਵਰਨਨ, ਪ੍ਰਕਿਰਤੀ ਚਿਤਰਣ ਅਤੇ ਉਸ ਸਮੇਂ ਦੇ ਸਭਿਆਚਾਰ ਨੂੰ ਵੀ ਬਾਖੂਬੀ ਪੇਸ਼ ਕੀਤਾ ਹੈ।

ਇਸ ਗੱਲ ਨੂੰ ਮੰਨਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸੰਤੋਖ ਸਿੰਘ ਨੂੰ ਇਤਿਹਾਸ ਦੀ ਬਰੀਕ ਸੂਝ ਹੀ ਸੀ ਜਿਸ ਨੇ ਉਸ ਸਮੇਂ ਦੇ ਗੁਰਮਤਿ ਵਿਰੋਧੀ ਵਾਤਾਵਰਨ ਵਿੱਚ ਵੀ ਬ੍ਰਾਹਮਣੀ ਰੀਤੀ ਰਿਵਾਜ਼ਾਂ ਤੇ ਅਨਮਤੀ ਖਿਆਲਾਂ ਨੂੰ ਗੁਰ ਇਤਿਹਾਸ ਤੇ ਭਾਰੂ ਨਹੀਂ ਹੋਣ ਦਿੱਤਾ। ਉਨ੍ਹਾਂ ਨੇ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਸੰਪੂਰਨ ਕੀਤਾ ਤੇ ਉਸਨੂੰ ਅੰਮ੍ਰਿਤਸਰ ਜਾ ਕੇ ਭੇਂਟ ਕੀਤਾ। ਅੰਤ ਵਿੱਚ ਭਾਈ ਸੰਤੋਖ ਸਿੰਘ 1843 ਈ. ਅਥਵਾ 1900 ਬਿਕਰਮੀ ਨੂੰ 56 ਸਾਲ ਦੀ ਉਮਰ ਵਿੱਚ ਅਕਾਲ ਚਲਾਣਾ ਕਰ ਗਏ।

ਖੋਜ ਪ੍ਰਬੰਧ ਦੇ ਦੂਸਰੇ ਅਧਿਆਇ ਵਿੱਚ ਸ਼੍ਰੀ ਗੁਰ ਨਾਨਕ ਪ੍ਰਕਾਸ਼ ਦਾ ਮੁਢਲਾ ਸਰਵੇਖਣ ਕੀਤਾ ਗਿਆ ਹੈ। ਸ਼੍ਰੀ ਗੁਰ ਨਾਨਕ ਪ੍ਰਕਾਸ਼ ਦੇ ਮੁੱਖ ਤੌਰ ਪੂਰਬਾਰਧ ਅਤੇ ਉਤਰਾਰਧ ਦੋ ਭਾਗ ਹਨ। ਇੰਨਾਂ ਦੋਹਾਂ ਭਾਗਾਂ ਦੇ 130 ਅਧਿਆਇ ਹਨ। ਇਸ ਅਧਿਆਇ ਨੂੰ ਨਿਮਨਲਿਖਤ ਭਾਗਾਂ ਮੰਗਲਾ ਚਰਨ, ਬਾਲ ਲੀਲ੍ਹਾ, ਖ਼ਰਾ ਸੌਦਾ ਤੇ ਮੋਦੀਖ਼ਾਨਾ, ਗ੍ਰਹਿਸਥ ਜੀਵਨ, ਵੇਂਈ ਪ੍ਰਵੇਸ਼, ਵਿਦਾਈ, ਉਦਾਸੀਆਂ, ਮਿਥਿਹਾਸਿਕ ਤੇ ਪੌਰਾਣਿਕ ਕਥਾਵਾਂ, ਭਾਈ ਮਰਦਾਨੇ ਦਾ ਨਿਧਨ, ਕਰਤਾਰਪੁਰ ਨਿਵਾਸ ਤੇ ਗੁਰਮਤਿ ਉਪਦੇਸ਼, ਗੁਰਗੱਦੀ ਅਤੇ ਜੋਤੀ ਜੋਤ ਸਮਾਉਣ ਆਦਿ ਵਿੱਚ ਵੰਡ ਕੇ ਸ਼੍ਰੀ ਗੁਰ ਨਾਨਕ ਪ੍ਰਕਾਸ਼ ਦਾ ਸਰਵੇਖਣ ਕੀਤਾ ਗਿਆ। ਸ਼੍ਰੀ ਗੁਰ ਨਾਨਕ ਪ੍ਰਕਾਸ਼ ਗ੍ਰੰਥ ਦੇ ਅਰੰਭ ਵਿੱਚ ਮਹਾਂਕਵੀ ਸੰਤੋਖ ਸਿੰਘ ਨੇ ਮੰਗਲਾਚਰਨ ਨੂੰ ਪੰਜ ਭਾਗਾਂ ਵਿੱਚ ਵੰਡਿਆ ਹੈ। ਪਹਿਲੇ ਭਾਗ ਵਿੱਚ ਅਕਾਲ ਪੁਰਖ ਦੀ, ਦੂਜੇ ਭਾਗ ਸਰਸਵਤੀ ਦੀ, ਤੀਜੇ ਭਾਗ ਵਿੱਚ ਦਸ ਗੁਰੂ ਸਾਹਿਬਾਨ ਦੀ ਮਹਿਮਾ ਕੀਤੀ ਹੈ। ਚੌਥੇ ਭਾਗ ਵਿੱਚ ਵਿੱਦਿਆ ਦੇ ਦਾਤੇ ਸੰਤ ਸਿੰਘ ਦੀ ਅਤੇ ਪੰਜਵੇਂ ਭਾਗ ਵਿੱਚ ਵਾਹਿਗੁਰੂ ਦੇ ਨਾਮ ਦਾ ਮੰਗਲ ਗਾਇਆ ਹੈ। ਇਸ ਗ੍ਰੰਥ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਦੀਆਂ ਚਾਰ ਉਦਾਸੀਆਂ, ਧਾਰਮਿਕ ਯਾਤਰਾਵਾਂ ਅਤੇ ਵੱਖ-ਵੱਖ ਧਰਮ ਦੇ ਪੈਰੋਕਾਰਾਂ ਨਾਲ ਕੀਤੀਆਂ ਗੋਸ਼ਟਾਂ ਸ਼ਾਮਿਲ ਹਨ। ਇਸ ਖੋਜ-ਕਾਰਜ ਵਿਚ, ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ

ਤੋਂ ਪਹਿਲਾਂ ਦੀ ਸਮਾਜਿਕ ਅਵਸਥਾ, ਜਨਮ ਤੇ ਬਾਲ ਲੀਲ੍ਹਾ, ਪਾਂਧਾ ਤੇ ਮੁੱਲਾ ਪਾਸ ਪੜ੍ਹਨ ਦੀਆਂ ਸਾਖੀਆਂ, ਮੱਝਾਂ ਚਾਰਨਾ ਤੇ ਖੇਤ ਹਰਾ ਭਰਾ ਹੋਣਾ, ਸੱਪ ਨੇ ਛਾਂ ਕਰਨੀ ਆਦਿ ਚਮਤਕਾਰੀ ਘਟਨਾਵਾਂ ਹਨ। ਇਸ ਅਧਿਆਇ ਵਿੱਚ ਖਰਾ ਸੌਦਾ ਤੇ ਸੁਲਤਾਨਪੁਰ ਜਾ ਕੇ ਮੋਦੀਖ਼ਾਨੇ ਦੀ ਨੌਕਰੀ ਕਰਨੀ ਆਦਿ ਘਟਨਾਵਾਂ ਵੀ ਸ਼ਾਮਿਲ ਹਨ। ਇਸ ਅਧਿਆਇ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕੁੜਮਾਣੀ ਤੇ ਵਿਆਹ ਦੀਆਂ ਰਸਮਾਂ ਪੇਸ਼ ਕੀਤੀਆਂ ਗਈਆਂ ਹਨ। ਇਸ ਅਧਿਆਇ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਵੇਈਂ ਨਦੀ ਵਿੱਚ ਪ੍ਰਵੇਸ਼ ਕਰਕੇ ਤੀਜੇ ਦਿਨ ਦੂਰ ਜਾ ਨਿੱਕਲੇ ਜਿਸ ਥਾਂ ਨੂੰ ਸੰਤ-ਘਾਟ ਕਿਹਾ ਜਾਂਦਾ ਹੈ। ਇਸ ਤੋਂ ਬਾਅਦ ਗੁਰੂ ਜੀ ਉਦਾਸੀਆਂ ਰਾਹੀਂ ਦੁਨੀਆਂ ਨੂੰ ਸੁਧਾਰਨ ਲਈ ਚੱਲ ਪਏ। ਇਸ ਅਧਿਆਇ ਵਿੱਚ ਗੁਰੂ ਜੀ ਤੇ ਮਰਦਾਨਾ ਏਮਨਾਬਾਦ ਭਾਈ ਲਾਲੋ ਕੋਲ ਪਹੁੰਚ ਗਏ। ਭਾਈ ਲਾਲੋ ਨੇ ਗੁਰੂ ਜੀ ਨੂੰ ਕੋਧਰੇ ਦੀ ਰੋਟੀ ਤੇ ਸਾਗ ਨਾਲ ਭੋਜਨ ਕਰਵਾਇਆ। ਇੱਥੇ ਹੀ ਗੁਰੂ ਜੀ ਨੇ ਸਭ ਨੂੰ ਸੱਚੀ ਸੁੱਚੀ ਕਿਰਤ ਦੀ ਸਿੱਖਿਆ ਦਿੱਤੀ। ਫਿਰ ਗੁਰੂ ਜੀ ਰਾਇਬੁਲਾਰ ਦੀ ਪ੍ਰੇਮ ਖਿੱਚ ਕਾਰਨ ਤਲਵੰਡੀ ਪਹੁੰਚੇ।

ਇਸ ਖੋਜ ਕਾਰਜ ਵਿਚ ਗੁਰੂ ਨਾਨਕ ਦੇਵ ਜੀ ਦੇ ਸਫ਼ਰਾਂ ਦੇ ਵੇਰਵੇ ਪ੍ਰਸਤੁਤ ਕੀਤੇ ਹਨ। ਜਿਸ ਵਿੱਚ ਗੁਰੂ ਜੀ ਨੇ ਚਾਰ ਉਦਾਸੀਆਂ (ਪਹਿਲੀ ਪੂਰਬ, ਦੂਜੀ ਦੱਖਣ, ਤੀਜੀ ਉੱਤਰ, ਚੌਥੀ ਪੱਛਮ ਵੱਲ) ਕੀਤੀਆਂ। ਉਦਾਸੀ ਵਿਚ ਗੁਰੂ ਜੀ ਦੀ ਲੰਕਾ ਫੇਰੀ, ਰਾਜਾ ਸ਼ਿਵਨਾਭ ਆਦਿ ਨਾਲ ਹੋਏ ਸੰਵਾਦ ਬਾਰੇ ਵਿਸਥਾਰ 'ਚ ਦੱਸਿਆ ਗਿਆ ਹੈ। ਇਸ ਤੋਂ ਬਾਅਦ ਕੌਡੇ ਰਾਖ਼ਸ਼, ਮੱਕੇ ਦੀ ਫੇਰੀ, ਸੁਮੇਰ ਪਰਬਤ ਤੇ ਸਿੱਧਾਂ ਨਾਲ ਹੋਈ ਚਰਚਾ ਨੂੰ ਦ੍ਰਿਸ਼ਟੀਗੋਚਰ ਕੀਤਾ ਗਿਆ ਹੈ। ਇਸ ਅਧਿਆਇ ਵਿੱਚ ਕਾਕ-ਭਸੁੰਡ ਦੀ ਅਤੇ ਭਗਤ ਪ੍ਰਹਿਲਾਦ ਦੀ ਪੌਰਾਣਿਕ ਕਥਾ ਪ੍ਰਸਤੁਤ ਕੀਤੀ ਗਈ ਹੈ। ਜਿਸ ਦਾ ਸੰਬੰਧ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਲ ਨਹੀਂ ਹੈ। ਧਰੂ ਭਗਤ ਦੀ ਪੌਰਾਣਿਕ ਕਥਾ ਨੂੰ ਦੋ ਅਧਿਆਇ ਵਿਚ ਪੇਸ਼ ਕੀਤਾ ਗਿਆ ਹੈ। ਫਿਰ ਗੁਰੂ ਜੀ ਨੇ ਸੱਚਖੰਡ ਵਿੱਚ ਜਾ ਕੇ ਅਕਾਲ ਪੁਰਖ ਦੇ ਨਾਂ ਦੀ ਮਹਿਮਾ ਦਾ ਗਾਇਨ ਕੀਤਾ। ਫਿਰ ਅਕਾਲ ਪੁਰਖ ਨੇ ਉਨ੍ਹਾਂ ਨੂੰ ਨੌ ਖੰਡਾਂ ਦਾ ਉਧਾਰ ਕਰਨ ਲਈ ਮਾਤ ਲੋਕ ਵਿਚ ਭੇਜ ਦਿੱਤਾ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਲੰਮੇ-ਸਫ਼ਰਾਂ ਦਾ ਮਨੋਰਥ ਭਾਈ ਗੁਰਦਾਸ ਵੱਲੋਂ 'ਚੜ੍ਹਿਆ ਸੋਧਣ ਧਰਤਿ ਲੁਕਾਈ', ਰਾਹੀਂ ਪ੍ਰਗਟਾਇਆ ਗਿਆ ਹੈ। ਨੌ ਖੰਡਾਂ ਦੀ ਯਾਤਰਾ ਦਾ ਕਥਨ ਹਿੰਦੂ-ਮਿਥਿਹਾਸ ਤੇ ਪੌਰਾਣਕ ਕਥਾਵਾਂ ਉੱਤੇ ਆਧਾਰਿਤ ਹੈ। ਗੁਰੂ ਜੀ ਨੇ ਦੁਨੀਚੰਦ ਦਾ ਉੱਧਾਰ ਕਰਨ ਲਈ ਉਸਨੂੰ ਸੂਈ ਦੇ ਕੇ ਸੰਭਾਲਣ ਦੇ ਪ੍ਰਸੰਗ ਰਾਹੀਂ, ਮਾਇਆ ਤੋਂ ਦੂਰ ਰਹਿਣ ਦਾ ਉਪਦੇਸ਼ ਦਿੱਤਾ ਹੈ। ਇਸ ਅਧਿਆਇ ਵਿਚ ਸਾਖੀ ਪੰਜਾ ਸਾਹਿਬ ਦਾ ਪ੍ਰਸੰਗ, ਏਮਨਾਬਾਦ ਦੀ ਬਰਬਾਦੀ ਦੇ ਸਮੁੱਚੇ ਕਾਰਨ ਦੱਸੇ ਗਏ ਹਨ। ਗੁਰੂ ਜੀ ਵੱਲੋਂ ਹਰਿਦੁਆਰ ਜਾ ਕੇ ਪੱਛਮ ਦਿਸ਼ਾ ਵੱਲ

ਪਾਣੀ ਉਛਾਲ ਕੇ ਲੋਕਾਂ ਨੂੰ ਪਾਖੰਡਾਂ ਤੋਂ ਮੁਕਤ ਹੋਣ ਬਾਰੇ ਸਮਝਾਇਆ ਗਿਆ ਹੈ। ਜਗਨਨਾਥ ਪੁਰੀ ਵਿਚ ਪਾਂਡਿਆਂ ਨੂੰ ਦੱਸਿਆ ਗਿਆ ਹੈ ਕਿ ਪਰਮਾਤਮਾ ਦੀ ਅਸਲ ਆਰਤੀ ਬ੍ਰਹਿਮੰਡ ਵਿਚ ਨਿਰੰਤਰ ਹੋ ਰਹੀ ਹੈ। 'ਉਜੜ ਜਾਓ ਵਸਦੇ ਰਹੋ' ਸਾਖੀ ਰਾਹੀਂ ਲੋਕਾਂ ਨੂੰ ਉਪਦੇਸ਼ ਦਿੱਤਾ ਗਿਆ ਹੈ ਅਤੇ 'ਵਲੀ ਕੰਧਾਰੀ ਦਾ ਹੰਕਾਰ ਤੋੜਦਿਆਂ ਹੋਇਆਂ ਉਸਨੂੰ ਸਿਮਰਨ ਨਾਲ ਜੋੜਿਆ ਗਿਆ ਹੈ।

ਜੀਵਨ ਦੇ ਆਖਰੀ ਪੜਾਅ ਵਿਚ ਗੁਰੂ ਜੀ ਕਰਤਾਰਪੁਰ ਜਾ ਕੇ ਰਹਿੰਦੇ ਹਨ। ਉੱਥੇ ਹਰ ਸਮੇਂ ਨਿਤਨੇਮ, ਸਿਮਰਨ ਤੇ ਕੀਰਤਨ ਦਾ ਪ੍ਰਵਾਹ ਚਲਦਾ ਰਹਿੰਦਾ ਸੀ। ਇੱਥੇ ਰਹਿੰਦਿਆਂ ਗੁਰੂ ਜੀ ਨੇ ਅਨੇਕਾਂ ਲੋਕਾਂ ਦਾ ਉੱਧਾਰ ਕੀਤਾ। ਇਸੇ ਸਮੇਂ ਦੌਰਾਨ ਲਹਿਣਾ ਜੀ ਗੁਰੂ ਕੋਲ ਆਏ। ਉਨ੍ਹਾਂ ਦੀ ਪਰੀਖਿਆ ਲੈਣ ਤੋਂ ਬਾਅਦ ਗੁਰੂ ਜੀ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਉਨ੍ਹਾਂ ਦਾ ਨਾਮ ਅੰਗਦ ਰੱਖ ਕੇ ਗੁਰਗੱਦੀ ਸੌਂਪੀ, ਸ੍ਰੀ ਗੁਰੂ ਨਾਨਕ ਦੇਵ ਜੀ ਸੰਮਤ 1596 ਭਾਵ 1539 ਈ. ਨੂੰ ਸਚਖੰਡ ਜਾ ਬਿਰਾਜਦੇ ਹਨ।

ਇਸ ਖੋਜ ਕਾਰਜ ਦਾ ਤੀਜਾ ਅਧਿਆਇ ਧਰਮ ਸ਼ਾਸਤਰੀ ਪਰਿਪੇਖ ਸਰੂਪ ਤੇ ਮਹੱਤਵ ਹੈ। ਇਸ ਵਿੱਚ ਧਰਮ ਸ਼ਾਸਤਰ ਦੇ ਅਰਥ, ਸੰਕਲਪ ਅਤੇ ਇਸ ਦੇ ਦਾਇਰੇ ਬਾਰੇ ਦੱਸਿਆ ਗਿਆ ਹੈ। ਧਰਮ ਸ਼ਾਸਤਰ ਦੀ ਸੁਤੰਤਰ ਸਥਾਪਨਾ ਲਈ ਕਿਸੇ ਸੁਤੰਤਰ ਧਾਰਮਿਕ ਗ੍ਰੰਥ ਦਾ ਹੋਣਾ ਅਤਿ ਜ਼ਰੂਰੀ ਹੈ। ਇਸ ਕੱਸਵਟੀ ਤੇ ਪਰਖਦਿਆਂ ਹੋਇਆ ਸ੍ਰੀ ਗੁਰ ਨਾਨਕ ਪ੍ਰਕਾਸ਼ ਸੁਤੰਤਰ ਧਾਰਮਿਕ ਗ੍ਰੰਥ ਹੈ। ਇਸ ਇਤਿਹਾਸਿਕ ਕਾਵਿ-ਗ੍ਰੰਥ ਵਿੱਚ ਮਨੁੱਖ ਦੀ ਹਉਮੈਂ ਨੂੰ ਮਨਫ਼ੀ ਕਰਕੇ ਸ਼ਬਦ ਗੁਰੂ ਦੀ ਪ੍ਰਧਾਨਤਾ ਦਰਸਾਈ ਗਈ ਹੈ। ਮਾਨਵਤਾ ਅਤੇ ਧਰਮ ਲਈ ਵਿਆਪਕ ਅਰਥ ਪ੍ਰਦਾਨ ਕੀਤੇ ਹਨ। ਵੇਈਂ ਨਦੀ ਦੇ ਪ੍ਰਵੇਸ਼ ਪਿੱਛੋਂ ਗੁਰੂ ਜੀ ਦੇ ਪਹਿਲੇ ਬੋਲ 'ਨਾ ਕੋਈ ਹਿੰਦੂ ਨਾ ਮੁਸਲਮਾਨ' ਸਿੱਖ ਧਰਮ ਦੀ ਧਰਾਤਲ ਪਰਵਾਨੇ ਗਏ ਹਨ।

ਧਰਮ ਸ਼ਾਸਤਰ ਧਰਮ ਦੇ ਨਿਯਮਾਂ ਨੂੰ ਦੱਸਣ ਵਾਲਾ ਗ੍ਰੰਥ ਹੁੰਦਾ ਹੈ। ਇਸ ਅਧਿਆਇ ਵਿੱਚ ਵੱਖ-ਵੱਖ ਧਰਮਾਂ ਦੇ ਸਿਧਾਂਤ ਅਤੇ ਨਿਯਮ ਦੱਸਣ ਦੀ ਕੋਸ਼ਿਸ਼ ਕੀਤੀ ਗਈ ਹੈ। ਹਿੰਦੂ ਧਰਮ ਸਭ ਤੋਂ ਪੁਰਾਤਨ ਮੰਨਿਆ ਗਿਆ ਹੈ। ਹਿੰਦੂ ਧਰਮ ਦਾ ਅਧਾਰ ਵੇਦ, ਉਪਨਿਸ਼ਦ, ਪੁਰਾਣ, ਮਨੂੰ ਸਿਮਰਤੀ ਆਦਿ ਗ੍ਰੰਥ ਕਹੇ ਜਾ ਸਕਦੇ ਹਨ। ਉਪਰੋਕਤ ਧਾਰਮਿਕ ਗ੍ਰੰਥ ਮਨੁੱਖ ਨੂੰ ਜੋ ਜੋ ਜੀਵਨ ਜਾਚ ਦੱਸਦੇ ਹਨ, ਉਸਨੂੰ ਇਸ ਖੋਜ ਰਾਹੀਂ ਸਾਹਮਣੇ ਲਿਆਂਦਾ ਗਿਆ ਹੈ। ਜਿਵੇਂ ਕਿ ਵੇਦਾਂ ਵਿੱਚ ਕਿਹਾ ਗਿਆ ਹੈ ਕਿ ਮਿਥਿਆ ਤੋਂ ਸੱਚ ਵੱਲ, ਹਨ੍ਹੇਰੇ ਤੋਂ ਰੌਸ਼ਨੀ ਵੱਲ, ਮੌਤ ਤੋਂ ਸਦੀਵੀਂ ਜੀਵਨ ਵੱਲ ਕਿਵੇਂ ਜਾਇਆ ਜਾ ਸਕਦਾ ਹੈ। ਇਸ ਖੋਜ ਕਾਰਜ ਵਿੱਚ ਜੈਨ ਧਰਮ ਦੇ ਨਿਯਮਾਂ ਦਾ ਅਧਿਐਨ ਕੀਤਾ ਗਿਆ ਹੈ।

ਜੈਨ ਧਰਮ ਵਿੱਚ 24 ਤੀਰਥੰਕਰ ਹੋਏ ਹਨ। ਜਿੰਨਾਂ ਨੇ ਧਰਮ ਸੰਬੰਧੀ ਆਪੋ ਆਪਣੇ

ਨਿਯਮ ਦੱਸੇ ਹਨ। ਜੈਨ ਧਰਮ ਦੇ ਪਹਿਲੇ ਤੀਰਥੰਕਰ ਰਿਸ਼ਭਦੇਵ ਤੇ ਚੌਵੀਵੇਂ ਮਹਾਂਵੀਰ ਸਨ। ਜੈਨ ਧਰਮ ਦਾ ਮੁੱਖ ਉਦੇਸ਼ ਤਪ, ਅੰਹਿਸਾ, ਸਦਾਚਾਰ, ਵਿਸ਼ਵਾਸ ਅਤੇ ਕਰਮ ਹਨ। ਇਸ ਉਦੇਸ਼ ਦੀ ਪ੍ਰਾਪਤੀ ਸੁੱਚੀ ਸ਼ਰਧਾ, ਸੁੱਚੇ ਗਿਆਨ, ਸੁੱਚੇ ਧਰਮ ਰਾਹੀਂ ਹੋ ਸਕਦੀ ਹੈ। ਜੈਨ ਧਰਮ ਅਨੁਸਾਰ ਸੱਚੇ ਗਿਆਨ ਦੀ ਪ੍ਰਾਪਤੀ ਲਈ ਨੌ ਸਚਾਈਆਂ (ਜੀਵ, ਅਜੀਵ, ਪੁੰਨ, ਪਾਪ, ਅਸ੍ਰਵ, ਸੰਵਰ, ਬੰਧ, ਨਿਰਕਾਰ, ਮੋਕਸ਼) ਦਾ ਹੋਣਾ ਜ਼ਰੂਰੀ ਹੈ। ਇਹਨਾਂ ਸਚਾਈਆਂ ਨੂੰ ਪ੍ਰਾਪਤ ਕਰਨ ਲਈ ਜੈਨ ਧਰਮ ਨੇ ਅਮਲ ਕਰਨ ਲਈ ਨਿਯਮ ਵੀ ਬਣਾਏ ਹਨ ਜਿਨ੍ਹਾਂ ਨੂੰ ਧਰਮ ਸ਼ਾਸਤਰ ਦੀ ਕੋਟੀ 'ਚ ਸ਼ਾਮਲ ਕੀਤਾ ਜਾ ਸਕਦਾ ਹੈ।

ਬੁੱਧ ਧਰਮ ਨਿਰਵਾਣ ਦੀ ਤਲਾਸ਼ ਦਾ ਧਰਮ ਹੈ ਜੋ ਕਿ ਮੱਧ ਮਾਰਗ ਦੇ ਨਿਯਮ ਤੇ ਆਧਾਰਿਤ ਹੈ। ਬੁੱਧ ਦੇ ਮਧ ਮਾਰਗ ਨੂੰ ਅਸੀਂ ਸਹਿਜ ਮਾਰਗ ਦੇ ਸਮਰੂਪ ਮੰਨ ਸਕਦੇ ਹਾਂ। ਬੁੱਧ ਧਰਮ ਦੇ ਚਾਰ ਆਰੀਆ ਸਤਯ ਦੀ ਇਸ ਅਧਿਆਇ ਵਿਚ ਚਰਚਾ ਕੀਤੀ ਗਈ ਹੈ ਕਿ ਜੀਵਨ ਵਿੱਚ ਦੁੱਖ ਹੈ, ਦੁੱਖ ਦਾ ਕਾਰਨ ਹੈ, ਉਸ ਕਾਰਨ ਦਾ ਅੰਤ ਸੰਭਵ ਹੈ, ਇਸ ਦੁੱਖ ਦੀ ਨਿਵਿਰਤੀ ਦੇ ਉਪਾ ਠੀਕ ਗਿਆਨ, ਠੀਕ ਸੰਕਲਪ, ਠੀਕ ਬਚਨ, ਠੀਕ ਕਰਮ, ਠੀਕ ਜੀਵਕਾ, ਠੀਕ ਯਤਨ, ਠੀਕ ਸਮ੍ਰਿਤੀ, ਠੀਕ ਸਮਾਧੀ ਆਦਿ ਹਨ। ਜਿਸਨੂੰ ਅਸਟਾਂਗ ਮਾਰਗ ਵੀ ਕਿਹਾ ਗਿਆ ਹੈ।

ਈਸਾਈ ਧਰਮ ਵਿੱਚ ਈਸਾ ਮਸੀਹ ਨੂੰ ਇਸ ਧਰਮ ਦਾ ਮੋਢੀ ਮੰਨਿਆ ਗਿਆ ਹੈ। ਇਸ ਧਰਮ ਵਿੱਚ ਤ੍ਰੀਏਕਤਾ ਦਾ ਸਿਧਾਂਤ ਅਹਿਮ ਮੰਨਿਆ ਗਿਆ ਹੈ ਕਿ ਮਨੁੱਖ ਪਰਮਾਤਮਾ ਸਰੂਪ ਹੈ, ਮਨੁੱਖ ਉਤਪਤੀ ਵੇਲੇ ਨਿਰਪਾਪ ਸੀ। ਈਸਾਈ ਧਰਮ ਸ਼ਾਸਤਰ ਦਾ ਮੁੱਖ ਅਧਾਰ ਵਿਸ਼ਵਾਸ ਨੂੰ ਪਰਵਾਨ ਕੀਤਾ ਗਿਆ ਹੈ। ਧਰਮ ਸ਼ਾਸਤਰੀ ਦ੍ਰਿਸ਼ਟੀ ਤੋਂ ਈਸਾਈ ਧਰਮ ਸ਼ਾਸਤਰ ਵਿੱਚ ਭਵਿੱਖ ਬਾਣੀ ਨੂੰ ਬਹੁਤ ਮਹੱਤਤਾ ਹਾਸਲ ਹੈ। ਯਿਸੂ ਮਸੀਹ ਦੇ ਜਨਮ ਬਾਰੇ ਭਵਿੱਖ ਬਾਣੀਆਂ ਦਾ ਜ਼ਿਕਰ ਹੈ। ਈਸਾਈ ਧਰਮ ਵਿੱਚ ਮਨੁੱਖ ਨੂੰ ਭੁੱਲਣਹਾਰ ਤੇ ਪਾਪੀ ਮੰਨਿਆ ਹੈ। ਈਸਾ ਮਸੀਹ ਨੂੰ ਬਖਸ਼ਿੰਦ ਪਰਵਾਨ ਕੀਤਾ ਗਿਆ ਹੈ। ਈਸਾਈ ਧਰਮ ਦਾ ਕੇਂਦਰੀ ਬਿੰਦੂ ਪ੍ਰੇਮ ਹੈ। ਸਾਰੀ ਮਨੁੱਖਤਾ ਨਾਲ ਪ੍ਰੇਮ ਕਰਨ ਲਈ ਕਿਹਾ ਗਿਆ ਹੈ। ਯਿਸੂ ਮਸੀਹ ਦੇ ਦਸ ਉਪਦੇਸ਼ਾਂ ਨੂੰ ਧਰਮ ਸ਼ਾਸਤਰ ਪਰਵਾਨਿਆ ਜਾ ਸਕਦਾ ਹੈ।

ਇਸਲਾਮ ਧਰਮ ਦੇ ਮੋਢੀ ਹਜਰਤ ਮੁਹੰਮਦ ਸਾਹਿਬ ਸਨ। ਇਸਲਾਮ ਅਰਬੀ ਭਾਸ਼ਾ ਦਾ ਲਫਜ਼ ਹੈ ਇਸਦੇ ਅਰਥ ਹਨ: ਤਰਕ ਜਾਂ ਤਿਆਗ, ਸਿਰ ਝੁਕਾਉਣਾ, ਖੁਦਾ ਦੀ ਰਜਾ ਨੂੰ ਸਲਾਮ ਭਾਵ ਅੰਗੀਕਾਰ ਕਰਨਾ ਹੈ। ਇਸਲਾਮ ਧਰਮ ਦੀ ਸਭ ਤੋਂ ਵੱਡੀ ਸਿੱਖਿਆ ਇੱਕ ਅੱਲ੍ਹਾ ਵਿੱਚ ਯਕੀਨ ਰੱਖਣਾ ਹੈ। ਇਸਲਾਮ ਦੀ ਮੁੱਖ ਸਿੱਖਿਆ ਏਕਤਾ, ਨਿਆਂ, ਸਮਾਨਤਾ, ਨਿਮਰਤਾ ਤੇ ਮਨੁੱਖਤਾ ਦੀ ਸੇਵਾ ਕਰਨਾ ਮੰਨੀ ਗਈ ਹੈ। ਇਸਲਾਮ ਧਰਮ ਵਿੱਚ ਅਧਿਆਤਮਿਕ ਸੱਚਾਈ ਵਿੱਚ

ਵਿਸ਼ਵਾਸ਼ ਕਰਨ ਵਾਸਤੇ ਪੰਜ ਥੰਮ ਜਾਂ ਪੜਾਅ ਮੰਨੇ ਗਏ ਹਨ। 1. ਕਲਮਾ ਪੜ੍ਹਨਾ 2. ਨਿਮਾਜ਼ 3. ਜ਼ਕਾਤ 4. ਰੋਜ਼ੇ ਰੱਖਣੇ 5. ਹੱਜ ਕਰਨਾ।

ਇਸਲਾਮੀ ਸਿਧਾਂਤ ਮਨੁੱਖ ਦੇ ਸਮੁੱਚੇ ਵਿਹਾਰ ਨੂੰ ਨਿਰਧਾਰਤ ਕਰਦਾ ਹੈ। ਮੁਸਲਮਾਨ ਉਹ ਹੈ ਜੋ ਆਪਣੇ ਵਿਵਹਾਰ ਅਤੇ ਕਾਰੋਬਾਰ ਵਿੱਚ ਸੱਚਾ ਤੇ ਈਮਾਨਦਾਰ ਹੋਵੇ, ਕਿਸੇ ਨੂੰ ਧੋਖਾ ਨਾ ਦੇਵੇ, ਕਿਸ ਦਾ ਹੱਕ ਨਾ ਮਾਰੇ, ਝੂਠੀ ਗਵਾਹੀ ਨਾ ਦੇਵੇ, ਰਿਸ਼ਵਤ ਜਾਂ ਹਰਾਮ ਦੀ ਕਮਾਈ ਤੋਂ ਬਚਿਆ ਰਹੇ। ਇਸਲਾਮ ਨੇ ਧਰਮ ਸ਼ਾਸਤਰ ਦੇ ਅਧਾਰ ਵੱਜੋਂ ਪੰਜ ਮਨੌਤਾਂ ਸਵੀਕਾਰੀਆਂ ਹਨ 1. ਈਮਾਨ 2. ਇਬਾਦਤ 3. ਵਿਅਕਤੀਗਤ ਵਿਵਹਾਰ 4. ਘਰੇਗੀ ਵਿਵਹਾਰ 5. ਸਮਾਜਿਕ ਤੇ ਰਾਜਨੀਤਿਕ ਵਿਵਹਾਰ ਨੂੰ ਪਰਵਾਨਿਆ ਗਿਆ ਹੈ।

ਸਿੱਖ ਧਰਮ ਵਿੱਚ ਥਿਆਲੋਜੀ ਲਈ ਸਿੱਖੀ, ਸਿੱਖ ਮੱਤ, ਗੁਰਸਿੱਖੀ, ਗੁਰ ਦਰਸ਼ਨ, ਗੁਰ ਮਤ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਸੰਸਾਰ ਦੇ ਧਰਮਾਂ ਦੇ ਇਤਿਹਾਸ ਵਿੱਚ ਸਿੱਖੀ ਦਾ ਇਤਿਹਾਸ ਕੋਈ ਪੰਜ ਕੁ ਸੌ ਸਾਲ ਪੁਰਾਣਾ ਹੈ। ਪਰ ਦੂਜੇ ਧਰਮਾਂ ਦੀ ਤੁਲਨਾ ਵਿੱਚ ਸਿੱਖ ਧਰਮ ਨੂੰ ਵਧੇਰੇ ਤਰਕਸ਼ੀਲ, ਵਿਗਿਆਨਿਕ, ਖੋਜ ਭਰਪੂਰ, ਵਿਚਾਰ-ਭਰਪੂਰ ਅਤੇ ਅਧਿਆਤਮਿਕ ਉੱਚਤਾ ਵਾਲਾ ਮੰਨਿਆ ਗਿਆ ਹੈ। ਗੁਰੂ ਸਾਹਿਬਾਨ ਦੀ ਬਾਣੀ ਦੀ ਵਿਆਖਿਆ ਦਾ ਉਦਮ ਸਿੱਖ ਧਰਮ ਦਾ ਪਹਿਲਾ ਯਤਨ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਆਖਿਆ ਪ੍ਰਣਾਲੀ ਨੂੰ ਸਹਿਜ-ਪ੍ਰਣਾਲੀ ਕਿਹਾ ਗਿਆ ਹੈ। ਇਸ ਪ੍ਰਣਾਲੀ ਵਿੱਚ ਸ੍ਰਿਸ਼ਟੀ, ਨਦਰ, ਹਉਮੈਂ, ਕਰਮ, ਹੁਕਮ, ਨਾਮ ਕੀਰਤਨ ਆਦਿ ਸ਼ਾਮਿਲ ਹਨ। ਸਿੱਖ ਧਰਮ ਵਿੱਚ ਨਾਮ ਜਪੋ, ਕਿਰਤ ਕਰੋ ਤੇ ਵੰਡ ਛਕੋ ਆਦਿ ਨੂੰ ਪ੍ਰਮੁੱਖ ਤੌਰ ਤੇ ਪਰਵਾਨ ਕੀਤਾ ਗਿਆ ਹੈ।

ਸਿੱਖ ਧਰਮ ਵਿੱਚ ਰਹਿਤ ਮਰਿਯਾਦਾ ਅਤੇ ਸਦਾਚਾਰ ਨੂੰ ਧਰਮ ਸ਼ਾਸਤਰ ਦੇ ਰੂਪ ਵਿੱਚ ਸ਼ਾਮਿਲ ਕੀਤਾ ਗਿਆ ਹੈ। ਧਰਮ ਮਨੁੱਖੀ ਕਦਰਾਂ-ਕੀਮਤਾਂ ਦਾ ਗਿਆਨ ਪ੍ਰਦਾਨ ਕਰਦਾ ਹੈ। ਧਰਮ ਮਨੁੱਖ ਨੂੰ ਜਨਮ ਤੋਂ ਲੈ ਕੇ ਆਖਰੀ ਉਮਰ ਤੀਕ ਪ੍ਰਭਾਵਿਤ ਕਰਦਾ ਹੈ। ਧਰਮ ਮਨੁੱਖ ਨੂੰ ਧਾਰਮਿਕ ਵਤੀਰੇ ਦੀ ਪ੍ਰੇਰਨਾ ਦਿੰਦਾ ਹੈ। ਧਾਰਮਿਕ ਅਨੁਭਵ ਵਿਅਕਤੀ ਦੇ ਸਮੁੱਚੇ ਜੀਵਨ ਨੂੰ ਸੇਧ ਪ੍ਰਦਾਨ ਕਰਦੇ ਹਨ। ਪਰਮਾਤਮਾ ਦੀ ਭਗਤੀ, ਸ਼ਰਧਾ, ਸ਼ੁਕਰਾਨਾ, ਹੁਕਮ ਮੰਨਣ ਤੇ ਸੇਵਾ ਕਰਨ ਦੀ ਭਾਵਨਾ ਹੀ ਮਿਲ ਕੇ ਧਰਮ ਬਣ ਜਾਂਦੇ ਹਨ। ਧਰਮ ਨੇ ਉੱਤਮ ਸਮਾਜਿਕ ਜ਼ਿੰਦਗੀ ਜਿਊਂਣ ਲਈ ਮਨੁੱਖਾਂ ਨੂੰ ਸਚਿਆਰਾ ਬਣਾਇਆ ਹੈ। ਸਚਿਆਰੇ ਮਨੁੱਖ ਦੀ ਆਤਮਾ ਦਾ ਪਰਮਾਤਮਾ ਨਾਲ ਮੇਲ ਹੋ ਜਾਂਦਾ ਹੈ।

ਇਸ ਖੋਜ ਪ੍ਰਬੰਧ ਦਾ ਚੌਥਾ ਅਧਿਆਇ ਸ੍ਰੀ ਗੁਰ ਨਾਨਕ ਪ੍ਰਕਾਸ਼ ਦਾ ਧਰਮ ਸ਼ਾਸਤਰੀ ਅਧਿਐਨ ਹੈ। ਇਸ ਵਿੱਚ ਪਰਮਾਤਮਾ, ਜਗਤ, ਜੀਵ ਅਤੇ ਸ਼ਕਤੀ ਦਾ ਸਰੂਪ ਗੁਰੂ ਆਦਿਸੰਬੰਧੀ

ਚਰਚਾ ਕੀਤੀ ਗਈ ਹੈ। ਸ਼੍ਰੀ ਗੁਰ ਨਾਨਕ ਪ੍ਰਕਾਸ਼ ਵਿੱਚ ਪਰਮਾਤਮਾ ਨੂੰ ਪਰਮ+ਆਤਮਾ ਕਿਹਾ ਗਿਆ ਹੈ। ਪਰਮ ਪਹਿਲੀ ਹਸਤੀ ਆਤਮਾ ਨੂੰ ਸਭ ਤੋਂ ਉੱਚੀ ਮੰਨਿਆ ਗਿਆ ਹੈ। ਸੰਸਾਰ ਦੇ ਸਾਰੇ ਧਰਮਾਂ ਵਿੱਚ ਇਹ ਵਿਚਾਰ ਪ੍ਰਵਾਨਿਤ ਹੈ ਕਿ ਬ੍ਰਹਿਮੰਡ ਦੀ ਕੋਈ ਸੰਚਾਲਕ ਸ਼ਕਤੀ ਜ਼ਰੂਰ ਹੈ। ਉਹ ਸ਼ਕਤੀ ਅਦ੍ਰਿਸ਼ਟ ਹੈ ਜਿਸ ਨੂੰ ਅਨੇਕਾਂ ਨਾਮ ਦਿੱਤੇ ਗਏ ਹਨ।

ਸ਼੍ਰੀ ਗੁਰ ਨਾਨਕ ਪ੍ਰਕਾਸ਼ ਅਨੁਸਾਰ ਪਰਮਾਤਮਾ ਨੂੰ ਨਿਰਗੁਣ, ਸਰਗੁਣ, ਨਿਰੰਕਾਰ, ਅਦ੍ਰਿਸ਼ਟ, ਅਗੋਚਰ ਅਤੇ ਅਭੇਦ ਮੰਨਿਆ ਗਿਆ ਹੈ। ਇਸ ਤੋਂ ਬਿਨ੍ਹਾਂ ਪਰਮਾਤਮਾ ਨੂੰ ਸਰਵ-ਵਿਆਪੀ, ਸਰਵ-ਅੰਤਰਜਾਮੀ, ਸਰਵ-ਸ਼ਕਤੀ, ਪਰਮ-ਕ੍ਰਿਪਾਲੂ, ਸੁਆਮੀ ਆਦਿ ਵਿਸ਼ੇਸ਼ਣਾ ਨਾਲ ਨਿਵਾਜ਼ਿਆ ਗਿਆ ਹੈ। ਪਰਮਾਤਮਾ ਪਰੀਪੂਰਨ ਹੈ। ਉਹੀ ਸੰਸਾਰ ਦੀ ਰਚਨਾ ਕਰਨ ਵਾਲਾ, ਪਾਲਣ ਕਰਨ ਵਾਲਾ, ਰੱਖਿਆ ਕਰਨ ਵਾਲਾ ਅਤੇ ਸੰਘਾਰ ਕਰਨ ਵਾਲਾ ਹੈ। ਪਰਮਾਤਮਾ ਕਣ-ਕਣ ਵਿੱਚ ਮੌਜੂਦ ਹੈ। ਇਸ ਦੀ ਹੋਂਦ ਸਦੀਵੀ ਹੈ। ਪਰਮਾਤਮਾ ਦੁਨਿਆਵੀ ਵਿਧਾਨਾਂ ਤੋਂ ਉਪਰ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵਾਹਿਗੁਰੂ ਨੂੰ ਹੀ ਪਰਮਾਤਮਾ ਆਖਿਆ ਗਿਆ ਹੈ। ਜਿਸ ਦੀ ਵਿਆਖਿਆ ਮੂਲ ਮੰਤਰ ਵਿਚ ਹੈ। ਭਾਈ ਸੰਤੋਖ ਸਿੰਘ ਦੇ ਸ਼੍ਰੀ ਗੁਰ ਨਾਨਕ ਪ੍ਰਕਾਸ਼ ਸਮੇਤ ਸਾਰੇ ਹੀ ਗ੍ਰੰਥ ੧ੴ ਤੋਂ ਸ਼ੁਰੂ ਹੁੰਦੇ ਹਨ ਅਤੇ ਇਸ ਅਧਿਆਇ ਵਿੱਚ ਜਗਤ ਬਾਰੇ ਵਿਚਾਰ ਚਰਚਾ ਕੀਤੀ ਗਈ ਹੈ। ਜਗਤ ਤੋਂ ਭਾਵ ਸਮੁੱਚੀ ਸ੍ਰਿਸ਼ਟੀ ਅਤੇ ਉਸ ਉਪਰ ਨਿਵਾਸ ਕਰਦੀ ਮਨੁੱਖਤਾ ਤੋਂ ਲਿਆ ਹੈ। ਜੋ ਕਿ ਕੁਦਰਤ ਦੀ ਸ੍ਰੇਸ਼ਟ ਰਚਨਾ ਮੰਨੀ ਗਈ ਹੈ। ਜਗਤ ਦੀ ਰਚਨਾ ਬਾਰੇ ਵੱਖ-ਵੱਖ ਧਰਮਾਂ ਵਿੱਚ ਵੱਖ-ਵੱਖ ਵਿਚਾਰ ਮਿਲਦੇ ਹਨ। ਭਾਰਤੀ ਧਰਮ ਵਿੱਚ ਸ੍ਰਿਸ਼ਟੀ ਦਾ ਮੂਲ ਅਧਾਰ ਮੁੱਖ ਰੂਪ ਵਿੱਚ ਚਾਰ ਪੱਖਾਂ ਤੇ ਕੇਂਦਰਿਤ ਹੈ। ਬ੍ਰਹਮ, ਜੀਵ, ਸ੍ਰਿਸ਼ਟੀ ਅਤੇ ਮੁਕਤੀ। ਭਾਈ ਸੰਤੋਖ ਸਿੰਘ ਨੇ ਬ੍ਰਹਮ ਨੂੰ ਹੀ ਸ੍ਰਿਸ਼ਟੀ ਦਾ ਕਰਤਾ ਤੇ ਰਚਨਹਾਰ ਕਿਹਾ ਹੈ। ਉਸ ਦੀ ਰਜਾ ਵਿਚ ਜਗਤ ਆਦਿ ਕਾਲ ਤੋਂ ਚਲਿਆ ਆ ਰਿਹਾ ਹੈ। ਇਹ ਗੋਚਰ ਜਗਤ ਅਗੋਚਰ ਦਾ ਹਿੱਸਾ ਹੈ। ਜਗਤ ਦਾ ਮੂਲ ਅਧਾਰ ਤੱਤ ਬ੍ਰਹਮ ਹੀ ਹੈ, ਸਤ-ਸਰੂਪ ਪਰਮਾਤਮਾ ਤੋਂ ਬਿਨਾਂ ਇਸ ਜਗਤ ਦਾ ਕੋਈ ਅਸਤਿੱਤਵ ਨਹੀਂ ਹੈ।

ਸਾਰੇ ਧਰਮਾਂ ਦਾ ਅਧਾਰ ਪਰਮਾਤਮਾ ਅਤੇ ਮਨੁੱਖ ਦੀ ਹੋਂਦ ਹੈ। ਮਨੁੱਖ ਆਤਮਾ ਅਤੇ ਸਰੀਰ ਦਾ ਸੁਮੇਲ ਹੈ। ਸਰੀਰ ਖ਼ਤਮ ਹੋ ਜਾਂਦਾ ਹੈ ਆਤਮਾ ਖ਼ਤਮ ਨਹੀਂ ਹੁੰਦੀ ਬਲਕਿ ਸਰੀਰ ਨੂੰ ਛੱਡ ਜਾਂਦੀ ਹੈ। ਜਗਤ ਇੱਕ ਤਮਾਸ਼ੇ ਦੀ ਤਰ੍ਹਾਂ ਹੈ, ਜੀਵ ਤੇ ਆਤਮਾ ਨੂੰ ਇੱਕ ਮੰਨਿਆ ਗਿਆ ਹੈ ਜੋ ਬ੍ਰਹਮ ਤੋਂ ਵੱਖ ਨਹੀਂ ਹੈ। ਜੀਵ ਦੀਆਂ ਚੁਰਾਸੀ ਲੱਖ ਜੂਨੀਆਂ ਮੰਨੀਆਂ ਗਈਆਂ ਹਨ। ਮਨੁੱਖਾਂ ਜਨਮ ਚੁਰਾਸੀ ਲੱਖ ਜੂਨਾਂ ਤੋਂ ਛੁਟਕਾਰਾ ਪਾਉਣ ਉਪਰੰਤ ਹੀ ਮਿਲਦਾ ਹੈ। ਭਾਈ ਸੰਤੋਖ ਸਿੰਘ ਨੇ ਆਤਮਾ ਭਾਵ ਜੀਵ ਦੇ ਸਰੂਪ ਨੂੰ ਸਤਿ ਚਿੱਤ ਅਤੇ ਅਨੰਦ ਸਰੂਪ ਮੰਨਿਆ ਹੈ ਉਨ੍ਹਾਂ

ਅਨੁਸਾਰ ਆਤਮਾ ਅਮਰ ਹੈ। ਕਾਇਆ ਜਾਂ ਸਰੀਰ ਅੰਦਰ ਚੇਤਨ ਤੱਤ ਨੂੰ ਆਤਮਾ ਭਾਵ ਜੀਵ ਕਹਿੰਦੇ ਹਨ।

ਗੁਰਬਾਣੀ ਅਨੁਸਾਰ ਪਰਮਾਤਮਾ ਜੀਵਾਤਮਾ ਵਿੱਚ ਹੈ ਇਹ ਦੱਸਿਆ ਹੈ ਕਿ ਸਰੀਰ ਪੰਜ ਤੱਤਾਂ ਤੋਂ ਮਿਲ ਕੇ ਬਣਿਆ ਹੈ। ਸ਼੍ਰੀ ਗੁਰ ਨਾਨਕ ਪ੍ਰਕਾਸ਼ ਅਨੁਸਾਰ ਜੀਵ ਜਲ ਨਾਲ ਭਰੇ ਘੜੇ ਦੇ ਸਮਾਨ ਹੈ। ਜਿਸ ਦੇ ਟੁੱਟਣ ਨਾਲ ਜਲ ਰੂਪੀ ਬ੍ਰਹਮ (ਆਤਮਾ) ਜਲ ਸਮੂਹ ਵਿੱਚ ਲੀਨ ਹੋ ਕੇ ਇੱਕ ਰੂਪ ਹੋ ਜਾਂਦਾ ਹੈ। ਜੀਵ ਅੰਦਰੋਂ ਜਦੋਂ ਹੰਕਾਰ ਭਾਵ ਹਉਮੈ ਦਾ ਨਾਸ਼ ਹੁੰਦਾ ਹੈ। ਜੀਵਾਤਮਾ ਪਰਮਾਤਮਾ ਨਾਲ ਅਭੇਦ ਹੋ ਕੇ ਪੂਰਨਤਾ ਹਾਸਲ ਕਰ ਸਕਦੀ ਹੈ। ਮਨੁੱਖ ਅੰਦਰ ਹੀ ਪਰਮਾਤਮਾ ਦਾ ਨਿਵਾਸ ਹੈ।

ਭਾਰਤੀ ਸੰਸਕ੍ਰਿਤੀ ਅਤੇ ਸਿੱਖ ਧਰਮ ਵਿੱਚ ਗੁਰੂ ਨੂੰ ਵਿਸ਼ੇਸ਼ ਮਹੱਤਵ ਦਿੱਤਾ ਗਿਆ ਹੈ। ਜੀਵ ਦੇ ਹੋਂਦ ਵਿੱਚ ਗੁਰੂ ਹੀ ਮੁੱਖ ਸਾਧਨ ਹੈ। ਸ਼੍ਰੀ ਗੁਰ ਨਾਨਕ ਪ੍ਰਕਾਸ਼ ਵਿੱਚ ਗੁਰੂ ਨੂੰ ਸੁੱਖਾਂ ਦਾ ਘਰ ਮੰਨਿਆ ਗਿਆ ਹੈ। ਗੁਰੂ ਦੁਆਰਾ ਜੀਵ ਪਰਮਾਤਮਾ ਨੂੰ ਪ੍ਰਾਪਤ ਕਰ ਲੈਂਦਾ ਹੈ। ਪ੍ਰਾਚੀਨ ਯੁੱਗ ਵਿੱਚ ਗੁਰੂ ਨੂੰ ਸਿੱਖਿਆ, ਜੀਵਨ, ਭਾਵ ਮੁਕਤੀ ਦਾਤਾ ਸਮਝਿਆ ਜਾਂਦਾ ਸੀ। ਸਿੱਖ ਧਰਮ ਵਿੱਚ ਗੁਰੂ ਨੂੰ ਪਰਮਾਤਮਾ ਰੂਪ ਸਵਿਕਾਰਿਆ ਗਿਆ ਹੈ।

ਗੁਰਬਾਣੀ ਵਿੱਚ ਗੁਰੂ ਨੂੰ ਭਵ-ਸਾਗਰ ਵਿੱਚੋਂ ਪਾਰ ਲੰਘਾਉਣ ਵਾਲੇ ਜ਼ਹਾਜ ਨਾਲ ਤੁਲਨਾਇਆ ਹੈ। ਮਨੁੱਖ ਭਾਵ ਜੀਵ ਲਈ ਗੁਰੂ ਦਾ ਗਿਆਨ ਸੂਰਜ ਦੇ ਪ੍ਰਕਾਸ਼ ਸਮਾਨ ਹੈ। ਜਿਸ ਨਾਲ ਜੀਵ ਦਾ ਅੰਦਰਲਾ ਹਨ੍ਹੇਰ ਖ਼ਤਮ ਹੋ ਜਾਂਦਾ ਹੈ। ਗੁਰੂ ਦਾ ਸ਼ਾਬਦਿਕ ਅਰਥ ਹੈ ਭਰਾ, ਪਿਤਾ, ਵੱਡਾ, ਪਾਰਬ੍ਰਹਮ, ਉਸਤਾਦ ਜਾਂ ਵਿਦਿਆ ਪ੍ਰਦਾਨ ਕਰਨ ਵਾਲਾ ਆਦਿ। ਸਿੱਖ ਧਰਮ ਵਿੱਚ ਗੁਰੂ ਸਿੱਖਿਆ ਦਾ ਕੇਂਦਰੀ ਧੁਰਾ ਹੈ। ਭਾਈ ਸੰਤੋਖ ਸਿੰਘ ਨੇ ਅਗਿਆਨ ਦਾ ਨਾਸ਼ ਤੇ ਗਿਆਨ ਦਾ ਪ੍ਰਕਾਸ਼ ਕਰਨ ਵਾਲੇ ਨੂੰ ਗੁਰੂ ਕਿਹਾ ਹੈ। ਪਰਮਾਤਮਾ ਤੇ ਜੀਵ ਵਿਚਾਲੇ ਗੁਰੂ ਵਿਚੋਲੇ ਸਮਾਨ ਹੈ। ਭਾਈ ਸੰਤੋਖ ਸਿੰਘ ਅਨੁਸਾਰ ਪਹਿਲੀ ਤੋਂ ਦਸਵੀਂ ਪਾਤਸ਼ਾਹੀ ਦਾ ਇੱਕੋ ਹੀ ਗੁਰੂ ਅਕਾਲ ਪੁਰਖ ਪਰਮਾਤਮਾ ਹੈ। ਗੁਰਮਤਿ ਮਾਰਗ ਵਿੱਚ ਗੁਰੂ ਦਾ ਸਥਾਨ ਸ਼੍ਰੋਮਣੀ ਦਰਜਾ ਰੱਖਦਾ ਹੈ। ਗੁਰੂ ਨੂੰ ਪੱਥ ਪ੍ਰਦਰਸ਼ਕ ਕਿਹਾ ਗਿਆ ਹੈ। ਚਾਹੇ ਕਿੰਨੇ ਚੰਦ ਸੂਰਜ ਦੀ ਰੋਸ਼ਨੀ ਹੋਵੇ ਪਰ ਗੁਰੂ ਬਿਨਾਂ ਹਨ੍ਹੇਰ ਹੁੰਦਾ ਹੈ। ਅਸਲ ਗੁਰੂ ਹੀ ਜੀਵ ਨੂੰ ਪਰਮਾਤਮਾ ਨਾਲ ਮਿਲਾਉਂਦਾ ਹੈ।

ਪੰਜਵੇਂ ਅਧਿਆਇ ਵਿੱਚ ਸ਼੍ਰੀ ਗੁਰ ਨਾਨਕ ਪ੍ਰਕਾਸ਼ ਅਨੁਸਾਰ ਧਰਮ ਸਾਧਨਾ ਬਾਰੇ ਵਿਚਾਰ ਚਰਚਾ ਹੈ। ਮਨੁੱਖੀ ਜੀਵਨ ਨੂੰ ਬਦਲਣ ਲਈ ਧਰਮ ਸਾਧਨਾ ਦਾ ਬਹੁਤ ਮਹੱਤਵ ਹੈ। ਪਰਮਾਤਮਾ ਦੀ ਪ੍ਰਾਪਤੀ ਲਈ ਸਾਧਕ ਨੂੰ ਕਈ ਪ੍ਰਕਾਰ ਦੇ ਯਤਨ ਕਰਨੇ ਪੈਂਦੇ ਹਨ। ਇੰਨ੍ਹਾਂ ਯਤਨਾਂ ਨੂੰ ਹੀ ਸਾਧਨਾ ਕਿਹਾ ਜਾਂਦਾ ਹੈ। ਸਾਧਨਾ ਸਹਿਜ ਅਵਸਥਾ ਤੇ ਸ਼ੁੱਧ ਮਨ ਨਾਲ ਕੀਤੀ ਜਾਂਦੀ ਹੈ। ਸਾਧਨਾ

ਦੇ ਚਾਰ ਮਾਰਗ (ਕਰਮ, ਗਿਆਨ, ਯੋਗ ਤੇ ਭਗਤੀ ਮਾਰਗ) ਨੂੰ ਅਧਾਰ ਮੰਨਿਆ ਜਾਂਦਾ ਹੈ। ਧਰਮ ਸਾਧਨਾ ਲਈ ਨਾਮ ਸਿਮਰਨ, ਸੇਵਾ,ਸੰਗਤ ਅਤੇ ਸਦਾਚਾਰਿਕ ਗੁਣ ਮੁੱਖ ਹਨ। ਸ਼੍ਰੀ ਗੁਰ ਨਾਨਕ ਪ੍ਰਕਾਸ਼ ਅਨੁਸਾਰ ਧਰਮ ਸਾਧਨਾ ਦੇ ਕੁਝ ਸੰਕਲਪਾਂ ਤੇ ਚਾਨਣਾ ਪਾਇਆ ਗਿਆ ਹੈ। ਭਗਤੀ ਸਾਧਨਾ ਲਈ ਨਾਮ-ਸਿਮਰਨ ਇੱਕ ਵਿਧੀ ਹੈ। ਨਾਮ ਸਿਮਰਨ ਦੀ ਲੰਮੀ ਪਰੰਪਰਾ ਹੈ। ਸ਼੍ਰੀ ਗੁਰ ਨਾਨਕ ਪ੍ਰਕਾਸ਼ ਵਿੱਚ ਨਾਮ-ਸਿਮਰਨ ਤੇ ਨਾਮ ਦੀ ਮਹਿਮਾ ਨੂੰ ਅਮੁੱਲ ਤੇ ਸ੍ਰੇਸ਼ਟ ਦਰਸਾਇਆ ਗਿਆ ਹੈ। ਉਸ ਪਰਮਾਤਮਾ ਨੂੰ ਸਵਾਸ-ਸਵਾਸ ਯਾਦ ਕਰਨਾ ਹੀ ਸਿਮਰਨ ਹੈ। ਧਾਰਮਿਕ ਅਧਿਐਨ ਵਿੱਚ ਨੌ ਪ੍ਰਕਾਰ ਦੀ ਭਗਤੀ ਦਾ ਜ਼ਿਕਰ ਮਿਲਦਾ ਹੈ। ਗਿਆਨੀ ਗਿਆਨ ਸਿੰਘ ਨੇ ਪੰਥ ਪ੍ਰਕਾਸ਼ ਵਿੱਚ ਚਾਰ ਪ੍ਰਕਾਰ ਦੀ ਭਗਤੀ ਸੇਵਾ ਭਾਵਨਾ, ਪੁੱਤਰ-ਭਾਵਨਾ, ਇਸਤਰੀ-ਭਾਵਨਾ ਤੇ ਸਖਾ-ਭਾਵਨਾ ਨੂੰ ਪਰਵਾਨਿਆ ਗਿਆ ਹੈ। ਸਿੱਖ ਧਰਮ ਅਨੁਸਾਰ ਸਿਮਰਤ ਤੋਂ ਭਾਵ ਵਾਹਿਗੁਰੂ ਨੂੰ ਯਾਦ ਕਰਨਾ ਹੈ। ਭਾਈ ਸੰਤੋਖ ਸਿੰਘ ਨੇ ਵੀ ਨਾਮ-ਸਿਮਰਨ ਨੂੰ ਪ੍ਰਮੁੱਖਤਾ ਦਿੱਤੀ ਹੈ। ਨਾਮ-ਸਿਮਰਨ ਨਾਲ ਜੰਮਣ ਮਰਨ ਤੋਂ ਛੁਟਕਾਰਾ ਮਿਲ ਸਕਦਾ ਹੈ।

ਇਸ ਖੋਜ ਕਾਰਜ ਵਿੱਚ ਸੇਵਾ ਦੇ ਅਰਥ ਟਹਿਲ, ਚਾਕਰੀ, ਨੌਕਰੀ, ਉਪਾਸਨਾ ਤੇ ਲੋਕ ਸੇਵਾ ਦੱਸੇ ਗਏ ਹਨ। ਗੁਰਮਤਿ ਵਿਚ ਸੇਵਾ ਦਾ ਖੇਤਰ ਵਿਸ਼ਾਲ ਹੈ। ਸੇਵਾ ਗੁਰੂ ਤੋਂ ਲੈ ਕੇ ਜੀਵਾਂ ਦੀ ਸੇਵਾ ਤੱਕ ਵਿਆਪਕ ਹੈ। ਸੇਵਾ ਦੀਆਂ ਤਿੰਨ ਕਿਸਮਾਂ (ਗੁਰੂ ਸੇਵਾ, ਸੰਤ ਸੇਵਾ ਤੇ ਪ੍ਰਭੂ ਸੇਵਾ) ਮੰਨੀਆਂ ਗਈਆਂ ਹਨ। ਮਨੁੱਖਤਾ ਦੀ ਸੇਵਾ ਵੀ ਪਰਮਾਤਮਾ ਦੀ ਸੇਵਾ ਹੈ। ਗੁਰਬਾਣੀ ਵਿਚ ਚਾਰ ਪ੍ਰਕਾਰ ਦੀ ਸੇਵਾ ਤਨ ਨਾਲ, ਮਨ ਨਾਲ, ਧਨ ਨਾਲ ਅਤੇ ਸੁਰਤਿ ਨਾਲ ਕਰਨ ਦਾ ਵਰਨਨ ਮਿਲਦਾ ਹੈ। ਨਿਸ਼ਕਾਮ ਸੇਵਾ ਨਾਲ ਆਤਮਾ ਨਿਰਮਲ ਹੋ ਜਾਂਦੀ ਹੈ। ਭਾਈ ਘਨੱਈਆਂ ਦੇ ਚਰਿਤ੍ਰ ਵਿੱਚ ਮਨੁੱਖੀ ਸੇਵਾ ਦਾ ਉੱਤਮ ਨਮੂਨਾ ਵੇਖਿਆ ਜਾ ਸਕਦਾ ਹੈ। ਸ਼੍ਰੀ ਗੁਰ ਨਾਨਕ ਪ੍ਰਕਾਸ਼ ਵਿੱਚ ਸੇਵਾ ਦਾ ਮਹੱਤਵ ਦੱਸਦੇ ਹੋਏ ਕਿਹਾ ਗਿਆ ਹੈ ਕਿ ਹਜ਼ਾਰਾਂ ਸਾਲ ਦੇ ਤਪ ਨਾਲੋਂ ਸੇਵਾ ਦਾ ਫ਼ਲ ਕਿਤੇ ਉੱਤਮ ਹੈ।

ਸਤਿ ਸੰਗਤ ਤੋਂ ਭਾਵ ਹੈ ਸੱਚਾ, ਸ੍ਰੇਸ਼ਟ ਜਾਂ ਉੱਤਮ ਸਾਥ ਜੋ ਕਿ ਚੰਗੇ ਭਾਵ ਭਲੇ ਪੁਰਸ਼ਾਂ ਦੁਆਰਾ ਪ੍ਰਾਪਤ ਹੁੰਦਾ ਹੈ। ਮਨੁੱਖੀ ਵਿਕਾਸ ਦੇ ਚਾਰ ਮੁੱਖ ਅੰਗ ਮੰਨੇ ਗਏ ਹਨ ਮਾਤਾ-ਪਿਤਾ, ਸੰਗਤ, ਗੁਰੂ ਤੇ ਵਿਦਿਆ ਗਿਆਨ। ਗੁਰਮਤਿ ਵਿੱਚ ਸਾਧ-ਸੰਗਤ ਦਾ ਵਿਸ਼ੇਸ਼ ਮਹੱਤਵ ਹੈ। ਸਿੱਖਾਂ ਦੇ ਇੱਕਠ ਨੂੰ ਸੰਗਤ ਕਿਹਾ ਜਾਂਦਾ ਹੈ। ਸਾਧ-ਸੰਗਤ ਦਾ ਸੰਬੰਧ ਅਧਿਆਤਮਿਕ ਸਾਧਨਾ ਨਾਲ ਹੈ। ਸੁਖਮਨੀ ਸਾਹਿਬ ਦੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਸਾਧ ਸੰਗਤ ਮਨੁੱਖ ਨੂੰ ਚੰਗੇ ਭਾਗਾਂ ਨਾਲ ਪ੍ਰਾਪਤ ਹੁੰਦੀ ਹੈ।ਸੰਗਤ ਸੰਸਥਾ ਦੀ ਨੀਂਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰੱਖੀ। ਉਸ ਤੋਂ ਬਾਅਦ ਸ੍ਰੀ ਗੁਰੂ ਅੰਗਦ ਦੇਵ ਜੀ ਤੇ ਸ੍ਰੀ ਗੁਰੂ ਅਮਰਦਾਸ ਨੇ ਸੰਗਤ ਦੀ ਰੀਤੀ ਨੂੰ ਅੱਗੇ

ਤੋਰਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਗਤ ਨੂੰ ਅਮਲੀ ਰੂਪ ਦੇ ਕੇ ਖ਼ਾਲਸਾ ਪੰਥ ਦੀ ਸਾਜਨਾ ਕੀਤੀ। ਸ਼੍ਰੀ ਗੁਰ ਨਾਨਕ ਪ੍ਰਕਾਸ਼ ਵਿੱਚ ਸੰਗਤ ਦੀ ਬੇਅੰਤ ਕੀਰਤੀ ਗਾਈ ਗਈ ਹੈ। ਸੰਗਤ ਮਨੁੱਖ ਨੂੰ ਆਤਮਿਕ ਉਨਤੀ ਦੇ ਮਾਰਗ ਤੇ ਤੋਰ ਦਿੰਦੀ ਹੈ। ਸਾਧ ਸੰਗਤ ਮਿਲ ਕੇ ਪਰਮਾਤਮਾ ਦਾ ਜਸ ਗਾਇਨ ਕਰਦੀ ਹੈ। ਜਿਸ ਨਾਲ ਮਨੁੱਖ ਦੇ ਮਨ ਦੀ ਮੈਲ ਧੋਤੀ ਜਾਂਦੀ ਹੈ ਤੇ ਗਿਆਨ ਦਾ ਪ੍ਰਕਾਸ਼ ਹੁੰਦਾ ਹੈ।

ਇਸ ਅਧਿਆਇ ਵਿੱਚ ਸਦਾਚਾਰਿਕ ਗੁਣਾਂ ਬਾਰੇ ਵੀ ਵਿਚਾਰ ਚਰਚਾ ਕੀਤੀ ਗਈ ਹੈ। ਸਦਾਚਾਰ ਤੋਂ ਭਾਵ ਚੰਗਾ ਆਚਾਰ ਹੈ, ਚੰਗਾ ਚਲਣ ਜਾਂ ਚੰਗਾ ਵਿਵਹਾਰ। ਗੁਰਬਾਣੀ ਅਨੁਸਾਰ ਨਾਮ ਜਪਣਾ, ਕਿਰਤ ਕਰਨੀ ਤੇ ਵੰਡ ਛਕਣ ਨੂੰ ਪ੍ਰਮੁੱਖ ਸਦਾਚਾਰਿਕ ਗੁਣ ਕਿਹਾ ਹੈ। ਸ਼੍ਰੀ ਗੁਰ ਨਾਨਕ ਪ੍ਰਕਾਸ਼ ਤੋਂ ਅਧਿਆਤਮਿਕਤਾ ਦੇ ਨਾਲ-ਨਾਲ ਵਿਵਹਾਰਿਕ ਜੀਵਨ ਨੂੰ ਇਕਸੁਰ ਕਰਨ ਲਈ ਅਗਵਾਈ ਮਿਲਦੀ ਹੈ। ਇਸ ਗ੍ਰੰਥ ਵਿੱਚ ਪਰਲੋਕ ਦੀ ਥਾਂ ਸਮਾਜਿਕ ਜੀਵਨ ਨੂੰ ਉੱਚੇਰਾ, ਸੁੱਚੇਰਾ ਤੇ ਚੰਗੇਰਾ ਬਣਾਉਣ ਲਈ ਸੇਧ ਪ੍ਰਾਪਤ ਹੁੰਦੀ ਹੈ। ਮਨੁੱਖ ਵਿੱਚ ਨਿਮਰਤਾ, ਮਿੱਠਾ ਬੋਲਣਾ, ਉਦਮ, ਸੇਵਾ, ਸਬਰ ਸੰਤੋਖ, ਸੰਜਮ, ਸ਼ਹਿਨਸ਼ੀਲਤਾ, ਖਿਮਾ, ਦਇਆ-ਦਾਨ, ਪਰਉਪਕਾਰੀ ਤੇ ਸਮਬੁੱਧੀ ਆਦਿ ਸਦਾਚਾਰਿਕ ਗੁਣ ਹੋਣੇ ਚਾਹੀਦੇ ਹਨ। ਸਦਾਚਾਰਿਕ ਗੁਣਾਂ ਨੂੰ ਗ੍ਰਹਿਣ ਕਰਨ ਲਈ ਆਪਣਾ ਜੀਵਨ ਗੁਰੂ ਅੱਗੇ ਸਮਰਪਣ ਕਰਨਾ, ਪਰਮਾਤਮਾ ਦੀ ਭਗਤੀ ਕਰਨਾ, ਲੋੜਵੰਦਾਂ ਦੀ ਸੇਵਾ ਕਰਨੀ, ਸੁੱਚੇ-ਸੱਚੇ ਲੋਕਾਂ ਦੀ ਸੰਗਤ ਕਰਨੀ ਅਤਿ ਜ਼ਰੂਰੀ ਹੈ। ਭਾਈ ਸੰਤੋਖ ਸਿੰਘ ਅਨੁਸਾਰ ਮਨੁੱਖ ਦਾ ਨਿਮਰਤਾ ਭਰਪੂਰ, ਸ਼ਹਿਣਸ਼ੀਲ, ਸੱਚਾ, ਸਾਂਤ ਭਾਵ ਸੰਤੋਖ ਵਾਲਾ, ਖਿਮਾ ਕਰਨ ਵਾਲਾ ਤੇ ਕਿਰਤੀ ਹੋਣਾ ਜ਼ਰੂਰੀ ਹੈ।

## ਘੋਸ਼ਣਾ ਪੱਤਰ

ਮੈਂ ਬਿਆਨ ਕਰਦੀ ਹਾਂ ਕਿ **'ਸ੍ਰੀ ਗੁਰੂ ਨਾਨਕ ਪ੍ਰਕਾਸ਼ : ਇਕ ਧਰਮ ਸ਼ਾਸਤਰੀ ਅਧਿਐਨ'** ਵਿਸ਼ੇ ਉੱਤੇ ਲਿਖੇ ਇਸ ਖੋਜ-ਪ੍ਰਬੰਧ ਵਿਚਲਾ ਖੋਜ-ਕਾਰਜ ਨਿਰੋਲ ਰੂਪ ਵਿੱਚ ਮੇਰਾ ਆਪਣਾ ਹੈ। ਇਸ ਵਿੱਚ ਕੋਈ ਵੀ ਅਜਿਹਾ ਖੋਜ-ਕਾਰਜ ਸ਼ਾਮਿਲ ਨਹੀਂ ਹੈ, ਜਿਸ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵੱਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿੱਤਾ ਗਿਆ ਹੋਵੇ।

*ਨਿਗਰਾਨ*
**ਡਾ. ਗੁਰਨੇਕ ਸਿੰਘ**

*ਖੋਜਾਰਥੀ*
**ਦਰਸ਼ਨ ਕੌਰ**

# ਪ੍ਰਸਤਾਵਨਾ

ਸੰਸਾਰ ਵਿੱਚ ਪਰਮਾਤਮਾ ਨਾਲ ਜੁੜਨ ਲਈ ਮਨੁੱਖ ਦੀ ਜਗਿਆਸਾ ਆਦਿ ਕਾਲ ਤੋਂ ਪ੍ਰਚਲਿਤ ਰਹੀ ਹੈ। ਇਸ ਲਈ ਮਨੁੱਖ ਨੇ ਪਰਮਾਤਮਾ ਦੀ ਪ੍ਰਾਪਤੀ ਲਈ ਨਿੱਜੀ ਰੂਪ ਵਿੱਚ ਅਤੇ ਸਮੂਹਿਕ ਰੂਪ ਵਿੱਚ ਤਰ੍ਹਾਂ-ਤਰ੍ਹਾਂ ਦੇ ਯਤਨ ਕੀਤੇ ਹਨ। ਪਰਮਾਤਮਾ ਦੀ ਪ੍ਰਾਪਤੀ ਲਈ ਮਨੁੱਖ ਨੇ ਧਰਮ ਨੂੰ ਗ੍ਰਹਿਣ ਕੀਤਾ ਹੈ ਤਾਂ ਕਿ ਪਰਮਾਤਮਾ ਦੀ ਪ੍ਰਾਪਤੀ ਨਾਲ ਜੀਵਨ ਦੀਆਂ ਅੰਤਿਮ ਸੱਚਾਈਆਂ ਨੂੰ ਜਾਣਿਆ ਜਾ ਸਕੇ। ਇਸ ਲਈ ਮਨੁੱਖ ਅਧਿਆਤਮਿਕਤਾ ਦੇ ਮਾਰਗ ਤੁਰਿਆ ਹੋਇਆ ਹੈ, ਤਾਂ ਜੋ ਪਰਮਾਤਮਾ ਨੂੰ ਪੂਜਾ-ਪਾਠ, ਸਮਾਧੀ ਜਾਂ ਧਿਆਨ ਰਾਹੀਂ ਪ੍ਰਾਪਤ ਕੀਤਾ ਜਾ ਸਕੇ। ਮਨੁੱਖ ਦੇ ਅਨੰਤ ਯਤਨਾਂ ਅਤੇ ਧਾਰਮਿਕ ਕੋਸ਼ਿਸ਼ਾਂ ਦੇ ਬਾਵਜੂਦ ਪਰਮਾਤਮਾ ਨੂੰ ਪਾਉਣ ਦਾ ਵਰਤਾਰਾ ਅਬੁੱਝ ਅਤੇ ਰਹੱਸਮਈ ਬਣਿਆ ਹੋਇਆ ਹੈ। ਸੰਸਾਰ ਦੇ ਇਤਿਹਾਸ ਅੰਦਰ ਝਾਤੀ ਮਾਰਦਿਆਂ ਇਕ ਗੱਲ ਸਾਹਮਣੇ ਆਉਂਦੀ ਹੈ ਕਿ ਵੱਖ-ਵੱਖ ਧਰਮਾਂ ਨੇ ਪਰਮਾਤਮਾ ਨੂੰ ਪਾਉਣ ਲਈ ਵੱਖੋ-ਵੱਖਰੇ ਮਾਰਗ ਦਰਸਾਏ ਹਨ।

ਪ੍ਰਾਚੀਨ ਕਾਲ ਤੋਂ ਵਰਤਮਾਨ ਕਾਲ ਤੱਕ ਵੱਖ-ਵੱਖ ਧਰਮਾਂ ਦੇ ਧਾਰਮਿਕ ਗ੍ਰੰਥ ਉਪਲਬਧ ਹਨ। ਹਿੰਦੂ ਧਰਮ ਦੇ ਵੇਦ, ਪੁਰਾਣ, ਉਪਨਿਸ਼ਦ, ਮਹਾਂਭਾਰਤ ਤੇ ਗੀਤਾ ਪਰਮਾਤਮਾ ਦੀ ਪ੍ਰਾਪਤੀ ਲਈ ਪ੍ਰੇਰਿਤ ਕਰਦੇ ਹਨ। ਜੈਨ ਧਰਮ ਦੇ ਗ੍ਰੰਥਾਂ ਵਿਚ ਪੰਜ ਮਹਾਂਵਰਤ, ਅਹਿੰਸਾ, ਆਚਰਣ ਉਸਾਰੀ, ਕਰਮ ਫਲ ਦੇ ਸਿਧਾਂਤ ਆਦਿ ਮਨੁੱਖ ਨੂੰ ਪਰਮਾਤਮਾ ਦੀ ਪ੍ਰਾਪਤੀ ਦਾ ਮਾਰਗ ਦਰਸਾਉਂਦੇ ਹਨ। ਬੁੱਧ ਧਰਮ ਦਾ ਗ੍ਰੰਥ 'ਧੱਮਪਦ' ਮਨੁੱਖਤਾ ਨੂੰ ਨਿਰਵਾਣ ਵੱਲ ਤੋਰਦਾ ਹੈ। ਯਹੂਦੀ ਅਤੇ ਈਸਾਈ ਧਰਮ ਦੇ ਪੁਰਾਣਾ ਅਤੇ ਨਵੇਂ ਨੇਮ ਮਨੁੱਖ ਨੂੰ ਸਿੱਖਿਅਤ ਕਰਕੇ ਤ੍ਰੀਏਕਤਾ ਦੇ ਸਿਧਾਂਤ ਰਾਹੀਂ ਮਾਰਗ ਦਰਸ਼ਨ ਕਰਦੇ ਹਨ। ਇਸਲਾਮ ਧਰਮ ਦਾ 'ਕੁਰਾਨ' ਮਨੁੱਖ ਨੂੰ ਈਮਾਨ, ਸਹਿਨਸ਼ੀਲਤਾ, ਨਿਰਮਤਾ ਰਾਹੀਂ ਅੱਲਾ ਨਾਲ ਜੋੜਨ ਦੇ ਯਤਨ ਹਨ। ਉਕਤ ਧਰਮਾਂ ਦੀ ਪਰਮਾਤਮਾ ਸੰਬੰਧੀ ਵਿਲੱਖਣ ਦੇਣ ਹੈ। ਸਿੱਖ ਧਰਮ ਅੰਧ-ਵਿਸ਼ਵਾਸ ਨੂੰ ਨਹੀਂ ਮੰਨਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਿੱਤਾ ਮੂਲ ਮੰਤਰ ਦਾ ਸਿਧਾਂਤ ਮਨੁੱਖਤਾ ਨੂੰ ਪਰਮਾਤਮਾ ਦੀ ਆਦਿ ਜੁਗਾਦਿ ਸਰਵ ਉੱਚਤਾ ਦਾ ਗਿਆਨ ਪ੍ਰਦਾਨ ਕਰਦਾ ਹੈ। ਦੂਸਰੇ ਧਰਮਾਂ ਦੇ ਮੁਕਾਬਲੇ ਸਿੱਖ ਧਰਮ ਦਾ ਇਤਿਹਾਸ ਨਿਵੇਕਲਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰੂ ਸਾਹਿਬਾਨ ਦੇ ਉਪਦੇਸ਼ ਅਮਲ ਤੇ ਕੇਂਦਰਿਤ ਹਨ। ਅੱਜ ਦੇ ਮਸ਼ੀਨੀ ਜਾਂ ਪਦਾਰਥਵਾਦੀ ਯੁੱਗ ਵਿੱਚ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਗਿਆਨ ਵਿਗਿਆਨ ਦੇ ਖੇਤਰ 'ਚ ਖਰੀ ਉੱਤਰਦੀ ਹੈ, ਜਿਸ ਕਰਕੇ ਗੁਰੂ ਸਾਹਿਬਾਨ ਦਾ

ਜੀਵਨ ਮਨੁੱਖਤਾ ਲਈ ਪ੍ਰੇਰਨਾ ਸਰੋਤ ਹੈ। ਗੁਰੂ ਸਾਹਿਬਾਨ ਦੀ ਮਹਾਨਤਾ ਤੋਂ ਪ੍ਰੇਰਿਤ ਹੁੰਦੇ ਹੋਏ ਭਾਈ ਸੰਤੋਖ ਸਿੰਘ ਨੇ ਸ੍ਰੀ ਗੁਰ ਨਾਨਕ ਪ੍ਰਕਾਸ਼ ਅਤੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਰਚਨਾ ਕੀਤੀ। ਭਾਈ ਸੰਤੋਖ ਸਿੰਘ ਨੇ ਗੁਰੂ ਇਤਿਹਾਸ ਨੂੰ ਇਕੱਤਰ ਕਰਨ ਲਈ ਲਗਭਗ 30 ਸਾਲ ਅਣਥੱਕ ਮਿਹਨਤ ਕੀਤੀ। ਸਿੱਖ ਇਤਿਹਾਸ ਤੇ ਗੁਰਬਾਣੀ ਚਿੰਤਨ ਪ੍ਰਤੀ ਉਨ੍ਹਾਂ ਦੀ ਨਿਰੰਤਰ ਘਾਲਣਾ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਸ੍ਰੀ ਗੁਰ ਨਾਨਕ ਪ੍ਰਕਾਸ਼ ਤੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਤੁਲਨਾ ਹਿੰਦੂ ਇਤਿਹਾਸ ਦੇ ਪ੍ਰਸਿੱਧ ਗ੍ਰੰਥਾਂ ਰਾਮਾਇਣ ਤੇ ਮਹਾਂਭਾਰਤ ਨਾਲ ਕੀਤੀ ਜਾ ਸਕਦੀ ਹੈ। ਦੋਹਾਂ ਗ੍ਰੰਥਾਂ ਦੀ ਮਹਾਨਤਾ ਇੱਥੋਂ ਸਿੱਧ ਹੋ ਜਾਂਦੀ ਕਿ ਸਿੱਖ ਧਰਮ ਦੇ ਇਤਿਹਾਸਕਾਰ ਵੀ ਆਪਣੀਆਂ ਰਚਨਾਵਾਂ ਵਿੱਚ ਉਨ੍ਹਾਂ ਦੇ ਗ੍ਰੰਥਾਂ ਵਿਚੋਂ ਹਵਾਲੇ ਲੈਂਦੇ ਹਨ। ਭਾਈ ਸੰਤੋਖ ਸਿੰਘ ਦੇ ਬੇਮਿਸਾਲ ਕਾਰਜ ਨੂੰ ਵਿਭਿੰਨ ਪੱਖਾਂ ਤੋਂ ਸਮਝਣ ਲਈ ਇਹ ਖੋਜ-ਕਾਰਜ ਵਿਉਂਤਿਆ ਗਿਆ ਹੈ।

ਇਸ ਖੋਜ-ਕਾਰਜ ਦਾ ਪਹਿਲਾ ਅਧਿਆਇ ਮਹਾਂਕਵੀ ਸੰਤੋਖ ਸਿੰਘ ਦਾ ਜੀਵਨ ਤੇ ਰਚਨਾ ਹੈ। ਇਸ ਅਧਿਆਇ ਵਿੱਚ ਭਾਈ ਸੰਤੋਖ ਸਿੰਘ ਦੇ ਜੀਵਨ ਦੇ ਅਹਿਮ ਪੱਖ ਉਜਾਗਰ ਕੀਤੇ ਹਨ। ਇਸ ਵਿੱਚ ਭਾਈ ਸੰਤੋਖ ਦੀ ਜਨਮ-ਮਿਤੀ ਸਪਸ਼ਟ ਕਰਦਿਆਂ ਉਨ੍ਹਾਂ ਦੇ ਮਾਤਾ-ਪਿਤਾ ਬਾਰੇ ਜਾਣਕਾਰੀ ਦਿੱਤੀ ਹੈ। ਉਨ੍ਹਾਂ ਦੀ ਵਿੱਦਿਆ ਪ੍ਰਾਪਤੀ ਦੇ ਸਮੁੱਚੇ ਜੀਵਨ ਹਾਲਤ ਨੂੰ ਪੇਸ਼ ਕੀਤਾ ਹੈ। ਉਨ੍ਹਾਂ ਦੇ ਬੂੜੀਆਂ ਨਿਵਾਸ ਦਾ ਵਰਨਨ ਕਰਦਿਆਂ ਹੋਇਆ, ਵਿਆਹ ਤੇ ਪਰਿਵਾਰ ਸੰਬੰਧੀ ਜਾਣਕਾਰੀ ਮਿਲਦੀ ਹੈ। ਉਨ੍ਹਾਂ ਦੇ ਕੈਥਲ ਨਿਵਾਸ ਸਮੇਂ ਦੀਆਂ ਪ੍ਰਸਥਿਤੀਆਂ ਨੂੰ ਬਿਆਨ ਕੀਤਾ ਗਿਆ ਹੈ। ਜਿਸ ਤੋਂ ਭਾਈ ਸੰਤੋਖ ਸਿੰਘ ਜੀ ਦਾ ਵਿਅਕਤੀਤੱਵ ਉੱਭਰ ਕੇ ਸਾਹਮਣੇ ਆਉਂਦਾ ਹੈ। ਭਾਈ ਸੰਤੋਖ ਸਿੰਘ ਨੇ ਆਪਣੇ ਜੀਵਨ ਕਾਲ ਵਿਚ ਨਾਮ ਕੋਸ਼, ਸ੍ਰੀ ਗੁਰ ਨਾਨਕ ਪ੍ਰਕਾਸ਼, ਗਰਬ ਗੰਜਨੀ ਟੀਕਾ, ਬਾਲਮੀਕੀ ਰਾਮਾਇਣ (ਅਨੁਵਾਦ), ਆਤਮ-ਪੁਰਾਣ ਟੀਕਾ ਅਤੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਰਚਨਾ ਕੀਤੀ ਹੈ। ਉਨ੍ਹਾਂ ਦੇ ਅਕਾਲ ਚਲਾਣੇ ਦਾ ਜ਼ਿਕਰ ਕਰਦਿਆਂ ਹੋਇਆਂ ਉਨ੍ਹਾਂ ਦੀਆਂ ਹੋਰ ਰਚਨਾਵਾਂ ਦੀ ਵਿਲੱਖਣਤਾ ਵੀ ਦਰਸਾਈ ਗਈ ਹੈ। ਮਹਾਂਕਵੀ ਸੰਤੋਖ ਸਿੰਘ ਦੇ ਉਪਰੋਕਤ ਗ੍ਰੰਥਾਂ ਦੀ ਸੰਖੇਪ ਜਾਣਕਾਰੀ ਦਿੰਦਿਆਂ ਹੋਇਆਂ ਇਸ ਖੋਜ-ਕਾਰਜ ਵਿਚ ਸ੍ਰੀ ਗੁਰ ਨਾਨਕ ਪ੍ਰਕਾਸ਼ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ। ਸ੍ਰੀ ਗੁਰ ਨਾਨਕ ਪ੍ਰਕਾਸ਼ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਮੁੱਚਾ ਜੀਵਨ ਪੇਸ਼ ਕੀਤਾ ਹੋਇਆ ਹੈ। ਇਸ ਅਧਿਆਇ ਵਿੱਚ ਸ੍ਰੀ ਗੁਰ ਨਾਨਕ ਪ੍ਰਕਾਸ਼ ਦੀ ਰਚਨਾ ਦੇ ਸੋਮੇਂ ਲੱਭਣ ਦੀ ਕੋਸ਼ਿਸ਼ ਕੀਤੀ ਹੈ ਤਾਂ ਕਿ ਭਾਈ ਸੰਤੋਖ ਸਿੰਘ ਦੀ ਇਤਿਹਾਸਕਾਰ ਵਜੋਂ, ਮਹਾਂਕਵੀ ਵਜੋਂ, ਟੀਕਾਕਾਰ ਤੇ ਅਨੁਵਾਦਕ ਵਜੋਂ ਦੇਣ ਨੂੰ ਸਮਝਿਆ ਜਾ ਸਕੇ। ਉਨ੍ਹਾਂ ਦੇ ਇਸ ਮਹਾਂਕਾਵਿ ਦੀ ਬੋਲੀ, ਸ਼ੈਲੀ, ਛੰਦ, ਅਲੰਕਾਰ, ਰਸ, ਪ੍ਰਕਿਰਤੀ ਚਿੱਤਰਣ,

ਰੁੱਤ ਵਰਨਨ, ਯੁੱਧ ਵਰਨਨ ਅਤੇ ਹੋਰ ਵਿਭਿੰਨ ਪੱਖਾਂ ਨੂੰ ਖੋਜ ਦਾ ਅਧਾਰ ਬਣਾਇਆ ਗਿਆ ਹੈ।

ਖੋਜ-ਕਾਰਜ ਦੇ ਦੂਜੇ ਅਧਿਆਇ ਵਿੱਚ ਸ਼੍ਰੀ ਗੁਰ ਨਾਨਕ ਪ੍ਰਕਾਸ਼ ਦਾ ਮੁਢਲਾ ਸਰਵੇਖਣ ਕੀਤਾ ਗਿਆ ਹੈ। ਸ੍ਰੀ ਗੁਰੂ ਨਾਨਕ ਪ੍ਰਕਾਸ਼ ਦੇ ਮੁੱਖ ਤੌਰ ਤੇ ਦੋ ਭਾਗ ਹਨ। ਪੂਰਬਾਰਧ ਤੇ ਉਤਰਾਰਧ। ਇਨ੍ਹਾਂ ਦੋਹਾਂ ਭਾਗਾਂ ਵਿਚ ਸ੍ਰੀ ਗੁਰੂ ਨਾਨਕ ਦੇਵ ਦੇ ਸਮੁੱਚੇ ਜੀਵਨ, ਉਦਾਸੀਆਂ, ਧਾਰਮਿਕ ਯਾਤਰਾਵਾਂ ਅਤੇ ਵੱਖ-ਵੱਖ ਧਰਮ ਦੇ ਪੈਰੋਕਾਰਾਂ ਨਾਲ ਕੀਤੀਆਂ ਮੁਲਾਕਾਤਾਂ ਸ਼ਾਮਲ ਹਨ। ਇਸ ਖੋਜ-ਕਾਰਜ ਦੇ ਸਰਵੇਖਣ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਤੇ ਬਾਲ ਅਵਸਥਾ ਸਮੇਂ ਦੀਆਂ ਰੌਚਿਕ ਘਟਨਾਵਾਂ ਪੇਸ਼ ਹੋਈਆਂ ਹਨ। ਪਾਂਧਾ ਤੇ ਮੁੱਲਾਂ ਪਾਸ ਪੜ੍ਹਨ ਦੀਆਂ ਸਾਖੀਆਂ, ਮੱਝਾਂ ਚਾਰਨਾ ਤੇ ਖੇਤ ਹਰਾ ਹੋਣਾ ਆਦਿ ਦੀਆਂ ਚਮਤਕਾਰੀ ਘਟਨਾਵਾਂ ਹਨ। ਇਸ ਅਧਿਆਇ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕੁੜਮਾਈ ਅਤੇ ਵਿਆਹ ਦੀਆਂ ਰਸਮਾਂ ਪ੍ਰਸਤੁਤ ਕੀਤੀਆਂ ਗਈਆਂ ਹਨ। ਜਿਸ ਵਿਚ ਚੰਦੋਰਾਣੀ ਤੇ ਬੀਬੀ ਨਾਨਕੀ ਦੇ ਅਹਿਮ ਪੱਖ ਉੱਭਰ ਕੇ ਸਾਹਮਣੇ ਆਏ ਹਨ। ਇਸ ਖੋਜ-ਕਾਰਜ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਫ਼ਰਾਂ ਦੇ ਵੇਰਵੇ ਦਾ ਅਧਿਆਇ ਵਾਰ ਅਧਿਐਨ ਪ੍ਰਸਤੁਤ ਕੀਤਾ ਹੈ। ਜਿਸ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਲੰਕਾ ਫੇਰੀ, ਰਾਜਾ ਸ਼ਿਵਨਾਭ ਤੇ ਜੋਗੀਆਂ ਨਾਲ ਕੀਤੀਆਂ ਗੋਸ਼ਟਾਂ ਨੂੰ ਉਭਾਰਿਆ ਗਿਆ ਹੈ।

ਸ਼੍ਰੀ ਗੁਰ ਨਾਨਕ ਪ੍ਰਕਾਸ਼ ਦੇ ਉਤਰਾਰਧ ਭਾਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨੌ ਖੰਡਾਂ ਦੇ ਸਫ਼ਰ ਨੂੰ ਖੋਜ ਦਾ ਅਧਾਰ ਬਣਾਇਆ ਗਿਆ ਹੈ। ਇਸ ਅਧਿਆਇ ਵਿਚ ਸਾਖੀ ਪੰਜਾ ਸਾਹਿਬ ਦਾ ਪ੍ਰਸੰਗ, ਏਮਨਾਬਾਦ ਦੀ ਬਰਬਾਦੀ ਦੇ ਸਮੁੱਚੇ ਕਾਰਨ ਦ੍ਰਿਸ਼ਟੀਗੋਚਰ ਕੀਤੇ ਗਏ ਹਨ। ਜਿੱਥੇ ਕਿਤੇ ਕਿਤੇ ਮਿਥਿਹਾਸਿਕ ਘਟਨਾਵਾਂ ਵੀ ਆਈਆਂ ਹਨ। ਇਸ ਅਧਿਆਇ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਪਰਵਾਰ ਨੂੰ ਮਿਲਣ ਸਮੇਂ ਦੇ ਭਾਵਕ ਅਤੇ ਰੂਹਾਨੀ ਅੰਸ਼ ਉਜਾਗਰ ਕੀਤੇ ਗਏ ਹਨ। ਗੁਰੂ ਜੀ ਦਾ ਕਰਤਾਰਪੁਰ ਵਸਾਉਣਾ, ਅਜਿੱਤੇ ਰੰਧਾਵੇ ਦਾ ਉਧਾਰ, ਬਗਦਾਦ ਫ਼ੇਰੀ ਤੇ ਸੂਫੀ ਸੰਤਾਂ ਨਾਲ ਮਿਲਣੀਆਂ ਦਾ ਵਰਨਨ ਪੇਸ਼ ਕੀਤਾ ਗਿਆ ਹੈ, ਤਾਂ ਕਿ ਇਸ ਅਧਿਆਇ ਦੇ ਵਿਭਿੰਨ ਪੱਖਾਂ ਦਾ ਸਰਵੇਖਣ ਹੋ ਸਕੇ।

ਇਸ ਖੋਜ-ਕਾਰਜ ਦਾ ਤੀਜਾ ਅਧਿਆਇ ਧਰਮ ਸ਼ਾਸਤਰੀ ਪਰਿਪੇਖ : ਸਰੂਪ ਤੇ ਮਹੱਤਵ ਹੈ। ਇਸ ਅਧਿਆਇ ਵਿੱਚ ਧਰਮ ਕੀ ਹੈ? ਧਰਮ ਦਾ ਉਦੇਸ਼ ਕੀ ਹੈ? ਆਦਿ ਨੁਕਤਿਆਂ ਤੇ ਚਰਚਾ ਕੀਤੀ ਗਈ ਹੈ। ਧਰਮ ਸ਼ਾਸਤਰ ਦੀ ਪਰਿਭਾਸ਼ਾ ਅਰਥਾਂ ਸੰਬੰਧੀ ਵਿਆਖਿਆ ਦਿੱਤੀ ਗਈ ਹੈ, ਤਾਂ ਕਿ ਧਰਮ ਸ਼ਾਸਤਰ ਦੇ ਵੱਖੋ-ਵੱਖਰੇ ਪਹਿਲੂ ਸਾਹਮਣੇ ਆ ਸਕਣ। ਧਰਮ ਸ਼ਾਸਤਰ ਨੂੰ ਹੋਰ ਵੀ ਗਹਿਰਾਈ ਵਿੱਚ ਉਜਾਗਰ ਕਰਨ ਲਈ ਹਿੰਦੂ ਧਰਮ, ਜੈਨ ਧਰਮ, ਬੁੱਧ ਧਰਮ, ਈਸਾਈ ਧਰਮ, ਇਸਲਾਮ ਤੇ ਸਿੱਖ ਧਰਮ ਆਦਿ ਦੇ ਬੁਨਿਆਦੀ ਸੰਕਲਪ, ਸਿਧਾਂਤ ਅਤੇ

ਰੁੱਤ ਵਰਨਨ, ਯੁੱਧ ਵਰਨਨ ਅਤੇ ਹੋਰ ਵਿਭਿੰਨ ਪੱਖਾਂ ਨੂੰ ਖੋਜ ਦਾ ਅਧਾਰ ਬਣਾਇਆ ਗਿਆ ਹੈ।

ਖੋਜ-ਕਾਰਜ ਦੇ ਦੂਜੇ ਅਧਿਆਇ ਵਿੱਚ ਸ੍ਰੀ ਗੁਰ ਨਾਨਕ ਪ੍ਰਕਾਸ਼ ਦਾ ਮੁਢਲਾ ਸਰਵੇਖਣ ਕੀਤਾ ਗਿਆ ਹੈ। ਸ੍ਰੀ ਗੁਰੂ ਨਾਨਕ ਪ੍ਰਕਾਸ਼ ਦੇ ਮੁੱਖ ਤੌਰ ਤੇ ਦੋ ਭਾਗ ਹਨ। ਪੂਰਬਾਰਧ ਤੇ ਉਤਰਾਰਧ। ਇਨ੍ਹਾਂ ਦੋਹਾਂ ਭਾਗਾਂ ਵਿਚ ਸ੍ਰੀ ਗੁਰੂ ਨਾਨਕ ਦੇਵ ਦੇ ਸਮੁੱਚੇ ਜੀਵਨ, ਉਦਾਸੀਆਂ, ਧਾਰਮਿਕ ਯਾਤਰਾਵਾਂ ਅਤੇ ਵੱਖ-ਵੱਖ ਧਰਮ ਦੇ ਪੈਰੋਕਾਰਾਂ ਨਾਲ ਕੀਤੀਆਂ ਮੁਲਾਕਾਤਾਂ ਸ਼ਾਮਲ ਹਨ। ਇਸ ਖੋਜ-ਕਾਰਜ ਦੇ ਸਰਵੇਖਣ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਤੇ ਬਾਲ ਅਵਸਥਾ ਸਮੇਂ ਦੀਆਂ ਰੌਚਿਕ ਘਟਨਾਵਾਂ ਪੇਸ਼ ਹੋਈਆਂ ਹਨ। ਪਾਂਧਾ ਤੇ ਮੁੱਲਾਂ ਪਾਸ ਪੜ੍ਹਨ ਦੀਆਂ ਸਾਖੀਆਂ, ਮੱਝਾਂ ਚਾਰਨਾ ਤੇ ਖੇਤ ਹਰਾ ਹੋਣਾ ਆਦਿ ਦੀਆਂ ਚਮਤਕਾਰੀ ਘਟਨਾਵਾਂ ਹਨ। ਇਸ ਅਧਿਆਇ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕੁੜਮਾਈ ਅਤੇ ਵਿਆਹ ਦੀਆਂ ਰਸਮਾਂ ਪ੍ਰਸਤੁਤ ਕੀਤੀਆਂ ਗਈਆਂ ਹਨ। ਜਿਸ ਵਿਚ ਚੰਦੋਰਾਣੀ ਤੇ ਬੀਬੀ ਨਾਨਕੀ ਦੇ ਅਹਿਮ ਪੱਖ ਉੱਭਰ ਕੇ ਸਾਹਮਣੇ ਆਏ ਹਨ। ਇਸ ਖੋਜ-ਕਾਰਜ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਫ਼ਰਾਂ ਦੇ ਵੇਰਵੇ ਦਾ ਅਧਿਆਇ ਵਾਰ ਅਧਿਐਨ ਪ੍ਰਸਤੁਤ ਕੀਤਾ ਹੈ। ਜਿਸ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਲੰਕਾ ਫੇਰੀ, ਰਾਜਾ ਸ਼ਿਵਨਾਭ ਤੇ ਜੋਗੀਆਂ ਨਾਲ ਕੀਤੀਆਂ ਗੋਸ਼ਟਾਂ ਨੂੰ ਉਭਾਰਿਆ ਗਿਆ ਹੈ।

ਸ੍ਰੀ ਗੁਰ ਨਾਨਕ ਪ੍ਰਕਾਸ਼ ਦੇ ਉਤਰਾਰਧ ਭਾਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨੌ ਖੰਡਾਂ ਦੇ ਸਫ਼ਰ ਨੂੰ ਖੋਜ ਦਾ ਅਧਾਰ ਬਣਾਇਆ ਗਿਆ ਹੈ। ਇਸ ਅਧਿਆਇ ਵਿਚ ਸਾਖੀ ਪੰਜਾ ਸਾਹਿਬ ਦਾ ਪ੍ਰਸੰਗ, ਏਮਨਾਬਾਦ ਦੀ ਬਰਬਾਦੀ ਦੇ ਸਮੁੱਚੇ ਕਾਰਨ ਦ੍ਰਿਸ਼ਟੀਗੋਚਰ ਕੀਤੇ ਗਏ ਹਨ। ਜਿੱਥੇ ਕਿਤੇ ਕਿਤੇ ਮਿਥਿਹਾਸਿਕ ਘਟਨਾਵਾਂ ਵੀ ਆਈਆਂ ਹਨ। ਇਸ ਅਧਿਆਇ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਪਰਵਾਰ ਨੂੰ ਮਿਲਣ ਸਮੇਂ ਦੇ ਭਾਵਕ ਅਤੇ ਰੂਹਾਨੀ ਅੰਸ਼ ਉਜਾਗਰ ਕੀਤੇ ਗਏ ਹਨ। ਗੁਰੂ ਜੀ ਦਾ ਕਰਤਾਰਪੁਰ ਵਸਾਉਣਾ, ਅਜਿੱਤੇ ਰੰਧਾਵੇ ਦਾ ਉਧਾਰ, ਬਗਦਾਦ ਫੇਰੀ ਤੇ ਸੂਫੀ ਸੰਤਾਂ ਨਾਲ ਮਿਲਣੀਆਂ ਦਾ ਵਰਨਨ ਪੇਸ਼ ਕੀਤਾ ਗਿਆ ਹੈ, ਤਾਂ ਕਿ ਇਸ ਅਧਿਆਇ ਦੇ ਵਿਭਿੰਨ ਪੱਖਾਂ ਦਾ ਸਰਵੇਖਣ ਹੋ ਸਕੇ।

ਇਸ ਖੋਜ-ਕਾਰਜ ਦਾ ਤੀਜਾ ਅਧਿਆਇ ਧਰਮ ਸ਼ਾਸਤਰੀ ਪਰਿਪੇਖ : ਸਰੂਪ ਤੇ ਮਹੱਤਵ ਹੈ। ਇਸ ਅਧਿਆਇ ਵਿੱਚ ਧਰਮ ਕੀ ਹੈ? ਧਰਮ ਦਾ ਉਦੇਸ਼ ਕੀ ਹੈ? ਆਦਿ ਨੁਕਤਿਆਂ ਤੇ ਚਰਚਾ ਕੀਤੀ ਗਈ ਹੈ। ਧਰਮ ਸ਼ਾਸਤਰ ਦੀ ਪਰਿਭਾਸ਼ਾ ਅਰਥਾਂ ਸੰਬੰਧੀ ਵਿਆਖਿਆ ਦਿੱਤੀ ਗਈ ਹੈ, ਤਾਂ ਕਿ ਧਰਮ ਸ਼ਾਸਤਰ ਦੇ ਵੱਖੋ-ਵੱਖਰੇ ਪਹਿਲੂ ਸਾਹਮਣੇ ਆ ਸਕਣ। ਧਰਮ ਸ਼ਾਸਤਰ ਨੂੰ ਹੋਰ ਵੀ ਗਹਿਰਾਈ ਵਿੱਚ ਉਜਾਗਰ ਕਰਨ ਲਈ ਹਿੰਦੂ ਧਰਮ, ਜੈਨ ਧਰਮ, ਬੁੱਧ ਧਰਮ, ਈਸਾਈ ਧਰਮ, ਇਸਲਾਮ ਤੇ ਸਿੱਖ ਧਰਮ ਆਦਿ ਦੇ ਬੁਨਿਆਦੀ ਸੰਕਲਪ, ਸਿਧਾਂਤ ਅਤੇ

ਉਪਦੇਸ਼ ਉਜਾਗਰ ਕੀਤੇ ਗਏ ਹਨ। ਜਿਸ ਨਾਲ ਧਰਮ-ਸ਼ਾਸਤਰ ਦਾ ਸਰੂਪ ਅਤੇ ਮਹੱਤਵ ਉਭਾਰਿਆ ਗਿਆ ਹੈ।

ਇਸ ਖੋਜ-ਪ੍ਰਬੰਧ ਦੇ ਚੌਥੇ ਅਧਿਆਇ ਵਿੱਚ ਸ੍ਰੀ ਗੁਰ ਨਾਨਕ ਪ੍ਰਕਾਸ਼ ਧਰਮ ਸ਼ਾਸਤਰੀ ਅਧਿਐਨ ਹੈ। ਇਸ ਅਧਿਆਇ ਵਿੱਚ ਪਰਮਾਤਮਾ, ਜਗਤ, ਜੀਵ ਅਤੇ ਗੁਰੂ ਦੀਆਂ ਪਰਿਭਾਸ਼ਾ, ਵਿਸ਼ੇਸ਼ਤਾਵਾਂ ਅਤੇ ਮਹਾਨਤਾਵਾਂ ਨੂੰ ਦਰਸਾਇਆ ਗਿਆ ਹੈ। ਪਰਮਾਤਮਾ ਸ੍ਰਿਸ਼ਟੀ ਦੀ ਸੰਚਾਲਕ ਸ਼ਕਤੀ ਹੈ। ਇਸ ਸ਼ਕਤੀ ਦੇ ਅਨੇਕਾਂ ਨਾਂ ਸਾਹਮਣੇ ਆਏ ਹਨ। ਇਸ ਅਧਿਆਇ ਵਿਚ ਜਗਤ/ਸ੍ਰਿਸ਼ਟੀ ਦੀ ਪਰਿਭਾਸ਼ਿਕ ਵਿਸ਼ੇਸ਼ਤਾ ਦਰਸਾਈ ਗਈ ਹੈ। ਵੱਖ-ਵੱਖ ਧਰਮਾਂ ਦਾ ਸ੍ਰਿਸ਼ਟੀ ਦੀ ਉਤਪਤੀ ਸੰਬੰਧੀ ਦ੍ਰਿਸ਼ਟੀਕੋਣ ਪੇਸ਼ ਕੀਤਾ ਗਿਆ ਹੈ। ਇਸ ਖੋਜ-ਕਾਰਜ ਵਿੱਚ ਜੀਵ ਦੀ ਹੋਂਦ ਕੀ ਹੈ? ਜੀਵਾਤਮਾ ਤੇ ਪਰਮਾਤਮਾ ਦੇ ਮੇਲ ਸੰਬੰਧੀ ਜੋ ਤੱਥ ਸਾਹਮਣੇ ਆਏ ਹਨ, ਉਹ ਪ੍ਰਸਤੁੱਤ ਕੀਤੇ ਗਏ ਹਨ। ਭਾਈ ਸੰਤੋਖ ਸਿੰਘ ਨੇ ਆਤਮਾ ਨੂੰ ਸਤ-ਚਿਤ ਅਤੇ ਅਨੰਦ ਸਰੂਪ ਮੰਨਿਆ ਹੈ। ਇਸ ਖੋਜ ਰਾਹੀਂ ਸਿੱਖ ਮੱਤ ਦੇ ਮਹੱਤਵਪੂਰਨ ਪੱਖ ਉਜਾਗਰ ਕੀਤੇ ਗਏ ਹਨ। ਗੁਰੂ ਪਰਮਾਤਮਾ ਦੀ ਪ੍ਰਾਪਤੀ ਲਈ ਪਥਪ੍ਰਦਰਸ਼ਕ ਹੈ ਜਿਸ ਦੁਆਰਾ ਪਰਮਾਤਮਾ ਨੂੰ ਮਿਲਿਆ ਜਾ ਸਕਦਾ ਹੈ। ਇਸ ਅਧਿਆਇ ਵਿਚ ਵੈਦਿਕ ਕਾਲ ਤੋਂ ਲੈ ਕੇ ਵਰਤਮਾਨ ਕਾਲ ਤੱਕ ਵੱਖ-ਵੱਖ ਧਰਮਾਂ ਵਿੱਚ ਗੁਰੂ ਦਾ ਜੋ ਜੋ ਸਰੂਪ ਸਾਹਮਣੇ ਆਇਆ ਹੈ ਉਸ ਨੂੰ ਦਰਸਾਇਆ ਗਿਆ ਹੈ। ਸ੍ਰੀ ਗੁਰ ਨਾਨਕ ਪ੍ਰਕਾਸ਼ ਵਿੱਚ ਗੁਰੂ ਦੀ ਜੋ ਵਡਿਆਈ ਤੇ ਮਹੱਤਤਾ ਉਭਰ ਕੇ ਸਾਹਮਣੇ ਆਈ ਹੈ ਉਸ ਨੂੰ ਪੇਸ਼ ਕੀਤਾ ਗਿਆ ਹੈ।

ਇਸ ਖੋਜ-ਕਾਰਜ ਦਾ ਪੰਜਵਾਂ ਅਧਿਆਇ ਸ੍ਰੀ ਗੁਰ ਨਾਨਕ ਪ੍ਰਕਾਸ਼ ਅਨੁਸਾਰ ਧਰਮ ਸਾਧਨਾ ਹੈ। ਧਰਮ ਸ਼ਾਸਤਰ ਅਧੀਨ ਨਾਮ ਸਿਮਰਨ, ਸੇਵਾ, ਸੰਗਤ ਅਤੇ ਸਦਾਚਾਰਿਕ ਗੁਣ ਇਸ ਖੋਜ ਦਾ ਮੁੱਖ ਆਧਾਰ ਹਨ। ਇਸ ਖੋਜ ਪ੍ਰਬੰਧ ਵਿੱਚ ਨਾਮ-ਸਿਮਰਨ ਤੇ ਨਾਮ ਦੀ ਮਹਿਮਾ ਦੇ ਸ੍ਰੇਸ਼ਠ ਪੱਖਾਂ ਬਾਰੇ ਚਰਚਾ ਕੀਤੀ ਗਈ ਹੈ। ਨਾਮ-ਸਿਮਰਨ ਲਈ ਹਉਮੈਂ ਦਾ ਤਿਆਗ ਜ਼ਰੂਰੀ ਮੰਨਿਆ ਗਿਆ ਹੈ। ਸ੍ਰੀ ਗੁਰ ਨਾਨਕ ਪ੍ਰਕਾਸ਼ ਵਿਚ ਨਾਮ-ਸਿਮਰਨ ਦੀ ਮਹੱਤਤਾ ਅਤੇ ਵਿਸ਼ੇਸ਼ ਰੂਪ ਸਾਹਮਣੇ ਆਏ ਹਨ। ਇਸ ਅਧਿਆਇ ਵਿਚ ਨਾਮ ਸਿਮਰਨ, ਜੀਵਨ, ਲੋਕ-ਪਰਲੋਕ, ਕਰਮਕਾਂਡ ਆਦਿ ਬਾਰੇ ਚਰਚਾ ਕੀਤੀ ਗਈ ਹੈ। ਸੇਵਾ ਦੀ ਮਹਾਨਤਾ ਅਤੇ ਪ੍ਰਮੁੱਖਤਾ ਸੰਬੰਧੀ ਉਭਰਵੇਂ ਪੱਖ ਵੀ ਪੇਸ਼ ਕੀਤੇ ਗਏ ਹਨ। ਜਿਸ ਵਿਚ ਗੁਰੂ ਸੇਵਾ, ਸੰਤ ਸੇਵਾ, ਪ੍ਰਭੂ ਸੇਵਾ, ਮਨੁੱਖੀ ਸੇਵਾ ਆਦਿ ਦੇ ਰੂਪ ਉਜਾਗਰ ਕੀਤੇ ਗਏ ਤਾਂ ਕਿ ਸੇਵਾ ਦਾ ਸਰਵੋਤਮ ਰੂਪ ਉਭਰ ਸਕੇ। ਇਸ ਅਧਿਆਇ ਵਿਚ ਸੰਗਤ ਦਾ ਮਹੱਤਵ ਵੀ ਦੱਸਿਆ ਗਿਆ ਹੈ। ਸ੍ਰੀ ਗੁਰ ਨਾਨਕ ਪ੍ਰਕਾਸ਼ ਅਨੁਸਾਰ ਸੰਗਤ ਦੇ ਸ੍ਰੇਸ਼ਠ ਸਾਥ ਨਾਲ ਮਹਾਨ ਪ੍ਰਾਪਤੀਆਂ ਕੀਤੀਆਂ ਜਾ ਸਕਦੀਆਂ ਹਨ। ਸੰਗਤ ਤੋਂ ਬਿਨਾਂ

ਮਨੁੱਖ ਸਹੀ ਮਾਰਗ ਅਤੇ ਮੁਕਤੀ ਪ੍ਰਾਪਤੀ ਨਹੀਂ ਕਰ ਸਕਦਾ। ਸ੍ਰੀ ਗੁਰ ਨਾਨਕ ਪ੍ਰਕਾਸ਼ ਵਿੱਚ ਗੁਰੂ ਨਾਨਕ ਦੇਵ ਜੀ ਦੀਆਂ ਸਾਰੀਆਂ ਉਦਾਸੀਆਂ ਭਲੇ ਲੋਕਾਂ ਦੀ ਸੰਗਤ, ਸੰਤਾਂ ਦੀ ਸੋਹਬਤ ਅਤੇ ਸੰਗਤ ਵਿੱਚ ਜਾਣ ਲਈ ਪ੍ਰੇਰਿਤ ਕਰਦੀਆਂ ਹਨ। ਸ੍ਰੀ ਗੁਰ ਨਾਨਕ ਪ੍ਰਕਾਸ਼ ਵਿੱਚ ਸੰਗਤ ਦੀ ਜੋ ਵਡਿਆਈ ਸਾਹਮਣੇ ਆਉਂਦੀ ਹੈ ਉਹ ਗੁਰੂ ਦੁਆਰਾ ਪਰਮਾਤਮਾ ਦੀ ਪ੍ਰਾਪਤੀ ਅਤੇ ਮਨੁੱਖ ਅੰਦਰ ਸਦਾਚਾਰਿਕ ਗੁਣਾਂ ਕਰਕੇ ਹੋ ਸਕਦੀ ਹੈ। ਇਸ ਅਧਿਆਇ ਵਿੱਚ ਸਦਾਚਾਰਿਕ ਗੁਣਾਂ ਦੀ ਵਿਸ਼ੇਸ਼ਤਾ ਦਰਸਾਈ ਗਈ ਹੈ।

ਸਦਾਚਾਰਿਕ ਗੁਣਾਂ ਤੋਂ ਬਿਨਾਂ ਮਨੁੱਖ ਨੇਕ ਚੱਲਣ, ਭਲਾ ਵਿਵਹਾਰ, ਚੰਗੇ ਆਚਾਰ ਵਾਲਾ ਨਹੀਂ ਬਣ ਸਕਦਾ। ਗੁਰਬਾਣੀ ਵਿੱਚ ਉੱਤਮ ਆਚਾਰ ਨੂੰ ਸਭ ਤੋਂ ਸ੍ਰੇਸ਼ਟ ਮੰਨਿਆ ਗਿਆ ਹੈ। ਸ੍ਰੀ ਗੁਰ ਨਾਨਕ ਪ੍ਰਕਾਸ਼ ਅਨੁਸਾਰ ਨਾਮ ਜਪਣਾ, ਕਿਰਤ ਕਰਨਾ, ਵੰਡ ਛਕਣਾ, ਸਦਾਚਾਰਿਕ ਗੁਣ ਮੰਨੇ ਗਏ ਹਨ। ਪੰਜਵੇਂ ਅਧਿਆਇ ਵਿੱਚ ਸਦਾਚਾਰਿਕ ਗੁਣਾਂ ਦੇ ਕੁਝ ਰੂਪ ਸਾਹਮਣੇ ਆਏ ਹਨ, ਉਹ ਇਸ ਅਧਿਆਇ ਵਿੱਚ ਪੇਸ਼ ਕੀਤੇ ਗਏ ਹਨ।

ਹਥਲੇ ਖੋਜ-ਕਾਰਜ ਲਈ ਮੈਂ ਤਹਿ ਦਿਲੋਂ ਰਿਣੀ ਹਾਂ ਆਪਣੇ ਪਰਮ ਸਤਿਕਾਰਯੋਗ ਨਿਗਰਾਨ ਡਾ. ਗੁਰਨੇਕ ਸਿੰਘ ਜੀ ਦੀ, ਜਿਨ੍ਹਾਂ ਨੇ ਸਮੇਂ-ਸਮੇਂ ਮੇਰੀ ਯੋਗ ਰਹਿਨੁਮਾਈ ਕੀਤੀ। ਮੈਂ ਪ੍ਰੋ. ਕਿਰਪਾਲ ਕਜ਼ਾਕ ਅਤੇ ਸ੍ਰੀਮਤੀ ਸੁਰਜੀਤ ਕੌਰ ਦੀ ਵੀ ਧੰਨਵਾਦੀ ਹਾਂ, ਜਿਨ੍ਹਾਂ ਤੋਂ ਮੈਨੂੰ ਪਿੱਤਰੀ ਪਿਆਰ ਮਿਲਿਆ। ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਦੇ ਮੁਖੀ ਡਾ. ਮਲਕਿੰਦਰ ਕੌਰ ਅਤੇ ਡਾ. ਸਰਬਜਿੰਦਰ ਸਿੰਘ ਜੀ ਦੀ ਵੀ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਦੇ ਹੌਂਸਲੇ ਅਤੇ ਭਰਪੂਰ ਸਹਿਯੋਗ ਸਦਕਾ ਮੈਂ ਇਸ ਖੋਜ ਕਾਰਜ ਨੂੰ ਪ੍ਰਸਤੁਤ ਕਰ ਸਕੀ ਹਾਂ। ਮੈਂ ਵਿਭਾਗ ਦੇ ਸਮੂਹ ਅਧਿਆਪਕ ਸਾਹਿਬਾਨ ਅਤੇ ਸਮੁੱਚੇ ਅਮਲੇ ਦੀ ਵੀ ਧੰਨਵਾਦੀ ਹਾਂ, ਜਿਨ੍ਹਾਂ ਵਲੋਂ ਮੈਨੂੰ ਹਰ ਸੰਭਵ ਸਹਾਇਤਾ ਮਿਲੀ। ਮੈਂ ਉਹਨਾਂ ਵਿਦਵਾਨ ਲੇਖਕਾਂ ਦੀ ਧੰਨਵਾਦੀ ਹਾਂ ਜਿਹਨਾਂ ਦੀਆਂ ਪੁਸਤਕਾਂ ਖੋਜ-ਕਾਰਜ ਦਰਮਿਆਨ ਪੜ੍ਹਨ ਦਾ ਮੌਕਾ ਮਿਲਿਆ।

ਮੈਂ ਆਪਣੇ ਸਮੁੱਚੇ ਪਰਿਵਾਰ ਦੇ ਸਮੂਹ ਮੈਂਬਰਾਂ ਅਤੇ ਜੀਵਨ ਸਾਥੀ ਡਾ. ਲਕਸ਼ਮੀ ਨਾਰਾਇਣ ਜੀ ਦੀ ਆਭਾਰੀ ਹਾਂ, ਜਿਨ੍ਹਾਂ ਨੇ ਇਸ ਕਾਰਜ ਵਿਚ ਮੈਨੂੰ ਘਰੇਲੂ ਜ਼ਿੰਮੇਵਾਰੀਆਂ ਤੋਂ ਸੁਰਖ਼ਰੂ ਕੀਤੀ ਰੱਖਿਆ। ਮੈਂ ਆਪਣੀ ਧੀ ਜੀਵਨਜੋਤ ਅਤੇ ਪੁੱਤਰ ਹਰਜੋਤ ਸਿੰਘ ਦੀ ਧੰਨਵਾਦੀ ਹਾਂ ਜਿਨ੍ਹਾਂ ਦਾ ਭਰਪੂਰ ਸਹਿਯੋਗ ਮੇਰੇ ਖੋਜ-ਕਾਰਜ ਵਿੱਚ ਸਹਾਈ ਹੋਇਆ। ਮੈਂ ਛੋਟੇ ਵੀਰ ਸਤਪਾਲ ਭੀਖੀ ਅਤੇ ਭੈਣ ਨਰਿੰਦਰਪਾਲ ਦੀ ਆਭਾਰੀ ਹਾਂ ਜਿਨ੍ਹਾਂ ਹਮੇਸ਼ਾ ਉਤਸ਼ਾਹਿਤ ਕੀਤਾ।

ਅੰਤ ਵਿੱਚ ਮੈਂ ਏ-ਸਟਾਰ ਕੰਪਿਊਟਰ ਸੈਂਟਰ ਅਤੇ ਸ੍ਰੀ ਰੋਸ਼ਨ ਲਾਲ ਜੀ ਦੀ ਵੀ ਧੰਨਵਾਦੀ ਹਾਂ ਜਿਨ੍ਹਾਂ ਇਸ ਖੋਜ-ਕਾਰਜ ਸੰਬੰਧੀ ਟਾਈਪ ਦਾ ਕੰਮ ਪਹਿਲ ਦੇ ਆਧਾਰ 'ਤੇ ਨੇਪਰੇ ਚਾੜ੍ਹਿਆ।

ਦਰਸ਼ਨ ਕੌਰ

**ਦਰਸ਼ਨ ਕੌਰ**

# ਤਤਕਰਾ


ਪ੍ਰਸਤਾਵਨਾ (i-v)

**ਅਧਿਆਇ-ਪਹਿਲਾ** **1-37**

ਮਹਾਂਕਵੀ ਸੰਤੋਖ ਸਿੰਘ ਜੀਵਨ ਤੇ ਰਚਨਾ

**ਅਧਿਆਇ-ਦੂਜਾ** **38-82**

ਸ੍ਰੀ ਗੁਰ ਨਾਨਕ ਪ੍ਰਕਾਸ਼ ਮੁਢਲਾ ਸਰਵੇਖਣ

**ਅਧਿਆਇ-ਤੀਜਾ** **83-124**

ਧਰਮ ਸ਼ਾਸਤਰੀ ਪਰਿਪੇਖ ਸਰੂਪ ਤੇ ਮਹੱਤਵ

**ਅਧਿਆਇ-ਚੌਥਾ** **125-164**

ਸ੍ਰੀ ਗੁਰ ਨਾਨਕ ਪ੍ਰਕਾਸ਼ : ਧਰਮ ਸ਼ਾਸਤਰੀ ਅਧਿਐਨ

(ੳ) ਪਰਮਾਤਮਾ

(ਅ) ਜਗਤ

(ੲ) ਜੀਵ

(ਸ) ਗੁਰੂ

**ਅਧਿਆਇ-ਪੰਜਵਾਂ** **165-201**

ਸ੍ਰੀ ਗੁਰ ਨਾਨਕ ਪ੍ਰਕਾਸ਼ ਅਨੁਸਾਰ ਧਰਮ ਸਾਧਨਾ

(ੳ) ਨਾਮ-ਸਿਮਰਨ

(ਅ) ਸੇਵਾ

(ੲ) ਸੰਗਤ

(ਸ) ਸਦਾਚਾਰਿਕ ਗੁਣ

ਸਾਰੰਸ਼ **202-212**

ਸਹਾਇਕ ਪੁਸਤਕ ਸੂਚੀ **213-224**